Sri Guru Granth Sahib

ENGLISH & PUNJABI TRANSLATION

VOL.7

Publisher :

Shiromani Gurdwara Parbandhak Committee,

Amritsar

Rs. 135/-

੧ੳ

SRI GURU GRANTH SAHIB

(English & Panjabi Translation)

Vol. 7

Translated by

MANMOHAN SINGH

SHIROMANI GURDWARA PARBANDHAK COMMITTEE
AMRITSAR

First	**Edition**	**1969**
Second	**Edition**	**1982**
Third	**Edition**	**1992**
Fourth	**Edition**	**1996**
Fifth	**Edition**	**2003**
Sixth	**Edition**	**2007**

Printed at :

Golden Offset Press (S G P C) Amritsar

Dedicated

to my beloved wife

Sardarni Ajaib Kaur

through whose encouragement

and service, this

Divine work is

accomplished.

ਤਤਕਰਾ CONTENTS

ਸਤਵੀਂ ਪੋਥੀ 7th Volume

ACKNOWLEDGEMENT

It is my pleasure to record my gratitude to various persons for their generous spirit and whole-hearted co-operation in reading the manuscript.

M. S.

PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi, so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at 1 P.M. on 12-4-1948, the birthday of the Khalsa Panth. The relevant hymn of the time from the Holy Sri Guru Granth Sahib reads as :—

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ਰਹਾਉ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥

By the Guru's Grace the entire work of the translation was fully completed at 8 A.M. on 8-8-1960, at Patiala and the order of the time from Sri Guru Granth Sahib, reads as :—

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ਰਹਾਉ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣਿ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ ॥੨॥੩॥੪੩॥

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformity with the grammatical rules, or the principles enunciated in Shabdarath but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume on 12. 1. 62, the auspicious occasion of the birthday of the Tenth Guru, Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala, for the success of the mission. The entire work shall be printed in eight volumes, covering about five thousand pages of the size and pattern of first volume which has already been got printed by me.

To facilitate the understanding of translation, the following points may kindly be borne in mind :

(i) To know the meaning of a particular word in the text, the corresponding numbers in the English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within the lines of the text denotes the page of 1430 pages edition of Sri Guru Granth Sahib.

My endeavour has been throughout to be very faithful to the text and to avoid unnecessary dilations.

At my request made in May, 1962, the Shiromani Gurdwara Prabandhak Committee, Amritsar has very kindly consented to print and sell all the eight volumes of this translation of Sri Guru Granth Sahib, at no profit no loss basis, vide its resolution No. 596 of 30. 5. 1962. I take this opportunity to thank the S. G. P. C. heartily for the same and agree to the terms of aforesaid resolution with respectful feelings of indebtedness.

This rendering makes available to the S. G. P. C. the word for word version of the text into Panjabi and English. It is possible now to translate the text specially from English into Urdu, Hindi and other foreign languages. I earnestly beseech the S. G. P. C. to move in this direction as well, by securing the services of suitable persons and thereby earn the blessings of the Great Guru by propagating His faith and mission.

During this stupendous task I have mainly consulted the following books and treatises with whose help and guidance I have succeeded in my undertaking :

(i) The Sikh Religion by Max Arthur Macauliffe.
(ii) Teeka of Sri Guru Granth Sahib (Faridkot).
(iii) Teeka Sri Guru Granth Sahib (by Bhai Bishan Singh Gyani).
(iv) Shabad Ratnakar by Bhai Kahan Singh ji Nabha.
(v) Sri Guru Granth Kosh.
(vi) Sri Guru Bani Parkash.
(vii) English version of Sri Guru Granth Sahib by Dr. Gopal Singh (At revision stage only).
(viii) Dictionaries of various languages and descriptions.

Detailed information about the following would be printed in the 8th volume of this work :

(i) Glossary of the technical terms employed in the Sri Guru Granth Sahib.

(ii) Miscellaneous Information.

(iii) Table of Contents and Index.

(iv) Addendum and Corrigendum.

By means of an *Ardasa* at the Golden Temple (Sri Harimander Sahib), Amritsar at 12-00 Noon on 3. 8. 1962, I made humble offering of the printed first volume and other relevant record and papers unto the Great Guru and handed over the same to the S.G.P.C., as it is the only representative body of the Panth. May the Divine Guru grant it the power to accomplish the task it has taken upon itself.

Blessed, blessed is the Lord incarnate Guru who has very mercifully bestowed this unique service unto me, a meritless slave of His.

MANMOHAN SINGH
Advocate
21, Sector 11-A
Chandigarh
June 30, 1969

Village & P.O. Mohi,
District Ludhiana
and
Village & P.O. Bhadaur
District Sangrur.

੧ ਓ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਤੁਖਾਰੀ ਛੰਤ ਮਹਲਾ ੧
ਬਾਰਹ[18] ਮਾਹਾ[19]

Tukhari Chhant 1st Guru
Twelve[18] months[19]

ਤੁਖਾਰੀ ਛੰਤ ਪਹਿਲੀ ਪਾਤਿਸ਼ਾਹੀ
ਬਾਰਾਂ[18] ਮਹੀਨੇ[19]

ਤੂ ਸੁਣਿ ਕਿਰਤ[20] ਕਰੰਮਾ[21] ਪੁਰਬਿ[22] ਕਮਾਇਆ[23] ॥ ਸਿਰਿ[24] ਸਿਰਿ ਸੁਖ[25] ਸਹੰਮਾ[26] ਦੇਹਿ[27] ਸੁ[28] ਤੂ ਭਲਾ[29] ॥

Hear Thou, O Lord, each individual[24] enjoys peace[25] and suffers sorrow[26], as a result[20] of the deeds[21] done[23] in the past[22]. Whatever Thou givest[27], that[28] is good[29].

ਤੂੰ ਸ੍ਰਵਣ ਕਰ, ਹੇ ਸੁਆਮੀ! ਹਰ ਇਕ ਇਨਸਾਨ[24] ਆਪਣੇ ਪਿਛਲੇ[22] ਕੀਤੇ ਹੋਏ[23] ਅਮਲਾਂ[21] ਦੇ ਨਤੀਜੇ[20] ਵਜੋਂ ਆਰਾਮ[25] ਮਾਣਦਾ ਅਤੇ ਦੁਖ[26] ਸਹਾਰਦਾ ਹੈ। ਜਿਹੜਾ ਕੁਝ ਭੀ ਤੂੰ ਦਿੰਦਾ[27] ਹੈਂ, ਉਹ[28] ਚੰਗਾ[29] ਹੈ।

ਹਰਿ ਰਚਨਾ[30] ਤੇਰੀ ਕਿਆ ਗਤਿ[31] ਮੇਰੀ ਹਰਿਬਿਨੁ ਘੜੀ[32] ਨ ਜੀਵਾਂ ॥

O God, creation[30] is Thine. Of what account[31] am I? My Lord, without Thee, I can live not even for a moment[32].

ਹੇ ਵਾਹਿਗੁਰੂ! ਖ਼ਲਕਤ[30] ਤੇਰੀ ਹੈ। ਮੈਂ ਕਿਹੜੇ ਹਿਸਾਬ-ਕਿਤਾਬ[31] ਵਿਚ ਹਾਂ? ਮੇਰੇ ਮਾਲਕ ਤੇਰੇ ਬਗੈਰ ਮੈਂ ਇਕ ਮੁਹਤ[32] ਭਰ ਭੀ ਜੀਊ ਨਹੀਂ ਸਕਦਾ।

ਪ੍ਰਿਅ[33] ਬਾਝੁ ਦੁਹੇਲੀ[34] ਕੋਇ ਨ ਬੇਲੀ[35] ਗੁਰਮੁਖਿ[36] ਅੰਮ੍ਰਿਤੁ[37] ਪੀਵਾਂ[38] ॥

Without my Beloved[33], I am miserable[34]. I have no friend[35]. It is by the Guru's grace[36], that I drink[38] Nectar[37].

ਆਪਣੇ ਪ੍ਰੀਤਮ[33] ਦੇ ਬਾਝੋਂ ਮੈਂ ਦੁਖੀ[34] ਹਾਂ। ਮੇਰਾ ਕੋਈ ਮਿੱਤ੍ਰ[35] ਨਹੀਂ। ਗੁਰਾਂ ਦੀ ਦਇਆ[36] ਦੁਆਰਾ, ਮੈਂ ਅੰਮ੍ਰਿਤੁ[37] ਪਾਨ ਕਰਦੀ[38] ਹਾਂ।

ਰਚਨਾ[39] ਰਾਚਿ[40] ਰਹੇ ਨਿਰੰਕਾਰੀ[41] ਪ੍ਰਭ ਮਨਿ[42] ਕਰਮ ਸੁ[43] ਕਰਮਾ[44] ॥

The Formless Lord[41] is contained[40] in His creation[39]. The act of obeying[42] the Lord is the best[43] of all the acts[44].

ਰੂਪ-ਰਹਿਤ ਸੁਆਮੀ[41] ਆਪਣੀ ਖਲਕਤ[39] ਅੰਦਰ ਰਮਿਆ ਹੋਇਆ[40] ਹੈ। ਸੁਆਮੀ ਦੀ ਤਾਬੇਦਾਰੀ[42] ਕਰਨ ਦਾ ਕੰਮ ਸਭ ਤੋਂ ਸ੍ਰੇਸ਼ਟ[43] ਕੰਮ[44] ਹੈ।

ਨਾਨਕ ਪੰਥੁ[45] ਨਿਹਾਲੇ[46] ਸਾਧਨ[47] ਤੂ ਸੁਣਿ [48]ਆਤਮਰਾਮਾ[49] ॥੧॥

O Nanak, Thy bride[47] is beholding[46] Thy way[45]. Hear Thou, O Omnipresent[49] spirit[48].

ਹੇ ਨਾਨਕ! ਤੇਰੀ ਪਤਨੀ[47] ਤੇਰਾ ਰਾਹ[45] ਦੇਖਦੀ[46] ਹੈ। ਤੂੰ ਸ੍ਰਵਣ ਕਰ, ਹੇ ਸਰਬ ਵਿਆਪਕ[49] ਰੂਹੇ[48]!

ਬਾਬੀਹਾ[50] ਪ੍ਰਿਉ[51] ਬੋਲੇ[52] ਕੋਕਿਲ[53] ਬਾਣੀਆ[54] ॥

The sparrow-hawk[50] cries[52] 'Beloved'[51] and the cuckoo[53] sings the lays[54]

ਪਪੀਹਾ[50] 'ਪ੍ਰੀਤਮ[51]' ਪੁਕਾਰਦਾ[52] ਹੈ, ਅਤੇ ਕੋਇਲ[53] ਗੀਤ ਗਾਉਂਦੀ[54] ਹੈ।

ਸਾਧਨ ਸਭਿ ਰਸ[55] ਚੋਲੈ[56] ਅੰਕਿ[57] ਸਮਾਣੀਆ[58] ॥

The bride enjoys[56] all the pleasures[55] and merges[58] in the Being[57] of her Love.

ਪਤਨੀ ਸਾਰੀਆਂ ਖੁਸ਼ੀਆਂ[55] ਮਾਣਦੀ[56] ਹੈ ਅਤੇ ਆਪਣੇ ਪ੍ਰੀਤਮ ਦੇ ਸਰੂਪ[57] ਅੰਦਰ ਲੀਨ[58] ਹੋ ਜਾਂਦੀ ਹੈ।

ਹਰਿ ਅੰਕ ਸਮਾਣੀ ਜਾ[59] ਪ੍ਰਭ ਭਾਣੀ[60] ਸਾ[61] ਸੋਹਾਗਣਿ ਨਾਰੇ[62] ॥

When[59] she becomes pleasing[60] to her Lord God, then merges she in His Being. She[61] is the happy bride[62].

ਜਦ[59] ਉਹ ਆਪਣੇ ਸੁਆਮੀ ਵਾਹਿਗੁਰੂ ਨੂੰ ਚੰਗੀ[60] ਲਗਣ ਲਗ ਜਾਂਦੀ ਹੈ, ਤਦ ਉਹ ਉਸ ਦੇ ਸਰੂਪ ਅੰਦਰ ਲੀਨ ਹੋ ਜਾਂਦੀ ਹੈ। ਕੇਵਲ ਉਹ[61] ਹੀ ਖੁਸ਼ਬਾਸ਼ ਪਤਨੀ[62] ਹੈ।

ਨਵ[63] ਘਰ[64] ਥਾਪਿ[65] ਮਹਲ[66] ਘਰੁ[67] ਊਚਉ[68] ਨਿਜ[69] ਘਰਿ[70] ਵਾਸੁ[71] [72]ਮੁਰਾਰੇ[73] ॥	Establishing[65] the nine[63] houses[64] and a royal[66] mansion[67] above[68] them, God, the Enemy[72] of ego[73], abides[71] in that mansion[70] of His[69].	ਨਵਾਂ[63] ਧਾਮਾਂ[64] ਤੇ ਉਨ੍ਹਾਂ ਉਤੇ[68] ਇਕ ਪਾਤਿਸ਼ਾਹੀ[66] ਮੰਦਰ[67] ਨੂੰ ਅਸਥਾਪਨ[65] ਕਰ, ਹੰਕਾਰ[73] ਦਾ ਵੈਰੀ[72], ਹਰੀ ਉਸ ਆਪਣੇ[69] ਮੰਦਰ[70] ਅੰਦਰ ਨਿਵਾਸ ਰਖਦਾ[71] ਹੈ ।
ਸਭ ਤੇਰੀ ਤੂ ਮੇਰਾ ਪ੍ਰੀਤਮੁ[74] ਨਿਸਿ[75] ਬਾਸੁਰ[76] ਰੰਗਿ[77] ਰਾਵੈ[78] ॥	All are Thine. Thou art my Beloved[74]. Night[75] and day[76] make I merry[78] in Thine love[77].	ਸਾਰੇ ਤੇਰੇ ਹਨ ਤੂੰ ਮੇਰਾ ਦਿਲਬਰ[74] ਹੈਂ । ਰਾਤ[75] ਤੇ ਦਿਨ[76] ਮੈਂ ਤੇਰੀ ਪ੍ਰੀਤ[77] ਅੰਦਰ ਮੌਜਾਂ ਮਾਣਦੀ[78] ਹਾਂ ।
ਨਾਨਕ ਪ੍ਰਿਉ ਪ੍ਰਿਉ[79] ਚਵੈ[80] ਬਬੀਹਾ ਕੋਕਿਲ ਸਬਦਿ[81] ਸੁਹਾਵੈ[82] ॥੨॥	Nanak, the sparrow-hawk of the mind cries[80] 'Spouse, my Spouse'[79] and the cuckoo of the tongue is embellished[82] with the Name[81].	ਨਾਨਕ ਮਨ ਦਾ ਪਪੀਹਾ, 'ਪਤੀ, ਮੇਰਾ ਪਤੀ[79]', ਪੁਕਾਰਦਾ[80] ਹੈ ਅਤੇ ਜੀਭ੍ਹਾ ਦੀ ਕੋਇਲ ਨਾਮ[81] ਨਾਲ ਸੁਸ਼ੋਭਤ[82] ਹੋਈ ਹੋਈ ਹੈ ।
ਤੂ ਸੁਣਿ ਹਰਿ[83] ਰਸ[84] ਭਿੰਨੇ[85] ਪ੍ਰੀਤਮ[86] ਆਪਣੇ[87]॥	Hear Thou, O God[83], my[87] Beloved[86], drenched[85] am I in Thine love[84].	ਹੇ ਵਾਹਿਗੁਰੂ[83] ! ਮੇਰੇ[87] ਦਿਲਬਰ[86], ਤੂੰ ਸ੍ਰਵਣ ਕਰ, ਮੈਂ ਤੇਰੇ ਪਿਆਰ[84] ਅੰਦਰ ਭਿਜਿਆ[85] ਹੋਇਆ ਹਾਂ ।
ਮਨਿ[88] ਤਨਿ[89] ਰਵਤ[90] ਰਵੰਨੇ ਘੜੀ[91] ਨ ਬੀਸਰੈ[92]	With my soul[88] and body[89] repeat and utter[90] I Thy Name. Thee, I forget[92] not even for a moment[91]	ਆਪਣੀ ਆਤਮਾ[88] ਤੇ ਦੇਹ[89] ਨਾਲ ਮੈਂ ਤੇਰੇ ਨਾਮ ਦਾ ਜਾਪ ਤੇ ਉਚਾਰਨ[90] ਕਰਦਾ ਹਾਂ । ਤੈਨੂੰ, ਮੈਂ ਇਕ ਮੁਹਤ[91] ਭਰ ਲਈ ਭੀ ਨਹੀਂ ਭੁਲਾਉਂਦਾ[92] ।
ਕਿਉ[96] ਘੜੀ ਬਿਸਾਰੀ ਹਉ ਬਲਿਹਾਰੀ[93] ਹਉ ਜੀਵਾ ਗੁਣ[94] ਗਾਏ[95] ॥	How[96] can I forget Thee even for an instant ? I live by singing[95] Thy praise[94], O Lord. A Sacrifice[93] unto Thee, am I.	ਮੈਂ ਤੈਨੂੰ ਇਕ ਛਿਨ ਭਰ ਲਈ ਭੀ ਕਿਸ ਤਰ੍ਹਾਂ[96] ਭੁਲਾ ਸਕਦਾ ਹਾਂ । ਮੈਂ ਤੇਰੀ ਮਹਿਮਾ[94] ਗਾਇਨ[95] ਕਰਕੇ ਜੀਊਂਦਾ ਹਾਂ । ਸਦਕੇ[93] ਹਾਂ ਮੈਂ ਤੇਰੇ ਉਤੋਂ ।
ਨਾ ਕੋਈ ਮੇਰਾ ਹਉ ਕਿਸੁ[96]* ਕੇਰਾ ਹਰਿ ਬਿਨੁ ਰਹਣੁ[97] ਨ ਜਾਏ ॥	No one belongs to me. To whom[96]* belong I ? Without my Lord, I can live[97] not.	ਮੇਰਾ ਕੋਈ ਨਹੀਂ । ਮੈਂ ਕੀਹਦਾ[96]* ਹਾਂ ? ਪ੍ਰਭੂ ਦੇ ਬਾਝੋਂ ਮੈਂ ਰਹਿ[97] ਨਹੀਂ ਸਕਦਾ ।
ਓਟ[98] ਗਹੀ[99] ਹਰਿ ਚਰਣ[100] ਨਿਵਾਸੇ[2] ਭਏ ਪਵਿਤ੍ਰ[3] ਸਰੀਰਾ[4] ॥	I have grasped[99] the refuge[98] of God's feet[100] and abide[2] there and my body[4] has become immaculate[3].	ਮੈਂ ਹਰੀ ਦੇ ਪੈਰਾਂ[100] ਦੀ ਪਨਾਹ[98] ਪਕੜੀ[99] ਹੈ ਅਤੇ ਉਥੇ ਵਸਦਾ[2] ਹਾਂ ਅਤੇ ਮੇਰੀ ਦੇਹ[4] ਪਾਵਨ ਪੁਨੀਤ[3] ਹੋ ਗਈ ਹੈ ।
ਨਾਨਕ ਦ੍ਰਿਸਟਿ[5] ਦੀਰਘ[6] ਸੁਖੁ ਪਾਵੈ ਗੁਰ ਸਬਦੀ[7] ਮਨੁ[8] ਧੀਰਾ[9] ॥੩॥	Nanak, I have obtained deep[6] vision[5] and peace and with the Guru's word[7] my soul[8] is consoled[9].	ਨਾਨਕ, ਮੈਨੂੰ ਡੂੰਘੀ[6] ਨਜ਼ਰ[5] ਅਤੇ ਆਰਾਮ ਪਰਾਪਤ ਹੋ ਗਏ ਹਨ ਅਤੇ ਮੇਰੀ ਆਤਮਾ[8] ਨੂੰ ਗੁਰਬਾਣੀ[7] ਨਾਲ ਧੀਰਜ[9] ਆ ਗਿਆ ਹੈ ।
ਬਰਸੈ[10] ਅੰਮ੍ਰਿਤੁ[12] ਧਾਰ[13] ਬੂੰਦ[14] ਸੁਹਾਵਣੀ[15] ॥	It rains[10] a torrent[13] of elixir[12]. Delightful[15] are its drops[14].	ਆਬਿ-ਹਿਯਾਤ[12] ਦੀ ਨਦੀ[13] ਵਰ੍ਹ ਰਹੀ[10] ਹੈ । ਅਨੰਦ-ਦਾਇਕ[15] ਹਨ ਇਸ ਦੀਆਂ ਕਣੀਆਂ[14] ।
ਸਾਜਨ[16] ਮਿਲੇ ਸਹਜਿ[17] ਸੁਭਾਇ ਹਰਿ ਸਿਉ[18] ਪ੍ਰੀਤਿ[19] ਬਣੀ[20] ॥	When Guru, the friend[16], meets in the natural way[17], then love[19] with[18] the Lord is established[20].	ਜਦ ਗੁਰੂ ਮਿਤ੍ਰ[16] ਕੁਦਰਤੀ ਤੌਰ ਤੇ[17] ਮਿਲ ਪੈਂਦੇ ਹਨ, ਤਾਂ ਪ੍ਰਭੂ ਨਾਲ[18] ਪਿਆਰ[19] ਪੈ ਜਾਂਦਾ[20] ਹੈ ।
ਹਰਿ ਮੰਦਰਿ[21] ਆਵੈ ਜਾ[22]	The Lord God comes into the body-	ਜਦ[22] ਉਸ ਨੂੰ ਚੰਗਾ ਲਗਦਾ[23] ਹੈ, ਸੁਆਮੀ ਵਾਹਿਗੁਰੂ

ਪ੍ਰਭ ਭਾਵੈ[23] ਧਨ[24] ਊਭੀ[25] ਗੁਣ[26] ਸਾਰੀ[27] ॥	temple[21] when[22] it pleases[23] Him and the bride[24] rising[25] up utters[27] His praise[26].	ਦੇਹ ਦੇ ਮਹਲ[21] ਵਿਚ ਆ ਜਾਂਦਾ ਹੈ ਤੇ ਖੜੀ[25] ਹੋ ਪਤਨੀ[24] ਉਸ ਦਾ ਜਸ[26] ਉਚਾਰਨ[27] ਕਰਦੀ ਹੈ।
ਘਰਿ[28] ਘਰਿ ਕੰਤੁ[29] ਰਵੈ[30] ਸੋਹਾਗਣਿ[31] ਹਉ[32] ਕਿਉ ਕੰਤਿ ਵਿਸਾਰੀ[33] ॥	In every home[28], the Spouse[29] enjoys[30] the chaste brides[31]. Why has the Spouse forgotten[33] me[32] ?	ਹਰ ਗ੍ਰਿਹ[28] ਅੰਦਰ, ਪਤੀ[29] ਆਪਣੀਆਂ ਸਤਿਵੰਤੀਆਂ ਪਤਨੀਆਂ[31] ਨੂੰ ਮਾਣਦਾ[30] ਹੈ ! ਪਤੀ ਨੇ ਮੈਨੂੰ[32] ਕਿਉਂ ਭੁਲਾ ਛਡਿਆ[33] ਹੈ ?
ਉਨਵਿ[34] ਘਨ[35] ਛਾਏ[36] ਬਰਸੁ[37] ਸੁਭਾਏ[38] ਮਨਿ[39] ਤਨਿ[40] ਪ੍ਰੇਮੁ[41] ਸੁਖਾਵੈ[42] ॥	The lowering[34] clouds[35] have overspread[36] the sky. It rains[37] pleasantly[38] and the Lord's love[41] is pleasing[42] to my soul[39] and body[40].	ਝੁਕੇ ਹੋਏ[34] ਬੱਦਲ[35] ਅਸਮਾਨ ਤੇ ਫੈਲੇ ਹੋਏ[36] ਹਨ। ਸੁਹਾਵਣਾ[38] ਮੀਂਹ ਪੈ ਰਿਹਾ ਹੈ[37] ਹੈ ਅਤੇ ਪ੍ਰਭੂ ਦੀ ਪ੍ਰੀਤ[41] ਮੇਰੀ ਜਿੰਦੜੀ[39] ਤੇ ਦੇਹ[40] ਨੂੰ ਚੰਗੀ ਲਗਦੀ[42] ਹੈ।
ਨਾਨਕ ਵਰਸੈ[43] ਅੰਮ੍ਰਿਤ[44] ਬਾਣੀ[45] ਕਰਿ ਕਿਰਪਾ[46] ਘਰਿ[47] ਆਵੈ ॥੪॥	Nanak, when the ambrosial[44] Gurbani[45] rains[43], the Lord graciously[46] comes into my home[47].	ਨਾਨਕ ਜਦ ਅੰਮ੍ਰਿਤ-ਮਈ[44] ਗੁਰਬਾਣੀ[45] ਵਸਦੀ[43] ਹੈ ਤਾਂ ਰਹਿਮਤ[46] ਧਾਰ ਕੇ ਪ੍ਰਭੂ ਮੇਰੇ ਧਾਮ[47] ਅੰਦਰ ਆ ਜਾਂਦਾ ਹੈ।
੧੧੦੮	**1108**	**੧੧੦੮**
ਚੇਤੁ ਬਸੰਤੁ[48] ਭਲਾ[49] ਭਵਰ[50] ਸੁਹਾਵੜੇ[51] ॥	In Chet agreeable[49] is the spring[48] and beautiful[51] the bumble-bee[50].	ਚੇਤ ਵਿਚ, ਮਨ-ਭਾਉਂਦੀ[49] ਹੈ ਬਹਾਰ[48] ਦੀ ਰੁੱਤ ਅਤੇ ਸੋਹਣਾ ਸੁਨੱਖਾ[51] ਹੈ ਭੌਰਾ[50]।
ਬਨ[52] ਫੂਲੇ[53] ਮੰਝ[54] ਬਾਰਿ[55] ਮੈ ਪਿਰੁ[56] ਘਰਿ[57] ਬਾਹੁੜੈ[58] ॥	The forests[52] are flowering[53] in front of my[54] door[55]. May my Love[56] return[58] home[57].	ਮੇਰੇ[54] ਬੂਹੇ[55] ਦੇ ਮੂਹਰੇ ਜੰਗਲ[52] ਪ੍ਰਫੁਲਤ[53] ਹੋ ਰਹੇ ਹਨ। ਰਬ ਕਰੇ ਮੇਰਾ ਪ੍ਰੀਤਮ[56] ਮੇਰੇ ਧਾਮ[57] ਵਿਚ ਆ ਜਾਵੇ।
ਪਿਰੁ ਘਰਿ ਨਹੀ ਆਵੈ ਧਨ[59] ਕਿਉ[60] ਸੁਖੁ ਪਾਵੈ ਬਿਰਹਿ[61] ਬਿਰੋਧ[62] ਤਨੁ[63] ਛੀਜੈ[64] ॥	How[60] can the bride[59] obain peace, when her Spouse comes not home ? With the distress[62] of separation[61] her body[63] is wasting away[64].	ਪਤਨੀ[59] ਨੂੰ ਆਰਾਮ ਕਿਸ ਤਰ੍ਹਾਂ[60] ਆ ਸਕਦਾ ਹੈ, ਜਦ ਕਿ ਉਸ ਦਾ ਪਤੀ ਉਸ ਦੇ ਘਰ ਵਿਚ ਨਹੀਂ ਆਉਂਦਾ[58] ? ਵਿਛੋੜੇ[61] ਦੀ ਖਿੱਚਾ-ਖਿੱਚੀ[62] ਨਾਲ ਉਸ ਦੀ ਦੇਹ[63] ਨਾਸ[64] ਹੋ ਰਹੀ ਹੈ।
ਕੋਕਿਲ ਅੰਬਿ ਸੁਹਾਵੀ[65] ਬੋਲੈ[66] ਕਿਉ[67] ਦੁਖੁ ਅੰਕਿ[68] ਸਹੀਜੈ[69] ॥	The beauteous[65] cuckoo sings[66] on the mango-tree. How[67] can I bear[69] the pain of my mind[68] ?	ਸੁੰਦਰ[65] ਕੋਇਲ ਅੰਬ ਦੇ ਬ੍ਰਿਛ ਤੇ ਗਾਉਂਦੀ[66] ਹੈ ਅਤੇ ਆਪਣੇ ਮਨ[68] ਦੇ ਦੁਖੜੇ ਨੂੰ ਮੈਂ ਕਿਸ ਤਰ੍ਹਾਂ[67] ਸਹਾਰ ਸਕਦੀ[69] ਹਾਂ ?
ਭਵਰੁ ਭਵੰਤਾ[70] ਫੂਲੀ[71] ਡਾਲੀ[72] ਕਿਉ ਜੀਵਾ ਮਰੁ[73] ਮਾਏ[74] ॥	The black-bee is flitting[70] on the blossoming[71] bough[72]. How can I survive ? I am dying[73], O mother[74].	ਭੌਰਾ ਪ੍ਰਫੁਲਤ ਹੋਈ ਹੋਈ[71] ਟਹਿਣੀ[72] ਤੇ ਚੱਕਰ ਕਟ ਰਿਹਾ[70] ਹੈ। ਮੈਂ ਕਿਸ ਤਰ੍ਹਾਂ ਜੀਉ ਸਕਦੀ ਹਾਂ ? ਮੈਂ ਮਰਦੀ[73] ਜਾਂਦੀ ਹਾਂ, ਹੇ ਮਾਤਾ[74] !
ਨਾਨਕ ਚੇਤਿ ਸਹਜਿ[75] ਸੁਖੁ ਪਾਵੈ ਜੇ ਹਰਿ ਵਰੁ[76] ਘਰਿ[77] ਧਨ[78] ਪਾਏ ॥੫॥	Nanak, in Chet peace is easily[75] obtained, if the wife[78] obtains God as her Spouse[76] in her home[77].	ਨਾਨਕ ਚੇਤ ਅੰਦਰ ਆਰਾਮ ਸੌਖੇ[75] ਹੀ ਪਰਾਪਤ ਹੋ ਜਾਂਦਾ ਹੈ ਜੇਕਰ ਵਹੁਟੀ[78] ਆਪਣੇ ਗ੍ਰਿਹ[77] ਅੰਦਰ ਵਾਹਿਗੁਰੂ ਨੂੰ ਆਪਣੇ ਪਤੀ[76] ਵਜੋਂ ਪਾ ਲਵੇ।
ਵੈਸਾਖੁ ਭਲਾ[79] ਸਾਖਾ[80] ਵੇਸ[81] ਕਰੇ ॥	Pleasant[79] is Baisakh, when the tree-bough[80] adorns[81] itself anew.	ਮਨ ਭਾਉਣਾ[79] ਹੈ ਬੈਸਾਖ ਜਦ ਕਿ ਰੁਖ ਦੀ ਟਹਿਣੀ[80] ਨਵੇਂ ਸਿਰਿਓਂ ਸਸ਼ੋਭਤ[81] ਹੁੰਦੀ ਹੈ।
ਧਨ ਦੇਖੈ ਹਰਿ ਦੁਆਰਿ[82]	The bride is anxious to see God at	ਪਤਨੀ ਵਾਹਿਗੁਰੂ ਨੂੰ ਆਪਣੇ ਬੂਹੇ[82] ਤੇ ਵੇਖਣ ਦੀ

ਆਵਹੁ ਦਇਆ[83] ਕਰੇ ॥	her door[82], "Come my Love, come. Take Thou pity[83] on me".	ਚਾਹਵਾਨ ਹੈ । "ਆ ਜਾ ਮੇਰੇ ਜਾਨੀਆ, ਆ ਜਾ ! ਤੂੰ ਮੇਰੇ ਉਤੇ ਤਰਸ[83] ਕਰ ।"
ਘਰਿ ਆਉ ਪਿਆਰੇ[84] ਦੁਤਰ[85] ਤਾਰੇ[86] ਤੁਧੁ ਬਿਨੁ ਅਢੁ[87] ਨ ਮੋਲੋ[88] ॥	Come home, O my Beloved[84] ! Ferry[86] me across the difficult[85] world-ocean. Without Thee I am not worth[88] even a shell[87].	ਮੇਰੇ ਘਰ ਵਿਚ ਆ, ਹੇ ਮੇਰੇ ਜਾਨੀਆ[84] ! ਮੈਨੂੰ ਔਖੇ[85] ਸੰਸਾਰ ਸਮੁੰਦਰ ਤੋਂ ਪਾਰ ਕਰ[86] ਦੇ । ਤੇਰੇ ਬਗੈਰ ਮੇਰਾ ਕਉਡੀ[87] ਭੀ ਮੁੱਲ[88] ਨਹੀਂ ।
ਕੀਮਤਿ[89] ਕਉਣ ਕਰੇ ਤੁਧੁ ਭਾਵਾਂ[90] ਦੇਖਿ ਦਿਖਾਵੈ ਢੋਲੋ[91] ॥	Who can appraise my worth[89], if I please[90] Thee ? I see Thee and show Thee to others. O my Love[91].	ਜੇਕਰ ਮੈਂ ਤੈਨੂੰ ਚੰਗੀ[90] ਲੱਗਾਂ ਤਾਂ ਮੇਰਾ ਮੁੱਲ[89] ਕੌਣ ਪਾ ਸਕਦਾ ਹੈ ? ਮੈਂ ਤੈਨੂੰ ਵੇਖਦੀ ਹਾਂ ਤੇ ਹੋਰਨਾਂ ਨੂੰ ਵਿਖਾਲਦੀ ਹਾਂ, ਹੇ ਮੇਰੇ ਪ੍ਰੀਤਮ[91] ।
ਦੂਰਿ[92] ਨ ਜਾਨਾ[93] ਅੰਤਰਿ[94] ਮਾਨਾ[95] ਹਰਿ ਕਾ ਮਹਲੁ[96] ਪਛਾਨਾ[97] ॥	O Lord, I know[93] Thee not afar[92], I believe[95] Thee to be within[94] me and realise[97] I Thine presence[96].	ਹੇ ਸਾਈਂ ! ਮੈਂ ਤੈਨੂੰ ਦੁਰੇਡੇ[92] ਨਹੀਂ ਜਾਣਦਾ[93], ਮੈਨੂੰ ਯਕੀਨ[95] ਹੈ ਤੂੰ ਮੇਰੇ ਅੰਦਰ[94] ਹੈਂ ਅਤੇ ਮੈਂ ਤੇਰੀ ਹਜ਼ੂਰੀ[96] ਨੂੰ ਅਨੁਭਵ ਕਰਦਾ[97] ਹਾਂ ।
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ[98] ਸਬਦਿ[99] ਮਨੁ[100] ਮਾਨਾ[2] ॥੬॥	Nanak, whosoever obtains the Lord in Baisakh, his soul[100] is satiated[2] with Name's[99] meditation[98].	ਨਾਨਕ, ਜੋ ਕੋਈ ਭੀ ਵੈਸਾਖ ਵਿਚ ਸਾਹਿਬ ਨੂੰ ਪਾ ਲੈਂਦਾ ਹੈ, ਉਸ ਦੀ ਆਤਮਾ[100] ਨਾਮ[99] ਦੇ ਸਿਮਰਨ[98] ਨਾਲ ਸੰਤੁਸ਼ਟ[2] ਹੋ ਜਾਂਦੀ ਹੈ ।
ਮਾਹੁ[3] ਜੇਠੁ ਭਲਾ[4] ਪ੍ਰੀਤਮੁ[5] ਕਿਉ ਬਿਸਰੈ[6] ॥	Sublime[4] is the month[3] of Jeth. Why should I forget[6] my Beloved[5] ?	ਸਰੇਸ਼ਟ[4] ਹੈ ਜੇਠ ਦਾ ਮਹੀਨਾ[3] । ਮੈਂ ਆਪਣੇ ਪਿਆਰੇ[5] ਨੂੰ ਕਿਉਂ ਭੁਲਾਵਾਂ[6] ?
ਥਲ[7] ਤਾਪਹਿ[8] ਸਰ[9] ਭਾਰ[10] ਸਾਧਨ[12] ਬਿਨਉ[13] ਕਰੈ ॥	The earth[7] burns[8] like[9] a furnace[10]. The bride[12] prays[13] to her Lord.	ਧਰਤੀ[7] ਭੱਠੀ[10] ਦੀ ਤਰ੍ਹਾਂ[9] ਸੜਦੀ[8] ਹੈ । ਪਤਨੀ[12] ਆਪਣੇ ਸੁਆਮੀ ਦੇ ਅਗੇ ਪ੍ਰਾਰਥਨਾ[13] ਕਰਦੀ ਹੈ ।
ਧਨ ਬਿਨਉ ਕਰੇਦੀ ਗੁਣ[14] ਸਾਰੇਦੀ[15] ਗੁਣ ਸਾਰੀ[16] ਪ੍ਰਭ ਭਾਵਾ[17] ॥	The bride makes supplication and utters[15] His praise[14]. Singing[16] the Lord's praise, I become pleasing[17] to Him.	ਪਤਨੀ ਬੇਨਤੀ ਕਰਦੀ ਹੈ ਅਤੇ ਉਸ ਦਾ ਜੱਸ[14] ਉਚਾਰਨ ਕਰਦੀ[15] ਹੈ । ਪ੍ਰਭੂ ਦਾ ਜੱਸ ਗਾਇਨ[16] ਕਰਨ ਦੁਆਰਾ ਮੈਂ ਉਸ ਨੂੰ ਚੰਗੀ[17] ਲਗਣ ਲਗ ਜਾਂਦੀ ਹਾਂ ।
ਸਾਚੈ ਮਹਲਿ[18] ਰਹੈ[19] ਬੈਰਾਗੀ[20] ਆਵਣ[22] ਦੇਹਿ[23] ਤ[21] ਆਵਾ ॥	The Detached Lord[20] abides[19] in the true mansion[18]. If He permits[23] me to go[22] to Him, then[21] will I go to Him.	ਨਿਰਲੇਪ ਸੁਆਮੀ[20] ਸੱਚੇ ਮੰਦਰ[18] ਅੰਦਰ ਵਸਦਾ[19] ਹੈ । ਜੇਕਰ ਉਹ ਮੈਨੂੰ ਆਪਣੇ ਕੋਲ ਜਾਣ[22] ਦੀ ਆਗਿਆ ਦੇਵੇ[23] ਤਾਂ[21] ਹੀ ਮੈਂ ਉਸ ਕੋਲ ਜਾਵਾਂਗੀ ।
ਨਿਮਾਣੀ[24] ਨਿਤਾਣੀ[25] ਹਰਿ ਬਿਨੁ[26] ਕਿਉ[29] ਪਾਵੈ ਸੁਖ[27] ਮਹਲੀ[28] ॥	Unhonoured[24] and powerless[25] is the bride[28]. How[29] can she obtain peace[27] without[26] her Lord ?	ਬੇਇਜ਼ਤ[24] ਅਤੇ ਬਲਹੀਣ[25] ਹੈ ਪਤਨੀ[28] ਆਪਣੇ ਸਾਈਂ ਦੇ ਬਗੈਰ[26] । ਉਹ ਕਿਸ ਤਰ੍ਹਾਂ[29] ਆਰਾਮ[27] ਪਾ ਸਕਦੀ ਹੈ ?
ਨਾਨਕ ਜੇਠਿ ਜਾਣੈ ਤਿਸੁ[30] ਜੈਸੀ[31] ਕਰਮਿ[32] ਮਿਲੈ[33] ਗੁਣ[34] ਗਹਿਲੀ[35] ॥੭॥	In Jeth, O Nanak, she who knows her Lord, becomes like[31] Him[30] and grasping[35] virtue[34] through His grace[32], she meets[33] with Him.	ਜੇਠ ਵਿਚ ਹੇ ਨਾਨਕ ! ਜਿਹੜੀ ਆਪਣੇ ਸੁਆਮੀ ਨੂੰ ਜਾਣਦੀ ਹੈ, ਉਹ ਉਸ[30] ਵਰਗੀ[31] ਹੋ ਜਾਂਦੀ ਹੈ ਅਤੇ ਉਸ ਦੀ ਮਿਹਰ[32] ਰਾਹੀਂ ਨੇਕੀ[34] ਨੂੰ ਗ੍ਰਹਿਣ ਕਰ[35] ਕੇ ਉਹ ਉਸ ਨਾਲ ਮਿਲ ਜਾਂਦੀ[33] ਹੈ ।

ਆਸਾੜੁ[36] ਭਲਾ[37] ਸੂਰਜੁ[38] ਗਗਨਿ[39] ਤਪੈ[40] ॥	Good[37] is the month of Asar[36], when the sun[38] blazes[40] in the sky[39].	ਚੰਗਾ[37] ਹੈ ਹਾੜ[36] ਦਾ ਮਹੀਨਾ, ਜਦ ਕਿ ਭਾਨ[38] ਅਸਮਾਨ[39] ਅੰਦਰ ਤਪਦਾ[40] ਹੈ ।
ਧਰਤੀ[41] ਦੂਖ[42] ਸਹੈ[43] ਸੋਖੈ[44] ਅਗਨਿ[45] ਭਖੈ[46] ॥	The earth[41] suffers[43] sorrow[42] and is parched[44] and heated[46] like fire[45]	ਜ਼ਮੀਨ[41] ਤਕਲੀਫ਼[42] ਸਹਾਰਦੀ[43] ਹੈ ਅਤੇ ਅੱਗ[45] ਦੀ ਮਾਨਿੰਦ ਭੁਜਦੀ[44] ਅਤੇ ਭਖਦੀ[46] ਹੈ ।
ਅਗਨਿ[48] ਰਸੁ[47] ਸੋਖੈ[49] ਮਰੀਐ[50] ਧੋਖੈ[51] ਭੀ[52] ਸੋ ਕਿਰਤੁ[53] ਨ ਹਾਰੇ[54] ॥	The heat[48] dries up[49] moisture[47] and men die[50] in anxiety[51]. Even then[52] the sun wearies[54] not in his task[53].	ਗਰਮੀ[48] ਤਰਾਵਤ[47] ਨੂੰ ਸੁਕਾਉਂਦੀ[49] ਹੈ ਤੇ ਇਨਸਾਨ ਫ਼ਿਕਰ ਚਿੰਤਾ[51] ਅੰਦਰ ਮਰਦੇ[50] ਹਨ । ਤਦ[52] ਭੀ ਸੂਰਜ ਆਪਣੇ ਕੰਮ[53] ਅੰਦਰ ਥਕਦਾ[54] ਨਹੀਂ ।
ਰਥੁ[55] ਫਿਰੈ[56] ਛਾਇਆ[57] ਧਨ[58] ਤਾਕੈ[59] ਟੀਡੁ[60] ਲਵੈ[61] ਮੰਝਿ[62] ਬਾਰੇ[63] ॥	The sun's chariot[55] moves[56] on, the wife[58] looks[59] for the shade[57] and the grass-hoppers[60] chirp[61] in[62] the forest[63].	ਸੂਰਜ ਦਾ ਰਥ[55] ਤੁਰਿਆ ਜਾਂਦਾ[56] ਹੈ, ਵਹੁਟੀ[58] ਛਾਂ[57] ਨੂੰ ਤਕਾਉਂਦੀ[59] ਹੈ ਅਤੇ ਟਿੱਡੇ[60] ਜੰਗਲ[63] ਵਿਚ[62] ਬੋਲਦੇ[61] ਹਨ ।
ਅਵਗਣ[64] ਬਾਧਿ[65] ਚਲੀ[66] ਦੁਖੁ[67] ਆਗੈ[68] ਸੁਖੁ ਤਿਸੁ[69] ਸਾਚੁ[70] ਸਮਾਲੇ[71] ॥	She, who departs[66], tying[65] the bundle of sins[64], suffers[67] hereafter[68] and she, who remembers[71] the[69] True Lord[70], obtains peace.	ਜੋ ਪਾਪਾਂ[64] ਦੀ ਪੰਡ ਨੂੰ ਬੰਨ੍ਹ[65] ਕੇ ਤੁਰਦੀ[66] ਹੈ, ਉਹ ਅਗੇ[68] ਕਸ਼ਟ ਉਠਾਉਂਦੀ[67] ਹੈ, ਅਤੇ ਜਿਹੜੀ ਉਸ[69] ਸੱਚੇ ਸੁਆਮੀ[70] ਨੂੰ ਸਿਮਰਦੀ[71] ਹੈ, ਉਹ ਆਰਾਮ ਪਾਉਂਦੀ ਹੈ ।
ਨਾਨਕ ਜਿਸ ਨੋ ਇਹੁ ਮਨੁ[72] ਦੀਆ[73] ਮਰਣੁ ਜੀਵਣੁ ਪ੍ਰਭ ਨਾਲੇ[74] ॥੮॥	Nanak, my death and life are with[74] the Lord, to whom I have surrendered[73] this soul[72] of mine.	ਨਾਨਕ, ਮੇਰਾ ਮਰਨਾ ਅਤੇ ਜੀਉਣਾ ਉਸ ਸੁਆਮੀ ਦੇ ਨਾਲ[74] ਹੈ, ਜਿਸ ਨੂੰ ਕਿ ਮੈਂ ਆਪਣੀ ਇਹ ਜਿੰਦੜੀ[72] ਸਮਰਪਣ[73] ਕੀਤੀ ਹੋਈ ਹੈ ।
ਸਾਵਣਿ ਸਰਸ[75] ਮਨਾ[76] ਘਣ[77] ਵਰਸਹਿ[78] ਰੁਤਿ[79] ਆਏ ॥	In Sawan, be thou happy[75], O my soul[76]. The season[79] has come when the clouds[77] rain[78].	ਸਾਵਣ ਅੰਦਰ ਤੂੰ ਖੁਸ਼[75] ਹੋ, ਹੇ ਮੇਰੀ ਜਿੰਦੇ[76] ! ਮੌਸਮ[79] ਆ ਗਿਆ ਹੈ ਜਦ ਬੱਦਲ[77] ਵਰ੍ਹਦੇ[78] ਹਨ ।
ਮੈ ਮਨਿ[80] ਤਨਿ[81] ਸਹੁ[82] ਭਾਵੈ[83] ਪਿਰ[84] ਪਰਦੇਸਿ[85] ਸਿਧਾਏ[86] ॥	I love[83] my Spouse[82] with my soul[80] and body[81], but my Darling[84] has gone[86] abroad[85].	ਆਪਣੀ ਆਤਮਾ[80] ਤੇ ਦੇਹ[81] ਨਾਲ ਮੈਂ ਆਪਣੇ ਕੰਤ[82] ਨੂੰ ਪਿਆਰ ਕਰਦੀ[83] ਹਾਂ ਪਰ ਮੇਰਾ ਦਿਲਬਰ[84] ਪਰਾਏ ਵਤਨ[85] ਨੂੰ ਚਲਿਆ ਗਿਆ[86] ਹੈ ।
ਪਿਰੁ[87] ਘਰਿ ਨਹੀ ਆਵੈ ਮਰੀਐ ਹਾਵੈ[88] ਦਾਮਨਿ[89] ਚਮਕਿ[90] ਡਰਾਏ[91] ॥	My Beloved[87] comes not home. I am dying with the sorrow of separation[88]. The flash[90] of lightening[89] terrifies[91] me.	ਮੇਰਾ ਪ੍ਰੀਤਮ[87] ਮੇਰੇ ਘਰ ਨਹੀਂ ਆਉਂਦਾ । ਮੈਂ ਵਿਛੋੜੇ[88] ਦੇ ਗ਼ਮ ਨਾਲ ਮਰ ਰਹੀ ਹਾਂ । ਬਿਜਲੀ[89] ਦੀ ਲਿਸ਼ਕ[90] ਭੈ-ਭੀਤ ਕਰਦੀ[91] ਹੈ ।
ਸੇਜ[92] ਇਕੇਲੀ[93] ਖਰੀ[94] ਦੁਹੇਲੀ[95] ਮਰਣੁ[98] ਭਇਆ ਦੁਖੁ[96] ਮਾਏ[97] ॥	Lonely[93] is my couch[92] and I am greatly[94] grieved[95]. I am dying[98] of pain[96], O my mother[97].	ਸੁੰਞੀ[93] ਹੈ ਮੇਰੀ ਸੇਜ[92] ਅਤੇ ਮੈਂ ਬੜੀ[94] ਦੁਖੀ[95] ਹਾਂ । ਮੈਂ ਪੀੜ[96] ਨਾਲ ਮਰ ਰਹੀ[98] ਹਾਂ, ਹੇ ਮੇਰੀ ਮਾਤਾ[97] !
ਹਰਿ ਬਿਨੁ ਨੀਦ[99] ਭੂਖ[100] ਕਹੁ[2] ਕੈਸੀ[3] ਕਾਪੜੁ[4] ਤਨਿ[5] ਨ ਸੁਖਾਵਏ[6] ॥	Say[2], without God, how[3] can sleep[99] and appetite[100] come to me ? The raiment[4] affords my body[5] no comfort[6].	ਦਸੋ[2], ਵਾਹਿਗੁਰੂ ਦੇ ਬਗੈਰ ਨੀਂਦ[99] ਅਤੇ ਭੁਖ[100] ਮੈਂ ਕਿਸ ਤਰ੍ਹਾਂ[3] ਮਹਿਸੂਸ ਕਰ ਸਕਦੀ ਹਾਂ ? ਕਪੜਾ[4] ਮੇਰੇ ਸਰੀਰ[5] ਨੂੰ ਚੰਗਾ[6] ਨਹੀਂ ਲਗਦਾ ।

ਨਾਨਕ ਸਾ[7] ਸੋਹਾਗਣਿ[8] ਕੰਤੀ[9] ਪਿਰ[10] ਕੈ ਅੰਕਿ[12] ਸਮਾਵਏ[13]॥੯॥	Nanak, she[7] alone is the chaste bride[8], who merges[13] in the being[12] of her Beloved[10] Spouse[9].	ਨਾਨਕ, ਕੇਵਲ ਉਹ[7] ਹੀ ਸਤਵੰਤੀ ਪਤਨੀ[8] ਹੈ ਜੋ ਆਪਣੇ ਪਿਆਰੇ[10] ਪਤੀ[9] ਦੇ ਸਰੂਪ[12] ਅੰਦਰ ਲੀਨ ਹੋ ਜਾਂਦੀ[13] ਹੈ।
ਭਾਦਉ ਭਰਮਿ[14] ਭੁਲੀ[15] ਭਰਿ[16] ਜੋਬਨਿ[17] ਪਛੁਤਾਣੀ[18] ॥	In Bhadon, the bride in the bloom[16] of youth[17] strays[15] in doubt[14], but she afterwards regrets[18].	ਭਾਦੋਂ ਵਿਚ ਪੂਰਨ[16] ਜੁਆਨੀ[17] ਅੰਦਰ ਪਤਨੀ ਵਹਿਮ[14] ਅੰਦਰ ਕੁਰਾਹੇ[15] ਪਈ ਹੋਈ ਹੈ ਪ੍ਰੰਤੂ ਅਖ਼ੀਰ ਨੂੰ ਉਹ ਪਛਤਾਉਂਦੀ[18] ਹੈ।
ਜਲ[19] ਥਲ[20] ਨੀਰਿ[21] ਭਰੇ[22] ਬਰਸ[23] ਰੁਤੇ[24] ਰੰਗੁ[25] ਮਾਣੀ[26] ॥	The ponds[19] and meadows[20] are filled[22] with water[21]. It is the rainy[23] season[24]the time of merry[25]-making[26].	ਛਪੜ[19] ਅਤੇ ਚਰਾਗੇ[20] ਪਾਣੀ[21] ਨਾਲ ਪੂਰਤ[22] ਹਨ। ਇਹ ਮੀਂਹ[23] ਦੀ ਰੁਤ[24] ਹੈ-ਮੌਜਾਂ[25] ਮਾਣਨ[26] ਦਾ ਸਮਾਂ।
ਬਰਸੈ[27] ਨਿਸਿ[28] ਕਾਲੀ[29] ਕਿਉ[34] ਸੁਖੁ ਬਾਲੀ[30] ਦਾਦਰ[31] ਮੋਰ[32] ਲਵੰਤੇ[33]॥	It rains[27] during the dark[29] night[28]. How[34] can the young[30] bride have peace ? The frogs[31] and peacocks[32] shriek[33].	ਅਨ੍ਹੇਰੀ[29] ਰਾਤ[28] ਵਿਚ ਮੀਂਹ ਪੈਂਦਾ[27] ਹੈ। ਮੁਟਿਆਰ[30] ਪਤਨੀ ਨੂੰ ਆਰਾਮ ਕਿਸ ਤਰ੍ਹਾਂ[34] ਆ ਸਕਦਾ ਹੈ ? ਡੱਡੂ[31] ਅਤੇ ਮੋਰ[32] ਬੋਲਦੇ[33] ਹਨ।
ਪ੍ਰਿਉ[35] ਪ੍ਰਿਉ ਚਵੈ[36] ਬਬੀਹਾ[37] ਬੋਲੇ[38] ਭੁਇਅੰਗਮ[39] ਫਿਰਹਿ[40] ਡਸੰਤੇ[41] ॥	'Beloved[35], my beloved' cries[36] and shrieks[38] the pied-cuckoo[37] and the snakes[39] go[40] about biting[41].	'ਪ੍ਰੀਤਮ[35], ਮੇਰਾ ਪ੍ਰੀਤਮ' ਪਪੀਹਾ[37] ਚੀਕਦਾ[36] ਤੇ ਪੁਕਾਰਦਾ[38] ਹੈ ਅਤੇ ਸਪ[39] ਡੰਗ[41] ਮਾਰਦੇ ਫਿਰਦੇ[40] ਹਨ।
ਮਛਰ ਡੰਗ[42] ਸਾਇਰ[43] ਭਰ[44] ਸੁਭਰ[45] ਬਿਨੁ ਹਰਿ ਕਿਉ ਸੁਖੁ ਪਾਈਐ ॥	The mosquitos sting[42] and the pools[43] are filled[44] to the brim[45]. Without her Lord, how can the wife obtain comfort ?	ਮੱਛਰ ਕਟਦਾ[42] ਹੈ ਅਤੇ ਟੋਭੇ[43] ਨਕੋ ਨੱਕ[45] ਭਰੇ[44] ਹੋਏ ਹਨ। ਆਪਣੇ ਸੁਆਮੀ ਦੇ ਬਗੈਰ ਵਹੁਟੀ ਨੂੰ ਠੰਢ ਚੈਨ ਕਿਸ ਤਰ੍ਹਾਂ ਪੈ ਸਕਦੀ ਹੈ ?
ਨਾਨਕ ਪੂਛਿ ਚਲਉ[46] ਗੁਰ ਅਪੁਨੇ ਜਹ[47] ਪ੍ਰਭੁ ਤਹ[48]ਹੀ ਜਾਈਐ[49] ॥੧੦॥	I will ask my Guru and walk[46] accordingly. Withersoever[47] my Lord is, thither[48] shall I go[49].	ਮੈਂ ਆਪਣੇ ਗੁਰਾਂ ਕੋਲੋਂ ਪੁਛਾਂਗੀ ਤੇ ਉਸ ਦੇ ਅਨੁਸਾਰ ਟੁਰਾਂਗੀ[46]। ਜਿਥੇ ਕਿਤੇ ਭੀ[47] ਮੇਰਾ ਸਾਈਂ ਹੈ, ਉਥੇ[48] ਹੀ ਮੈਂ ਜਾਵਾਂਗੀ[49]।
ਅਸੁਨਿ[51] ਆਉ[50] ਪਿਰਾ[52] ਸਾਧਨ[53] ਝੂਰਿ[54] ਮੁਈ[55] ॥	In Assu[51], come[50] O my Beloved[52]. Thy wife[53] is repining[54] herself to death[55].	ਅਸੂ[51] ਵਿਚ ਬਹੁੜ[50] ਹੇ ਮੇਰੇ ਪ੍ਰੀਤਮਾ[52] ! ਤੇਰੀ ਪਤਨੀ[53] ਝੁਰੇਵੇਂ[54] ਨਾਲ ਮਰ ਰਹੀ[55] ਹੈ।
ਤਾ[56] ਮਿਲੀਐ ਪ੍ਰਭੁ ਮੇਲੇ ਦੂਜੈ[57] ਭਾਇ[58] ਖੁਈ[59] ॥	If the Lord makes her meet, then[56] alone can she meet with Him, but the bride is ruined[59] by the love[58] of another[57].	ਜੇਕਰ ਸੁਆਮੀ ਮਿਲਾਵੇ, ਕੇਵਲ ਤਦ[56] ਹੀ ਉਹ ਉਸ ਨਾਲ ਮਿਲ ਸਕਦੀ ਹੈ, ਪ੍ਰੰਤੂ ਪਤਨੀ ਨੂੰ ਦਵੈਤ[57] ਭਾਵ[58] ਨੇ ਬਰਬਾਦ[59] ਕਰ ਛਡਿਆ ਹੈ।
ਝੂਠਿ[60] ਵਿਗੁਤੀ[61] ਤਾ[62] ਪਿਰ[63] ਮੁਤੀ[64] ਕੁਕਹ[65] ਕਾਹ[66] ਸਿ[67] ਫੁਲੇ ॥	When the bride is disfigured[61] by falsehood[60], then[62] the Spouse[63] forsakes[64] her. Then bloom[67] the reed[66] and tamarisk diocia[65].	ਜਦ ਪਤਨੀ ਨੂੰ ਕੂੜ[60] ਕਰੂਪ[61] ਕਰ ਦਿੰਦਾ ਹੈ ਤਦ[62] ਪਤੀ[63] ਉਸ ਨੂੰ ਤਿਆਗ ਦਿੰਦਾ[64] ਹੈ। ਤਦ ਸਰਕੜਾ[66] ਅਤੇ ਪਿਲਛੀ[65] ਪ੍ਰਫੁਲਤ[67] ਹੁੰਦੇ ਹਨ।

੧੧੦੯	1109	੧੧੦੯
ਆਗੈ[68] ਘਾਮੁ[69] ਪਿਛੈ[70] ਰੁਤਿ[71] ਜਾੜਾ[72] ਦੇਖਿ ਚਲਤ[73] ਮਨੁ ਡੋਲੇ[74] ॥	Summer[69] is left behind[68] and the winter[72] season[71] lies ahead[70]. Seeing this play[73] my mind wavers[74].	ਗਰਮੀ[69] ਪਿਛੇ ਰਹਿ ਗਈ[68] ਹੈ ਅਤੇ ਸਿਆਲ[72] ਦਾ ਮੌਸਮ[71] ਮੂਹਰੇ[70] ਹੈ । ਇਹ ਖੇਡ[73] ਵੇਖ ਮੇਰਾ ਚਿਤ ਡਿਕੋਡੋਲੇ[74] ਖਾਂਦਾ ਹੈ ।
[75]ਦਹਦਿਸਿ[76] ਸਾਖ[77] ਹਰੀ[78] ਹਰੀਆਵਲ[79] ਸਹਜਿ[80] ਪਕੈ[81] ਸੁ[82] ਮੀਠਾ॥	All over the ten[75] sides[76] the boughs[77] are green[78] and verdant[79]. That[82], which slowly[80] ripens[81], is sweet.	ਦਸੀਂ[75] ਪਾਸੀਂ[76] ਹੀ ਟਹਿਣੀਆਂ[77] ਸਰਸਬਜ਼[78] ਅਤੇ ਹਰੀਆਂ[79] ਭਰੀਆਂ ਹਨ । ਜੋ ਹੌਲੀ ਹੌਲੀ[80] ਪਕਦਾ[81] ਹੈ ਉਹ[82] ਮਿੱਠਾ ਹੁੰਦਾ ਹੈ ।
ਨਾਨਕ ਅਸੁਨਿ ਮਿਲਹੁ ਪਿਆਰੇ[83] ਸਤਿਗੁਰ ਭਏ[84] ਬਸੀਠਾ[85] ॥੧੧॥	Meet Thou me, O my Love[83] in Assu. The True Guru has become[84] my mediator[85].	ਅਸੂ ਅੰਦਰ ਤੂੰ ਮੈਨੂੰ ਮਿਲ, ਹੇ ਮੇਰੇ ਦਿਲਬਰਾ[83] ! ਸੱਚੇ ਗੁਰਦੇਵ ਜੀ ਮੇਰੇ ਵਿਚੋਲੇ[85] ਹੋ ਗਏ[84] ਹਨ ।
ਕਤਕਿ ਕਿਰਤੁ[86] ਪਇਆ[87] ਜੋ ਪ੍ਰਭ ਭਾਇਆ[88] ॥	In Katak, what pleases[88] the Lord, that is recorded[87] in the mortal's destiny[86].	ਕੱਤੇ ਵਿਚ ਜੋ ਕੁਝ ਸੁਆਮੀ ਨੂੰ ਚੰਗਾ ਲਗਦਾ[88] ਹੈ ਉਹ ਹੀ ਪ੍ਰਾਣੀ ਦੀ ਪ੍ਰਾਲਬਧ[86] ਵਿਚ ਲਿਖਿਆ ਜਾਂਦਾ[87] ਹੈ ।
ਦੀਪਕੁ[89] ਸਹਜਿ[90] ਬਲੈ[91] ਤਤਿ[92] ਜਲਾਇਆ[93] ॥	The lamp[89], which is lit[93] by quintessence[92], that easily[90] burns[91].	ਜਿਹੜਾ ਦੀਵਾ[89] ਅਸਲੀਅਤ[92] ਨਾਲ ਪ੍ਰਕਾਸ਼ਿਆ[93] ਹੈ, ਉਹ ਸੁਖੇਨ[90] ਹੀ ਬਲਦਾ[91] ਰਹਿੰਦਾ ਹੈ ।
ਦੀਪਕ ਰਸ[94] ਤੇਲੋ ਧਨ[95] ਪਿਰ[96] ਮੇਲੋ ਧਨ ਓਮਾਹੈ[97] ਸਰਸੀ[98] ॥	Love[94] is the oil of the lamp, that unites the bride[95] with her Groom[96]. The bride is in bliss[97] and bloom[98].	ਪ੍ਰੀਤ[94] ਦੀਵੇ ਦਾ ਤੇਲ ਹੈ ਜੋ ਪਤਨੀ[95] ਨੂੰ ਉਸ ਦੇ ਪਤੀ[96] ਨਾਲ ਮਿਲਾਉਂਦਾ ਹੈ । ਪਤਨੀ ਖ਼ੁਸ਼ੀ[97] ਤੇ ਖਿੜਾਉ[98] ਅੰਦਰ ਹੈ ।
ਅਵਗਣ[99] ਮਾਰੀ ਮਰੈ ਨ ਸੀਝੈ[100] ਗੁਣਿ[2] ਮਾਰੀ ਤਾ[3] ਮਰਸੀ ॥	She, whom sin[99] kills, becomes not fruitful[100] at her death. When killed by virtue[2], then[3] dies she really.	ਜਿਸ ਨੂੰ ਪਾਪ[99] ਨਾਸ ਕਰਦਾ ਹੈ, ਉਹ ਆਪਣੀ ਮੌਤ ਸਮੇਂ ਸਫਲ[100] ਨਹੀਂ ਹੁੰਦੀ । ਜਦ ਨੇਕੀ[2] ਨਾਲ ਮਰਦੀ ਹੈ, ਤਦ[3] ਹੀ ਉਹ ਅਸਲੀ ਤੌਰ ਤੇ ਮਰਦੀ ਹੈ ।
ਨਾਮੁ ਭਗਤਿ[5] ਦੇ[4] ਨਿਜ[6] ਘਰਿ ਬੈਠੇ ਅਜਹੁ[7] ਤਿਨਾੜੀ[8] ਆਸਾ[9] ॥	They, whom Thou, O Lord, blesseth[4] with Thy Name and devotional service[5], sit in their own[6] home. Even then[7] their[8] hope[9] rests on Thee.	ਜਿਨ੍ਹਾਂ ਨੂੰ ਤੂੰ, ਹੇ ਸੁਆਮੀ ! ਆਪਣਾ ਨਾਮ ਅਤੇ ਪ੍ਰੇਮ-ਮਈ ਸੇਵਾ[5] ਬਖ਼ਸ਼ਦਾ[4] ਹੈਂ, ਉਹ ਆਪਣੇ[6] ਨਿਜ ਦੇ ਗ੍ਰਹਿ ਅੰਦਰ ਬਹਿੰਦੇ ਹਨ । ਤਦ[7] ਭੀ ਉਨ੍ਹਾਂ[8] ਦੀ ਉਮੀਦ[9] ਤੇਰੇ ਉਤੇ ਹੀ ਹੈ ।
ਨਾਨਕ ਮਿਲਹੁ ਕਪਟ[10] ਦਰ[12] ਖੋਲਹੁ ਏਕ ਘੜੀ[13] ਖਟੁ[14] ਮਾਸਾ[15] ॥੧੨॥	Says Nanak, "O Lord, open the shutters[10] of Thy door[12] and meet me. A moment[13], now, is like six[14] months[15] to me".	ਗੁਰੂ ਜੀ ਆਖਦੇ ਹਨ "ਹੇ ਸਾਹਿਬ ! ਆਪਣੇ ਦਰਵਾਜ਼ੇ[12] ਦੇ ਕਿਵਾੜ[10] ਖੋਲ੍ਹ ਅਤੇ ਮੈਨੂੰ ਮਿਲ । ਮੇਰੇ ਲਈ ਹੁਣ ਇਕ ਮੁਹਤ[13] ਭੀ ਛੇ[14] ਮਹੀਨੇ[15] ਦੀ ਮਾਨੰਦ ਹੈ ।"
ਮੰਘਰ ਮਾਹੁ[16] ਭਲਾ[17] ਹਰਿ ਗੁਣ[18] ਅੰਕਿ[19] ਸਮਾਵਏ[20] ॥	Good[17] is the month[16] of Maghar for those, who merge[20] in the Lord's Being[19], by singing His praise[18].	ਚੰਗਾ[17] ਹੈ ਮਘਰ ਦਾ ਮਹੀਨਾ[16] ਉਨ੍ਹਾਂ ਲਈ ਜੋ ਉਸ ਦਾ ਜੱਸ[18] ਗਾਇਨ ਕਰ, ਪ੍ਰਭੂ ਦੇ ਸਰੂਪ[19] ਅੰਦਰ ਲੀਨ[20] ਹੋ ਜਾਂਦੇ ਹਨ ।
ਗੁਣਵੰਤੀ[21] ਗੁਣ ਰਵੈ[22] ਮੈ ਪਿਰੁ[23] ਨਿਹਚਲੁ[24] ਭਾਵਏ[25] ॥	The virtuous wife[21] utters[22] the Lord's praise. My ever-stable[24] Love[23] is pleasing[25] to me.	ਗੁਣਵਾਨ ਪਤਨੀ[21] ਸੁਆਮੀ ਦਾ ਜੱਸ ਉਚਾਰਨ[22] ਕਰਦੀ ਹੈ । ਮੇਰਾ ਸਦੀਵੀ ਸਥਿਰ[24] ਪ੍ਰੀਤਮ[23] ਮੈਨੂੰ ਚੰਗਾ ਲੱਗਦਾ[25] ਹੈ ।

ਨਿਹਚਲੁ ਚਤੁਰੁ[26] ਸੁਜਾਣੁ[27] ਬਿਧਾਤਾ[28] ਚੰਚਲੁ[29] ਜਗਤੁ[30] ਸਬਾਇਆ[31] ॥	Moveless, Wise[26] and Omniscient[27] is my Creator[28]-Lord, but the whole[31] world[30] is movable[29].	ਅਹਿੱਲ, ਦਾਨਾ[26] ਅਤੇ ਸਰਬਗ[27] ਹੈ ਮੇਰਾ ਸਿਰਜਣਹਾਰ[28] ਸੁਆਮੀ, ਪ੍ਰੰਤੂ ਸਾਰੀ[31] ਦੁਨੀਆਂ[30] ਹਿੱਲ ਜਾਣ ਵਾਲੀ[29] ਹੈ।
ਗਿਆਨੁ[32] ਧਿਆਨੁ[33] ਗੁਣ[34] ਅੰਕਿ[35] ਸਮਾਣੇ[36] ਪ੍ਰਭ ਭਾਣੇ[36*] ਤਾ[37] ਭਾਇਆ[38] ॥	They, who possess the virtue[34] of gnosis[32] and meditation[33], merge[36] in the Lord's Being[35]. They are pleasing[36*] to the Lord and[37] the Lord is pleasing[38] to them.	ਜਿਨ੍ਹਾਂ ਦੇ ਪੱਲੇ ਬ੍ਰਹਮਗਿਆਤ[32] ਅਤੇ ਸਿਮਰਨ[33] ਦੀ ਨੇਕੀ[34] ਹੈ ਉਹ ਸਾਈਂ ਦੇ ਸਰੂਪ[35] ਅੰਦਰ ਲੀਨ[36] ਹੋ ਜਾਂਦੇ ਹਨ। ਸਾਈਂ ਨੂੰ ਉਹ ਚੰਗੇ ਲਗਦੇ[36*] ਹਨ ਅਤੇ[37] ਸਾਈਂ ਉਨ੍ਹਾਂ ਨੂੰ ਚੰਗਾ ਲਗਦਾ[38] ਹੈ।
ਗੀਤ[39] ਨਾਦ[40] ਕਵਿਤ[41] ਕਵੇ[42] ਸੁਣਿ ਰਾਮ[45] ਨਾਮਿ ਦੁਖੁ[43] ਭਾਗੈ[44] ॥	The songs[39], music[40] and the peoms[41] of poets[42] have I heard, but it is through the Lord's Name[45] that sorrow[43] flees[44].	ਗਾਉਣ[39], ਸੁਰਾਂ[40] ਅਤੇ ਕਵੀਸ਼ਰਾਂ[42] ਦੀਆਂ ਕਵਿਤਾਵਾਂ[41] ਮੈਂ ਸੁਣੀਆਂ ਹਨ, ਪ੍ਰੰਤੂ ਪ੍ਰਭੂ[45] ਦੇ ਨਾਮ ਰਾਹੀਂ ਹੀ ਦੁਖੜਾ[43] ਦੌੜਦਾ[44] ਹੈ।
ਨਾਨਕ [46]ਸਾਧਨ[47] ਨਾਹ[48] ਪਿਆਰੀ[49] ਅਭ[50] ਭਗਤੀ[51] ਪਿਰ[52] ਆਗੈ[53] ॥੧੩॥	Nanak, only that[46] bride[47] is dear[49] unto her Groom[48], who in His presence[53] performs the hearty[50] service[51] of her Beloved[52].	ਨਾਨਕ, ਕੇਵਲ ਉਹ[46] ਹੀ ਪਤਨੀ[47] ਆਪਣੇ ਪਤੀ[48] ਦੀ ਲਾਡਲੀ[49] ਹੈ ਜੋ ਉਸ ਦੀ ਹਜ਼ੂਰੀ[53] ਅੰਦਰ ਆਪਣੇ ਪ੍ਰੀਤਮ[52] ਦੀ ਦਿਲੀ[50] ਸੇਵਾ[51] ਕਮਾਉਂਦੀ ਹੈ।
ਪੋਖਿ[54] ਤੁਖਾਰੁ[55] ਪੜੈ[56] ਵਣੁ[57] ਤ੍ਰਿਣੁ[58] ਰਸੁ[59] ਸੋਖੈ[60] ॥	In Poh[54], the snow[55] falls[56] and the sap[59] of the forest[57] and grass[58] dries up[60].	ਪੋਹ[54] ਵਿਚ ਬਰਫ਼[55] ਪੈਂਦੀ[56] ਹੈ ਅਤੇ ਜੰਗਲ[57] ਤੇ ਘਾਹ[58] ਦੀ ਰਤੂਬਤ[59] ਸੁਕ ਜਾਂਦੀ[60] ਹੈ।
ਆਵਤ[61] ਕੀ[62] ਨਾਹੀ ਮਨਿ ਤਨਿ ਵਸਹਿ ਮੁਖੇ[63] ॥	O Lord, why[62] comest[61] Thou not ? Thou abidest withih my soul, body and mouth[63].	ਹੇ ਸੁਆਮੀ ! ਤੂੰ ਕਿਉਂ[62] ਨਹੀਂ ਆਉਂਦਾ[61] ? ਤੂੰ ਮੇਰੀ ਆਤਮਾ, ਦੇਹ ਅਤੇ ਮੂੰਹ[63] ਅੰਦਰ ਵਸਦਾ ਹੈਂ।
ਮਨਿ ਤਨਿ ਰਵਿ ਰਹਿਆ[64] ਜਗ[65] ਜੀਵਨੁ[66] ਗੁਰ ਸਬਦੀ[67] ਰੰਗੁ[69] ਮਾਣੀ[70] ॥	God, the Life[66] of the world[65] is permeating[64] my mind and body. Through the Guru's word[67], enjoy[70] I His love[69].	ਜਗਤ[65] ਦੀ ਜਿੰਦ-ਜਾਨ[66] ਵਾਹਿਗੁਰੂ ਮੇਰੇ ਚਿਤ ਤੇ ਸਰੀਰ ਅੰਦਰ ਰਮ ਰਿਹਾ[64] ਹੈ। ਗੁਰਾਂ ਦੀ ਬਾਣੀ[67] ਰਾਹੀਂ ਮੈਂ ਉਸ ਦੀ ਪ੍ਰੀਤ[69] ਦਾ ਅਨੰਦ ਲੈਂਦਾ[70] ਹਾਂ।
ਅੰਡਜ[71] ਜੇਰਜ[72] ਸੇਤਜ[73] ਉਤਭੁਜ[74] ਘਟਿ ਘਟਿ[75] ਜੋਤਿ[76] ਸਮਾਣੀ[77] ॥	The Lord's Light[76] is contained[77] in the egg-born[71], the foetus-born[72], the sweat-born[73], the earth-born[74] and all the hearts[75]	ਪ੍ਰਭੂ ਦਾ ਪ੍ਰਕਾਸ਼[76] ਆਂਡੇ[71], ਜੇਰ[72], ਮੁੜ੍ਹਕੇ[73] ਤੇ ਧਰਤੀ ਤੋਂ ਪੈਦਾ ਹੋਣ ਵਾਲੇ[74] ਅਤੇ ਸਾਰਿਆਂ ਦਿਲਾਂ[75] ਅੰਦਰ ਰਵਿਆ ਹੋਇਆ[77] ਹੈ।
ਦਰਸਨੁ[77*] ਦੇਹੁ[83] ਦਇਆ[78] ਪਤਿ[79] ਦਾਤੇ[80] ਗਤਿ[81] ਪਾਵਉ[84] ਮਤਿ[82] ਦੇਹੋ ॥	O Lord[79] of compassion[78], the Beneficent[80] One, bless[83] me with Thy vision[77*] and grant me understanding[82], that I may obtain[84] salvation[81].	ਹੇ ਰਹਿਮਤ[78] ਦੇ ਸੁਆਮੀ[79], ਦਾਤਾਰ[80] ਪੁਰਖ ! ਮੈਨੂੰ ਆਪਣਾ ਦੀਦਾਰ[77*] ਬਖ਼ਸ਼[83] ਅਤੇ ਸੱਚ ਸਮਝ[82] ਪਰਦਾਨ ਕਰ। ਤਾਂ ਜੋ ਮੈਂ ਮੁਕਤੀ[81] ਨੂੰ ਪਰਾਪਤ[84] ਹੋ ਜਾਵਾਂ।
ਨਾਨਕ ਰੰਗਿ[85] ਰਵੈ[86]	Nanak, with love[85] and pleasure[87],	ਨਾਨਕ ਮੌਜੀ[88] ਵਾਹਿਗੁਰੂ ਪਿਆਰ[85] ਅਤੇ ਖ਼ੁਸ਼ੀ[87] ਨਾਲ

ਰਸਿ[87] ਰਸੀਆ[88] ਹਰਿ ਸਿਉ ਪ੍ਰੀਤਿ[90] ਸਨੇਹੋ[91] ॥੧੪॥	God, the Enjoyer[88] enjoys[86] the bride, who bears Him love[90] and affection[91].	ਉਹ ਪਤਨੀ ਨੂੰ ਮਾਣਦਾ[86] ਹੈ ਜੋ ਉਸ ਨਾਲ ਪ੍ਰੇਮ[90] ਅਤੇ ਮੁਹੱਬਤ[91] ਕਰਦੀ ਹੈ।
ਮਾਘਿ ਪੁਨੀਤ[92] ਭਈ ਤੀਰਥੁ[93] ਅੰਤਰਿ[94] ਜਾਨਿਆ[95] ॥	In the month of Magh I become immaculate[92] by realising[95] that the place of pilgrimage[93] is within[94] me.	ਮਾਘ ਦੇ ਮਹੀਨੇ ਅੰਦਰ ਯਾਤ੍ਰਾ ਅਸਥਾਨ[93] ਨੂੰ ਆਪਣੇ ਅੰਦਰ[94] ਅਨੁਭਵ ਕਰਨ[95] ਦੁਆਰਾ ਮੈਂ ਪਵਿੱਤਰ[92] ਹੋ ਜਾਂਦੀ ਹਾਂ।
ਸਾਜਨ[96] ਸਹਜਿ[97] ਮਿਲੇ ਗੁਣ[98] ਗਹਿ[99] ਅੰਕਿ[100] ਸਮਾਨਿਆ[2] ॥	I have[97] easily met my Friend[96], by enshrining[99] His virtues[98] and merging[2] in His Being[100].	ਉਸ ਦੀਆਂ ਨੇਕੀਆਂ[98] ਧਾਰਨ[99] ਕਰਨ ਅਤੇ ਉਸ ਦੇ ਸਰੂਪ[100] ਅੰਦਰ ਲੀਨ ਹੋਣ[2] ਦੁਆਰਾ ਮੈਂ ਸੁਖੈਨ[97] ਹੀ ਆਪਣੇ ਸਾਜਨ[96] ਨੂੰ ਮਿਲ ਪਈ ਹਾਂ।
ਪ੍ਰੀਤਮ[3] ਗੁਣ[4] ਅੰਕੇ[5] ਸੁਣਿ ਪ੍ਰਭ ਬੰਕੇ[6] ਤੁਧੁ ਭਾਵਾ[7] ਸਰਿ[8] ਨਾਵਾ[9] ॥	Hear Thou me, O my darling[3] and beauteous[6] Lord; Thine merits[4] I have enshrined in my mind[5]. If it pleases[7] Thee, I shall bathe[9] in Thy tank[8].	ਤੂੰ ਮੇਰੀ ਗੱਲ ਸੁਣ, ਹੇ ਮੇਰੇ ਪਿਆਰੇ[3] ਅਤੇ ਸੁੰਦਰ[6] ਸੁਆਮੀ ! ਤੇਰੀਆਂ ਖੂਬੀਆਂ[4] ਨੂੰ ਮੈਂ ਆਪਣੇ ਹਿਰਦੇ[5] ਅੰਦਰ ਟਿਕਾ ਲਿਆ ਹੈ । ਜੇਕਰ ਤੈਨੂੰ ਚੰਗਾ ਲਗੇ[7] ਤਾਂ ਮੈਂ ਤੇਰੇ ਸਰੋਵਰ[8] ਅੰਦਰ ਇਸ਼ਨਾਨ ਕਰਾਂਗੀ[9] ।
ਗੰਗ ਜਮੁਨ ਤਹ[10] ਬੇਣੀ[12] ਸੰਗਮ[13] ਸਾਤ ਸਮੁੰਦ ਸਮਾਵਾ[14] ॥ ਪੁੰਨ[15] ਦਾਨ[16] ਪੂਜਾ[17] ਪਰਮੇਸਰੁ[18] ਜੁਗਿ[19] ਜੁਗਿ ਏਕੋ ਜਾਤਾ[20] ॥	The Ganges, the Jamna, the confluence[13] of three[10] streams[12], seven oceans, charity[15], alms[16] and worship[17] are contained[14] in the Lord's[18] Name. I realise[20] that the One Lord is pervading in every age[19].	ਗੰਗਾ, ਜਮਨਾ, ਤਿੰਨਾਂ[10] ਨਦੀਆਂ[12] ਦਾ ਮਿਲਾਪ[13] ਅਸਥਾਨ, ਸਤ ਸਮੁੰਦਰ, ਸਖਾਵਤ[15], ਖੈਰਾਤ[16] ਅਤੇ ਉਪਾਸ਼ਨਾ[17] ਪਾਰਬ੍ਰਹਮ[18] ਦੇ ਨਾਮ ਅੰਦਰ ਸਮਾਏ ਹੋਏ[14] ਹਨ । ਮੈਂ ਅਨੁਭਵ ਕਰਦਾ[20] ਹਾਂ ਕਿ ਇਕ ਸੁਆਮੀ ਹੀ ਹਰ ਯੁਗ[19] ਅੰਦਰ ਵਿਆਪਕ ਹੋ ਰਿਹਾ ਹੈ ।
ਨਾਨਕ ਮਾਘਿ [21]ਮਹਾਰਸੁ[22] ਹਰਿ[27] ਜਪਿ[23] ਅਠਸਠਿ[24] ਤੀਰਥ[25] ਨਾਤਾ[26] ॥੧੫॥	Nanak, in Magh, the ablution[26] at the sixtyeight[24] holies[25] is contained in the meditation[23] of the Supreme[21] elixir[22] of the Lord's[27] Name.	ਨਾਨਕ ਮਾਘ ਵਿਚ ਅਠਾਹਟ[24] ਯਾਤ੍ਰਾ ਅਸਥਾਨਾਂ[25] ਦਾ ਇਸ਼ਨਾਨ[26] ਸੁਆਮੀ[27] ਦੇ ਨਾਮ ਦੇ ਪਰਮ[21] ਅੰਮ੍ਰਿਤ[22] ਦੇ ਸਿਮਰਨ[23] ਵਿਚ ਆ ਜਾਂਦਾ ਹੈ ।
ਫਲਗੁਨਿ[28] ਮਨਿ[29] ਰਹਸੀ[30] ਪ੍ਰੇਮੁ[31] ਸੁਭਾਇਆ[32] ॥	In Phagan[28], the soul[29] of those, to whom Lord's love[31] is pleasing[32] is in bloom[30].	ਫਗਣ[28] ਵਿਚ ਜਿਨ੍ਹਾਂ ਨੂੰ ਪ੍ਰਭੂ ਦੀ ਪ੍ਰੀਤ[31] ਭਾਉਂਦੀ[32] ਹੈ, ਉਨ੍ਹਾਂ ਦੀ ਆਤਮਾ[29] ਖਿੜ ਜਾਂਦੀ[30] ਹੈ ।
ਅਨਦਿਨੁ[33] ਰਹਸੁ[34] ਭਇਆ[35] ਆਪੁ[6] ਗਵਾਇਆ[37] ॥	She, who effaces[37] her self-conceit[36], night[33] and day abides[35] in spiritual bliss[34].	ਜੋ ਆਪਣੀ ਸਵੈ-ਹੰਗਤਾ[36] ਨੂੰ ਮਾਰ ਦਿੰਦੀ[37] ਹੈ, ਉਹ ਰਾਤ[33] ਅਤੇ ਦਿਨ ਆਤਮਕ ਅਨੰਦ ਅੰਦਰ[34] ਵਿਚਰਦੀ[35] ਹੈ ।
ਮਨ[38] ਮੋਹੁ[39] ਚੁਕਾਇਆ[40] ਜਾ[41] ਤਿਸੁ[42] ਭਾਇਆ[43] ਕਰਿ ਕਿਰਪਾ[44] ਘਰਿ ਆਉ ॥	When[41] it pleases[43] Him[42], efface[40] I the worldly love[39] from my mind[38] and the Lord mercifully[44] comes to my home.	ਜਦ[41] ਉਸ[42] ਨੂੰ ਚੰਗਾ ਲਗਦਾ[43] ਹੈ ਤਾਂ ਮੈਂ ਆਪਣੇ ਹਿਰਦੇ[38] ਵਿਚੋਂ ਸੰਸਾਰੀ ਮਮਤਾ[39] ਨੂੰ ਮੇਸ ਦਿੰਦੀ[40] ਹਾਂ ਅਤੇ ਸਾਈਂ ਮਿਹਰ ਧਾਰ ਕੇ[44] ਮੇਰੇ ਘਰ ਵਿਚ ਆ ਜਾਂਦਾ ਹੈ ।
ਬਹੁਤੇ[45] ਵੇਸ[46] ਕਰੀ	Though I may wear many[45] garbs[46],	ਭਾਵੇਂ ਮੈਂ ਘਨੇਰੇ[45] ਭੇਸ[46] ਧਾਰਨ ਕਰ ਲਵਾਂ, ਪ੍ਰੰਤੂ

ਪਿਰ[47] ਬਾਝਹੁ[48] ਮਹਲੀ[49] ਲਹਾ[50] ਨ ਥਾਉ ॥

yet without[48] Love[47], I shall find[50] not a place in His mansion[49].

ਆਪਣੇ ਪਿਆਰੇ[47] ਦੇ ਬਗੈਰ[48], ਮੈਨੂੰ ਉਸ ਦੇ ਮੰਦਰ[49] ਵਿਚ ਥਾਂ ਨਹੀਂ ਮਿਲਣੀ[50] ।

ਹਾਰ[51] ਡੋਰ[52] ਰਸ[53]ਪਾਟ[54] ਪਟੰਬਰ[55] ਪਿਰਿ[56] ਲੋੜੀ[57] ਸੀਗਾਰੀ[58] ॥

When my Beloved[56] so wished[57], I decorated[58] myself with garlands[51], strings[52] of pearls, perfumes[53] and rainments[55] of silk[54].

ਜਦ ਮੇਰੇ ਦਿਲਬਰ[56] ਨੇ ਇਸ ਤਰ੍ਹਾਂ ਚਾਹਿਆ[57], ਤਾਂ ਮੈਂ ਆਪਣੇ ਆਪ ਨੂੰ ਫੂਲ ਮਾਲਾ[51], ਮੋਤੀਆਂ ਦੀਆਂ ਲੜੀਆਂ[52] ਅਤਰ[53] ਅਤੇ ਰੇਸ਼ਮੀ[54] ਬਸਤਰਾਂ[55] ਨਾਲ ਸੁਸ਼ੋਭਤ ਕੀਤਾ[58] ।

ਨਾਨਕ ਮੇਲਿ ਲਈ ਗੁਰਿ ਆਪਣੈ ਘਰਿ[59] ਵਰੁ[60] ਪਾਇਆ ਨਾਰੀ[61] ॥੧੬॥

Nanak, the Guru has united me with God and I, the bride[61], have obtained my Groom[60] in my very home[59].

ਨਾਨਕ ਗੁਰਾਂ ਨੇ ਮੈਨੂੰ ਵਾਹਿਗੁਰੂ ਨਾਲ ਮਿਲਾ ਦਿੱਤਾ ਹੈ ਅਤੇ ਮੈਂ, ਪਤਨੀ[61], ਨੇ ਆਪਣੇ ਪਤੀ[60] ਨੂੰ ਆਪਣੇ ਗ੍ਰਹਿ[59] ਵਿਚ ਹੀ ਪਰਾਪਤ ਕਰ ਲਿਆ ਹੈ ।

[62]ਬੇਦਸ[63] ਮਾਹ[64] ਰੁਤੀ[65] ਥਿਤੀ[66] ਵਾਰ[67] ਭਲੇ[68]॥ ਘੜੀ[69] ਮੂਰਤ[70] ਪਲ[71] ਸਾਚੇ[72] ਆਏ ਸਹਜਿ[73] ਮਿਲੇ ॥

The two[62] and ten[63] (twelve) months[64], the seasons[65]; the lunar days[66], the week days[67], the hours[69], the minutes[70] and moments[71] are all sublime[68], when the True Lord[72] comes and naturally[73] meets me.

ਦੋ[62] ਅਤੇ ਦਸ[63] (ਬਾਰਾਂ) ਮਹੀਨੇ[64], ਮੌਸਮ[65] ਤਿੱਥਾਂ[66], ਹਫ਼ਤੇ ਦੇ ਦਿਹਾੜੇ[67], ਘੰਟੇ[69] ਮਿੰਟ[70] ਅਤੇ ਮੁਹਤ[71] ਸਮੂਹ ਸਰੇਸ਼ਟ[68] ਹਨ ਜਦ ਕਿ ਸੱਚਾ ਸੁਆਮੀ[72] ਆ ਕੇ ਸੁਭਾਵਿਕ ਹੀ[73] ਮੈਨੂੰ ਮਿਲ ਪੈਂਦਾ ਹੈ ।

ਪ੍ਰਭ[74] ਮਿਲੇ ਪਿਆਰੇ[75] ਕਾਰਜ[76] ਸਾਰੇ[77] ਕਰਤਾ[78] ਸਭ ਬਿਧਿ[79] ਜਾਣੈ ॥

The sweet[75] Master[74] has met me and mine affairs[76] are arranged[77]. The Creator[78]-Lord knows all the ways[79].

ਮਿੱਠੜਾ[75] ਮਾਲਕ[74] ਮੈਨੂੰ ਮਿਲ ਪਿਆ ਹੈ ਅਤੇ ਮੇਰੇ ਸਾਰੇ ਕੰਮ[76] ਰਾਸ ਹੋ ਗਏ[77] ਹਨ । ਸਿਰਜਣਹਾਰ[78] ਸੁਆਮੀ ਸਾਰੀਆਂ ਤਦਬੀਰਾਂ[79] ਜਾਣਦਾ ਹੈ ।

ਜਿਨਿ ਸੀਗਾਰੀ[80] ਤਿਸਹਿ[81] ਪਿਆਰੀ[82] ਮੇਲੁ ਭਇਆ ਰੰਗੁ[83] ਮਾਣੈ[84] ॥

I am dear[82] unto Him[81], who has embellished[80] me. I have met Him and enjoy[84] His love[83].

ਮੈਂ ਉਸ[81] ਦੀ ਲਾਡਲੀ[82] ਹਾਂ, ਜਿਸ ਨੇ ਮੈਨੂੰ ਚਾਰ ਚੰਨ[80] ਲਾਏ ਹਨ । ਮੈਂ ਉਸ ਨੂੰ ਮਿਲ ਪਈ ਹਾਂ ਅਤੇ ਉਸ ਦੇ ਪਿਆਰ[83] ਦਾ ਅਨੰਦ ਲੈਂਦੀ[84] ਹਾਂ ।

ਘਰਿ ਸੇਜ[85] ਸੁਹਾਵੀ[86] ਜਾ ਪਿਰਿ ਰਾਵੀ[87] ਗੁਰਮੁਖਿ[88] [89]ਮਸਤਕਿ[90] ਭਾਗੋ ॥

The couch[85] of my home becomes beauteous[86], when my Beloved enjoys[87] me. By the Guru's grace[88], the destiny[90] of my forehead[89] is awakened.

ਜਦ ਮੇਰਾ ਪ੍ਰੀਤਮ ਮੈਨੂੰ ਮਾਣਦਾ[87] ਹੈ ਤਾਂ ਮੇਰੇ ਘਰ ਦਾ ਪਲੰਘ[85] ਸੁੰਦਰ[86] ਹੋ ਜਾਂਦਾ ਹੈ । ਗੁਰਾਂ ਦੀ ਦਇਆ[88] ਦੁਆਰਾ, ਮੇਰੇ ਮੱਥੇ[89] ਦੀ ਪ੍ਰਾਲਬਧ[90] ਜਾਗ ਉਠੀ ਹੈ ।

੧੧੧੦ 1110 ੧੧੧੦

ਨਾਨਕ [91]ਅਹਿਨਿਸਿ[92] ਰਾਵੈ ਪ੍ਰੀਤਮੁ[93] ਹਰਿ ਵਰੁ[94] ਥਿਰੁ[95]ਸੋਹਾਗੋ[96] ॥੧੭॥੧॥

Nanak, day[91] and night[92], my Beloved[93] enjoys me and obtaining God as my Spouse[94] my married life[96] has become eternal[95].

ਨਾਨਕ ਦਿਨ[91] ਰਾਤ[92] ਮੇਰਾ ਦਿਲਜਾਨੀ[93] ਮੈਨੂੰ ਮਾਣਦਾ ਹੈ ਅਤੇ ਵਾਹਿਗੁਰੂ ਨੂੰ ਆਪਣੇ ਕੰਤ[94] ਵਜੋਂ ਪਰਾਪਤ ਕਰ ਕੇ ਮੇਰਾ ਵਿਆਹੁਤਾ ਜੀਵਨ[96] ਸਦੀਵੀ ਸਥਿਰ[95] ਹੋ ਗਿਆ ਹੈ ।

ਤੁਖਾਰੀ ਮਹਲਾ ੧ ॥

Tukhari Ist Guru.

ਤੁਖਾਰੀ ਪਹਿਲੀ ਪਾਤਿਸ਼ਾਹੀ ।

ਪਹਿਲੈ ਪਹਰੈ ਨੈਣ[97] ਸਲੋਨੜੀਏ[98] ਰੈਣਿ[99]

O mortal[4] bride, with beauteous[98] eyes[97], in the first watch of the

ਹੇ ਸੋਹਣੀਆਂ[98] ਅੱਖਾਂ[97] ਵਾਲੀ ਮਰ ਜਾਣੀ[4] ਪਤਨੀਏ ਹਨੇਰੀ[100] ਰਾਤ੍ਰੀ[99] ਦੇ ਪਹਿਲੇ ਪਹਿਰ ਅੰਦਰ ਤੂੰ ਆਪਣੀ

ਅੰਧਿਆਰੀ[100] ਰਾਮ ॥ ਵਖਰੁ[2] ਰਾਖੁ[3] ਮੁਈਏ[4] ਆਵੈ ਵਾਰੀ[5] ਰਾਮ ॥	dark[100] night[99], watch[3] thou thy property[2]. Thy turn[5] shall soon come.	ਜਾਇਦਾਦ[2] ਦੀ ਰਖਵਾਲੀ[3] ਕਰ । ਤੇਰੀ ਵਾਰੀ[5] ਛੇਤੀ ਹੀ ਆ ਜਾਏਗੀ ।
ਵਾਰੀ ਆਵੈ ਕਵਣੁ[6] ਜਗਾਵੈ ਸੂਤੀ ਜਮ[7] ਰਸੁ[8] ਚੂਸਏ[9] ॥	When thy turn comes, who[6] shall awake thee ? As thou sleepest, thine life's sap[8] shall be sucked[9] by the death's courier[7].	ਜਦ ਤੇਰੀ ਵਾਰੀ ਆਏਗੀ, ਤੈਨੂੰ ਕੌਣ[6] ਜਗਾਏਗਾ ? ਜਦ ਤੂੰ ਸੁੱਤੀ ਹੋਵੇਂਗੀ, ਮੌਤ ਦਾ ਦੂਤ[7] ਤੇਰੇ ਜੀਵਨ ਦੇ ਰਸ[8] ਨੂੰ ਖਿੱਚ ਲਵੇਗਾ[9] ।
ਰੈਣਿ ਅੰਧੇਰੀ ਕਿਆ[10] ਪਤਿ[12] ਤੇਰੀ ਚੋਰੁ[13] ਪੜੈ[14] ਘਰੁ ਮੂਸਏ[15] ॥	The night is dark, the thieves[13] shall break into[14] and rob[15] thy home. What[10] shall become of thy honour[12] then ?	ਰਾਤ ਹਨ੍ਹੇਰੀ ਹੈ, ਚੋਰ[13] ਸੰਨ੍ਹ ਲਾ ਕੇ[14] ਤੇਰੇ ਝੁੱਗੇ ਨੂੰ ਲੁਟ ਲੈਣਗੇ[15] । ਤੇਰੀ ਪਤਿ ਆਬਰੂ[12] ਦਾ ਓਦੋਂ ਕੀ[10] ਬਣੇਗਾ ?
ਰਾਖਣਹਾਰਾ[16] ਅਗਮ[17] ਅਪਾਰਾ[18] ਸੁਣਿ ਬੇਨੰਤੀ[19] ਮੇਰੀਆ ॥	O my Inaccessible[17] and Infinite[18] Protector[16], hear Thou my supplication[19].	ਹੇ ਮੇਰੇ ਪਹੁੰਚ ਤੋਂ ਪਰੇ[17] ਅਤੇ ਬੇਅੰਤ[18] ਰਖਿਅਕ[16], ਤੂੰ ਮੇਰੀ ਪ੍ਰਾਰਥਨਾ[19] ਸ੍ਰਵਣ ਕਰ ।
ਨਾਨਕ ਮੂਰਖੁ[20] ਕਬਹਿ[21] ਨ ਚੇਤੈ[22] ਕਿਆ[23] ਸੂਝੈ[24] ਰੈਣਿ ਅੰਧੇਰੀਆ ॥੧॥	Nanak, the fool[20] remembers[22] not the Lord ever[21], What[23] ean he see[24] in the dark night.	ਨਾਨਕ ਮੂੜ੍ਹ[20] ਕਦੇ ਭੀ[21] ਸੁਆਮੀ ਨੂੰ ਨਹੀਂ ਸਿਮਰਦਾ[22]। ਕਾਲੀ ਬੋਲੀ ਰਾਤ ਵਿਚ ਉਸ ਨੂੰ ਕੀ[23] ਦਿਸ ਸਕਦਾ[24] ਹੈ ?
ਦੂਜਾ ਪਹਰੁ ਭਇਆ[25] ਜਾਗੁ ਅਚੇਤੀ[26] ਰਾਮ ॥	The Second watch has dawned[25]. Awake thou, O unconscious one[26].	ਦੂਸਰਾ ਪਹਿਰ ਉਦੇ ਹੋ ਗਿਆ[25] ਹੈ । ਤੂੰ ਜਾਗ ਪਓ, ਹੇ ਬੇਖ਼ਬਰ ਜੀਵ[26] !
ਵਖਰੁ[27] ਰਾਖੁ ਮੁਈਏ[28] ਖਾਜੈ[29] ਖੇਤੀ[30] ਰਾਮ ॥	Guard thy riches[27], O mortal[28]. Thy farm[30] is being eaten up[29].	ਆਪਣੇ ਮਾਲ-ਮੱਤਾ[27] ਦੀ ਰਖਵਾਲੀ ਕਰ, ਨੀ ਫ਼ਾਨੀ ਤ੍ਰੀਮਤੇ[28] ! ਤੇਰੀ ਪੈਲੀ[30] ਖਾਧੀ ਜਾ ਰਹੀ[29] ਹੈ ।
ਰਾਖਹੁ ਖੇਤੀ[31] ਹਰਿ[32] ਗੁਰ ਹੇਤੀ[33] ਜਾਗਤ ਚੋਰੁ[34] ਨ ਲਾਗੈ ॥	Protect thou thy crop[31] and love[33] thy Guru-God[32]. While thou art awake,the thief[34] shall rob thee not.	ਤੂੰ ਆਪਣੀ ਫ਼ਸਲ[31] ਨੂੰ ਬਚਾ ਤੇ ਆਪਣੇ ਗੁਰ-ਪ੍ਰਮੇਸ਼ਵਰ[32] ਨੂੰ ਪਿਆਰ[33] ਕਰ । ਤੇਰੇ ਜਾਗਦੇ ਰਹਿਣ ਨਾਲ ਚੋਰ[34] ਤੈਨੂੰ ਲੁਟੇਗਾ ਨਹੀਂ ।
ਜਮ[38] ਮਗਿ[35] ਨ ਜਾਵਹੁ[36] ਨਾ ਦੁਖੁ ਪਾਵਹੁ[37] ਜਮ[39] ਕਾ ਡਰੁ[40] ਭਉ[41] ਭਾਗੈ[42] ॥	Thou shalt not go[36] the way[35] of Death's courier[38] and suffer[37] not sorrow. Thy fear[40] and dread[41] of death[39] shall flee[42].	ਤੂੰ ਮੌਤ ਦੇ ਦੂਤ[38] ਦੇ ਰਾਹੇ[35] ਨਹੀਂ ਜਾਵੇਂਗੀ[36] ਅਤੇ ਕਸ਼ਟ ਨਹੀਂ ਉਠਾਵੇਂਗੀ[37] । ਤੇਰਾ ਮੌਤ[39] ਦਾ ਭੈ[40] ਅਤੇ ਤ੍ਰਾਹ[41] ਦੌੜ ਜਾਵੇਗਾ[42] ।
ਰਵਿ[43] ਸਸਿ[44] ਦੀਪਕ[45] ਗੁਰਮਤਿ[46] ਦੁਆਰੈ[47] ਮਨਿ ਸਾਚਾ[48] ਮੁਖਿ ਧਿਆਵਏ[49] ॥	Through[47] the Guru's instruction[46], with thy mind and mouth, remember[49] thou the True Lord[48],in whose power are the lamps[45] of the sun[43] and the moon[44].	ਗੁਰਾਂ ਦੇ ਉਪਦੇਸ਼[46] ਰਾਹੀਂ[47] ਆਪਣੇ ਮਨ ਅਤੇ ਮੂੰਹ ਨਾਲ ਤੂੰ ਸੱਚੇ ਸੁਆਮੀ[48] ਦਾ ਸਿਮਰਨ[49] ਕਰ, ਜਿਸ ਦੇ ਵਸ ਵਿਚ ਹਨ ਸੂਰਜ[43] ਤੇ ਚੰਦ[44] ਦੇ ਦੀਵੇ[45] ।
ਨਾਨਕ ਮੂਰਖੁ[50] ਅਜਹੁ[51] ਨ ਚੇਤੈ[52] ਕਿਵ[53] ਦੂਜੈ[54]	Nanak, even now[51] the fool[50] contemplates[52] not his Lord. How[53] can	ਨਾਨਕ ਅਜੇ[51] ਭੀ ਮੂੜ੍ਹ[50] ਆਪਣੇ ਸਾਈਂ ਦਾ ਸਿਮਰਨ[52] ਨਹੀਂ ਕਰਦਾ । ਦਵੈਤ-ਭਾਵ[54] ਅੰਦਰ ਉਹ ਕਿਸ ਤਰ੍ਹਾਂ[53]

ਸੁਖੁ ਪਾਵੇ ॥੨॥	he obtain peace in duality[54] ?	ਆਰਾਮ ਪਾ ਸਕਦਾ ਹੈ ?
ਤੀਜਾ ਪਹਰੁ ਭਇਆ[55] ਨੀਦ[56] ਵਿਆਪੀ[57] ਰਾਮ ॥	The third watch has set in[55] and the mortal is overtaken[57] by sleep[56].	ਤੀਜਾ ਪਹਿਰ ਆ ਗਿਆ[55] ਹੈ ਅਤੇ ਪ੍ਰਾਣੀ ਨੂੰ ਨੀਂਦ[56] ਨੇ ਆ ਘੇਰਿਆ[57] ਹੈ ।
ਮਾਇਆ[58] ਸੁਤ[59] ਦਾਰਾ[60] ਦੂਖਿ[61] ਸੰਤਾਪੀ[62] ਰਾਮ ॥	Through wealth[58], children[59] and wife[60], he writhes[62] in pain[61].	ਦੌਲਤ[58], ਬੱਚੇ[59] ਅਤੇ ਵਹੁਟੀ[60] ਰਾਹੀਂ ਉਹ ਕਸ਼ਟ[61] ਅੰਦਰ ਦੁਖਾਂਤਰ ਹੁੰਦਾ[62] ਹੈ ।
ਮਾਇਆ ਸੁਤ ਦਾਰਾ ਜਗਤ[63] ਪਿਆਰਾ[64] ਚੋਗ[65] ਚੁਗੈ[66] ਨਿਤ[67] ਫਾਸੈ[68] ॥	Riches, children, wife and the world[63] are dear[64] to him. He pecks[66] at the bait[65] and is ever[67] entangled[68].	ਧਨ-ਦੌਲਤ, ਬੱਚੇ ਵਹੁਟੀ ਅਤੇ ਦੁਨੀਆਂ[63] ਉਸ ਨੂੰ ਮਿਠੜੇ[64] ਲਗਦੇ ਹਨ । ਉਹ ਦਾਣਾ ਦੁਣਕਾ[65] ਚੁਗਦਾ[66] ਹੈ ਅਤੇ ਸਦਾ[67] ਹੀ ਫਸ ਜਾਂਦਾ[68] ਹੈ ।
ਨਾਮੁ ਧਿਆਵੈ[69] ਤਾ[70] ਸੁਖੁ ਪਾਵੈ ਗੁਰਮਤਿ[71] ਕਾਲੁ[72] ਨ ਗ੍ਰਾਸੈ[73] ॥	If under the Guru's instruction[71], he meditates[69] on the Name, then[70] he obtains peace, and death[72] seizes[73] him not.	ਜੇਕਰ ਉਹ, ਗੁਰਾਂ ਦੇ ਉਪਦੇਸ਼[71] ਤਾਬੇ ਨਾਮ ਦਾ ਆਰਾਧਨ[69] ਕਰੇ, ਤਦ[70] ਉਹ ਆਰਾਮ ਚੈਨ ਪਾ ਲੈਂਦਾ ਹੈ ਅਤੇ ਮੌਤ[72] ਉਸ ਨੂੰ ਨਹੀਂ ਪਕੜਦੀ[73] ।
ਜੰਮਣੁ[74] ਮਰਣੁ[75] ਕਾਲੁ[76] ਨਹੀ ਛੋਡੈ ਵਿਣੁ ਨਾਵੈ ਸੰਤਾਪੀ[77] ॥	Coming[74], going[75] and death[76] leave him not and without the Name, he is afflicted[77].	ਆਉਣ[74], ਜਾਣ[75] ਅਤੇ ਮੌਤ[76] ਉਸ ਨੂੰ ਨਹੀਂ ਛਡਦੇ ਅਤੇ ਨਾਮ ਦੇ ਬਗੈਰ ਉਹ ਦੁਖੀ ਹੁੰਦਾ[77] ਹੈ ।
ਨਾਨਕ ਤੀਜੈ [78]ਤ੍ਰਿਬਿਧਿ[79] ਲੋਕਾ[80] ਮਾਇਆ[81] ਮੋਹਿ[82] ਵਿਆਪੀ[83] ॥੩॥	Nanak, in the third watch, under the influence of the three[78]-phased[79] mammon[81], the men[80] are engrossed[83] in worldly love[82].	ਨਾਨਕ, ਤੀਜੇ ਪਹਿਰ ਅੰਦਰ ਤਿੰਨ[78] ਪਰਕਾਰ[79] ਦੀ ਮੋਹਣੀ[81] ਦੇ ਅਸਰ ਹੇਠਾਂ, ਲੋਕ[80] ਸੰਸਾਰੀ ਮਮਤਾ[82] ਅੰਦਰ ਖਚਤ ਹੋਏ ਹੋਏ[83] ਹਨ ।
ਚਉਥਾ ਪਹਰੁ ਭਇਆ[84] ਦਉਤੁ[85] ਬਿਹਾਗੈ[86] ਰਾਮ ॥	The fourth watch has come[84] and the day[86] of death is about to dawn[85].	ਚੌਥਾ ਪਹਿਰ ਆ ਗਿਆ[84] ਹੈ ਅਤੇ ਮੌਤ ਦਾ ਦਿਨ[86] ਉਦੇ[85] ਹੋਣ ਵਾਲਾ ਹੈ ।
ਤਿਨ ਘਰੁ[87] ਰਾਖਿਅੜਾ[88] ਜੋ ਅਨਦਿਨੁ[89] ਜਾਗੈ ਰਾਮ ॥	They, who remain wakeful night[89] and day, save[88] their home[87].	ਜਿਹੜੇ ਰਾਤ[89] ਅਤੇ ਦਿਨ ਜਾਗਦੇ ਰਹਿੰਦੇ ਹਨ, ਉਹ ਆਪਣੇ ਝੁਗੇ[87] ਨੂੰ ਬਚਾ ਲੈਂਦੇ[88] ਹਨ ।
ਗੁਰ ਪੂਛਿ[90] ਜਾਗੇ[91] ਨਾਮਿ ਲਾਗੇ[92] ਤਿਨਾ[93] ਰੈਣਿ[94] ਸੁਹੇਲੀਆ[95] ॥	The night[94] is peaceful[95] for those[93], who under the Guru's counsel[90] remain watchful[91] and apply[92] themselves to the Lord's Name.	ਰਾਤ੍ਰੀ[94] ਉਨ੍ਹਾਂ[93] ਲਈ ਆਰਾਮ-ਦਿਹ[95] ਹੈ ਜੋ ਗੁਰਾਂ ਦੇ ਮਸ਼ਵਰੇ[90] ਤਾਬੇ ਖ਼ਬਰਦਾਰ[91] ਰਹਿੰਦੇ ਹਨ ਅਤੇ ਆਪਣੇ ਆਪ ਨੂੰ ਸਾਈਂ ਦੇ ਨਾਮ ਨਾਲ ਜੋੜਦੇ[92] ਹਨ ।
ਗੁਰ ਸਬਦੁ[96] ਕਮਾਵਹਿ[97] ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ[98] ॥	They, who act[97] according to the Guru's instruction[96], are not born again and God Lord befriends[98] them.	ਜੋ ਗੁਰਾਂ ਦੇ ਉਪਦੇਸ਼[96] ਉਤੇ ਅਮਲ ਕਰਦੇ[97] ਹਨ, ਉਹ ਮੁੜ ਕੇ ਜਨਮ ਨਹੀਂ ਧਾਰਦੇ ਅਤੇ ਵਾਹਿਗੁਰੂ ਸੁਆਮੀ ਉਨ੍ਹਾਂ ਦਾ ਮਿਤ੍ਰ ਬਣ ਜਾਂਦਾ[98] ਹੈ ।
ਕਰ[99] ਕੰਪਿ[100] ਚਰਣ[2] ਸਰੀਰੁ[3] ਕੰਪੈ ਨੈਣ[4] ਅੰਧੁਲੇ[5] ਤਨੁ[6] ਭਸਮ[7] ਸੇ[8] ॥	Their hands[99] shake[100], feet[2] and frame[3] totter, eyes[4] grow dim[5] and body[6] becomes like[8] dust[7].	ਉਨ੍ਹਾਂ ਦੇ ਹੱਥ[99] ਕੰਬਦੇ[100] ਹਨ, ਪੈਰ[2] ਤੇ ਦੇਹ[3] ਥਿੜਕਦੇ ਹਨ, ਅੱਖਾਂ[4] ਧੁੰਦਲੀਆਂ[5] ਹੋ ਜਾਂਦੀਆਂ ਹਨ ਅਤੇ ਜਿਸਮ[6] ਮਿੱਟੀ[7] ਵਰਗਾ[8] ਹੋ ਜਾਂਦਾ ਹੈ ।
ਨਾਨਕ ਦੁਖੀਆ[9] ਜੁਗ	Nanak, without the Lord's Name	ਨਾਨਕ, ਸੁਆਮੀ ਦਾ ਨਾਮ ਹਿਰਦੇ ਅੰਦਰ ਵਸਾਣ[10] ਦੇ

ਚਾਰੇ ਬਿਨੁ ਨਾਮ ਹਰਿ ਕੇ ਮਨਿ[10] ਵਸੇ ॥੪॥	abiding[10] in the mind, the mortal remains miserable[9] throughout the four ages.	ਬਗ਼ੈਰ, ਪ੍ਰਾਣੀ ਚਾਰੇ ਯੁਗ ਹੀ ਦੁਖੀ[9] ਰਹਿੰਦਾ ਹੈ।
ਖੁਲੀ[12] ਗੰਠਿ[13] ਉਠੋ[14] ਲਿਖਿਆ ਆਇਆ ਰਾਮ ॥	The knot[13] of thy body is loosed[12]; arise[14] thou, the written order for thee has come.	ਤੇਰੀ ਦੇਹ ਦੀ ਗੰਢ[13] ਖੁਲ੍ਹ ਗਈ[12] ਹੈ; ਤੂੰ ਉਠ ਖੜਾ[14] ਹੋ, ਤੇਰੇ ਲਈ ਲਿਖਤੀ ਹੁਕਮ ਆ ਗਿਆ ਹੈ।
ਰਸ[14]* ਕਸ ਸੁਖ[15] ਠਾਕੇ[16] ਬੰਧਿ[17] ਚਲਾਇਆ[18] ਰਾਮ॥	Revelments[14]* and comforts[15] are banned[16] and death takes man captive[17] and goads[18] him on.	ਰੰਗ ਰਲੀਆਂ[14]* ਅਤੇ ਆਰਾਮ[15] ਬੰਦ ਕਰ ਦਿਤੇ[16] ਗਏ ਹਨ ਅਤੇ ਮੌਤ ਬੰਦੇ ਨੂੰ ਕੈਦੀ[17] ਬਣਾ ਕੇ ਅੱਗੇ ਨੂੰ ਧਕ ਦਿੰਦੀ[18] ਹੈ।
ਬੰਧਿ ਚਲਾਇਆ ਜਾ[19] ਪ੍ਰਭ ਭਾਇਆ[20] ਨਾ ਦੀਸੈ[21] ਨ ਸੁਣੀਐ[22] ॥	When[19] it pleases[20] the Lord, without being seen[21] or heard[22], death arrests and despatches the mortal.	ਜਦ[19] ਪ੍ਰਭੂ ਨੂੰ ਚੰਗਾ ਲਗਦਾ[20] ਹੈ, ਵੇਖੇ[21] ਅਤੇ ਸੁਣੇ[22] ਬਗ਼ੈਰ, ਮੌਤ ਪ੍ਰਾਣੀ ਨੂੰ ਪਕੜ ਕੇ ਅਗੇ ਨੂੰ ਤੋਰ ਦਿੰਦੀ ਹੈ।
ਆਪਣ ਵਾਰੀ ਸਭਸੈ[23] ਆਵੈ ਪਕੀ[24] ਖੇਤੀ[25] ਲੁਣੀਐ[26] ॥	His turn comes to every one[23]. The ripe[24] crop[25] is ever mowed down[26].	ਹਰ ਜਣੇ[23] ਦੀ ਆਪਣੀ ਵਾਰੀ ਆਉਂਦੀ ਹੈ। ਪੱਕੀ[24] ਹੋਈ ਫ਼ਸਲ[25] ਸਦਾ ਹੀ ਵੱਢ ਲਈ ਜਾਂਦੀ[26] ਹੈ।
ਘੜੀ[27] ਚਸੈ[28] ਕਾ ਲੇਖਾ[29] ਲੀਜੈ[34] ਬੁਰਾ[30] ਭਲਾ[31] ਸਹੁ[32] ਜੀਆ[33] ॥	An account[29] of every moment[27] and instant[28] is taken[34] and the soul[33] has to suffer[32] for good[31] and bad[30] deeds.	ਹਰ ਇਕ ਮੁਹਤ[27] ਅਤੇ ਛਿਨ[28] ਦਾ ਹਿਸਾਬ-ਕਿਤਾਬ[29] ਲਿਆ ਜਾਂਦਾ[34] ਹੈ ਅਤੇ ਆਤਮਾ[33] ਨੂੰ ਚੰਗੇ[31] ਤੇ ਮੰਦੇ[30] ਅਮਲਾਂ ਦਾ ਬਦਲਾ ਭੁਗਤਣਾ[32] ਪੈਂਦਾ ਹੈ।
ਨਾਨਕ ਸੁਰਿ ਨਰ[35] ਸਬਦਿ[36] ਮਿਲਾਏ[40] ਤਿਨਿ[37] ਪ੍ਰਭਿ ਕਾਰਣੁ[38] ਕੀਆ[39] ॥੫॥੨॥	He[37], the Lord has so arranged[39] the play[38] that through the Name[36] the angelic persons[35] are united[40] with their Lord.	ਉਸ[37] ਸਾਈਂ ਨੇ ਇਸ ਤਰ੍ਹਾਂ ਖੇਡ[38] ਨਿਯੁਕਤ[39] ਕੀਤੀ ਹੈ ਕਿ ਨਾਮ[36] ਦੇ ਰਾਹੀਂ ਦੈਵੀ ਸਰੂਪ ਪੁਰਸ਼[35] ਆਪਣੇ ਸੁਆਮੀ ਨਾਲ ਮਿਲ ਜਾਂਦੇ ਹਨ।
ਤੁਖਾਰੀ ਮਹਲਾ ੧ ॥	Tukhari 1st Guru.	ਤੁਖਾਰੀ ਪਹਿਲੀ ਪਾਤਿਸ਼ਾਹੀ।
ਤਾਰਾ[41] ਚੜਿਆ[42] ਲੰਮਾ ਕਿਉ[44] ਨਦਰਿ[45] ਨਿਹਾਲਿਆ[46] ਰਾਮ ॥	The meteor[41] has arisen[42]. How[44] can the Lord be seen[46] with the eye[45] ?	ਬੋਦੀ ਵਾਲਾ ਤਾਰਾ[41] ਚੜ੍ਹ ਪਿਆ[42] ਹੈ। ਅੱਖਾਂ[45] ਨਾਲ ਪ੍ਰਭੂ ਕਿਸ ਤਰ੍ਹਾਂ[44] ਦੇਖਿਆ[46] ਜਾ ਸਕਦਾ ਹੈ ?
ਸੇਵਕ[47] ਪੂਰ[48] ਕਰੰਮਾ[49] ਸਤਿਗੁਰ ਸਬਦਿ[50] ਦਿਖਾਲਿਆ[51] ਰਾਮ ॥	The True Guru shows[51] the Lord[50] to the perfectly[48] fortunate[49] slave[47] of his.	ਸੱਚੇ ਗੁਰਦੇਵ ਜੀ ਆਪਣੇ ਪੂਰਨ[48] ਭਾਗਾ ਵਾਲੇ[49] ਗੋਲੇ[47] ਨੂੰ ਪ੍ਰਭੂ[50] ਵਿਖਾਲ ਦਿੰਦੇ[51] ਹਨ।
ਗੁਰ ਸਬਦਿ ਦਿਖਾਲਿਆ ਸਚੁ[52] ਸਮਾਲਿਆ[53] [54]ਅਹਿਨਿਸਿ[55] ਦੇਖਿ ਬੀਚਾਰਿਆ[56] ॥	Whomsoever the Guru shows the Lord, he meditates[53] on the True Name[52] and day[54] and night[55] beholds and contemplates[56] God	ਜਿਸ ਕਿਸੇ ਨੂੰ ਗੁਰੂ ਜੀ ਪ੍ਰਭੂ ਨੂੰ ਵਿਖਾਲਦੇ ਹਨ, ਉਹ ਸੱਚੇ ਨਾਮ[52] ਦਾ ਸਿਮਰਨ ਕਰਦਾ[53] ਹੈ ਅਤੇ ਦਿਨ[54] ਤੇ ਰਾਤ[55] ਵਾਹਿਗੁਰੂ ਨੂੰ ਵੇਖਦਾ ਅਤੇ ਆਰਾਧਦਾ[56] ਹੈ।
ਧਾਵਤ[57] ਪੰਚ[58] ਰਹੇ[59] ਘਰੁ[60] ਜਾਣਿਆ[61] ਕਾਮੁ[62]	His five[58] outgoing[57] organs are held[59], he knows[61] the Lord's	ਉਸ ਦੀਆਂ ਭਜੀਆਂ ਫਿਰਦੀਆਂ[57] ਪੰਜੇ[58] ਇੰਦ੍ਰੀਆਂ ਸਥਿਰ[59] ਹੋ ਜਾਂਦੀਆਂ ਹਨ, ਉਹ ਸੁਆਮੀ ਦੇ ਮੰਦਰ[60]

ਕ੍ਰੋਧੁ[63] ਬਿਖੁ[64] ਮਾਰਿਆ[65]॥	mansion[60] and slays[65] lust[62], wrath[63] and wickedness[64].	ਨੂੰ ਜਾਣ ਲੈਂਦਾ[61] ਹੈ ਅਤੇ ਕਾਮਚੇਸ਼ਟਾ[62], ਗੁੱਸੇ[63] ਅਤੇ ਬਦੀ[64] ਨੂੰ ਮਾਰ ਸੁਟਦਾ[65] ਹੈ।
ਅੰਤਰਿ[66] ਜੋਤਿ[67] ਭਈ ਗੁਰ ਸਾਖੀ[68] ਚੀਨੇ[69] ਰਾਮ ਕਰੰਮਾ[70] ॥	His within[66] is illumined[67] by the Guru's instruction[68] and he sees[69] the Lord's wondrous plays[70].	ਗੁਰਾਂ ਦੇ ਉਪਦੇਸ਼[68] ਦੁਆਰਾ, ਉਸ ਦਾ ਅੰਦਰ[66] ਰੋਸ਼ਨ[67] ਹੋ ਜਾਂਦਾ ਹੈ ਅਤੇ ਉਹ ਸਾਹਿਬ ਦੀਆਂ ਅਦਭੁਤ ਖੇਡਾਂ[70] ਨੂੰ ਵੇਖਦਾ[69] ਹੈ।
ਨਾਨਕ ਹਉਮੈ[71] ਮਾਰਿ[72] ਪਤੀਣੇ[73] ਤਾਰਾ ਚੜਿਆ ਲੰਮਾ ॥੧॥	Nanak, slaying[72] his ego[71] he is propitiated[73]. Lo, the trailing star has arisen.	ਨਾਨਕ, ਆਪਣੀ ਹੰਗਤਾ[71] ਨੂੰ ਮਾਰ[72] ਕੇ ਉਹ ਸੰਤੁਸ਼ਟ[73] ਹੋ ਜਾਂਦਾ ਹੈ। ਦੇਖੋ, ਬੋਦੀ ਵਾਲਾ ਤਾਰਾ ਚੜ੍ਹ ਪਿਆ ਹੈ।
੧੧੧੧	**1111**	**੧੧੧੧**
ਗੁਰਮੁਖਿ[74] ਜਾਗਿ ਰਹੇ ਚੂਕੀ[75] ਅਭਿਮਾਨੀ[76] ਰਾਮ ॥	The Guru-wards[74] remain awake. Their self-conceit[76] is annulled[75].	ਗੁਰੂ-ਅਨੁਸਾਰੀ[74] ਜਾਗਦੇ ਰਹਿੰਦੇ ਹਨ। ਉਨ੍ਹਾਂ ਦੀ ਸਵੈ-ਹੰਗਤਾ[76] ਮਿਟ ਜਾਂਦੀ[75] ਹੈ।
ਅਨਦਿਨ[77] ਭੋਰੁ[78] ਭਇਆ[79] ਸਾਚਿ ਸਮਾਨੀ[80] ਰਾਮ ॥	They are ever[77] blessed[79] with the dawn[78] of wisdom and merge[80] in the True Name.	ਉਨ੍ਹਾਂ ਨੂੰ ਸਦਾ[77] ਹੀ ਦਾਨਾਈ ਦੇ ਪਹੁਫੁਟਾਲੇ[78] ਦੀ ਦਾਤ ਮਿਲਦੀ[79] ਹੈ ਅਤੇ ਉਹ ਸੱਚੇ ਨਾਮ ਅੰਦਰ ਲੀਨ[80] ਹੋ ਜਾਂਦੇ ਹਨ।
ਸਾਚਿ ਸਮਾਨੀ ਗੁਰਮੁਖਿ ਮਨਿ[81] ਭਾਨੀ[82] ਗੁਰਮੁਖਿ[83] ਸਾਬਤੁ[84] ਜਾਗੇ[85] ॥	The Guru-wards, who are merged in the True Name are pleasing[82] to the Lord's mind[81]. The saints[83] remain whole[84] and wakeful[85].	ਗੁਰੂ-ਅਨੁਸਾਰੀ ਜੋ ਸੱਚੇ ਨਾਮ ਅੰਦਰ ਲੀਨ ਹਨ, ਸੁਆਮੀ ਦੇ ਚਿਤ[81] ਨੂੰ ਚੰਗੇ ਲਗਦੇ[82] ਹਨ। ਸੰਤ[83] ਸੰਪੂਰਨ[84] ਅਤੇ ਖਬਰਦਾਰ ਰਹਿੰਦੇ[85] ਹਨ।
ਸਾਚੁ ਨਾਮੁ ਅੰਮ੍ਰਿਤੁ[86] ਗੁਰਿ ਦੀਆ[87] ਹਰਿ ਚਰਨੀ[88] ਲਿਵ ਲਾਗੇ[89] ॥	The Guru blesses[87] them with the Nectar[86] of the True Name and they are attuned[89] to the Lord's feet[88].	ਗੁਰੂ ਜੀ ਉਨ੍ਹਾਂ ਨੂੰ ਸਤਿਨਾਮ ਦਾ ਆਬਿ-ਹਿਯਾਤ[86] ਬਖ਼ਸ਼ਦੇ[87] ਹਨ ਤੇ ਉਨ੍ਹਾਂ ਦਾ ਪ੍ਰਭੂ ਦੇ ਚਰਨਾਂ[88] ਨਾਲ ਪਿਆਰ[89] ਪੈ ਜਾਂਦਾ ਹੈ।
ਪ੍ਰਗਟੀ[90] ਜੋਤਿ[91] ਜੋਤਿ ਮਹਿ[92] ਜਾਤਾ[93] ਮਨਮੁਖਿ[94] ਭਰਮਿ[95] ਭੁਲਾਣੀ[96] ॥	Within them becomes manifest[90] the illumination[91] of gnosis and through[92] that illumination know[93] they their Lord, but the egocentrics[94] stray[96] in doubt[95].	ਉਨ੍ਹਾਂ ਦੇ ਅੰਦਰ ਰੱਬੀ ਗਿਆਤ ਦਾ ਨੂਰ ਨਾਜ਼ਲ[90] ਹੋ ਜਾਂਦਾ ਹੈ ਅਤੇ ਉਸ ਨੂਰ[91] ਦੇ ਰਾਹੀਂ[92] ਉਹ ਆਪਣੇ ਸਾਈਂ ਨੂੰ ਜਾਣ ਲੈਂਦੇ[93] ਹਨ, ਪ੍ਰੰਤੂ ਆਪ-ਹੁਦਰੇ[94] ਸੰਦੇਹ[95] ਅੰਦਰ ਭਟਕਦੇ[96] ਹਨ।
ਨਾਨਕ ਭੋਰੁ ਭਇਆ[98] ਮਨੁ ਮਾਨਿਆ[97] ਜਾਗਤ ਰੈਣਿ[99] ਵਿਹਾਣੀ[100] ॥੨॥	Nanak, when the dawn of wisdom breaks[98], their mind is propitiated[97] and they pass[100] their life-night[99] awake.	ਨਾਨਕ, ਜਦ ਦਾਨਾਈ ਦਾ ਪਹੁਫੁਟਾਲਾ ਹੋ ਜਾਂਦਾ[98] ਹੈ, ਉਨ੍ਹਾਂ ਦੀ ਆਤਮਾ ਸੰਤੁਸ਼ਟ[97] ਹੋ ਜਾਂਦੀ ਹੈ ਅਤੇ ਉਹ ਆਪਣੀ ਜੀਵਨ-ਰਾਤ੍ਰੀ[99] ਜਾਗ ਕੇ ਬਿਤਾਉਂਦੇ[100] ਹਨ।
ਅਉਗੁਣ[2] ਵੀਸਰਿਆ[3] ਗੁਣੀ[4] ਘਰੁ[5] ਕੀਆ ਰਾਮ ॥ ਏਕੋ ਰਵਿ[6] ਰਹਿਆ	When man forsakes[3] his vice[2], the virtues[4] come to abide[5] within him. The One Lord is pervading[6] all.	ਜਦ ਇਨਸਾਨ ਆਪਣੀ ਬਦੀ[2] ਨੂੰ ਛਡ ਦਿੰਦਾ[3] ਹੈ ਤਾਂ ਨੇਕੀਆਂ[4] ਆ ਕੇ ਉਸ ਦੇ ਅੰਦਰ ਵਸਣ[5] ਲਗ ਜਾਂਦੀਆਂ ਹਨ। ਇਕ ਸੁਆਮੀ ਹੀ ਸਾਰੇ ਵਿਆਪਕ ਹੋ ਰਿਹਾ[6] ਹੈ।

ਅਵਰੁ[7] ਨ ਬੀਆ[8] ਰਾਮ ॥	There is not another[7] second[8].	ਕੋਈ ਹੋਰ[7] ਦੂਸਰਾ[8] ਹੈ ਹੀ ਨਹੀਂ ।
ਰਵਿ ਰਹਿਆ ਸੋਈ[9] ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ[10] ॥	He[9], the Lord, is permeating all. There is not any other. Belief comes[10] to the mind from the mind itself.	ਉਹ[9] ਸੁਆਮੀ ਸਾਰੇ ਰਮ ਰਿਹਾ ਹੈ । ਹੋਰ ਕੋਈ ਹੈ ਹੀ ਨਹੀਂ । ਮਨੂਏ ਨੂੰ ਮਨੂਏ ਤੋਂ ਹੀ ਭਰੋਸਾ ਆ ਜਾਂਦਾ[10] ਹੈ ।
ਜਿਨਿ ਜਲ[12] ਥਲ[13] [14]ਤ੍ਰਿਭਵਣ[15] ਘਟੁ ਘਟੁ[16] ਥਾਪਿਆ[17]ਸੋ ਪ੍ਰਭੁ ਗੁਰਮੁਖਿ[18] ਜਾਨਿਆ ॥	He, who has established[17] the water[12], the land[13], the three[14] worlds[15] and all the hearts[16], that Lord is known by the Guru's grace[18].	ਜਿਸ ਨੇ ਪਾਣੀ[12] ਧਰਤੀ[13], ਤਿੰਨੇ[14] ਜਹਾਨ[15] ਅਤੇ ਸਾਰੇ ਦਿਲ[16] ਅਸਥਾਪਨ ਕੀਤੇ[17] ਹਨ, ਉਹ ਸੁਆਮੀ ਗੁਰਾਂ ਦੀ ਦਇਆ ਦੁਆਰਾ[18] ਜਾਣਿਆ ਜਾਂਦਾ ਹੈ ।
ਕਰਣ[19] ਕਾਰਣ ਸਮਰਥ[20] ਅਪਾਰਾ[21] [22]ਤ੍ਰਿਬਿਧਿ[23] ਮੇਟਿ[24] ਸਮਾਈ[25] ॥	The Lord is the Cause of causes[19], All-powerful[20] and Infinite[21], Effacing[24] the three[22]-phased[23] mammon, one merges[25] in Him.	ਸਾਹਿਬ ਹੇਤੂਆਂ ਦਾ ਹੇਤੂ[19], ਸਰਬ-ਸ਼ਕਤੀਵਾਨ[20] ਅਤੇ ਬੇਅੰਤ[21] ਹੈ । ਤਿੰਨਾਂ[22] ਹਾਲਤਾਂ ਵਾਲੀ[23] ਮਾਇਆ ਨੂੰ ਮੇਸ ਕੇ[24] ਬੰਦਾ ਉਸ ਵਿਚ ਲੀਨ ਹੋ ਜਾਂਦਾ[25] ਹੈ ।
ਨਾਨਕ ਅਵਗਣ[26] ਗੁਣਹ[27] ਸਮਾਣੇ[28]ਐਸੀ[29] ਗੁਰਮਤਿ[30] ਪਾਈ ॥੩॥	Nanak, man's vices[26] then merge[28] in virtues[27]. Such[29] an understanding[30], he obtains from the Guru.	ਨਾਨਕ ਬੰਦੇ ਦੀਆਂ ਬਦੀਆਂ[26] ਤਦ ਨੇਕੀਆਂ[27] ਅੰਦਰ ਲੀਨ ਹੋ ਜਾਂਦੀਆਂ[28] ਹਨ । ਇਹੋ ਜਿਹੀ[29] ਸਮਝ[30] ਉਸ ਨੂੰ ਗੁਰਾਂ ਪਾਸੋਂ ਪਰਾਪਤ ਹੋ ਜਾਂਦੀ ਹੈ ।
ਆਵਣ ਜਾਣ ਰਹੇ[31] ਚੂਕਾ[32] ਭੋਲਾ[33] ਰਾਮ ॥	My coming and going, have ended[31] and my misgiving[32] is removed[33].	ਮੇਰੇ ਆਉਣ ਅਤੇ ਜਾਣ ਮੁਕ ਗਏ[31] ਹਨ ਅਤੇ ਮੇਰਾ ਭੁਲੇਖਾ[32] ਦੂਰ ਹੋ ਗਿਆ[33] ਹੈ ।
ਹਉਮੈ[34] ਮਾਰਿ ਮਿਲੇ ਸਾਚਾ ਚੋਲਾ[35] ਰਾਮ ॥	Stilling my self-conceit[34] I have met my Lord and now wear the apparel[35] of Truth.	ਆਪਣੀ ਸਵੈ-ਹੰਗਤਾ[34] ਨੂੰ ਮਾਰ ਕੇ ਮੈਂ ਆਪਣੇ ਸੁਆਮੀ ਨੂੰ ਮਿਲ ਪਈ ਹਾਂ ਤੇ ਹੁਣ ਸੱਚ ਦਾ ਚੋਗਾ[35] ਪਹਿਨਦੀ ਹਾਂ ।
ਹਉਮੈ ਗੁਰਿ ਖੋਈ[36] ਪਰਗਟੁ[37] ਹੋਈ ਚੂਕੇ[38] ਸੋਗ[39] ਸੰਤਾਪੈ[40] ॥	The Guru has rid[36] me of ego, I have become renowned[37] and my sorrows[39] and sufferings[40] are dipelled[38]	ਗੁਰਾਂ ਨੇ ਮੇਰੀ ਹੰਗਤਾ ਨਵਿਰਤ ਕਰ ਦਿੱਤੀ[36] ਹੈ, ਮੈਂ ਪ੍ਰਸਿੱਧ[37] ਹੋ ਗਈ ਹਾਂ ਅਤੇ ਮੇਰੇ ਸ਼ੋਕ[39] ਤੇ ਦੁਖੜੇ[40] ਦੂਰ ਹੋ ਗਏ[38] ਹਨ ।
ਜੋਤੀ[41] ਅੰਦਰਿ ਜੋਤਿ[42] ਸਮਾਣੀ[43] ਆਪੁ[44] ਪਛਾਤਾ[45] ਆਪੈ[46] ॥	My light[42] is merged[43] in the Supreme Light[41] and I[44] have recognised[45] my ownself[46].	ਮੇਰਾ ਪ੍ਰਕਾਸ਼[42] ਪਰਮ ਪ੍ਰਕਾਸ਼[41] ਵਿਚ ਲੀਨ ਹੋ ਗਿਆ[43] ਹੈ ਅਤੇ ਮੈਂ[44] ਆਪਣੇ ਆਪ[46] ਨੂੰ ਸਿਞਾਣ ਲਿਆ[45] ਹੈ ।
ਪੇਈਅੜੈ[47] ਘਰਿ ਸਬਦਿ[48] ਪਤੀਣੀ[49] ਸਾਹੁਰੜੈ[50] ਪਿਰ[51] ਭਾਣੀ[52] ॥	At the parents[47], I am propitiated[49] with the Name[48], so at my in-laws[50] I shall be pleasing[52] to my Spouse[51].	ਪੇਕੀਂ[47] ਮੈਂ ਨਾਮ[48] ਨਾਲ ਸੰਤੁਸ਼ਟ ਹੋ ਗਈ[49] ਹਾਂ ਇਸ ਲਈ ਸਹੁਰੀਂ[50] ਮੈਂ ਆਪਣੇ ਪਤੀ[51] ਨੂੰ ਚੰਗੀ ਲੱਗਾਂਗੀ[52] ।
ਨਾਨਕ ਸਤਿਗੁਰਿ ਮੇਲਿ[53] ਮਿਲਾਈ ਚੂਕੀ[54] ਕਾਣਿ[55] ਲੋਕਾਣੀ[56] ॥੪॥੩॥	Nanak, the True Guru has united me in the Lord's union[53] and my subservience[55] of people[56] is ended[54].	ਨਾਨਕ, ਸੱਚੇ ਗੁਰਾਂ ਨੇ ਮੈਨੂੰ ਸੁਆਮੀ ਦੇ ਮਿਲਾਪ[53] ਅੰਦਰ ਮਿਲਾ ਦਿਤਾ ਹੈ ਅਤੇ ਮੁਕ ਗਈ[54] ਹੈ, ਮੇਰੀ ਲੋਕਾਂ[56] ਦੀ ਮੁਛੰਦਗੀ[55] ।
ਤੁਖਾਰੀ ਮਹਲਾ ੧ ॥	Tukhari 1st Guru.	ਤੁਖਾਰੀ ਪਹਿਲੀ ਪਾਤਿਸ਼ਾਹੀ ।
ਭੋਲਾਵੜੈ[57] ਭੁਲੀ[58] ਭੁਲਿ[59]	The bride is strayed[58] by doubt[57] and	ਪਤਨੀ ਨੂੰ ਭਰਮ ਨੇ ਗੁਮਰਾਹ[58] ਕਰ ਲਿਆ ਹੈ

ਭੁਲਿ ਪਛੋਤਾਣੀ[60] ॥	erring again and again[59] she regrets[60].	ਅਤੇ ਮੁੜ ਮੁੜ ਭੁੱਲ ਕੇ[59] ਉਹ ਪਸਚਾਤਾਪ[60] ਕਰਦੀ ਹੈ।
ਪਿਰਿ[61] ਛੋਡਿਅੜੀ[62] ਸੁਤੀ[63] ਪਿਰ ਕੀ ਸਾਰ[64] ਨ ਜਾਣੀ ॥	Forsaking[62] her Groom[61] she is gone asleep[63] and knows not His worth[64]	ਆਪਣੇ ਕੰਤ[61] ਨੂੰ ਤਿਆਗ[62] ਉਹ ਸੌਂ ਗਈ[63] ਹੈ ਅਤੇ ਉਸ ਦੀ ਕਦਰ[64] ਨੂੰ ਨਹੀਂ ਜਾਣਦੀ।
ਪਿਰਿ ਛੋਡੀ ਸੁਤੀ ਅਵਗਣਿ[65] ਮੁਤੀ[66] ਤਿਸੁ[67] ਧਨ[68] ਵਿਧਣ[69] ਰਾਤੇ ॥	Leaving her Spouse, she goes to sleep and so is she beguiled[66] by sin[65]. Painful[69] are the nights of that[67] bride[68].	ਆਪਣੇ ਪਤੀ ਨੂੰ ਛੱਡ, ਉਹ ਸੌਂ ਜਾਂਦੀ ਹੈ ਤੇ ਇਸ ਲਈ ਪਾਪ[65] ਉਸ ਨੂੰ ਠਗ ਲੈਂਦੇ[66] ਹਨ। ਦੁਖਦਾਈ[69] ਹਨ ਉਸ[67] ਪਤਨੀ[68] ਦੀਆਂ ਰਾਤਾਂ।
ਕਾਮਿ[70] ਕ੍ਰੋਧਿ[71] ਅਹੰਕਾਰਿ[72] ਵਿਗੁਤੀ[73] ਹਉਮੈ[74] ਲਗੀ ਤਾਤੇ[75] ॥	She is destroyed[73] by lust[70], wrath[71] and ego[72] and continues to burn[75] in self-conceit[74].	ਉਸ ਨੂੰ ਸ਼ਹਿਵਤ[70], ਗੁੱਸੇ[71] ਅਤੇ ਗ਼ਰੂਰ[72] ਨੇ ਨਾਸ ਕਰ ਦਿਤਾ[73] ਹੈ ਅਤੇ ਉਹ ਸਵੈ-ਹੰਗਤਾ[74] ਵਿਚ ਸੜਦੀ ਰਹਿੰਦੀ[75] ਹੈ।
ਉਡਰਿ[76] ਹੰਸੁ[77] ਚਲਿਆ ਫੁਰਮਾਇਆ[78] ਭਸਮੈ[79] ਭਸਮ ਸਮਾਣੀ[80] ॥	When soul-swan[77] flies away[76], under the Lord's command[78], her dust[79] mingles[80] with dust.	ਜਦ ਆਤਮਾ-ਰਾਜਹੰਸ[77], ਸੁਆਮੀ ਦੇ ਹੁਕਮ[78] ਤਾਬੇ ਉਡ ਜਾਂਦੀ[76] ਹੈ ਤਾਂ ਉਸ ਦੀ ਮਿੱਟੀ[79] ਮਿੱਟੀ ਨਾਲ ਮਿਲ[80] ਜਾਂਦੀ ਹੈ।
ਨਾਨਕ ਸਚੇ ਨਾਮ ਵਿਹੂਣੀ[81] ਭੁਲਿ ਭੁਲਿ ਪਛੋਤਾਣੀ ॥੧॥	Nanak without[81] the True Name, the bride repeatedly strays and repents.	ਨਾਨਕ ਸੱਚੇ ਨਾਮ ਦੇ ਬਗ਼ੈਰ[81] ਪਤਨੀ ਬਾਰੰਬਾਰ ਭੁਲਦੀ ਅਤੇ ਅਫ਼ਸੋਸ ਕਰਦੀ ਹੈ।
ਸੁਣਿ ਨਾਹ[82] ਪਿਆਰੇ[84] ਇਕ ਬੇਨੰਤੀ[83] ਮੇਰੀ ॥	O my dear[84] Spouse[82] listen one supplication[83] of mine.	ਹੇ ਮੇਰੇ ਲਾਡਲੇ[84] ਭਰਤੇ[82]! ਤੂੰ ਮੇਰੀ ਇਕ ਪ੍ਰਾਰਥਨਾ[83] ਸੁਣ!
ਤੂ ਨਿਜ ਘਰਿ ਵਸਿਅੜਾ ਹਉ ਰੁਲਿ[85] ਭਸਮੈ[86] ਢੇਰੀ ॥	Thou abidest in Thine own 'Home' and rolling about[85]; I have become a lump of dust[86].	ਤੂੰ ਆਪਣੇ ਨਿਜ ਦੇ ਧਾਮ ਅੰਦਰ ਵਸਦਾ ਹੈਂ ਅਤੇ ਮੈਂ ਭੰਭਲਭੂਸੇ[85] ਖਾ; ਮਿੱਟੀ[86] ਦੀ ਢੇਰੀ ਹੋ ਗਈ ਹਾਂ।
ਬਿਨੁ ਅਪਨੇ ਨਾਹੈ ਕੋਇ ਨ ਚਾਹੈ[87] ਕਿਆ[88] ਕਹੀਐ ਕਿਆ ਕੀਜੈ[89] ॥	Without my Spouse, none likes[87] me. What[88] should I now say or do[89]?	ਆਪਣੇ ਕੰਤ ਦੇ ਬਗੈਰ ਮੈਨੂੰ ਕੋਈ ਭੀ ਨਹੀਂ ਚਾਹੁੰਦਾ[87]। ਮੈਂ ਹੁਣ ਕੀ[88] ਆਖਾਂ ਤੇ ਕੀ ਕਰਾਂ[89]?
ਅੰਮ੍ਰਿਤ[90] ਨਾਮੁ ਰਸਨ[91] ਰਸੁ[92] ਰਸਨਾ[93] ਗੁਰ ਸਬਦੀ[94] ਰਸੁ[95] ਪੀਜੈ[96] ॥	Through the Guru's instruction[94], with my tongue[93], quaff[96] I the immortalising[95] Nectar-Name[90] which is the Nectar[92] of all the Nectars[91].	ਗੁਰਾਂ ਦੇ ਉਪਦੇਸ਼[94] ਰਾਹੀਂ ਆਪਣੀ ਜੀਭ੍ਹਾ[93] ਨਾਲ, ਮੈਂ ਸਾਰਿਆਂ ਅੰਮ੍ਰਿਤਾਂ[91] ਦੇ ਅੰਮ੍ਰਿਤ[92], ਸੁਰਜੀਤ ਕਰਨ ਵਾਲੇ[95] ਨਾਮ ਦੇ ਆਬਿ-ਹਿਯਾਤ[90] ਨੂੰ ਪਾਨ ਕਰਦੀ[96] ਹਾਂ।
ਵਿਣੁ ਨਾਵੈ ਕੋ ਸੰਗਿ[97] ਨ ਸਾਥੀ[98] ਆਵੈ ਜਾਇ[99] ਘਨੇਰੀ[100] ॥	Without the Name, no one is man's friend[97] and comrade[98]. Without it millions[100] continue coming and going[99].	ਨਾਮ ਦੇ ਬਗੈਰ, ਬੰਦੇ ਦਾ ਕੋਈ ਦੋਸਤ[97] ਅਤੇ ਸੰਗੀ[98] ਨਹੀਂ। ਇਸ ਦੇ ਬਾਝੋਂ ਕ੍ਰੋੜਾਂ[100] ਹੀ ਆਉਂਦੇ ਅਤੇ ਜਾਂਦੇ ਰਹਿੰਦੇ[99] ਹਨ।
ਨਾਨਕ ਲਾਹਾ[2] ਲੈ[3] ਘਰਿ[4]	Says Nanak, true, true[6] is thine	ਗੁਰੂ ਜੀ ਆਖਦੇ ਹਨ, ਸੱਚੀ[6], ਸੱਚੀ ਹੈ ਤੇਰੀ ਸਿੱਖਿਆ[7]

ਜਾਈਐ[5] ਸਾਚੋ ਸਚੁ[6] ਮਤਿ[7] ਤੇਰੀ ॥੨॥	instruction[7], O Guru by which man departs[5] to the Lord's Home[4], after reaping[3] profit[2].	ਹੇ ਗੁਰਦੇਵ, ਜਿਸ ਦੁਆਰਾ, ਨਫ਼ਾ[2] ਕਮਾ[3] ਕੇ ਆਦਮੀ ਸਾਹਿਬ ਦੇ ਧਾਮਾਂ[4] ਨੂੰ ਜਾਂਦਾ[5] ਹੈ।
ਸਾਜਨ[8] ਦੇਸਿ[9] ਵਿਦੇਸੀਅੜੇ[10] ਸਾਨੇਹੁੜੇ[13] ਦੇਦੀ[12] ॥	O my Friend[8], from thy home land[9], Thou art gone abroad[10], I send[12] messages[13] of love to Thee.	ਹੇ ਮੇਰੇ ਮਿੱਤ੍ਰ[8] ! ਆਪਣੇ ਦੇਸੋਂ[9] ਤੂੰ ਪ੍ਰਦੇਸ[10] ਚਲਿਆ ਗਿਆ ਹੈਂ। ਮੈਂ ਤੈਨੂੰ ਪਿਆਰ ਦੇ ਸੁਨੇਹੇ[13] ਘਲਦੀ[12] ਹਾਂ।
ਸਾਰਿ ਸਮਾਲੇ[14] ਤਿਨ[17] ਸਜਣਾ ਮੁੰਧ[15] ਨੈਣ[16] ਭਰੇਦੀ[18] ॥	I, the bride[15], heartily remember[14] that[17] Friend and my eyes[16] are brimful[18] with tears.	ਮੈਂ ਮਹੇਲੀ[15], ਉਸ[17] ਮਿਤ੍ਰ ਨੂੰ ਦਿਲੋਂ ਯਾਦ[14] ਕਰਦੀ ਹਾਂ ਅਤੇ ਮੇਰੀਆਂ ਅੱਖਾਂ[16] ਹੰਝੂਆਂ ਨਾਲ ਪੂਰਤ[18] ਹਨ।
ਮੁੰਧ ਨੈਣ ਭਰੇਦੀ ਗੁਣ[19] ਸਾਰੇਦੀ[20] ਕਿਉ[21] ਪ੍ਰਭ ਮਿਲਾ ਪਿਆਰੇ[22] ॥	Thy bride's (Mine) eyes are brimful with tears. I utter[20] Thine praise[19]. How[21] can I meet Thee, O my loved[22] Lord ?	ਤੇਰੀ ਪਤਨੀ ਦੀਆਂ (ਮੇਰੀਆਂ), ਅੱਖਾਂ ਹੰਝੂਆਂ ਨਾਲ ਪੂਰਤ ਹਨ। ਮੈਂ ਤੇਰੀ ਕੀਰਤੀ[19] ਉਚਾਰਨ[20] ਕਰਦੀ ਹਾਂ। ਮੈਂ ਤੈਨੂੰ ਕਿਸ ਤਰ੍ਹਾਂ[21] ਮਿਲ ਸਕਦੀ ਹਾਂ, ਹੇ ਮੇਰੇ ਮਿਠੜੇ[22] ਮਾਲਕ ?
ਮਾਰਗੁ[23] ਪੰਥੁ[24] ਨ ਜਾਣਉ ਬਿਖੜਾ[25] ਕਿਉ[26] ਪਾਈਐ[27] ਪਿਰੁ[28] ਪਾਰੇ[29] ॥	I know not the ardous[25] way[23] and path[24] to Thee. How[26] can I reach[27] Thee, O Love[28], at the yonder shore[29] ?	ਮੈਂ ਤੇਰੇ ਕਠਨ[25] ਰਸਤੇ[23] ਅਤੇ ਰਾਹ[24] ਨੂੰ ਨਹੀਂ ਜਾਣਦੀ, ਹੇ ਪਿਆਰੇ[28] ! ਮੈਂ ਤੇਰੇ ਕੋਲ ਪਰਲੇ ਪਾਰ[29] ਕਿਸ ਤਰ੍ਹਾਂ[26] ਪੁਜ ਸਕਦੀ[27] ਹਾਂ ?
ਸਤਿਗੁਰ ਸਬਦੀ[30] ਮਿਲੈ ਵਿਛੁੰਨੀ[31] ਤਨੁ[32] ਮਨੁ[33] ਆਗੈ[34] ਰਾਖੈ[35] ॥	By the True Guru's word[30], I, the separated[31] bride, can meet with Thee, by placing[35] before[34] Thee my body[32] and soul[33].	ਸਚੇ ਗੁਰਾਂ ਦੀ ਬਾਣੀ[30] ਦੁਆਰਾ, ਮੈਂ ਵਿਛੁੜੀ[31] ਹੋਈ ਪਤਨੀ, ਆਪਣੀ ਦੇਹ[32] ਤੇ ਜਿੰਦੜੀ[33] ਤੇਰੇ ਮੂਹਰੇ[34] ਰਖ ਕੇ[35], ਤੇਰੇ ਨਾਲ ਮਿਲ ਸਕਦੀ ਹਾਂ।
ਨਾਨਕ ਅੰਮ੍ਰਿਤ[36] ਬਿਰਖੁ[37] [38]ਮਹਾਰਸ[39] ਫਲਿਆ[40] ਮਿਲਿ ਪ੍ਰੀਤਮ[41] ਰਸੁ[42] ਚਾਖੈ[43] ॥੩॥	Nanak, the ambrosial[36] tree[37] bears the most[38] delicious[39] fruits[40]. Meeting with Thee, my Love[41], their relish[42] is tasted[43].	ਨਾਨਕ, ਅੰਮ੍ਰਿਤਮਈ[36] ਰੁੱਖ[37] ਨੂੰ ਪਰਮ[38] ਰਸਦਾਇਕ[39] ਫਲ[40] ਲਗੇ ਹੋਏ ਹਨ। ਮੇਰੇ ਪਿਆਰੇ[41], ਤੇਰੇ ਨਾਲ ਮਿਲ ਕੇ ਉਨ੍ਹਾਂ ਦਾ ਸੁਆਦ[42] ਚੱਖਿਆ[43] ਜਾਂਦਾ ਹੈ।
ਮਹਲਿ[44] ਬੁਲਾਇੜੀਏ[45] ਬਿਲਮੁ[46] ਨ ਕੀਜੈ ॥	O Thou, delay[46] not, Thy Lord has summoned[45] thee into His presence[44].	ਨੀ ਤੂੰ, ਦੇਰੀ[46] ਨਾ ਕਰ, ਤੈਨੂੰ ਤੇਰੇ ਸੁਆਮੀ ਨੇ ਆਪਣੀ ਹਜ਼ੂਰੀ[44] ਅੰਦਰ ਬੁਲਾਇਆ[45] ਹੈ !
੧੧੧੨	**1112**	**੧੧੧੨**
ਅਨਦਿਨੁ[47] ਰਤੜੀਏ[48] ਸਹਜਿ[49] ਮਿਲੀਜੈ ॥	O thou, who art night[47] and day imbued[48] with His love, shalt easily[49] meet with Him.	ਨੀ ਤੂੰ ! ਜੋ ਰਾਤ[47] ਅਤੇ ਦਿਨ ਉਸ ਦੇ ਪ੍ਰੇਮ ਨਾਲ ਰੰਗੀ ਹੋਈ[48] ਹੈਂ ਸੁਖੈਨ[49] ਹੀ ਉਸ ਨੂੰ ਮਿਲ ਪਵੇਂਗੀ।
ਸੁਖਿ ਸਹਜਿ[50] ਮਿਲੀਜੈ[51] ਰੋਸੁ[52] ਨ ਕੀਜੈ[53] ਗਰਬੁ[54] ਨਿਵਾਰਿ[55] ਸਮਾਣੀ[56] ॥	By not harbouring[53] wrath[52] and slaying[55] thy ego[54] thou shalt obtain[51] celestial bliss[50] and merge[56] in thy Lord.	ਗੁੱਸਾ[52] ਨਾ ਕਰਨ[53] ਅਤੇ ਆਪਣੀ ਹੰਗਤਾ[54] ਨੂੰ ਮਾਰਨ[55] ਦੁਆਰਾ ਤੂੰ ਬੈਕੁੰਠੀ ਅਨੰਦ[50] ਪਾ ਲਵੇਂਗੀ[51] ਅਤੇ ਆਪਣੇ ਪ੍ਰਭੂ ਅੰਦਰ ਲੀਨ[56] ਹੋ ਜਾਵੇਂਗੀ।

ਸਾਚੈ ਰਾਤੀ[57] ਮਿਲੈ ਮਿਲਾਈ[58] ਮਨਮੁਖਿ[59] ਆਵਣ ਜਾਣੀ ॥	She is imbued[57] with truth, and united[58] by the Guru, meets with her Groom, while the egocentric[59] continues coming and going.	ਉਹ ਸੱਚ ਨਾਲ ਰੰਗੀ ਹੋਈ[57] ਹੈ ਅਤੇ ਗੁਰਾਂ ਦੀ ਮਿਲਾਈ ਹੋਈ[58] ਆਪਣੇ ਕੰਤ ਨੂੰ ਮਿਲ ਪੈਂਦੀ ਹੈ ਜਦ ਕਿ ਆਪ-ਹੁਦਰੀ[59] ਆਉਂਦੀ ਅਤੇ ਜਾਂਦੀ ਰਹਿੰਦੀ ਹੈ।
ਜਬ[60] ਨਾਚੀ[61] ਤਬ[62] ਘੂਘਟੁ[63] ਕੈਸਾ[67] ਮਟੁਕੀ[64] ਫੋੜਿ[65] ਨਿਰਾਰੀ[66] ॥	When[60] thou takest to dancing[61], what[67] is, then[62], veil[63] to thee? Breaking[65] the pitcher[64] (of worldly attachment), be thou detached[66].	ਜਦ[60] ਤੂੰ ਨੱਚਣ[61] ਹੀ ਲੱਗ ਪਈ[62] ਤੈਨੂੰ ਘੁੰਡ[63] ਕੀ[67] ਕਹਿੰਦਾ ਹੈ? (ਸੰਸਾਰੀ ਲਗਨ ਦੀ) ਮੱਘੀ[64] ਨੂੰ ਭੰਨ[65] ਕੇ ਤੂੰ ਨਿਰਲੇਪ[66] ਹੋ ਜਾ।
ਨਾਨਕ ਆਪੈ ਆਪੁ[68] ਪਛਾਣੈ[69] ਗੁਰਮੁਖਿ[70] ਤਤੁ[71] ਬੀਚਾਰੀ[72] ॥੪॥੪॥	O Nanak, understanding[69] thy ownself[68], by the Guru's grace[70], reflect[72] thou on the quintessence[71].	ਹੇ ਨਾਨਕ! ਗੁਰਾਂ ਦੀ ਦਇਆ[70] ਦੁਆਰਾ ਆਪਣੇ ਆਪ[68] ਨੂੰ ਸਮਝ[69] ਕੇ ਅਸਲੀਅਤ[71] ਦੀ ਸੋਚ ਵੀਚਾਰ[72] ਕਰ।
ਤੁਖਾਰੀ ਮਹਲਾ ੧ ॥	Tukhari Ist Guru.	ਤੁਖਾਰੀ ਪਹਿਲੀ ਪਾਤਿਸ਼ਾਹੀ।
ਮੇਰੇ ਲਾਲ[73] ਰੰਗੀਲੇ[74] ਹਮ ਲਾਲਨ[75] ਕੇ ਲਾਲੇ[76] ॥	My Beauteous[73] Beloved[74], I am the slave[76] of Thine slaves[75].	ਮੇਰੇ ਬਾਂਕੇ[73] ਪ੍ਰੀਤਮ[74], ਮੈਂ ਤੇਰੇ ਗੋਲਿਆਂ[75] ਦਾ ਗੋਲਾ[76] ਹਾਂ।
ਗੁਰ ਅਲਖੁ[77] ਲਖਾਇਆ[78] ਅਵਰੁ[79] ਨ ਦੂਜਾ[80] ਭਾਲੇ[81] ॥	The Guru has shown[78] me the Invisible[77] Lord and now I seek[81] not any[79] other[80].	ਗੁਰਾਂ ਨੇ ਮੈਨੂੰ ਅਦ੍ਰਿਸ਼ਟ[77] ਸੁਆਮੀ ਵਿਖਾਲ ਦਿਤਾ[78] ਹੈ ਅਤੇ ਹੁਣ ਮੈਂ ਕਿਸੇ[79] ਹੋਰਸ[80] ਨੂੰ ਨਹੀਂ ਲਭਦਾ[81]।
ਗੁਰਿ ਅਲਖੁ ਲਖਾਇਆ ਜਾ ਤਿਸੁ[83] ਭਾਇਆ ਜਾ[82] ਪ੍ਰਭਿ ਕਿਰਪਾ[84] ਧਾਰੀ[85] ॥	When[82] the Master showered[85] His benediction[84] and when it so pleased the Guru[83], he showed to me the Unseeable Lord.	ਜਦ[82] ਮਾਲਕ[83] ਨੇ ਮਿਹਰ[84] ਕੀਤੀ[85] ਅਤੇ ਉਸ ਗੁਰੂ ਨੂੰ ਇਸ ਤਰ੍ਹਾਂ ਚੰਗਾ ਲੱਗਾ ਤਾਂ ਉਸ ਨੇ ਮੈਨੂੰ ਅਣਡਿਠ ਸੁਆਮੀ ਵਿਖਾਲ ਦਿਤਾ।
ਜਗ[86] ਜੀਵਨੁ[87] ਦਾਤਾ[88] ਪੁਰਖੁ[89] ਬਿਧਾਤਾ[90] ਸਹਜ[91] ਮਿਲੇ ਬਨਵਾਰੀ[92] ॥	The Beneficent[88] Creator[90]-Lord[89], the Life[87] of the world[86] and the Master of woods[92] is met through resignation and faith[91].	ਜਗਤ[86] ਦੀ ਜਿੰਦ ਜਾਨ[87] ਅਤੇ ਜੰਗਲ[92] ਦਾ ਮਾਲਕ ਦਾਤਾਰ[88] ਸਿਰਜਣਹਾਰ[90] ਸੁਆਮੀ[89] ਭਰੋਸੇ[91] ਅਤੇ ਸਿਦਕ ਰਾਹੀਂ ਮਿਲਦਾ ਹੈ।
ਨਦਰਿ[93] ਕਰਹਿ[94] ਤੂ ਤਾਰਹਿ[95] ਤਰੀਐ[96] ਸਚੁ[100] ਦੇਵਹੁ[97] ਦੀਨ[98] ਦਇਆਲਾ[99] ॥	If Thou, O Lord, showest[94] mercy[93] and savest[95] me, then alone can I be saved[96]. O Compassionate[99] to the poor[98], bless[97] Thou me with Thy True Name[100].	ਜੇਕਰ ਤੂੰ, ਹੇ ਸੁਆਮੀ! ਰਹਿਮਤ[93] ਧਾਰੇਂ[94] ਅਤੇ ਮੇਰਾ ਪਾਰ ਉਤਾਰਾ[95] ਕਰੇਂ, ਕੇਵਲ ਤਾਂ ਹੀ ਮੈਂ ਪਾਰ ਉਤਰ[96] ਸਕਦਾ ਹਾਂ। ਹੇ ਗ਼ਰੀਬਾਂ[98] ਤੇ ਮਿਹਰਬਾਨ[99]! ਤੂੰ ਮੈਨੂੰ ਆਪਣਾ ਸੱਚਾ ਨਾਮ[100] ਪਰਦਾਨ ਕਰ[97]।
ਪ੍ਰਣਵਤਿ[2] ਨਾਨਕ ਦਾਸਨਿ ਦਾਸਾ[3] ਤੂ ਸਰਬ[4] ਜੀਆ[5] ਪ੍ਰਤਿਪਾਲਾ[6] ॥੧॥	Prays[2] Nanak, Thou art the Cherisher[6] of all[4] the beings[5], O Lord, and I am the slave of Thine slaves[3].	ਗੁਰੂ ਜੀ ਬੇਨਤੀ ਕਰਦੇ[2] ਹਨ, ਤੂੰ ਸਾਰੇ[4] ਜੀਵਾਂ ਦਾ ਪਾਲਣ-ਪੋਸਣਹਾਰ[5] ਹੈਂ, ਹੇ ਸੁਆਮੀ! ਅਤੇ ਮੈਂ ਤੇਰੇ ਗੋਲਿਆਂ ਦਾ ਗੋਲਾ[3] ਹਾਂ।
ਭਰਿਪੁਰਿ[7] ਧਾਰਿ[8] ਰਹੇ ਅਤਿ[9] ਪਿਆਰੇ[10] ॥	My exceedingly[9] sweet[10] Guru is enshrined[8] in the Fullyfilling[7] Lord.	ਮੇਰਾ ਪਰਮ[9] ਮਿੱਠੜਾ[10] ਗੁਰੂ ਪਰੀਪੂਰਨ[7] ਪ੍ਰਮਾਤਮਾ[6] ਅੰਦਰ ਟਿਕਿਆ ਹੋਇਆ[8] ਹੈ।

ਸਬਦੇ[12] ਰਵਿ[13] ਰਹਿਆ ਗੁਰ ਰੂਪਿ[14] ਮੁਰਾਰੇ[15] ॥	The Guru, the embodiment[14] of God[15], remains absorbed[13] in the Lord's Name[12].	ਵਾਹਿਗੁਰੂ[15] ਸਰੂਪ[14] ਗੁਰਦੇਵ ਜੀ ਸਾਈਂ ਦੇ ਨਾਮ[12] ਅੰਦਰ ਲੀਨ ਰਹਿੰਦੇ[13] ਹਨ।
ਗੁਰ ਰੂਪ[16] ਮੁਰਾਰੇ [17]ਤ੍ਰਿਭਵਣ[18] ਧਾਰੇ[19] ਤਾਕਾ[20] ਅੰਤੁ[21] ਨ ਪਾਇਆ ॥	The Guru-God[16] has installed[19] the three[17] worlds[18]. His[20] limit[21] can be found not.	ਗੁਰੂ-ਪਰਮੇਸ਼ਰ[16] ਨੇ ਤਿੰਨੇ[17] ਜਹਾਨ[18] ਅਸਥਾਪਨ[19] ਕੀਤੇ ਹਨ। ਉਸ ਦਾ ਓੜਕ[21] ਪਾਇਆ[20] ਨਹੀਂ ਜਾ ਸਕਦਾ।
ਰੰਗੀ[22] ਜਿਨਸੀ[23] ਜੰਤ[24] ਉਪਾਏ[25] ਨਿਤ[26] ਦੇਵੈ[27] ਚੜੈ ਸਵਾਇਆ[28] ॥	The Lord has created[25] beings[24] of various colours[22] and kinds[23]. His bounties[27] increase[28] day by day[26].	ਸਾਈਂ ਨੇ ਅਨੇਕਾਂ ਰੰਗਾਂ[22] ਅਤੇ ਕਿਸਮਾਂ[23] ਦੇ ਜੀਵ[24] ਰਚੇ[25] ਹਨ। ਉਸ ਦੀਆਂ ਦਾਤਾਂ[27] ਰੋਜ਼-ਬ-ਰੋਜ਼[26]ਵਧੇਰੇ[28] ਹੁੰਦੀਆਂ ਜਾਂਦੀਆਂ ਹਨ।
ਅਪਰੰਪਰੁ[29] ਆਪੇ ਥਾਪਿ[30] ਉਥਾਪੇ[31] ਤਿਸੁ[32] ਭਾਵੈ[33] ਸੋ[34] ਹੋਵੈ[35] ॥	The Infinite Lord[29] Himself makes[30] and unmakes[31]. Whatever pleases[33] Him[32] that[34] comes to pass[35].	ਬੇਅੰਤ ਸੁਆਮੀ[29] ਆਪ ਹੀ ਬਣਾਉਂਦਾ[30] ਅਤੇ ਢਾਹੁੰਦਾ[31] ਹੈ। ਜਿਹੜਾ ਕੁਛ ਉਸ[32] ਨੂੰ ਚੰਗਾ ਲੱਗਦਾ[33] ਹੈ, ਉਹੀ[34] ਹੁੰਦਾ[35] ਹੈ।
ਨਾਨਕ ਹੀਰਾ[36] ਹੀਰੈ ਬੇਧਿਆ[37] ਗੁਣ[38] ਕੈ ਹਾਰਿ[39] ਪਰੋਵੈ[40] ॥੨॥	Nanak, the mind jewel[36] is pierced through[37] by the Guru's mind jewel and man weaves[40] himself into the garland[39] of virtues[38].	ਨਾਨਕ, ਮਨ ਦਾ ਜਵੇਹਰ[36] ਗੁਰਾਂ ਦੇ ਮਨ ਦੇ ਜਵੇਹਰ ਨਾਲ ਵਿੰਨ੍ਹਿਆ[37] ਜਾਂਦਾ ਹੈ ਅਤੇ ਇਨਸਾਨ ਆਪਣੇ ਆਪ ਨੂੰ ਨੇਕੀਆਂ[38] ਦੀ ਫੂਲਮਾਲਾ[39] ਅੰਦਰ ਗੁੰਦ[40] ਲੈਂਦਾ ਹੈ।
ਗੁਣ[41] ਗੁਣਹਿ[42] ਸਮਾਣੇ[43] ਮਸਤਕਿ[44] ਨਾਮ ਨੀਸਾਣੋ[45] ॥	The virtuous man[41] merges[43] in the virtuous Lord[42] and his brow[44] is stamped[45] with Lord's Name.	ਨੇਕ-ਬੰਦਾ[41] ਨੇਕ ਸੁਆਮੀ[42] ਅੰਦਰ ਲੀਨ ਹੋ ਜਾਂਦਾ[43] ਹੈ ਅਤੇ ਉਸ ਦੇ ਮੱਥੇ[44] ਉਤੇ ਸੁਆਮੀ ਦੇ ਨਾਮ ਦੀ ਮੋਹਰ ਲੱਗ ਜਾਂਦੀ[45] ਹੈ।
ਸਚੁ[46] ਸਾਚਿ[47] ਸਮਾਇਆ ਚੂਕਾ[48] ਆਵਣ ਜਾਣੋ ॥	The true person[46] merges in the True Lord[47] and his comings and goings cease[48].	ਸੱਚਾ ਪੁਰਸ਼[46] ਸੱਚੇ ਪ੍ਰਭੂ[47] ਅੰਦਰ ਲੀਨ ਹੋ ਜਾਂਦਾ ਹੈ ਅਤੇ ਉਸ ਦੇ ਆਉਣੇ ਅਤੇ ਜਾਣੇ ਮੁਕ ਜਾਂਦੇ[48] ਹਨ।
ਸਚੁ ਸਾਚਿ ਪਛਾਤਾ[49] ਸਾਚੈ[50] ਰਾਤਾ[51] ਸਾਚੁ[52] ਮਿਲੈ ਮਨਿ[53] ਭਾਵੈ[54] ॥ ਸਾਚੇ ਊਪਰਿ[58] ਅਵਰੁ ਨ ਦੀਸੈ[55] ਸਾਚੇ ਸਾਚਿ ਸਮਾਵੈ[57] ॥	The true person, who realises[49] the True Lord and is imbued[51] with truth[50], meets with the True One[52] and becomes pleasing[54] to His mind[53] No one is seen[55] above[58] the True Lord. The man of truth merges[57] in the True One.	ਸੱਚਾ ਪੁਰਸ਼ ਜੋ ਸੱਚੇ ਸਾਂਈਂ ਨੂੰ ਅਨੁਭਵ ਕਰਦਾ[49] ਹੈ ਅਤੇ ਸੱਚ[50]ਨਾਲ ਰੰਗਿਆ ਹੋਇਆ[51] ਹੈ,ਉਹ ਸਤਿਪੁਰਖ[52] ਨਾਲ ਮਿਲ ਜਾਂਦਾ ਹੈ ਅਤੇ ਉਸ ਦੇ ਚਿੱਤ[53] ਨੂੰ ਚੰਗਾ ਲੱਗਦਾ[54] ਹੈ। ਸੱਚੇ ਸੁਆਮੀ ਤੋਂ ਉਤੇ[58] ਕੋਈ ਭੀ ਨਜ਼ਰ[55] ਨਹੀਂ ਆਉਂਦਾ। ਸੱਚਾ ਇਨਸਾਨ ਸਤਿਪੁਰਖ ਅੰਦਰ ਲੀਨ[57] ਹੋ ਜਾਂਦਾ ਹੈ।
ਮੋਹਨਿ[59] ਮੋਹਿ ਲੀਆ ਮਨੁ ਮੇਰਾ ਬੰਧਨ[60] ਖੋਲਿ[61] ਨਿਰਾਰੇ[62] ॥	The Fascinating[59] Lord has fascinated my mind and loosening[61] my bonds[60] has set me free[62].	ਫ਼ਰੇਫ਼ਤਾ ਕਰ ਲੈਣ ਵਾਲੇ[59] ਸੁਆਮੀ ਨੇ ਮੇਰੇ ਚਿੱਤ ਨੂੰ ਫ਼ਰੇਫ਼ਤਾ ਕਰ ਲਿਆ ਹੈ ਅਤੇ ਮੇਰੀਆਂ ਬੇੜੀਆਂ[60] ਖੋਲ੍ਹ[61] ਕੇ ਮੈਨੂੰ ਰਿਹਾ ਕਰ ਦਿੱਤਾ[62] ਹੈ।
ਨਾਨਕ ਜੋਤੀ[63] ਜੋਤਿ[64] ਸਮਾਣੀ[65] ਜਾ[66] ਮਿਲਿਆ	Nanak when[66] I met with my most[67] darling Guru my light[64] merged[65]	ਨਾਨਕ ਜਦ[66] ਮੈਂ ਆਪਣੇ ਪਰਮ[67] ਪ੍ਰੀਤਵਾਨ[63] ਗੁਰਾਂ ਨੂੰ ਮਿਲ ਪਿਆ ਤਾਂ ਮੇਰਾ ਪ੍ਰਕਾਸ਼[64] ਪਰਮ ਪ੍ਰਕਾਸ਼[65]

ਅਤਿ[67] ਪਿਆਰੇ[68] ॥੩॥	in this Supreme Light[68].	ਵਿਚ ਲੀਨ ਹੋ ਗਿਆ[65] ।
ਸਚ ਘਰੁ[69] ਖੋਜਿ [70]ਲਹੇ[71] ਸਾਚਾ[72] ਗੁਰ ਥਾਨੋ[73] ॥	Through search[70], one finds[71] the True Home[69], the abode[73] of the True Guru[72].	ਖੋਜ-ਭਾਲ[70] ਰਾਹੀਂ, ਇਨਸਾਨ ਸੱਚੇ ਗੁਰਾਂ[72] ਦੇ ਸੱਚੇ ਅਸਥਾਨ[73], ਸੱਚੇ ਧਾਮ[69] ਨੂੰ ਲੱਭ ਲੈਂਦਾ[71] ਹੈ ।
ਮਨਮੁਖਿ[74] ਨਹ ਪਾਈਐ ਗੁਰਮੁਖਿ[75] ਗਿਆਨੋ[76] ॥	The egocentric[74] obtains not Divine comprehension[76], through the Guru.[75]	ਆਪ ਹੁਦਰਾ ਪੁਰਸ਼[74], ਗੁਰਾਂ ਦੇ ਰਾਹੀਂ[75], ਰੱਬੀ ਗਿਆਤ ਨੂੰ ਪਰਾਪਤ ਨਹੀਂ ਕਰਦਾ ।
ਦੇਵੈ[77] ਸਚੁ[78] ਦਾਨੋ[79] ਸੁ[80] ਪਰਵਾਨੋ[81] ਸਦ[82] ਦਾਤਾ[83] ਵਡ[84] ਦਾਣਾ[85] ॥	Whomsoever the Lord blesses[77] with the gift[79] of His True Name[78], he[80] becomes acceptable[81]. The supremely[84] wise[85] Lord is ever[82] the Giver[83].	ਜਿਸ ਕਿਸੇ ਨੂੰ ਪ੍ਰਭੂ ਆਪਣੇ ਸੱਚੇ ਨਾਮ[78] ਦੀ ਦਾਤ[79] ਬਖਸ਼ਦਾ[77] ਹੈ, ਉਹ[80] ਕਬੂਲ ਪੈ ਜਾਂਦਾ[81] ਹੈ । ਪਰਮ[84] ਸਿਆਣਾ[85] ਸੁਆਮੀ ਹਮੇਸ਼ਾ[82] ਹੀ ਦੇਣਹਾਰ[83] ਹੈ ।
ਅਮਰੁ[86] ਅਜੋਨੀ[87] ਅਸਥਿਰੁ[88] ਜਾਤੈ[89] ਸਾਚਾ ਮਹਲੁ[90] ਚਿਰਾਣਾ[91] ॥	The Lord is known[89] to be Imperishable[86], Unborn[87] and ever-stable[88]. Primordial[91] is His True mansion[90].	ਸੁਆਮੀ ਅਬਿਨਾਸ਼ੀ[86], ਅਜਨਮਾ[87] ਅਤੇ ਸਦੀਵੀ[88]ਸਥਿਰ ਜਾਣਿਆ ਜਾਂਦਾ[89] ਹੈ । ਮੁਢ ਕਦੀਮੀ[91] ਹੈ ਉਸ ਦਾ ਸੱਚਾ ਮੰਦਰ[90] ।
ਦੋਤਿ[92] ਉਚਾਪਤਿ[93] ਲੇਖੁ[94] ਨ ਲਿਖੀਐ[95] ਪ੍ਰਗਟੀ[96] ਜੋਤਿ[97] [98]ਮੁਰਾਰੀ[99] ॥	The day to day[92] account[94] is writ[95] not of the deeds (borrowed[93] goods) of him, on whom the Light[97] of God, the Enemy[99] of ego[98], has become manifest[96].	ਉਸ ਦੇ ਅਮਲਾਂ (ਉਧਾਰ ਦੇ ਸੌਦੇ[93]) ਦਾ ਰੋਜ਼-ਬ-ਰੋਜ਼[92] ਦਾ ਹਿਸਾਬ[94] ਲਿਖਿਆ[95] ਨਹੀਂ ਜਾਂਦਾ, ਜਿਸ ਦੇ ਉਤੇ ਹੰਕਾਰ[98] ਦੇ ਵੈਰੀ[99] ਹਰੀ, ਦਾ ਨੂਰ[97] ਨਾਜ਼ਲ[96] ਹੋਇਆ ਹੈ ।
ਨਾਨਕ ਸਾਚਾ ਸਾਚੈ[3] ਰਾਚਾ[4] ਗੁਰਮੁਖਿ[5] ਤਰੀਐ[6] ਤਾਰੀ[7] ॥੪॥੫॥	Nanak, the True person[2] is absorbed[4] in the True Lord[3] and by the Guru's grace[5] crosses[6] the world-stream[7].	ਨਾਨਕ, ਸੱਚਾ ਪੁਰਸ਼[2] ਸੱਚੇ ਸੁਆਮੀ[3] ਅੰਦਰ ਰਚਿਆ ਹੋਇਆ[4]ਹੈ ਤੇ ਗੁਰਾਂ ਦੀ ਦਇਆ[5] ਦੁਆਰਾ ਸੰਸਾਰ-ਨਦੀ[7] ਤੋਂ ਪਾਰ ਉਤਰ ਜਾਂਦਾ[6] ਹੈ ।
ਤੁਖਾਰੀ ਮਹਲਾ ੧ ॥	Tukhari Ist Guru.	ਤੁਖਾਰੀ ਪਹਿਲੀ ਪਾਤਿਸ਼ਾਹੀ ।
ਏ[13] ਮਨ[8] ਮੇਰਿਆ ਤੂ ਸਮਝੁ[9] ਅਚੇਤ[10] ਇਆਣਿਆ[12] ਰਾਮ ॥	O[13] my ignorant[10] and unconcious[12] soul[8], reform[9] thou thyself.	ਹੇ[13] ਮੇਰੀ ਬੇ-ਸਮਝ[10] ਅਤੇ ਅਗਿਆਤ[12] ਜਿੰਦੜੀਏ[8], ਤੂੰ ਆਪਣੇ ਆਪ ਨੂੰ ਸੁਧਾਰ[9] ।
ਏ ਮਨ ਮੇਰਿਆ ਛਡਿ[14] ਅਵਗੁਣ[15] ਗੁਣੀ[16] ਸਮਾਣਿਆ[17] ਰਾਮ ॥	O my soul, forsake[14] thou thine vice[15] and be absorbed[17] in virtues[16].	ਹੇ ਮੇਰੀ ਜਿੰਦੜੀਏ ! ਤੂੰ ਆਪਣੇ ਪਾਪਾਂ[15] ਨੂੰ ਤਿਆਗ[14] ਦੇ ਅਤੇ ਨੇਕੀਆਂ[16] ਅੰਦਰ ਲੀਨ[17] ਹੋ ਜਾ ।
ਬਹੁ[18] ਸਾਦ[19] ਲੁਭਾਣੇ[20] ਕਿਰਤ[21] ਕਮਾਣੇ[24] ਵਿਛੁੜਿਆ[22] ਨਹੀ ਮੇਲਾ[23] ॥	Thou art deluded[20] by many[18] worldly pleasures[19] and practisest[21] evil deeds[24]. Thus separated[22] thou shalt meet[23] not thy Lord.	ਤੈਨੂੰ ਘਣੇਰੀਆਂ[18] ਸੰਸਾਰੀ ਖੁਸ਼ੀਆਂ[19] ਨੇ ਗੁਮਰਾਹ ਕੀਤਾ ਹੋਇਆ[20] ਹੈ ਅਤੇ ਤੂੰ ਮੰਦੇ ਕਰਮ[24] ਕਰਦਾ[21] ਹੈਂ । ਐਕਰ ਵਿਛੁੜੇ ਹੋਏ[22] ਦਾ ਤੇਰਾ ਤੇਰੇ ਸੁਆਮੀ ਨਾਲ ਮਿਲਾਪ[23] ਨਹੀਂ ਹੋਣਾ ।
ਕਿਉ[25] ਦੁਤਰੁ[26] ਤਰੀਐ[27]	How[25] can the impassable[26] world	ਨਾ ਤਰੇ ਜਾਣ ਵਾਲਾ[26] ਸੰਸਾਰ ਸਮੁੰਦਰ ਕਿਸ ਤਰ੍ਹਾਂ[25]

ਜਮ[28] ਡਰਿ[29] ਮਰੀਐ[30] ਜਮ[32] ਕਾ ਪੰਥੁ[34] ਦੁਹੇਲਾ[33] ॥

ocean be ferried[27] across ? One is overawed[30] with the fear[29] of death[28]. Agonising[33] is the path[32] of the death's courier[31].

ਪਾਰ[27] ਕੀਤਾ ਸਕਦਾ ਹੈ ? ਜੀਵ ਮੌਤ[28] ਦੇ ਤ੍ਰਾਹ[29] ਨਾਲ ਭੈ-ਭੀਤ[30] ਹੋਇਆ ਹੋਇਆ ਹੈ । ਦੁਖਦਾਈ[33] ਹੈ ਮੌਤ ਦੇ ਦੂਤ[31] ਦਾ ਰਸਤਾ[32] ।

ਮਨਿ[34] ਰਾਮੁ ਨਹੀ ਜਾਤਾ[35] ਸਾਝ[36] ਪ੍ਰਭਾਤਾ[37] [38]ਅਵਘਟਿ[39] ਰੁਧਾ[40] ਕਿਆ[41] ਕਰੇ ॥

Man[34] knows[35] not his Lord in the eve[36] and morn[37] When entangled[40] in the difficult[38] path[39] what[41] will he do then ?

ਆਥਣੇ[36] ਅਤੇ ਸਵੇਰੇ[37] ਇਨਸਾਨ[34] ਆਪਣੇ ਸੁਆਮੀ ਨੂੰ ਨਹੀਂ ਜਾਣਦਾ[35] । ਜਦ ਔਖੇ[38] ਰਸਤੇ[39] ਵਿਚ ਫਸ ਗਿਆ[40] ਤਾਂ ਉਹ ਕੀ[41] ਕਰੇਗਾ ?

ਬੰਧਨਿ[42] ਬਾਧਿਆ[43] ਇਨ[44] ਬਿਧਿ[45] ਛੂਟੈ[46] ਗੁਰਮੁਖਿ[47] ਸੇਵੈ [48]ਨਰਹਰੇ[49] ॥੧॥

Bound[43] with bonds[42], he is released[46] only in this[44] way[45], that by the Guru's grace[47] he serves one God, the Man[48]-Lion[49].

ਜੂੜਾਂ[42] ਨਾਲ ਜਕੜਿਆ ਹੋਇਆ[43] ਉਹ ਕੇਵਲ ਇਸ[44] ਤਰੀਕੇ[45] ਨਾਲ ਰਿਹਾ[46] ਹੋ ਸਕਦਾ ਹੈ ਕਿ ਗੁਰਾਂ ਦੀ ਦਇਆ[47] ਦੁਆਰਾ ਉਹ ਮਨੁਸ਼[48]-ਸ਼ੇਰ ਸਰੂਪ[49] ਇਕ ਹਰੀ ਦੀ ਟਹਿਲ ਸੇਵਾ ਕਰੇ ।

ਏ ਮਨ ਮੇਰਿਆ ਛੋਡਿ ਆਲ ਜੰਜਾਲਾ[50] ਰਾਮ ॥

O my soul, abandon thou the household involvements[50].

ਹੇ ਮੇਰੀ ਜਿੰਦੜੀਏ ! ਤੂੰ ਘਰੇਲੂ ਪੁਆੜਿਆਂ[50] ਨੂੰ ਛੱਡ ਦੇ ।

ਏ ਮਨ ਮੇਰਿਆ ਹਰਿ ਸੇਵਹੁ[51] ਪੁਰਖੁ[52] ਨਿਰਾਲਾ[53] ਰਾਮ ॥

O my soul, serve[51] thou thy Detached[53] Lord[52] Master.

ਹੇ ਮੇਰੀ ਜਿੰਦੜੀਏ ! ਤੂੰ ਆਪਣੇ ਨਿਰਲੇਪ[53] ਸੁਆਮੀ[52] ਮਾਲਕ ਦੀ ਘਾਲ[51] ਕਮਾ ।

੧੧੧੩ 1113 ੧੧੧੩

ਹਰਿ ਸਿਮਰਿ[54] ਏਕੰਕਾਰੁ[55] ਸਾਚਾ ਸਭੁ ਜਗਤੁ[56] ਜਿੰਨਿ ਉਪਾਇਆ[57] ॥

Meditate[54] thou on the One[55] True Lord, who has created[57] the whole universe[56].

ਤੂੰ ਇਕ[55] ਸੱਚੇ ਸੁਆਮੀ ਦਾ ਆਰਾਧਨ[54] ਕਰ, ਜਿਸ ਨੇ ਸਾਰਾ ਆਲਮ[56] ਰਚਿਆ[57] ਹੈ ।

ਪਉਣੁ[58] ਪਾਣੀ ਅਗਨਿ[59] ਬਾਧੇ[60] ਗੁਰਿ[61] ਖੇਲੁ[62] ਜਗਤਿ ਦਿਖਾਇਆ[63] ॥

The Great-God[61] has kept within bounds[60] the air[58], water and fire[59] and has displayed[63] the world play[62].

ਵੱਡੇ ਵਾਹਿਗੁਰੂ[61] ਨੇ ਹਵਾ[58], ਜਲ ਅਤੇ ਅੱਗ[59] ਨੂੰ ਹੱਦਾਂ ਅੰਦਰ ਰਖਿਆ[60] ਹੈ ਅਤੇ ਸੰਸਾਰ ਦੀ ਖੇਡ[62] ਪਰਗਟ ਕੀਤੀ[63] ਹੈ ।

ਆਚਾਰਿ[64] ਤੂ ਵੀਚਾਰਿ[65] ਆਪੇ[66] ਹਰਿ ਨਾਮੁ ਸੰਜਮ[67] ਜਪ[68] ਤਪੋ[69] ॥

If thou meditate[65] on the Lord's Name, thou shalt of thyself[66], have good conduct[64], self-discipline[67], worship[68] and penance[69].

ਜੇਕਰ ਤੂੰ ਸੁਆਮੀ ਦੇ ਨਾਮ ਦਾ ਸਿਮਰਨ[65] ਕਰੇਂ ਤਾਂ ਤੈਨੂੰ ਸ਼ੁਭ ਆਚਰਨ[64], ਸਵੈ-ਜ਼ਬਤ[67], ਪੂਜਾ-ਪਾਠ[68] ਅਤੇ ਤਪੱਸਿਆ[69], ਆਪਣੇ ਆਪ[66] ਹੀ ਪਰਾਪਤ ਹੋ ਜਾਣਗੀਆਂ ।

ਸਖਾ[70] ਸੈਨੁ[71] ਪਿਆਰੁ[72] ਪ੍ਰੀਤਮੁ[73] ਨਾਮੁ ਹਰਿ ਕਾ ਜਪੁ ਜਪੋ[74] ॥੨॥

God's Name is thy comrade[70], kinsman[71] and dear[72] friend[73]. Remember and contemplate[74] it thou.

ਰੱਬ ਦਾ ਨਾਮ ਤੇਰਾ ਸਾਥੀ[70], ਸਨਬੰਧੀ[71] ਅਤੇ ਸਨੇਹੀ[72] ਸੱਜਣ[73] ਹੈ । ਤੂੰ ਇਸ ਦਾ ਆਰਾਧਨ[74] ਤੇ ਸਿਮਰਨ ਕਰ ।

ਏ ਮਨ ਮੇਰਿਆ ਤੂ ਥਿਰੁ[75] ਰਹੁ ਚੋਟ[76] ਨ ਖਾਵਹੀ[77] ਰਾਮ ॥

O my soul, remain thou steady[75] and then thou shalt not bear[77] the blows[76].

ਹੇ ਮੇਰੀ ਜਿੰਦੜੀਏ ! ਤੂੰ ਅਹਿੱਲ[75] ਰਹੁ ਤੇ ਤਦ ਤੂੰ ਸੱਟਾਂ[76] ਨਹੀਂ ਸਹਾਰੇਂਗੀ[77] ।

ਏ ਮਨ ਮੇਰਿਆ ਗੁਣ[78]

O my soul, singing God's praise[78]

ਮੇਰੀ ਜਿੰਦੜੀਏ ! ਵਾਹਿਗੁਰੂ ਦੀ ਮਹਿਮਾ[78] ਗਾਇਨ

ਗਾਵਹਿ ਸਹਜਿ[79] ਸਮਾਵਹੀ[80] ਰਾਮ ॥	thou halt easily[79] merge[80] in Him.	ਕਰਨ ਦੁਆਰਾ, ਸੁਖੈਨ[79] ਹੀ ਤੂੰ ਉਸ ਅੰਦਰ ਲੀਨ[80] ਹੋ ਜਾਵੇਂਗੀ ।
ਗੁਣ ਗਾਇ[81] ਰਾਮ ਰਸਾਇ[82] ਰਸੀਅਹਿ[83] ਗੁਰ ਗਿਆਨ[84] ਅੰਜਨੁ[85] ਸਾਰੁਹੇ[86] ॥	Hymning[87] the Lord's praise with love[81] and applying[83] the collyrium[85] of the Guru's gnosis[84] to thine eyes, thou shalt become happy[82]	ਪ੍ਰਭੂ ਦੀ ਕੀਰਤੀ ਪ੍ਰੇਮ[81] ਨਾਲ ਗਾਉਣ[87] ਅਤੇ ਗੁਰਾਂ ਦੀ ਬ੍ਰਹਮ ਗਿਆਤ[83] ਦਾ ਸੁਰਮਾ[85] ਆਪਣੀਆਂ ਅੱਖਾਂ ਵਿਚ ਪਾਉਣ[86] ਦੁਆਰਾ ਤੂੰ ਪ੍ਰਸੰਨ[82] ਹੋ ਜਾਏਂਗਾ ।
ਤ੍ਰੈ[87] ਲੋਕ[89] ਦੀਪਕੁ[88] ਸਬਦ[90] ਚਾਨਣੁ[92] ਪੰਚ ਦੂਤ[93] ਸੰਘਾਰਹੇ[94] ॥	Through the light[92] of the Name[91], which is the lamp[90] of the three[88] world[89], thou shalt slay[94] the five demons[93]	ਨਾਮ[91] ਦੇ ਪ੍ਰਕਾਸ਼[92] ਰਾਹੀਂ ਜੋ ਤਿੰਨਾਂ[88] ਜਹਾਨਾਂ[89] ਦਾ ਲੈਂਪ[90] ਹੈ, ਤੂੰ ਪੰਜਾਂ ਭੂਤਨਿਆਂ[93] ਨੂੰ ਮਾਰ ਲਵੇਂਗਾ[94] ।
ਭੈ[95] ਕਾਟਿ[96] ਨਿਰਭਉ[97] ਤਰਹਿ[2] ਦੁਤਰੁ[98] ਗੁਰਿ ਮਿਲੀਐ ਕਾਰਜ[99] ਸਾਰਏ[100] ॥	Thus allaying[96] thy fear[95] thou shalt become fear-free[97] and shalt cross[2] the impassable[98] world ocean. Meeting with the Guru thine affairs[99] shall be adjusted[100].	ਇਸ ਤਰ੍ਹਾਂ ਆਪਣੇ ਡਰ[95] ਨੂੰ ਦੂਰ ਕਰ ਕੇ[96] ਤੂੰ ਨਿਡਰ[97] ਹੋ ਜਾਵੇਂਗਾ ਅਤੇ ਨਾ ਤਰੇ ਜਾਣ ਵਾਲੇ[98] ਸੰਸਾਰ ਸਮੁੰਦਰ ਤੋਂ ਪਾਰ[2] ਉਤਰ ਜਾਵੇਂਗਾ । ਗੁਰਾਂ ਨਾਲ ਮਿਲ ਕੇ, ਤੇਰੇ ਕੰਮ ਕਾਜ[99] ਰਾਸ ਹੋ ਜਾਣਗੇ[100] ।
ਰੂਪੁ[3] ਰੰਗੁ[4] ਪਿਆਰੁ[5] ਹਰਿ ਸਿਉ ਹਰਿ ਆਪਿ[6] ਕਿਰਪਾ[7] ਧਾਰਏ[8] ॥੩॥	If thou enjoyest the beauty[3] of the Lord's love[4] and affection[5], the Lord, of Himself[6], shall show[8] mercy[7] unto Thee.	ਜੇਕਰ ਤੂੰ ਪ੍ਰਭੂ ਦੀ ਪ੍ਰੀਤ[4] ਅਤੇ ਪਿਰਹੜੀ[5] ਦੀ ਸੁੰਦਰਤਾ[3] ਦਾ ਅਨੰਦ ਮਾਣਦਾ ਹੈਂ ਤਾਂ ਪ੍ਰਭੂ, ਆਪੇ[6] ਹੀ ਤੇਰੇ ਉਤੇ ਮਿਹਰ[7] ਕਰੇਗਾ[8] ।
ਏ ਮਨ ਮੇਰਿਆ ਤੂ ਕਿਆ[9] ਲੈ ਆਇਆ[10] ਕਿਆ ਲੈ ਜਾਇਸੀ[12] ਰਾਮ ॥	O my soul, what[9] didst thou bring[10] into the world and what shalt thou take[12] with thee ?	ਹੇ ਮੇਰੀ ਜਿੰਦੜੀਏ ! ਤੂੰ ਇਸ ਸੰਸਾਰ ਅੰਦਰ ਕੀ[9] ਲਿਆਈ[10] ਸੈਂ ਅਤੇ ਤੂੰ ਕੀ ਆਪਣੇ ਨਾਲ ਲੈ ਜਾਵੇਂਗੀ[12] ?
ਏ ਮਨ ਮੇਰਿਆ ਤਾ[13] ਛੂਟਸੀ[14] ਜਾ[15] ਭਰਮੁ[16] ਚੁਕਾਇਸੀ[17] ਰਾਮ ॥	O my soul, when[15] thou dispellest[17] thy doubt[16], then[13] alone shalt thou be emancipated[14].	ਹੇ ਮੇਰੀ ਜਿੰਦੇ ! ਜਦ[15] ਤੂੰ ਆਪਣਾ ਸੰਦੇਹ[16] ਦੂਰ[17] ਕਰੇਂਗੀ ਕੇਵਲ ਤਦ[13] ਹੀ ਤੇਰੀ ਬੰਦਖਲਾਸ[14] ਹੋਵੇਗੀ ।
ਧਨੁ[18] ਸੰਚਿ[19] ਹਰਿ ਹਰਿ ਨਾਮ ਵਖਰੁ[20] ਗੁਰ ਸਬਦਿ[21] ਜਾਉ[22] ਪਛਾਣਹੇ[23] ॥	Amass[19] thou the wealth[18] and capital[20] of the Lord God's Name. Through the Guru's word[21], thou shalt know[23] their worth[22].	ਤੂੰ ਸੁਆਮੀ ਵਾਹਿਗੁਰੂ ਦੇ ਨਾਮ ਦੀ ਦੌਲਤ[18] ਅਤੇ ਪੂੰਜੀ[20] ਨੂੰ ਇਕੱਤਰ[19] ਕਰ । ਗੁਰਾਂ ਦੀ ਬਾਣੀ[21] ਰਾਹੀਂ, ਤੂੰ ਉਨ੍ਹਾਂ ਦੇ ਮੁਲ[22] ਨੂੰ ਜਾਣ[23] ਲਵੇਂਗਾ ।
ਮੈਲੁ[24] ਪਰਹਰਿ[25] ਸਬਦਿ[26] ਨਿਰਮਲੁ[27] ਮਹਲੁ[28] ਘਰੁ[29] ਸਚੁ ਜਾਣਹੇ[30] ॥	Through the Lord's immaculate[27] Name[26], thy filth[24] shall be washed off[25] and thou shall know[30] thy True mansion[28] and home[29].	ਪ੍ਰਭੂ ਦੇ ਪਵਿਤ੍ਰ[27] ਨਾਮ[26] ਦੇ ਰਾਹੀਂ ਤੇਰੀ ਗੰਦਗੀ[24] ਧੋਤੀ ਜਾਵੇਗੀ[25] ਅਤੇ ਤੂੰ ਆਪਣੇ ਸਚੇ ਮੰਦਰ[28] ਅਤੇ ਧਾਮ[29] ਨੂੰ ਜਾਣ[30] ਲਵੇਂਗਾ ।
ਪਤਿ ਨਾਮੁ[31] ਪਾਵਹਿ[32] ਘਰਿ ਸਿਧਾਵਹਿ[33] ਝੋਲਿ[34]	Through the Name, thou shalt obtain[32] honour[31], reach[33] thy 'Home'	ਨਾਮ ਦੇ ਰਾਹੀਂ ਤੂੰ ਇਜ਼ਤ ਆਬਰੂ[31] ਪਾ ਲਵੇਂਗਾ[32] ਆਪਣੇ 'ਗ੍ਰਹਿ' ਜਾ ਪੁਜੇਂਗਾ[33] ਅਤੇ ਪਾਪਾਂ ਨੂੰ ਪਰੇ

ਅੰਮ੍ਰਿਤ[35] ਪੀ[36] ਰਸੋ[37] ॥	and brushing[34] aside sins, shalt indrink[36] the Lord's immortalising[35] Nectar[37].	ਹਟਾ ਪ੍ਰਭੂ ਦੇ ਸੁਰਜੀਤ ਕਰਨ ਵਾਲੇ[35] ਆਬਿ-ਹਿਯਾਤ[37] ਨੂੰ ਪਾਨ ਕਰੇਂਗਾ[36] ।
ਹਰਿ ਨਾਮੁ ਧਿਆਈਐ[38] ਸਬਦਿ[39] ਰਸੁ[40] ਪਾਈਐ[41] [42]ਵਡਭਾਗਿ[43] ਜਪੀਐ[44] ਹਰਿ ਜਸੋ[45] ॥੪॥	Contemplating[38] the Lord's Name, man is blessed[41] with the Lord's[39] elixir[40] and through great[42]good fortune[43], utters[44] he God's praise[45].	ਸੁਆਮੀ ਦੇ ਨਾਮ ਦਾ ਸਿਮਰਨ[38] ਕਰਨ ਦੁਆਰਾ ਇਨਸਾਨ ਨੂੰ ਸੁਆਮੀ[39] ਦੇ ਅੰਮ੍ਰਿਤ[40] ਦੀ ਦਾਤ ਪਰਾਪਤ[41] ਹੁੰਦੀ ਹੈ ਤੇ ਪਰਮ[42] ਚੰਗੇ ਨਸੀਬ[43] ਰਾਹੀਂ, ਉਹ ਵਾਹਿਗੁਰੂ ਦੀ ਮਹਿਮਾ[45] ਦਾ ਉਚਾਰਨ[44] ਕਰਦਾ ਹੈ ।
ਏ ਮਨ ਮੇਰਿਆ ਬਿਨੁ ਪਉੜੀਆ[48] ਮੰਦਰਿ[46] ਕਿਉ[47] ਚੜੈ[49] ਰਾਮ ॥	O my soul, without the Name's ladder[48], how[47] shalt thou mount[49] to the Lord's mansion[46] ?	ਹੇ ਮੇਰੀ ਜਿੰਦੇ ! ਨਾਮ ਦੀ ਪੌੜੀ[48] ਦੇ ਬਗੈਰ ਤੂੰ ਕਿਸ ਤਰ੍ਹਾਂ[47] ਸੁਆਮੀ ਦੇ ਮਹਲ[46] ਤੇ ਚੜ੍ਹੇਂਗੀ[49] ?
ਏ ਮਨ ਮੇਰਿਆ ਬਿਨੁ ਬੇੜੀ[50] ਪਾਰਿ[51] ਨ ਅੰਬੜੈ[52] ਰਾਮ ॥	O my soul without the Name's boat[50], thou shalt not reach[52] the yonder[51] shore.	ਹੇ ਮੇਰੀ ਜਿੰਦੇ ! ਨਾਮ ਦੀ ਕਿਸ਼ਤੀ[50] ਦੇ ਬਗੈਰ ਤੂੰ ਪਰਲੇ[51] ਕਿਨਾਰੇ ਨਹੀਂ ਪੁਜੇਂਗੀ[52] ।
ਪਾਰਿ[53] ਸਾਜਨੁ[54] ਅਪਾਰੁ[55] ਪ੍ਰੀਤਮੁ[56] ਗੁਰ ਸਬਦ[57] ਸੁਰਤਿ[58] ਲੰਘਾਵਏ[59] ॥	On the yonder[53] shore is thy loved[56] Infinite[55] Friend[54]. The consciousness[58] of the Guru's word[57] alone, shall ferry[59] thee across.	ਪਰਲੇ[53] ਕੰਢੇ ਤੇਰਾ ਪਿਆਰਾ[56] ਅਨੰਤ[55] ਮਿਤ੍ਰ[54] ਹੈ । ਕੇਵਲ ਗੁਰਾਂ ਦੀ ਬਾਣੀ[57] ਦੀ ਸੂਝ[58] ਹੀ ਤੈਨੂੰ ਪਾਰ[59] ਲੰਘਾਏਗੀ ।
ਮਿਲਿ[64] ਸਾਧ ਸੰਗਤਿ ਕਰਹਿ[60] ਰਲੀਆ[61] ਫਿਰਿ[62] ਨ ਪਛੋਤਾਵਏ[63] ॥	Joining[64] the society of the saints, thou shalt enjoy[60] bliss[61] and regret[63] not afterwards[62].	ਸਤਿਸੰਗਤ ਨਾਲ ਜੁੜ ਕੇ[64], ਤੂੰ ਅਨੰਦ[61] ਮਾਣੇਂਗੀ[60] ਅਤੇ ਮਗਰੋਂ[62] ਪਸਚਾਤਾਪ[63] ਨਹੀਂ ਕਰੇਂਗੀ ।
ਕਰਿ ਦਇਆ[64]* ਦਾਨੁ[65] ਦਇਆਲ[66] ਸਾਚਾ ਹਰਿ[67] ਨਾਮ ਸੰਗਤਿ[68] ਪਾਵਓ[69] ॥	My compassionate[66] True Lord[67] God, Mercifully[64]* bless[69] Thou me with bounty[65] of Thy Name and the saints' society[68].	ਮੇਰੇ ਦਇਆਵਾਨ[66] ਸੱਚੇ ਸੁਆਮੀ[67] ਵਾਹਿਗੁਰੂ, ਮਇਆ ਧਾਰ[64] ਕੇ* ਤੂੰ ਮੈਨੂੰ ਆਪਣੇ ਨਾਮ ਅਤੇ ਸਤਿਸੰਗਤ[68] ਦੀ ਦਾਤ[65] ਪਰਦਾਨ[69] ਕਰ ।
ਨਾਨਕੁ ਪਇਅੰਪੈ[70] ਸੁਣਹੁ ਪ੍ਰੀਤਮ[71] ਗੁਰ ਸਬਦਿ[72] ਮਨੁ[73] ਸਮਝਾਵਓ[74] ॥੫॥੬॥	Supplicates[70] Nanak, "Hear Thou, O my Loved Lord[71], instruct[74] Thou My mind[73] through the Guru's word[72]".	ਗੁਰੂ ਜੀ ਬੇਨਤੀ[70] ਕਰਦੇ ਹਨ, 'ਤੂੰ ਸੁਣ ਹੇ ਮੇਰੇ ਪਿਆਰੇ[71] ਪ੍ਰਭੂ ! ਗੁਰਾਂ ਦੀ ਬਾਣੀ[72] ਰਾਹੀਂ ਤੂੰ ਮੇਰੇ ਮਨੂਏ[73] ਨੂੰ ਸਿਖਮਤ[74] ਪਰਦਾਨ ਕਰ ।"
ਤੁਖਾਰੀ ਛੰਤ ਮਹਲਾ ੪	**Tukhari Chhant 4th Guru**	**ਤੁਖਾਰੀ ਛੰਤ ਚੌਥੀ ਪਾਤਿਸ਼ਾਹੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਅੰਤਰਿ[75] ਪਿਰੀ[76]ਪਿਆਰੁ[77]	Within[75] me is the love[77] of my	ਮੇਰੇ ਅੰਦਰ[75] ਆਪਣੇ ਪਤੀ[76] ਦਾ ਪ੍ਰੇਮ[77] ਹੈ । ਆਪਣੇ

ਕਿਉ[78] ਪਿਰ[79] ਬਿਨੁ ਜੀਵੀਐ[80] ਰਾਮ ॥	Groom[76]. How[78] can I live[80] without my Beloved[79].	ਪ੍ਰੀਤਮ[79] ਦੇ ਬਾਝੋਂ ਮੈਂ ਕਿਸ ਤਰ੍ਹਾਂ[78] ਜੀਉ[80] ਸਕਦੀ ਹਾਂ ?
ਜਬ[81] ਲਗੁ ਦਰਸੁ[82] ਨ ਹੋਇ ਕਿਉ ਅੰਮ੍ਰਿਤੁ[83] ਪੀਵੀਐ[84] ਰਾਮ ॥	So long[81] as I have not His vision[82]; how can I indrink[84] the Name-Nectar[83] ?	ਜਦ ਤਾਂਈ[81] ਮੈਨੂੰ ਉਸ ਦਾ ਦੀਦਾਰ[82] ਨਹੀਂ ਹੁੰਦਾ; ਮੈਂ ਨਾਮ-ਸੁਧਾਰਸ[83] ਨੂੰ ਕਿਸ ਤਰ੍ਹਾਂ ਪਾਨ[84] ਕਰ ਸਕਦੀ ਹਾਂ ?
ਕਿਉ ਅੰਮ੍ਰਿਤੁ[85] ਪੀਵੀਐ[86] ਹਰਿ ਬਿਨੁ ਜੀਵੀਐ ਤਿਸੁ[87] ਬਿਨੁ ਰਹਨੁ ਨ ਜਾਏ ॥	How can I quaff[88] Nectar[85] and live[86] without God ? Without Him[87] I can live not.	ਵਾਹਿਗੁਰੂ ਦੇ ਬਗੈਰ ਮੈਂ ਕਿਸ ਤਰ੍ਹਾਂ ਸੁਧਾਰਸ[85] ਪਾਨ[86] ਕਰ ਸਕਦੀ ਤੇ ਜਿਊ ਸਕਦੀ[88] ਹਾਂ ? ਉਸ[87] ਦੇ ਬਾਝੋਂ ਮੈਂ ਰਹਿ ਨਹੀਂ ਸਕਦੀ ।
ਅਨਦਿਨੁ[89] ਪ੍ਰਿਉ[90] ਪ੍ਰਿਉ ਕਰੇ[91] ਦਿਨੁ[92] ਰਾਤੀ ਪਿਰ[95] ਬਿਨੁ ਪਿਆਸ[93] ਨ ਜਾਏ[94] ॥	Night and day[89] ever[92] cry[91] I "Beloved[90], my Beloved". Without Spouse[95] my thirst[93] is quenched[94] not.	ਰੈਣ ਅਤੇ ਦਿਹੁੰ[89] ਮੈਂ ਹਮੇਸ਼ਾਂ[92] ਹੀ "ਪ੍ਰੀਤਮ[90], ਮੇਰਾ ਪ੍ਰੀਤਮ", ਪੁਕਾਰਦੀ[91] ਹਾਂ । ਆਪਣੇ ਕੰਤ[95] ਦੇ ਬਾਝੋਂ ਮੇਰੀ ਤ੍ਰੇਹ[93] ਬੁਝਦੀ[94] ਹੀ ਨਹੀਂ ।
ਅਪਣੀ ਕ੍ਰਿਪਾ[96] ਕਰਹੁ[99] ਹਰਿ ਪਿਆਰੇ[97] ਹਰਿ ਹਰਿ ਨਾਮੁ ਸਦ[98] ਸਾਰਿਆ[100] ॥	O my loved[97] God,the Lord Master, shower[99] Thou Thine benediction[96] on me, that I may ever[98] meditate[100] on Thy Name.	ਹੇ ਮੇਰੇ ਲਾਡਲੇ[97] ਵਾਹਿਗੁਰੂ ਸੁਆਮੀ ਮਾਲਕ ! ਤੂੰ ਆਪਣੀ ਰਹਿਮਤ[96] ਮੇਰੇ ਉਤੇ ਧਾਰ[99], ਤਾਂ ਜੋ ਮੈਂ ਸਦੀਵ[98] ਹੀ ਤੇਰੇ ਨਾਮ ਦਾ ਆਰਾਧਨ[100] ਕਰਾਂ ?
ਗੁਰ ਕੈ ਸਬਦਿ[2] ਮਿਲਿਆ ਮੈ ਪ੍ਰੀਤਮੁ[3] ਹਉ ਸਤਿਗੁਰ ਵਿਟਹੁ[4] ਵਾਰਿਆ[5] ॥੧॥	Through the Guru's word[2], I have met with my Love[3]. Unto[4] my True Guru, I am a sacrifice[5].	ਗੁਰਾਂ ਦੀ ਬਾਣੀ[2] ਰਾਹੀਂ ਮੈਂ ਆਪਣੇ ਪਿਆਰੇ[3] ਨੂੰ ਮਿਲ ਪਿਆ ਹਾਂ । ਆਪਣੇ ਸੱਚੇ ਗੁਰਾਂ ਉਤੋਂ[4] ਮੈਂ ਕੁਰਬਾਨ[5] ਜਾਂਦਾ ਹਾਂ ।
ਜਬ ਦੇਖਾਂ ਪਿਰ[6] ਪਿਆਰਾ[7] ਹਰਿ ਗੁਣ[8] ਰਸਿ[9] ਰਵਾ[10] ਰਾਮ ॥	When I see my Loved[7] God, the Groom[6], I utter[10] His praise[8] with love[9].	ਜਦ ਮੈਂ ਆਪਣੇ ਲਾਡਲੇ[7] ਵਾਹਿਗੁਰੂ ਕੰਤ[6] ਨੂੰ ਵੇਖਦੀ ਹਾਂ ਤਾਂ ਮੈਂ ਪਿਆਰ[9] ਨਾਲ ਉਸ ਦੀ ਕੀਰਤੀ[8] ਉਚਾਰਨ[10] ਕਰਦੀ ਹਾਂ ।
੧੧੧੪	**1114**	**੧੧੧੪**
ਮੇਰੈ ਅੰਤਰਿ[12] ਹੋਇ ਵਿਗਾਸੁ[13] ਪ੍ਰਿਉ[14] ਪ੍ਰਿਉ ਸਚੁ ਨਿਤ[15] ਚਵਾ[16] ਰਾਮ ॥	My within[12] is in bloom[13] and I ever[15] utter[16], "My Beloved[14], my True Beloved".	ਮੇਰਾ ਅੰਦਰ[12] ਖਿੜਾਉ[13] ਵਿਚ ਹੈ ਅਤੇ ਮੈਂ ਸਦਾ[15] "ਮੇਰਾ ਪ੍ਰੀਤਮ[14], ਮੇਰਾ ਸੱਚਾ ਪ੍ਰੀਤਮ" ਪੁਕਾਰਦੀ[16] ਹਾਂ ।
ਪ੍ਰਿਉ ਚਵਾ ਪਿਆਰੇ[20] ਸਬਦਿ[17] ਨਿਸਤਾਰੇ[18] ਬਿਨੁ ਦੇਖੇ ਤ੍ਰਿਪਤਿ[19] ਨ ਆਵਏ ॥	I utter the praise of my sweet[20] Beloved. I am emancipated[18]through His Name[17] and am satiated[19] not without seeing Him.	ਮੈਂ ਆਪਣੇ ਮਿਠੜੇ[20] ਪ੍ਰੀਤਮ ਦੀ ਕੀਰਤੀ ਉਚਾਰਦੀ ਹਾਂ, ਉਸ ਦੇ ਨਾਮ[17] ਰਾਹੀਂ ਮੁਕਤ[18] ਥੀਂਵਦੀ ਹਾਂ ਅਤੇ ਉਸ ਨੂੰ ਵੇਖੇ ਬਗੈਰ ਮੈਨੂੰ ਰੱਜ[19] ਨਹੀਂ ਆਉਂਦਾ ।
ਸਬਦਿ[21] ਸੀਗਾਰੁ[22] ਹੋਵੈ ਨਿਤ[23] ਕਾਮਣਿ[24] ਹਰਿ ਹਰਿ ਨਾਮੁ ਧਿਆਵਏ[25] ॥	The Lord's bride[24], who is ever[23] adorned[22] with the Guru's word[21], contemplates[25]. the Lord Master's Name.	ਸਾਂਈਂ ਦੀ ਪਤਨੀ[24], ਜੋ ਸਦਾ[23] ਗੁਰਬਾਣੀ[21] ਨਾਲ ਸ਼ਿੰਗਾਰੀ[22] ਹੋਈ ਹੈ, ਸੁਆਮੀ ਮਾਲਕ ਦੇ ਨਾਮ ਦਾ ਸਿਮਰਨ[25] ਕਰਦੀ ਹੈ ।
ਦਇਆ[26] ਦਾਨੁ[27] ਮੰਗਤ[28]	O my Guru, bless[29] then me, thy	ਹੇ ਮੇਰੇ ਗੁਰਦੇਵ ! ਮੈਂ ਆਪਣੇ ਮੰਗਤੇ[28], ਨੂੰ ਤੂੰ ਆਪਣੀ

ਜਨ ਦੀਜੈ[29] ਮੈ ਪ੍ਰੀਤਮੁ[30] ਦੇਹੁ ਮਿਲਾਏ[31] ॥	beggar[28], with the bounty[27] of thy mercy[26] and unite[31] me with my Love[30].	ਰਹਿਮਤ[26] ਦੀ ਦਾਤ[27] ਬਖਸ਼[29] ਅਤੇ ਮੈਨੂੰ ਮੇਰੇ ਪਿਆਰੇ[30] ਨਾਲ ਮਿਲਾ[31] ਦੇ।
ਅਨਦਿਨੁ[32] ਗੁਰੁ ਗੋਪਾਲੁ[33] ਧਿਆਈ[34] ਹਮ ਸਤਿਗੁਰ ਵਿਟਹੁ[35] ਘੁਮਾਏ[36] ॥੨॥	Night and day[32] meditate[34] I on my Guru-God[33] and am a sacrifice[36] unto[35] the True Guru.	ਰਾਤ ਅਤੇ ਦਿਨ[32] ਮੈਂ ਆਪਣੇ ਗੁਰੂ-ਪ੍ਰਮੇਸ਼ਰ[33] ਨੂੰ ਯਾਦ ਕਰਦੀ[34] ਹਾਂ ਅਤੇ ਆਪਣੇ ਸੱਚੇ ਗੁਰਾਂ ਉਤੋਂ[35] ਘੋਲੀ[36] ਜਾਂਦੀ ਹਾਂ।
ਹਮ ਪਾਥਰ[37] ਗੁਰ ਨਾਵ[38] ਬਿਖੁ[39] [40]ਭਵਜਲੁ[41] ਤਾਰੀਐ[42] ਰਾਮ ॥	I am a stone[37] in thy boat[38], O Guru. Take thou me across[42] the dreadful[40] ocean[41] of poison[39].	ਹੇ ਗੁਰਦੇਵ! ਤੇਰੀ ਬੇੜੀ[38] ਵਿਚ ਮੈਂ ਇਕ ਪੱਥਰ[37] ਹਾਂ। ਤੂੰ ਮੈਨੂੰ ਜ਼ਹਿਰ[39] ਦੇ ਡਰਾਉਣੇ[40] ਸਮੁੰਦਰ[41] ਤੋਂ ਪਾਰ[42] ਕਰ ਦੇ!
ਗੁਰ ਦੇਵਹੁ[42*] ਸਬਦੁ[43] ਸੁਭਾਇ[44] ਮੈ ਮੂੜ[45] ਨਿਸਤਾਰੀਐ[46] ਰਾਮ ॥	Lovingly[44] bless[42*] me thou with the Lord's Name[43] and emancipate[46] me, the fool[45], O Guru.	ਪਿਆਰ ਨਾਲ[44] ਤੂੰ ਮੈਨੂੰ ਪ੍ਰਭੂ ਦਾ ਨਾਮ[43] ਪਰਦਾਨ[42*] ਕਰ ਅਤੇ ਮੈਂ ਮੂਰਖ[45] ਦੀ ਕਲਿਆਣ[46] ਕਰ ਦੇ, ਹੇ ਗੁਰਦੇਵ!
ਹਮ ਮੂੜ ਮੁਗਧ[47] ਕਿਛੁ[48] ਮਿਤਿ[49] ਨਹੀ ਪਾਈ[51] ਤੂ ਅਗੰਮੁ[50] ਵਡ[52] ਜਾਣਿਆ॥	I, a fool and an idiot[47], know[51] not Thine extent[49] even a little[48]. Thou art known to be great[52] and beyond reach[50].	ਮੈਂ ਮੂਰਖ ਅਤੇ ਬੁਧੂ[47], ਭੋਰਾ ਭਰ[48] ਭੀ ਤੇਰੇ ਵਿਸਥਾਰ[49] ਨੂੰ ਨਹੀਂ ਜਾਣਦਾ[51]। ਤੂੰ ਵਿਸ਼ਾਲ[52] ਅਤੇ ਪਹੁੰਚ[50] ਤੋਂ ਪਰੇ ਜਾਣਿਆ ਜਾਂਦਾ ਹੈਂ।
ਤੂ ਆਪਿ ਦਇਆਲੁ[53] ਦਇਆ[54] ਕਰਿ ਮੇਲਹਿ ਹਮ ਨਿਰਗੁਣੀ[55] ਨਿਮਾਣਿਆ[56] ॥	Thou Thyself art Merciful[53] and mercifully[54] unitest me, the virtueless[55] and honourless[56] one, with Thee, O Lord.	ਤੂੰ ਖੁਦ ਮਿਹਰਬਾਨ[53] ਹੈਂ ਅਤੇ ਮਿਹਰਬਾਨੀ ਕਰ ਕੇ[54] ਮੈਂ ਨੇਕੀ-ਵਿਹੂਣ[55] ਅਤੇ ਬੇਇਜ਼ਤੇ[56] ਨੂੰ ਆਪਣੇ ਨਾਲ ਮਿਲਾ ਲੈਂਦਾ ਹੈਂ।
ਅਨੇਕ[57] ਜਨਮ[58] ਪਾਪ[59] ਕਰਿ[60] ਭਰਮੇ[61] ਹੁਣਿ ਤਉ ਸਰਣਾਗਤਿ[62] ਆਏ[63] ॥	Through[60] sins[59], I have wandered[61] in various[57] species[58] and now have sought[63] Thine refuge[62], O Lord.	ਗੁਨਾਹ[59] ਕਰਕੇ[60] ਮੈਂ ਅਨੇਕਾਂ[57] ਜੂਨੀਆਂ[58] ਅੰਦਰ ਭਟਕਿਆ[61] ਹਾਂ ਅਤੇ ਹੁਣ ਤੇਰੀ ਪਨਾਹ[62] ਲਈ[63] ਹੈ, ਹੇ ਸੁਆਮੀ!
ਦਇਆ[64] ਕਰਹੁ ਰਖਿ[65] ਲੇਵਹੁ ਹਰਿਜੀਉ[66] ਹਮ ਲਾਗਹ[67] ਸਤਿਗੁਰ ਪਾਏ[68]॥੩॥	Take Thou pity[64] on me, O Sire Master[66] and save[65] me. I have, now, repaired[67] to the True Guru's feet[68]	ਤੂੰ ਮੇਰੇ ਉਤੇ ਤਰਸ[64] ਕਰ, ਹੇ ਮਹਾਰਾਜ[66], ਮਾਲਕ! ਅਤੇ ਮੇਰੀ ਰੱਖਿਆ[65] ਕਰ! ਮੈਂ ਹੁਣ ਸੱਚੇ ਗੁਰਾਂ ਦੇ ਪੈਰੀਂ[68] ਲਗ ਗਿਆ[67] ਹਾਂ।
ਗੁਰ ਪਾਰਸ[69] ਹਮ ਲੋਹ[70] ਮਿਲਿ[71] ਕੰਚਨੁ[72] ਹੋਇਆ[73] ਰਾਮ ॥	The Guru is the philosopher's stone[69] and through his touch[71], I, the iron[70], have been transmuted[73] into gold[72]	ਗੁਰੂ ਜੀ ਰਸਾਇਣ[69] ਹਨ ਅਤੇ ਉਨ੍ਹਾਂ ਦੀ ਛੁਹ[71] ਰਾਹੀਂ ਮੈਂ, ਲੋਹਾ[70], ਸੋਨਾ[72] ਹੋ ਗਿਆ[73] ਹਾਂ।
ਜੋਤੀ[74] ਜੋਤਿ[75] ਮਿਲਾਇ[76] ਕਾਇਆ[77] ਗੜੁ[78] ਸੋਹਿਆ[79] ਰਾਮ ॥	My light[75] is merged[76] in the Lord's Light[74], and now my body[77] fortress[78] looks beauteous[79].	ਮੇਰਾ ਪ੍ਰਕਾਸ਼[75] ਪ੍ਰਭੂ ਦੇ ਪ੍ਰਕਾਸ਼[74] ਅੰਦਰ ਲੀਨ[76] ਹੋ ਗਿਆ ਹੈ, ਅਤੇ ਹੁਣ ਮੇਰੀ ਦੇਹ[77] ਦਾ ਕਿਲ੍ਹਾ[78] ਸੁੰਦਰ[79] ਲਗਦਾ ਹੈ।
ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ[80]	Captivated[80] by my Lord, my body fortress looks beauteous. How[81] can	ਮੇਰੇ ਸੁਆਮੀ ਦਾ ਮੋਹਤ ਕੀਤਾ ਹੋਇਆ[80] ਮੇਰੀ ਦੇਹ ਦਾ ਕਿਲ੍ਹਾ ਸੁੰਦਰ ਦਿਸਦਾ ਹੈ। ਆਪਣੇ ਹਰ ਸੁਆਸ[82]

ਕਿਉ[81] ਸਾਸਿ[82] ਗਿਰਾਸਿ[83] ਵਿਸਾਰੀਐ[84] ॥	I forget[84] Him with every breath[82] and morsel[83] of mine ?	ਅਤੇ ਬੁਰਕੀ[83] ਨਾਲ ਮੈਂ ਉਸ ਨੂੰ ਕਿਸ ਤਰ੍ਹਾਂ[81] ਭੁਲਾ ਸਕਦਾ[84] ਹਾਂ ?
ਅਦ੍ਰਿਸਟੁ[85] ਅਗੋਚਰੁ[86] ਪਕੜਿਆ[87] ਗੁਰ ਸਬਦੀ[88] ਹਉ ਸਤਿਗੁਰ ਕੈ ਬਲਿਹਾਰੀਐ[89] ॥	The Unseeable[85] and Incomprehensible[86] Lord, I have seized[87] through the Guru's word[88]. Unto my True Guru, I am a sacrifice[89].	ਅਡਿੱਠ[85] ਅਤੇ ਅਗਾਧ[86] ਪ੍ਰਭੂ ਨੂੰ ਮੈਂ ਗੁਰਾਂ ਦੀ ਬਾਣੀ[88] ਰਾਹੀਂ ਫੜ ਲਿਆ[87] ਹੈ। ਆਪਣੇ ਸੱਚੇ ਗੁਰਾਂ ਉਤੋਂ ਮੈਂ ਘੋਲੀ[89] ਜਾਂਦਾ ਹਾਂ।
ਸਤਿਗੁਰ ਆਗੈ ਸੀਸੁ[90] ਭੇਟ[91] ਦੇਉ ਜੇ ਸਤਿਗੁਰ ਸਾਚੇ ਭਾਵੈ[92] ॥	I would surrender[91] my head[90] to my True Guru, if the True Satguru so wills[92].	ਜੇਕਰ ਸੱਚੇ ਸਤਿਗੁਰ ਨੂੰ ਇਸ ਤਰ੍ਹਾਂ ਚੰਗਾ ਲਗੇ[92], ਤਾਂ ਮੈਂ ਆਪਣਾ ਸਿਰ[90] ਸੱਚੇ ਗੁਰਾਂ ਨੂੰ ਸਮਰਪਨ[91] ਕਰ ਦੇਵਾਂਗਾ।
ਆਪੇ ਦਇਆ[93] ਕਰਹੁ[94] ਪ੍ਰਭ ਦਾਤੇ[95] ਨਾਨਕ ਅੰਕਿ[96] ਸਮਾਵੈ[97] ॥੪॥੧॥	Says Nanak, O my Beneficent[95] Lord, Thou Thyself show[94] mercy[93] unto me, that I may merge[97] in Thine Being[96].	ਗੁਰੂ ਜੀ ਆਖਦੇ ਹਨ, ਹੇ ਮੇਰੇ ਦਾਤਾਰ[95] ਸੁਆਮੀ ! ਤੂੰ ਖ਼ੁਦ ਮੇਰੇ ਉਤੇ ਮਿਹਰ[93] ਧਾਰ[94], ਤਾਂ ਜੋ ਮੈਂ ਤੇਰੇ ਸਰੂਪ[96] ਅੰਦਰ ਲੀਨ[97] ਹੋ ਜਾਵਾਂ।
ਤੁਖਾਰੀ ਮਹਲਾ ੪ ॥	**Tukhari 4th Guru.**	ਤੁਖਾਰੀ ਚੌਥੀ ਪਾਤਿਸ਼ਾਹੀ।
ਹਰਿ ਹਰਿ ਅਗਮ[99] ਅਗਾਧਿ[98] ਅਪਰੰਪਰ[100] ਅਪਰਪਰਾ[2] ॥	My Lord Master is Unapproachable[99], Unfathomable[98], Illimitable[100] and the Remotest of the remote[2].	ਮੇਰਾ ਸੁਆਮੀ ਮਾਲਕ ਅਪਹੁੰਚ[99], ਅਥਾਹ[98], ਬੇਹੱਦ[100] ਅਤੇ ਪਰੇ ਤੋਂ ਪਰੇ[2] ਹੈ।
ਜੋ ਤੁਮ ਧਿਆਵਹਿ[3] [4]ਜਗਦੀਸ[5] ਤੇ[6] ਜਨ[7] ਭਉ[8] ਬਿਖਮੁ[9] ਤਰਾ[10] ॥	They, who meditate[3] on Thee, O Lord[5] of the universe[4]; those[6] persons[7] cross[10] the arduous[9] and terrible[8] world-ocean.	ਜਿਹੜੇ ਤੇਰਾ ਸਿਮਰਨ[3] ਕਰਦੇ ਹਨ, ਹੇ ਆਲਮਾਂ[4] ਦੇ ਸੁਆਮੀ[5] ! ਉਹ[6] ਪੁਰਸ਼[7] ਕਠਨ[9] ਅਤੇ ਭਿਆਨਕ[8] ਸੰਸਾਰ ਸਮੁੰਦਰ ਤੋਂ ਪਾਰ[10] ਹੋ ਜਾਂਦੇ ਹਨ।
ਬਿਖਮ ਭਉ ਤਿਨ ਤਰਿਆ ਸੁਹੇਲਾ[12] ਜਿਨ ਹਰਿ ਹਰਿ ਨਾਮੁ ਧਿਆਇਆ[13] ॥	They who contemplate[13] the Lord God's Name easily[12] swim across the arduous and terrible world ocean.	ਜੋ ਸੁਆਮੀ ਵਾਹਿਗੁਰੂ ਦੇ ਨਾਮ ਦਾ ਆਰਾਧਨ[13] ਕਰਦੇ ਹਨ, ਉਹ ਕਠਨ ਤੇ ਭਿਆਨਕ ਸੰਸਾਰ ਸਮੁੰਦਰ ਤੋਂ ਸੁਖੈਨ[12] ਹੀ ਪਾਰ ਹੋ ਜਾਂਦੇ ਹਨ।
ਗੁਰ ਵਾਕਿ[14] ਸਤਿਗੁਰ ਜੋ ਭਾਇ[15] ਚਲੇ[16] ਤਿਨ[17] ਹਰਿ ਹਰਿ ਆਪਿ[18] ਮਿਲਾਇਆ[19] ॥	They, who lovingly[15] walk[16] according to the Guru, the True Guru's word[14], them[17] the Lord God blends[19] with Himself[18].	ਜੋ ਗੁਰਾਂ, ਸੱਚੇ ਗੁਰਾਂ ਦੇ ਬਚਨ[14] ਅਨੁਸਾਰ ਪਿਆਰ ਨਾਲ[15] ਟੁਰਦੇ[16] ਹਨ, ਉਹਨਾਂ[17] ਨੂੰ ਸੁਆਮੀ ਵਾਹਿਗੁਰੂ ਆਪਣੇ[18] ਨਾਲ ਅਭੇਦ[19] ਕਰ ਲੈਂਦਾ ਹੈ।
ਜੋਤੀ[20] ਜੋਤਿ[21] ਮਿਲਿ[22] ਜੋਤਿ[23] ਸਮਾਣੀ[24] ਹਰਿ ਕ੍ਰਿਪਾ[25] ਕਰਿ[26] [27]ਧਰਣੀਧਰਾ[28] ॥	When God, the Support[28] of the world[27], shows[26] mercy[25], then one's light[23] meeting[22] with the supreme Light[21] merges[24] in the Luminous[20] Lord.	ਜਦ ਜਗਤ[27] ਦਾ ਆਸਰਾ[28], ਵਾਹਿਗੁਰੂ ਮਿਹਰ[25] ਧਾਰਦਾ[26] ਹੈ ਤਾਂ ਜੀਵ ਦਾ ਨੂਰ[23] ਪਰਮ ਨੂਰ[21] ਨਾਲ ਮਿਲ[22] ਕੇ, ਪ੍ਰਕਾਸ਼ਵਾਨ[20] ਪ੍ਰਭੂ ਅੰਦਰ ਲੀਨ[24] ਹੋ ਜਾਂਦਾ ਹੈ।
ਹਰਿ ਹਰਿ ਅਗਮ ਅਗਾਧਿ	My Lord God is Unapproachable,	ਮੇਰਾ ਸੁਆਮੀ ਵਾਹਿਗੁਰੂ ਪਹੁੰਚ ਤੋਂ ਪਰੇ, ਸਮਝ ਤੋਂ

ਅਪਰੰਪਰ ਅਪਰਪਰਾ ॥੧॥	Unknowable, Illimitable and the Remotest of the remote.	ਬਾਹਰ, ਬੇਹਦ ਅਤੇ ਪਰੇਡੇ ਤੋਂ ਪਰੇਡੇ ਹੈ ।
ਤੁਮ ਸੁਆਮੀ ਅਗਮ[29] ਅਥਾਹ[30] ਤੂ ਘਟਿ[31] ਘਟਿ ਪੂਰਿ[32] ਰਹਿਆ ॥	My Master, Thou art beyond reach[29] and fathomless[30]. Thou art fully contained[32] in every heart[31].	ਮੇਰੇ ਮਾਲਕ, ਤੂੰ ਪਹੁੰਚ ਤੋਂ ਪਰੇ[29] ਅਤੇ ਬੇ-ਇਨਤਹਾ[30] ਹੈਂ । ਤੂੰ ਹਰ ਦਿਲ[31] ਅੰਦਰ ਪਰੀਪੂਰਨ[32] ਹੋ ਰਿਹਾ ਹੈਂ ।
ਤੂ ਅਲਖ[33] ਅਭੇਉ[34] ਅਗੰਮੁ[35] ਗੁਰ[36] ਸਤਿਗੁਰ ਬਚਨਿ[37] ਲਹਿਆ[38] ॥	Thou, O Lord, art Unseen[33], Inscrutable[34] and Limitless[35] and art found[38] through the great[36] True Guru's word[37].	ਤੂੰ ਹੇ ਸੁਆਮੀ ! ਅਦ੍ਰਿਸ਼ਟ[33] ਭੇਦ-ਰਹਿਤ[34] ਅਤੇ ਹਦ-ਬੰਨਾ-ਰਹਿਤ[35] ਹੈਂ ਅਤੇ ਵਿਸ਼ਾਲ[36] ਸੱਚੇ ਗੁਰਾਂ ਦੀ ਬਾਣੀ[37] ਦੁਆਰਾ ਲਭਦਾ[38] ਹੈਂ ।
ਧਨੁ[39] ਧੰਨੁ ਤੇ[40] ਜਨ[42] ਪੁਰਖ[41] ਪੂਰੇ[43] ਜਿਨ[44] ਗੁਰ ਸੰਤ ਸੰਗਤਿ[45]ਮਿਲਿ[46] ਗੁਣ[47] ਰਵੇ[48] ॥	Blessed[39], blessed art those[40] powerful[41] and perfect[43] persons[42], who[44] associating[46] with the Saint-Guru's association[45] utter[48] God's praise[47].	ਮੁਬਾਰਕ[39], ਮੁਬਾਰਕ ਹਨ ਉਹ[40] ਬਲਵਾਨ[41] ਤੇ ਪੂਰਨ[43] ਪੁਰਸ਼[42], ਜੋ[44] ਸਾਧੂ-ਗੁਰਾਂ ਦੀ ਸੰਗਤ[45] ਨਾਲ ਜੁੜ[46] ਕੇ ਵਾਹਿਗੁਰੂ ਦੀ ਕੀਰਤੀ[47] ਉਚਾਰਨ[48] ਕਰਦੇ ਹਨ ।
ਬਿਬੇਕ[49] ਬੁਧਿ[50]ਬੀਚਾਰਿ[51] ਗੁਰਮੁਖਿ[52] ਗੁਰ ਸਬਦਿ[53] ਖਿਨੁ[54] ਖਿਨੁ ਹਰਿ ਨਿਤ[55] ਚਵੇ[56] ॥	The Guru-wards[52] of discriminating[49] intellect[50], every moment[54] reflect[51] on the Guru's word[53] and ever[55] utter[56] the Lord's Name.	ਪ੍ਰਬੀਨ[49] ਮੱਤ[50] ਵਾਲੇ ਗੁਰੂ-ਅਨੁਸਾਰੀ[52] ਹਰ ਮੁਹਤ[54] ਗੁਰਾਂ ਦੀ ਬਾਣੀ[53] ਨੂੰ ਸੋਚਦੇ ਵੀਚਾਰਦੇ[51] ਅਤੇ ਸਦਾ[55] ਸੁਆਮੀ ਦੇ ਨਾਮ ਨੂੰ ਉਚਾਰਦੇ[56] ਹਨ ।
ਜਾ[57] ਬਹਹਿ[58] ਗੁਰਮੁਖਿ[59] ਹਰਿ ਨਾਮੁ ਬੋਲਹਿ[60] ਜਾ ਖੜੇ ਗੁਰਮੁਖਿ ਹਰਿ ਹਰਿ[61] ਕਹਿਆ ॥	When[57] the Guru-ward[59] sits[58], he utters[60] the Lord's Name and when the Guru-ward stands, even then he repeats the Lord's Name[61].	ਜਦ[57] ਗੁਰੂ-ਅਨੁਸਾਰੀ[59] ਬਹਿੰਦਾ[58] ਹੈ, ਉਹ ਪ੍ਰਭੂ ਦੇ ਨਾਮ ਨੂੰ ਉਚਾਰਦਾ[60] ਹੈ ਅਤੇ ਜਦ ਗੁਰੂ-ਅਨੁਸਾਰੀ ਖਲੋਂਦਾ ਹੈ ਉਦੋਂ ਭੀ ਉਹ ਪ੍ਰਭੂ ਦੇ ਨਾਮ[61] ਨੂੰ ਹੀ ਜਪਦਾ ਹੈ ।
ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥੨॥	Thou, O my Lord, art beyond reach and Unfathomable. Thou art fully-filling all the hearts.	ਤੂੰ ਹੇ ਮੇਰੇ ਸਾਈਂ ! ਪਹੁੰਚ ਤੋਂ ਪਰੇ ਅਤੇ ਬੇਥਾਹ ਹੈਂ । ਤੂੰ ਸਾਰਿਆਂ ਦਿਲਾਂ ਨੂੰ ਪਰੀਪੂਰਨ ਕਰ ਰਿਹਾ ਹੈਂ ।
ਸੇਵਕ ਜਨ[62] ਸੇਵਹਿ ਤੇ[63] ਪਰਵਾਣੁ[64] ਜਿਨ ਸੇਵਿਆ ਗੁਰਮਤਿ[65] ਹਰੇ ॥	The servants[62] who serve God and who serve Him under the Guru's instruction[65], they[63] become acceptable[64].	ਦਾਸ[62] ਜੋ ਹਰੀ ਦੀ ਸੇਵਾ ਕਰਦੇ ਹਨ ਅਤੇ ਜੋ ਗੁਰਾਂ ਦੀ ਸਿੱਖਿਆ[65] ਤਾਬੇ ਉਸ ਦੀ ਸੇਵਾ ਕਰਦੇ ਹਨ, ਉਹ[63] ਕਬੂਲ[64] ਪੈ ਜਾਂਦੇ ਹਨ ।
ਤਿਨ[66] ਕੇ ਕੋਟਿ[67] ਸਭਿ[68] ਪਾਪ ਖਿਨੁ[69] ਪਰਹਰਿ[70] ਹਰਿ ਦੂਰਿ[71] ਕਰੇ ॥	Millions[67] of their[66] sins, God all[68] effaces[70] and casts off[71] in an instant[69].	ਉਹਨਾਂ[66] ਦੇ ਕ੍ਰੋੜਾਂ[67] ਹੀ ਗੁਨਾਹ ਵਾਹਿਗੁਰੂ ਇਕ ਮੁਹਤ[69] ਵਿਚ ਸਮੂਹ[68] ਮੇਟ[70] ਕੇ ਦੂਰ ਕਰ ਦਿੰਦਾ[71] ਹੈ ।
੧੧੧੫	**1115**	**੧੧੧੫**
ਤਿਨ ਕੇ ਪਾਪ ਦੋਖ[72] ਸਭਿ ਬਿਨਸੇ[73]ਜਿਨ ਮਨਿ ਚਿਤਿ[74] ਇਕੁ ਅਰਾਧਿਆ[75] ॥	Of them all the sins and blames[72] are washed[73] off, who with their mind and heart[74] meditate[75] on the One Lord.	ਉਨ੍ਹਾਂ ਦੇ ਸਾਰੇ ਕਸਮਲ ਅਤੇ ਦੂਸ਼ਨ[72] ਧੋਤੇ ਜਾਂਦੇ[73] ਹਨ ਜੋ ਆਪਣੇ ਮਨ ਤੇ ਦਿਲ[74] ਨਾਲ ਇਕ ਸੁਆਮੀ ਨੂੰ ਸਿਮਰਦੇ[75] ਹਨ ।

ਤਿਨ ਕਾ ਜਨਮੁ[76] ਸਫਲਿਉ[77] ਸਭੁ ਕੀਆ ਕਰਤੈ[78]ਜਿਨ ਗੁਰ ਬਚਨੀ[79] ਸਚੁ[80] ਭਾਖਿਆ[81] ॥	Fruitful[77] is made by the Creator[78], the life[76] of those, who through the Guru's word[79], utter[81] the True Name[80].	ਫਲਦਾਇਕ[77] ਬਣਾ ਦਿੰਦਾ ਹੈ, ਸਿਰਜਣਹਾਰ[78] ਜੀਵਨ[76] ਉਹਨਾਂ ਦਾ ਜੋ ਗੁਰਾਂ ਦੇ ਸ਼ਬਦ[79] ਰਾਹੀਂ ਸੱਚੇ ਨਾਮ[80] ਦਾ ਉਚਾਰਨ ਕਰਦੇ ਹਨ।
ਤੇ[82] ਧੰਨੁ[83] ਜਨ[84] [85]ਵਡਪੁਰਖ[86] ਪੂਰੇ[87] ਜੋ ਗੁਰਮਤਿ[88] ਹਰਿ ਜਪਿ[89] ਭਉ[90] ਬਿਖਮੁ[91] ਤਰੇ[93] ॥	Blessed[83] are the[82] men[84] and great[85] and perfect[87] the persons[86], who contemplating[89] God, by Guru's instruction[88]cross[93] the terrible[90]and arduous[91] world-ocean.	ਮੁਬਾਰਕ[83] ਹਨ ਉਹ[82] ਇਨਸਾਨ[84] ਅਤੇ ਵਡੇ[85] ਤੇ ਪੂਰਨ[87] ਉਹ ਪੁਰਸ਼[86] ਜੋ ਗੁਰਾਂ ਦੇ ਉਪਦੇਸ਼[88] ਦੁਆਰਾ ਵਾਹਿਗੁਰੂ ਨੂੰ ਸਿਮਰ[89] ਕੇ ਭਿਆਨਕ[90] ਤੇ ਕਠਨ[91] ਸੰਸਾਰ ਸਮੁੰਦਰ ਤੋਂ ਪਾਰ[93] ਉਤਰ ਜਾਂਦੇ ਹਨ।
ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥੩॥	The servants, who serve God and who serve Him under Guru's instruction, they become acceptable.	ਦਾਸਰੇ ਜੋ ਹਰੀ ਦੀ ਸੇਵਾ ਕਰਦੇ ਹਨ ਅਤੇ ਜੋ ਗੁਰਾਂ ਦੀ ਸਿੱਖਿਆ ਅਨੁਸਾਰ ਸੇਵਾ ਕਰਦੇ ਹਨ ਉਹ ਕਬੂਲ ਪੈ ਜਾਂਦੇ ਹਨ।
ਤੂ ਅੰਤਰਜਾਮੀ[94] ਹਰਿ ਆਪਿ ਜਿਉ[95] ਤੂ ਚਲਾਵਹਿ[95]* ਪਿਆਰੇ[96] ਹਉ ਤਿਵੈ[97] ਚਲਾ ॥	Thou Thyself, O my Loved[96] God, art the searcher of hearts[94]. As[95] Thou makest me walk[95]*, so[97] do walk I.	ਤੂੰ ਆਪੇ ਹੀ ਹੇ ਮੇਰੇ ਪ੍ਰੀਤਮ[96] ਵਾਹਿਗੁਰੂ! ਦਿਲਾਂ ਦੀਆਂ ਜਾਣਨਹਾਰ[94] ਹੈਂ। ਜਿਸ ਤਰ੍ਹਾਂ[95] ਤੂੰ ਮੈਨੂੰ ਟੋਰਦਾ[95]* ਹੈਂ, ਉਸੇ ਤਰ੍ਹਾਂ[97] ਹੀ ਮੈਂ ਟੁਰਦਾ ਹਾਂ।
ਹਮਰੈ ਹਾਥਿ[98] ਕਿਛੁ ਨਾਹਿ ਜਾ[99] ਤੂ ਮੇਲਹਿ ਤਾ[100] ਹਉ ਆਇ ਮਿਲਾ ॥	Nothing is in my hand[98]. When[99] Thou unitest, then[100] come I and unite with Thee.	ਮੇਰੇ ਹੱਥ ਵਸ[98] ਕੁਝ ਭੀ ਨਹੀਂ। ਜਦ[99] ਤੂੰ ਮਿਲਾਉਂਦਾ ਹੈਂ, ਤਦ[100] ਮੈਂ ਆ ਕੇ ਤੇਰੇ ਨਾਲ ਮਿਲ ਜਾਂਦਾ ਹਾਂ।
ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ[2] ਛੁਟਕਿ[3] ਗਇਆ ॥	They whom Thou unitest with Thyself, O Lord God, all their account[2] is finally settled[3].	ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ, ਹੇ ਪ੍ਰਭੂ ਪ੍ਰਮੇਸ਼ਰ, ਉਹਨਾਂ ਦਾ ਸਾਰਾ ਹਿਸਾਬ ਕਿਤਾਬ[2] ਬੇਬਾਕ ਹੋ ਜਾਂਦਾ[3] ਹੈ।
ਤਿਨ ਕੀ ਗਣਤ[4] ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ[5] ਹਰਿ ਮੇਲਿ ਲਇਆ ॥	No one, O brother, should go into the account[4] of those, whom through the Guru's instruction[5], God has united with Himself.	ਕੋਈ ਜਣਾ, ਹੇ ਭਰਾਵਾ, ਉਨ੍ਹਾਂ ਦਾ ਲੇਖਾ ਪੱਤਾ[4] ਨਾ ਕਰੇ, ਜਿਨ੍ਹਾਂ ਨੂੰ ਗੁਰਾਂ ਦੇ ਉਪਦੇਸ਼[5] ਰਾਹੀਂ ਵਾਹਿਗੁਰੂ ਨੇ ਆਪਣੇ ਨਾਲ ਮਿਲਾ ਲਿਆ ਹੈ।
ਨਾਨਕ ਦਇਆਲੁ[6] ਹੋਆ ਤਿਨ ਊਪਰਿ ਜਿਨ ਗੁਰ ਕਾ ਭਾਣਾ[7] ਮੰਨਿਆ[8] ਭਲਾ[9] ॥	The Lord becomes merciful[6] unto those, who accept[8] the Guru's will[7] as good[9], O Nanak.	ਪ੍ਰਭੂ ਉਹਨਾਂ ਉਤੇ ਮਇਆਵਾਨ[6] ਹੋ ਜਾਂਦਾ ਹੈ, ਜੋ ਗੁਰਾਂ ਦੀ ਰਜ਼ਾ[7] ਨੂੰ ਚੰਗਾ[9] ਜਾਣ ਕਬੂਲ[8] ਕਰਦੇ ਹਨ, ਹੇ ਨਾਨਕ!
ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥੪॥੨॥	Thou Thyself, O my Loved God, art the Searcher of hearts. As Thou makest me walk, so do walk I.	ਤੂੰ ਆਪੇ ਹੀ, ਹੇ ਮੇਰੇ ਪ੍ਰੀਤਮ ਵਾਹਿਗੁਰੂ! ਦਿਲਾਂ ਦੀਆਂ ਜਾਣਨਹਾਰ ਹੈਂ। ਜਿਸ ਤਰ੍ਹਾਂ ਤੂੰ ਮੈਨੂੰ ਟੋਰਦਾ ਹੈਂ ਉਸੇ ਤਰ੍ਹਾਂ ਹੀ ਮੈਂ ਟੁਰਦਾ ਹਾਂ।

ਤੁਖਾਰੀ ਮਹਲਾ ੪ ॥	Tukhari 4th Guru.	ਤੁਖਾਰੀ ਚੋਥੀ ਪਾਤਿਸ਼ਾਹੀ।
ਤੂ ਜਗ[10] ਜੀਵਨੁ[12] ਜਗਦੀਸੁ[13] ਸਭ ਕਰਤਾ[14] ਸ੍ਰਿਸਟਿ[15] ਨਾਥੁ[16] ॥	Thou, O God, art the Life[12] of the world[10], the Master[13] of the universe and the Creator[14]-Lord[16] of all the creation[15].	ਤੂੰ ਹੇ ਵਾਹਿਗੁਰੂ! ਜਗਤ[10] ਦੀ ਜਿੰਦ ਜਾਨ[12] ਸੰਸਾਰ ਦਾ ਮਾਲਕ[13] ਅਤੇ ਸਾਰੀ ਰਚਨਾ[15] ਦਾ ਸਿਰਜਣਹਾਰ[14] ਸੁਆਮੀ[16] ਹੈਂ।
ਤਿਨ[17] ਤੂ ਧਿਆਇਆ[18] ਮੇਰਾ ਰਾਮੁ ਜਿਨ ਕੈ ਧੁਰਿ[19] ਲੇਖੁ[20] ਮਾਥੁ[21] ॥	They[17] alone meditate[18] on Thee, O my Lord, on whose brow[21] there is such a primal[19] writ[20].	ਕੇਵਲ ਉਹ[17] ਹੀ ਤੇਰਾ ਸਿਮਰਨ ਕਰਦੇ[18] ਹਨ, ਹੇ ਮੇਰੇ ਮਾਲਕ ਜਿਨ੍ਹਾਂ ਦੇ ਮਥੇ[21] ਉਤੇ ਇਹੋ ਜਹੀ ਆਦੀ[19] ਲਿਖਤਾਕਾਰ[20] ਹੈ।
ਜਿਨ ਕਉ ਧੁਰਿ[22] ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ[23] ॥	They, who are so pre[22]-ordained by God, the Master, they alone contemplate[23] the Lord Master's Name.	ਜਿਨ੍ਹਾਂ ਲਈ ਵਾਹਿਗੁਰੂ ਸਾਈਂ ਨੇ ਮੁੱਢ[22] ਤੋਂ ਐਸਾ ਲਿਖਿਆ ਹੋਇਆ ਹੈ, ਕੇਵਲ ਉਹ ਹੀ ਸੁਆਮੀ ਮਾਲਕ ਦੇ ਨਾਮ ਦਾ ਸਿਮਰਨ[23] ਕਰਦੇ ਹਨ।
ਤਿਨ ਕੇ ਪਾਪ[24] ਇਕ ਨਿਮਖ[25] ਸਭਿ[26] ਲਾਥੇ ਜਿਨ ਗੁਰ ਬਚਨੀ[27] ਹਰਿ ਜਾਪਿਆ[28] ॥	They, who by Guru's word[27] dwell[28] on God, all their sins[24] are eradicated[26] in a moment[25].	ਜੋ ਗੁਰਾਂ ਦੀ ਬਾਣੀ[27] ਦੁਆਰਾ ਆਪਣੇ ਹਰੀ ਨੂੰ ਸਿਮਰਦੇ[28] ਹਨ, ਉਨ੍ਹਾਂ ਦੇ ਸਾਰੇ ਗੁਨਾਹ[24] ਇਕ ਮੁਹਤ[25] ਵਿਚ ਨਸ਼ਟ ਹੋ ਜਾਂਦੇ[26] ਹਨ।
ਧਨੁ[29] ਧੰਨੁ ਤੇ[30] ਜਨ[31] ਜਿਨ ਹਰਿ ਨਾਮੁ ਜਪਿਆ[32] ਤਿਨ ਦੇਖੇ ਹਉ ਭਇਆ ਸਨਾਥੁ[33] ॥	Blessed[29], blessed are the[30] persons[31], who meditate[32] on the Lord's Name. Seeing them I have been accredited[33].	ਸੁਲੱਖਣੇ[29], ਸੁਲੱਖਣੇ ਹਨ ਉਹ[30] ਪੁਰਸ਼[31] ਜੋ ਪ੍ਰਭੂ ਦੇ ਨਾਮ ਦਾ ਅਰਾਧਨ[32] ਕਰਦੇ ਹਨ। ਉਨ੍ਹਾਂ ਨੂੰ ਵੇਖ ਕੇ ਮੈਂ ਕਿਰਤਾਰਥ[33] ਹੋ ਗਿਆ ਹਾਂ।
ਤੂ ਜਗ ਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥੧॥	Thou, O God, art the Life of the world, the Master of the Universe, and the Creator-Lord of all the creation.	ਤੂੰ, ਹੇ ਵਾਹਿਗੁਰੂ, ਜਗਤ ਦੀ ਜਿੰਦ ਜਾਨ, ਆਲਮ ਦਾ ਮਾਲਕ ਅਤੇ ਸਾਰੀ ਰਚਨਾ ਦਾ ਸਿਰਜਣਹਾਰ-ਸੁਆਮੀ ਹੈਂ।
ਤੂ ਜਲਿ[34] ਥਲਿ[35] ਮਹਿਅਲਿ[36] ਭਰਪੂਰਿ[37] ਸਭ ਊਪਰਿ[38] ਸਾਚੁ ਧਣੀ[39] ॥	Thou art fully contained[37] in ocean[34], land[35] and sky[36]. Thou, O True Master[39] art the over Lord[38] of all.	ਤੂੰ ਸਮੁੰਦਰ[34], ਧਰਤੀ[35] ਅਤੇ ਅਸਮਾਨ[36] ਅੰਦਰ ਪਰੀਪੂਰਨ[37] ਹੈਂ। ਤੂੰ, ਹੇ ਸੱਚੇ ਮਾਲਕ[39]! ਸਾਰਿਆਂ ਦਾ ਸ਼ਰੋਮਣੀ ਸਾਹਿਬ[38] ਹੈਂ।
ਜਿਨ ਜਪਿਆ[40] ਹਰਿ[41] ਮਨਿ ਚੀਤਿ[42] ਹਰਿ ਜਪਿ ਜਪਿ[44] ਮੁਕਤੁ[45] ਘਣੀ[46] ॥	Many[46], who with their mind[41] and heart[42] meditate[40] on the Lord Master, and who remember and contemplate[44] Him, are emancipated[45].	ਅਨੇਕਾਂ[46] ਹੀ ਜੋ ਆਪਣੇ ਹਿਰਦੇ[41] ਅਤੇ ਦਿਲ[42] ਨਾਲ ਸੁਆਮੀ ਮਾਲਕ ਨੂੰ ਸਿਮਰਦੇ[40] ਹਨ ਅਤੇ ਜੋ ਉਸ ਨੂੰ ਯਾਦ[44] ਤੇ ਚੇਤੇ ਕਰਦੇ ਹਨ, ਮੁਕਤ[45] ਹੋ ਜਾਂਦੇ ਹਨ।
ਜਿਨ ਜਪਿਆ[47] ਹਰਿ ਤੇ[48] ਮੁਕਤ ਪ੍ਰਾਣੀ[49] ਤਿਨ ਕੇ	The mortals[49], who remember[47] God, they[48] are delivered. Their faces[51]	ਜੀਵ[49] ਜੋ ਹਰੀ ਨੂੰ ਯਾਦ ਕਰਦੇ[47] ਹਨ, ਉਹ[48] ਮੁਕਤ ਹੋ ਜਾਂਦੇ ਹਨ। ਰੱਬ ਦੇ ਦਰਬਾਰ[52] ਅੰਦਰ ਉਨ੍ਹਾਂ ਦੇ

ਊਜਲ[50] ਮੁਖ[51] ਹਰਿ ਦੁਆਰਿ[52] ॥	sparkle[50] in God's court[52].	ਚਿਹਰੇ[51] ਚਮਕਦੇ[50] ਹਨ ।
ਓਇ[53] ਹਲਤਿ[54] ਪਲਤਿ[55] ਜਨ[56] ਭਏ ਸੁਹੇਲੇ[57] ਹਰਿ ਰਾਖਿ ਲੀਏ ਰਖਨਹਾਰਿ[58]॥	These[53] persons[56] become illustrious[57] both in this world[54] and the next one[55]. The Saviour[58] Lord saves them.	ਉਹ[53] ਪੁਰਸ਼[56] ਇਸ ਲੋਕ[54] ਅਤੇ ਪ੍ਰਲੋਕ[55] ਦੋਨਾਂ ਵਿਚ ਕੀਰਤੀਮਾਨ[57] ਹੋ ਜਾਂਦੇ ਹਨ । ਰੱਖਿਆ ਕਰਨ ਵਾਲਾ[58] ਸਾਈਂ ਉਹਨਾਂ ਦੀ ਰੱਖਿਆ ਕਰਦਾ ਹੈ ।
ਹਰਿ ਸੰਤ ਸੰਗਤਿ ਜਨ ਸੁਣਹੁ[64] ਭਾਈ[59] ਗੁਰਮੁਖਿ[60] ਹਰਿ ਸੇਵਾ[61] ਸਫਲ[62] ਬਣੀ[63] ॥	O men, my brethren[59], hear[64] ye God's praise in the saints' society. By the Guru's grace[60], fruitful[62] becomes[63] the Lord's service[61].	ਹੇ ਪੁਰਸ਼ੋ ! ਮੇਰੇ ਭਰਾਓ[59] ! ਤੁਸੀਂ ਸਾਧ ਸੰਗਤ ਅੰਦਰ ਵਾਹਿਗੁਰੂ ਦੀ ਮਹਿਮਾ ਸ੍ਰਵਣ ਕਰੋ[64] । ਗੁਰਾਂ ਦੀ ਦਇਆ[60] ਦੁਆਰਾ ਫਲਦਾਇਕ[62] ਹੋ ਜਾਂਦੀ[63] ਹੈ ਪ੍ਰਭੂ ਦੀ ਘਾਲ[61]
ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥੨॥	Thou art fully-filling ocean, land and sky. Thou, O True Master, art the over Lord of all.	ਤੂੰ ਸਮੁੰਦਰ, ਧਰਤੀ ਅਤੇ ਆਕਾਸ਼ ਅੰਦਰ ਪਰੀਪੂਰਨ ਹੋ ਰਿਹਾ ਹੈਂ । ਤੂੰ ਹੇ ਸੱਚੇ ਮਾਲਕ ! ਸਾਰਿਆਂ ਦਾ ਸ਼ਰੋਮਣੀ ਸਾਹਿਬ ਹੈਂ ।
ਤੂ ਥਾਨ[65] ਥਨੰਤਰਿ[66] ਹਰਿ ਏਕੁ ਹਰਿ ਏਕੋ ਏਕੁ[67] ਰਵਿਆ[68] ॥	Thou, O One Lord, but One[67] Lord, art pervading[68] places[66] and interspaces[66].	ਤੂੰ, ਹੇ ਅਦੁੱਤੀ ਪ੍ਰਭੂ ! ਕੇਵਲ ਕਲਮਕੱਲੇ[67] ਪ੍ਰਭੂ, ਥਾਵਾਂ[65] ਤੇ ਵਿਚਕਾਰਲੀਆਂ[66] ਵਿੱਥਾਂ ਵਿਚ ਵਿਆਪਕ[68] ਹੋ ਰਿਹਾ ਹੈਂ।
ਵਣਿ[69] ਤ੍ਰਿਣਿ[70] [71]ਤ੍ਰਿਭਵਣਿ[72] ਸਭ ਸ੍ਰਿਸਟਿ[73] ਮੁਖਿ[74] ਹਰਿ ਹਰਿ ਨਾਮੁ ਚਵਿਆ[75] ॥	The forests[69], the vegetation[70], the three[71] worlds[72] and entire creation[73], with their mouth[74] utter[75] the Lord God's Name.	ਜੰਗਲ[69], ਬਨਾਸਪਤੀ[70], ਤਿੰਨੇ[71] ਜਹਾਨ[72] ਅਤੇ ਸਮੂਹ ਰਚਨਾ[73], ਆਪਣੇ ਮੂੰਹ[74] ਨਾਲ ਵਾਹਿਗੁਰੂ ਸਾਈਂ ਦੇ ਨਾਮ ਦਾ ਉਚਾਰਨ[75] ਕਰਦੇ ਹਨ ।
ਸਭਿ[76] ਚਵਹਿ[77] ਹਰਿ ਹਰਿ ਨਾਮੁ ਕਰਤੇ[78]ਅਸੰਖ[79] ਅਗਣਤ[80] ਹਰਿ ਧਿਆਵਏ[81] ॥	Everything[76] utters[77] the Name of the Creator[78]-Lord Master. Myriads[79] and numberless[80] beings meditate[81] on God.	ਹਰ ਵਸਤੂ[76] ਸਿਰਜਣਹਾਰ[78]-ਸੁਆਮੀ ਮਾਲਕ ਦੇ ਨਾਮ ਦਾ ਉਚਾਰਨ[77] ਕਰਦੀ ਹੈ । ਕ੍ਰੋੜਾਂ[79] ਹੀ ਅਤੇ ਅਣ-ਗਿਣਤ[80] ਜੀਵ ਵਾਹਿਗੁਰੂ ਨੂੰ ਆਰਾਧਦੇ[81] ਹਨ ।
ਸੋ[82] ਧੰਨੁ[83] ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ[84] ॥	Blessed[83], blessed are the[82] saints and holymen of God, who art pleasing[84] to the Creator-Lord Master.	ਮੁਬਾਰਕ[83], ਮੁਬਾਰਕ ਹਨ ਰਬ ਦੇ ਉਹ[82] ਧਰਮਾਤਮਾ ਅਤੇ ਨੇਕ ਬੰਦੇ ਜੋ ਸਿਰਜਣਹਾਰ-ਸੁਆਮੀ ਮਾਲਕ ਨੂੰ ਚੰਗੇ ਲਗਦੇ[84] ਹਨ।
ਸੋ ਸਫਲੁ[85] ਦਰਸਨੁ[86] ਦੇਹੁ[87] ਕਰਤੇ ਜਿਸੁ ਹਰਿ ਹਿਰਦੈ[88] ਨਾਮੁ ਸਦ[89] ਚਵਿਆ[90] ॥	O my Creator, bless[87] me Thou with the fruitful[85] vision[86] of him, who in his mind[88] ever[89] utters[90] the Lord's Name.	ਹੇ ਮੇਰੇ ਕਰਤਾਰ, ਤੂੰ ਮੈਨੂੰ ਉਸ ਦਾ ਫਲਦਾਇਕ[85] ਦੀਦਾਰ[86] ਪਰਦਾਨ[87] ਕਰ ਜੋ ਆਪਣੇ ਮਨ[88] ਅੰਦਰ ਸਦੀਵ[89] ਹੀ ਸੁਆਮੀ ਦੇ ਨਾਮ ਨੂੰ ਉਚਾਰਦਾ[90] ਹੈ ।
ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥੩॥	Thou, O One Lord, but One Lord, art pervading all the spaces and interspaces.	ਤੂੰ, ਹੇ ਅਦੁੱਤੀ ਪ੍ਰਭੂ ! ਨਿਰੋਲ ਅਦੁੱਤੀ ਪ੍ਰਭੂ, ਥਾਵਾਂ ਤੇ ਵਿਚਕਾਰਲੀਆਂ ਥਾਵਾਂ ਵਿਚ ਵਿਆਪਕ ਹੋ ਰਿਹਾ ਹੈਂ ।
ਤੇਰੀ ਭਗਤਿ[91] ਭੰਡਾਰ[92]	Innumerable[93] are the treasures[92] of	ਅਣਗਿਣਤ[93] ਹਨ ਤੇਰੀ ਪ੍ਰੇਮ-ਮਈ[91] ਸੇਵਾ ਦੇ ਖ਼ਜ਼ਾਨੇ[92],

ਅਸੰਖ[93] ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ[94] ਮਿਲਹਿ[95] ॥

Thine devotional service[91], O my Lord. He[94] alone is blest[95] with them, whom Thou blessest.

ਹੇ ਮੇਰੇ ਸਾਹਿਬ ! ਕੇਵਲ ਉਸ ਨੂੰ[94] ਹੀ ਉਹਨਾਂ ਦੀ ਦਾਤ ਮਿਲਦੀ[95] ਹੈ, ਜਿਸ ਨੂੰ ਤੂੰ ਦਿੰਦਾ ਹੈਂ ।

ਜਿਸ ਕੈ ਮਸਤਕਿ[96] ਗੁਰ ਹਾਥੁ ਤਿਸੁ[98] ਹਿਰਦੈ[97] ਹਰਿ ਗੁਣ[99] ਟਿਕਹਿ[100] ॥

God's virtues[99] dwell[100] within the mind[97] of him[98], on whose forehead[96] is the hand of the Guru.

ਵਾਹਿਗੁਰੂ ਦੀਆਂ ਨੇਕੀਆਂ[99] ਉਸ[98] ਦੇ ਮਨ[97] ਅੰਦਰ ਵਸਦੀਆਂ[100] ਹਨ, ਜਿਸ ਦੇ ਮੱਥੇ[96] ਉਤੇ ਗੁਰਾਂ ਦਾ ਹੱਥ ਹੈ ।

੧੧੧੬ 1116

ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ[2] ਭਉ[3] ਭਾਵਨੀ[4] ਹੋਈ ॥

God's virtues dwell in his mind, within[2] whom is the Lord's fear[3] and Love[4].

ਵਾਹਿਗੁਰੂ ਦੀਆਂ ਨੇਕੀਆਂ ਉਸ ਦੇ ਮਨ ਵਿਚ ਵਸਦੀਆਂ ਹਨ, ਜਿਸ ਦੇ ਅੰਦਰ[2] ਪ੍ਰਭੂ ਦਾ ਡਰ[3] ਅਤੇ ਪਿਆਰ[4]ਹੈ ।

ਬਿਨੁ[5] ਭੈ ਕਿਨੈ ਨ ਪ੍ਰੇਮੁ[6] ਪਾਇਆ[8] ਬਿਨੁ ਭੈ ਪਾਰਿ ਨ ਉਤਰਿਆ ਕੋਈ ॥

Without the Lord's fear[5], no one is blessed[8] with His love[6] and without fearing the Lord no one ferries across.

ਪ੍ਰਭੂ ਦੇ ਡਰ[5] ਦੇ ਬਗੈਰ, ਕਿਸੇ ਨੂੰ ਭੀ ਉਸ ਦਾ ਪਿਆਰ[6] ਪਰਦਾਨ ਨਹੀਂ ਹੁੰਦਾ[8] ਅਤੇ ਪ੍ਰਭੂ ਤੋਂ ਡਰਨ ਦੇ ਬਾਝੋਂ ਕਿਸੇ ਦਾ ਭੀ ਪਾਰ ਉਤਾਰਾ ਨਹੀਂ ਹੁੰਦਾ ।

ਭਉ ਭਾਉ ਪ੍ਰੀਤਿ ਨਾਨਕ ਤਿਸਹਿ[7] ਲਾਗੈ[9] ਜਿਸੁ ਤੂ ਆਪਣੀ ਕਿਰਪਾ[10]ਕਰਹਿ ॥

Says Nanak, O Lord, he[7] alone is blest[9] with Thy fear, love and affection, on whom is Thine grace[10].

ਗੁਰੂ ਜੀ ਫੁਰਮਾਉਂਦੇ ਹਨ, ਹੇ ਪ੍ਰਭੂ ! ਕੇਵਲ ਉਸ[7] ਨੂੰ ਹੀ ਤੇਰੇ ਡਰ, ਪਿਆਰ ਅਤੇ ਪ੍ਰੇਮ ਦੀ ਦਾਤ ਮਿਲਦੀ[9] ਹੈ, ਜਿਸ ਉਤੇ ਤੇਰੀ ਰਹਿਮਤ[10] ਹੈ ।

ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥

Innumerable are the treasures of Thine devotional service, O my Lord. He alone is blest with them, whom Thou blessest.

ਅਣਗਿਣਤ ਹਨ ਤੇਰੀ ਪ੍ਰੇਮ-ਮਈ ਸੇਵਾ ਦੇ ਖ਼ਜ਼ਾਨੇ, ਹੇ ਮੇਰੇ ਸਾਹਿਬ ! ਕੇਵਲ ਉਸ ਨੂੰ ਹੀ ਉਹਨਾਂ ਦੀ ਦਾਤ ਮਿਲਦੀ ਹੈ, ਜਿਸ ਨੂੰ ਤੂੰ ਦਿੰਦਾ ਹੈਂ ।

ਤੁਖਾਰੀ ਮਹਲਾ ੪ ॥

Tukhari 4th Guru.

ਤੁਖਾਰੀ ਚੌਥੀ ਪਾਤਿਸ਼ਾਹੀ ।

ਨਾਵਣੁ[12] ਪੁਰਬੁ[13]ਅਭੀਚੁ[14] ਗੁਰ[15] ਸਤਿਗੁਰ ਦਰਸੁ[16] ਭਇਆ ॥

Seeing the sight[16] of the great[15] True Guru, is the real bathing[12] of the Abhaijit[14] festival[13].

ਵਡੇ[15] ਸੱਚੇ ਗੁਰਾਂ ਦਾ ਦਰਸ਼ਨ[16] ਦੇਖਣਾ ਹੀ ਅਭੈਜੀਤ[14] ਦੇ ਤਿਉਹਾਰ[13] ਦਾ ਅਸਲੀ ਇਸ਼ਨਾਨ[12] ਹੈ ।

[17]ਦੁਰਮਤਿ[18] ਮੈਲੁ[19]ਹਰੀ[20] ਅਗਿਆਨੁ[21] ਅੰਧੇਰੁ[22] ਗਇਆ[23] ॥

The filth[19] of evil[17] inclinations[18] is washed off[20] and dispelled[23] is the darkness[22] of ignorance[21].

ਮੰਦੀਆਂ[17] ਰੁਚੀਆਂ[18] ਦੀ ਗੰਦਗੀ[19] ਧੋਤੀ ਗਈ[20] ਹੈ । ਅਤੇ ਦੂਰ ਹੋ ਗਿਆ[23] ਹੈ ਅਨ੍ਹੇਰਾ[22] ਬੇ-ਸਮਝੀ[21] ਦਾ ।

ਗੁਰ ਦਰਸੁ ਪਾਇਆ ਅਗਿਆਨੁ[24] ਗਵਾਇਆ ਅੰਤਰਿ[25] ਜੋਤਿ[26] ਪ੍ਰਗਾਸੀ[27] ॥

Having the Guru's vision, spiritual ignorance[24] is dispelled and the light[26] becomes manifest[27] in the mind[25].

ਗੁਰਾਂ ਦਾ ਦੀਦਾਰ ਪਾਉਣ ਦੁਆਰਾ, ਆਤਮਕ ਬੇਸਮਝੀ[24] ਦੂਰ ਹੋ ਜਾਂਦੀ ਹੈ ਅਤੇ ਮਨ[25] ਅੰਦਰ ਪ੍ਰਕਾਸ਼[26] ਪਰਗਟ[27] ਹੋ ਜਾਂਦਾ ਹੈ ।

ਜਨਮ ਮਰਣ ਦੁਖ ਖਿਨ[28] ਮਹਿ[29] ਬਿਨਸੇ[30] ਹਰਿ

The pain of birth and death is stilled[30] in[29] an instant[28] and the

ਜੰਮਣ ਅਤੇ ਮਰਣ ਦੀ ਪੀੜ ਇਕ ਮੁਹਤ[28] ਵਿਚ[29] ਨਵਿਰਤ ਹੋ ਜਾਂਦੀ[30] ਹੈ ਅਤੇ ਕਾਲ-ਰਹਿਤ[31] ਵਾਹਿਗੁਰੂ

ਪਾਇਆ ਪ੍ਰਭੁ ਅਬਿਨਾਸੀ[31] ॥	Imperishable[31] God Lord is obtained.	ਸਆਮੀ ਪਰਾਪਤ ਹੋ ਜਾਂਦਾ ਹੈ।
ਹਰਿ ਆਪਿ ਕਰਤੈ[32] ਪੁਰਬੁ[33] ਕੀਆ[34] ਸਤਿਗੁਰੂ ਕੁਲਖੇਤਿ ਨਾਵਣਿ[35] ਗਇਆ ॥	The Creator[32]-Lord Himself created[34] the auspicious occasion[33], when the True Guru went to Kurukashetra at the time of the bathing fair[35].	ਸਿਰਜਣਹਾਰ[32]–ਸੁਆਮੀ ਨੇ ਖ਼ੁਦ ਹੀ ਸੁਭਾਗ ਅਵਸਰ[33] ਰਚਿਆ[34] ਜਦ ਸੱਚੇ ਗੁਰੂ ਜੀ ਨ੍ਹਾਉਣ ਦੇ ਮੇਲੇ[35] ਸਮੇਂ ਕੁਰਖੇਤਰ ਗਏ।
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥	Having the sight of the Great True Guru, is the real bathing of the Abhaijit festival.	ਵਡੇ ਸੱਚੇ ਗੁਰਾਂ ਦਾ ਦਰਸ਼ਨ ਪਾਉਣਾ ਹੀ ਅਭੈਜੀਤ ਦੇ ਤਿਉਹਾਰ ਦਾ ਅਸਲੀ ਇਸ਼ਨਾਨ ਹੈ।
ਮਾਰਗਿ[36] ਪੰਥਿ ਚਲੇ[37] ਗੁਰ ਸਤਿਗੁਰ[38] ਸੰਗਿ[39] ਸਿਖਾ ॥	The Sikhs travelled[37] with[39] the Great True Guru[38] along the high way[36] road.	ਸਿੱਖ ਵਡੇ ਸੱਚੇ ਗੁਰਾਂ[38] ਦੇ ਨਾਲ[39] ਰਾਹੇ ਰਾਹ[36] ਟੁਰ ਪਏ[37]।
ਅਨਦਿਨੁ[40] ਭਗਤਿ[41] ਬਣੀ[42] ਖਿਨੁ[43] ਖਿਨੁ ਨਿਮਖ[44] ਵਿਖਾ[45] ॥	Night and day[40], every moment[43] and hourly[44] at each step[45], the Lord's worship[41] was performed[42].	ਰਾਤ ਦਿਨ[40], ਹਰ ਮੁਹਤ[43] ਤੇ ਹਰ ਘੜੀ[44] ਹਰ ਇਕ ਕਦਮ[45] ਤੇ, ਪ੍ਰਭੂ ਦੀ ਉਪਾਸ਼ਨਾ[41] ਹੁੰਦੀ[42] ਸੀ।
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ[46] ਸਭੁ ਲੋਕੁ[47] ਵੇਖਣਿ ਆਇਆ ॥	The Lord Master God's[46] Divine service was held and all the people[47] came to behold the Guru.	ਸੁਆਮੀ ਮਾਲਕ ਵਾਹਿਗੁਰੂ ਦੀ[46] ਇਲਾਹੀ ਉਪਾਸ਼ਨਾ ਹੁੰਦੀ ਸੀ ਅਤੇ ਸਾਰੇ ਜਣੇ[47] ਗੁਰਾਂ ਨੂੰ ਵੇਖਣ ਲਈ ਆਏ।
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ[48] ਆਪਿ[49] ਹਰਿ ਮੇਲਾਇਆ[50] ॥	Whosoever had the vision of the Guru, the True Guru, him[48] the Lord blended[50] with Himself[49].	ਜਿਸ ਕਿਸੇ ਨੇ ਗੁਰਾਂ, ਸੱਚੇ ਗੁਰਾਂ ਦਾ ਦਰਸ਼ਨ ਪਾ ਲਿਆ, ਉਸ[48] ਨੂੰ ਸੁਆਮੀ ਨੇ ਆਪਣੇ ਆਪ[49] ਨਾਲ ਅਭੇਦ ਕਰ ਲਿਆ[50]।
ਤੀਰਥ[51] ਉਦਮੁ[52] ਸਤਿਗੁਰੂ ਕੀਆ ਸਭ ਲੋਕ[55] ਉਧਰਣ[53] ਅਰਥਾ[54] ॥	The True Guru made the effort[52] of visiting the pilgrim stations[51] for the sake[54] of saving[53] all people[55].	ਸਾਰੇ ਜੀਵਾਂ[55] ਦਾ ਪਾਰ ਉਤਾਰਾ[53] ਕਰਨ ਦੀ ਖ਼ਾਤਰ[54] ਸੱਚੇ ਗੁਰਾਂ ਨੇ ਯਾਤ੍ਰਾ ਅਸਥਾਨਾਂ[51] ਤੇ ਪੁਜਣ ਦਾ ਉਪਰਾਲਾ[52] ਕੀਤਾ।
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥	The Sikhs travelled with the Great True Guru, along the high way road.	ਸਿੱਖ ਵਡੇ ਸੱਚੇ ਗੁਰਾਂ ਦੇ ਨਾਲ ਰਾਹੇ ਰਾਹ ਟੁਰ ਪਏ।
ਪ੍ਰਥਮ[56] ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ[57] ਹੋਆ ॥	It was an auspicious time[57], when the Great True Guru first[56] arrived at Kurukashetra.	ਉਹ ਸੁਲੱਖਣਾ ਸਮਾਂ[57] ਸੀ, ਜਦ ਵਡੇ ਸੱਚੇ ਗੁਰੂ ਜੀ ਪਹਿਲੋਂ ਪਹਿਲ[56] ਕੁਰਖੇਤਰ ਪੁਜੇ।
ਖਬਰਿ[58] ਭਈ ਸੰਸਾਰਿ[59] ਆਏ ਤ੍ਰੈ[60] ਲੋਆ[61] ॥	The news[58] spread through the world[59] and the beings of the three[60] worlds[61] came to behold the Guru.	ਕਣਸੋ[58] ਜਗਤ[59] ਵਿਚ ਫੈਲ ਗਈ ਅਤੇ ਤਿੰਨਾਂ[60] ਜਹਾਨਾਂ[61] ਦੇ ਜੀਵ ਗੁਰਾਂ ਨੂੰ ਵੇਖਣ ਲਈ ਆਏ।
ਦੇਖਣਿ ਆਏ ਤੀਨਿ ਲੋਕ	The gods[62], men[63],	ਤਿੰਨੇ ਜਹਾਨ ਦੇ ਦੇਵਤੇ[62] ਮਨੁੱਖ[63], ਖ਼ਾਮੋਸ਼ ਰਿਸ਼ੀ ਅਤੇ

ਸੁਰਿ[62] ਨਰ[63] ਮੁਨਿ[64] ਜਨ ਸਭਿ ਆਇਆ ॥	silent sages[64] and all of the three worlds came to behold him.	ਸਾਰੇ ਉਨ੍ਹਾਂ ਨੂੰ ਵੇਖਣ ਲਈ ਆਏ ।
ਜਿਨ ਪਰਸਿਆ[65] ਗੁਰੁ ਸਤਿਗੁਰੂ ਪੂਰਾ[66] ਤਿਨ[67] ਕੇ ਕਿਲਵਿਖ[68] ਨਾਸ[69] ਗਵਾਇਆ[70] ॥	They, who obtained the touch[65] of the Perfect[66] Guru, the True Guru, their[67] sins[68] were effaced[69] and dispelled[70].	ਜਿਨ੍ਹਾਂ ਨੂੰ ਪੂਰਨ[66] ਗੁਰਾਂ, ਸੱਚੇ ਗੁਰਾਂ ਦੀ ਛੋਹ[65] ਪਰਾਪਤ ਹੋ ਗਈ, ਉਨ੍ਹਾਂ[67] ਦੇ ਪਾਪ[68] ਨਸ਼ਟ[69] ਅਤੇ ਦੂਰ[70] ਹੋ ਗਏ ।
ਜੋਗੀ ਦਿਗੰਬਰ[71] ਸੰਨਿਆਸੀ[72] ਖਟੁ[73] ਦਰਸਨ[74] ਕਰਿ ਗਏ[75] ਗੋਸਟਿ[76] ਢੋਆ[77] ॥	The Yogis, the nudes[71], the solitarians[72] and the men of six[73] systems[74] held divine discourse[76] with the Guru and departed[75] after paying obeisance[77] unto him.	ਯੋਗੀਆਂ, ਨਾਂਗਿਆਂ[71], ਇਕਾਂਤੀਆਂ[72] ਅਤੇ ਛਿਆਂ[73] ਭੇਖਾਂ[74] ਦਿਆਂ ਬੰਦਿਆਂ ਨੇ ਗੁਰਾਂ ਨਾਲ ਗਿਆਨ ਚਰਚਾ[76] ਕੀਤੀ ਅਤੇ ਨਮਸ਼ਕਾਰ[77] ਕਰ ਕੇ ਚਲੇ ਗਏ[75] ।
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥	It was an auspicious time, when the Great True Guru at first arrived at Kurkshetra.	ਉਹ ਸੁਲੱਖਣਾ ਸਮਾਂ ਸੀ, ਜਦ ਵਿਸ਼ਾਲ ਸੱਚੇ ਗੁਰੂ ਜੀ ਪਹਿਲੋਂ ਪਹਿਲ ਕੁਰਖੇਤਰ ਪੁਜੇ ।
ਦੁਤੀਆ[78] ਜਮੁਨ ਗਏ ਗੁਰਿ ਹਰਿ[79] ਹਰਿ ਜਪਨੁ[80] ਕੀਆ ॥	Secondly[78] the Guru went to Jamuna where he uttered[80] the Lord God's[79] Name.	ਦੂਸਰੇ[78], ਗੁਰੂ ਜੀ ਜਮਨਾ ਗਏ, ਜਿਥੇ ਉਨ੍ਹਾਂ ਨੇ ਸੁਆਮੀ ਵਾਹਿਗੁਰੂ[79] ਦੇ ਨਾਮ ਦਾ ਉਚਾਰਨ[80] ਕੀਤਾ ।
ਜਾਗਾਤੀ[81] ਮਿਲੇ ਦੇ[82] ਭੇਟ[83] ਗੁਰ ਪਿਛੈ[84] ਲੰਘਾਇ[85] ਦੀਆ ॥	The tax-gatherers[81] met[82] the Guru with offerings[83] and allowed his followers[84] to cross[85] over.	ਮਸੂਲੀਏ[81] ਭੇਟਾ[83] ਲੈ ਕੇ ਗੁਰਾਂ ਨੂੰ ਮਿਲੇ[82] ਅਤੇ ਉਨ੍ਹਾਂ ਦੇ ਮੁਰੀਦਾਂ[84] ਨੂੰ ਪਾਰ[85] ਕਰ ਦਿਤਾ ।
ਸਭ ਛੁਟੀ[86] ਸਤਿਗੁਰੂ ਪਿਛੈ[87] ਜਿਨਿ ਹਰਿ ਹਰਿ ਨਾਮੁ ਧਿਆਇਆ[88] ॥	All those in the True Guru's train[87] who contemplated[88] the Lord God's Name were exempted[86] from toll.	ਉਹ ਸਾਰੇ ਜੋ ਸੱਚੇ ਗੁਰਾਂ ਦੇ ਮਗਰ[87] ਸਨ ਤੇ ਸਾਂਈਂ ਹਰੀ ਦੇ ਨਾਮ ਨੂੰ ਸਿਮਰਦੇ[88] ਸਨ ਮਸੂਲ ਦੇਣੋਂ ਬਚ ਗਏ[86] ।
ਗੁਰ ਬਚਨਿ[89] ਮਾਰਗਿ[90] ਜੋ ਪੰਥਿ[91] ਚਾਲੇ[92] ਤਿਨ[93] ਜਮੁ[94] ਜਾਗਾਤੀ ਨੇੜਿ[95] ਨ ਆਇਆ ॥	They, who follow[92] the way[90] and path[91] of the Guru's Word[89]; death's courier[94], the tax-gatherer comes not near[95] them[93].	ਜੋ ਗੁਰਾਂ ਦੀ ਬਾਣੀ[89] ਦੇ ਰਾਹੇ[90] ਅਤੇ ਰਸਤੇ[91] ਤੁਰਦੇ[92] ਹਨ, ਮੌਤ ਦਾ ਦੂਤ[94], ਮਸੂਲੀਆ, ਉਨ੍ਹਾਂ[93] ਦੇ ਨੇੜੇ[95] ਨਹੀਂ ਆਉਂਦਾ ।
ਸਭ ਗੁਰੂ ਗੁਰੂ ਜਗਤੁ[96] ਬੋਲੈ[97] ਗੁਰ ਕੈ ਨਾਇ[99] ਲਇਆ[98] ਸਭਿ ਛੁਟਕਿ[100] ਗਇਆ ॥	The whole world[96] said[97] "Guru, Guru", and by uttering[98] the Guru's Name[99] they were all emancipated[100]	ਸਾਰਾ ਜਗ[96] "ਗੁਰੂ, ਗੁਰੂ" ਉਚਾਰਨ ਕਰਦਾ[97] ਸੀ ਅਤੇ ਗੁਰਾਂ ਦਾ ਨਾਮ[99] ਲੈਣ[98] ਦੁਆਰਾ, ਉਹ ਸਾਰੇ ਹੀ ਮੁਕਤ ਹੋ ਗਏ[100] ।
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥	In the second place, the Guru went to Jamuna, where he uttered the Lord God's Name.	ਦੂਜੀ ਥਾਂ ਤੇ ਗੁਰੂ ਜੀ ਜਮਨਾ ਗਏ, ਜਿਥੇ ਉਨ੍ਹਾਂ ਨੇ ਸਾਂਈਂ ਹਰੀ ਦੇ ਨਾਮ ਦਾ ਉਚਾਰਨ ਕੀਤਾ ।
ਤ੍ਰਿਤੀਆ[2] ਆਏ	Thirdly[2], the Guru went to the	ਤੀਸਰੇ[2], ਗੁਰੂ ਜੀ ਗੰਗਾ[3] ਗਏ ਅਤੇ ਉਥੇ[4] ਇਕ

ਸੁਰਸਰੀ[3] ਤਹ[4] ਕਉਤਕੁ[5] ਚਲਤੁ[6] ਭਇਆ[7] ॥

Ganges[3] and a marvellous[5] scene[6] did occur[7] there[4].

ਅਦਭੁਤ[5] ਨਜ਼ਾਰਾ[6] ਹੋਇਆ[7] ।

ਸਭ ਮੋਹੀ[8] ਦੇਖਿ ਦਰਸਨੁ[9] ਗੁਰ ਸੰਤ ਕਿਨੈ ਆਢੁ[10] ਨ ਦਾਮੁ[12] ਲਇਆ ॥

All were bewitched[8] on seeing the vision[9] of the saintly Guru and no one gathered even half[10] a shell[12] as a tax from any one.

ਸਾਰੇ ਸਾਧ ਸਰੂਪ ਗੁਰਾਂ ਦਾ ਦੀਦਾਰ[9] ਦੇਖ ਕੇ ਫ਼ਰੇਫ਼ਤਾ[8] ਹੋ ਗਏ ਅਤੇ ਕਿਸੇ ਨੇ ਅੱਧੀ[10] ਕੌਡੀ[12] ਭੀ ਮਸੂਲ ਵਜੋਂ ਕਿਸੇ ਕੋਲੋਂ ਨਾ ਲਈ ।

ਆਢੁ ਦਾਮੁ ਕਿਛੁ ਪਇਆ ਨ ਬੋਲਕ[13] ਜਾਗਾਤੀਆ[14] ਮੋਹਣ[15] ਮੁੰਦਣਿ[16] ਪਈ ॥

Not even half a shell got into the toll-tax[13] and the mouth[15] of the toll-collectors[14] got sealed[16].

ਅੱਧੀ ਦਮੜੀ ਭੀ ਗੋਲਕ[13] ਵਿਚ ਨਾ ਪਈ, ਅਤੇ ਮਸੂਲ ਇਕੱਤਰ ਕਰਨ ਵਾਲਿਆਂ[14] ਦਾ ਮੂੰਹ[15] ਬੰਦ[16] ਹੋ ਗਿਆ ।

ਭਾਈ[20] ਹਮ ਕਰਹ ਕਿਆ[17] ਕਿਸੁ ਪਾਸਿ ਮਾਂਗਹ[18] ਸਭ ਭਾਗਿ[19] ਸਤਿਗੁਰ ਪਿਛੈ ਪਈ ॥

They said, ' Brethren"[20], what[17] should we do ? Of whom should we ask[18] ? Everyone is hastily[19] following the True Guru "

ਉਨ੍ਹਾਂ ਆਖਿਆ, "ਭਰਾਵੋ[20] ! ਅਸੀਂ ਕੀ[17] ਕਰੀਏ ? ਕੀਹਦੇ ਕੋਲੋਂ ਕੁਛ ਮੰਗੀਏ[18] ? ਹਰ ਜਣਾ ਸੱਚੇ ਗੁਰਾਂ ਦੇ ਮਗਰ ਨੱਸ ਕੇ[19] ਲੰਘ ਰਿਹਾ ਹੈ ।"

੧੧੧੭ 1117 ੧੧੧੭

ਜਾਗਾਤੀਆ ਉਪਾਵ ਸਿਆਣਪ[21] ਕਰਿ ਵੀਚਾਰੁ[22] ਡਿਠਾ[23] ਭੰਨਿ[24] ਬੋਲਕਾ ਸਭਿ ਉਠਿ ਗਇਆ[25] ॥

All the tax-gatherers, in their wisdom[21], saw[23] and gave thought[22] to it. They broke[24] their cash-boxes and went away[25].

ਸਾਰੇ ਮਸੂਲੀਆਂ ਨੇ, ਆਪਣੀ ਅਕਲਮੰਦੀ[21] ਨਾਲ ਦੇਖਿਆ[23] ਅਤੇ ਇਸ ਨੂੰ ਸੋਚਿਆ ਸਮਝਿਆ[22], ਆਪਣੀਆਂ ਗੋਲਕਾਂ ਤੋੜ[24] ਉਹ ਉਠ ਕੇ ਚਲੇ ਗਏ[25] ।

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥

Thirdly, the Guru went to the Ganges and there occurred a marvellous scene.

ਤੀਸਰੇ, ਗੁਰੂ ਜੀ ਗੰਗਾ ਗਏ ਅਤੇ ਓਥੇ ਇਕ ਅਲੌਕਿਕ ਦ੍ਰਿਸ਼ ਦੇਖਣ ਵਿਚ ਆਇਆ ।

ਮਿਲਿ[26] ਆਏ ਨਗਰ[27] [28]ਮਹਾਜਨਾ[29] ਗੁਰ[30] ਸਤਿਗੁਰ ਓਟ[31] ਗਹੀ[32] ॥

The great[28] men[29] of the city[27] went in a body[26], and sought[32] the Great[30] True Guru's protection[31].

ਸ਼ਹਿਰ[27] ਦੇ ਵੱਡੇ[28] ਆਦਮੀ[29] ਇਕੱਠੇ[26] ਹੋ ਕੇ ਗਏ ਅਤੇ ਵੱਡੇ[30] ਸੱਚੇ ਗੁਰਾਂ ਦੀ ਪਨਾਹ[31] ਲਈ[32] ।

ਗੁਰੁ[33] ਸਤਿਗੁਰੁ ਗੁਰੁ[34] ਗੋਵਿਦੁ[35] ਪੁਛਿ[36] ਸਿਮ੍ਰਿਤਿ ਕੀਤਾ[37] ਸਹੀ ॥

The Great[33] Guru[34], the True Guru is himself the Lord[35]. Consult[36] thou the Simritis. They too establish[37] this truth

ਵੱਡੇ[33] ਗੁਰੂ[34], ਸੱਚੇ ਗੁਰੂ ਖ਼ੁਦ ਹੀ ਪਰਮੇਸ਼ਰ[35] ਹਨ । ਤੂੰ ਸਿਮ੍ਰਿਤੀਆਂ ਕੋਲੋਂ ਪਤਾ[36] ਕਰ ਲੈ । ਉਹ ਭੀ ਇਸ ਸੱਚ ਨੂੰ ਸਾਬਤ[37] ਕਰਦੀਆਂ ਹਨ ।

ਸਿਮ੍ਰਿਤਿ ਸਾਸਤ੍ਰ ਸਭਨੀ ਸਹੀ[38] ਕੀਤਾ ਸੁਕਿ ਪ੍ਰਹਿਲਾਦਿ [39]ਸ੍ਰੀਰਾਮਿ[40] ਕਰਿ[41] ਗੁਰ ਗੋਵਿਦੁ[42] ਧਿਆਇਆ[43] ॥

The Simritis and Shashtras all prove[38], that Guru is the embodiment of God. Shukdev and Prahlad meditate[43] on the Guru-God[42] deeming[41] him as the Sire[39] Master[40].

ਸਿਮ੍ਰਿਤੀਆਂ ਅਤੇ ਸ਼ਾਸਤਰ ਸਾਰੇ ਸਾਬਤ[38] ਕਰਦੇ ਹਨ ਕਿ ਗੁਰੂ ਜੀ ਵਾਹਿਗੁਰੂ ਦਾ ਸਰੂਪ ਹਨ । ਸੁਕਦੇਵ ਅਤੇ ਪ੍ਰਹਿਲਾਦ ਗੁਰੂ-ਪ੍ਰਮੇਸ਼ਰ[42] ਨੂੰ ਮਹਾਰਾਜਾ[39] ਮਾਲਕ[40] ਜਾਣ ਕੇ[41] ਸਿਮਰਦੇ[43] ਹਨ ।

ਦੇਹੀ[44] ਨਗਰਿ[45] ਕੋਟਿ[46] ਪੰਚ ਚੋਰ[47] ਵਟਵਾਰੇ[48]

The five thieves[47] and the way-robbers[48] abide in the fortress[46] of

ਪੰਜ ਤਸਕਰ[47] ਅਤੇ ਰਸਤੇ ਦੇ ਧਾੜਵੀ[48] ਸਰੀਰ[44] ਦੇ ਸ਼ਹਿਰ[45] ਦੇ ਕਿਲ੍ਹੇ[46] ਅੰਦਰ ਵਸਦੇ ਹਨ । ਗੁਰਾਂ ਨੇ

ਤਿਨ[49] ਕਾ ਥਾਉ[50] ਥੇਹੁ[51] ਗਵਾਇਆ[52] ॥	the body[44]-city[45]. The Guru has destroyed[52] their[49] abode[50] and habitation[51].	ਉਨ੍ਹਾਂ[49] ਦੇ ਟਿਕਾਣੇ[50] ਤੇ ਵਾਸ-ਸਥਾਨ[51] ਨੂੰ ਮਲੀਆਮੇਟ[52] ਕਰ ਦਿੱਤਾ ਹੈ।
ਕੀਰਤਨ[53] ਪੁਰਾਣ ਨਿਤ[54] ਪੁੰਨ[55] ਹੋਵਹਿ[56] ਗੁਰ ਬਚਨਿ[57] ਨਾਨਕਿ ਹਰਿ ਭਗਤਿ[58] ਲਹੀ[59] ॥	The Puranas ever[54] sing[53] the praise of giving[56] alms[55], but it is from Guru Nanak's word[57], that God's devotional service[58] is obtained[59].	ਪੁਰਾਣ ਸਦਾ[54] ਹੀ ਦਾਨ ਪੁੰਨ[55] ਕਰਨ[56] ਦੀ ਮਹਿਮਾ ਗਾਇਨ[53] ਕਰਦੇ ਹਨ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੀ ਬਾਣੀ[57] ਤੋਂ ਹੀ ਵਾਹਿਗੁਰੂ ਦੀ ਪ੍ਰੇਮ-ਮਈ ਉਪਾਸ਼ਨਾ[58] ਪਰਾਪਤ[59] ਹੁੰਦੀ ਹੈ।
ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥	The great men of the city went in a body and sought the Great True Guru's protection.	ਸ਼ਹਿਰ ਦੇ ਵੱਡੇ ਆਦਮੀ ਇਕੱਠੇ ਹੋ ਕੇ ਗਏ ਅਤੇ ਵੱਡੇ ਸੱਚੇ ਗੁਰਾਂ ਦੀ ਪਨਾਹ ਲਈ।
ਤੁਖਾਰੀ ਛੰਤ ਮਹਲਾ ੫	**Tukhari Chhant 5th Guru**	**ਤੁਖਾਰੀ ਛੰਤ ਪੰਜਵੀਂ ਪਾਤਿਸ਼ਾਹੀ**
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਘੋਲਿ ਘੁਮਾਈ[60] ਲਾਲਨਾ[61] ਗੁਰਿ ਮਨੁ[62] ਦੀਨਾ[63] ॥	O my Beloved[61], I am a sacrifice[60] unto Thee. Through the Guru, I have surrendered[63] my soul[62] to Thee.	ਹੇ ਮੇਰੇ ਪ੍ਰੀਤਮ[61]! ਮੈਂ ਤੇਰੇ ਉਤੋਂ ਕੁਰਬਾਨ[60] ਜਾਂਦਾ ਹਾਂ। ਗੁਰਾਂ ਦੇ ਰਾਹੀਂ ਮੈਂ ਆਪਣੀ ਜਿੰਦੜੀ[62] ਤੈਨੂੰ ਸਮਰਪਨ[63] ਕਰ ਦਿੱਤੀ ਹੈ।
ਸੁਣਿ ਸਬਦੁ[64] ਤੁਮਾਰਾ ਮੇਰਾ ਮਨੁ ਭੀਨਾ[65] ॥	Hearing Thine word[64], my mind is enraptured[65].	ਤੇਰੀ ਬਾਣੀ[64] ਸੁਣ ਕੇ ਮੇਰਾ ਚਿੱਤ ਪ੍ਰਸੰਨ[65] ਹੋ ਗਿਆ ਹੈ।
ਇਹੁ ਮਨੁ ਭੀਨਾ ਜਿਉ[66] ਜਲ[67] ਮੀਨਾ[68] ਲਾਗਾ[69] ਰੰਗੁ[70] [71]ਮੁਰਾਰਾ[72] ॥	This mind is happy, like[66] the fish[68] in water[67] and is attached[69] in love[70] to God, the Enemy[71] of ego[72]	ਮੱਛੀ[68] ਦੇ ਪਾਣੀ[67] ਵਿਚ ਹੋਣ ਦੀ ਨਿਆਈ[66] ਇਹ ਚਿੱਤ ਖ਼ੁਸ਼ ਹੈ ਅਤੇ ਹੰਕਾਰ[72] ਦੇ ਵੈਰੀ[71], ਹਰੀ ਨਾਲ ਪ੍ਰੇਮ[70] ਅੰਦਰ ਜੁੜਿਆ ਹੋਇਆ[69] ਹੈ।
ਕੀਮਤਿ[73] ਕਹੀ[74] ਨ ਜਾਈ ਠਾਕੁਰ ਤੇਰਾ ਮਹਲੁ[75] ਅਪਾਰਾ[76] ॥	Thy worth[73], O Lord, can be told[74] not Unrivalled[76] is Thine mansion[75].	ਤੇਰਾ ਮੁੱਲ[73], ਹੇ ਸੁਆਮੀ ! ਦੱਸਿਆ[74] ਨਹੀਂ ਜਾ ਸਕਦਾ। ਲਾਸਾਨੀ[76] ਹੈ ਤੇਰਾ ਮੰਦਰ[75]।
ਸਗਲ ਗੁਣਾ[77] ਕੇ ਦਾਤੇ[78] ਸੁਆਮੀ ਬਿਨਉ[79] ਸੁਨਹੁ ਇਕ ਦੀਨਾ[80] ॥	O Lord, the Giver[78] of all virtues[77], hear Thou the supplication[79] of a meek man[80].	ਹੇ ਸਾਰੀਆਂ ਨੇਕੀਆਂ[77] ਬਖ਼ਸ਼ਣਹਾਰ[78] ਪ੍ਰਭੂ ! ਤੂੰ ਇਕ ਮਸਕੀਨ ਮਨੁੱਖ[80] ਦੀ ਪ੍ਰਾਰਥਨਾ[79] ਸੁਣ।
ਦੇਹੁ[81] ਦਰਸੁ[82] ਨਾਨਕ ਬਲਿਹਾਰੀ[83] ਜੀਅੜਾ[84] ਬਲਿ[85] ਬਲਿ ਕੀਨਾ ॥ ੧॥	Bless[81] Thou Nanak with Thy vision[82] O Lord. He is devoted[83] unto Thee, and his soul[84] too is a sacrifice[85], a sacrifice unto Thee.	ਤੂੰ ਨਾਨਕ ਨੂੰ ਆਪਣਾ ਦੀਦਾਰ[82] ਬਖ਼ਸ਼[81], ਹੇ ਸੁਆਮੀ ! ਉਹ ਤੇਰੇ ਉਤੋਂ ਸਦਕੇ[83] ਜਾਂਦਾ ਹੈ ਅਤੇ ਉਸ ਦੀ ਜਿੰਦੜੀ[84] ਭੀ ਤੇਰੇ ਉਤੋਂ ਵਾਰਨੇ[85], ਵਾਰਨੇ ਜਾਂਦੀ ਹੈ।
ਇਹੁ ਤਨੁ[86] ਮਨੁ[87] ਤੇਰਾ	This body[86] and mind[87] art Thine, O	ਇਹ ਦੇਹਿ[86] ਤੇ ਆਤਮਾ[87] ਤੇਰੀਆਂ ਹਨ, ਹੇ ਪ੍ਰਭੂ !

ਸਭਿ ਗੁਣ[88] ਤੇਰੇ ॥	Lord and all the virtues[88] vest in Thee.	ਅਤੇ ਸਮੂਹ ਨੇਕੀਆਂ[88] ਭੀ ਤੇਰੇ ਵਿਚ ਹੀ ਹਨ।
ਖੰਨੀਐ[89] ਵੰਞਾ ਦਰਸਨ[90] ਤੇਰੇ ॥	I am each bit a sacrifice[89] unto Thine vision[90].	ਤੇਰੇ ਦੀਦਾਰ[90] ਉਤੋਂ ਮੇਰਾ ਅੰਗ ਅੰਗ ਕੁਰਬਾਨ[89] ਜਾਂਦਾ ਹੈ।
ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ[91] ਦ੍ਰਿਸਟਿ[92] ਪੇਖਿ[93] ਜੀਵਾ[94] ॥	Hear Thou, O my Lord, I live[94], if with mine eyes[92] I see[93] Thy sight even for an instant[91].	ਤੂੰ ਸੁਣ ਹੇ ਮੇਰੇ ਮਾਲਕ! ਜੇਕਰ ਆਪਣੀਆਂ ਅੱਖਾਂ[92] ਨਾਲ ਮੈਂ ਤੇਰੇ ਦੀਦਾਰ ਨੂੰ ਇਕ ਮੁਹਤ[91] ਭਰ ਲਈ ਭੀ ਵੇਖ[93] ਲਵਾਂ ਤਦ ਹੀ ਮੈਂ ਜੀਊਂਦੀ[94] ਰਹਿੰਦੀ ਹਾਂ।
ਅੰਮ੍ਰਿਤੁ[95] ਨਾਮੁ ਸੁਨੀਜੈ ਤੇਰਾ ਕਿਰਪਾ[96] ਕਰਹਿ[97] ਤ[98] ਪੀਵਾ[99] ॥	I hear, Thy Name is Nectar[95]. If Thou showest[97] mercy[96] unto me, then[98] alone can I drink[99] it.	ਮੈਂ ਸੁਣਦੀ ਹਾਂ ਤੇਰਾ ਨਾਮ ਆਬਿ-ਹਿਯਾਤ[95] ਹੈ। ਜੇਕਰ ਤੂੰ ਮੇਰੇ ਤੇ ਰਹਿਮਤ[96] ਧਾਰੇਂ[97] ਕੇਵਲ ਤਦ[98] ਹੀ ਮੈਂ ਇਸ ਨੂੰ ਪਾਨ[99] ਕਰ ਸਕਦੀ ਹਾਂ।
ਆਸ[100] ਪਿਆਸੀ[2] ਪਿਰ[3] ਕੈ ਤਾਈ[4] ਜਿਉ[5] ਚਾਤ੍ਰਿਕੁ[6] ਬੂੰਦੇਰੇ[7] ॥	Like[5] the sparrow hawk[6] for the rain-drop[7] I hope[100] and thirst[2] for[4] Thee, O my Groom[3].	ਪਪੀਹੇ[6] ਦੀ ਮੀਂਹ ਦੀ ਕਣੀ[7] ਦੇ ਨਿਆਈਂ[5] ਮੇਰੀ ਤੇਰੇ ਲਈ[4] ਉਮੀਦ[100] ਅਤੇ ਤਰੇਹ[2] ਹੈ, ਹੇ ਮੇਰੇ ਕੰਤ[3]!
ਕਹੁ ਨਾਨਕ ਜੀਅੜਾ[8] ਬਲਿਹਾਰੀ ਦੇਹੁ[9] ਦਰਸੁ[10] ਪ੍ਰਭ ਮੇਰੇ ॥੨॥	Says Nanak, my soul[8] is a sacrifice unto Thee, Bless[9] me Thou with Thy vision[10], O Lord.	ਗੁਰੂ ਜੀ ਆਖਦੇ ਹਨ ਮੇਰੀ ਜਿੰਦੜੀ[8] ਤੇਰੇ ਉਤੋਂ ਘੋਲੀ ਜਾਂਦੀ ਹੈ, ਤੂੰ ਮੈਨੂੰ ਆਪਣਾ ਦੀਦਾਰ[10] ਬਖਸ਼[9], ਹੇ ਸੁਆਮੀ!
ਤੂ ਸਾਚਾ ਸਾਹਿਬੁ ਸਾਹੁ[12] ਅਮਿਤਾ[13] ॥	Thou art the True Lord and the limitless[13] Sovereign[12].	ਤੂੰ ਸੱਚਾ ਸੁਆਮੀ ਅਤੇ ਹੱਦ ਬੰਨਾ-ਰਹਿਤ[13] ਸੁਲਤਾਨ[12] ਹੈਂ।
ਤੂ ਪ੍ਰੀਤਮੁ[14] ਪਿਆਰਾ[15] ਪ੍ਰਾਨ[16] ਹਿਤ[17] ਚਿਤਾ[18] ॥	Thou art my Loved[15] Beloved[14] and dear[17] unto my life[16] and mind[18].	ਤੂੰ ਮੇਰਾ ਪ੍ਰੀਤਵਾਨ[15] ਦਿਲਬਰ[14] ਹੈਂ ਅਤੇ ਮੇਰੀ ਜਿੰਦ ਜਾਨ[16] ਤੇ ਮਨ[18] ਨੂੰ ਪਿਆਰਾ[17] ਲਗਦਾ ਹੈਂ।
ਪ੍ਰਾਨ[19] ਸੁਖ ਦਾਤਾ[20] ਗੁਰਮੁਖਿ[21] ਜਾਤਾ[22] ਸਗਲ ਰੰਗ[23] ਬਨਿਆਏ[24] ॥	Thou givest[20] peace to my soul[19] and art known[22] by the Guru's grace[21]. To love[23] Thee behoves[24] everyone.	ਤੂੰ ਮੇਰੀ ਜਿੰਦੜੀ[19] ਨੂੰ ਆਰਾਮ ਬਖਸ਼ਦਾ[20] ਹੈਂ ਅਤੇ ਗੁਰਾਂ ਦੀ ਦਇਆ[21] ਦੁਆਰਾ ਜਾਣਿਆ ਜਾਂਦਾ[22] ਹੈਂ। ਤੈਨੂੰ ਪਿਆਰ[23] ਕਰਨਾ ਹਰ ਇਕ ਲਈ ਯੋਗ[24] ਹੈ।
ਸੋਈ[28] ਕਰਮੁ[29] ਕਮਾਵੈ ਪ੍ਰਾਣੀ[25] ਜੇਹਾ[26] ਤੂ ਫੁਰਮਾਏ[27] ॥	The mortal[25] does the[28] deeds[29], as[26] Thou, O Lord biddest[27].	ਜੀਵ[25] ਉਹੀ[28] ਕੰਮ[29] ਕਰਦਾ ਹੈ ਜਿਹੋ ਜਿਹੇ[26] ਤੂੰ ਹੁਕਮ ਕਰਦਾ[27] ਹੈਂ, ਹੇ ਸੁਆਮੀ!
ਜਾ ਕਉ ਕ੍ਰਿਪਾ[30] ਕਰੀ [31]ਜਗਦੀਸੁਰਿ[32] ਤਿਨਿ[33] ਸਾਧ ਸੰਗਿ ਮਨੁ ਜਿਤਾ[34] ॥	He[33], on whom is Thy mercy[30], O Lord[32] of the world[31], conquers[34] his mind in the society of the saints.	ਜਿਸ ਉਤੇ ਤੇਰੀ ਮਿਹਰ[30] ਹੈ, ਹੇ ਸ੍ਰਿਸ਼ਟੀ[31] ਦੇ ਸੁਆਮੀ[32]! ਉਹ[33] ਸਤਿਸੰਗਤ ਅੰਦਰ ਆਪਣੇ ਮਨੂਏ ਤੇ ਕਾਬੂ[34] ਪਾ ਲੈਂਦਾ ਹੈ।
ਕਹੁ ਨਾਨਕ ਜੀਅੜਾ[35] ਬਲਿਹਾਰੀ[36] ਜੀਉ[37] ਪਿੰਡੁ[38] ਤਉ ਦਿਤਾ[39] ॥੩॥	Says Nanak, my soul[35] is a sacrifice[36] unto Thee. Thou, O my God, hast blessed[39] me with life[37] and body[38].	ਗੁਰੂ ਜੀ ਆਖਦੇ ਹਨ, ਮੇਰੀ ਜਿੰਦੜੀ[35]! ਤੇਰੇ ਉਤੋਂ ਕੁਰਬਾਨ[36] ਹੈ। ਹੇ ਮੇਰੇ ਵਾਹਿਗੁਰੂ! ਤੂੰ ਮੈਨੂੰ ਜਿੰਦ-ਜਾਨ[37] ਅਤੇ ਦੇਹਿ[38] ਪਰਦਾਨ ਕੀਤੇ[39] ਹਨ।
ਨਿਰਗੁਣੁ[40] ਰਾਖਿ ਲੀਆ ਸੰਤਨ ਕਾ ਸਦਕਾ[41] ॥	Me, the virtueless[40] one, the Lord has saved for the sake[41] of his saints.	ਮੈਂ ਨੇਕੀ-ਵਿਹੂਣ[40], ਦੀ ਪ੍ਰਭੂ ਨੇ ਆਪਣੇ ਸਾਧੂਆਂ ਦੀ ਖ਼ਾਤਰ[41] ਰੱਖਿਆ ਕੀਤੀ ਹੈ।

ਸਤਿਗੁਰਿ ਢਾਕਿ[42] ਲੀਆ ਮੋਹਿ ਪਾਪੀ[43] ਪੜਦਾ[44] ॥
ਢਾਕਨਹਾਰੇ ਪ੍ਰਭੂ ਹਮਾਰੇ ਜੀਅ[45] ਪ੍ਰਾਨ[46] ਸੁਖ[47] ਦਾਤੇ[48] ॥
ਅਬਿਨਾਸੀ[49] ਅਬਿਗਤ[50] ਸੁਆਮੀ[51] ਪੂਰਨ[52] ਪੁਰਖ[53] ਬਿਧਾਤੇ[54] ॥
ਉਸਤਤਿ[55] ਕਹਨੁ[57] ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ[56] ॥
ਨਾਨਕ ਦਾਸੁ[57]* ਤਾਕੈ[58] ਬਲਿਹਾਰੀ[59] ਮਿਲੈ[60] ਨਾਮੁ ਹਰਿ ਨਿਮਕਾ[61] ॥੪॥੧॥੧੧ ॥

The True Guru has covered[42] up the shame[44] of me, the sinner[43].
My Lord covers up my shame. He is the Giver[48] of soul[45], life[46] and peace[47].
Ever-stable[49], Ever-present[50], All-pervading[52] and Omnipotent[53] is my Creator[54]-Lord[51].
Thine whole praise[55], O Lord, can be uttered[57] not. Who can say, whence[56] art Thou ?
Slave[57]* Nanak is a sacrifice[59] unto him[58], through whom he is blessed[60] with even a particle[61] of Thy Name, O God.

ਸੱਚੇ ਗੁਰਾਂ ਨੇ ਮੈਂ, ਗੁਨਾਹਗਾਰ[43] ਦੇ ਐਬ[44] ਕੱਜ[42] ਲਏ ਹਨ।
ਮੇਰਾ ਸੁਆਮੀ ਮੇਰੇ ਐਬ ਕਜਦਾ ਹੈ। ਉਹ ਮੈਨੂੰ ਜਿੰਦੜੀ[45] ਜਿੰਦ ਜਾਨ[46] ਅਤੇ ਆਰਾਮ[47] ਬਖਸ਼ਣਹਾਰ[48] ਹੈ।
ਸਦੀਵੀ-ਸਥਿਰ[49], ਸਦਾ-ਹਾਜ਼ਰ ਨਾਜ਼ਰ[50], ਸਰਬ-ਵਿਆਪਕ[52] ਅਤੇ ਸਰਬ-ਸ਼ਕਤੀਵਾਨ[53] ਹੈ ਮੇਰਾ ਸਿਰਜਣਹਾਰ[54]-ਸਾਹਿਬ[51] ।
ਤੇਰੀ ਸਾਰੀ ਮਹਿਮਾ[55], ਹੇ ਸੁਆਮੀ ! ਉਚਾਰਨ[57] ਕੀਤੀ ਨਹੀਂ ਜਾ ਸਕਦੀ। ਕੌਣ ਆਖ ਸਕਦਾ ਹੈ, ਤੂੰ ਕਦੋਂ ਕ[56] ਦਾ ਹੈਂ ?
ਗੋਲਾ[57]* ਨਾਨਕ ਉਸ ਤੋਂ[58] ਕੁਰਬਾਨ[59] ਜਾਂਦਾ ਹੈ, ਜਿਸ ਦੇ ਰਾਹੀਂ ਉਸ ਨੂੰ ਹੇ ਵਾਹਿਗੁਰੂ ! ਤੇਰੇ ਨਾਮ ਦੇ ਇਕ ਕਿਣਕੇ[61] ਮਾਤਰ ਦੀ ਦਾਤ ਪਰਦਾਨ ਹੁੰਦੀ[60] ਹੈ।

੧੧੧੮ / 1118 / ੧੧੧੮

ਕੇਦਾਰਾ / Kedara / ਕੇਦਾਰਾ

ਮਹਲਾ ੪ ਘਰੁ ੧ / 4th Guru / ਚੌਥੀ ਪਾਤਿਸ਼ਾਹੀ

੧ ਓ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਮੇਰੇ ਮਨ[62] ਰਾਮ ਨਾਮ ਨਿਤ[63] ਗਾਵੀਐ ਰੇ ॥
ਅਗਮ[64] ਅਗੋਚਰੁ[65] ਨ ਜਾਈ ਹਰਿ ਲਖਿਆ[66] ਗੁਰੁ ਪੂਰਾ[67] ਮਿਲੈ ਲਖਾਵੀਐ ਰੇ ॥ ਰਹਾਉ ॥
ਜਿਸੁ ਆਪੇ ਕਿਰਪਾ[68] ਕਰੇ[69] ਮੇਰਾ ਸੁਆਮੀ ਤਿਸੁ[73] ਜਨ[70] ਕਉ ਹਰਿ ਲਿਵ ਲਾਵੀਐ[72] ਰੇ ॥
ਸਭਿ ਕੋ ਭਗਤਿ[74] ਕਰੇ ਹਰਿ ਕੇਰੀ ਹਰਿ ਭਾਵੈ[75] ਸੁ[76] ਥਾਇ[77] ਪਾਵੀਐ ਰੇ ॥ ੧ ॥

O my soul[62], ever[63] sing thou the praise of the Lord's Name.
Inaccessible[64] and Inapprehensible[65] Lord can be seen[66] not. Meeting with the Perfect[67] Guru, He is seen. Pause.
On whomsoever my Lord showers[69] His benedicition[68]; That[73] man[70], He attunes[72] to Himself.
Everyone perfoms the Lord's service[74], but he[76] alone, who is pleasing[75] to the Lord, becomes acceptable[77].

ਹੇ ਮੇਰੀ ਜਿੰਦੜੀਏ[62] ! ਤੂੰ ਸਦੀਵ[63] ਹੀ ਸੁਆਮੀ ਦੇ ਨਾਮ ਦੀ ਮਹਿਮਾ ਗਾਇਨ ਕਰ।
ਪਹੁੰਚ ਤੋਂ ਪਰੇ[64] ਅਤੇ ਸੋਚ ਸਮਝ ਤੋਂ ਉਚੇਰਾ[65] ਸਾਈਂ ਵੇਖਿਆ[66] ਨਹੀਂ ਜਾ ਸਕਦਾ। ਪੂਰਨ[67] ਗੁਰਾਂ ਨਾਲ ਮਿਲਣ ਦੁਆਰਾ, ਉਹ ਵੇਖਿਆ ਜਾਂਦਾ ਹੈ। ਠਹਿਰਾਉ।
ਜਿਸ ਕਿਸੇ ਉਤੇ ਮੇਰਾ ਮਾਲਕ ਆਪਣੀ ਰਹਿਮਤ[68] ਧਾਰਦਾ[69] ਹੈ, ਉਸ[73] ਮਨੁੱਖ[70] ਨੂੰ ਉਹ ਆਪਣੇ ਪ੍ਰੇਮ ਅੰਦਰ ਜੋੜ ਲੈਂਦਾ[72] ਹੈ।
ਹਰ ਕੋਈ ਸੁਆਮੀ ਦੀ ਸੇਵਾ[74] ਕਮਾਉਂਦਾ ਹੈ, ਪ੍ਰੰਤੂ ਕੇਵਲ ਉਹ[76] ਹੀ ਕਬੂਲ[77] ਪੈਂਦਾ ਹੈ ਜੋ ਸੁਆਮੀ ਨੂੰ ਚੰਗਾ ਲਗਦਾ[75] ਹੈ।

ਹਰਿ ਹਰਿ ਨਾਮੁ ਅਮੋਲਕੁ[78] ਹਰਿ ਪਹਿ[79] ਹਰਿ ਦੇਵੈ[82] ਤਾ[80] ਨਾਮੁ ਧਿਆਵੀਐ[81] ਰੇ ॥	The Lord God's priceless[78] Name is with[79] the Lord. If the Lord blesses[82] us with it, then[80] alone can we contemplate[81] the Name	ਸੁਆਮੀ ਵਾਹਿਗੁਰੂ ਦਾ ਅਣਮੁੱਲਾ[78] ਨਾਮ ਸੁਆਮੀ ਦੇ ਪਾਸ[79] ਹੈ। ਜੇਕਰ ਉਹ ਸਾਨੂੰ ਇਸ ਦੀ ਬਖਸ਼ਸ਼ ਕਰੇ[82], ਕੇਵਲ ਤਦ[80] ਹੀ ਅਸੀਂ ਨਾਮ ਦਾ ਸਿਮਰਨ ਕਰ ਸਕਦੇ[81] ਹਾਂ।
ਜਿਸ ਨੋ ਨਾਮੁ ਦੇਇ[83] ਮੇਰਾ ਸੁਆਮੀ ਤਿਸੁ[84] ਲੇਖਾ[85] ਸਭੁ ਛਡਾਵੀਐ[86] ਰੇ ॥ ੨॥	To whomsoever, my Lord gives[83] His Name; His[84] entire account[85] is settled[86].	ਜਿਸ ਕਿਸੇ ਨੂੰ ਮੇਰਾ ਮਾਲਕ ਆਪਣਾ ਨਾਮ ਦਿੰਦਾ[83] ਹੈ; ਉਸ[84] ਦਾ ਸਾਰਾ ਹਿਸਾਬ-ਕਿਤਾਬ[85] ਬੇਬਾਕ ਹੋ ਜਾਂਦਾ[86] ਹੈ।
ਹਰਿ ਨਾਮੁ ਅਰਾਧਹਿ[87] ਸੇ[88] ਧੰਨੁ[89] ਜਨ[90] ਕਹੀਅਹਿ[91] ਤਿਨ ਮਸਤਕਿ[92] ਭਾਗੁ[93] ਪੁਰਿ[94] ਲਿਖਿ ਪਾਵੀਐ ਰੇ ॥	Blessed[89] are said to be[91] the[88] persons[90], who meditate[87] on the Lord's Name. On their brow[92], good destiny[93] is pre-ordained[94].	ਮੁਬਾਰਕ[89] ਆਖੇ ਜਾਂਦੇ[91] ਹਨ, ਉਹ[88] ਪੁਰਸ਼[90] ਜੋ ਸਾਈਂ ਦੇ ਨਾਮ ਦਾ ਸਿਮਰਨ ਕਰਦੇ[87] ਹਨ। ਉਨ੍ਹਾਂ ਦੇ ਮੱਥੇ[92] ਉਤੇ ਚੰਗੀ ਪ੍ਰਾਲਬਧ[93] ਮੁੱਢ[94] ਤੋਂ ਹੀ ਲਿਖੀ ਹੋਈ ਹੈ।
ਤਿਨ ਦੇਖੇ ਮੇਰਾ ਮਨੁ[99] ਬਿਗਸੈ[95] ਜਿਉ[96] ਸੁਤੁ[97] ਮਿਲਿ ਮਾਤ[98] ਗਲਿ[100] ਲਾਵੀਐ ਰੇ ॥੩॥	Seeing them my heart[99] blooms[95], like[96] that of the mother[98], who meeting her son[97], hugs him to her bosom[100].	ਉਨ੍ਹਾਂ ਨੂੰ ਵੇਖ ਕੇ ਮੇਰਾ ਦਿਲ[99] ਐਉਂ ਖਿੜ ਜਾਂਦਾ[95] ਹੈ, ਜਿਸ ਤਰ੍ਹਾਂ[96] ਆਪਣੇ ਪੁੱਤ੍ਰ[97] ਨੂੰ ਮਿਲ ਕੇ ਆਪਣੀ ਹਿੱਕ[100] ਨਾਲ ਲਾਉਣ ਨਾਲ ਅੰਮੜੀ[98] ਦਾ।
ਹਮ ਬਾਰਿਕ[2] ਹਰਿ ਪਿਤਾ[3] ਪ੍ਰਭ ਮੇਰੇ ਮੋਕਉ ਦੇਹੁ[4] ਮਤੀ[5] ਜਿਤੁ[6] ਹਰਿ ਪਾਵੀਐ[7] ਰੇ ॥	I am a child[2], and Thou, O God Lord art my Father[3]. Impart[4] Thou such understanding[5] unto me, by which[6] I may obtain[7] my God.	ਮੈਂ ਬੱਚਾ[2] ਹਾਂ ਅਤੇ ਤੂੰ, ਹੇ ਵਾਹਿਗੁਰੂ ਸੁਆਮੀ! ਮੇਰਾ ਬਾਬਲ[3] ਹੈਂ। ਮੈਨੂੰ ਤੂੰ ਐਸੀ ਸਿਖ-ਮਤ[5] ਬਖ਼ਸ਼[4], ਜਿਸ ਦੁਆਰਾ[6] ਮੈਂ ਆਪਣੇ ਵਾਹਿਗੁਰੂ ਨੂੰ ਪਾ ਲਵਾਂ[7]।
ਜਿਉ[8] ਬਛੁਰਾ[9] ਦੇਖਿ ਗਊ[15] ਸੁਖੁ[10] ਮਾਨੈ ਤਿਉ[12] ਨਾਨਕ ਹਰਿ ਗਲਿ[13] ਲਾਵੀਐ[14] ਰੇ ॥੪॥੧॥	As[8] the cow[15], seeing her calf[9], is pleased[10], so[12] Thou, O Lord, hug[14] Nanak to Thy bosom[13].	ਜਿਸ ਤਰ੍ਹਾਂ[8] ਆਪਣੇ ਵਛੇ[9] ਨੂੰ ਵੇਖ ਕੇ ਗਾਂ[15] ਪ੍ਰਸੰਨ[10] ਹੁੰਦੀ ਹੈ, ਏਸੇ ਤਰ੍ਹਾਂ[12] ਹੀ ਤੂੰ, ਹੇ ਸੁਆਮੀ! ਨਾਨਕ ਨੂੰ ਆਪਣੀ ਛਾਤੀ[13] ਨਾਲ ਲਾ ਲੈ[14]।
ਕੇਦਾਰਾ ਮਹਲਾ ੪ ਘਰੁ ੧	**Kedara 4th Guru**	**ਕੇਦਾਰਾ ਚੌਥੀ ਪਾਤਿਸ਼ਾਹੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਮੇਰੇ ਮਨ[16] ਹਰਿ ਹਰਿ ਗੁਨ[17] ਕਹੁ[18] ਰੇ ॥	O my soul[16] utter[18] thou the praises[17] of thy Lord God.	ਹੇ ਮੇਰੀ ਜਿੰਦੜੀਏ[16]! ਤੂੰ ਆਪਣੇ ਸੁਆਮੀ ਵਾਹਿਗੁਰੂ ਦੀਆਂ ਮਹਿਮਾਂ[17] ਉਚਾਰਨ[18] ਕਰ।
ਸਤਿਗੁਰੂ ਕੇ ਚਰਨ[19] ਧੋਇ ਧੋਇ[20] ਪੂਜਹੁ[21] ਇਨ ਬਿਧਿ[22] ਮੇਰਾ ਹਰਿ ਪ੍ਰਭੁ ਲਹੁ[23] ਰੇ ॥ ਰਹਾਉ ॥	Washing and bathing[20] the True Guru's feet[19], worship[21] thou them. In this way[22] thou shalt obtain[23] my Lord Master. Pause.	ਸੱਚੇ ਗੁਰਾਂ ਦੇ ਪੈਰਾਂ[19] ਨੂੰ ਧੋ[20] ਤੇ ਸਾਫ਼ ਕਰ ਕੇ, ਤੂੰ ਉਨ੍ਹਾਂ ਦੀ ਉਪਾਸ਼ਨਾ[21] ਕਰ। ਇਸ ਤਰੀਕੇ[22] ਨਾਲ ਤੂੰ ਮੇਰੇ ਸੁਆਮੀ ਮਾਲਕ ਨੂੰ ਪਾ ਲਵੇਂਗਾ[23]। ਠਹਿਰਾਉ।

ਕਾਮੁ[24] ਕ੍ਰੋਧੁ[25] ਲੋਭੁ[26] ਮੋਹੁ[27] ਅਭਿਮਾਨੁ[28] ਬਿਖੈ[29] ਰਸ[30] ਇਨ ਸੰਗਤਿ[31] ਤੇ ਤੂ ਰਹੁ[32] ਰੇ ॥

Lust[24], wrath[25], avarice[26], worldly love[27], self-conceit[28] and sinful[29] relishes[30], from their association[31] escape thou, O man.

ਮਿਥਨ[24]-ਹੁਲਾਸ, ਗੁੱਸਾ[25], ਲਾਲਚ[26], ਸੰਸਾਰੀ[27] ਮਮਤਾ, ਸਵੈ-ਹੰਗਤਾ[28] ਅਤੇ ਪਾਪਾਂ[29] ਭਰੇ ਸੁਆਦਾਂ[30], ਇਨ੍ਹਾਂ ਦੀ ਸੁਹਬਤ[31] ਤੋਂ ਤੂੰ ਬਚ[32], ਹੇ ਬੰਦੇ !

੧੧੧੯ / 1119

ਮਿਲਿ[33] ਸਤਸੰਗਤਿ ਕੀਜੈ ਰਹਿ ਗੋਸਟਿ[34]ਸਾਧੂ ਸਿਉ[35] ਗੋਸਟਿ ਹਰਿ ਪ੍ਰੇਮ[36] ਰਸਾਇਣੁ[39] ਰਾਮ ਨਾਮੁ[38] ਰਸਾਇਣੁ[34] ਹਰਿ ਰਾਮ ਨਾਮ ਰਾਮ ਰਮਹੁ[40] ਰੇ[41] ॥੧॥

O[41] man,associating[33] with the saints' society discourse[34] thou on God and discourse thou with[35] the saints. God's love[36] is the panacea[37] of all the ills. The Lord's Name is the home[39] of elixir[38]. Utter[40] thou the Name of God, the Lord Master.

ਹੇ[41] ਬੰਦੇ ! ਸਾਧ ਸੰਗਤ ਨਾਲ ਜੁੜ[33] ਕੇ ਤੂੰ ਵਾਹਿਗੁਰੂ ਸੰਬੰਧੀ ਗਿਆਨ ਚਰਚਾ[34] ਕਰ ਅਤੇ ਤੂੰ ਸੰਤਾਂ ਨਾਲ[35] ਗਿਆਨ ਚਰਚਾ ਕਰ । ਵਾਹਿਗੁਰੂ ਦਾ ਪਿਆਰ ਸਾਰਿਆਂ ਰੋਗਾਂ ਦੀ ਦਵਾਈ[37] ਹੈ । ਸੁਆਮੀ ਦਾ ਨਾਮ ਅੰਮ੍ਰਿਤ ਦਾ ਘਰ ਹੈ । ਤੂੰ ਵਾਹਿਗੁਰੂ, ਸੁਆਮੀ ਮਾਲਕ ਦੇ ਨਾਮ ਦਾ ਉਚਾਰਨ[40] ਕਰ ।

ਅੰਤਰ[42] ਕਾ ਅਭਿਮਾਨੁ[43] ਜੋਰੁ[44] ਤੂ ਕਿਛੁ ਕਿਛੁ ਕਿਛੁ[45] ਜਾਨਤਾ[46] ਇਹੁ ਦੂਰਿ[47] ਕਰਹੁ ਆਪਨ[48] ਗਹੁ[49] ਰੇ ॥

Thy mind's[42] ego[43] and power[44], which thou thinkest[46] to be much[45] in thee; shed[47] thou these and restrain[49] thine ownself[48].

ਆਪਣੇ ਮਨ[42] ਦੀ ਹੰਗਤਾ[43] ਅਤੇ ਤਾਕਤ[44], ਜਿਸ ਨੂੰ ਤੂੰ ਆਪਣੇ ਅੰਦਰ ਚੋਖੀ[45] ਖਿਆਲ[46] ਕਰਦਾ ਹੈਂ ਇਨ੍ਹਾਂ ਨੂੰ ਤੂੰ ਛੱਡ[47] ਦੇ ਅਤੇ ਆਪਣੇ ਆਪ[48] ਨੂੰ ਕਾਬੂ[49] ਕਰ ।

ਜਨ[50] ਨਾਨਕ ਕਉ ਹਰਿ ਦਇਆਲ[51] ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ[52] ਕਰਿ ਹਰੇ[53] ॥੨॥੧॥੨॥

O my God, the Lord Master, be Thou Merciful[51] unto slave[50] Nanak and make[53] him the dust[52] of Thine saints' feet.

ਹੇ ਮੇਰੇ ਹਰੀ ਸੁਆਮੀ ਮਾਲਕ ! ਤੂੰ ਗੋਲੇ[50] ਨਾਨਕ ਉਤੇ ਦਇਆਵਾਨ[51] ਹੋ ਅਤੇ ਉਸ ਨੂੰ ਆਪਣੇ ਸਾਧੂਆਂ ਦੇ ਪੈਰਾਂ ਦੀ ਧੂੜ[52] ਬਣਾ[53] ਦੇ ।

ਕੇਦਾਰਾ
ਮਹਲਾ ੫ ਘਰੁ ੨

Kedara
5th Guru

ਕੇਦਾਰਾ
ਪੰਜਵੀਂ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਮਾਈ[54] ਸੰਤ ਸੰਗਿ ਜਾਗੀ[55] ॥

O my mother[54], in the society of the saints I am awakened[55].

ਹੇ ਮੇਰੀ ਮਾਤਾ[54] ! ਸੰਤਾਂ ਦੀ ਸੰਗਤ ਅੰਦਰ ਮੈਂ ਜਾਗ[55] ਪਈ ਹਾਂ ।

ਪ੍ਰਿਅ[54] ਰੰਗ[57]ਦੇਖੈ ਜਪਤੀ[58] ਨਾਮੁ ਨਿਧਾਨੀ[59] ॥ਰਹਾਉ॥

Seeing the love[57] of my Beloved[56], I utter[58] His Name, the treasure[59] of bliss. Pause.

ਆਪਣੇ ਪ੍ਰੀਤਮ[56] ਦੇ ਪਿਆਰ[57] ਨੂੰ ਵੇਖ, ਮੈਂ ਉਸ ਦੇ ਨਾਮ ਨੂੰ ਉਚਾਰਦੀ[58] ਹਾਂ ਜੋ ਕਿ ਖੁਸ਼ੀ ਦਾ ਖ਼ਜ਼ਾਨਾ[59] ਹੈ । ਠਹਿਰਾਉ ।

ਦਰਸਨ[60] ਪਿਆਸ[61] ਲੋਚਨ[62] ਤਾਰ[63] ਲਾਗੀ[64]॥

Thirsting[61] for His vision[60], mine eyes[62] incessant glance[63] is fixed[64] on Him.

ਉਸ ਦੇ ਦੀਦਾਰ[60] ਦੀ ਤ੍ਰੇਹ[61] ਅੰਦਰ ਮੇਰੇ ਨੇਤ੍ਰਾਂ[62] ਦੀ ਇਕ-ਟਕ ਨੀਝ[63] ਉਸ ਦੇ ਉਤੇ ਲੱਗੀ ਹੋਈ[64] ਹੈ ।

ਬਿਸਰੀ[65] ਤਿਆਸ[66] ਬਿਡਾਨੀ[67] ॥੧॥	I have forgotten[65] other[67] thirsts[66] now.	ਮੈਨੂੰ ਹੁਣ ਹੋਰ ਤਰੇਹਾਂ[66] (ਪਿਆਸਾਂ) ਭੁੱਲ ਗਈਆਂ[65] ਹਨ।
ਅਬ ਗੁਰੁ ਪਾਇਓ ਹੈ ਸਹਜ[68] ਸੁਖਦਾਇਕ[70] ਦਰਸਨੁ[71] ਪੇਖਤ[72] ਮਨੁ ਲਪਟਾਨੀ[73] ॥	I have now found my poise[68] and peace-giving[70] Guru. Seeing[72] his sight[71], my mind has clung[73] to him.	ਮੈਂ ਹੁਣ ਆਪਣੇ ਅਡੋਲਤਾ[68] ਅਤੇ ਆਰਾਮ ਦੇਣਹਾਰ[70] ਗੁਰਦੇਵ ਜੀ ਨੂੰ ਪਾ ਲਿਆ ਹੈ। ਉਨ੍ਹਾਂ ਦਾ ਦੀਦਾਰ[71] ਵੇਖ[72], ਮੇਰਾ ਮਨੂਆ ਉਨ੍ਹਾਂ ਨਾਲ ਚਿਮੜ[73] ਗਿਆ ਹੈ।
ਦੇਖਿ ਦਮੋਦਰ[74] ਰਹਸੁ[75] ਮਨਿ ਉਪਜਿਓ[78] ਨਾਨਕ ਪ੍ਰਿਅ[77] ਅੰਮ੍ਰਿਤ[76] ਬਾਨੀ[79] ॥੨॥੧॥	Seeing my Lord[74], joy[75] has welled[76] up in my mind. Nanak, Nectar[78]-sweet is the speech[79] of my Loved-spouse[77].	ਆਪਣੇ ਸੁਆਮੀ[74] ਨੂੰ ਵੇਖ ਕੇ, ਮੇਰੇ ਚਿਤ ਅੰਦਰ ਖ਼ੁਸ਼ੀ[75] ਉਤਪੰਨ ਹੋ ਗਈ[76] ਹੈ। ਨਾਨਕ, ਆਬਿ-ਹਿਯਾਤ[78] ਵਰਗੀ ਮਿੱਠੜੀ ਹੈ ਮੇਰੇ ਪਿਆਰੇ ਪਤੀ[77] ਦੀ ਬੋਲ-ਬਾਣੀ[79]।
ਕੇਦਾਰਾ ਮਹਲਾ ੫ ਘਰੁ ੩	Kedara 5th Guru	ਕੇਦਾਰਾ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	**There is but One God. By the True Guru's grace, He is obtained.**	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਦੀਨ[80] ਬਿਨਉ[81] ਸੁਨੁ ਦਇਆਲ[82] ॥	Of me, the meek[80] one, hear Thou the supplication[81], O my Merciful[82] Master.	ਮੈਂ ਮਸਕੀਨ[80] ਦੀ ਤੂੰ ਪ੍ਰਾਰਥਨਾ[81] ਸੁਣ, ਹੇ ਮੇਰੇ ਮਿਹਰਬਾਨ[82] ਮਾਲਕ।
ਪੰਚ ਦਾਸ[83] ਤੀਨਿ ਦੋਖੀ[84] ਏਕ ਮਨੁ[89] ਅਨਾਥ[85] ਨਾਥ[86] ਰਾਖੁ ਹੋ[87] ਕਿਰਪਾਲ[88] ॥ਰਹਾਉ॥	The five demons[83] and three inimical[84] dispositions, torture my soul[89]. O kind Lord[88], the Patron[86] of the patronless[85], save[87] Thee me from them Pause.	ਪੰਜ ਭੂਤਨੇ[83] ਅਤੇ ਤਿੰਨੇ ਵਿਰੋਧੀ[84] ਸੁਭਾ, ਮੇਰੀ ਇਕ ਆਤਮਾ[89] ਨੂੰ ਦੁਖ ਦਿੰਦੇ ਹਨ। ਹੇ ਨਿਖਸਮਿਆਂ[85] ਦੇ ਖਸਮ[86]! ਦਇਆਵਾਨ[88] ਪ੍ਰਭੂ! ਤੂੰ ਮੇਰੀ ਉਨ੍ਹਾਂ ਪਾਸੋਂ ਰੱਖਿਆ[87] ਕਰ। ਠਹਿਰਾਉ।
ਅਨਿਕ[90] ਜਤਨ[91] ਗਵਨੁ[92] ਕਰਉ ॥	I make many[90] efforts[91] and go[92] on pilgrimages.	ਮੈਂ ਘਣੇਰੇ[90] ਉਪਰਾਲੇ[91] ਕਰਦਾ ਤੇ ਯਾਤਾ ਕਰਨ ਜਾਂਦਾ[92] ਹਾਂ।
ਖਟੁ[93] ਕਰਮ[34] ਜੁਗਤਿ[95] ਧਿਆਨੁ ਧਰਉ[96] ॥	I perform six[93] religious rites[94] and contemplate[96] in the right way[95].	ਮੈਂ ਛੇ[93] ਕਰਮ ਕਾਂਡ[94] ਕਰਦਾ ਅਤੇ ਠੀਕ ਤਰੀਕੇ[95] ਨਾਲ ਸੋਚਦਾ ਵੀਚਾਰਦਾ[96] ਹਾਂ।
ਉਪਾਵ[97] ਸਗਲ ਕਰਿ ਹਾਰਿਓ[98] ਨਹ ਨਹ ਹੁਟਹਿ[99] ਬਿਕਰਾਲ[100] ॥੧॥	I have grown weary[98] of making all the efforts[97], but the fearful[100] sins leave[99] me not, ever.	ਮੈਂ ਸਾਰੇ ਉਪਰਾਲੇ[97] ਕਰਦਾ ਹੰਭ[98] ਗਿਆ ਹਾਂ, ਪ੍ਰੰਤੂ ਭਿਆਨਕ[100] ਪਾਪ ਮੇਰਾ ਖਹਿੜਾ ਛਡਦੇ[99] ਨਹੀਂ, ਕਦੇ ਭੀ ਨਹੀਂ।
ਸਰਣਿ[2] ਬੰਦਨ[3] [4]ਕਰੁਣਾਪਤੇ[5] ॥	O Lord[5] of compassion[4], I seek Thine protection[2] and make obeisance[3] unto Thee.	ਹੇ ਰਹਿਮਤ[4] ਦੇ ਸੁਆਮੀ[5]! ਮੈਂ ਤੇਰੀ ਪਨਾਹ[2] ਲੋੜਦਾ ਹਾਂ ਅਤੇ ਤੈਨੂੰ ਨਮਸ਼ਕਾਰ[3] ਕਰਦਾ ਹਾਂ।
ਭਵ[6] ਹਰਣ[7] ਹਰਿ ਹਰਿ[8] ਹਰਿ ਹਰੇ ॥	O God Lord, the Immortal Master[8], Thou art the Destroyer[7] of dread[6].	ਹੇ ਵਾਹਿਗੁਰੂ ਸੁਆਮੀ! ਅਬਿਨਾਸੀ[8] ਮਾਲਕ! ਤੂੰ ਡਰ[6] ਦੂਰ ਕਰਨਹਾਰ[7] ਹੈਂ।

ਏਕ[9] ਤੂਹੀ ਦੀਨ[10] ਦਇਆਲ[12] ॥	Thou alone[9] art compassionate[12] to the meek[10].	ਕੇਵਲ[9] ਤੂੰ ਹੀ ਮਸਕੀਨਾਂ[10] ਉਤੇ ਮਿਹਰਬਾਨ[12] ਹੈਂ।
ਪ੍ਰਭ ਚਰਨ[13] ਨਾਨਕ ਆਸਰੋ[14] ॥	Nanak has the support[14] of the Lord's feet[13] alone.	ਨਾਨਕ ਨੂੰ ਕੇਵਲ ਸੁਆਮੀ ਦੇ ਚਰਨਾਂ[13] ਦਾ ਆਸਰਾ[14] ਹੈ।
ਉਧਰੇ[15] ਭ੍ਰਮ[16] ਮੋਹ[17] ਸਾਗਰ[18] ਲਗਿ[19] ਸੰਤਨਾ ਪਗ[20] ਪਾਲ[21] ॥ ੨ ॥ ੧ ॥ ੨ ॥	Clinging[19] to the feet[20] and skirt[21] of the saints, I have crossed[15] the ocean[18] of doubt[16] and worldly love[17].	ਸਾਧੂਆਂ ਦੇ ਪੈਰਾਂ[20] ਅਤੇ ਪੱਲੇ[21] ਨਾਲ ਚਿਮੜ[19] ਕੇ, ਮੈਂ ਸੰਦੇਹ[16] ਅਤੇ ਸੰਸਾਰੀ ਮਮਤਾ[17] ਦੇ ਸਮੁੰਦਰ[18] ਤੋਂ ਪਾਰ[15] ਉਤਰ ਗਿਆ ਹਾਂ।
ਕੇਦਾਰਾ ਮਹਲਾ ੫ ਘਰੁ ੪	**Kedara 5th Guru**	**ਕੇਦਾਰਾ ਪੰਜਵੀਂ ਪਾਤਿਸ਼ਾਹੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਰਨੀ[22] ਆਇਓ ਨਾਥ[23] ਨਿਧਾਨ[24] ॥	O Lord[23], the Treasure[24] of bliss, I have sought Thy refuge[22].	ਹੇ ਖੁਸ਼ੀ ਦੇ ਖ਼ਜ਼ਾਨੇ[24] ਸੁਆਮੀ[23], ਮੈਂ ਤੇਰੀ ਸ਼ਰਣਾਗਤ[22] ਸੰਭਾਲੀ ਹੈ।
ਨਾਮ ਪ੍ਰੀਤਿ[25] ਲਾਗੀ[26] ਮਨ ਭੀਤਰਿ[27] ਮਾਗਨ[28] ਕਉ ਹਰਿ ਦਾਨ[29] ॥ ੧ ॥ ਰਹਾਉ ॥	Within[27] my mind Thy love[25] is enshrined[26], and I pray[28] for the alm[29] of Thine Name, O God. Pause.	ਮੇਰੇ ਚਿਤ ਅੰਦਰ[27] ਤੇਰਾ ਪਿਆਰ[25] ਟਿਕਿਆ[26] ਹੋਇਆ ਹੈ ਅਤੇ ਮੈਂ ਤੇਰੇ ਨਾਮ ਦੀ ਖ਼ੈਰ[29] ਦੀ ਯਾਚਨਾ[28] ਕਰਦਾ ਹਾਂ, ਹੇ ਵਾਹਿਗੁਰੂ ! ਠਹਿਰਾਓ।
ਸੁਖਦਾਈ[30] ਪੂਰਨ[31] ਪਰਮੇਸੁਰ ਕਰਿ ਕਿਰਪਾ[32] ਰਾਖਹੁ ਮਾਨ[33] ॥	O my peace-giving[30] Perfect[31] Lord, mercifully[32] save Thou my honour[33].	ਹੇ ਮੇਰੇ ਆਰਾਮ-ਬਖਸ਼ਣਹਾਰ[30] ਪੂਰੇ[31] ਪ੍ਰਭੂ ! ਦਇਆ[32] ਧਾਰ ਕੇ ਤੂੰ ਮੇਰੀ ਪਤਿ ਆਬਰੂ[33] ਰੱਖ।
ਦੇਹੁ[34] ਪ੍ਰੀਤਿ[35] ਸਾਧੂ ਸੰਗਿ ਸੁਆਮੀ ਹਰਿ ਗੁਨ[36] ਰਸਨ[37] ਬਖਾਨ[38] ॥ ੧ ॥	Bless[34] Thou me with such love[35], O my Lord God, that in the saints' society I may utter[38] Thy praise[36] with my tongue[37].	ਮੈਨੂੰ ਐਹੋ ਜੇਹੀ ਪਿਰਹੜੀ[35] ਪਰਦਾਨ[34] ਕਰ, ਹੇ ਮੇਰੇ ਸਾਂਈਂ ਵਾਹਿਗੁਰੂ ! ਕਿ ਸਤਿਸੰਗਤ ਅੰਦਰ ਆਪਣੀ ਜੀਹਭਾ[37] ਨਾਲ ਤੇਰਾ ਜੱਸ[36] ਉਚਾਰਨ[38] ਕਰਾਂ।
[39]ਗੋਪਾਲ[40] ਦਇਆਲ[41] [42]ਗੋਬਿਦ[43] [44]ਦਮੋਦਰ[45] ਨਿਰਮਲ[48] ਕਥਾ[46] ਗਿਆਨ[47] ॥	O my Merciful[41] God, the Cherisher[40] of the world[39], the Lord[43] of universe[42] and with a string[44] round Thy belly[45], immaculate[48] is Thy discourse[46] and Divine knowledge[47].	ਹੇ ਸੰਸਾਰ[39] ਦੇ ਪਾਲਣ-ਪੋਸਣਹਾਰ[40] ਆਲਮ[42] ਦੇ ਸੁਆਮੀ[43] ! ਅਤੇ ਆਪਣੇ ਪੇਟ[45] ਉਦਾਲੇ ਰੱਸੀ[44] ਵਾਲੇ ਮੇਰੇ ਮਿਹਰਬਾਨ[41] ਵਾਹਿਗੁਰੂ ! ਪਵਿੱਤਰ[48] ਹੈ ਤੇਰੀ ਕਥਾ ਵਾਰਤਾ[46] ਅਤੇ ਬ੍ਰਹਮ ਵੀਚਾਰ[47]।
ਨਾਨਕ ਕਉ ਹਰਿ ਕੈ ਰੰਗਿ[49] ਰਾਗਹੁ[50] ਚਰਨ[51] ਕਮਲ[52] ਸੰਗਿ[53] ਧਿਆਨ[54] ॥ ੨ ॥ ੧ ॥ ੩ ॥	Imbue[50] Thou Nanak with Thy love[49], O Lord, and fix his attention[54] with[53] Thine lotus[52] feet[51].	ਤੂੰ ਨਾਨਕ ਨੂੰ ਆਪਣੇ ਪਿਆਰ[49] ਨਾਲ ਰੰਗ[50] ਦੇ, ਹੇ ਸੁਆਮੀ ! ਅਤੇ ਉਸ ਦੀ ਬਿਰਤੀ[54] ਆਪਣੇ ਕੰਵਲ[52] ਰੂਪੀ ਪੈਰਾਂ[51] ਨਾਲ[53] ਜੋੜ ਲੈ।

੧੧੨੦	1120	੧੧੨੦
ਕੇਦਾਰਾ ਮਹਲਾ ੫ ॥	Kedara 5th Guru.	ਕੇਦਾਰਾ ਪੰਜਵੀਂ ਪਾਤਿਸ਼ਾਹੀ।
ਹਰਿ ਕੇ ਦਰਸਨ[55] ਕੋ ਮਨਿ ਚਾਉ[56] ॥	I have a yearning[56] in my mind for the vision[55] of my God.	ਮੈਨੂੰ ਆਪਣੇ ਵਾਹਿਗੁਰੂ ਦੇ ਦੀਦਾਰ[55] ਦੀ ਆਪਣੇ ਚਿਤ ਅੰਦਰ ਉਮੰਗ[56] ਹੈ।
ਕਰਿ ਕਿਰਪਾ[57] ਸਤ ਸੰਗਿ ਮਿਲਾਵਹੁ[58] ਤੁਮ ਦੇਵਹੁ[59] ਅਪਨੋ ਨਾਉ ॥ ਰਹਾਉ ॥	In Thy mercy[57], unite[58] Thou me with the saints' society and bless[59] me with Thy Name. Pause.	ਆਪਣੀ ਰਹਿਮਤ[57] ਧਾਰ ਕੇ ਤੂੰ ਮੈਨੂੰ ਸਤਿਸੰਗਤ ਨਾਲ ਜੋੜ[58] ਦੇ ਅਤੇ ਮੈਨੂੰ ਆਪਣਾ ਨਾਮ ਪਰਦਾਨ[59] ਕਰ। ਠਹਿਰਾਉ।
ਕਰਉ ਸੇਵਾ ਸਤ[60] ਪੁਰਖ[61] ਪਿਆਰੇ[62] ਜਤ[63] ਸੁਨੀਐ ਤਤ[64] ਮਨਿ ਰਹਸਾਉ[65] ॥	Serve I my loved[62] True[60] Lord[61]. Wherever[63] I hear His praise, there[64] my mind is in bloom[65].	ਮੈਂ ਆਪਣੇ ਲਾਡਲੇ[62] ਸਚੇ[60] ਸੁਆਮੀ[61] ਦੀ ਟਹਿਲ ਕਮਾਉਂਦਾ ਹਾਂ। ਜਿਥੇ[63] ਭੀ ਮੈਂ ਉਸ ਦਾ ਜੱਸ ਸੁਣਦਾ ਹਾਂ, ਉਥੇ[64] ਹੀ ਮੇਰਾ ਚਿਤ ਖਿੜ[65] ਜਾਂਦਾ ਹੈ।
ਵਾਰੀ ਫੇਰੀ[66] ਸਦਾ[67] ਘੁਮਾਈ[68] ਕਵਨੁ[69] ਅਨੂਪ[70] ਤੇਰੋ ਠਾਉ[71] ॥੧॥	I am ever[67] devoted[66] and a sacrifice[68] unto Thee. How[69] beauteous[70] is Thy abode[71].	ਮੈਂ ਤੇਰੇ ਉਤੋਂ ਸਦੀਵ[67] ਹੀ ਸਦਕੇ[66] ਅਤੇ ਕੁਰਬਾਨ[68] ਜਾਂਦਾ ਹਾਂ। ਕਿੰਨਾ[69] ਸੁੰਦਰ[70] ਹੈ ਤੇਰਾ ਨਿਵਾਸ ਅਸਥਾਨ[71]।
ਸਰਬ[72] ਪ੍ਰਤਿਪਾਲਹਿ[73] ਸਗਲ ਸਮਾਲਹਿ[74] ਸਗਲਿਆ ਤੇਰੀ ਛਾਉ[75] ॥	Thou cherisheth[73] all[72] and Thou takest care[74] of all and overall is Thy shade[75].	ਤੂੰ ਸਾਰਿਆਂ[72] ਨੂੰ ਪਾਲਦਾ-ਪੋਸਦਾ[73] ਤੇ ਸਾਰਿਆਂ ਦੀ ਰੱਖਿਆ[74] ਕਰਦਾ ਅਤੇ ਸਾਰਿਆਂ ਉਤੇ ਤੇਰੀ ਛਾਂ[75] ਹੈ।
ਨਾਨਕ ਕੇ ਪ੍ਰਭ ਪੁਰਖ[76] ਬਿਧਾਤੇ[77] ਘਟਿ ਘਟਿ[78] ਤੁਝਹਿ ਦਿਖਾਉ[79] ॥੨॥੨॥੪॥	Thou art the Creator[77] Lord Master[76] of Nanak and he sees[79] Thee in every heart[78].	ਤੂੰ ਨਾਨਕ ਦਾ ਸਿਰਜਣਹਾਰ[77] ਸੁਆਮੀ ਮਾਲਕ[76] ਹੈਂ ਅਤੇ ਉਹ ਤੈਨੂੰ ਹਰ ਦਿਲ[78] ਅੰਦਰ ਵੇਖਦਾ[79] ਹੈ।
ਕੇਦਾਰਾ ਮਹਲਾ ੫ ॥	Kedara 5th Guru.	ਕੇਦਾਰਾ ਪੰਜਵੀਂ ਪਾਤਿਸ਼ਾਹੀ।
ਪ੍ਰਿਅ[80] ਕੀ ਪ੍ਰੀਤਿ[81] ਪਿਆਰੀ[82] ॥	Dear[82] unto me is the love[81] of my Beloved[80].	ਲਾਡਲਾ[82] ਲਗਦਾ ਹੈ ਮੈਨੂੰ ਆਪਣੇ ਪ੍ਰੀਤਮ[80] ਦਾ ਪ੍ਰੇਮ[81]।
ਮਗਨ[83] ਮਨੈ ਮਹਿ ਚਿਤਵਉ[84] ਆਸਾ[85] ਨੈਨਹੁ[86] ਤਾਰ[87] ਤੁਹਾਰੀ ॥ ਰਹਾਉ ॥	My Lord, joy-immersed[83] is my mind. I think[84] of Thine support[85] and within mine eyes[86] is Thy love[87]. Pause.	ਮੇਰੇ ਸਾਂਈਂ, ਅਨੰਦ-ਭਿੰਨਾ[83] ਹੈ ਮੇਰਾ ਮਨੂਆ। ਮੈਂ ਤੇਰੇ ਆਸਰੇ[85] ਦਾ ਖਿਆਲ[84] ਕਰਦਾ ਹਾਂ ਅਤੇ ਮੇਰੀਆਂ ਅੱਖਾਂ[86] ਵਿਚ ਤੇਰੀ ਪ੍ਰੀਤ[87] ਹੈ। ਠਹਿਰਾਉ।
ਓਇ ਦਿਨ ਪਹਰ ਮੂਰਤ[88] ਪਲ[89] ਕੈਸੇ[90] ਓਇ ਪਲਘਰੀ[91] ਕਿਹਾਰੀ[92] ॥ ਖੂਲੇ[93] ਕਪਟ[94] ਧਪਟ[95] ਬੁਝਿ[96] ਤ੍ਰਿਸਨਾ[97] ਜੀਵਉ[98] ਪੇਖਿ[99] ਦਰਸਾਰੀ[100] ॥੧॥	How[90] good is that day, watch, moment[88] and trice[89] and how[92] beauteous is that instant and hour[91] when the hard[95] shutters[94] are opened[93], the desire[97] is quenched[96] and I live[98] by seeing[99] Thine sight[100], O Lord.	ਕਿੰਨਾ[90] ਚੰਗਾ ਹੈ ਉਹ ਦਿਨ, ਪਹਿਰ, ਮੁਹਤ[88] ਅਤੇ ਲਮ੍ਹਾ[89], ਅਤੇ ਕਿੰਨਾ[92] ਸੋਹਣਾ ਹੈ ਉਹ ਛਿਨ ਅਤੇ ਘੰਟਾ[91], ਜਦ ਸਖਤ[95] ਤਖਤੇ[94] ਖੁਲ੍ਹ[93] ਜਾਂਦੇ ਹਨ, ਮੇਰੀ ਖ਼ਾਹਿਸ਼[97] ਬੁਝ[96] ਜਾਂਦੀ ਹੈ ਅਤੇ ਮੈਂ ਤੇਰਾ ਦੀਦਾਰ[100] ਦੇਖ[99] ਕੇ ਜੀਉਂਦਾ[98] ਹਾਂ, ਹੇ ਸੁਆਮੀ!
ਕਉਨੁ ਸੁ ਜਤਨੁ[2] ਉਪਾਉ[3]	Which is the way[2], what the effort[3]	ਤੈਨੂੰ ਮਿਲਣ ਲਈ ਮੈਂ ਕਿਹੜਾ ਤਰੀਕਾ[2] ਕਰਾਂ, ਕੀ

ਕਿਨੇਹਾ ਸੇਵਾ[4] ਕਉਨ ਬੀਚਾਰੀ[5] ॥
ਮਾਨੁ[6] ਅਭਿਮਾਨੁ[7] ਮੋਹੁ[8] ਤਜਿ[9] ਨਾਨਕ ਸੰਤਹ ਸੰਗਿ ਉਧਾਰੀ[10] ॥੨॥੩॥੫॥

and what service[4] should I think[5] of, to meet Thee, O Lord ? Shed[9] thy self-conceit[6], pride[7] and worldly love[8], O Nanak and thou shalt be served[10] in the saints' society.

ਉਪਰਾਲਾ[3] ਅਤੇ ਤੈਨੂੰ ਮਿਲਣ ਲਈ, ਮੈਂ ਕਿਹੜੀ ਘਾਲ[4] ਦਾ ਖਿਆਲ[5] ਕਰਾਂ, ਹੇ ਸਾਂਈਂ। ਤੂੰ ਆਪਣੀ ਸਵੈ-ਹੰਗਤਾ[6], ਗ਼ਰੂਰ[7] ਅਤੇ ਸੰਸਾਰੀ ਮਮਤਾ[8] ਨੂੰ ਛੱਡ[9] ਦੇ, ਹੇ ਨਾਨਕ ! ਅਤੇ ਤੂੰ ਸਤਿਸੰਗਤ ਅੰਦਰ ਤਰ ਜਾਵੇਂਗਾ[10]।

ਕੇਦਾਰਾ ਮਹਲਾ ੫ ॥

Kadara 5th Guru.

ਕੇਦਾਰਾ ਪੰਜਵੀਂ ਪਾਤਿਸ਼ਾਹੀ।

ਹਰਿ ਹਰਿ ਹਰਿ ਗੁਨ ਗਾਵਹੁ ॥
ਕਰਹੁ[12] ਕ੍ਰਿਪਾ[13] ਗੋਪਾਲ ਗੋਬਿਦੇ[14] ਅਪਨਾ ਨਾਮੁ ਜਪਾਵਹੁ[15] ॥ਰਹਾਉ॥

God, God, God's praise sing thou, O man. O my Lord Master[14], show[12] Thou mercy[13] unto me, make me utter[15] Thy Name. Pause.

ਹਰੀ, ਹਰੀ, ਹਰੀ ਦਾ ਤੂੰ ਜੱਸ ਗਾਇਨ ਕਰ, ਹੇ ਬੰਦੇ ! ਹੇ ਮੇਰੇ ਸੁਆਮੀ ! ਮਾਲਕ[14], ਤੂੰ ਮੇਰੇ ਉਤੇ ਮਿਹਰ[13] ਧਾਰ[12] ਅਤੇ ਮੇਰੇ ਪਾਸੋਂ ਆਪਣੇ ਨਾਮ ਦਾ ਉਚਾਰਨ[15] ਕਰਵਾ। ਠਹਿਰਾਉ।

ਕਾਢਿ ਲੀਏ ਪ੍ਰਭ ਆਨ[16] ਬਿਖੈ[17] ਤੇ ਸਾਧ ਸੰਗਿ ਮਨੁ ਲਾਵਹੁ[18] ॥
ਭ੍ਰਮੁ[19] ਭਉ[20] ਮੋਹੁ[21] ਕਟਿਓ[22] ਗੁਰ ਬਚਨੀ[23] ਅਪਨਾ ਦਰਸੁ[24] ਦਿਖਾਵਹੁ ॥੧॥

My Lord, pull me out of the relish[16] of sins[17] and attach[18] my mind to the saints' society. Thou showest Thy vision[24] unto him who through the Guru's word[23], is rid[22] of his doubt[19], dread[20] and secular love[21].

ਮੇਰੇ ਸੁਆਮੀ, ਮੈਨੂੰ ਪਾਪਾਂ[17] ਦੇ ਸੁਆਦਾਂ[16] ਤੋਂ ਬਾਹਰ ਕਢ ਲੈ ਅਤੇ ਮੇਰੇ ਚਿਤ ਨੂੰ ਸਤਿਸੰਗਤ ਨਾਲ ਜੋੜ[18] ਦੇ। ਤੂੰ ਉਸ ਨੂੰ ਆਪਣਾ ਦਰਸ਼ਨ[24] ਵਿਖਾਲਦਾ ਹੈਂ, ਜਿਸ ਦਾ ਸੰਦੇਹ[19], ਡਰ[20] ਅਤੇ ਸੰਸਾਰੀ ਮਮਤਾ[21], ਗੁਰਾਂ ਦੀ ਬਾਣੀ[23] ਰਾਹੀਂ ਦੂਰ[22] ਹੋ ਗਏ ਹਨ।

ਸਭ ਕੀ ਰੇਨ[25] ਹੋਇ ਮਨੁ ਮੇਰਾ [26]ਅਹੰਬੁਧਿ[27] ਤਜਾਵਹੁ[28] ॥
ਅਪਨੀ ਭਗਤਿ[29] ਦੇਹਿ[34] ਦਇਆਲਾ[30] [31]ਵਡਭਾਗੀ[32] ਨਾਨਕ ਹਰਿ ਪਾਵਹੁ[33] ॥੨॥੪॥੬॥

May my mind be the dust[25] of all. My Master, make me shed[28] my haughty[26] intellect[27]. O Merciful Master[30], bless[34], Thou me with Thy meditation[29]. Through the great[31] good luck[32], O Nanak, the Lord is obtained[33].

ਮੇਰਾ ਮਨੂਆ ਸਾਰਿਆਂ ਦੇ ਪੈਰਾਂ ਦੀ ਧੂੜ[25] ਹੋ ਜਾਵੇ। ਮੇਰੇ ਮਾਲਕ, ਹੰਕਾਰੀ[26] ਮਤ[27] ਨੂੰ ਮੇਰੇ ਕੋਲੋਂ ਦੂਰ[28] ਕਰ ਦਿਓ। ਹੇ ਮਿਹਰਬਾਨ ਮਾਲਿਕ[30] ! ਤੂੰ ਆਪਣਾ ਸਿਮਰਨ[29] ਪਰਦਾਨ[34] ਕਰ। ਭਾਰੇ[31] ਚੰਗੇ ਭਾਗ[32] ਰਾਹੀਂ, ਹੇ ਨਾਨਕ ! ਪ੍ਰਭੂ ਪਰਾਪਤ[33] ਹੁੰਦਾ ਹੈ।

ਕੇਦਾਰਾ ਮਹਲਾ ੫ ॥

Kedara 5th Guru.

ਕੇਦਾਰਾ ਪੰਜਵੀਂ ਪਾਤਿਸ਼ਾਹੀ।

ਹਰਿ ਬਿਨੁ ਜਨਮੁ[35] ਅਕਾਰਥ[36] ਜਾਤ ॥
ਤਜਿ[37] ਗੋਪਾਲ[38] ਆਨ[39] ਰੰਗਿ[40] ਰਾਚਤ[41] ਮਿਥਿਆ[42] ਪਹਿਰਤ[43] ਖਾਤ[44] ॥ ਰਹਾਉ ॥

Without God, the life[35] goes in vain[36]. Vain[42] is the wearing[43] and eating[44] of him, who abandoning[37] his Lord[38], is involved[41] in the love[40] of another[39]. Pause.

ਵਾਹਿਗੁਰੂ ਦੇ ਬਗ਼ੈਰ ਜੀਵਨ[35] ਵਿਅਰਥ[36] ਜਾਂਦਾ ਹੈ। ਬੇਫ਼ਾਇਦਾ[42] ਹੈ, ਉਸ ਦਾ ਪਹਿਨਣਾ[43] ਅਤੇ ਖਾਣਾ[44] ਜੋ ਆਪਣੇ ਸੁਆਮੀ[38] ਨੂੰ ਛਡ[37] ਕੇ, ਹੋਰਸ[39] ਦੇ ਪਿਆਰ[40] ਅੰਦਰ ਖਚਤ ਹੋਇਆ ਹੋਇਆ[41] ਹੈ। ਠਹਿਰਾਉ।

ਧਨ[45] ਜੋਬਨੁ[46] ਸੰਪੈ[47]

The enjoyments[49] of wealth[45], youth[46],

ਧਨ-ਦੌਲਤ[45], ਜੁਆਨੀ[46] ਜਾਇਦਾਦ[49] ਅਤੇ ਹਾਸ

ਸੁਖ[48] ਭੁੋਗਵੈ[49] ਸੰਗਿ ਨ ਨਿਬਹਤ[50] ਮਾਤ[51] ॥

property[47] and pleasures[48] stand[50] not by the man, O mother[51].

ਬਿਲਾਸ[48] ਦੇ ਅਨੰਦ ਮਾਣਨੇ[49], ਬੰਦੇ ਦਾ ਸਾਥ[50] ਨਹੀਂ ਦਿੰਦੇ, ਹੇ ਮਾਤਾ[51] ।

ਮ੍ਰਿਗ ਤ੍ਰਿਸਨਾ[52] ਦੇਖਿ ਰਚਿਓ[53] ਬਾਵਰ[54] ਦ੍ਰੁਮ[55] ਛਾਇਆ[56] ਰੰਗਿ[57] ਰਾਤ[58] ॥੧॥

Seeing the optical illusion[52] the mad man[54] is involved[53] therein and is imbued[58] with the passing pleasures[57] like the shade[56] of the tree[55].

ਦ੍ਰਿਸ਼ਤ੍ਰ ਧੋਖੇ[52] ਨੂੰ ਤੱਕ ਕੇ, ਪਗਲਾ ਪ੍ਰਾਨੀ[54] ਉਸ ਅੰਦਰ ਖਚਤ[53] ਹੋ ਰਿਹਾ ਹੈ ਅਤੇ ਬਿਰਛ[55] ਦੀ ਛਾਂ[56] ਦੀ ਮਾਨੰਦ ਉਡ ਪੁਡ ਜਾਣ ਵਾਲੀਆਂ ਖੁਸ਼ੀਆਂ[57] ਨਾਲ ਰੰਗਿਆ[58] ਹੋਇਆ ਹੈ ।

ਮਾਨ[59] ਮੋਹ[60] ਮਹਾ[61] ਮਦ[62] ਮੋਹਤ[63] ਕਾਮ[64] ਕ੍ਰੋਧ[65] ਕੈ ਖਾਤ[66] ॥

Greatly[61] intoxicated[63] with the wine[62] of self-conceit[59] and worldly love[60], man has fallen into the pit[66] of lust[64] and wrath[65].

ਸਵੈ-ਹੰਗਤਾ[59] ਅਤੇ ਸੰਸਾਰੀ ਮਮਤਾ[60] ਦੀ ਸ਼ਰਾਬ[62] ਨਾਲ ਖਰਾ[61] ਹੀ ਮਤਵਾਲਾ[63] ਹੋਇਆ ਹੋਇਆ ਇਨਸਾਨ ਵਿਸ਼ੇ ਭੋਗ[64] ਅਤੇ ਗੁੱਸੇ[65] ਦੇ ਟੋਏ[66] ਵਿਚ ਡਿਗਿਆ ਹੋਇਆ ਹੈ ।

ਕਰੁ[67] ਗਹਿ[68] ਲੇਹੁ[69] ਦਾਸ[72] ਨਾਨਕ ਕਉ ਪ੍ਰਭ ਜੀਉ[71] ਹੋਇ ਸਹਾਤ[70] ॥੨॥੫॥੮॥

O Reverend[71] Lord, be Thou the succourer[70] of slave[72] Nanak and catching[68] him by the hand[67], pull[69] Thou him out.

ਹੇ ਪੂਜਯ[71] ਪ੍ਰਭੂ ! ਤੂੰ ਗੋਲੇ[72] ਨਾਨਕ ਦਾ ਸਹਾਇਕ[70] ਹੋ ਜਾ ਅਤੇ ਉਸਨੂੰ ਹਥੋਂ[67] ਪਕੜ[68] ਕੇ ਬਾਹਰ ਕੱਢ[69] ਲੈ ।

ਕੇਦਾਰਾ ਮਹਲਾ ੫ ॥

Kedara 5th Guru.

ਕੇਦਾਰਾ ਪੰਜਵੀਂ ਪਾਤਿਸ਼ਾਹੀ ।

ਹਰਿ ਬਿਨੁ ਕੋਇ ਨ ਚਾਲਸਿ[73] ਸਾਥ[74] ॥

Save the Lord, nothing goes[73] with[74] the man.

ਸੁਆਮੀ ਦੇ ਬਗੈਰ, ਕੁਝ ਭੀ ਬੰਦੇ ਦੇ ਨਾਲ[74] ਨਹੀਂ ਜਾਂਦਾ[73] ।

ਦੀਨਾ[75] ਨਾਥ[77] ਕਰੁਣਾ[78] ਪਤਿ[79] ਸੁਆਮੀ[80] ਅਨਾਥਾ[81] ਕੇ ਨਾਥ[82] ॥ਰਹਾਉ॥

God[80] is the Master[77] of the meek[75], the Lord[79] of mercy[78] and the Patron[82] of the patronless[81]. Pause.

ਹਰੀ[80] ਮਸਕੀਨਾਂ[75] ਦਾ ਮਾਲਕ[77], ਰਹਿਮਤ[78] ਦਾ ਸਾਂਈ[79] ਅਤੇ ਨਿਖਸਮਿਆਂ[81] ਦਾ ਖਸਮ[82] ਹੈ । ਠਹਿਰਾਉ ।

ਸੁਤ[83] ਸੰਪਤਿ[84] ਬਿਖਿਆ[85] ਰਸ[86] ਭੁੋਗਵਤ[87] ਨਹ ਨਿਬਹਤ[88] ਜਮ ਕੈ ਪਾਥ[89] ॥

The son[83], wealth[84] and the enjoying[87] of the pleasures[86] of vice[85], stand[88] not by the man on the Yama's path[89].

ਪੁੱਤ੍ਰ[83], ਦੌਲਤ[84] ਅਤੇ ਗੁਨਾਹ[85] ਦੀਆਂ ਖੁਸ਼ੀਆਂ[86] ਮਾਨਣਾ[87], ਯਮ ਦੇ ਮਾਰਗ[89] ਉਤੇ ਬੰਦੇ ਦਾ ਪੱਖ[88] ਨਹੀਂ ਪੂਰਦੀਆਂ ।

ਨਾਮੁ ਨਿਧਾਨੁ[90] ਗਾਉ ਗੁਨ[91] ਗੋਬਿੰਦ ਉਧਰੁ[92] ਸਾਗਰ[93] ਕੇ ਖਾਤ[94] ॥੧॥

Singing the praise[91] of God, the Name-treasure[90], the mortal is ferried[92] across the pit[94] of the world ocean[93].

ਨਾਮ ਦੇ ਖ਼ਜ਼ਾਨੇ[90] ਵਾਹਿਗੁਰੂ ਦਾ ਜੱਸ[91] ਗਾਇਨ ਕਰਨ ਦੁਆਰਾ ਪ੍ਰਾਨੀ ਸੰਸਾਰ ਸਮੁੰਦਰ[93] ਦੇ ਟੋਏ[94] ਤੋਂ ਪਾਰ[92] ਉਤਰ ਜਾਂਦਾ ਹੈ ।

ਸਰਨਿ[95] ਸਮਰਥ[96] ਅਕਥ[97] ਅਗੋਚਰ[98] ਹਰਿ ਸਿਮਰਤ[99] ਦੁਖ ਲਾਥ[100] ॥

Seeking the refuge[95] of the Omnipotent[96], Ineffable[97] and Inapprehensible[98] God and contemplating[99] Him, mine woes are past[100].

ਸਰਬ-ਸ਼ਕਤੀਵਾਨ[96], ਅਕਹਿ[97] ਅਤੇ ਸਮਝ ਸੋਚ ਤੋਂ ਪਰੇਡੇ[98] ਵਾਹਿਗੁਰੂ ਦੀ ਪਨਾਹ[95] ਲੈਣ ਅਤੇ ਉਸ ਦਾ ਆਰਾਧਨ[99] ਕਰਨ ਦੁਆਰਾ ਮੇਰੇ ਦੁਖੜੇ ਦੂਰ[100] ਹੋ ਗਏ ਹਨ ।

ਨਾਨਕ ਦੀਨ[2] ਧੂਰਿ[3] ਜਨ[4] ਬਾਛਤ[5] ਮਿਲੈ[6]

Humble[2] Nanak, longs[5] for the dust[3] of the feet of God's slave[4]. He shall

ਮਸਕੀਨ[2] ਨਾਨਕ ਵਾਹਿਗੁਰੂ ਦੇ ਗੋਲੇ[4] ਦੇ ਪੈਰਾਂ ਦੀ ਧੂੜ[3] ਲੋੜਦਾ[5] ਹੈ । ਜੇਕਰ ਉਸ ਦੇ ਮੱਥੇ[9] ਉਤੇ ਮੁੱਢ[8]

ਲਿਖਤ[7] ਧੁਰਿ[8] ਮਾਥ[9] ॥ ੨॥੬॥੮॥

be blest[6] with it, if it be so pre[8]-ordained[7] on his brow[9].

ਤੇ ਐਸੇ ਭਾਗ ਲਿਖੇ[7] ਹੋਏ ਹੋਣ ਤਾਂ ਉਹ ਇਸ ਨੂੰ ਪਾ[6] ਲਵੇਗਾ ।

੧੧੨੧ / 1121 / ੧੧੨੧

ਕੇਦਾਰਾ ਮਹਲਾ ੫ ਘਰੁ ੫

Kedara 5th Guru

ਕੇਦਾਰਾ ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਬਿਸਰਤ[10] ਨਾਹਿ ਮਨ[12] ਤੇ ਹਰੀ ॥

From my mind[12], I forget[10] not my God now.

ਆਪਣੇ ਚਿਤ[12] ਤੋਂ, ਹੁਣ ਮੈਂ ਆਪਣੇ ਵਾਹਿਗੁਰੂ ਨੂੰ ਨਹੀਂ ਭੁਲਾਉਂਦਾ[10]।

ਅਬ ਇਹ ਪ੍ਰੀਤਿ[13] ਮਹਾ[14] ਪ੍ਰਬਲ[15] ਭਈ ਆਨ[16] ਬਿਖੈ[17] ਜਰੀ[18] ॥ ਰਹਾਉ ॥

This love[13] has become very[14] strong[15] now and it has burnt[18] other[16] sinful[17] affections. Pause.

ਇਹ ਪਿਰਹੜੀ[13] ਹੁਣ ਪਰਮ[14] ਜ਼ੋਰਾਵਰ[15] ਹੋ ਗਈ ਹੈ ਅਤੇ ਇਸ ਨੇ ਹੋਰ[16] ਪਾਪ ਭਰੀਆਂ[17] ਮੁਹੱਬਤਾਂ ਸਾੜ[18] ਸੁਟੀਆਂ ਹਨ। ਠਹਿਰਾਉ।

ਬੂੰਦ[19] ਕਹਾ[20] ਤਿਆਗੀ[21] ਚਾਤ੍ਰਿਕ[22] ਮੀਨ[23] ਰਹਤ ਨ ਘਰੀ[24] ॥

How[20] can the sparrow-hawk[22] forsake[21] the rain-drop[19] ? Without water, the fish[23] can live not even for a trice[24].

ਪਪੀਹਾ[22] ਮੀਂਹ ਦੀ ਕਣੀ[19] ਨੂੰ ਕਿਸ ਤਰ੍ਹਾਂ[20] ਛਡ[21] ਸਕਦਾ ਹੈ ? ਪਾਣੀ ਦੇ ਬਿਨਾ ਮੱਛੀ[23] ਇਕ ਦਿਨ[24] ਭਰ ਭੀ ਬਚ ਨਹੀਂ ਸਕਦੀ।

ਗੁਨ[25] ਗੋਪਾਲ[26] ਉਚਾਰੁ[27] ਰਸਨਾ[28] ਟੇਵ[29] ਏਹ ਪਰੀ[30] ॥ ੧॥

With my tongue[28] I utter[27] the praise[25] of the Lord[26]. This has become[30] a part of my nature[29].

ਆਪਣੀ ਜੀਹਭਾ[28] ਨਾਲ ਮੈਂ ਪ੍ਰਭੂ[26] ਦੀ ਕੀਰਤੀ[25] ਉਚਾਰਨ[27] ਕਰਦਾ ਹਾਂ। ਇਹ ਮੇਰੇ ਸੁਭਾ[29] ਦਾ ਇਕ ਹਿੱਸਾ ਬਣ ਗਿਆ[30] ਹੈ।

ਮਹਾ[31] ਨਾਦ[32] ਕੁਰੰਕ[33] ਮੋਹਿਓ[34] ਬੇਧਿ[35] ਤੀਖਨ[36] ਸਰੀ[37] ॥

The deer[33] is fascinated[34] with the bell's great[31] note[32] and is pierced[35] through with the sharp[36] arrow[37].

ਹਰਨ[33] ਘੰਡੇ ਹੇੜੀ ਦੀ ਪਰਮ[31] ਆਵਾਜ਼[32] ਨਾਲ ਫ਼ਰੇਫ਼ਤਾ[34] ਹੋ ਜਾਂਦਾ ਹੈ ਅਤੇ ਤੇਜ਼[36] ਤੀਰ[37] ਨਾਲ ਵਿੰਨ੍ਹਿਆ[35] ਜਾਂਦਾ ਹੈ।

ਪ੍ਰਭ ਚਰਨ[38] ਕਮਲ[39] [40]ਰਸਾਲ[41] ਨਾਨਕ ਗਾਠਿ[42] ਬਾਧਿ ਧਰੀ[43] ॥੨॥੧॥੯॥

O Nanak ! home[41] of elixir[40] are the Lord's lotus[39] feet[38]. With them I am fastened[43] by means of a knot[42].

ਹੇ ਨਾਨਕ ! ਅੰਮ੍ਰਿਤ[40] ਦਾ ਘਰ[41] ਹਨ ਪ੍ਰਭੂ ਦੇ ਕੰਵਲ[39] ਪੈਰ[38]। ਗੰਢ[42] ਦੁਆਰਾ ਮੈਂ ਉਨ੍ਹਾਂ ਨਾਲ ਬੱਝਾ[43] ਹੋਇਆ ਹਾਂ।

ਕੇਦਾਰਾ ਮਹਲਾ ੫ ॥

Kedara 5th Guru.

ਕੇਦਾਰਾ ਪੰਜਵੀਂ ਪਾਤਿਸ਼ਾਹੀ।

ਪ੍ਰੀਤਮੁ[44] ਬਸਤ[45] ਰਿਦ[46] ਮਹਿ[47] ਖੋਰ[48] ॥

My Beloved[44] bides[45] in[47] the cave[48] of my mind[46].

ਮੇਰਾ ਪਿਆਰਾ[44] ਮੇਰੇ ਮਨ[46] ਦੀ ਗੁਫਾ[48] ਅੰਦਰ[47] ਵਸਦਾ[45] ਹੈ।

ਭਰਮ[49] ਭੀਤਿ[50] ਨਿਵਾਰਿ[51] ਠਾਕੁਰ ਗਹਿ ਲੇਹੁ[52] ਅਪਨੀ ਓਰ[53] ॥ ੧ ॥ ਰਹਾਉ ॥

Shatter[51] Thou the wall[50] of doubt[49], O Lord and holding[52] me, pull Thou me towards[53] Thyself. Pause.

ਤੂੰ ਸੰਦੇਹ[49] ਦੀ ਕੰਧ[50] ਢਾਹ[51] ਦੇ, ਹੇ ਸੁਆਮੀ! ਅਤੇ ਮੈਨੂੰ ਪਕੜ[52] ਕੇ ਆਪਣੀ ਵੱਲ[53] ਖਿੱਚ ਲੈ। ਠਹਿਰਾਉ।

ਅਧਿਕ[54] ਗਰਤ[55] ਸੰਸਾਰ

The world-ocean[56] is a great[54] pit[55].

ਜਗਤ ਸਮੁੰਦਰ[56] ਇਕ ਵੱਡਾ[54] ਟੋਆ[55] ਹੈ। ਆਪਣੀ

ਸਾਗਰ[56] ਕਰਿ ਦਇਆ[57] ਚਾਰਹੁ[58] ਧੋਰ[59] ॥	In Thy mercy[57] Thou mount[58] me upto its shore[59].	ਮਿਹਰ[57] ਦੁਆਰਾ ਤੂੰ ਮੈਨੂੰ ਇਸ ਦੇ ਕੰਢੇ[59] ਉਤੇ ਚਾੜ੍ਹ[58]ਦੇ।
ਸੰਤ ਸੰਗਿ ਹਰਿ ਚਰਨ[60] ਬੋਹਿਥ[61] ਉਧਰਤੇ[62] ਲੈ ਮੋਰ[63] ॥੧॥	In the saints' society, I have realised that the Lord's feet[60] are the boat[61] to ferry[62] me[63] across.	ਸਤਿਸੰਗਤ ਅੰਦਰ ਮੈਂ ਅਨੁਭਵ ਕਰ ਲਿਆ ਹੈ ਕਿ ਸੁਆਮੀ ਦੇ ਪੈਰ[60] ਮੈਨੂੰ[63] ਪਾਰ ਕਰਨ[62] ਲਈ ਇਕ ਜਹਾਜ਼[61] ਹਨ।
ਗਰਭ[64] ਕੁੰਟ[65] ਮਹਿ[66] ਜਿਨਹਿ ਧਾਰਿਓ[67] ਨਹੀ ਬਿਖੈ[68] ਬਨ[69] ਮਹਿ ਹੋਰ[70] ॥	He, who protected[67] thee in[66] the tank[65] of the belly[64]; no other[70], but He, shall save thee in the world forest[69] of sins[68]	ਜਿਸ ਨੇ ਤੇਰੀ ਪੇਟ[64] ਦੇ ਤਾਲਾਬ[65] ਅੰਦਰ[66] ਰੱਖਿਆ ਕੀਤੀ[67] ਸੀ; ਹੋਰ[70] ਕੋਈ ਨਹੀਂ, ਕੇਵਲ ਉਹ ਹੀ ਪਾਪਾਂ[68] ਦੇ ਜਗਤ ਜੰਗਲ[69] ਅੰਦਰ ਤੇਰੀ ਰੱਖਿਆ ਕਰੇਗਾ।
ਹਰਿ ਸਕਤ[71] ਸਰਨ[72] ਸਮਰਥ[73] ਨਾਨਕ ਆਨ[74] ਨਹੀ ਨਿਹੋਰ[75] ॥ ੨ ॥ ੨॥ ੧੦॥	God's refuge[72] is powerful[71] and potent[73] to do all the deeds. Nanak owes allegiance[75] to none else[74].	ਵਾਹਿਗੁਰੂ ਦੀ ਪਨਾਹ[72] ਸਾਰੇ ਕੰਮ ਕਰਨ ਨੂੰ ਬਲਵਾਨ[71] ਅਤੇ ਯੋਗ[73] ਹੈ। ਨਾਨਕ ਕਿਸੇ ਹੋਰਸ[74] ਦੀ ਮੁਛੰਦਗੀ[75] ਨਹੀਂ ਧਰਾਉਂਦਾ।
ਕੇਦਾਰਾ ਮਹਲਾ ੫ ॥	**Kedara 5th Guru.**	**ਕੇਦਾਰਾ ਪੰਜਵੀਂ ਪਾਤਿਸ਼ਾਹੀ।**
ਰਸਨਾ[76] ਰਾਮ[77] ਰਾਮ ਬਖਾਨੁ[78] ॥	With thy tongue[76] utter[78] thou the Lord's Name[77].	ਆਪਣੀ ਜੀਹਭਾ[76] ਨਾਲ ਤੂੰ ਪ੍ਰਭੂ ਦੇ ਨਾਮ[77] ਦਾ ਉਚਾਰਨ ਕਰ[78]।
ਗੁਨ[79] ਗੋਪਾਲ[80] ਉਚਾਰੁ ਦਿਨੁ ਰੈਨਿ ਭਏ ਕਲਮਲ[81] ਹਾਨ[82] ॥ ਰਹਾਉ ॥	Uttering the Lord's[80] praise[79] day and night, thine sins[81] shall be eradicated[82]. Pause.	ਪ੍ਰਭੂ[80] ਦੀਆਂ ਸਿਫ਼ਤਾਂ[79] ਦਿਨ ਅਤੇ ਰਾਤ ਉਚਾਰਨ ਕਰਨ ਦੁਆਰਾ ਤੇਰੇ ਪਾਪ[81] ਨਸ਼ਟ ਹੋ ਜਾਣਗੇ[82]। ਠਹਿਰਾਉ।
ਤਿਆਗਿ[83] ਚਲਨਾ[84] ਸਗਲ ਸੰਪਤ[85] ਕਾਲੁ[86] ਸਿਰ ਪਰਿ ਜਾਨੁ ॥	Abandoning[83] all thy riches[85], thou shalt depart[84] O man. Know the death[86] hangs over thy head.	ਆਪਣੀ ਸਾਰੀ ਦੌਲਤ[85] ਨੂੰ ਛਡ ਕੇ[83], ਤੂੰ ਟੁਰ ਜਾਵੇਂਗਾ[84], ਹੇ ਬੰਦੇ! ਜਾਣ ਲੈ ਕਿ ਮੌਤ[86] ਤੇਰੇ ਸਿਰ ਉਤੇ ਲਟਕ ਰਹੀ ਹੈ।
ਮਿਥਨ[87] ਮੋਹ[88] ਦੁਰੰਤ[89] ਆਸਾ[90] ਝੂਠੁ[91] ਸਰਪਰ[92] ਮਾਨੁ[93] ॥ ੧ ॥	Realise[93] thou that short-lived[87] attachment[88] and evil[89] hopes[90] are false[91] for sure[92].	ਤੂੰ ਅਨੁਭਵ ਕਰ[93] ਲੈ ਕਿ ਛਿਨ ਭੰਗਰ[87] ਮਮਤਾ[88] ਅਤੇ ਖੋਟੀਆਂ[89] ਉਮੈਦਾਂ[90] ਨਿਸਚਿਤ[92] ਹੀ ਕੂੜੀਆਂ[91] ਹਨ।
ਸਤਿਪੁਰਖ[94] ਅਕਾਲ ਮੂਰਤਿ[95] ਰਿਦੈ[96] ਧਾਰਹੁ[97] ਧਿਆਨੁ[98] ॥	Within thy mind[96] embrace[97] thou the meditation[98] of the True Lord[94], the Eternal Being[95].	ਆਪਣੇ ਹਿਰਦੇ[96] ਅੰਦਰ ਤੂੰ ਅਮਰ ਸਰੂਪ[95], ਸੱਚੇ ਸੁਆਮੀ[94] ਦਾ ਸਿਮਰਨ[98] ਗ੍ਰਹਿਨ[97] ਕਰ।
ਨਾਮੁ ਨਿਧਾਨੁ[99] ਲਾਭੁ[100] ਨਾਨਕ ਬਸਤੁ[3] ਇਹ ਪਰਵਾਨੁ[2] ॥ ੨॥ ੩॥੧੧॥	O Nanak, this profitable[100] commodity[2] of the Name treasure[99] becomes acceptable[3] in the Lord's court.	ਨਾਮ ਦੇ ਖ਼ਜ਼ਾਨੇ[99] ਦਾ ਇਹ ਲਾਹੇਵੰਦਾ[100] ਵਖਰ[2] ਸਾਂਈ[1] ਦੇ ਦਰਬਾਰ ਅੰਦਰ ਕਬੂਲ[3] ਪੈ ਜਾਂਦਾ ਹੈ, ਹੇ ਨਾਨਕ!
ਕੇਦਾਰਾ ਮਹਲਾ ੫ ॥	**Kedara 5th Guru.**	**ਕੇਦਾਰਾ ਪੰਜਵੀਂ ਪਾਤਿਸ਼ਾਹੀ।**
ਹਰਿ ਕੇ ਨਾਮ ਕੋ ਆਧਾਰੁ[4] ॥	I have the support[4] of the Lord's Name alone.	ਮੈਨੂੰ ਕੇਵਲ ਪ੍ਰਭੂ ਦੇ ਨਾਮ ਦਾ ਹੀ ਆਸਰਾ[4] ਹੈ।

ਕਲਿ[5] ਕਲੇਸ[6] ਨ ਕਛੁ ਬਿਆਪੈ[7] ਸੰਤ ਸੰਗਿ[8] ਬਿਉਹਾਰੁ[9] ॥ ਰਹਾਉ ॥	Suffering[5] and strife[6] now efflict[7] me not and I deal[9] only with[8] the saints. Pause.	ਤਕਲੀਫਾਂ[5] ਅਤੇ ਬਖੇੜਾ[6] ਹੁਣ ਮੈਨੂੰ ਦੁਖ ਨਹੀਂ ਦਿੰਦੇ[7] ਅਤੇ ਹੁਣ ਮੇਰਾ ਕੇਵਲ ਸਾਧੂਆਂ ਨਾਲ[8] ਹੀ ਲੈਣ[9] ਦੇਣ ਹੈ। ਠਹਿਰਾਉ।
ਕਰਿ[10] ਅਨੁਗ੍ਰਹੁ[12] ਆਪਿ ਰਾਖਿਓ ਨਹ ਉਪਜਤਉ[13] ਬੇਕਾਰੁ[14] ॥	Showing[10] mercy[12], the Lord Himself has saved me and vice[14] now wells up[13] not in me.	ਰਹਿਮਤ[12] ਧਾਰ ਕੇ[10] ਸੁਆਮੀ ਨੇ ਆਪੇ ਹੀ ਮੇਰੀ ਰੱਖਿਆ ਕੀਤੀ ਹੈ ਅਤੇ ਪਾਪ[14] ਹੁਣ ਮੇਰੇ ਅੰਦਰ ਉਤਪੰਨ[13] ਹੀ ਨਹੀਂ ਹੁੰਦਾ।
ਜਿਸੁ ਪਰਾਪਤਿ[15] ਹੋਇ ਸਿਮਰੈ[16] ਤਿਸੁ[17] ਦਹਤ[18] ਨਹ ਸੰਸਾਰੁ[19] ॥੧॥	Who-so-ever is destined to receive[15] it; he contemplates[16] the Lord. Him[17] the worldly[19] fire burns[18] not.	ਜਿਸ ਕਿਸੇ ਲਈ ਇਸ ਦਾ ਹਾਸਲ ਕਰਨਾ[15] ਲਿਖਿਆ ਹੋਇਆ ਹੈ ਉਹ ਹੀ ਸਾਂਈਂ ਨੂੰ ਯਾਦ ਕਰਦਾ[16] ਹੈ, ਉਸ[17] ਨੂੰ ਦੁਨਿਆਵੀ[19] ਅੱਗ ਸਾੜਦੀ[18] ਨਹੀਂ।
ਸੁਖ[20] ਮੰਗਲ[21] ਆਨੰਦ[22] ਹਰਿ ਹਰਿ[23] ਪ੍ਰਭ ਚਰਨ[24] ਅੰਮ੍ਰਿਤ[25] ਸਾਰੁ[26] ॥	Peace[20], pleasure[21] and bliss[22] well up from the meditation of the God's Name[23]. The most sublime[26] are the Lord's ambrosial[25] feet[24].	ਆਰਾਮ[20], ਖ਼ੁਸ਼ੀ[21] ਅਤੇ ਪ੍ਰਸੰਨਤਾ[22] ਵਾਹਿਗੁਰੂ ਦੇ ਨਾਮ[23] ਦੇ ਸਿਮਰਨ ਤੋਂ ਉਤਪੰਨ ਹੁੰਦੇ ਹਨ। ਪਰਮ ਸ੍ਰੇਸ਼ਟ[26] ਹਨ ਸੁਆਮੀ ਦੇ ਅੰਮ੍ਰਿਤਮਈ[25] ਪੈਰ[24]।
ਨਾਨਕ ਦਾਸ[27] ਸਰਨਾਗਤੀ[28] ਤੇਰੇ ਸੰਤਨਾ ਕੀ ਛਾਰੁ[29] ॥੨॥੪॥੧੨॥	Slave[27] Nanak has sought Thy refuge[28], O Lord, and he has become the dust[29] of Thine saint's feet.	ਗੋਲੇ[27] ਨਾਨਕ ਨੇ ਤੇਰੀ ਪਨਾਹ[28] ਲਈ ਹੈ, ਹੇ ਪ੍ਰਭੂ! ਅਤੇ ਉਹ ਤੇਰੇ ਸਾਧੂਆਂ ਦੇ ਪੈਰਾਂ ਦੀ ਧੂੜ[29] ਹੋ ਗਿਆ ਹੈ।
ਕੇਦਾਰਾ ਮਹਲਾ ੫ ॥	**Kedara 5th Guru.**	**ਕੇਦਾਰਾ ਪੰਜਵੀਂ ਪਾਤਿਸ਼ਾਹੀ।**
ਹਰਿ ਕੇ ਨਾਮ ਬਿਨੁ ਧ੍ਰਿਗੁ[30] ਸ੍ਰੋਤ[31] ॥	Accursed[30] are the ears[31] without the Lord's Name.	ਭ੍ਰਿਸ਼ਟ[30] ਹਨ ਕੰਨ[31], ਪ੍ਰਭੂ ਦੇ ਨਾਮ ਦੇ ਬਗ਼ੈਰ।
ਜੀਵਨ ਰੂਪ[30] ਬਿਸਾਰਿ[31] ਜੀਵਹਿ ਤਿਹ[32] ਕਤ[33] ਜੀਵਨ[34] ਹੋਤ ॥ ਰਹਾਉ ॥	Of what[33] avail is the life[34] of those[32], who live by forgetting[31] God the embodiment[30] of life ? Pause.	ਉਨ੍ਹਾਂ[32] ਦੀ ਜ਼ਿੰਦਗੀ[33] ਦਾ ਕੀ[34] ਲਾਭ ਹੈ ਜੋ ਜ਼ਿੰਦਗੀ ਦੇ ਸਰੂਪ[30] ਵਾਹਿਗੁਰੂ ਨੂੰ ਭੁਲਾ ਕੇ[31] ਜੀਉਂਦੇ ਹਨ ? ਠਹਿਰਾਉ
ਖਾਤ ਪੀਤ ਅਨੇਕ ਬਿੰਜਨ[35] ਜੈਸੇ[36] ਭਾਰ[37] ਬਾਹਕ[38] ਖੋਤ[39] ॥	He, who eats and drinks various viands[35], is like[36] the load[37]-lifter[38] donkey[39].	ਜੋ ਅਨੇਕਾਂ ਭੋਜਨ[35], ਖਾਂਦਾ ਪੀਂਦਾ ਹੈ, ਉਹ ਬੋਝ[37] ਚੁੱਕਣ ਵਾਲੇ[38] ਖੋਤੇ[39] ਦੀ ਮਾਨੰਦ[36] ਹੈ।
ਆਠ ਪਹਰ ਮਹਾ[40] ਸ੍ਰਮੁ[41] ਪਾਇਆ[42] ਜੈਸੇ ਬਿਰਖ[43] ਜੰਤੀ[44] ਜੋਤ[45] ॥੧॥	Throughout the eight watches, he suffers[42] a great[40] hardship[41], like the bullock[43], yoked[45] to the oil-press[44].	ਅੱਠੇ ਪਹਿਰ ਹੀ ਉਹ ਕੋਹਲੂ[44] ਨੂੰ ਜੋੜੇ ਹੋਏ[45] ਬਲਦ[43] ਦੀ ਮਾਨੰਦ ਪਰਮ[40] ਕਸ਼ਟ[41] ਉਠਾਉਂਦਾ[42] ਹੈ।
ਤਜਿ[46] ਗੋਪਾਲ ਜਿ ਆਨ[47] ਲਾਗੇ ਸੇ[48] ਬਹੁ[49] ਪ੍ਰਕਾਰੀ[50] ਰੋਤ[51] ॥	Abandoning[46] the Lord, they who are attached to another[47]; they[48] bewail[51] in many[49] a way[50].	ਸਾਹਿਬ ਨੂੰ ਛੱਡ ਕੇ[46], ਜੋ ਹੋਰਸ[47] ਨਾਲ ਜੁੜੇ ਹਨ; ਉਹ[48] ਅਨੇਕਾਂ[49] ਤਰ੍ਹਾਂ[50] ਵਿਰਲਾਪ ਕਰਦੇ[51] ਹਨ।
ਕਰ[52] ਜੋਰਿ[53] ਨਾਨਕ ਦਾਨੁ[54] ਮਾਗੈ ਹਰਿ ਰਖਉ	With joined[53] hands[52], Nanak asks for a gift[54], "Keep Thou me	ਹੱਥ[52] ਜੋੜ[53] ਕੇ, ਨਾਨਕ ਇਕ ਦਾਤ[54] ਮੰਗਦਾ ਹੈ, ਤੂੰ ਮੈਨੂੰ ਆਪਣੇ (ਦਿਲ) ਜਾਂ (ਗਲੇ[55]) ਅੰਦਰ ਪਰੋਈ[56]

ਕੰਠਿ[55] ਪਰੋਤਿ[56] ॥੨॥੫॥ ॥੧੩॥	stringed[56] to Thy (heart) or (throat)[55] O God.	ਰੱਖ ਹੇ ਵਾਹਿਗੁਰੂ !
ਕੇਦਾਰਾ ਮਹਲਾ ੫ ॥	Kedara 5th Guru.	ਕੇਦਾਰਾ ਪੰਜਵੀਂ ਪਾਤਿਸ਼ਾਹੀ ।
ਸੰਤਹ ਧੂਰਿ[57] ਲੇ[58] ਮੁਖਿ[59] ਮਲੀ[60] ॥	Taking[58] the dust[57] of the saints' feet, I apply[60] it to my face[59].	ਸਾਧੂਆਂ ਦੇ ਪੈਰਾਂ ਦੀ ਧੂੜ[57] ਲੈ ਕੇ[58], ਮੈਂ ਇਸ ਨੂੰ ਆਪਣੇ ਮੂੰਹ[59] ਤੇ ਮਲਦਾ[60] ਹਾਂ ।
ਗੁਣ[61] ਅਚੁਤ[62] ਸਦਾ[63] ਪੂਰਨ[64] ਨਹ ਦੋਖ[65] ਬਿਆਪਹਿ[66] ਕਲੀ[67] ॥ ਰਹਾਉ ॥	Singing the praises[61] of the ever-[63]pervading[64] Imperishable Lord[62], the pain[65] of the Dark-age[67] afflicts[66] not the mortal. Pause.	[63]ਸਦੀਵੀ-ਵਿਆਪਕ[64] ਅਬਿਨਾਸ਼ੀ[62] ਪ੍ਰਭੂ ਦੀਆਂ ਸਿਫ਼ਤਾਂ[61] ਗਾਇਨ ਕਰਨ ਦੁਆਰਾ ਕਲਜੁਗ[67] ਦੀ ਪੀੜ[65] ਪ੍ਰਾਨੀ ਨੂੰ ਦੁਖੀ ਨਹੀਂ ਕਰਦੀ[66] । ਠਹਿਰਾਉ ।
ਗੁਰ ਬਚਨਿ[68] ਕਾਰਜ[69] ਸਰਬ[70] ਪੂਰਨ[71] ਈਤ[72] ਊਤ[73] ਨ ਹਲੀ[74] ॥	Through the Guru's word[68], all[70] the affairs[69] are arranged[71] and man reels[74] not hither[72] and thither[73]	ਗੁਰਾਂ ਦੇ ਸ਼ਬਦ[68] ਰਾਹੀਂ ਸਾਰੇ[70] ਕੰਮ[69] ਸੌਰ ਜਾਂਦੇ[71] ਹਨ ਅਤੇ ਬੰਦਾ ਏਧਰ[72] ਓਧਰ[73] ਡਿਕ-ਡੋਲੇ[74] ਨਹੀਂ ਖਾਂਦਾ ।
੧੧੨੨	**1122**	**੧੧੨੨**
ਪ੍ਰਭੁ ਏਕ ਅਨਿਕ[75] ਸਰਬਤ[76] ਪੂਰਨ[77] ਬਿਖੈ[78] ਅਗਨਿ[79] ਨ ਜਲੀ[80] ॥੧॥	Whosoever sees the One Lord pervading[77] all[76] the various[75] beings, burns[80] not in the fire[79] of vice[78].	ਜੋ ਕੋਈ ਭੀ ਇਕ ਸੁਆਮੀ ਨੂੰ ਸਾਰਿਆਂ[76] ਅਨੇਕਾਂ[75] ਜੀਵਾਂ ਅੰਦਰ ਵਿਆਪਕ[77] ਵੇਖਦਾ ਹੈ, ਉਹ ਪਾਪ[78] ਦੀ ਅੱਗ[79] ਵਿਚ ਨਹੀਂ ਸੜਦਾ[80] ।
ਗਹਿ[81] ਭੁਜਾ[82] ਲੀਨੋ ਦਾਸੁ[83] ਅਪਨੋ ਜੋਤਿ[85] ਜੋਤੀ[84] ਰਲੀ[86] ॥	His slave[83], the Lord holds[81] by the arm[82] and his light[85] merges[86] in the supreme Light[84].	ਆਪਣੇ ਗੋਲੇ[83] ਨੂੰ ਪ੍ਰਭੂ ਬਾਂਹ[82] ਤੋਂ ਪਕੜ ਲੈਂਦਾ[81] ਹੈ, ਅਤੇ ਉਸ ਦਾ ਨੂਰ[85] ਪਰਮ ਨੂਰ[84] ਅੰਦਰ ਸਮਾ ਜਾਂਦਾ ਹੈ[86] ।
ਪ੍ਰਭ ਚਰਨ[87] ਸਰਨ[88] ਅਨਾਥੁ[89] ਆਇਓ[90] ਨਾਨਕ ਹਰਿ ਸੰਗਿ[91] ਚਲੀ[92] ॥੨॥੬॥੧੪॥	Orphan[89] Nanak has sought[90] the protection[88] of Thine feet[87], O Lord God and he walks[92] with[91] Thee in Thy will.	ਯਤੀਮ[89] ਨਾਨਕ ਨੇ, ਹੇ ਸੁਆਮੀ ਵਾਹਿਗੁਰੂ ! ਤੇਰੇ ਪੈਰਾਂ[87] ਦੀ ਪਨਾਹ[88] ਲਈ ਹੈ[90] ਅਤੇ ਉਹ ਤੇਰੀ ਰਜ਼ਾ ਅੰਦਰ ਤੇਰੇ ਨਾਲ[91] ਹੀ ਟੁਰਦਾ[92] ਹੈ ।
ਕੇਦਾਰਾ ਮਹਲਾ ੫ ॥	Kedara 5th Guru.	ਕੇਦਾਰਾ ਪੰਜਵੀਂ ਪਾਤਿਸ਼ਾਹੀ ।
ਹਰਿ ਕੇ ਨਾਮ ਕੀ ਮਨ ਰੁਚੇ[93] ॥	Within my mind is the craving[93] for the Lord's Name.	ਮੇਰੇ ਚਿਤ ਅੰਦਰ ਪ੍ਰਭੂ ਦੇ ਨਾਮ ਦੀ ਚਾਹਨਾ[93] ਹੈ ।
ਕੋਟਿ[94] ਸਾਂਤਿ[95] ਅਨੰਦ[96] ਪੂਰਨ[97] ਜਲਤ[98] ਛਾਤੀ[99] ਬੁਝੇ[100] ॥ ਰਹਾਉ ॥	I am brimful[97] with immense[94] peace[95] and bliss[96] and my burning[98] breast[99] is cooled down[100]. Pause.	ਮੈਂ ਬੇਅੰਤ[94] ਠੰਢ-ਚੈਨ[95] ਤੇ ਖੁਸ਼ੀ[96] ਨਾਲ ਪਰੀਪੂਰਨ[97] ਹਾਂ ਅਤੇ ਮੇਰੀ ਸੜਦੀ[98] ਹੋਈ ਹਿੱਕ[99] ਸੀਤਲ ਹੋ ਗਈ[100] ਹੈ । ਠਹਿਰਾਉ ।
ਸੰਤ ਮਾਰਗਿ[3] ਚਲਤ[4] ਪ੍ਰਾਨੀ[5] ਪਤਿਤ[6] ਉਧਰੇ[7] ਮੁਚੈ[8] ॥	Walking[4] in the way[3] of the saints, the millions[8] of sinful[6] mortals[5] are saved[7].	ਸਾਧੂਆਂ ਦੇ ਰਸਤੇ[3] ਚਲਣ[4] ਦੁਆਰਾ, ਕ੍ਰੋੜਾਂ[8] ਹੀ ਪਾਪੀ[6] ਜੀਵ[5] ਤਰ ਜਾਂਦੇ[7] ਹਨ ।
ਰੇਨ[9] ਜਨ[10] ਕੀ ਲਗੀ[12] ਮਸਤਕਿ[13] ਅਨਿਕ[14]	He, who applies[12] the dust[9] of the feet of the Lord's slave[10] to his forehead[13]	ਜੋ ਪ੍ਰਭੂ ਦੇ ਗੋਲੇ[10] ਦੇ ਪੈਰਾਂ ਦੀ ਧੂੜ[9] ਨੂੰ ਆਪਣੇ ਮੱਥੇ[13] ਨੂੰ ਲਾਉਂਦਾ[12] ਹੈ, ਉਸ ਨੂੰ ਘਣੇਰਿਆਂ[14] ਯਾਤ੍ਰਾ

ਤੀਰਥ[15] ਸੁਚੇ[16] ॥੧॥	acquires the purity[16] of many[14] pilgrim-stations[15].	ਅਸਥਾਨਾਂ[15] ਦੀ ਪਵਿੱਤਰਤਾ[16] ਪਰਾਪਤ ਹੋ ਜਾਂਦੀ ਹੈ।
ਚਰਨ[17] ਕਮਲ[18] ਧਿਆਨ[19] ਭੀਤਰਿ[20] ਘਟਿ ਘਟਹਿ[21] ਸੁਆਮੀ ਸੁਝੈ[22] ॥	Contemplating[19] the Lord's lotus[18] feet[17] in[20] the mind, one sees[22] the Lord in every heart[21].	ਪ੍ਰਭੂ ਦੇ ਕੰਵਲ[18] ਰੂਪੀ ਪੈਰਾਂ[17] ਦਾ ਚਿਤ ਅੰਦਰ[20] ਸਿਮਰਨ[19] ਕਰਨ ਦੁਆਰਾ ਬੰਦਾ ਸਾਈਂ ਨੂੰ ਹਰ ਦਿਲ[21] ਅੰਦਰ ਵੇਖ ਲੈਂਦਾ[22] ਹੈ।
ਸਰਨਿ[23] ਦੇਵ[24] ਅਪਾਰ[25] ਨਾਨਕ ਬਹੁਰਿ[26] ਜਮੁ[27] ਨਹੀ ਲੁਝੈ[28] ॥੨॥੭॥੧੫॥	Seeking the refuge[23] of the Infinite[25] Lord[24], death's courier[27] tortures[28] not the mortal again[26].	ਬੇਅੰਤ[25] ਪ੍ਰਭੂ[24] ਦੀ ਪਨਾਹ[23] ਲੈਣ ਦੁਆਰਾ, ਮੌਤ ਦਾ ਦੂਤ[27] ਮੁੜ[26] ਕੇ ਪ੍ਰਾਨੀ ਨੂੰ ਦੁਖ[28] ਨਹੀਂ ਦਿੰਦਾ।
ਕੇਦਾਰਾ ਛੰਤ ਮਹਲਾ ੫ ॥	Kedara Chhant 5th Guru.	ਕੇਦਾਰਾ ਛੰਤ ਪੰਜਵੀਂ ਪਾਤਿਸ਼ਾਹੀ।
੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਮਿਲੁ ਮੇਰੇ ਪ੍ਰੀਤਮ[29] ਪਿਆਰਿਆ[30] ॥ਰਹਾਉ॥	Meet Thou me, O my sweet[30] Beloved[29]. Pause.	ਤੂੰ ਮੈਨੂੰ ਦਰਸ਼ਨ ਦੇ, ਹੇ ਮੇਰੇ ਮਿੱਠੜੇ[30] ਦਿਲਬਰ[29]! ਠਹਿਰਾਉ।
ਪੂਰਿ[31] ਰਹਿਆ ਸਰਬਤ੍ਰ[32] ਮੈ[33] ਸੋ[34] ਪੁਰਖੁ[35] ਬਿਧਾਤਾ[36] ॥	O He[34], the Creator[36]-Lord[35] is fully contained[31] amongst[33] all[32].	ਉਹ[34] ਸਿਰਜਣਹਾਰ[36] ਸੁਆਮੀ[35] ਸਾਰਿਆਂ[32] ਅੰਦਰ[33] ਪਰੀ-ਪੂਰਨ[31] ਹੋ ਰਿਹਾ ਹੈ।
ਮਾਰਗੁ[37] ਪ੍ਰਭ ਕਾ ਹਰਿ ਕੀਆ[38] ਸੰਤਨ ਸੰਗਿ[39] ਜਾਤਾ[40] ॥	The Lord God has marked[38] out His path[37], but it is known[40] through the saints' society[39].	ਸੁਆਮੀ ਵਾਹਿਗੁਰੂ ਨੇ ਆਪਣਾ ਰਸਤਾ[37] ਦਰਸਾ[38] ਦਿਤਾ ਹੈ, ਪ੍ਰੰਤੂ ਇਹ ਸਤਿਸੰਗਤ[39] ਰਾਹੀਂ ਜਾਣਿਆ[40] ਜਾਂਦਾ ਹੈ।
ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ[41] ਨਦਰਿ[42] ਨਿਹਾਲਿਆ[43] ॥	The Creator-Lord is known through the congregation of saints. With mine eyes[42], I see[43] Him in all the hearts[41].	ਸਿਰਜਣਹਾਰ ਸੁਆਮੀ ਸਾਧਸੰਗਤ ਰਾਹੀਂ ਜਾਣਿਆ ਜਾਂਦਾ ਹੈ। ਆਪਣਿਆਂ ਨੇਤ੍ਰਾਂ[42] ਨਾਲ ਮੈਂ ਉਸ ਨੂੰ ਸਾਰਿਆਂ ਦਿਲਾਂ[41] ਅੰਦਰ ਦੇਖਦਾ[43] ਹਾਂ।
ਜੋ ਸਰਨੀ[44] ਆਵੈ ਸਰਬ[45] ਸੁਖ ਪਾਵੈ ਤਿਲੁ[46] ਨਹੀ ਭੰਨੈ[47] ਘਾਲਿਆ[48] ॥	He, who enters God's sanctuary[44], obtains all[45] the comforts. The Lord ignores[47] not even iota[46] of service[48].	ਜੋ ਵਾਹਿਗੁਰੂ ਦੀ ਪਨਾਹ[44] ਲੈਂਦਾ ਹੈ, ਉਹ ਸਾਰੇ[45] ਆਰਾਮ ਪਾ ਲੈਂਦਾ ਹੈ। ਸੇਵਾ[48] ਦਾ ਇਕ ਭੋਰਾ[46] ਭਰ ਭੀ ਪ੍ਰਭੂ ਨਜ਼ਰੋਂ ਓਹਲੇ[47] ਨਹੀਂ ਕਰਦਾ।
ਹਰਿ ਗੁਣ[49] ਨਿਧਿ[50] ਗਾਏ[51] ਸਹਜ ਸੁਭਾਏ[52] ਪ੍ਰੇਮ[53] ਮਹਾ[54] ਰਸ[55] ਮਾਤਾ[56] ॥	He, who hymns[51] Thy praise, O Treasure[50] of virtues[49]; he is easily[52] inebriated[56] with the Supreme[54] Elixir[55] of Divine love[53].	ਹੇ ਗੁਣਾਂ[49] ਦੇ ਖ਼ਜ਼ਾਨੇ[50]! ਜੋ ਤੇਰੀ ਮਹਿਮਾ ਗਾਇਨ[51] ਕਰਦਾ ਹੈ; ਉਹ ਸੁਖੈਨ[52] ਹੀ ਰਬੀ ਪ੍ਰੀਤ[53] ਦੇ ਪਰਮ[54] ਅੰਮ੍ਰਿਤ[55] ਨਾਲ ਮਤਵਾਲਾ[56] ਹੋ ਜਾਂਦਾ ਹੈ।
ਨਾਨਕ ਦਾਸ[57] ਤੇਰੀ	Thou art the Destiny-scribe[61]	ਤੂੰ ਪ੍ਰਾਲਭਦ ਦਾ ਲਿਖਾਰੀ[61] ਪੂਰਾ[59] ਪ੍ਰਭੂ[60] ਹੈਂ। ਗੋਲੇ[57]

ਸਰਣਾਈ[58] ਤੂ ਪੂਰਨ[59] ਪੁਰਖੁ[60] ਬਿਧਾਤਾ[61] ॥੧॥	Perfect[59] Lord[60]. Slave[57] Nanak has sought Thine refuge[58].	ਨਾਨਕ ਨੇ ਤੇਰੀ ਸ਼ਰਨਾਗਤ[58] ਸੰਭਾਲੀ ਹੈ ।
ਹਰਿ ਪ੍ਰੇਮ ਭਗਤਿ[62] ਜਨੁ[63] ਬੇਧਿਆ[64] ਸੇ[65] ਆਨ[66] ਕਤ[67] ਜਾਹੀ[68] ॥	God's slave[63] is pierced through[64] with His loving adoration[62]. Where[67] else[66] can he[65] go[68] ?	ਰਬ ਦਾ ਗੋਲਾ[63] ਉਸ ਦੀ ਪਿਆਰੀ ਉਪਾਸ਼ਨਾ[62] ਨਾਲ ਵਿੰਨ੍ਹਿਆ[64] ਗਿਆ ਹੈ । ਉਹ[65] ਹੋਰ[66] ਕਿਥੇ[67] ਜਾ[68] ਸਕਦਾ ਹੈ ?
ਮੀਨੁ ਬਿਛੋਹਾ[69] ਨ ਸਹੈ[70] ਜਲ ਬਿਨੁ ਮਰਿ ਪਾਹੀ ॥	The fish bears[70] not separation[69] and dies without water.	ਮਛੀ ਵਿਛੋੜੇ[69] ਨੂੰ ਨਹੀਂ ਸਹਾਰਦੀ[70] ਅਤੇ ਪਾਣੀ ਬਿਨਾ ਮਰ ਜਾਂਦੀ ਹੈ ।
ਹਰਿ ਬਿਨੁ ਕਿਉ[77] ਰਹੀਐ[71] ਦੂਖ[72] ਕਿਨਿ[73] ਸਹੀਐ ਚਾਤ੍ਰਿਕ[74] ਬੂੰਦ[75] ਪਿਆਸਿਆ[76] ॥	Thirsty[76] like the pied-cuckoo[74] for the rain-drop[75], how[77] can I live[71] without God and in what[73] way can I endure the pang[72] of separation ?	ਮੀਂਹ ਦੀ ਕਣੀ[75] ਲਈ ਬੰਬੀਹੇ[74] ਦੀ ਨਿਆਈਂ ਤਿਹਾਇਆ[76], ਮੈਂ ਵਾਹਿਗੁਰੂ ਦੇ ਬਗੈਰ ਕਿਸ ਤਰ੍ਹਾਂ[77] ਜੀਉ[71] ਸਕਦਾ ਹਾਂ ਤੇ ਕਿਸ[73] ਤਰੀਕੇ ਨਾਲ ਵਿਛੋੜੇ ਦੀ ਪੀੜਾ[72] ਨੂੰ ਸਹਾਰ ਸਕਦਾ ਹਾਂ ?
ਕਬ ਰੈਨਿ[78] ਬਿਹਾਵੈ[79] ਚਕਵੀ[80] ਸੁਖੁ ਪਾਵੈ ਸੂਰਜ[81] ਕਿਰਣਿ[82] ਪ੍ਰਗਾਸਿਆ[83] ॥	Says the she ruddy goose[80] "when shall the night[78] pass away[79] and I shall obtain peace with the shining[83] of the sun's[81] rays[82] ?"	ਆਖਦੀ ਹੈ ਸੁਰਖਾਬਣੀ[80], "ਕਦੋਂ ਰਾਤ[78] ਲੰਘੇਗੀ[79] ਅਤੇ ਸੂਰਜ[81] ਦੀਆਂ ਸ਼ੁਆਵਾਂ[82] ਦੇ ਰੌਸ਼ਨ[83] ਹੋਣ ਨਾਲ ਮੈਂ ਆਰਾਮ ਨੂੰ ਪਰਾਪਤ ਹੋਵਾਂਗੀ ?"
ਹਰਿ ਦਰਸਿ[84] ਮਨੁ ਲਾਗਾ[85] ਦਿਨਸੁ ਸਭਾਗਾ[86] ਅਨਦਿਨੁ ਹਰਿ ਗੁਣ[87] ਗਾਹੀ[88] ॥	My mind is attached[85] to God's vision[84]. Fortunate[86] are the day and night, when I sing[88] the Lord's praise[87].	ਮੇਰਾ ਚਿਤ ਹਰੀ ਦੇ ਦੀਦਾਰ[84] ਨਾਲ ਜੁੜਿਆ[85] ਹੋਇਆ ਹੈ । ਭਾਗਾਂ ਵਾਲੇ[86] ਹਨ ਉਹ ਦਿਨ ਤੇ ਰੈਣ ਜਦ ਮੈਂ ਸਾਈਂ ਦੀ ਮਹਿਮਾ[87] ਗਾਉਂਦਾ[88] ਹਾਂ ।
ਨਾਨਕ ਦਾਸੁ ਕਹੈ ਬੇਨੰਤੀ[89] ਕਤ[90] ਹਰਿ ਬਿਨੁ ਪ੍ਰਾਣ[91] ਟਿਕਾਹੀ[92] ॥੨॥	Slave Nanak makes a supplication[89]: "Without Thee, O my God, how[90] can my life[91] linger on[92] ?"	ਗੋਲਾ ਨਾਨਕ ਬੇਨਤੀ[89] ਕਰਦਾ ਹੈ, "ਤੇਰੇ ਬਗ਼ੈਰ, ਹੇ ਮੇਰੇ ਵਾਹਿਗੁਰੂ ਮੇਰੀ ਜ਼ਿੰਦਗੀ[91] ਕਿਸ ਤਰ੍ਹਾਂ[90] ਕਾਇਮ[92] ਰਹਿ ਸਕਦੀ ਹੈ ?"
ਸਾਸ ਬਿਨਾ ਜਿਉ[93] ਦੇਹੁਰੀ[94] ਕਤ ਸੋਭਾ[96] ਪਾਵੈ ॥	As[93] without breath, how can the body[94] obtain glory[96] ?	ਜਿਸ ਤਰ੍ਹਾਂ[93] ਸਾਹ ਦੇ ਬਗ਼ੈਰ, ਸਰੀਰ[94] ਕਿਸ ਤਰ੍ਹਾਂ ਪ੍ਰਭਤਾ[96] ਪਰਾਪਤ ਕਰ ਸਕਦਾ ਹੈ ?
ਦਰਸ[97] ਬਿਹੂਨਾ ਸਾਧ ਜਨੁ[98] ਖਿਨੁ[99] ਟਿਕਣੁ[100] ਨ ਆਵੈ ॥	Similarly, without the Lord's sight[97], the holyman[98] obtains not peace[100] even for a moment[99].	ਇਸੇ ਤਰ੍ਹਾਂ ਹੀ ਸਾਈਂ ਦੇ ਦਰਸ਼ਨ[97] ਦੇ ਬਗ਼ੈਰ ਨੇਕ ਬੰਦੇ[98] ਨੂੰ ਇਕ ਮੁਹਤ[99] ਭਰ ਭੀ ਆਰਾਮ[100] ਨਹੀਂ ਆਉਂਦਾ ।
ਹਰਿ ਬਿਨੁ ਜੋ ਰਹਣਾ[2] ਨਰਕੁ[3] ਸੋ[4] ਸਹਣਾ[5] ਚਰਨ[6] ਕਮਲ[7] ਮਨੁ ਬੇਧਿਆ[8] ॥	Being[2] without God; that[4] is to suffer[5] pangs of hell[3]. My mind is pierced through[8] with the Lord's lotus[7] feet[6].	ਵਾਹਿਗੁਰੂ ਦੇ ਬਗੈਰ ਹੋਣਾ[2] ਉਹ[4] ਤਾਂ ਦੋਜ਼ਕ[3] ਦੇ ਦੁਖੜੇ ਸਹਾਰਨਾ[5] ਹੈ । ਮੇਰਾ ਹਿਰਦਾ ਸਾਈਂ ਦੇ ਕੰਵਲ[7] ਪੈਰਾਂ[6] ਨਾਲ ਵਿੰਨ੍ਹਿਆ[8] ਗਿਆ ਹੈ ।
ਹਰਿ ਰਸਿਕ[9] ਬੈਰਾਗੀ[10] ਨਾਮਿ ਲਿਵ ਲਾਗੀ[12]	Aesthetic[9] and yet detached[10] is my Lord, to whom the mortal is	ਰਸੀਆ[9] ਅਤੇ ਫਿਰ ਭੀ ਨਿਰਲੇਪ[10] ਹੈ ਮੇਰਾ ਸੁਆਮੀ, ਨਾਮ ਦੇ ਰਾਹੀਂ ਜਿਸ ਨਾਲ ਪ੍ਰਾਨੀ ਦਾ ਪਿਆਰ ਪੈ

ਕਤਹੁ[13] ਨ ਜਾਇ ਨਿਖੇਧਿਆ[14] ॥
ਹਰਿ ਸਿਉ[15] ਜਾਇ ਮਿਲਣਾ ਸਾਧ ਸੰਗਿ ਰਹਣਾ[16] ਸੁੋ[17] ਸੁਖੁ[18] ਅੰਕਿ[19] ਨ ਮਾਵੈ[20] ॥

ਹੋਹੁ ਕ੍ਰਿਪਾਲ[21] ਨਾਨਕ ਕੇ ਸੁਆਮੀ ਹਰਿ ਚਰਨਹ[22] ਸੰਗਿ[23] ਸਮਾਵੈ[24] ॥੩॥
ਖੋਜਤ[25] ਖੋਜਤ ਪ੍ਰਭ ਮਿਲੇ ਹਰਿ ਕਰੁਣਾ[26] ਧਾਰੇ[27] ॥

ਨਿਰਗੁਣੁ[28] ਨੀਚੁ[29] ਅਨਾਥੁ[30] ਮੈ ਨਹੀ ਦੋਖ[31] ਬੀਚਾਰੇ[32] ॥

ਨਹੀ ਦੋਖ ਬੀਚਾਰੇ ਪੂਰਨ[33] ਸੁਖ ਸਾਰੇ ਪਾਵਨ[34] ਬਿਰਦੁ[35] ਬਖਾਨਿਆ[36] ॥

attuned through[12] the Name. None can ever[13] deny[14] Him.

To go and meet with[15] God and to abide[16] in the saints' society ; that[17] bliss[18] can be contained[20] not in the mind[19].

Be Thou merciful[21] unto me, O the Lord Master of Nanak, that I may blend[24] with[23] Thine feet[22].

Searching[25] and seeking, I have met with my Lord God, who has shown[27] His mercy[26] unto me.

I am vitrueless[28], grovelling[29] and patronless[30], but the Lord has not thought[32] of my shortcomings.[31].

He has minded not my shortcomings and has blessed me with all the perfect[33] comforts. To purify[34] the sinners is said[36] to be His innate nature[35].

ਜਾਂਦਾ[12] ਹੈ। ਕੋਈ ਕਦੇ[13] ਉਸ ਤੋਂ ਮੁਨਕਰ[14] ਨਹੀਂ ਹੋ ਸਕਦਾ।

ਜਾ ਕੇ ਵਾਹਿਗੁਰੂ ਨਾਲ[15] ਮਿਲਣਾ ਅਤੇ ਸਤਿਸੰਗਤ ਅੰਦਰ ਵਸਣਾ[16]; ਉਹ[17] ਖੁਸ਼ੀ[18] ਮਨ[19] ਅੰਦਰ ਮਿਉਂ[20] ਨਹੀਂ ਸਕਦੀ।

ਤੂੰ ਮੇਰੇ ਉਤੇ ਮਿਹਰਬਾਨ[21] ਹੋ, ਹੇ ਨਾਨਕ ਦੇ ਸੁਆਮੀ ਮਾਲਕ ! ਤਾਂ ਜੋ ਮੈਂ ਤੇਰੇ ਪੈਰਾਂ[22] ਨਾਲ[23] ਅਭੇਦ[24] ਹੋ ਜਾਵਾਂ।

ਲਭਦਿਆਂ[25] ਲਭਦਿਆਂ ਮੈਂ ਆਪਣੇ ਸੁਆਮੀ ਵਾਹਿਗੁਰੂ ਨਾਲ ਮਿਲ ਪਿਆ ਹਾਂ, ਜਿਸ ਨੇ ਮੇਰੇ ਉਤੇ ਆਪਣੀ ਮਿਹਰ[26] ਕੀਤੀ[27] ਹੈ।

ਮੈਂ ਨੇਕੀ-ਵਿਹੂਣਾ[28], ਅਧਮ[29] ਅਤੇ ਨਿਖਸਮਾਂ[30] ਹਾਂ, ਪ੍ਰੰਤੂ ਪ੍ਰਭੂ ਨੇ ਮੇਰੀਆਂ ਊਣਤਾਈਆਂ[31] ਦਾ ਖ਼ਿਆਲ[32] ਨਹੀਂ ਕੀਤਾ।

ਉਸ ਨੇ ਮੇਰੀਆਂ ਕਮਜ਼ੋਰੀਆਂ ਵਲ ਧਿਆਨ ਨਹੀਂ ਦਿਤਾ ਅਤੇ ਮੈਨੂੰ ਸਮੂਹ ਮੁਕੰਮਲ[33] ਆਰਾਮ ਬਖ਼ਸ਼ੇ ਹਨ। ਪਾਪੀਆਂ ਨੂੰ ਪਵਿੱਤਰ[34] ਕਰਨਾ ਉਸ ਦੀ ਸੁਭਾਵਿਕ ਖ਼ਸਲਤ[35] ਬਿਆਨ ਕੀਤੀ[36] ਜਾਂਦੀ ਹੈ।

੧੧੨੩

ਭਗਤਿ ਵਛਲੁ[37] ਸੁਨਿ ਅੰਚਲੋ[38] ਗਹਿਆ[39] ਘਟਿ ਘਟਿ[40] ਪੂਰ ਸਮਾਨਿਆ[41] ॥

ਸੁਖ ਸਾਗਰੋੁ[42] ਪਾਇਆ ਸਹਜ ਸੁਭਾਇਆ[43] ਜਨਮ ਮਰਨ ਦੁਖ[45] ਹਾਰੇ[44] ॥

ਕਰੁ[46] ਗਹਿ[47] ਲੀਨੇ[48] ਨਾਨਕ ਦਾਸ ਅਪਨੇ ਰਾਮ ਨਾਮ ਉਰਿ[49] ਹਾਰੇ[50] ॥੪॥੧॥

ਰਾਗੁ ਕੇਦਾਰਾ
ਬਾਣੀ[51] ਕਬੀਰ ਜੀਉ[52] ਕੀ

1123

Hearing that the Lord is the Lover of His saints[37], I have caught hold[39] of His skirt[38] and I have seen Him fully filling[41] all the hearts[40].

I have easily[43] obtained the Lord, the ocean[42] of peace, and have thrown off[44] the pain[45] of birth and death.

Holding[47] by the hand[46], God has saved[48] Nanak His slave, and he has woven like the garland[50] the Lord's Name to his heart[49].

Rag Kedara
Hymns[51] of Kabir ji[52]

੧੧੨੩

ਸਾਂਈਂ ਨੂੰ ਆਪਣੇ ਸੰਤਾਂ ਦਾ ਆਸ਼ਕ[37] ਸੁਣ ਕੇ, ਮੈਂ ਉਸ ਦਾ ਪੱਲਾ[38] ਪਕੜਿਆ[39] ਹੈ ਅਤੇ ਮੈਂ ਉਸ ਨੂੰ ਸਾਰਿਆਂ ਦਿਲਾਂ[40] ਨੂੰ ਪਰੀਪੂਰਨ[41] ਕਰਦਾ ਤੱਕ ਲਿਆ ਹੈ।

ਮੈਂ ਸ਼ਾਂਤੀ ਦੇ ਸਮੁੰਦਰ[42] ਪ੍ਰਭੂ ਨੂੰ ਸੁਖੇਨ[43] ਹੀ ਪਰਾਪਤ ਕਰ ਲਿਆ ਹੈ ਅਤੇ ਜੰਮਣ ਅਤੇ ਮਰਣ ਦੀ ਪੀੜ[45] ਮੈਂ ਪਰੇ ਸੁਟ ਪਾਈ[44] ਹੈ।

ਹਥ[46] ਤੋਂ ਪਕੜ[47] ਕੇ, ਵਾਹਿਗੁਰੂ ਨੇ ਆਪਣੇ ਗੋਲੇ ਨਾਨਕ ਨੂੰ ਬਚਾ[48] ਲਿਆ ਹੈ, ਅਤੇ ਉਸ ਨੇ ਸੁਆਮੀ ਦੇ ਨਾਮ ਨੂੰ ਹਾਰ[50] ਦੀ ਤਰ੍ਹਾਂ ਆਪਣੇ ਦਿਲ[49] ਅੰਦਰ ਪਰੋ ਲਿਆ ਹੈ।

ਰਾਗੁ ਕੇਦਾਰਾ
ਸ਼ਬਦ[51] ਕਬੀਰ ਜੀ[52] ਦੇ

ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਉਸਤਤਿ[53] ਨਿੰਦਾ[54] ਦੋਊ ਬਿਬਰਜਿਤ[55] ਤਜਹੁ[56] ਮਾਨੁ[57] ਅਭਿਮਾਨਾ[58] ॥ ਲੋਹਾ ਕੰਚਨੁ[59] ਸਮ[60] ਕਰਿ ਜਾਨਹਿ ਤੇ ਮੂਰਤਿ[61] ਭਗਵਾਨਾ[62] ॥੧॥	They, who abandon[55] both praise[53] and slander[54], who reject[56] self-worship[57] and self-conceit[58], and who deem iron and gold[59], the same[60]; they are the image[61] of the Fortunate[62] Lord.	ਜੋ ਵਡਿਆਈ[53] ਅਤੇ ਬਦਖੋਈ[54] ਦੋਨਾਂ ਨੂੰ ਛਡ ਦਿੰਦੇ[55] ਹਨ, ਜੋ ਸਵੈ-ਪੂਜਾ[57] ਅਤੇ ਸਵੈ-ਹੰਗਤਾ[58] ਨੂੰ ਤਿਲਾਂਜਲੀ[56] ਦੇ ਦਿੰਦੇ ਹਨ ਅਤੇ ਜੋ ਲੋਹੇ ਅਤੇ ਸੋਨੇ[59] ਨੂੰ ਇਕ ਸਮਾਨ[60] ਜਾਣਦੇ ਹਨ, ਉਹ ਭਾਗਾਂ ਵਾਲੇ[62] ਸਾਈਂ ਦੀ ਤਸਵੀਰ[61] ਹਨ ।
ਤੇਰਾ ਜਨੁ[63] ਏਕੁ ਆਧੁ[64] ਕੋਈ ॥ ਕਾਮੁ[63*] ਕ੍ਰੋਧੁ[64*] ਲੋਭੁ[65] ਮੋਹੁ[66] ਬਿਬਰਜਿਤ ਹਰਿ ਪਦੁ[67] ਚੀਨੈ[68] ਸੋਈ[69] ॥੧॥ਰਹਾਉ॥	Hardly any one[64] is Thine slave[63], O Lord. Forsaking lust[63*], wrath[64*], avarice[65] and worldly attachment[66], he[69] sees[68] the Lord's feet[67]. Pause.	ਕੋਈ ਵਿਰਲਾ ਜਣਾ[64] ਹੀ ਤੇਰਾ ਗੋਲਾ[63] ਹੈ, ਹੇ ਸੁਆਮੀ ! ਮਿਥਨ-ਹੁਲਾਸ[63*], ਗੁੱਸੇ[64*], ਲਾਲਚ[65] ਅਤੇ ਸੰਸਾਰੀ ਲਗਨ[66] ਨੂੰ ਛਡ ਕੇ ਉਹ[69] ਪ੍ਰਭੂ ਦੇ ਪੈਰਾਂ[67] ਨੂੰ ਵੇਖ ਲੈਂਦਾ[68] ਹੈ । ਠਹਿਰਾਉ !
ਰਜ ਗੁਣ[70] ਤਮ[71] ਗੁਣ ਸਤ ਗੁਣ[72] ਕਹੀਐ[73] ਇਹ ਤੇਰੀ ਸਭ ਮਾਇਆ[74]॥	The quality of impulse[70], the quality of ignorance[71] and the quality of goodness[72]; all these are called[73] the creation of Thy power[74].	ਪਵਣ ਗੁਣ[70], ਅਗਨ ਗੁਣ[71] ਅਤੇ ਪਾਣੀ ਗੁਣ[72]; ਇਹ ਸਾਰੇ ਤੇਰੀ ਸਤਿਆ[74] ਦੀ ਰਚਨਾ ਆਖੇ ਜਾਂਦੇ[73] ਹਨ ।
ਚਉਥੇ ਪਦ[75] ਕਉ ਜੋ ਨਰ[76] ਚੀਨੈ[77] ਤਿਨ[78] ਹੀ [79]ਪਰਮ ਪਦੁ[80] ਪਾਇਆ ॥੨॥	The man[76], who realises[77] the fourth state[75]; he[78] alone obtains the supreme[79] status[80].	ਜਿਹੜਾ ਇਨਸਾਨ[76] ਚੌਥੀ ਅਵਸਥਾ[75] ਨੂੰ ਅਨੁਭਵ[77] ਕਰਦਾ ਹੈ; ਕੇਵਲ ਉਹ[78] ਹੀ ਮਹਾਨ[79] ਮਰਤਬੇ[80] ਨੂੰ ਪਰਾਪਤ ਹੁੰਦਾ ਹੈ ।
ਤੀਰਥ[81] ਬਰਤ[82] ਨੇਮ[83] ਸੁਚਿ[84] ਸੰਜਮ[85] ਸਦਾ ਰਹੈ ਨਿਹਕਾਮਾ[86] ॥	He ever remains desireless[86] of the pilgrimages[81], fastings[82], religious rites[83], purifications[84] and self-mortification[85].	ਯਾਤ੍ਰਾ[81], ਉਪਹਾਸ[82], ਧਾਰਮਕ ਸੰਸਕਾਰ[83], ਸੁਚਮ-ਤਾਈਆਂ[84] ਅਤੇ ਸਵੈ-ਰਿਆਜ਼ਤ[85]; ਉਹ ਸਦੀਵ ਹੀ ਇਨ੍ਹਾਂ ਤੋਂ ਇਛਿਆ-ਰਹਿਤ[86] ਰਹਿੰਦਾ ਹੈ ।
ਤ੍ਰਿਸਨਾ[87]ਅਰੁ[88]ਮਾਇਆ[89] ਭ੍ਰਮੁ[90] ਚੂਕਾ[91] ਚਿਤਵਤ[92] ਆਤਮ[93] ਰਾਮਾ[94] ॥੩॥	Meditating[92] on the Pervading[94] Soul[93], desire[87], worldliness[89] and[88] doubt[90] depart[91].	ਸਰਬ-ਵਿਆਪਕ[94] ਰੂਹ[93] ਦਾ ਸਿਮਰਨ[92] ਕਰਨ ਦੁਆਰਾ ਖ਼ਾਹਿਸ਼[87], ਦੁਨੀਆਦਾਰੀ[89] ਅਤੇ[88] ਸੰਦੇਹ[90] ਦੂਰ ਹੋ ਜਾਂਦੇ[91] ਹਨ ।
ਜਿਹ ਮੰਦਰਿ[95] ਦੀਪਕੁ[96] ਪਰਗਾਸਿਆ[97] ਅੰਧਕਾਰੁ[98] ਤਹ[99] ਨਾਸਾ[100] ॥	The mansion[95], in which the lamp[96] burns[97]; the darkness[98] thereof[99] is dispelled[100].	ਜਿਸ ਮਹਲ[95] ਅੰਦਰ ਦੀਵਾ[96] ਬਲਦਾ[97] ਹੈ; ਉਸ ਦਾ[99] ਅਨ੍ਹੇਰਾ[98] ਦੂਰ[100] ਹੋ ਜਾਂਦਾ ਹੈ ।
ਨਿਰਭਉ[2] ਪੂਰਿ[3] ਰਹੇ ਭ੍ਰਮੁ[4] ਭਾਗਾ[5] ਕਹਿ ਕਬੀਰ	Says Kabir, I am the servant[7] of the Lord's slave[6] whose doubt[4] has	ਕਬੀਰ ਜੀ ਆਖਦੇ ਹਨ, ਮੈਂ ਪ੍ਰਭੂ ਦੇ ਉਸ ਗੋਲੇ[6] ਦਾ ਨੌਕਰ[7] ਹਾਂ, ਜਿਸ ਦਾ ਸੰਦੇਹ[4] ਦੌੜ[5] ਗਿਆ ਹੈ ਅਤੇ ਜੋ

ਜਨ[6] ਦਾਸਾ[7] ॥੪॥੧॥	fled[5] and who knows the Fear-free[2] Lord fully filling[3] all.	ਨਿਡਰ[2] ਪ੍ਰਭੂ ਨੂੰ ਸਮੂਹ ਪਰੀਪੂਰਨ[3] ਕਰਨ ਵਾਲਾ ਜਾਣਦਾ ਹੈ।
ਕਿਨ[8] ਹੀ ਬਨਜਿਆ[9] ਕਾਂਸੀ[10] ਤਾਂਬਾ[12] ਕਿਨ ਹੀ ਲਉਗ[13] ਸੁਪਾਰੀ[14] ॥	Some[8] deal[9] in bronze[10] and copper[12] and some in cloves[13] and betal-nuts[14].	ਕਈ[8] ਕੈਂਹੇ[10] ਅਤੇ ਤਾਂਬੇ[12] ਦਾ ਵਣਜ ਕਰਦੇ[9] ਹਨ ਅਤੇ ਕਈ ਲੌਂਗਾਂ[13] ਅਤੇ ਸੁਪਾਰੀਆਂ[14] ਦਾ।
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ[15] ਖੇਪ[16] ਹਮਾਰੀ[17] ॥੧॥	The saints deal in the Lord's Name. Such[15] is my[17] merchandise[16].	ਸਾਧੂ ਸੁਆਮੀ ਦੇ ਨਾਮ ਦਾ ਵਾਪਾਰ ਕਰਦੇ ਹਨ। ਇਹੋ ਜਿਹਾ[15] ਹੈ ਮੇਰਾ[17] ਸੌਦਾ ਸੂਤ[16]।
ਹਰਿ ਕੇ ਨਾਮ ਕੇ ਬਿਆਪਾਰੀ[18] ॥	I have become a dealer[18] in God's Name.	ਮੈਂ ਵਾਹਿਗੁਰੂ ਦੇ ਨਾਮ ਦਾ ਵਣਜਾਰਾ[18] ਹੋ ਗਿਆ ਹਾਂ।
ਹੀਰਾ[19] ਹਾਥਿ[20] ਚੜਿਆ[21] ਨਿਰਮੋਲਕੁ[22] ਛੂਟਿ[23] ਗਈ ਸੰਸਾਰੀ[24] ॥ਰਹਾਉ॥	The Priceless[22] diamond[19] has come[21] to my hand[20], and I have abandoned[23] worldliness[24]. Pause.	ਅਮੋਲਕ[22] ਜਵੇਹਰ[19] ਮੇਰੇ ਹਥ[20] ਲਗ ਗਿਆ[21] ਹੈ, ਅਤੇ ਮੈਂ ਦੁਨੀਆਂਦਾਰੀ[24] ਛਡ[23] ਦਿਤੀ ਹੈ। ਠਹਿਰਾਉ।
ਸਾਚੇ[25] ਲਾਏ[26] ਤਉ[27] ਸਚ ਲਾਗੇ ਸਾਚੇ ਕੇ ਬਿਉਹਾਰੀ[28] ॥	When the True Lord[25] attached[26] me, then[27] alone was I attached to Truth. I am the trader[28] of the True Lord.	ਜਦ ਸੱਚੇ ਸੁਆਮੀ[25] ਨੇ ਮੈਨੂੰ ਜੋੜਿਆ[26], ਕੇਵਲ ਤਦ[27] ਹੀ ਮੈ ਸੱਚ ਨਾਲ ਜੁੜਿਆ। ਮੈਂ ਸੱਚੇ ਸੁਆਮੀ ਦਾ ਵਪਾਰੀ[28] ਹਾਂ।
ਸਾਚੀ ਬਸਤੁ[29] ਕੇ ਭਾਰ[30] ਚਲਾਏ[31] ਪਹੁਚੇ[32] ਜਾਇ ਭੰਡਾਰੀ[33] ॥੨॥	I have despatched[31] the loads[30] of true goods[29] and they have reached[32] God, the Treasurer[33].	ਮੈਂ ਸੱਚੇ ਮਾਲ[29] ਦੇ ਬੋਝ[30] ਤੋਰ ਦਿਤੇ[31] ਹਨ ਅਤੇ ਉਹ ਵਾਹਿਗੁਰੂ ਖ਼ਜ਼ਾਨਚੀ[33] ਕੋਲ ਪੁਜ ਗਏ[32] ਹਨ।
ਆਪਹਿ ਰਤਨ[34] ਜਵਾਹਰ[35] ਮਾਨਿਕ[36] ਆਪੈ ਹੈ ਪਾਸਾਰੀ[37] ॥	The Lord Himself is the pearl[34], jewel[35] and ruby[36] and Himself is the jeweller[37].	ਪ੍ਰਭੂ ਖ਼ੁਦ ਮੋਤੀ[34], ਜਵੇਹਰ[35] ਅਤੇ ਲਾਲ[36] ਹੈ ਅਤੇ ਖ਼ੁਦ ਹੀ ਜੌਹਰੀ[37] ਹੈ।
ਆਪੈ [38]ਦਹਦਿਸ[39] ਆਪ ਚਲਾਵੈ[40] ਨਿਹਚਲੁ[42] ਹੈ ਬਿਆਪਾਰੀ[42] ॥੩॥	Moveless[41] is my Lord-Merchant[42], who Himself pervades ten[38] directions[39] and Himself moves[40] everything.	ਅਹਿੱਲ[41] ਹੈ ਮੇਰਾ ਸੁਆਮੀ-ਸੁਦਾਗਰ[42], ਜੋ ਖ਼ੁਦ ਦਸੀਂ[38] ਪਾਸੀਂ[39] ਵਿਆਪਕ ਹੈ ਅਤੇ ਖ਼ੁਦ ਹੀ ਹਰ ਸ਼ੈ ਨੂੰ ਤੋਰਦਾ[40] ਹੈ।
ਮਨੁ ਕਰਿ ਬੈਲੁ[43] ਸੁਰਤਿ[44] ਕਰਿ ਪੈਡਾ[45] ਗਿਆਨ ਗੋਨਿ[46] ਭਰਿ[47] ਡਾਰੀ[48] ॥	Making my mind the bullock[43] and meditation[44] the road[45], I have filled[47] my sack[46] with gnosis and have loaded[48] it on the bullock.	ਆਪਣੇ ਚਿਤ ਨੂੰ ਬਲਦ[43] ਅਤੇ ਸਿਮਰਨ[44] ਨੂੰ ਸੜਕ[45] ਬਣਾ, ਮੈਂ ਬੋਰੀ[46] ਨੂੰ ਬ੍ਰਹਮ ਵੀਚਾਰ ਨਾਲ ਭਰਿਆ[47] ਹੈ ਅਤੇ ਇਸ ਨੂੰ ਬਲਦ ਤੇ ਲੱਦ ਦਿੱਤਾ[48] ਹੈ।
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ[49] ਖੇਪ ਹਮਾਰੀ ॥੪॥੨॥	Says kabir, hear O ye saints, my merchandise has reached[49] its destination.	ਕਬੀਰ ਜੀ ਆਖਦੇ ਹਨ, ਸ੍ਵਣ ਕਰੋ, ਤੁਸੀਂ ਹੇ ਸਾਧੂਓ! ਮੇਰਾ ਮਾਲ ਆਪਣੇ ਥਾਂ ਟਿਕਾਣੇ ਤੇ ਅੱਪੜ ਗਿਆ[49] ਹੈ।
ਰੀ[50]ਕਲਵਾਰਿ[51]ਗਵਾਰਿ[52]	O[50] brute[52] of brawling[51] and	ਹੇ[50] ਝਗੜਾਲੂ[51] ਅਤੇ ਮੂਰਖ[53] ਮਤਵਾਲੇ[54], ਵਹਿਸ਼ੀ[52]!

ਮੂੜ[53] ਮਤਿ[54] ਉਲਟੈ[55] ਪਵਨੁ[56] ਫਿਰਾਵਉ[57] ॥	unculturcd[52] intellect[53] reversing[55] thy breath[56] from the world, turn[57] it towards thy God.	ਆਪਣੇ ਸੁਆਸਾਂ[56] ਨੂੰ ਸੰਸਾਰ ਵਲੋਂ ਪਰਤ[55] ਕੇ, ਤੂੰ ਇਸ ਨੂੰ ਆਪਣੇ ਵਾਹਿਗੁਰੂ ਵਲ ਮੋੜ[57] ।
ਮਨੁ ਮਤਵਾਰ[58] ਮੇਰ[59] [60]ਸਰਭਾਠੀ[61] ਅੰਮ੍ਰਿਤ[62] ਧਾਰ[63] ਚੁਆਵਉ[64] ॥੧॥	Intoxicate[58] thou thy mind with the ambrosial[62] stream[63] that trickles[64] from the furnace[61] of the sublime[60] tenth gate[59].	ਤੂੰ ਆਪਣੇ ਮਨੂਏ ਨੂੰ ਸਰੇਸਟ[60] ਦਸਮ ਦੁਆਰ[59] ਦੀ ਭੱਠੀ[61] ਵਿਚੋਂ ਟਪਕਣ[64] ਵਾਲੀ ਸੁਧਾਸਰੂਪ[62] ਨਦੀ[63] ਨਾਲ ਮਤਵਾਲਾ[58] ਕਰ ।
ਬੋਲਹੁ[65] ਭਈਆ[66] ਰਾਮ[67] ਕੀ ਦੁਹਾਈ[68] ॥	O brother[66], invoke[65] and call upon[68] thy Lord[67] for thy assistance.	ਹੇ ਵੀਰ[66] ! ਤੂੰ ਆਪਣੀ ਸਹਾਇਤਾ ਲਈ ਆਪਣੇ ਸੁਆਮੀ[67] ਨੂੰ ਆਖ[65] ਤੇ ਪੁਕਾਰ ਕਰ[68] ।
ਪੀਵਹੁ ਸੰਤ ਸਦਾ ਮਤਿ[69] ਦੁਰਲਭ[70] ਸਹਜੇ[71] ਪਿਆਸ[72] ਬੁਝਾਈ ॥੧॥ ਰਹਾਉ ॥	O saints, ever drink ye this wine[69], so difficult to obtain[70] and it shall easily[71] quench thy thirst[72]. Pause.	ਹੇ ਸਾਧੂਓ ! ਤੁਸੀਂ ਹਮੇਸ਼ਾ ਇਸ ਨਾ ਹਥ ਲਗਣ ਵਾਲੀ[70] ਸ਼ਰਾਬ[69] ਨੂੰ ਪਾਨ ਕਰੋ ਅਤੇ ਇਹ ਸੁਖੈਨ[71] ਹੀ ਤੁਹਾਡੀ ਤਰੇਹ[72] ਨੂੰ ਬੁਝਾ ਦੇਵੇਗੀ । ਠਹਿਰਾਉ ।
ਭੈ[73] ਬਿਚਿ ਭਾਉ[74] ਭਾਇ[75] ਕੋਊ[76] ਬੂਝਹਿ[77] ਹਰਿ ਰਸੁ[78] ਪਾਵੈ ਭਾਈ[79] ॥	In the Lord's fear[73] is the love[74]. A few[76], who understand[77] the Lord's love[75], obtain His elixir[78], O brother[79].	ਪ੍ਰਭੂ ਦੇ ਡਰ[73] ਅੰਦਰ ਪਿਆਰ[74] ਹੈ । ਬਹੁਤ ਹੀ ਥੋੜ੍ਹੇ[76] ਜੋ ਪ੍ਰਭੂ ਦੇ ਪਿਆਰ[75] ਨੂੰ ਸਮਝਦੇ[77] ਹਨ, ਉਸ ਦੇ ਅੰਮ੍ਰਿਤ[78] ਨੂੰ ਪਾ ਲੈਂਦੇ ਹਨ, ਹੇ ਵੀਰ[79] !
ਜੇਤੇ[80] ਘਟ[81] ਅੰਮ੍ਰਿਤੁ ਸਭ ਹੀ ਮਹਿ[82] ਭਾਵੈ[83] ਤਿਸਹਿ[84] ਪੀਆਈ[85] ॥੨॥	As many as[80] are the hearts[81], in[82] all of them is the Nectar. Him[84] alone, He makes indrink[85] it, whom He pleases[83].	ਜਿੰਨੇ ਭੀ[80] ਦਿਲ[81] ਹਨ, ਉਨ੍ਹਾਂ ਸਾਰਿਆਂ ਵਿਚ[82] ਸੁਧਾਰਸ ਹੈ । ਕੇਵਲ ਉਸ ਨੂੰ[84] ਹੀ, ਉਹ ਇਸ ਨੂੰ ਪਿਲਾਉਂਦਾ[85] ਹੈ ਜਿਸ ਨੂੰ ਉਹ ਚਾਹੁੰਦਾ[83] ਹੈ ।
ਨਗਰੀ[86] ਏਕੈ ਨਉ ਦਰਵਾਜੇ[87] ਧਾਵਤੁ[88] ਵਰਜਿ ਰਹਾਈ[89] ॥	There are nine gates[87] to the one body city[86]. Prohibit and restrain[89] thou thy mind from escaping[88] through them.	ਦੇਹਿ ਦੇ ਇਕ ਸ਼ਹਿਰ[86] ਦੇ ਨੌਂ ਬੂਹੇ[87] ਹਨ । ਉਹਨਾਂ ਦੇ ਰਾਹੀਂ ਬਾਹਰ ਨਿਕਲ ਜਾਣ[88] ਤੋਂ ਤੂੰ ਆਪਣੇ ਮਨੂਏ ਨੂੰ ਵਰਜ[89] ਅਤੇ ਰੋਕ ਕੇ ਰਖ ।
ਤ੍ਰਿਕੁਟੀ[90] ਛੂਟੈ[91] ਦਸਵਾ[92] ਦਰੁ ਖੂਲ੍ਹੈ[93] ਤਾ[94] ਮਨੁ ਖੀਵਾ[95] ਭਾਈ ॥੩॥	When the knot of three qualities[90] is loosed[91], then[94] opens[93] the Tenth gate[92] and the mind becomes inebriated[95], O brother.	ਜਦ ਤਿੰਨਾਂ ਲੱਛਣਾਂ[90] ਦੀ ਗੰਢ ਖਿਸਕ ਜਾਂਦੀ[91] ਹੈ, ਤਦ[94] ਦਸਮ ਦੁਆਰ[92] ਖੁਲ੍ਹ[93] ਜਾਂਦਾ ਹੈ ਅਤੇ ਮਨੂਆ ਮਤਵਾਲਾ[95] ਹੋ ਜਾਂਦਾ ਹੈ, ਹੇ ਭਰਾਵਾ !
ਅਭੈ[96] ਪਦ[97] ਪੂਰਿ[3] ਤਾਪ[98] ਤਹ[99] ਨਾਸੇ[100] ਕਹਿ ਕਬੀਰ ਬੀਚਾਰੀ[2] ॥	When man fully[3] obtains the fearless[96] status[97], then cease[100] his[99] sufferings[98]. Says Kabir deliberately[2].	ਜਦ ਇਨਸਾਨ ਭੈ-ਰਹਿਤ[96] ਪਦਵੀ[97] ਨੂੰ ਪੂਰੀ[3] ਤਰ੍ਹਾਂ ਪਾ ਲੈਂਦਾ ਹੈ, ਤਦ ਉਸ[99] ਦੇ ਦੁਖੜੇ[98] ਦੂਰ[100] ਹੋ ਜਾਂਦੇ ਹਨ । ਕਬੀਰ ਜੀ ਸੋਚ ਸਮਝ[2] ਕੇ ਆਖਦੇ ਹਨ ।
ਉਬਟ[4] ਚਲੰਤੇ[5] ਇਹੁ ਮਦੁ[6] ਪਾਇਆ ਜੈਸੇ[9]	Turning[5] away[4] from the world I have obtained this wine[6] and am	ਦੁਨੀਆਂ ਤੋਂ ਪਰੇ[4] ਹਟ[5] ਕੇ, ਮੈਨੂੰ ਇਹ ਸ਼ਰਾਬ[6] ਪਰਾਪਤ ਹੋਈ ਹੈ ਅਤੇ ਮੈਂ ਅੰਗੂਰਾਂ ਦੀ ਸ਼ਰਾਬ[7] ਦੀ ਨਿਆਈਂ[9] ਇਸ

ਖੋਂਦ[7] ਖੁਮਾਰੀ[8] ॥੪॥੩॥

inebriated[8] as[9] if with the grape wine[7].

ਨਾਲ ਨਸ਼ਈ[8] ਹੋ ਗਿਆ ਹਾਂ ।

੧੧੨੪ 1124 ੧੧੨੪

ਕਾਮ[9*] ਕ੍ਰੋਧ[10] ਤ੍ਰਿਸਨਾ[12] ਕੇ ਲੀਨੇ[13] ਗਤਿ[14] ਨਹੀ ਏਕੈ ਜਾਨੀ ॥

Thou art involved[13] in lust[9*], wrath[10] and avarice[12] and knowest not the way[14] of the One Lord.

ਤੂੰ ਵਿਸ਼ੇ ਭੋਗ[9*], ਗੁੱਸੇ[10] ਅਤੇ ਲਾਲਚ[12] ਅੰਦਰ ਖਚਤ[13] ਹੋਇਆ ਹੋਇਆ ਹੈਂ ਅਤੇ ਇਕ ਸੁਆਮੀ ਦੇ ਰਸਤੇ[14] ਨੂੰ ਨਹੀਂ ਜਾਣਦਾ ।

ਫੂਟੀ ਆਖੈ ਕਛੂ ਨ ਸੂਝੈ[15] ਬੂਡਿ[16] ਮੂਏ ਬਿਨੁ ਪਾਨੀ ॥੧॥

With thine burst eyes, thou seest[15] nothing and are drowned[16] to death without water.

ਫੁਟੀਆਂ ਹੋਈਆਂ ਅੱਖਾਂ ਨਾਲ ਤੈਨੂੰ ਕੁਝ ਭੀ ਦਿਸਦਾ[15] ਨਹੀਂ ਅਤੇ ਤੂੰ ਪਾਣੀ ਦੇ ਬਗੈਰ ਹੀ ਡੁਬ[16] ਕੇ ਮਰ ਗਿਆ ਹੈਂ ।

ਚਲਤ[17] ਕਤ[18] ਟੇਢੇ[19] ਟੇਢੇ ਟੇਢੇ ॥

Why[18] walkest[17] thou, O man, in the crooked[19], crooked, crooked way ?

ਹੇ ਬੰਦੇ ! ਤੂੰ ਕਿਉਂ[18] ਵਿੰਗੇ-ਤੜਿੰਗੇ[19], ਵਿੰਗ-ਤੜਿੰਗੇ, ਵਿੰਗ-ਤੜਿੰਗ ਰਾਹੇ ਤੁਰਦਾ[17] ਹੈਂ ।

ਅਸਤਿ[20] ਚਰਮ[21] ਬਿਸਟਾ[22] ਕੇ ਮੂੰਦੇ[23] [24]ਦੁਰਗੰਧ[25] ਹੀ ਕੇ ਬੇਢੇ[26] ॥੧॥ਰਹਾਉ॥

Thou art filled[23] up with bones[20], skin[21] or ordure[22] and art saturated[26] with evil[24] odour[25]. Pause.

ਤੂੰ ਹੱਡੀਆਂ[20], ਚੰਮ[21] ਅਤੇ ਗੰਦਗੀ[22] ਨਾਲ ਮੁੰਦਿਆ[23] ਹੋਇਆ ਹੈਂ ਅਤੇ [24]ਬਦਬੂ[25] ਨਾਲ ਗੱਚ[26] ਹੈਂ । ਠਹਿਰਾਉ।

ਰਾਮ[27] ਨ ਜਪਹੁ[28] ਕਵਨ[29] ਭ੍ਰਮ[30] ਭੂਲੇ[31] ਤੁਮ ਤੇ ਕਾਲੁ[32] ਨ ਦੂਰੇ[33] ॥

Thou contemplatest[28] not thy Lord[27]. In what[29] doubt[30] art thou gone astray[31] ? Death[32] is not far[33] from thee.

ਤੂੰ ਆਪਣੇ ਸੁਆਮੀ[27] ਦੇ ਨਾਮ ਦਾ ਸਿਮਰਨ[28] ਨਹੀਂ ਕਰਦਾ । ਤੂੰ ਕਿਹੜੇ[29] ਵਹਿਮ[30] ਅੰਦਰ ਕੁਰਾਹੇ[31] ਪਿਆ ਹੋਇਆ ਹੈਂ ? ਮੌਤ[32] ਤੇਰੇ ਕੋਲੋਂ ਦੁਰੇਡੇ[33] ਨਹੀਂ ।

ਅਨਿਕ[34] ਜਤਨ[35] ਕਰਿ ਇਹੁ ਤਨੁ[36] ਰਾਖਹੁ[37] ਰਹੈ ਅਵਸਥਾ[38] ਪੂਰੇ[39] ॥੨॥

By various[34] efforts[35], thou preservest[37] thy body[36], but it shall last till its life-term[38] is complete[39].

ਤੂੰ ਅਨੇਕਾਂ[34] ਉਪਰਾਲੇ[35] ਕਰ ਇਸ ਦੇਹ[36] ਦੀ ਰੱਖਿਆ[37] ਕਰਦਾ ਹੈਂ । ਪ੍ਰੰਤੂ ਇਹ ਜੀਵਨ ਦੀ ਮਿਆਦ[38] ਪੂਰੀ[39] ਹੋਣ ਤਕ ਹੀ ਰਹੇਗੀ ।

ਆਪਨ ਕੀਆ ਕਛੂ ਨ ਹੋਵੈ ਕਿਆ[40] ਕੋ ਕਰੈ ਪਰਾਨੀ[41] ॥

By one's own doing, one can do not anything. What[40] can a mortal[41] accomplish ?

ਆਪਣੇ ਕਰਨ ਦੁਆਰਾ, ਇਨਸਾਨ ਕੁਝ ਭੀ ਨਹੀਂ ਕਰ ਸਕਦਾ । ਫਾਨੀ[41] ਬੰਦਾ ਕੀ[40] ਕਰ ਸਕਦਾ ਹੈ ?

ਜਾ ਤਿਸੁ[42] ਭਾਵੈ[43] ਸਤਿਗੁਰੁ ਭੇਟੈ[44] ਏਕੋ ਨਾਮੁ ਬਖਾਨੀ[45] ॥੩॥

When it pleases[43] Him[42], man meets[44] with the True Guru and utters[45] the One Name.

ਜਦ ਉਸ[42] ਨੂੰ ਚੰਗਾ ਲਗਦਾ[43] ਹੈ, ਤਾਂ ਬੰਦਾ ਸੱਚੇ ਗੁਰਾਂ ਨੂੰ ਮਿਲ ਪੈਂਦਾ[44] ਹੈ ਅਤੇ ਇਕ ਨਾਮ ਦਾ ਉਚਾਰਨ ਕਰਦਾ[45] ਹੈ ।

ਬਲੂਆ[46] ਕੇ ਘਰੂਆ[47] ਮਹਿ ਬਸਤੇ ਫੁਲਵਤ[48] ਦੇਹ[50] ਅਇਆਨੇ[49] ॥

Thou abidest in the house[47] of sand[46] and puffest[48] out thy body[50], O simpleton[49].

ਤੂੰ ਰੇਤੇ[46] ਦੇ ਘਰ[47] ਅੰਦਰ ਵਸਦਾ ਹੈਂ ਅਤੇ ਆਪਣੇ ਸਰੀਰ[50] ਨੂੰ ਫੂਕ[48] ਦਿੰਦਾ ਹੈਂ, ਹੇ ਨਾਦਾਨ[49] ।

ਕਹੁ ਕਬੀਰ ਜਿਹ[55] ਰਾਮੁ ਨ ਚੇਤਿਓ[51] ਬੂਡੇ[52] ਬਹੁਤੁ[53] ਸਿਆਨੇ[54] ॥੪॥੪॥

Says Kabir, the very[53] wise[54], who[55] remember[51] not their Lord are ultimately drowned[52].

ਕਬੀਰ ਜੀ ਆਖਦੇ ਹਨ, ਵਧੇਰੇ[53] ਅਕਲਮੰਦ[54] ਜੋ[55] ਆਪਣੇ ਸੁਆਮੀ ਨੂੰ ਨਹੀਂ ਸਿਮਰਦੇ[51], ਉਹ ਓੜਕ ਨੂੰ ਡੁਬ[52] ਜਾਂਦੇ ਹਨ ।

ਟੇਢੀ[56] ਪਾਗ[60] ਟੇਢੇ ਚਲੇ[57]

Crooked[56] is thy turban[60], crooked

ਵਿੰਗੀ[56] ਹੈ ਤੇਰੀ ਪਗੜੀ[60], ਵਿੰਗ ਤੜਿੰਗੀ ਹੈ ਤੇਰੀ

ਲਾਗੇ ਬੀਰੇ[58] ਖਾਨ[59] ॥	thy gait[57] and thou beginest to chew[59] betel[58].	ਚਾਲ[57] ਅਤੇ ਤੂੰ ਪਾਨ[58] ਚਬਾਉਣ[59] ਲਗ ਜਾਂਦਾ ਹੈਂ।
ਭਾਉ[61] ਭਗਤਿ[62] ਸਿਉ ਕਾਜੁ[63] ਨ ਕਛੂਐ ਮੇਰੈ ਕਾਮੁ[65] ਦੀਵਾਨ[64] ॥੧॥	Thou sayest, "I have no concern[63] with the Lord's love[61] and service[62] I have business[65] in court[64]."	ਤੂੰ ਆਖਦਾ ਹੈਂ, "ਪ੍ਰਭੂ ਦੀ ਪ੍ਰੀਤ[61] ਅਤੇ ਸੇਵਾ[62] ਨਾਲ ਮੇਰਾ ਕੋਈ ਲੈਣ-ਦੇਣ[63] ਨਹੀਂ। ਮੇਰਾ ਕੰਮ[65] ਕਚਹਿਰੀ[64] ਵਿਚ ਹੈ।"
ਰਾਮੁ ਬਿਸਾਰਿਓ ਹੈ ਅਭਿਮਾਨਿ ॥	In thy pride thou hast forgotten thy Lord.	ਆਪਣੀ ਹੰਗਤਾ ਅੰਦਰ ਤੂੰ ਆਪਣੇ ਪ੍ਰਭੂ ਨੂੰ ਭੁਲਾ ਦਿੱਤਾ ਹੈ।
ਕਨਿਕ[66] ਕਾਮਨੀ[67] ਮਹਾ[68] ਸੁੰਦਰੀ[69] ਪੇਖਿ ਪੇਖਿ[70] ਸਚੁ[71] ਮਾਨਿ[72] ॥੧॥ ਰਹਾਉ ॥	Seeing[70], seeing thy gold[66] and very[68] beauteous[69] bride[67], thou deemest[72] them permanent[71]. Pause.	ਆਪਣੇ ਸੋਨੇ[66] ਅਤੇ ਪਰਮ[68] ਸੋਹਣੀ[69] ਪਤਨੀ[67] ਨੂੰ ਵੇਖ[70] ਵੇਖ ਕੇ ਤੂੰ ਉਨ੍ਹਾਂ ਨੂੰ ਮੁਸਤਕਿਲ[71] ਸਮਝਦਾ[72] ਹੈਂ। ਠਹਿਰਾਉ।
ਲਾਲਚ[73] ਝੂਠ[74] ਬਿਕਾਰ[75] ਮਹਾ[76] ਮਦ[77] ਇਹ ਬਿਧਿ[78] ਅਉਧ[79] ਬਿਹਾਨਿ[80] ॥	Thou art engrossed in covetousness[73], falsehood[74], sin[75] and great[76] arrogance[77]. In this way[78] thy life[79] is passing away[80].	ਤੂੰ ਲੋਭ[73], ਕੂੜ[74], ਪਾਪ[75] ਅਤੇ ਭਾਰੇ[76] ਘੁਮੰਡ[77] ਅੰਦਰ ਖਚਤ ਹੋਇਆ ਹੋਇਆ ਹੈਂ। ਇਸ ਤਰੀਕੇ[78] ਨਾਲ ਤੇਰੀ ਆਰਬਲਾ[79] ਬੀਤਦੀ[80] ਜਾ ਰਹੀ ਹੈ।
ਕਹਿ ਕਬੀਰ ਅੰਤ[81] ਕੀ ਬੇਰ[82] ਆਇ ਲਾਗੋ[83] ਕਾਲੁ[84] ਨਿਦਾਨਿ[85] ॥੨॥੫॥	Says Kabir, at the last[81] moment[82] death[84] shall come and seize[83] thee, O simpleton[85].	ਕਬੀਰ ਜੀ ਆਖਦੇ ਹਨ, ਅਖੀਰ[81] ਦੇ ਵੇਲੇ[82], ਮੌਤ[84] ਆ ਕੇ ਤੈਨੂੰ ਪਕੜ[83] ਲਵੇਗੀ, ਹੇ ਇੰਞਾਣੇ[85]!
ਚਾਰਿ ਦਿਨ ਅਪਨੀ ਨਉਬਤਿ[86] ਚਲੇ[87] ਬਜਾਇ ॥	Beating his drum[86] for four days,the mortal departs[87].	ਚਾਰ ਦਿਹਾੜੇ ਆਪਣਾ ਨਗਾਰਾ[86] ਵਜਾ ਕੇ ਪ੍ਰਾਣੀ ਤੁਰਦਾ[87] ਬਣਦਾ ਹੈ।
ਇਤਨਕੁ[88] ਖਟੀਆ[89] ਗਠੀਆ[90] ਮਟੀਆ[91] ਸੰਗਿ[92] ਨ ਕਛੁ ਲੈ ਜਾਇ ॥ ੧॥ਰਹਾਉ॥	With so much[88] of his earnings[89], ready money[90] and buried[91] treasures, he takes nothing with[92] him. Pause.	ਆਪਣੀ ਐਨੀ[88] ਕਮਾਈ[89], ਨਕਦ ਮਾਲ-ਧਨ[90] ਅਤੇ ਦਬੇ[91] ਹੋਏ ਖ਼ਜ਼ਾਨਿਆਂ ਦੇ ਬਾਵਜੂਦ, ਉਹ ਆਪਣੇ ਨਾਲ[92] ਕੁਝ ਭੀ ਨਹੀਂ ਲਿਜਾਂਦਾ। ਠਹਿਰਾਉ।
ਦਿਹਰੀ[93] ਬੈਠੀ ਮਿਹਰੀ[94] ਰੋਵੈ ਦੁਆਰੈ[95] ਲਉ[96] ਸੰਗ[98] ਮਾਇ[97] ॥	Sitting at the threshhold[93], his wife[94] wails, and upto[96] the outer gate[95] goes his mother[97] with him[98].	ਦਿਹਲੀਜ਼[93] ਤੇ ਬਹਿ ਉਸ ਦੀ ਇਸਤਰੀ[94] ਰੋਂਦੀ ਹੈ ਅਤੇ ਬਾਹਰਲੇ ਦਰਵਾਜ਼ੇ[95] ਤਾਂਈ[96] ਉਸ ਦੀ ਮਾਂ[97] ਉਸ ਦੇ ਨਾਲ[98] ਜਾਂਦੀ ਹੈ।
ਮਰਹਟ[99] ਲਗਿ[100] ਸਭੁ ਲੋਗੁ[2] ਕੁਟੰਬੁ[3] ਮਿਲਿ[4] ਹੰਸੁ ਇਕੇਲਾ ਜਾਇ ॥੧॥	All men[2] and kindreds[3] in a body[4] go upto[100] the crematorium[99] but soul-swan goes alone.	ਸਾਰੇ ਆਦਮੀ[2] ਤੇ ਸਨਬੰਧੀ[3] ਇਕੱਠੇ[4] ਹੋ ਮਰਘਟ[99] ਤੋੜੀ[100] ਜਾਂਦੇ ਹਨ, ਪਰੰਤੂ ਰਾਜਹੰਸ-ਆਤਮਾ ਕੱਲਮਕੱਲੀ ਹੀ ਜਾਂਦੀ ਹੈ।
ਵੈ[5] ਸੁਤ[6] ਵੈ ਬਿਤ[7] ਵੈ ਪੁਰ[8] ਪਾਟਨ[9] ਬਹੁਰਿ[10] ਨ ਦੇਖੈ ਆਇ ॥	Those[5] sons[6], that wealth[7], that village[8] and city[9], he shall come not to see again[10].	ਉਹ[5] ਪੁਤਰ[6], ਉਹ ਦੌਲਤ[7], ਉਹ ਪਿੰਡ[8] ਅਤੇ ਸ਼ਹਿਰ[9], ਉਹ ਮੁੜ[10] ਆ ਕੇ ਨਹੀਂ ਵੇਖੇਗਾ।
ਕਹਤੁ ਕਬੀਰੁ ਰਾਮ ਕੀ[16] ਨ ਸਿਮਰਹੁ[12] ਜਨਮੁ[13]	Says Kabir, why[16] contemplate[12] thou not thy Lord, O man, thy life[13]	ਕਬੀਰ ਜੀ ਆਖਦੇ ਹਨ, ਹੇ ਬੰਦੇ! ਤੂੰ ਕਿਉਂ[16] ਆਪਣੇ ਪ੍ਰਭੂ ਦਾ ਆਰਾਧਨ[12] ਨਹੀਂ ਕਰਦਾ ਤੇਰਾ ਜੀਵਨ[13]

ਅਕਾਰਥ[14] ਜਾਇ[15]॥੨॥੬॥

is passing away[15] in vain[14].

ਵਿਅਰਥ[14] ਬੀਤਦਾ ਜਾ ਰਿਹਾ[15] ਹੈ।

ਰਾਗੁ ਕੇਦਾਰਾ
ਬਾਣੀ ਰਵਿਦਾਸ ਜੀਉ ਕੀ

Rag Kedara
Hymns of Ravidass ji

ਰਾਗ ਕੇਦਾਰਾ
ਸ਼ਬਦ ਰਵਿਦਾਸ ਜੀ ਦੇ

ੴ ਸਤਿਗੁਰ ਪ੍ਰਸਾਦਿ ॥

There is but One God. by the True Guru's grace. He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਖਟੁ[17] ਕਰਮ[18] ਕੁਲ[19] ਸੰਜੁਗਤੁ ਹੈ ਹਰਿ ਭਗਤਿ[20] ਹਿਰਦੈ[21] ਨਾਹਿ ॥ [22]ਚਰਨਾਰਬਿੰਦ[23] ਨ ਕਥਾ[24] ਭਾਵੈ[25] ਸੁਪਚ[26] ਤੁਲਿ[27] ਸਮਾਨਿ[28] ॥੧॥

He, who performs six[17] religious rites[18] and belongs to a good family[19] but who enshrines not God's meditation[20] in his mind[21] and loves[25] not the discourse[24] of the Lord's lotus[23] feet[22], is like[27] and equal[28] to a pariah[26].

ਜੋ ਛੇ[17] ਧਾਰਮਕ ਕਰਮਕਾਂਡ[18] ਕਰਦਾ ਹੈ ਅਤੇ ਚੰਗੇ ਘਰਾਣੇ[19] ਦਾ ਹੈ, ਪ੍ਰੰਤੂ ਜੋ ਆਪਣੇ ਚਿਤ[21] ਅੰਦਰ ਵਾਹਿਗੁਰੂ ਦੇ ਸਿਮਰਨ[20] ਨੂੰ ਧਾਰਨ ਨਹੀਂ ਕਰਦਾ ਅਤੇ ਜੋ ਸੁਆਮੀ ਦੇ ਕੰਵਲ[23] ਰੂਪੀ ਪੈਰਾਂ[22] ਦੀ ਕਥਾਵਾਰਤਾ[24] ਨੂੰ ਪਿਆਰ[25] ਨਹੀਂ ਕਰਦਾ, ਉਹ ਚੰਡਾਲ[26] ਦੀ ਮਾਨਿੰਦ[27] ਅਤੇ ਬਰਾਬਰ[28] ਹੈ।

ਰੇ[29] ਚਿਤ[30] ਚੇਤਿ[31] ਚੇਤ[32] ਅਚੇਤ[33] ॥

O[29] my thoughtless[33] mind[30], remember[31] and contemplate[32] thou thy Lord.

ਹੇ[29] ਮੇਰੇ ਗ਼ਾਫ਼ਲ[33] ਮਨੂਏ[30] ! ਤੂੰ ਆਪਣੇ ਸੁਆਮੀ ਦਾ ਸਿਮਰਨ[31] ਅਤੇ ਆਰਾਧਨ[32] ਕਰ।

ਕਾਹੇ[34] ਨ ਬਾਲਮੀਕਹਿ ਦੇਖ ॥

Why[34] lookest thou not at Balmik ?

ਤੂੰ ਬਾਲਮੀਕ ਨੂੰ ਕਿਉਂ[34] ਨਹੀਂ ਵੇਖਦਾ ?

ਕਿਸੁ[35] ਜਾਤਿ ਤੇ ਕਿਹ ਪਦਹਿ[36] ਅਮਰਿਓ[37] ਰਾਮ ਭਗਤਿ[38] ਬਿਸੇਖ[39] ॥੧॥ ਰਹਾਉ ॥

From what[35] a low caste, what a high rank[36] obtained[37] he ? Sublime[39] is the Lord's devotional service[38]. Pause.

ਕਿੰਨੀ[35] ਨੀਵੀਂ ਜਾਤੀ ਤੋਂ ਉਹ ਕਿਡੇ ਵਡੇ ਮਰਤਬੇ[36] ਨੂੰ ਅੱਪੜਿਆ[37] ? ਸਰੇਸ਼ਟ[39] ਹੈ ਸੁਆਮੀ ਦੀ ਪ੍ਰੇਮ-ਮਈ ਸੇਵਾ[38]। ਠਹਿਰਾਉ।

ਸੁਆਨ[40] ਸਤ੍ਰੁ[41] ਅਜਾਤੁ[42] ਸਭ ਤੇ ਕ੍ਰਿਸ੍ਨ[43] ਲਾਵੈ[44] ਹੇਤੁ[45] ॥

The enemy[41] of dogs[40], who was the lowest[42] of all, embraced[44] love[45] for the Lord[43].

ਕੁੱਤਿਆਂ[40] ਦੇ ਵੈਰੀ[41] ਨੇ, ਜੋ ਸਾਰਿਆਂ ਨਾਲੋਂ ਨੀਵਾਂ[42] ਸੀ, ਪ੍ਰਭੂ[43] ਨਾਲ ਪਿਆਰ[45] ਪਾ ਲਿਆ[44]।

ਲੋਗੁ[46] ਬਪੁਰਾ[47] ਕਿਆ[48] ਸਰਾਹੈ[49] ਤੀਨਿ ਲੋਕ[50] ਪ੍ਰਵੇਸ[51] ॥੨॥

How[48] can poor[47] people[46] praise[49] him ? His praise extends[51] to the three worlds[50].

ਗ਼ਰੀਬ[47] ਲੋਕ[46] ਉਸ ਦੀ ਕੀ[48] ਮਹਿਮਾ[49] ਕਰ ਸਕਦੇ ਹਨ ? ਉਸ ਦੀ ਮਹਿਮਾ ਤਿੰਨਾਂ ਜਹਾਨਾਂ[50] ਅੰਦਰ ਫੈਲੀ ਹੋਈ[51] ਹੈ।

ਅਜਾਮਲੁ ਪਿੰਗੁਲਾ ਲੁਭਤੁ[52] ਕੁੰਚਰੁ[53] ਗਏ ਹਰਿ ਕੈ ਪਾਸ ॥

Ajamal, Pingla the prostitute, Lodiya[52] the hunter and the elephant[53] went to God.

ਅਜਾਮਲ, ਕੰਜਰੀ ਪਿੰਗਲਾ, ਲੋਦੀਆ[52] ਸ਼ਿਕਾਰੀ ਅਤੇ ਹਾਥੀ[53] ਵਾਹਿਗੁਰੂ ਕੋਲ ਚਲੇ ਗਏ।

ਐਸੇ [54]ਦੁਰਮਤਿ[55] ਨਿਸਤਰੇ[56] ਤੂ ਕਿਉ ਨ ਤਰਹਿ[57] ਰਵਿਦਾਸ ॥੩॥੧॥

Such evil[54]-intellected[55] beings were emancipated[56]. Why shouldest not thou be saved[57], O Ravidass ?

ਇਹੋ ਜਿਹੇ [54]ਮੰਦ-ਬੁਧੀ[55] ਵਾਲੇ ਮੁਕਤ[56] ਹੋ ਗਏ। ਤੇਰਾ ਪਾਰ ਉਤਾਰਾ[57] ਕਿਉਂ ਨਾ ਹੋਵੇਗਾ, ਹੇ ਰਵਿਦਾਸ ?

੧੧੨੫	1125	੧੧੨੫
ਰਾਗੁ ਭੈਰਉ	Rag Bhairo	ਰਾਗ ਭੈਰਉ
ਮਹਲਾ ੧ ਘਰੁ ੧ ਚਉਪਦੇ	Ist Guru	ਪਹਿਲੀ ਪਾਤਿਸ਼ਾਹੀ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	There is but One God. True is His Name, creative His personality and immortal His form. He is without fear, sans enmity, unborn and self-illumined. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਹੈ ਉਸ ਦੀ ਵਿਅਕਤੀ ਅਤੇ ਅਮਰ ਹੈ ਉਸ ਦਾ ਸਰੂਪ। ਉਹ ਨਿਡੱਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਤੁਝ ਤੇ ਬਾਹਰਿ[58] ਕਿਛੂ ਨ ਹੋਇ ॥	Without[58] Thee, O Lord, nothing can be done.	ਤੇਰੇ ਬਾਝੋਂ[58], ਹੇ ਸਾਈਂ! ਕੁਝ ਭੀ ਕੀਤਾ ਨਹੀਂ ਜਾ ਸਕਦਾ।
ਤੂ ਕਰਿ[59] ਕਰਿ[60] ਦੇਖਹਿ ਜਾਣਹਿ[61] ਸੋਇ[61]* ॥੧॥	Creating[59] the creatures[60], Thou seest and understandest[61] them all[61]*.	ਜੀਵਾਂ[60] ਨੂੰ ਰਚ ਕੇ[59], ਤੂੰ ਉਨ੍ਹਾਂ[61]* ਸਾਰਿਆਂ ਨੂੰ ਵੇਖਦਾ ਅਤੇ ਸਮਝਦਾ[61] ਹੈਂ।
ਕਿਆ ਕਹੀਐ ਕਿਛੁ[62] ਕਹੀ ਨ ਜਾਇ ॥	What should I say? I can say not even a bit[62].	ਮੈਂ ਕੀ ਆਖਾਂ? ਮੈਂ ਭੋਰਾ[62] ਭਰ ਭੀ ਆਖ ਨਹੀਂ ਸਕਦਾ।
ਜੋ ਕਿਛੁ ਅਹੈ[63] ਸਭ ਤੇਰੀ ਰਜਾਇ[64] ॥੧॥ਰਹਾਉ॥	Whatsoever is[63], all that is in Thine will[64]. Pause.	ਜਿਹੜਾ ਕੁਝ ਭੀ[63] ਹੈ, ਸਮੂਹ ਤੇਰੇ ਭਾਣੇ[64] ਅੰਦਰ ਹੈ। ਠਹਿਰਾਉ।
ਜੋ ਕਿਛੁ ਕਰਣਾ ਸੁ ਤੇਰੈ ਪਾਸਿ[65] ॥	Whatever is to be done, that lies with[65] Thee, O Lord.	ਜਿਹੜਾ ਕੁਝ ਕਰਨਾ ਹੈ, ਉਹ ਤੇਰੇ ਪਾਸੋਂ[65] ਹੀ ਹੋਣਾ ਹੈ।
ਕਿਸੁ[69] ਆਗੈ[66] ਕੀਚੈ[67] ਅਰਦਾਸਿ[68] ॥੨॥	Before[66] whom[69] should I make[67] a supplication[68]?	ਮੈਂ ਹੋਰ ਕੀਹਦੇ[69] ਮੂਹਰੇ[66] ਪ੍ਰਾਰਥਨਾ[68] ਕਰਾਂ[67]?
ਆਖਣੁ[70] ਸੁਨਣਾ ਤੇਰੀ ਬਾਣੀ[71] ॥	I utter[70] and hear Thy Divine Word[71].	ਮੈਂ ਤੇਰੀ ਰੱਬੀ ਬਾਣੀ[71] ਨੂੰ ਉਚਾਰਦਾ[70] ਤੇ ਸੁਣਦਾ ਹਾਂ।
ਤੂ ਆਪੇ ਜਾਣਹਿ ਸਰਬ[72] ਵਿਡਾਣੀ[73] ॥੩॥	Thou Thyself knowest all[72] Thine wondrous plays[73].	ਤੂੰ ਖੁਦ ਹੀ ਆਪਣੀਆਂ ਸਾਰੀਆਂ[72] ਅਦਭੁਤ ਖੇਲਾਂ[73] ਨੂੰ ਜਾਣਦਾ ਹੈਂ।
ਕਰੇ ਕਰਾਏ[74] ਜਾਣੈ ਆਪਿ ॥	Thou Thyself doest, causest[74] and knowest all.	ਤੂੰ ਖੁਦ ਸਾਰਾ ਕੁਛ ਕਰਦਾ, ਕਰਾਉਂਦਾ[74] ਅਤੇ ਜਾਣਦਾ ਹੈਂ।
ਨਾਨਕ ਦੇਖੈ ਥਾਪਿ[75] ਉਥਾਪਿ[76] ॥੪॥੧॥	Says Nanak, "O Lord, Thou establishest[75], disestablishest[76] and seest all".	ਗੁਰੂ ਜੀ ਆਖਦੇ ਹਨ, "ਤੂੰ ਸਭਸ ਨੂੰ ਬਣਾਉਂਦਾ[75], ਢਾਹੁੰਦਾ[76] ਅਤੇ ਵੇਖਦਾ ਹੈਂ।"
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਰਾਗੁ ਭੈਰਉ	Rag Bhairo	ਰਾਗ ਭੈਰਉ
ਮਹਲਾ ੧ ਘਰੁ ੨ ॥	Ist Guru.	ਪਹਿਲੀ ਪਾਤਿਸ਼ਾਹੀ।

ਗੁਰ ਕੈ ਸਬਦਿ[78] ਤਰੇ[79] ਮੁਨਿ[80] ਕੇਤੇ[81] ਇੰਦ੍ਰਾਦਿਕ ਬ੍ਰਹਮਾਦਿ ਤਰੇ ॥	By the Guru's word[78], are emancipated[79] good many[81] silent sages[80] and also cross over Indra, Brahma and their like.	ਗੁਰਾਂ ਦੀ ਬਾਣੀ[78] ਦੁਆਰਾ ਮੁਕਤ ਹੋ ਜਾਂਦੇ[79] ਹਨ ਅਨੇਕਾਂ[81] ਖ਼ਾਮੋਸ਼ ਰਿਸ਼ੀ[80] ਅਤੇ ਇੰਦਰ, ਬ੍ਰਹਮਾ ਅਤੇ ਉਨ੍ਹਾਂ ਵਰਗੇ ਹੋਰ ਭੀ ਪਾਰ ਉਤਰ ਜਾਂਦੇ ਹਨ।
ਸਨਕ ਸਨੰਦਨ ਤਪਸੀ[82] ਜਨ[83] ਕੇਤੇ ਗੁਰ ਪਰਸਾਦੀ[84] ਪਾਰਿ ਪਰੇ[85] ॥੧॥	Sanak, Sanadan and many penitent[82] persons[83], are delivered[85], by the Guru's grace[84].	ਸਨਕ, ਸਨੰਦਨ ਅਤੇ ਘਣੇਰੇ ਤਪਸਵੀ[82] ਪੁਰਸ਼[83], ਗੁਰਾਂ ਦੀ ਦਇਆ[84] ਦੁਆਰਾ ਬੰਦਖਲਾਸ ਹੋ ਗਏ[85] ਹਨ।
[86]ਭਵਜਲੁ[87] ਬਿਨੁ ਸਬਦੈ[88] ਕਿਉ[89] ਤਰੀਐ[90] ॥	How[89] can the dreadful[86] world-ocean[87] be ferried across[90] without the Lord's Name[88] ?	ਸੁਆਮੀ ਦੇ ਨਾਮ[88] ਦੇ ਬਗ਼ੈਰ ਭਿਆਨਕ[86] ਸੰਸਾਰ ਸਮੁੰਦਰ[87] ਕਿਸ ਤਰ੍ਹਾਂ[89] ਪਾਰ ਕੀਤਾ[90] ਜਾ ਸਕਦਾ ਹੈ ?
ਨਾਮ ਬਿਨਾ ਜਗੁ[91] ਰੋਗਿ[92] ਬਿਆਪਿਆ[93] ਦੁਬਿਧਾ[94] ਡੁਬਿ ਡੁਬਿ ਮਰੀਐ ॥੧॥ ਰਹਾਉ॥	Without the Name, the world[91] is entangled[93] in the disease[92] of duality[94] and is drowned, drowned to death. Pause.	ਨਾਮ ਦੇ ਬਾਝੋਂ, ਦੁਨੀਆਂ[91] ਦਵੈਤਭਾਵ[94] ਦੀ ਬੀਮਾਰੀ[92] ਅੰਦਰ ਫਾਥੀ[93] ਹੋਈ ਹੈ ਅਤੇ ਡੁਬ ਡੁਬ ਕੇ ਮਰ ਜਾਂਦੀ ਹੈ। ਠਹਿਰਾਉ।
ਗੁਰੁ ਦੇਵਾ[95] ਗੁਰੁ ਅਲਖ[96] ਅਭੇਵਾ[97] [98]ਤ੍ਰਿਭਵਣ[99] ਸੋਝੀ[100] ਗੁਰ ਕੀ ਸੇਵਾ ॥	The Guru is God[95] and Unfathomable[96] and Inscrutable[97] is the Guru. Through the Guru's service is acquired the knowledge[100] of the three[98] worlds[99].	ਗੁਰੂ ਜੀ ਵਾਹਿਗੁਰੂ[95] ਹਨ ਅਤੇ ਗੁਰੂ ਜੀ ਅਗਾਧ[96] ਤੇ ਭੇਦ-ਰਹਿਤ[97] ਹਨ! ਗੁਰਾਂ ਦੀ ਸੇਵਾ ਟਹਿਲ ਰਾਹੀਂ ਤਿੰਨਾਂ[98] ਜਹਾਨਾਂ[99] ਦੀ ਗਿਆਤ[100] ਪ੍ਰਾਪਤ ਹੋ ਜਾਂਦੀ ਹੈ।
ਆਪੇ ਦਾਤਿ[2] ਕਰੀ ਗੁਰਿ ਦਾਤੈ[3] ਪਾਇਆ ਅਲਖ[4] ਅਭੇਵਾ[5] ॥੨॥	The Beneficent[3] Guru, of himself, has given me the gift[2] and I have obtained the Unseeable[4] and Mysterious[5] Lord.	ਦਾਤਾਰ[3] ਗੁਰਾਂ ਨੇ ਆਪ ਹੀ ਮੈਨੂੰ ਦਾਨ[2] ਪ੍ਰਦਾਨ ਕੀਤਾ ਹੈ ਅਤੇ ਮੈਂ ਅਦ੍ਰਿਸ਼ਟ[4] ਅਤੇ ਗ਼ੈਬੀ[5] ਪ੍ਰਭੂ ਨੂੰ ਪਾ ਲਿਆ ਹੈ।
ਮਨੁ ਰਾਜਾ[6] ਮਨੁ ਮਨ ਤੇ ਮਾਨਿਆ[7] ਮਨਸਾ[8] ਮਨਹਿ ਸਮਾਈ[9] ॥	The mind is the king[6], the mind is propitiated[7] through the mind itself and the desire[8] is stilled[9] in the very mind.	ਮਨੂਆ ਪਾਤਿਸ਼ਾਹ[6] ਹੈ। ਮਨੂਏ ਦੀ ਨਿਸ਼ਾ[7] ਖ਼ੁਦ ਮਨੂਏ ਤੋਂ ਹੀ ਹੋ ਜਾਂਦੀ ਹੈ ਅਤੇ ਖ਼ਾਹਿਸ਼[8] ਮਨੂਏ ਦੇ ਅੰਦਰ ਹੀ ਮਰ ਮੁਕਦੀ[9] ਹੈ।
ਮਨੁ ਜੋਗੀ[10] ਮਨੁ ਬਿਨਸਿ[12] ਬਿਓਗੀ[13] ਮਨੁ ਸਮਝੈ[14] ਗੁਣ[15] ਗਾਈ ॥੩॥	The mind can unite[10] with God and seperated[13] from Him the mind is wasted away[12]. Singing the Lord's praises[15], the mind is reformed[14].	ਮਨੂਆ ਰੱਬ ਨਾਲ ਮਿਲ[10] ਸਕਦਾ ਹੈ ਅਤੇ ਉਸ ਤੋਂ ਵਿਛੜ ਕੇ[13] ਮਨੂਆ ਬਰਬਾਦ ਹੋ ਜਾਂਦਾ[12] ਹੈ। ਸਾਈਂ ਦੀਆਂ ਸਿਫ਼ਤਾਂ[15] ਗਾਇਨ ਕਰਨ ਦੁਆਰਾ ਮਨੂਆ ਸੁਧਰ ਜਾਂਦਾ[14] ਹੈ।
ਗੁਰ ਤੇ[16] ਮਨੁ ਮਾਰਿਆ[17] ਸਬਦੁ[18] ਵੀਚਾਰਿਆ[19] ਤੇ[22] ਵਿਰਲੇ[20] ਸੰਸਾਰਾ[21] ॥	In this world[21], very rare[20] are they[22], who, through[16] the Guru, still[17] their mind and reflect[19] on the Name[18].	ਇਸ ਜਹਾਨ[21] ਵਿਚ, ਬਹੁਤ ਹੀ ਥੋੜੇ[20] ਹਨ ਉਹ[22], ਜੋ ਗੁਰਾਂ ਦੇ ਰਾਹੀਂ[16] ਆਪਣੇ ਮਨੂਏ ਨੂੰ ਕਾਬੂ[17] ਕਰਦੇ ਤੇ ਨਾਮ[18] ਨੂੰ ਸਿਮਰਦੇ[19] ਹਨ।
ਨਾਨਕ ਸਾਹਿਬੁ ਭਰਿਪੁਰਿ[23]	Nanak, the Lord is fully-filling[23] all	ਨਾਨਕ ਸੁਆਮੀ ਸਾਰਿਆਂ ਨੂੰ ਪਰੀਪੂਰਨ[23] ਕਰ ਰਿਹਾ ਹੈ

ਲੀਣਾ ਸਾਚ ਸਬਦਿ[24] ਨਿਸਤਾਰਾ[25] ॥੪॥੧॥੨॥

and through His True Name[24] one is emancipated[25].

ਅਤੇ ਸੱਚੇ ਨਾਮ[24] ਦੁਆਰਾ ਇਨਸਾਨ ਦੀ ਕਲਿਆਣ[25] ਹੋ ਜਾਂਦੀ ਹੈ।

ਭੈਰਉ ਮਹਲਾ ੧ ॥

Bairo Ist Guru.

ਭੈਰੋ ਪਹਿਲੀ ਪਾਤਿਸ਼ਾਹੀ।

ਨੈਨੀ[26] ਦ੍ਰਿਸਟਿ[27] ਨਹੀ ਤਨੁ[28] ਹੀਨਾ[29] ਜਰਿ[30] ਜੀਤਿਆ[31] ਸਿਰਿ[32] ਕਾਲੋ[33] ॥

When old age[30] overpowers[31] the mortal, his eyes[26] see[27] not, his body[28] withers[29] and death[33] hovers over his head[32].

ਜਦ ਬੁਢੇਪਾ[30] ਪ੍ਰਾਨੀ ਨੂੰ ਜਿੱਤ ਲੈਂਦਾ[31] ਹੈ, ਉਸ ਨੂੰ ਅੱਖਾਂ[26] ਤੋਂ ਦਿਸਦਾ[27] ਨਹੀਂ, ਉਸ ਦੀ ਦੇਹ[28] ਸੁਕ ਸੜ[29] ਜਾਂਦੀ ਹੈ ਅਤੇ ਮੌਤ[33] ਉਸ ਦੇ ਸਿਰ[32] ਤੇ ਮੰਡਲਾਉਂਦੀ ਹੈ।

੧੧੨੬

1126

੧੧੨੬

ਰੂਪੁ[34] ਰੰਗੁ[35] ਰਹਸੁ[36] ਨਹੀ ਸਾਚਾ[37] ਕਿਉ[38] ਛੋਡੈ[39] ਜਮ[40] ਜਾਲੋ[41] ॥੧॥

Beauty[34], temporal love[35]and worldly relish[36] are not permanent[37]. How[38] can one escape[39] from the death's[40] noose[41] ?

ਸੁੰਦਰਤਾ[34], ਦੁਨਿਆਵੀ ਪਿਆਰ[35] ਅਤੇ ਸੰਸਾਰੀ ਸੁਆਦ[36] ਮੁਸਤਕਿਲ[37] ਨਹੀਂ। ਇਨਸਾਨ ਮੌਤ[40] ਦੀ ਫਾਹੀ[41] ਤੋਂ ਕਿਸ ਤਰ੍ਹਾਂ[38] ਬਚ ਸਕਦਾ[39] ਹੈ?

ਪ੍ਰਾਣੀ[42] ਹਰਿ ਜਪਿ[43] ਜਨਮੁ[44] ਗਇਓ ॥

O mortal[42], meditate[43] thou on God. Thy life[44] is passing away.

ਹੇ ਫ਼ਾਨੀ[42] ਬੰਦੇ! ਤੂੰ ਵਾਹਿਗੁਰੂ ਦਾ ਆਰਾਧਨ[43] ਕਰ। ਤੇਰਾ ਜੀਵਨ[44] ਬੀਤਦਾ ਜਾ ਰਿਹਾ ਹੈ।

ਸਾਚ ਸਬਦ[45] ਬਿਨੁ ਕਬਹੁ[46] ਨ ਛੂਟਸਿ[48] ਬਿਰਥਾ[47] ਜਨਮੁ ਭਇਓ ॥੧॥ ਰਹਾਉ ॥

Without the True Name[45], thou shalt be released[48] not ever[46] and superfluous[47] shall become thy life. Pause.

ਸੱਚੇ ਨਾਮ[45] ਦੇ ਬਗੈਰ, ਕਦੇ[46] ਭੀ ਤੇਰੀ ਬੰਦਖਲਾਸੀ[48] ਨਹੀਂ ਹੋਣੀ ਅਤੇ ਨਿਸਫਲ[47] ਹੋ ਜਾਏਗੀ ਤੇਰੀ ਜ਼ਿੰਦਗੀ। ਠਹਿਰਾਉ।

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ[49] ਪੀਰ[50] ਅਤਿ[51] ਭਾਰੀ[52] ॥

In thy body is lust. wrath, ego and worldly love. Very[51] great[52] and difficult[49] to bear is their pain[50].

ਤੇਰੀ ਦੇਹ ਅੰਦਰ ਸ਼ਹਵਤ, ਗੁੱਸਾ, ਹੰਗਤਾ ਅਤੇ ਸੰਸਾਰੀ ਲਗਨ ਹੈ ਬਹੁਤ[51] ਜ਼ਿਆਦਾ[52] ਅਤੇ ਸਹਾਰਨ ਨੂੰ ਔਖੀ[49] ਹੈ, ਉਨ੍ਹਾਂ ਦੀ ਪੀੜ[50]।

ਗੁਰਮੁਖਿ[53] ਰਾਮ ਜਪਹੁ[54] ਰਸੁ[55] ਰਸਨਾ[56] ਇਨ ਬਿਧਿ[57] ਤਰੁ[59] ਤੂ ਤਾਰੀ[58] ॥੨॥

By the Guru's grace[53], lovingly[55] utter[54] thou the Lord's Name with the tongue[56]. In this way[57], thou shalt cross[59] the world-rivulet[58].

ਗੁਰਾਂ ਦੀ ਦਇਆ[53] ਦੁਆਰਾ, ਆਪਣੀ ਜੀਹਭਾ[56] ਨਾਲ ਤੂੰ ਪਿਆਰ ਸਹਿਤ[55] ਸੁਆਮੀ ਦੇ ਨਾਮ ਦਾ ਉਚਾਰਨ[54] ਕਰ। ਇਸ ਤਰੀਕੇ[57] ਨਾਲ, ਤੂੰ ਜਗਤ ਦੀ ਨਦੀ[58] ਤੋਂ ਪਾਰ ਹੋ ਜਾਵੇਂਗਾ[59]।

ਬਹਰੇ[60] ਕਰਨ[61] ਅਕਲਿ[62] ਭਈ ਹੋਛੀ[63] ਸਬਦੁ ਸਹਜ[64] ਨਹੀ ਬੂਝਿਆ[65] ॥

Deaf[60] have become thine ears[61] and worthless[63] thy intellect[62], but still thou knowest[65] not thy Lord Master[64].

ਬੋਲ਼ੇ[60] ਹੋ ਗਏ ਹਨ ਤੇਰੇ ਕੰਨ[61] ਅਤੇ ਨਕਾਰੀ[63] ਤੇਰੀ ਬੁੱਧੀ[62], ਪਰੰਤੂ ਤਾਂ ਭੀ ਤੂੰ ਆਪਣੇ ਸੁਆਮੀ ਮਾਲਕ[64] ਨੂੰ ਨਹੀਂ ਜਾਣਦਾ[65]।

ਜਨਮੁ[66] ਪਦਾਰਥੁ[67] ਮਨਮੁਖਿ[68] ਹਾਰਿਆ[69] ਬਿਨੁ ਗੁਰ ਅੰਧੁ[70] ਨ ਸੂਝਿਆ[71] ॥੩॥

The egocentric[68] loses[69] his invaluable[67] life[66]. The blindman[70] can see[71] not without the Guru.

ਆਪ-ਹੁਦਰਾ[68] ਆਪਣੇ ਅਮੋਲਕ[67] ਜੀਵਨ[66] ਨੂੰ ਗੁਆ ਲੈਂਦਾ[69] ਹੈ। ਮੁਨਾਖੇ ਮਨੁਸ਼[70] ਨੂੰ ਗੁਰਾਂ ਦੇ ਬਾਝੋਂ ਦਿਸ[71] ਨਹੀਂ ਸਕਦਾ।

ਰਹੈ ਉਦਾਸੁ[72] ਆਸ[73] ਨਿਰਾਸਾ[74] ਸਹਜ[75]

Whosoever remains detached[72] and desireless[74] amidst desires[73] and

ਜੋ ਕੋਈ ਭੀ ਖ਼ਾਹਿਸ਼ਾਂ[73] ਅੰਦਰ ਨਿਰਲੇਪ[72] ਅਤੇ ਖ਼ਾਹਿਸ਼-ਰਹਿਤ[74] ਰਹਿੰਦਾ ਹੈ ਅਤੇ ਪਿਆਰ[77] ਨਾਲ ਆਪਣੇ

ਧਿਆਨਿ[76] ਬੈਰਾਗੀ[77] ॥ ਪ੍ਰਣਵਤਿ[78] ਨਾਨਕ ਗੁਰਮੁਖਿ[79] ਛੂਟਸਿ[80] ਰਾਮ ਨਾਮਿ[82] ਲਿਵਲਾਗੀ[81] ॥ ੪॥੨॥੩॥

lovingly[77] contemplates[76] his Lord[75]; prays[78] Nanak, he is released[80] by the Guru's grace[79] and is attuned[81] to the Lord's Name[82].

ਸੁਆਮੀ ਨੂੰ ਸਿਮਰਦਾ[76] ਹੈ; ਗੁਰੂ ਜੀ ਬੇਨਤੀ ਕਰਦੇ[78] ਹਨ, ਉਹ ਗੁਰਾਂ ਦੀ ਦਇਆ[79] ਦੁਆਰਾ ਛੁਟ ਜਾਂਦਾ[80] ਹੈ ਅਤੇ ਸਾਂਈ[82] ਦੇ ਨਾਮ ਨਾਲ ਉਸ ਦਾ ਪ੍ਰੇਮ ਪੈ ਜਾਂਦਾ[81] ਹੈ।

ਭੈਰਉ ਮਹਲਾ ੧ ॥

Bhairo Ist Guru.

ਭੈਰਉ ਪਹਿਲੀ ਪਾਤਿਸ਼ਾਹੀ ।

ਭੂੰਡੀ[83] ਚਾਲ[84] ਚਰਣ[85] ਕਰ[86] ਖਿਸਰੇ[87] ਤੁਚਾ[88] ਦੇਹ[89] ਕੁਮਲਾਨੀ[90] ॥ ਨੇਤ੍ਰੀ[91] ਧੁੰਧਿ[92] ਕਰਨ[93] ਭਏ ਬਹਰੇ[94] ਮਨਮੁਖਿ[95] ਨਾਮੁ ਨ ਜਾਨੀ ॥੧॥

The gait[84] becomes clumsy[83], the feet[85] and hand[86] shake[87] and the body[89]-skin[88] is wrinkled[90]. The eyes[91] are bedimmed[92] and the ears[93] become deaf[94] and yet the perverse person[95] knows not the Lord's Name.

ਤੋਰ[84] ਭੱਦੀ ਹੋ ਜਾਂਦੀ[83] ਹੈ, ਪੈਰ[85] ਤੇ ਹੱਥ[86] ਕੰਬਣ ਲਗ ਜਾਂਦੇ[87] ਹਨ ਅਤੇ ਸਰੀਰ[89] ਦੀ ਖਲੜੀ[88] ਵਿਚ ਝੁਰੜੀਆਂ ਪੈ ਜਾਂਦੀਆਂ[90] ਹਨ। ਅੱਖੀਆਂ[91] ਧੁੰਦਲੀਆਂ[92] ਹੋ ਜਾਂਦੀਆਂ ਹਨ ਅਤੇ ਕੰਨ[93] ਬੋਲੇ[94] ਅਤੇ ਤਾਂ ਭੀ ਪ੍ਰਤੀਕੂਲ ਪੁਰਸ਼[95] ਸੁਆਮੀ ਦੇ ਨਾਮ ਨੂੰ ਨਹੀਂ ਜਾਣਦਾ।

ਅੰਧੁਲੇ[96] ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ[97] ਨਹੀ ਗੁਰ ਕੀ ਸੇਵਾ ਚਾਲੇ[98] ਮੂਲੁ[99] ਗਵਾਇ[100] ॥੧॥ਰਹਾਉ॥

O blind man[96], coming into the world, what hast thou obtained? Thou enshrinest not thy Lord in thy mind[97] and servest not thy Guru. Thou shalt depart[98] wasting[100] even thy capital[99]. Pause

ਹੇ ਅੰਨ੍ਹੇ ਇਨਸਾਨ[96]! ਸੰਸਾਰ ਵਿਚ ਆ ਕੇ, ਤੂੰ ਕੀ ਪਰਾਪਤ ਕੀਤਾ ਹੈ? ਤੂੰ ਆਪਣੇ ਮਨ[97] ਵਿਚ ਆਪਣੇ ਪ੍ਰਭੂ ਨੂੰ ਨਹੀਂ ਟਿਕਾਉਂਦਾ ਅਤੇ ਆਪਣੇ ਗੁਰਦੇਵ ਜੀ ਦੀ ਟਹਿਲ ਨਹੀਂ ਕਮਾਉਂਦਾ। ਤੂੰ ਆਪਣੀ ਅਸਲ[99] ਪੂੰਜੀ ਭੀ ਗੁਆ ਕੇ[100] ਟੁਰ ਜਾਏਂਗਾ[98]। ਠਹਿਰਾਉ।

ਜਿਹਵਾ[2] ਰੰਗਿ[3] ਨਹੀ ਹਰਿ ਰਾਤੀ[4] ਜਬ[5] ਬੋਲੈ ਤਬ[6] ਫੀਕੇ[7] ॥ ਸੰਤ ਜਨਾ[8] ਕੀ ਨਿੰਦਾ[9] ਵਿਆਪਸਿ[10] ਪਸੂ[12] ਭਏ ਕਦੇ ਹੋਹਿ ਨ ਨੀਕੇ[13] ॥੨॥

Thy tongue[2] is imbued[4] not with God's love[3] and whenever[5] it utters, then[6] all that is insipid[7]. Thou indulgest[10] in the slander[9] of the pious persons[8] and becoming a beast[12], thou shalt never be good[13]

ਤੇਰੀ ਜੀਭ[2] ਰੱਬ ਦੀ ਪ੍ਰੀਤ[3] ਨਾਲ ਰੰਗੀ[4] ਨਹੀਂ ਗਈ ਅਤੇ ਜਦ[5] ਭੀ ਇਹ ਬੋਲਦੀ ਹੈ ਤਦ[6] ਉਹ ਸਭ ਫਿੱਕਾ ਹੁੰਦਾ[7] ਹੈ। ਤੂੰ ਪਵਿੱਤਰ ਪੁਰਸ਼ਾਂ[8] ਦੀ ਬਦਖੋਈ[9] ਅੰਦਰ ਪ੍ਰਵਿਰਤ ਹੁੰਦਾ[10] ਹੈਂ ਅਤੇ ਡੰਗਰ[12] ਬਣ ਕੇ ਤੂੰ ਕਦੇ ਭੀ ਚੰਗਾ[13] ਨਹੀਂ ਹੋਣਾ।

ਅੰਮ੍ਰਿਤ[14] ਕਾ ਰਸੁ[15] ਵਿਰਲੀ[16] ਪਾਇਆ ਸਤਿਗੁਰ ਮੇਲਿ[17] ਮਿਲਾਏ ॥ ਜਬ ਲਗੁ[19] ਸਬਦ[20] ਭੇਦੁ[21] ਨਹੀ ਆਇਆ[25] ਤਬ ਲਗੁ[22] ਕਾਲੁ[23] ਸੰਤਾਏ[24] ॥ ੩॥

Meeting[18] with the society[17] of the True Guru, only a few[16] obtain the relish[15] of the Name-Nectar[14]. So long as[19], man realises[25] not the mystery[21] of the Lord's Name[20], till then death[23] continues to torture[24] him.

ਸੱਚੇ ਗੁਰਾਂ ਦੀ ਸੰਗਤ[17] ਨਾਲ ਜੁੜ ਕੇ[18] ਬਹੁਤ ਹੀ ਥੋੜੇ[16] ਨਾਮ-ਸੁਧਾਰਸ[14] ਦੇ ਸੁਆਦ[15] ਨੂੰ ਪਰਾਪਤ ਹੁੰਦੇ ਹਨ। ਜਦ ਤਾਂਈਂ[19] ਇਨਸਾਨ ਸੁਆਮੀ[20] ਦੇ ਨਾਮ ਦੇ ਭੇਤ[21] ਨੂੰ ਅਨੁਭਵ[25] ਨਹੀਂ ਕਰਦਾ, ਉਦੋਂ ਤਾਂਈਂ[22] ਮੌਤ[23] ਉਸ ਨੂੰ ਦੁਖ[24] ਦਿੰਦੀ ਰਹਿੰਦੀ ਹੈ।

ਅਨ[26] ਕੋ ਦਰੁ ਘਰੁ ਕਬਹੂ[27] ਨ ਜਾਨਸਿ ਏਕੋ ਦਰੁ

Who-so-ever is attached to the door of the One True Lord[28], he knows

ਜੋ ਕੋਈ ਭੀ ਇਕ ਸੱਚੇ ਸੁਆਮੀ[28] ਦੇ ਬੂਹੇ ਨਾਲ ਜੁੜਿਆ ਹੈ, ਉਹ ਕਿਸੇ ਹੋਰਸ[26] ਦੇ ਦਰਵਾਜ਼ੇ ਤੇ ਧਾਮ ਨੂੰ

ਸਚਿਆਰਾ[28] ॥	not ever[27] the door and house of another[26].	ਕਦਾਚਿਤ[27] ਨਹੀਂ ਜਾਣਦਾ ।
ਗੁਰ ਪਰਸਾਦਿ[29] [30]ਪਰਮਪਦੁ[31] ਪਾਇਆ ਨਾਨਕੁ ਕਹੈ ਵਿਚਾਰਾ[32] ॥੪॥੩॥੪॥	Says poor[32] Nanak, by the Guru's grace[29] I have obtained the supreme[30] status[31].	ਗਰੀਬੜਾ[32] ਨਾਨਕ ਆਖਦਾ ਹੈ ਗੁਰਾਂ ਦੀ ਦਇਆ[29] ਦੁਆਰਾ ਮੈਂ ਮਹਾਨ[30] ਮਰਤਬਾ[31] ਪਾ ਲਿਆ ਹੈ ।
ਭੈਰਉ ਮਹਲਾ ੧ ॥	Bhairo Ist Guru.	ਭੈਰਉ ਪਹਿਲੀ ਪਾਤਿਸ਼ਾਹੀ ।
ਸਗਲੀ[33] ਰੈਣਿ[34] ਸੋਵਤ[35] ਗਲਿ[36] ਫਾਹੀ[37] ਦਿਨਸੁ[38] ਜੰਜਾਲਿ[39] ਗਵਾਇਆ[40] ॥	The whole[33] night[34] man wastes[40] in sleep[35] and the day[38] in temporal involvements[39]. Thus his neck[36] is loaded with noose[37].	ਬੰਦਾ ਸਾਰੀ[33] ਰਾਤ[34] ਨੀਂਦ[35] ਵਿਚ ਅਤੇ ਦਿਨ[38] ਸੰਸਾਰੀ ਝਮੇਲਿਆਂ[39] ਅੰਦਰ ਗੁਆ ਲੈਂਦਾ[40] ਹੈ । ਇਸ ਤਰ੍ਹਾਂ ਉਸ ਦੀ ਗਰਦਨ[36] ਦੁਆਲੇ ਫਾਂਸੀ[37] ਪੈ ਜਾਂਦੀ ਹੈ ।
ਖਿਨੁ[41] ਪਲੁ[42] ਘੜੀ[43] ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ[44] ਉਪਾਇਆ[45] ॥੧॥	Even for a trice[41], moment[42] and an instant[43] he knows not his Lord, who hast created[45] this world[44].	ਇਕ ਛਿਨ[41], ਮੁਹਤ[42] ਅਤੇ ਲਮ੍ਹੇ[43] ਭਰ ਲਈ ਭੀ ਉਹ ਸਾਈਂ ਨੂੰ ਨਹੀਂ ਜਾਣਦਾ, ਜਿਸ ਨੇ ਇਹ ਸੰਸਾਰ[44] ਰਚਿਆ[45] ਹੈ ।
ਮਨ[46] ਰੇ[47] ਕਿਉ[48] ਛੂਟਸਿ[49] ਦੁਖੁ[50] ਭਾਰੀ[51] ॥	O[47] my soul[46], how[48] shalt thou escape[49] the great[51] calamity[50] ?	ਹੇ[47] ਮੇਰੀ ਜਿੰਦੜੀਏ[46] ! ਤੂੰ ਵੱਡੀ[51] ਅਪਦਾ[50] ਤੋਂ ਕਿਸ ਤਰ੍ਹਾਂ[48] ਬਚੇਂਗੀ[49] ?
ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ[52] ਗੁਣਕਾਰੀ[53] ॥੧॥ਰਹਾਉ॥	What didst thou bring and what shalt thou take with thee ? Contemplate[52] thou thy Efficacious[53] Lord. Pause.	ਆਪਣੇ ਨਾਲ ਤੂੰ ਕੀ ਲਿਆਇਆ ਸੈਂ ਅਤੇ ਕੀ ਲੈ ਕੇ ਜਾਵੇਂਗਾ ? ਤੂੰ ਆਪਣੇ ਗੁਣਵਾਨ[53] ਪ੍ਰਭੂ ਦਾ ਸਿਮਰਨ[52] ਕਰ । ਠਹਿਰਾਉ ।
ਊਂਧਉ[54] ਕਵਲੁ[55] ਮਨਮੁਖ[56] ਮਤਿ[57] ਹੋਛੀ[58] ਮਨਿ ਅੰਧੈ[59] ਸਿਰਿ[60] ਧੰਧਾ[61] ॥	Overturned[54] is the heart lotus[55] of egocentric[56]. Paltry[58] is his intellect[57] and blind[59] his mind. From head[60] to foot he is engrossed in worldly affairs[61].	ਮੂਧਾ[54] ਹੈ ਕਮਲ[55] ਰੂਪੀ ਦਿਲ ਆਪ-ਹੁਦਰੇ[56] ਦਾ । ਤੁਛ[58] ਹੈ ਉਸ ਦੀ ਬੁਧੀ[57] ਅਤੇ ਅੰਨ੍ਹਾ[59] ਹੈ ਉਸ ਦਾ ਮਨੂਆ । ਸਿਰ[60] ਤੋਂ ਪੈਰਾਂ ਤਾਈਂ ਉਹ ਸੰਸਾਰੀ ਕੰਮਾਂ[61] ਵਿਚ ਖੁਭਿਆ ਹੋਇਆ ਹੈ ।
ਕਾਲੁ[62] ਬਿਕਾਲੁ[63] ਸਦਾ[64] ਸਿਰਿ ਤੇਰੈ ਬਿਨੁ ਨਾਵੈ ਗਲਿ[65] ਫੰਧਾ[66] ॥੨॥	Death[62] and birth[63] ever[64] hang over thy head, O man. Without the Name thy neck[65] shall be caught in the noose[66].	ਮੌਤ[62] ਅਤੇ ਪੈਦਾਇਸ਼[63] ਸਦੀਵ[64] ਹੀ ਤੇਰੇ ਸਿਰ ਉਤੇ ਲਟਕਦੀਆਂ ਹਨ, ਹੇ ਬੰਦੇ ! ਨਾਮ ਦੇ ਬਗ਼ੈਰ ਤੇਰੀ ਗਰਦਨ[65] ਫਾਹੀ[66] ਅੰਦਰ ਫਸ ਜਾਵੇਗੀ ।
ਡਗਰੀ[67] ਚਾਲ[68] ਨੇਤ੍ਰ[69] ਫੁਨਿ[70] ਅੰਧੁਲੇ[71] ਸਬਦ[72] ਸੁਰਤਿ[73] ਨਹੀ ਭਾਈ[74] ॥	Staggering[67] is thy gait[68] and[70] blind[71] thine eyes[69]. Thou art conscious[73] not of the Lord's Name[72], O brother[74].	ਡਿਕੇਡੋਲੇ[67] ਖਾਂਦੀ ਹੈ ਤੇਰੀ ਤੋਰ[68] ਅਤੇ[70] ਅੰਨ੍ਹੀਆਂ[71] ਹਨ ਤੇਰੀਆਂ ਅੱਖਾਂ[69] । ਤੈਨੂੰ ਸੁਆਮੀ ਦੇ ਨਾਮ[72] ਦੀ ਗਿਆਤ[73] ਨਹੀਂ, ਹੇ ਵੀਰ[74] !
ਸਾਸਤ੍ਰ ਬੇਦ [75]ਤ੍ਰੈਗੁਣ[76] ਹੈ	The Shashtras and Vedas keep man	ਸ਼ਾਸਤ੍ਰ ਅਤੇ ਵੇਦ ਬੰਦੇ ਨੂੰ ਤਿੰਨਾਂ[75] ਅਵਸਥਾਵਾਂ[76] ਵਾਲੀ

ਮਾਇਆ[77] ਅੰਧੁਲਉ[78] ਧੰਧੁ[79] ਕਮਾਈ[80] ॥੩॥

bound to three[75] modes[76] of mammon[77] and he does[80] the blind[78] deeds[79].

ਮੋਹਨੀ[77] ਨਾਲ ਬੰਨ੍ਹੀ ਰਖਦੇ ਹਨ ਅਤੇ ਉਹ ਅੰਨ੍ਹੇ[78] ਕੰਮ[79] ਕਰਦਾ[80] ਹੈ ।

ਖੋਇਓ[81] ਮੂਲੁ[82] ਲਾਭੁ[83] ਕਹ[87] ਪਾਵਸਿ[84] ਦੁਰ[85]-ਮਤਿ[86] ਗਿਆਨ[88] ਵਿਹੂਣੇ[89] ॥

The evil[85]-minded man[86], bereft[89] of gnosis[88] loses[81] even his capital[82]. How[87] can he earn[84] profit[83] ?

ਬ੍ਰਹਮ ਵੀਚਾਰ[88] ਤੋਂ ਸਖਣਾ[89], ਖੋਟੀ[85] ਅਕਲ ਵਾਲਾ ਬੰਦਾ[86] ਆਪਣੀ ਮੂੜੀ[82] ਭੀ ਗੁਆ ਲੈਂਦਾ[81] ਹੈ । ਉਹ ਨਫ਼ਾ[83] ਕਿਸ ਤਰ੍ਹਾਂ[87] ਕਮਾ ਸਕਦਾ[84] ਹੈ ?

ਸਬਦੁ[90] ਬੀਚਾਰਿ[91] ਰਾਮ ਰਸੁ[92] ਚਾਖਿਆ[94] ਨਾਨਕ ਸਾਚਿ ਪਤੀਣੇ[93]॥੪॥੪॥੫॥

Meditating[91] on the Name[90], one indrinks[94] the Lord's elixir[92] and is pleased[93] with Truth, O Nanak.

ਨਾਮ[90] ਦਾ ਸਿਮਰਨ ਕਰਨਾ[91] ਦੁਆਰਾ, ਬੰਦਾ ਪ੍ਰਭੂ ਦੇ ਅੰਮ੍ਰਿਤ[92] ਨੂੰ ਪਾਨ ਕਰ ਲੈਂਦਾ[94] ਹੈ ਅਤੇ ਸੱਚ ਨਾਲ ਪ੍ਰਸੰਨ[93] ਹੋ ਜਾਂਦਾ ਹੈ, ਹੇ ਨਾਨਕ !

ਭੈਰਉ ਮਹਲਾ ੧ ॥

Bhairo Ist Guru.

ਭੈਰੋ ਪਹਿਲੀ ਪਾਤਿਸ਼ਾਹੀ ।

ਗੁਰ ਕੈ ਸੰਗਿ ਰਹੈ ਦਿਨਰਾਤੀ ਰਾਮੁ ਰਸਨਿ[94*] ਰੰਗਿ[95] ਰਾਤਾ[96] ॥ ਅਵਰੁ[97] ਨ ਜਾਣਸਿ ਸਬਦੁ[98] ਪਛਾਣਸਿ ਅੰਤਰਿ[99] ਜਾਣਿ ਪਛਾਤਾ[100] ॥੧॥

Says the Lord, "whosoever day and night abides with the Guru, whose tongue[94*] is imbued[96] with my love[95], who knows not another[97] but recognises only my Name[98] and who within[99] himself realises[100] me ;

ਪ੍ਰਭੂ ਆਗਿਆ ਕਰਦਾ ਹੈ, "ਜੋ ਕੋਈ ਦਿਨ ਅਤੇ ਰੈਣ ਗੁਰਾਂ ਨਾਲ ਵਸਦਾ ਹੈ, ਜਿਸ ਦੀ ਜੀਭ[94*] ਮੇਰੀ ਪ੍ਰੀਤ[95] ਨਾਲ ਰੰਗੀ ਹੋਈ[96] ਹੈ, ਹੋਰਸ[97] ਨੂੰ ਨਹੀਂ ਜਾਣਦਾ, ਪ੍ਰੰਤੂ ਕੇਵਲ ਮੇਰੇ ਨਾਮ[98] ਨੂੰ ਹੀ ਸਿਞਾਣਦਾ ਹੈ ਅਤੇ ਜਿਸ ਦਾ ਅੰਦਰ[99] ਮੈਨੂੰ ਅਨੁਭਵ ਕਰਦਾ[100] ਹੈ;

ਸੋ[2] ਜਨੁ[3] ਐਸਾ[5] ਮੈ ਮਨਿ ਭਾਵੈ[4] ॥

He[2], such[5] a person[3], is pleasing[4] to my mind."

ਉਹ[2], ਇਹੋ ਜਿਹਾ[5] ਪੁਰਸ਼[3], ਮੇਰੇ ਚਿਤ ਨੂੰ ਚੰਗਾ[4] ਲਗਦਾ ਹੈ ।"

ਆਪੁ[6] ਮਾਰਿ ਅਪਰੰਪਰਿ[7] ਰਾਤਾ[8] ਗੁਰ ਕੀ ਕਾਰ[9] ਕਮਾਵੈ[10] ॥੧॥ਰਹਾਉ॥

He slaps his self[6], remains imbued[8] with the Limitless[7] Lord and performs[10] the Guru's service[9] Pause.

ਉਹ ਆਪਣੇ ਆਪੇ[6] ਨੂੰ ਮਾਰਦਾ ਹੈ ਹੱਦ ਬੰਨਾ-ਰਹਿਤ[7] ਸਾਈਂ ਨਾਲ ਰੰਗੀਜਿਆ[8] ਰਹਿੰਦਾ ਹੈ ਅਤੇ ਗੁਰਾਂ ਦੀ ਸੇਵਾ[9] ਕਰਦਾ[10] ਹੈ । ਠਹਿਰਾਉ ।

੧੧੨੭ **1127** **੧੧੨੭**

ਅੰਤਰਿ ਬਾਹਰਿ ਪੁਰਖੁ[12] ਨਿਰੰਜਨੁ[13] ਆਦਿ ਪੁਰਖ[14] ਆਦੇਸੋ[15] ॥

Within and without, He the Immaculate[13] Lord[12] is. Unto that Primal Being[14], make I an obeisance[15].

ਅੰਦਰ ਅਤੇ ਬਾਹਰ ਉਹ ਪਵਿੱਤ੍ਰ[13] ਪ੍ਰਭੂ[12] ਹੀ ਹੈ । ਉਸ ਪਰਾਪੂਰਬਲੀ[14] ਵਿਅਕਤੀ ਨੂੰ ਮੈਂ ਪ੍ਰਣਾਮ[15] ਕਰਦਾ ਹਾਂ ।

ਘਟ ਘਟ[16] ਅੰਤਰਿ[17] ਸਰਬ[18] ਨਿਰੰਤਰਿ[19] ਰਵਿ ਰਹਿਆ[21] ਸਚੁ ਵੇਸੋ[20] ॥੨॥

God, the Embodiment[20] of Truth is pervading[21] within[17] every heart[16] and amidst[19] all[18].

ਸੱਚੇ ਸਰੂਪ[20] ਵਾਹਿਗੁਰੂ ਹਰ ਦਿਲ[16] ਵਿਚ[17] ਅਤੇ ਸਾਰਿਆਂ[18] ਅੰਦਰ[19] ਰਮ ਰਿਹਾ[21] ਹੈ ।

ਸਾਚਿ ਰਤੇ[22] ਸਚੁ[23] ਅੰਮ੍ਰਿਤੁ[24] ਜਿਹਵਾ[25] ਮਿਥਿਆ[26] ਮੈਲੁ[27] ਨ ਰਾਈ[28] ॥

They, who are imbued[22] with Truth, their tongue[25] utters the ambrosial[24] True Name[23] and they have not even an iota[28] of the filth[27] of falsehood[26].

ਜੋ ਸੱਚ ਨਾਲ ਰੰਗੀਜੇ[22] ਹਨ, ਉਨ੍ਹਾਂ ਦੀ ਜੀਹਭਾ[25] ਸੁਧਾ ਸਰੂਪ[24] ਸੱਚੇ ਨਾਮ[23] ਦਾ ਉਚਾਰਨ ਕਰਦੀ ਹੈ ਅਤੇ ਉਹਨਾਂ ਦੇ ਅੰਦਰ ਰਤੀ[28] ਭਰ ਭੀ ਝੂਠ[26] ਦੀ ਮਲੀਨਤਾ ਨਹੀਂ[27] ਹੁੰਦੀ ।

ਨਿਰਮਲ[29] ਨਾਮੁ ਅੰਮ੍ਰਿਤ[30] ਰਸੁ[31] ਚਾਖਿਆ[32] ਸਬਦਿ[33]

They quaff[32] the pure[29] Name's sweet[31] Nectar[30] and imbued[34] with

ਉਹ ਪਵਿੱਤ੍ਰ[29] ਨਾਮ ਦੇ ਮਿੱਠੇ[31] ਆਬਿਹਿਯਾਤ[30] ਨੂੰ ਪਾਨ ਕਰਦੇ[32] ਹਨ ਅਤੇ ਨਾਮ[33] ਨਾਲ ਰੰਗੀਜ[34] ਇੱਜ਼ਤ-

ਰਤੇ[34] [35]ਪਤਿਪਾਈ[36] ॥੩॥	the Name[33] are blessed[36] with honour[35].	ਆਬਰੂ[35] ਪਾਉਂਦੇ ਹਨ ।
ਗੁਣੀ[37] ਗੁਣੀ ਮਿਲਿ ਲਾਹਾ[38] ਪਾਵਸਿ[39] ਗੁਰਮੁਖਿ[40] ਨਾਮਿ ਵਡਾਈ[41] ॥	The virtuous[37] meeting with the virtuous, earn[39] profit[38], but it is by the Guru's grace[40] alone, that the Name's greatness[41] is obtained.	ਨੇਕ[37] ਨੇਕਾਂ ਨਾਲ ਮਿਲ ਕੇ ਨਫ਼ਾ[38] ਕਮਾਉਂਦੇ[39] ਹਨ, ਪ੍ਰੰਤੂ ਨਾਮ ਦੀ ਵਿਸ਼ਾਲਤਾ[41] ਕੇਵਲ ਗੁਰਾਂ ਦੀ ਦਇਆ[40] ਦੁਆਰਾ ਹੀ ਪਰਾਪਤ ਹੁੰਦੀ ਹੈ ।
ਸਗਲੇ ਦੂਖ[42] ਮਿਟਹਿ[43] ਗੁਰ ਸੇਵਾ[45] ਨਾਨਕ ਨਾਮੁ ਸਖਾਈ[44] ॥੪॥੫॥੬॥	Nanak, through the Guru's service[45], all the sorrows[42] are effaced[43] and the Name becomes one's succour[44].	ਨਾਨਕ, ਗੁਰਾਂ ਦੀ ਸੇਵਾ ਟਹਿਲ[45] ਰਾਹੀਂ ਸਾਰੇ ਦੁਖੜੇ[42] ਦੂਰ ਹੋ ਜਾਂਦੇ[43] ਹਨ ਅਤੇ ਨਾਮ ਇਨਸਾਨ ਦਾ ਸਹਾਇਕ[44] ਹੋ ਜਾਂਦਾ ਹੈ ।
ਭੈਰਉ ਮਹਲਾ ੧ ॥	Bhairo Ist Guru.	ਭੈਰਉ ਪਹਿਲੀ ਪਾਤਿਸ਼ਾਹੀ ।
ਹਿਰਦੈ[46] ਨਾਮੁ ਸਰਬ[47] ਧਨੁ[48] ਧਾਰਣੁ[49] ਗੁਰਪਰਸਾਦੀ[50] ਪਾਈਐ ॥	The Lord's Name, which is the wealth[48] and support[49] of all[47], is obtained in the mind[46] by the Guru's grace[50].	ਸੁਆਮੀ ਦਾ ਨਾਮ ਜੋ ਸਾਰਿਆਂ[47] ਦਾ ਮਾਲ ਧਨ[48] ਅਤੇ ਆਸਰਾ[49] ਹੈ, ਗੁਰਾਂ ਦੀ ਦਇਆ[50] ਦੁਆਰਾ ਮਨ[46] ਅੰਦਰ ਪਾਇਆ ਜਾਂਦਾ ਹੈ ।
ਅਮਰ[51] ਪਦਾਰਥ[52] ਤੇ[53] ਕਿਰਤਾਰਥ[54] ਸਹਜ[55] ਧਿਆਨਿ[56] ਲਿਵ ਲਾਈਐ[57] ॥	He[53], who gathers the imperishable[51] wealth[52] of the Name, becomes fruitful[54] and through meditation[56] is attuned[57] to the Lord[55].	ਜੋ ਨਾਮ ਦੀ ਅਬਿਨਾਸੀ[51] ਦੌਲਤ[52] ਨੂੰ ਪਾ ਲੈਂਦਾ ਹੈ, ਉਹ[53] ਸਫਲ[54] ਹੋ ਜਾਂਦਾ ਹੈ ਅਤੇ ਭਜਨ ਬੰਦਗੀ[56] ਦੇ ਰਾਹੀਂ ਉਸ ਦਾ ਪ੍ਰਭੂ[55] ਨਾਲ ਪ੍ਰੇਮ ਪੈ ਜਾਂਦਾ[57] ਹੈ ।
ਮਨ[58] ਰੇ[59] ਰਾਮ ਭਗਤਿ[60] ਚਿਤੁ[61] ਲਾਈਐ[62] ॥	O[59] man[58], fix[52] thou thy mind[61] with the Lord's devotional service[60].	ਹੇ[59] ਬੰਦੇ[58] ! ਤੂੰ ਆਪਣੇ ਮਨ[61] ਨੂੰ ਪ੍ਰਭੂ ਦੀ ਪ੍ਰੇਮਮਈ ਸੇਵਾ[60] ਅੰਦਰ ਜੋੜ[62] ।
ਗੁਰਮੁਖਿ[63] ਰਾਮ ਨਾਮੁ ਜਪਿ[64] ਹਿਰਦੈ[65] ਸਹਜ[66] ਸੇਤੀ[67] ਘਰਿ ਜਾਈਐ ॥ ੧॥ਰਹਾਉ॥	Heartily[65] remembering[64] the Lord's Name, by the Guru's grace[63], the mortal goes to his own home with[67] ease[66]. Pause.	ਗੁਰਾਂ ਦੀ ਦਇਆ[63] ਦੁਆਰਾ ਦਿਲ ਨਾਲ[65] ਸੁਆਮੀ ਦੇ ਨਾਮ ਦਾ ਸਿਮਰਨ ਕਰਨ[64] ਦੁਆਰਾ ਪ੍ਰਾਨੀ ਆਰਾਮ[66] ਨਾਲ[67] ਆਪਣੇ ਨਿਜ ਦੇ ਗ੍ਰਿਹ ਨੂੰ ਚਲਿਆ ਜਾਂਦਾ ਹੈ । ਠਹਿਰਾਉ ।
ਭਰਮੁ[68] ਭੇਦੁ[69] ਭਉ[73] ਕਬਹੂ ਨ ਛੂਟਸਿ[71] ਆਵਤ ਜਾਤ ਨ ਜਾਨੀ[72] ॥	As long as man knows[72] not his Lord, he is never rid[71] of doubt[68], separation[69] and dread[73] and continues coming and going.	ਜਦ ਤਾਂਈਂ ਇਨਸਾਨ ਆਪਣੇ ਪ੍ਰਭੂ ਨੂੰ ਨਹੀਂ ਜਾਣਦਾ[72], ਉਹ ਸੰਦੇਹ[68], ਵਿਛੋੜੇ[69] ਅਤੇ ਡਰ[73] ਤੋਂ ਕਦਾਚਿਤ ਖਲਾਸੀ[71] ਨਹੀਂ ਪਾਉਂਦਾ ਅਤੇ ਆਉਂਦਾ ਤੇ ਜਾਂਦਾ ਰਹਿੰਦਾ ਹੈ ।
ਬਿਨੁ ਹਰਿ ਨਾਮ ਕੋ ਮੁਕਤਿ[74] ਨਾ ਪਾਵਸਿ ਡੂਬਿ ਮੁਏ ਬਿਨੁ ਪਾਨੀ ॥੨॥	Without the Lord's Name no one obtains salvation[74] and all are drowned to death without water.	ਪ੍ਰਭੂ ਦੇ ਨਾਮ ਦੇ ਬਗ਼ੈਰ ਕਿਸੇ ਨੂੰ ਭੀ ਮੋਖ਼ਸ਼[74] ਪ੍ਰਾਪਤ ਨਹੀਂ ਹੁੰਦਾ ਅਤੇ ਸਾਰੇ ਹੀ ਪਾਣੀ ਦੇ ਬਗ਼ੈਰ ਹੀ ਡੁਬ ਕੇ ਮਰ ਜਾਂਦੇ ਹਨ ।
ਧੰਧਾ[75] ਕਰਤ ਸਗਲੀ ਪਤਿ[80] ਖੋਵਸਿ[76] ਭਰਮੁ[77] ਨ ਮਿਟਸਿ[78] ਗਵਾਰਾ[79] ॥	Doing the worldly affairs[75], the ignorant[79] one loses[76] all his honour[80] and is not rid of[78] his doubt[77].	ਸੰਸਾਰੀ ਵਿਹਾਰ[75] ਕਰਦਾ ਹੋਇਆ ਬੇਸਮਝ ਬੰਦਾ[79] ਆਪਣੀ ਸਾਰੀ ਇੱਜ਼ਤ ਆਬਰੂ[80] ਗੁਆ ਲੈਂਦਾ[76] ਹੈ ਅਤੇ ਉਸ ਦਾ ਸੰਦੇਹ[77] ਦੂਰ[78] ਨਹੀਂ ਹੁੰਦਾ ।

ਬਿਨੁ ਗੁਰ ਸਬਦ[80] ਮੁਕਤਿ[81] ਨਹੀ ਕਬਹੀ ਅੰਧੁਲੇ[82] ਧੰਧੁ[83] ਪਸਾਰਾ[84] ॥੩॥	Without the Guru's word[80], one is never emancipated[81] and is engrossed in the sizable[84] blind[82] affairs[83].	ਗੁਰਾਂ ਦੀ ਬਾਣੀ[80] ਦੇ ਬਗੈਰ, ਪ੍ਰਾਨੀ ਕਦੇ ਭੀ ਮੁਕਤ[81] ਨਹੀਂ ਹੁੰਦਾ ਅਤੇ ਵਿਸਥਾਰ ਵਾਲੇ[84] ਅੰਨ੍ਹੇ[82] ਕੰਮਾਂ[83] ਅੰਦਰ ਗ਼ਲਤਾਨ ਹੋ ਜਾਂਦਾ ਹੈ।
ਅਕੁਲ[85] ਨਿਰੰਜਨ[86] ਸਿਉ ਮਨੁ[87] ਮਾਨਿਆ[88] ਮਨ[89] ਹੀ ਤੇ[90] ਮਨੁ ਮੂਆ ॥	My soul[87] is pleased[88] with the unlineal[85] immaculate Lord[86] and my mind is stilled through[90] the mind[89] itself.	ਮੇਰੀ ਆਤਮਾ[87] ਕੁਲ-ਰਹਿਤ[85] ਪਵਿੱਤ੍ਰ ਪ੍ਰਭੂ[86] ਨਾਲ ਪ੍ਰਸੰਨ ਹੋ ਗਈ[88] ਹੈ ਅਤੇ ਮੇਰਾ ਮਨੂਆ ਮਨੂਏ[89] ਦੇ ਰਾਹੀਂ[90] ਹੀ ਮਰ ਗਿਆ ਹੈ।
ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ[92] ਨ ਦੂਆ[93] ॥੪॥੬॥੭॥	Within and without, I know but One Lord. O Nanak, there is not any[92] other[93].	ਅੰਦਰ ਅਤੇ ਬਾਹਰ, ਮੈਂ ਕੇਵਲ ਇਕ ਪ੍ਰਭੂ ਨੂੰ ਹੀ ਜਾਣਦਾ ਹਾਂ। ਹੇ ਨਾਨਕ! ਕੋਈ[92] ਹੋਰ[93] ਹੈ ਹੀ ਨਹੀਂ।
ਭੈਰਉ ਮਹਲਾ ੧ ॥	Bhairo Ist Guru.	ਭੈਰਉ ਪਹਿਲੀ ਪਾਤਿਸ਼ਾਹੀ।
ਜਗਨ[94] ਹੋਮ[95] ਪੁੰਨ[96] ਤਪ[97] ਪੂਜਾ[98] ਦੇਹ[99] ਦੁਖੀ[100] ਨਿਤ[2] ਦੂਖ[3] ਸਹੈ[4] ॥	Even though man may give gratuitous feasts[94], make burnt offerings[95], offer alms[96], perform penance[97] and worship[98] and ever[2] endure[4] bodily[99] pain[100] and suffering[3],	ਭਾਵੇਂ ਬੰਦਾ ਪੁੰਨਾਰਥੀ ਸਦਾਵਰਤ[94] ਲਾਵੇ, ਹਵਨ[95] ਕਰੇ, ਦਾਨ[96] ਦੇਵੇ, ਤਪੱਸਿਆ[97] ਤੇ ਉਪਾਸ਼ਨਾ[98] ਕਰੇ ਅਤੇ ਹਮੇਸ਼ਾ[2], ਸਰੀਰਕ[99] ਕਸ਼ਟ[100] ਅਤੇ ਤਸੀਹਾ[3] ਸਹਾਰੇ[4],
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ[5] ਨਾਮਿ ਗੁਰਮੁਖਿ[6] ਲਹੈ ॥੧॥	But without the Lord's Name he obtains not emancipation and the redeeming[5] Name, one gathers by the Guru's grace[6].	ਪ੍ਰੰਤੂ ਪ੍ਰਭੂ ਦੇ ਨਾਮ ਦੇ ਬਗ਼ੈਰ ਉਸ ਨੂੰ ਕਲਿਆਣ ਪ੍ਰਾਪਤ ਨਹੀਂ ਹੁੰਦੀ ਅਤੇ ਮੁਕਤ ਕਰਨ ਵਾਲਾ[5] ਨਾਮ ਬੰਦੇ ਨੂੰ ਗੁਰਾਂ ਦੀ ਦਇਆ[6] ਦੁਆਰਾ ਮਿਲਦਾ ਹੈ
ਰਾਮ ਨਾਮ ਬਿਨੁ ਬਿਰਥੇ[7] ਜਗਿ ਜਨਮਾ ॥	Without the Lord's Name, vain[7] is one's birth in the world.	ਸਾਈਂ ਦੇ ਨਾਮ ਦੇ ਬਾਝੋਂ, ਵਿਅਰਥ[7] ਹੈ ਬੰਦੇ ਦਾ ਜਗਤ ਅੰਦਰ ਜਨਮ।
ਬਿਖੁ[8] ਖਾਵੈ ਬਿਖੁ ਬੋਲੀ[9] ਬੋਲੈ[10] ਬਿਨੁ ਨਾਵੈ ਨਿਹਫਲੁ[12] ਮਰਿ ਭ੍ਰਮਨਾ[13] ॥੧॥ਰਹਾਉ॥	Without the Lord's Name, man eats poison[8], utters[10] poisonous words[9] and dies an unprofitable[12] death to wander[13] in existences. Pause.	ਸੁਆਮੀ ਦੇ ਨਾਮ ਦੇ ਬਾਝੋਂ, ਬੰਦਾ ਜ਼ਹਿਰ[8] ਖਾਂਦਾ ਹੈ, ਜ਼ਹਿਰੀਲੇ ਬਚਨ[9] ਉਚਾਰਦਾ[10] ਹੈ ਅਤੇ ਜੂਨੀਆਂ ਅੰਦਰ ਭਟਕਣ[13] ਲਈ ਨਿਰਲਾਭਦਾਇਕ[12] ਮੌਤੇ ਮਰਦਾ ਹੈ। ਠਹਿਰਾਉ।
ਪੁਸਤਕ[14] ਪਾਠ[15] ਬਿਆਕਰਣ[16] ਵਖਾਣੈ[17] ਸੰਧਿਆ[18] ਕਰਮ [19]ਤਿਕਾਲ[20] ਕਰੈ[21] ॥	To read[15] scriptures[14], to reflect[17] upon grammer[16] and to say[21] prayers[18] three[19] times[20] a day, avail not.	ਧਾਰਮਕ ਗ੍ਰੰਥ[14] ਪੜ੍ਹਨ[15], ਵਿਆਕਰਣ[16] ਵਿਚਾਰਨ[17] ਅਤੇ ਤਿੰਨ[19] ਵੇਲੇ[20] ਪ੍ਰਾਰਥਨਾ[18] ਕਰਨ[21] ਦਾ ਕੋਈ ਲਾਭ ਨਹੀਂ।
ਬਿਨੁ ਗੁਰ ਸਬਦ[22] ਮੁਕਤਿ[23] ਕਹਾ[24] ਪ੍ਰਾਣੀ[25] ਰਾਮ ਨਾਮ	Without Guru's word[22], where[24] is emancipation[23], O mortal[25] ?	ਗੁਰਾਂ ਦੀ ਬਾਣੀ[22] ਦੇ ਬਗੈਰ ਮੁਕਤੀ[23] ਕਿੱਥੇ[24] ਹੈ? ਹੇ ਫ਼ਾਨੀ ਬੰਦੇ[25]! ਪ੍ਰਭੂ ਤੇ ਨਾਮ ਦੇ ਬਾਝੋਂ, ਇਨਸਾਨ

ਬਿਨੁ ਉਰਝਿ[26] ਮਰੈ ॥੨॥	Without the Lord's Name, one is entangled[26] to death,	ਫਸ ਕੇ[26] ਮਰ ਜਾਂਦਾ ਹੈ।
ਡੰਡ[27] ਕਮੰਡਲ[28] ਸਿਖਾ[29] ਸੂਤੁ[30] ਧੋਤੀ[31] ਤੀਰਥਿ[32] ਗਵਨੁ ਅਤਿ[34] ਭ੍ਰਮਨੁ[33] ਕਰੈ ॥	Ascetic's staff[27], begging-bowl[28], hair-tuft[29], sacred thread[30], loin-cloth[31], pilgrimage to holies[32] and excessive[34] wandering[33] abroad bring not peace.	ਵਿਰਕਤ ਦਾ ਡੰਡਾ[27], ਮੰਗਣ ਵਾਲੀ ਚਿੱਪੀ[28], ਬੋਦੀ[29], ਜੰਞੂ[30], ਤੇੜ ਦੀ ਧੋਤੀ[31], ਧਰਮ ਅਸਥਾਨਾਂ[32] ਦੀ ਯਾਤ੍ਰਾ ਅਤੇ ਪ੍ਰਦੇਸੀਂ ਪਰਮ[34] ਭਟਕਣ[33] ਦੁਆਰਾ ਠੰਢ-ਚੈਨ ਪਰਾਪਤ ਨਹੀਂ ਹੁੰਦੀ।
ਰਾਮ ਨਾਮ ਬਿਨੁ ਸਾਂਤਿ[35] ਨ ਆਵੈ ਜਪਿ[36] ਹਰਿ ਹਰਿ ਨਾਮੁ ਸੁ[36*] ਪਾਰਿ[37] ਪਰੈ ॥੩॥	Without the Lord's Name, peace[35] is obtained not. He[36*] who utters[36] the Lord God's Name swims across[37].	ਸੁਆਮੀ ਦੇ ਨਾਮ ਦੇ ਬਾਝੋਂ, ਸ਼ਾਂਤੀ[35] ਪਾਈ ਨਹੀਂ ਜਾਂਦੀ। ਜੋ ਭੀ ਸਾਈਂ ਹਰੀ ਦੇ ਨਾਮ ਨੂੰ ਉਚਾਰਨ ਕਰਦਾ[36] ਹੈ, ਉਸ ਦਾ[36*] ਪਾਰ ਉਤਾਰਾ ਹੋ ਜਾਂਦਾ[37] ਹੈ।
ਜਟਾ[38] ਮੁਕਟੁ[39] ਤਨਿ[40] ਭਸਮ[41] ਲਗਾਈ ਬਸਤ੍ਰ[42] ਛੋਡਿ[45] ਤਨਿ ਨਗਨੁ[43] ਭਇਆ[44] ॥	Though man may weave his matted hair[38] into a crown[39], apply ashes[41] to his body[40] and doffing[45] his clothes[42] make[44] his body naked[43].	ਭਾਵੇਂ ਆਦਮੀ ਆਪਣੀ ਜਟਾਂ[38] ਨੂੰ ਗੁੰਦ ਕੇ ਤਾਜ[39] ਬਣਾ ਲਵੇ, ਆਪਣੀ ਦੇਹ[40] ਨੂੰ ਸੁਆਹ[41] ਮਲੇ ਅਤੇ ਕਪੜੇ[42] ਉਤਾਰ[45] ਆਪਣੀ ਦੇਹ ਨੂੰ ਨੰਗਿਆਂ[43] ਕਰ ਲਵੇ[44]।
ਰਾਮ ਨਾਮ ਬਿਨੁ ਤ੍ਰਿਪਤਿ[46] ਨ ਆਵੈ ਕਿਰਤ[47] ਕੈ ਬਾਂਧੈ[48] ਭੇਖੁ[49] ਭਇਆ[50] ॥੪॥	Yet without the Lord's Name, he is satiated[46] not. Bound[48] to the prenatal deeds[47] he assumes[50] sectarian garb[49].	ਫਿਰ ਭੀ ਸੁਆਮੀ ਦੇ ਨਾਮ ਦੇ ਬਾਝੋਂ ਉਸ ਨੂੰ ਰੱਜ[46] ਨਹੀਂ ਆਉਂਦਾ। ਪੂਰਬਲੇ ਕਰਮਾਂ[47] ਨਾਲ ਜਕੜਿਆ ਹੋਇਆ[48], ਉਹ ਸੰਪ੍ਰਦਾਈ ਬਾਣਾ[49] ਧਾਰਨ ਕਰਦਾ[50] ਹੈ।
ਜੇਤੇ[51] ਜੀਅ ਜੰਤ[52] ਜਲਿ[53] ਥਲਿ[54] [55]ਮਹੀਅਲਿ[56] ਜਤ੍ਰ[57] ਕਤ੍ਰ ਤੂ ਸਰਬ[58] ਜੀਆ[59] ॥	As many as[51] are the creatures[52] and living beings[59] in the ocean[53], land[54], underworld[55] and sky[56] or wheresoever[57] they are; amongst them all[58], Thou O Lord, art contained.	ਜਿੰਨੇ ਭੀ[51] ਜੀਵ ਜੰਤੂ[52] ਅਤੇ ਪ੍ਰਾਣਧਾਰੀ[59] ਸਮੁੰਦਰ[53], ਧਰਤੀ[54], ਪਾਤਾਲ[55] ਅਤੇ ਅਸਮਾਨ[56] ਵਿਚ ਹਨ ਜਾਂ ਜਿਥੇ ਕਿਤੇ[57] ਭੀ ਉਹ ਹਨ, ਉਨ੍ਹਾਂ ਸਾਰਿਆਂ[58] ਅੰਦਰ ਤੂੰ ਹੇ ਸੁਆਮੀ ! ਰਮ ਰਿਹਾ ਹੈਂ।
ਗੁਰ ਪਰਸਾਦਿ[60] ਰਾਖਿ[61] ਲੇ ਜਨ[62] ਕਉ ਹਰਿ ਰਸੁ[63] ਨਾਨਕ ਝੋਲਿ[64] ਪੀਆ[65] ॥ ੫॥੭॥੮॥	By the Guru's grace[60], O Lord, preserve[61] Thou Nanak. Thy slave[62], stirring[64] Thine elixir[63] has drunk[65] it.	ਗੁਰਾਂ ਦੀ ਦਇਆ[60] ਦੁਆਰਾ ਹੇ ਸੁਆਮੀ ! ਤੂੰ ਆਪਣੇ ਗੋਲੇ[62] ਨਾਨਕ ਦੀ ਰੱਖਿਆ[61] ਕਰ। ਤੇਰੇ ਅੰਮ੍ਰਿਤ[63] ਨੂੰ ਝਕੋਲ[64] ਨਾਨਕ ਨੇ ਇਸ ਨੂੰ ਪਾਨ ਕੀਤਾ[65] ਹੈ।
੧੧੨੮	**1128**	**੧੧੨੮**
ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧	Rag Bhairo 3rd Guru Chaupadas	ਰਾਗੁ ਭੈਰਉ ਤੀਜੀ ਪਾਤਿਸ਼ਾਹੀ ਚਉਪਦੇ
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਜਾਤਿ ਕਾ ਗਰਬੁ[66] ਨ	No one should be proud[66] of his	ਕਿਸੇ ਨੂੰ ਭੀ ਆਪਣੀ ਜਾਤੀ ਦਾ ਹੰਕਾਰ[66] ਕਰਨਾ ਉਚਿਤ

ਕਰੀਅਹੁ ਕੋਈ ॥	caste.	ਨਹੀਂ ।
ਬ੍ਰਹਮੁ[67] ਬਿੰਦੇ[68] ਸੁ[69] ਬ੍ਰਾਹਮਣੁ ਹੋਈ ॥੧॥	He[69] alone is a Brahman who knows[68] his Lord[67].	ਕੇਵਲ ਉਹ ਹੀ[69] ਬ੍ਰਾਹਮਣ ਹੈ, ਜੋ ਆਪਣੇ ਪ੍ਰਭੂ[67] ਨੂੰ ਜਾਣਦਾ[68] ਹੈ ।
ਜਾਤਿ ਕਾ ਗਰਬੁ ਨ ਕਰਿ ਮੂਰਖ[70] ਗਵਾਰਾ[71] ॥	O stupid[71] fool[70], be thou not proud of thy caste.	ਹੇ ਉਜੱਡਾ[71], ਮੂੜ੍ਹ[70] ! ਤੂੰ ਆਪਣੀ ਜਾਤ ਵਰਨ ਦਾ ਹੰਕਾਰ ਨਾ ਕਰ ।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ[72] ॥੧॥ ਰਹਾਉ ॥	From this pride many sins[72] well up. Pause.	ਇਸ ਹੰਕਾਰ ਤੋਂ ਘਣੇਰੇ ਪਾਪ[72] ਉਤਪੰਨ ਹੁੰਦੇ ਹਨ । ਠਹਿਰਾਉ ।
ਚਾਰੇ ਵਰਨ[73] ਆਖੈ ਸਭੁ ਕੋਈ ॥	Every one says there are four castes[73].	ਹਰ ਕੋਈ ਆਖਦਾ ਹੈ ਕਿ ਚਾਰ ਜਾਤਾਂ[73] ਹਨ ।
ਬ੍ਰਹਮੁ ਬਿੰਦੇ[74] ਤੇ ਸਭ ਓਪਤਿ[75] ਹੋਈ ॥੨॥	But they all proceed[75] from the Lord's seed[74].	ਪਰ ਉਹ ਸਾਰੇ ਪ੍ਰਭੂ ਦੇ ਬੀਜ[74] ਤੋਂ ਉਤਪੰਨ ਹੁੰਦੇ[75] ਹਨ ।
ਮਾਟੀ[76] ਏਕ ਸਗਲ ਸੰਸਾਰਾ ॥	The whole world is made out of one clay[76].	ਸਾਰਾ ਜਹਾਨ ਇਕ ਹੀ ਮਿੱਟੀ[76] ਤੋਂ ਬਣਿਆ ਹੋਇਆ ਹੈ ।
ਬਹੁ ਬਿਧਿ[77] ਭਾਂਡੇ[78] ਘੜੈ[79] ਕੁਮ੍ਹਾਰਾ[80] ॥੩॥	But the Potter[80] has fashioned[79] it into vessels[78] of many sorts[77].	ਪ੍ਰਭੂ ਘੁਮਾਰ[80] ਨੇ ਇਸ ਦੇ ਅਨੇਕਾਂ ਕਿਸਮਾਂ[77] ਦੇ ਬਰਤਨ[78] ਬਣਾ ਦਿਤੇ[79] ਹਨ ।
ਪੰਚ ਤਤੁ[81] ਮਿਲਿ[82] ਦੇਹੀ[83] ਕਾ ਆਕਾਰਾ[84] ॥	Meeting[82] together, the five elements[81] make up the body's[83] form[84].	ਪੰਜ ਮੂਲ ਅੰਸ਼[81] ਮਿਲ ਕੇ[82] ਕਾਇਆਂ[83] ਦੇ ਸਰੂਪ[84] ਨੂੰ ਬਣਾਉਂਦੇ ਹਨ ।
ਘਟਿ[85] ਵਧਿ[86] ਕੋ ਕਰੈ ਬੀਚਾਰਾ[87] ॥੪॥	No one can say[87] that any element is less[85] in one and more[86] in another.	ਕੋਈ ਜਣਾ ਆਖ[87] ਨਹੀਂ ਸਕਦਾ ਕਿ ਕੋਈ ਮੂਲ ਅੰਸ਼ ਇਕ ਵਿਚ ਥੋੜਾ[85] ਹੈ ਅਤੇ ਹੋਰਸ ਵਿਚ ਵਧੇਰੇ[86] ।
ਕਹਤੁ ਨਾਨਕ ਇਹੁ ਜੀਉ[88] ਕਰਮ[89] ਬੰਧੁ[90] ਹੋਈ ॥	Says Nanak, this soul[88] is fettered[90] by its acts[89].	ਗੁਰੂ ਜੀ ਆਖਦੇ ਹਨ ਇਹ ਆਤਮਾ[88] ਆਪਣੇ ਅਮਲਾਂ[89] ਦੀ ਜਕੜੀ ਹੋਈ[90] ਹੈ ।
ਬਿਨੁ ਸਤਿਗੁਰ ਭੇਟੇ[91] ਮੁਕਤਿ[92] ਨ ਹੋਈ ॥੫॥੧॥	Without meeting[91] the True Guru, it is emancipated[92] not.	ਸੱਚੇ ਗੁਰਾਂ ਨੂੰ ਮਿਲਣ[91] ਦੇ ਬਗ਼ੈਰ, ਇਸ ਦੀ ਕਲਿਆਣ[92] ਨਹੀਂ ਹੁੰਦੀ ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ।
ਜੋਗੀ ਗ੍ਰਿਹੀ[93] ਪੰਡਿਤ[94] ਭੇਖਧਾਰੀ[95] ॥	The Yogis, the householders[93], the literates[94] and the sectarians[95];	ਯੋਗੀ ਘਰਬਾਰੀ[93], ਵਿਦਵਾਨ[94] ਅਤੇ ਸੰਪ੍ਰਦਾਈ[95];
ਏ ਸੂਤੇ ਅਪਣੈ ਅਹੰਕਾਰੀ[96] ॥੧॥	All these are asleep in their self-conceit[96].	ਇਹ ਸਾਰੇ ਆਪਣੀ ਸਵੈ-ਹੰਗਤਾ[96] ਅੰਦਰ ਸੁੱਤੇ ਪਏ ਹਨ ।
ਮਾਇਆ[97] ਮਦਿ[98] ਮਾਤਾ[99] ਰਹਿਆ ਸੋਇ[100] ॥	They remain asleep[100] in the intoxication[99] of the ego[98] of wealth[97].	ਉਹ ਧਨ-ਦੌਲਤਾਂ[97] ਦੀ ਹੰਗਤਾ[98] ਦੀ ਖ਼ੁਮਾਰੀ[99] ਅੰਦਰ ਸੌਂ ਰਹੇ[100] ਹਨ ।
ਜਾਗਤੁ ਰਹੈ ਨ ਮੂਸੈ[2] ਕੋਇ ॥੧॥ ਰਹਾਉ॥	Any one, who remains awake; he is robbed[2] not. Pause.	ਕੋਈ ਭੀ ਜੋ ਜਾਗਦਾ ਰਹਿੰਦਾ ਹੈ; ਉਹ ਲੁੱਟਿਆ[2] ਪੁਟਿਆ ਨਹੀਂ ਜਾਂਦਾ । ਠਹਿਰਾਉ ।

ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥	He alone remains wakeful, whom True Guru meets.	ਕੇਵਲ ਉਹ ਹੀ ਖ਼ਬਰਦਾਰ ਰਹਿੰਦਾ ਹੈ ਜਿਸ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ ਹਨ।
ਪੰਚ ਦੂਤ ਓਹੁ[3] ਵਸਗਤਿ[4] ਕਰੈ ॥੩॥	Such a man[3], overpowers[4] the five demons.	ਐਸਾ ਇਨਸਾਨ[3], ਪੰਜਾਂ ਭੂਤਨਿਆਂ ਨੂੰ ਕਾਬੂ ਕਰ ਲੈਂਦਾ[4] ਹੈ।
ਸੋ ਜਾਗੈ ਜੋ ਤਤੁ[5] ਬੀਚਾਰੈ[6] ॥	He alone remains awake, who reflects[6] on quintessence[5].	ਕੇਵਲ ਉਹ ਹੀ ਜਾਗਦਾ ਰਹਿੰਦਾ ਹੈ ਜੋ ਅਸਲੀਅਤ[5] ਨੂੰ ਸੋਚਦਾ ਸਮਝਦਾ[6] ਹੈ।
ਆਪਿ ਮਰੈ ਅਵਰਾ[7] ਨਹ ਮਾਰੈ ॥	He kills his ego and slays not others[7].	ਉਹ ਆਪਣੇ ਆਪੇ ਨੂੰ ਮਾਰਦਾ ਹੈ ਅਤੇ ਹੋਰਨਾਂ[7] ਨੂੰ ਨਹੀਂ ਮਾਰਦਾ।
ਸੋ ਜਾਗੈ ਜੋ ਏਕੋ[8] ਜਾਣੈ ॥	He alone keeps wakeful who knows the One Lord[8].	ਕੇਵਲ ਉਹ ਹੀ ਚੌਕਸ ਰਹਿੰਦਾ ਹੈ ਜੋ ਇਕ ਸਾਈਂ[8] ਨੂੰ ਜਾਣਦਾ ਹੈ।
[9]ਪਰਕਿਰਤਿ[10] ਛੋਡੈ ਤਤੁ[12] ਪਛਾਣੈ[13] ॥੪॥	He leaves the service[10] of others[9] and realises[13] the Real Thing[12].	ਉਹ ਹੋਰਨਾਂ[9] ਦੀ ਸੇਵਾ[10] ਨੂੰ ਛੱਡ ਦਿੰਦਾ ਹੈ ਅਤੇ ਅਸਲ ਵਸਤੂ[12] ਨੂੰ ਅਨੁਭਵ ਕਰਦਾ[13] ਹੈ।
ਚਹੁ ਵਰਨਾ[14] ਵਿਚਿ ਜਾਗੈ ਕੋਇ[15] ॥	Out of the four castes[14], whosoever[15] keeps awake ;	ਚੌਹਾਂ ਜ਼ਾਤਾਂ[14] ਵਿਚੋਂ ਜੋ ਕੋਈ[15] ਭੀ ਜਾਗਦਾ ਰਹਿੰਦਾ ਹੈ;
ਜਮੈ[16] ਕਾਲੈ[17] ਤੇ ਛੂਟੈ[18] ਸੋਇ ॥੫॥	He is released[18] from birth[16] and death[17].	ਉਹ ਜੰਮਣ[16] ਤੋਂ ਮਰਨ[17] ਤੋਂ ਛੁਟ ਜਾਂਦਾ[18] ਹੈ।
ਕਹਤ ਨਾਨਕ ਜਨੁ[19] ਜਾਗੈ ਸੋਇ[20] ॥ ਗਿਆਨੁ[21] ਅੰਜਨੁ[22] ਜਾ ਕੀ ਨੇਤ੍ਰੀ[23] ਹੋਇ ॥੬॥੨॥	Says Nanak, that[20] man[19] alone remains awake, who applies to his eyes[23] the collyrium[22] of Divine knowledge[21].	ਗੁਰੂ ਜੀ ਫੁਰਮਾਉਂਦੇ ਹਨ, ਕੇਵਲ ਉਹ[20] ਪੁਰਸ਼[19] ਹੀ ਖ਼ਬਰਦਾਰ ਰਹਿੰਦਾ ਹੈ ਜੋ ਆਪਣੀਆਂ ਅੱਖਾਂ[23] ਵਿਚ ਬ੍ਰਹਮ ਬੋਧ[21] ਦਾ ਸੁਰਮਾ[22] ਪਾਉਂਦਾ ਹੈ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ॥
ਜਾ ਕਉ[27] ਰਾਖੈ ਅਪਣੀ ਸਰਣਾਈ[24] ॥ ਸਾਚੇ[25] ਲਾਗੈ ਸਾਚਾ ਫਲੁ[26] ਪਾਈ ॥੧॥	Whomsoever[27] the Lord keeps in His refuge[24], he is attached to the True Name[25] and receives the True Fruit[26].	ਜਿਸ ਕਿਸੇ[27] ਨੂੰ ਸੁਆਮੀ ਆਪਣੀ ਛਤ੍ਰ ਛਾਇਆ[24] ਹੇਠ ਰਖਦਾ ਹੈ, ਉਹ ਸੱਚੇ ਨਾਮ[25] ਨਾਲ ਜੁੜ ਜਾਂਦਾ ਹੈ ਅਤੇ ਸੱਚਾ ਮੇਵਾ[26] ਪਰਾਪਤ ਕਰ ਲੈਂਦਾ ਹੈ।
ਰੇ[28] ਜਨ[29] ਕੈ ਸਿਉ ਕਰਹੁ ਪੁਕਾਰਾ[30] ॥	O[28] man[29], before whom art thou to lodge a complaint[30] ?	ਹੇ[28] ਬੰਦੇ[29] ! ਤੂੰ ਕੀਹਦੇ ਮੂਹਰੇ ਫ਼ਰਿਆਦ[30] ਕਰਨੀ ਹੈ ?
ਹੁਕਮੇ[31] ਹੋਆ[32] ਹੁਕਮੇ ਵਰਤਾਰਾ[33] ॥੧॥ਰਹਾਉ॥	In the Lord's Will[31] everything happens[32] and in the Lord Will the affairs[33] are adjusted Pause.	ਪ੍ਰਭੂ ਦੀ ਰਜ਼ਾ[31] ਅੰਦਰ ਹਰ ਸ਼ੈ ਹੁੰਦੀ[32] ਹੈ ਅਤੇ ਪ੍ਰਭੂ ਦੀ ਰਜ਼ਾ ਅੰਦਰ ਹੀ ਕਾਰ-ਵਿਹਾਰ[33] ਸੌਰਦੇ ਹਨ। ਠਹਿਰਾਉ।
ਏਹੁ ਆਕਾਰੁ ਤੇਰਾ ਹੈ ਧਾਰਾ[34] ॥	My Master, this world is installed[34] by Thee.	ਮੇਰੇ ਮਾਲਕ, ਇਹ ਜਗ ਤੇਰਾ ਅਸਥਾਪਨ ਕੀਤਾ ਹੋਇਆ[34] ਹੈ।
ਖਿਨ[35] ਮਹਿ[36] ਬਿਨਸੈ[37] ਕਰਤ[38] ਨ ਲਾਗੈ ਬਾਰਾ[39] ॥੨॥	Thou destroyest[37] it in[36] an instant[35] and makest no delay[39] in creating[38] it again.	ਤੂੰ ਇਸ ਨੂੰ ਇਕ ਮੁਹਤ[35] ਵਿਚ[36] ਨਾਸ ਕਰ ਦਿੰਦਾ[37] ਹੈਂ ਅਤੇ ਦੇਰੀ[39] ਲਾਉਣ ਦੇ ਬਗ਼ੈਰ ਮੁੜ ਇਸ ਨੂੰ ਰਚ ਦਿੰਦਾ[38] ਹੈਂ।

ਕਰਿ ਪ੍ਰਸਾਦੁ[40] ਇਕੁ ਖੇਲੁ[41] ਦਿਖਾਇਆ[42] ॥	By His pleasure[40] the Lord has staged[42] a play[41].	ਆਪਣੀ ਖੁਸ਼ੀ[40] ਦੁਆਰਾ ਸੁਆਮੀ ਨੇ ਇਕ ਖੇਡ[41] ਰਚਾਈ[42] ਹੈ।
ਗੁਰ ਕਿਰਪਾ[43] ਤੇ ਪਰਮ[44] ਪਦੁ[45] ਪਾਇਆ ॥੩॥	By the Guru's grace[43], I have obtained the supreme[44] status[45].	ਗੁਰਾਂ ਦੀ ਦਇਆ[43] ਦੁਆਰਾ, ਮੈਂ ਮਹਾਨ[44] ਮਰਤਬਾ[45] ਪਾ ਲਿਆ ਹੈ।
ਕਹਤੁ ਨਾਨਕੁ ਮਾਰਿ ਜੀਵਾਲੇ[46] ਸੋਇ[47] ॥	Says Nanak, that[47] Lord alone destroys and creates[46] all.	ਗੁਰੂ ਜੀ ਫੁਰਮਾਉਂਦੇ ਹਨ, ਉਹ[47] ਸੁਆਮੀ ਹੀ ਸਾਰਿਆਂ ਨੂੰ ਨਾਸ ਕਰਦਾ ਤੇ ਰਚਦਾ[46] ਹੈ।
ਐਸਾ[48] ਬੂਝਹੁ[49] ਭਰਮਿ[50] ਨ ਭੂਲਹੁ[51] ਕੋਇ[52] ॥੪॥੩॥	So[48] know[49] it thou, Let no one[52] stray[51] in doubt[50].	ਇਸ ਨੂੰ ਤੂੰ ਇਸ ਤਰ੍ਹਾਂ[48] ਜਾਣ[49]। ਕੋਈ ਜਣਾ[52] ਵਹਿਮ[50] ਅੰਦਰ ਕੁਰਾਹੇ[51] ਨਾ ਪਵੇ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ॥
ਮੈ ਕਾਮਣਿ[53] ਮੇਰਾ ਕੰਤੁ[54] ਕਰਤਾਰੁ[55] ॥	I am the bride[53]. My Groom[54] is the Creator Lord[55].	ਮੈਂ ਪਤਨੀ[53] ਹਾਂ। ਮੇਰਾ ਪਤੀ[54] ਸਿਰਜਣਹਾਰ ਸੁਆਮੀ[55] ਹੈ।
ਜੇਹਾ[56] ਕਰਾਏ ਤੇਹਾ[57] ਕਰੀ ਸੀਗਾਰੁ[58] ॥	As[56] He makes me do so[57] make I the embellishments[58]	ਜਿਸ ਤਰ੍ਹਾਂ[56] ਉਹ ਕਰਵਾਉਂਦਾ ਹੈ, ਉਹੋ ਜਿਹਾ[57] ਹੀ ਮੈਂ ਹਾਰਸ਼ਿੰਗਾਰ[58] ਕਰਦੀ ਹਾਂ।
ਜਾਂ ਤਿਸੁ[59] ਭਾਵੈ[60] ਤਾਂ[62] ਕਰੇ ਭੋਗੁ[61] ॥	When it pleases[60] Him[59], then[62] does He enjoy[61] me.	ਜਦ ਉਸ ਨੂੰ[59] ਚੰਗਾ ਲਗਦਾ[60] ਹੈ, ਤਦ[62] ਉਹ ਮੈਨੂੰ ਮਾਣਦਾ[61] ਹੈ।
ਤਨੁ[63] ਮਨੁ[64] ਸਾਚੇ ਸਾਹਿਬ ਜੋਗੁ[65] ॥੧॥ਰਹਾਉ॥	My body[63] and soul[64], I have dedicated[65] unto my True Lord. Pause	ਆਪਣੀ ਦੇਹ[63] ਅਤੇ ਆਤਮਾ[64] ਮੈਂ ਆਪਣੇ ਸੱਚੇ ਸੁਆਮੀ ਦੇ ਸਮਰਪਣ[65] ਕਰ ਦਿੱਤੀਆਂ ਹਨ। ਠਹਿਰਾਉ।
ਉਸਤਤਿ[66] ਨਿੰਦਾ[67] ਕਰੇ ਕਿਆ[68] ਕੋਈ ॥ ਜਾਂ[69] ਆਪੇ ਵਰਤੈ[70] ਏਕੋ ਸੋਈ[71] ॥੨॥	How[68] can one praise[66] or slander[67] another, when[69] He[71], the One Lord, is Himself pervading[70] all ?	ਕੋਈ ਕਿਸੇ ਦੀ ਵਡਿਆਈ[66] ਜਾਂ ਬਦਖੋਈ[67] ਕਿਸ ਤਰ੍ਹਾਂ[68] ਕਰ ਸਕਦਾ ਹੈ, ਜਦ[69] ਉਹ[71], ਇਕ ਸਾਂਈਂ ਖੁਦ ਹੀ ਸਮੂਹ ਵਿਚ ਰਮ ਰਿਹਾ[70] ਹੈ।
ਗੁਰ ਪਰਸਾਦੀ[72] ਪਿਰਮ[73] ਕਸਾਈ[74] ॥	By the Guru's grace[72], I am attracted[74] by the love[73] of my Spouse.	ਗੁਰਾਂ ਦੀ ਰਹਿਮਤ[72] ਸਦਕਾ, ਮੈਨੂੰ ਆਪਣੇ ਪਤੀ ਦੇ ਪਿਆਰ[73] ਨੇ ਖਿਚ ਲਿਆ[74] ਹੈ।
ਮਿਲਉਗੀ ਦਇਆਲ[75] ਪੰਚ ਸਬਦ[76] ਵਜਾਈ[77] ॥੩॥	Hymning[77] the five melodies[76], I shall meet with my Merciful Master[75].	ਪੰਜ ਧੁਨੀਆਂ[76] ਅਲਾਪਦੀ[77] ਹੋਈ ਮੈਂ ਆਪਣੇ ਮਿਹਰਬਾਨ ਮਾਲਕ[75] ਨੂੰ ਮਿਲ ਪਵਾਂਗੀ।
ਭਨਤਿ[78] ਨਾਨਕੁ ਕਰੇ ਕਿਆ[79] ਕੋਇ ॥	Says[78] Nanak, what[79] can any one do ?	ਗੁਰੂ ਜੀ ਆਖਦੇ[78] ਹਨ, ਕੋਈ ਜਣਾ ਕੀ[79] ਕਰ ਸਕਦਾ ਹੈ ?
ਜਿਸ ਨੋ ਆਪਿ ਮਿਲਾਵੈ ਸੋਇ[80] ॥੪॥੪॥	He alone meets Him, whom He[80], the Lord, unites with Himself.	ਕੇਵਲ ਉਹ ਹੀ ਉਸ ਨੂੰ ਮਿਲਦਾ ਹੈ, ਜਿਸ ਨੂੰ ਉਹ[80] ਸਾਂਈਂ ਖੁਦ ਆਪਣੇ ਨਾਲ ਮਿਲਾਉਂਦਾ ਹੈ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਸੋ ਮੁਨਿ[81] ਜਿ ਮਨ ਕੀ ਦੁਬਿਧਾ[82] ਮਾਰੇ[83] ॥	He alone is the silent sage[81], who stills[83] his mind's duality[82].	ਕੇਵਲ ਉਹ ਹੀ ਖਾਮੋਸ਼ ਰਿਸ਼ੀ[81] ਹੈ, ਜੋ ਆਪਣੇ ਮਨੂਏ ਦੇ ਦਵੈਤ-ਭਾਵ[82] ਨੂੰ ਦੂਰ ਕਰਦਾ[83] ਹੈ।
ਦੁਬਿਧਾ ਮਾਰਿ ਬ੍ਰਹਮੁ[84] ਬੀਚਾਰੇ[85] ॥੧॥	Silencing his duality, he reflects[85] on the Lord[84].	ਆਪਣੇ ਦਵੈਤ-ਭਾਵ ਨੂੰ ਮਾਰ ਕੇ ਉਹ ਸਾਂਈਂ[84] ਦਾ ਧਿਆਨ ਧਾਰਦਾ[85] ਹੈ।
ਇਸੁ ਮਨ ਕਉ ਕੋਈ	Let some one search this mind of	ਕੋਈ ਜਣਾ ਆਪਣੇ ਇਸ ਮਨੂਏ ਦੀ ਖੋਜ

ਖੋਜਹੁ ਭਾਈ ॥	his, O brother,	ਪੜਤਾਲ ਕਰੇ, ਹੇ ਵੀਰ !
੧੧੨੯	**1129**	**੧੧੨੯**
ਮਨੁ ਖੋਜਤ ਨਾਮੁ ਨਉਨਿਧਿ[86] ਪਾਈ ॥੧॥ ਰਹਾਉ ॥	Searching his mind, he obtains the Name's nine treasures[86]. Pause.	ਆਪਣੇ ਮਨੂਏ ਦੀ ਖੋਜ ਪੜਤਾਲ ਕਰਨ ਦੁਆਰਾ ਉਹ ਨਾਮ ਦੇ ਨੌ ਖ਼ਜ਼ਾਨੇ[86] ਪ੍ਰਾਪਤ ਕਰ ਲੈਂਦਾ ਹੈ । ਠਹਿਰਾਉ।
ਮੂਲੁ[87] ਮੋਹੁ[88] ਕਰਿ ਕਰਤੈ[89] ਜਗਤੁ[91] ਉਪਾਇਆ[90] ॥	The Creator-Lord[89] has created[90] the world[91], on the foundation[87] of worldly attachment[88].	ਸਿਰਜਣਹਾਰ[89] ਸੁਆਮੀ ਨੇ ਸੰਸਾਰੀ ਲਗਨ[88] ਦੀ ਨੀਂਹ[87] ਉਤੇ ਸੰਸਾਰ[91] ਰਚਿਆ[90] ਹੈ ।
ਮਮਤਾ[92] ਲਾਇ[93] ਭਰਮਿ[94] ਭੋੁਲਾਇਆ[95] ॥੨॥	Attaching[93] the world with mineness[92], He has strayed[95] it in doubt[94].	ਸੰਸਾਰ ਨੂੰ ਅਪਣਤ[92] ਨਾਲ ਜੋੜ[93], ਉਸ ਨੇ ਇਸ ਨੂੰ ਸੰਦੇਹ[94] ਅੰਦਰ ਗੁਮਰਾਹ[95] ਕੀਤਾ ਹੈ ।
ਇਸੁ ਮਨ ਤੇ ਸਭ ਪਿੰਡ[96] ਪਰਾਣਾ[97] ॥	From this mind are all the bodies[96] and life-breaths[97].	ਇਸ ਮਨੂਏ ਤੋਂ ਹੀ ਸਮੂਹ ਸਰੀਰ[96] ਅਤੇ ਜੀਵਨ-ਸਆਸ[97] ਹਨ ।
ਮਨ[98] ਕੈ ਵੀਚਾਰਿ[99] ਹੁਕਮੁ[100] ਬੁਝਿ[2] ਸਮਾਣਾ[3] ॥੩॥	Realising[2] the Lord's will[100], through hearty[98] meditation[99], one merges[3] in Him.	ਦਿਲੀ[98] ਸਿਮਰਨ[99] ਰਾਹੀਂ ਪ੍ਰਭੂ ਦੀ ਰਜ਼ਾ[100] ਨੂੰ ਅਨੁਭਵ ਕਰਨ ਦੁਆਰਾ[2] ਬੰਦਾ ਉਸ ਅੰਦਰ ਲੀਨ[3] ਹੋ ਜਾਂਦਾ ਹੈ ।
ਕਰਮੁ[4] ਹੋਵੈ ਗੁਰੁ ਕਿਰਪਾ[5] ਕਰੈ[6] ॥	Whosoever has good destiny[4] ; on him the Guru showers[6] his benediction[5].	ਜਿਸ ਕਿਸੇ ਦੀ ਚੰਗੀ ਪ੍ਰਾਲਭਦ[4] ਹੈ ਉਸ ਉਤੇ ਗੁਰੂ ਜੀ ਆਪਣੀ ਮਿਹਰ[5] ਧਾਰਦੇ[6] ਹਨ ।
ਇਹੁ ਮਨੁ ਜਾਗੈ[7] ਇਸੁ ਮਨ ਕੀ ਦੁਬਿਧਾ[8] ਮਰੈ[9] ॥੪॥	Then is this mind awakened[7] and stilled[9] is the duality[8] of the mind.	ਤਦ ਇਹ ਮਨੂਆ ਜਾਗ ਉਠਦਾ[7] ਹੈ ਅਤੇ ਮਿਟ ਜਾਂਦੀ[9] ਹੈ ਮਨੂਏ ਦੀ ਦਵੈਤ-ਭਾਵਨਾ[8] ।
ਮਨ ਕਾ ਸੁਭਾਉ[10] ਸਦਾ[12] ਬੈਰਾਗੀ[13] ॥	The mind's innated[10] is ever[12] to remain detached[13].	ਮਨੂਏ ਦੀ ਜਮਾਂਦਰੂ ਖਸਲਤ[10] ਸਦੀਵੀ[12] ਹੀ ਨਿਰਲੇਪ[13] ਰਹਿਣਾ ਹੈ ।
ਸਭ ਮਹਿ ਵਸੈ ਅਤੀਤੁ[14] ਅਨਰਾਗੀ[15] ॥੫॥	The Uncontaminated[14] and Unattached[15] Lord abides within all the hearts.	ਮੈਲ-ਰਹਿਤ[14] ਅਤੇ ਵਿਰਕਤ[15] ਪ੍ਰਭੂ ਸਾਰਿਆਂ ਦਿਲਾਂ ਅੰਦਰ ਵਸਦਾ ਹੈ ।
ਕਹਤ ਨਾਨਕੁ ਜੋ ਜਾਣੈ[21] ਭੇਉ[16] ॥ ਆਦਿ[17] ਪੁਰਖੁ[18] ਨਿਰੰਜਨ[19] ਦੇਉ[20] ॥੬॥ ੫॥	Says Nanak, he who understands[21] this mystery[16] ; he becomes the embodiment of the Primal[17] Being[18], the Immaculate[19] Lord[20].	ਗੁਰੂ ਜੀ ਆਖਦੇ ਹਨ, ਜੋ ਇਸ ਭੇਤ[16] ਨੂੰ ਸਮਝਦਾ[21] ਹੈ; ਉਹ ਪਰਾਪੂਰਬਲੀ[17] ਵਿਅਕਤੀ[18], ਪਵਿੱਤਰ[19] ਪ੍ਰਭੂ[20] ਦਾ ਸਰੂਪ ਹੋ ਜਾਂਦਾ ਹੈ ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ।
ਰਾਮ ਨਾਮੁ[24] ਜਗਤ[22] ਨਿਸਤਾਰਾ[23] ॥	Emancipation[23] of the world[22] is through the Lord's Name[24].	ਸੰਸਾਰ[22] ਦੀ ਕਲਿਆਣ[23] ਪ੍ਰਭੂ ਦੇ ਨਾਮ[24] ਦੇ ਰਾਹੀਂ ਹੀ ਹੈ ।
[25]ਭਵਜਲੁ[26] ਪਾਰਿ ਉਤਾਰਣਹਾਰਾ[27] ॥੧॥	It ferries[27] the mortal across the dreadful[25] world ocean[26].	ਇਹ ਪ੍ਰਾਣੀ ਦਾ, ਭਿਆਨਕ[25] ਸੰਸਾਰ ਸਮੁੰਦਰ[26] ਤੋਂ, ਪਾਰ ਉਤਾਰਾ[27] ਕਰ ਦਿੰਦਾ ਹੈ ।

ਗੁਰ ਪਰਸਾਦੀ[28] ਹਰਿ ਨਾਮੁ ਸਮ੍ਹਾਲਿ[29] ॥ ਸਦਹੀ[30] ਨਿਬਹੈ[31] ਤੇਰੈ ਨਾਲਿ ॥ ੧॥ਰਹਾਉ॥	By the Guru's grace[28], meditate[29] thou on God's Name. It shall ever[30] stand[31] by thee. Pause.	ਗੁਰਾਂ ਦੀ ਦਇਆ[28] ਦੁਆਰਾ, ਤੂੰ ਵਾਹਿਗੁਰੂ ਦੇ ਨਾਮ ਦਾ ਸਿਮਰਨ[29] ਕਰ। ਇਹ ਸਦੀਵ[30] ਹੀ ਤੇਰਾ ਪੱਖ ਪੂਰੇਗਾ[31]।
ਨਾਮੁ ਨ ਚੇਤਹਿ[32] ਮਨਮੁਖ[33] ਗਾਵਾਰਾ[34] ॥ ਬਿਨੁ ਨਾਵੈ ਕੈਸੇ[35] ਪਾਵਹਿ ਪਾਰਾ[36] ॥੨॥	The egocentric[33] fools[34] contemplate[32] not the Name. Without the Lord's Name, how[35] shall they ferry across[36] ?	ਆਪ-ਹੁਦਰੇ[33] ਮੂਰਖ[34] ਨਾਮ ਦਾ ਆਰਾਧਨ[32] ਨਹੀਂ ਕਰਦੇ। ਸੁਆਮੀ ਦੇ ਨਾਮ ਦੇ ਬਗੈਰ ਉਹ ਕਿਸ ਤਰ੍ਹਾਂ[35] ਪਾਰ ਲੰਘਣਗੇ[36] ?
ਆਪੇ ਦਾਤਿ[37] ਕਰੇ[38] ਦਾਤਾਰੁ[39] ॥	The Beneficent Lord[39] Himself gives[38] gifts[37].	ਦੇਣਹਾਰ[39] ਸੁਆਮੀ ਖੁਦ ਹੀ ਬਖਸ਼ੀਸ਼ਾਂ[37] ਬਖ਼ਸ਼ਦਾ[38] ਹੈ।
ਦੇਵਣਹਾਰੇ[40] ਕਉ ਜੈਕਾਰੁ[41] ॥੩॥	Hail, hail[41] is unto the Beneficent Lord[40].	ਵਾਹੁ, ਵਾਹੁ[41] ਹੈ ਦਾਤਾਰੁ ਸੁਆਮੀ[40] ਨੂੰ।
ਨਦਰਿ[42] ਕਰੇ[43] ਸਤਿਗੁਰੂ ਮਿਲਾਏ ॥ ਨਾਨਕ ਹਿਰਦੈ[44] ਨਾਮੁ ਵਸਾਏ[45] ॥੪॥੬॥	Showing[43] His mercy[42], the Lord unites man with the True Guru and enshrines[45] the Name in his mind[44], O Nanak.	ਆਪਣੀ ਮਿਹਰ[42] ਧਾਰ ਕੇ[43], ਪ੍ਰਭੂ ਇਨਸਾਨ ਨੂੰ ਸੱਚੇ ਗੁਰਾਂ ਨਾਲ ਮਿਲਾ ਅਤੇ ਨਾਮ ਨੂੰ ਉਸ ਦੇ ਦਿਲ[44] ਅੰਦਰ ਟਿਕਾ ਦਿੰਦਾ[45] ਹੈ, ਹੇ ਨਾਨਕ !
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਨਾਮੇ ਉਧਰੇ[46] ਸਭਿ[47] ਜਿਤਨੇ[48] ਲੋਅ[49] ॥	All[47] the men[49], that[48] have been saved, have been saved[46] through the Name.	ਸਾਰੇ[47] ਜੀਵ[49] ਜਿਨ੍ਹਾਂ[48] ਦਾ ਪਾਰ ਉਤਾਰਾ ਹੋਇਆ ਹੈ, ਨਾਮ ਦੇ ਰਾਹੀਂ ਹੀ ਪਾਰ ਉਤਾਰਾ ਹੋਇਆ[46] ਹੈ।
ਗੁਰਮੁਖਿ[50] ਜਿਨਾ ਪਰਾਪਤਿ[51] ਹੋਇ ॥੧॥	They, who are blessed[51] with it, are blessed by the Guru's grace[50].	ਜਿਨ੍ਹਾਂ ਨੂੰ ਇਸ ਦੀ ਦਾਤ ਮਿਲਦੀ[51] ਹੈ, ਉਨ੍ਹਾਂ ਨੂੰ ਗੁਰਾਂ ਦੀ ਦਇਆ ਦੁਆਰਾ[50] ਹੀ ਮਿਲਦੀ ਹੈ।
ਹਰਿ ਜੀਉ[57] ਅਪਣੀ ਕ੍ਰਿਪਾ[52] ਕਰੇਇ[53] ॥ ਗੁਰਮੁਖਿ[54] ਨਾਮੁ ਵਡਿਆਈ[55] ਦੇਇ[56] ॥ ੧॥ਰਹਾਉ॥	When the Sire Lord[57] shows[53] His mercy[52], then through the Guru[54] He blesses[56] man with the Name's glory[55]. Pause.	ਜਦ ਮਹਾਰਾਜ[57] ਮਾਲਕ ਆਪਣੀ ਮਿਹਰ[52] ਧਾਰਦਾ[53] ਹੈ, ਤਦ ਗੁਰਾਂ ਦੇ ਰਾਹੀਂ[54] ਉਹ ਬੰਦੇ ਨੂੰ ਨਾਮ ਦੀ ਬਜ਼ੁਰਗੀ[55] ਪਰਦਾਨ ਕਰਦਾ[56] ਹੈ। ਠਹਿਰਾਉ।
ਰਾਮ ਨਾਮਿ ਜਿਨ ਪ੍ਰੀਤਿ[58] ਪਿਆਰੁ[59] ॥ ਆਪਿ ਉਧਰੇ[60] ਸਭਿ ਕੁਲ[61] ਉਧਾਰਣਹਾਰੁ ॥੨॥	They, who love[58] the Lord's loved[59] Name ; they save[60] themselves and save their entire lineage[61].	ਜੋ ਪ੍ਰਭੂ ਦੇ ਪਿਆਰੇ[59] ਨਾਮ ਨਾਲ ਪ੍ਰੇਮ[58] ਕਰਦੇ ਹਨ, ਉਹ ਖੁਦ ਬਚ ਜਾਂਦੇ[60] ਹਨ ਅਤੇ ਆਪਣੀ ਸਾਰੀ ਵੰਸ਼[61] ਨੂੰ ਭੀ ਬਚਾ ਲੈਂਦੇ ਹਨ।
ਬਿਨੁ ਨਾਵੈ ਮਨਮੁਖਿ[62] [63]ਜਮਪੁਰਿ[64] ਜਾਹਿ[65] ॥ ਅਉਖੇ ਹੋਵਹਿ[66] ਚੋਟਾ[67] ਖਾਹਿ[68] ॥੩॥	Without the Name, the egocentrics[62] go[65] to the Yama's[63] city[64]. They suffer sorrow[66] and bear[68] the blows[67].	ਨਾਮ ਦੇ ਬਾਝੋਂ ਆਪ-ਹੁਦਰੇ[62] ਯਮ[63] ਦੇ ਸ਼ਹਿਰ[64] ਨੂੰ ਜਾਂਦੇ[65] ਹਨ। ਉਹ ਦੁਖ ਉਠਾਉਂਦੇ[66] ਅਤੇ ਸੱਟਾਂ[67] ਸਹਾਰਦੇ[68] ਹਨ।

ਆਪੇ ਕਰਤਾ[69] ਦੇਵੈ ਸੋਇ[70] ॥ ਨਾਨਕ ਨਾਮੁ ਪਰਾਪਤਿ[71] ਹੋਇ ॥੪॥੭॥	When, He[70] the Creator-Lord[69], of Himself, gives, then alone, O Nanak, the man receives[71] the Name.	ਜਦ ਉਹ[70] ਸਿਰਜਣਹਾਰ ਸੁਆਮੀ[69] ਆਪ ਦਿੰਦਾ ਹੈ, ਕੇਵਲ ਤਾਂ ਹੀ, ਹੇ ਨਾਨਕ! ਇਨਸਾਨ ਨਾਮ ਨੂੰ ਪਾਉਂਦਾ[71] ਹੈ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਗੋਵਿੰਦ ਪ੍ਰੀਤਿ[72] ਸਨਕਾਦਿਕ[73] ਉਧਾਰੇ[74] ॥	The Lord's love[72] has emancipated[74] Sanak and the like[73] him.	ਪ੍ਰਭੂ ਦੇ ਪ੍ਰੇਮ[72] ਨੇ ਸਨਕ ਅਤੇ ਉਸ ਦੇ ਵਰਗਿਆਂ[73] ਦਾ ਪਾਰ ਉਤਾਰਾ[74] ਕਰ ਦਿੱਤਾ ਹੈ।
ਰਾਮ[75] ਨਾਮ ਸਬਦਿ[76] ਬੀਚਾਰੇ[77] ॥੧॥	They meditated[77] on the Name of their Lord[75] Master[76].	ਉਨ੍ਹਾਂ ਨੇ ਆਪਣੇ ਸੁਆਮੀ[75] ਮਾਲਕ[76] ਦੇ ਨਾਮ ਦਾ ਆਰਾਧਨ[77] ਕੀਤਾ ਸੀ।
ਹਰਿ ਜੀਉ[78] ਅਪਣੀ ਕਿਰਪਾ[79] ਧਾਰੁ[80] ॥ ਗੁਰਮੁਖਿ[81] ਨਾਮੇ ਲਗੈ[82] ਪਿਆਰੁ[83] ॥੧॥ਰਹਾਉ॥	O Sire[78] Lord, shower[80] Thou Thy benediction[79] on me, that I may embrace[82] love[83] for Thine Name, by the Guru's[81] grace. Pause.	ਹੇ ਮਹਾਰਾਜ[78] ਸੁਆਮੀ! ਤੂੰ ਮੇਰੇ ਉਤੇ ਆਪਣੀ ਮਿਹਰ[79] ਕਰ[80] ਤਾਂ ਜੋ ਗੁਰਾਂ ਦੀ ਦਇਆ[81] ਦੁਆਰਾ ਮੇਰੀ ਤੇਰੇ ਨਾਮ ਨਾਲ ਪ੍ਰੀਤ[83] ਪੈ ਜਾਵੇ[82]। ਠਹਿਰਾਉ।
ਅੰਤਰਿ[84] ਪ੍ਰੀਤਿ[85] ਭਗਤਿ[86] ਸਾਚੀ ਹੋਇ ॥ ਪੂਰੈ[87] ਗੁਰਿ ਮੇਲਾਵਾ[88] ਹੋਇ ॥੨॥	Whosoever has the true loving[85] adoration[86] in his mind[84]; through the Perfect[87] Guru he meets[88] with his Lord.	ਜਿਸ ਕਿਸੇ ਦੇ ਹਿਰਦੇ[84] ਅੰਦਰ ਸੱਚੀ ਪ੍ਰੇਮ-ਮਈ[85] ਉਪਾਸ਼ਨਾ[86] ਹੈ; ਪੂਰਨ[87] ਗੁਰਾਂ ਦੇ ਰਾਹੀਂ ਉਹ ਆਪਣੇ ਪ੍ਰਭੂ ਨਾਲ ਮਿਲ ਜਾਂਦਾ[88] ਹੈ।
ਨਿਜ[89] ਘਰਿ ਵਸੈ ਸਹਜਿ[90] ਸੁਭਾਇ ॥	He naturally[90] abides in his own[89] Home.	ਉਹ ਸੁਭਾਵਕ[90] ਹੀ ਆਪਣੇ ਨਿਜ[89] ਦੇ ਘਰ ਵਿਚ ਵਸਦਾ ਹੈ।
ਗੁਰਮੁਖਿ[91] ਨਾਮੁ ਵਸੈ[92] ਮਨਿ ਆਇ ॥੩॥	By the Guru's grace[91], the Name comes to bide[92] in his mind.	ਗੁਰਾਂ ਦੀ ਦਇਆ[91] ਦੁਆਰਾ ਨਾਮ ਆ ਕੇ ਉਸ ਦੇ ਹਿਰਦੇ ਅੰਦਰ ਟਿਕ ਜਾਂਦਾ[92] ਹੈ।
ਆਪੇ ਵੇਖੈ ਵੇਖਣਹਾਰੁ[93] ॥	The seeing Lord[93], of Himself sees all.	ਦੇਖਣ ਵਾਲਾ ਸੁਆਮੀ[93] ਖੁਦ ਹੀ ਸਾਰਿਆਂ ਨੂੰ ਵੇਖਦਾ ਹੈ।
ਨਾਨਕ ਨਾਮੁ ਰਖਹੁ [94]ਉਰਧਾਰਿ[95] ॥੪॥੮॥	Clasp[95] thou His Name, to thy heart[94], O Nanak.	ਉਸ ਦੇ ਨਾਮ ਨੂੰ ਤੂੰ ਆਪਣੇ ਦਿਲ[94] ਨਾਲ ਲਾਈ ਰਖ[95], ਹੇ ਨਾਨਕ!
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਕਲਜੁਗ ਮਹਿ ਰਾਮ ਨਾਮੁ ਉਰ[96] ਧਾਰੁ[97] ॥	In the Dark-age, enshrine[97] thou the Lord's Name within thy mind[96].	ਕਲਯੁਗ ਅੰਦਰ ਤੂੰ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ[96] ਅੰਦਰ ਅਸਥਾਪਨ[97] ਕਰ।
ਬਿਨੁ ਨਾਵੈ ਮਾਥੈ[98] ਪਾਵੈ[99] ਛਾਰੁ[100] ॥੧॥	Without the Name one blows[99] ashes[100] on one's face[98].	ਨਾਮ ਦੇ ਬਾਝੋਂ ਬੰਦਾ ਆਪਣੇ ਮੂੰਹ[98] ਤੇ ਸੁਆਹ[100] ਪਾਉਂਦਾ[99] ਹੈ।
ਰਾਮ ਨਾਮੁ ਦੁਲਭੁ[2] ਹੈ ਭਾਈ[3] ॥	Difficult to obtain[2] is the Lord's Name, O brother[3].	ਮੁਸ਼ਕਲ ਨਾਲ ਮਿਲਣ ਵਾਲਾ[2] ਹੈ ਸਾਂਈਂ ਦਾ ਨਾਮ, ਹੇ ਵੀਰ[3]!
ਗੁਰ ਪਰਸਾਦਿ[4] ਵਸੈ[5] ਮਨਿ ਆਈ ॥੧॥ਰਹਾਉ॥	By the Guru's grace[4], it comes to bide[5] in the mind. Pause.	ਗੁਰਾਂ ਦੀ ਦਇਆ ਦੁਆਰਾ[4] ਇਹ ਆ ਕੇ ਰਿਦੇ ਅੰਦਰ ਟਿਕ ਜਾਂਦਾ[5] ਹੈ। ਠਹਿਰਾਉ।
ਰਾਮ ਨਾਮੁ ਜਨ[6] ਭਾਲਹਿ[7] ਸੋਇ[8] ॥ ਪੂਰੇ[9] ਗੁਰ[12] ਤੇ	That[8] person[6] alone seeks[7] the Lord's Name, who is destined to receive[10]	ਕੇਵਲ ਉਹ[8] ਪੁਰਸ਼[6] ਹੀ ਪ੍ਰਭੂ ਦੇ ਨਾਮ ਦੀ ਤਲਾਸ਼[7] ਕਰਦਾ ਹੈ ਜਿਸ ਦੇ ਭਾਗਾਂ ਵਿਚ ਪੂਰਨ[9] ਗੁਰਾਂ ਪਾਸੋਂ

ਪ੍ਰਾਪਤਿ[10] ਹੋਇ ॥੨॥	it from[12] the Perfect[9] Guru.	ਇਸ ਦੀ ਪਰਾਪਤੀ[10] ਲਿਖੀ ਹੋਈ ਹੈ ।
ਹਰਿ ਕਾ ਭਾਣਾ ਮੰਨਹਿ[13] ਸੇ[14] ਜਨ ਪਰਵਾਣੁ[15] ॥	Approved[15] are the[14] persons, who accept[13] the Lord's will.	ਪ੍ਰਮਾਣੀਕ[15] ਹਨ ਉਹ[14] ਪੁਰਸ਼, ਜੋ ਪ੍ਰਭੂ ਦੀ ਰਜ਼ਾ ਨੂੰ ਮੰਨਦੇ[13] ਹਨ ।
ਗੁਰ ਕੈ ਸਬਦਿ[16] ਨਾਮ ਨੀਸਾਣੁ[17] ॥੩॥	Through the Guru's word[16], they come to bear the distinctive mark[17] of the Name.	ਗੁਰਾਂ ਦੀ ਬਾਣੀ[16] ਰਾਹੀਂ ਉਨ੍ਹਾਂ ਉਤੇ ਨਾਮ ਦਾ ਨਿਰਾਲਾ ਚਿੰਨ੍ਹ[17] ਲਗ ਜਾਂਦਾ ਹੈ ।
ਸੋ ਸੇਵਹੁ ਜੋ ਕਲ[18] ਰਹਿਆ ਧਾਰਿ[19] ॥	Serve thou Him, who by His might[18], is upholding[19] the universe.	ਤੂੰ ਉਸ ਦੀ ਸੇਵਾ ਕਰ, ਜੋ ਆਪਣੀ ਸ਼ਕਤੀ[18] ਦੁਆਰਾ ਆਲਮ ਨੂੰ ਆਸਰਾ[19] ਦੇ ਰਿਹਾ ਹੈ ।
ਨਾਨਕ ਗੁਰਮੁਖਿ[20] ਨਾਮੁ ਪਿਆਰਿ[21] ॥੪॥੯॥	O Nanak, love[21] thou the Lord's Name, by the Guru's grace[20].	ਹੇ ਨਾਨਕ ! ਗੁਰਾਂ ਦੀ ਦਇਆ[20] ਦੁਆਰਾ ਤੂੰ ਪ੍ਰਭੂ ਦੇ ਨਾਮ ਨਾਲ ਪ੍ਰੇਮ[21] ਕਰ ।
੧੧੩੦	**1130**	**੧੧੩੦**
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ।
ਕਲਜੁਗ ਮਹਿ ਬਹੁ ਕਰਮ[22] ਕਮਾਹਿ ॥ ਨਾ ਰੁਤਿ[23] ਨ ਕਰਮ[24] ਥਾਇ[25] ਪਾਹਿ ॥ ੧॥	In the Iron age, men perform many rituals[22]. For them this is not the propitous season[23], and so the deeds[24] fruition[25] not.	ਕਲਯੁਗ ਅੰਦਰ ਇਨਸਾਨ ਘਣੇਰੇ ਕਰਮ ਕਾਂਡ[22] ਕਰਦੇ ਹਨ । ਉਨ੍ਹਾਂ ਲਈ ਇਹ ਮੁਨਾਸਬ ਮੌਸਮ[23] ਨਹੀਂ ਅਤੇ ਇਸ ਲਈ ਉਹ ਅਮਲ[24] ਫਲਦਾਇਕ[25] ਨਹੀਂ ਹੁੰਦੇ ।
ਕਲਜੁਗ ਮਹਿ[26] ਰਾਮ ਨਾਮੁ ਹੈ ਸਾਰੁ[27] ॥	In[26] this Dark age, the most sublime[27] is the Lord's Name.	ਇਸ ਕਾਲੇ ਸਮੇਂ ਅੰਦਰ[26] ਪਰਮ ਸ੍ਰੇਸ਼ਟ[27] ਹੈ, ਸੁਆਮੀ ਦਾ ਨਾਮ ।
ਗੁਰਮੁਖਿ[28] ਸਾਚਾ ਲਗੈ ਪਿਆਰੁ[29] ॥੧॥ਰਹਾਉ॥	By the Guru's grace[28], the mortal is attuned[29] to Truth. Pause.	ਗੁਰਾਂ ਦੀ ਦਇਆ[28] ਦੁਆਰਾ ਪ੍ਰਾਨੀ ਦੀ ਸੱਚ ਨਾਲ ਪ੍ਰੀਤ ਪੈ ਜਾਂਦੀ[29] ਹੈ । ਠਹਿਰਾਉ ।
ਤਨੁ[30] ਮਨੁ ਖੋਜਿ[31] ਘਰੈ ਮਹਿ[32] ਪਾਇਆ ॥	Searching[31] my body[30] and mind, I have obtained the Lord in[32] my very home.	ਆਪਣੀ ਦੇਹ[30] ਅਤੇ ਚਿਤ ਦੀ ਖੋਜ-ਭਾਲ[31] ਕਰਨ ਦੁਆਰਾ ਮੈਂ ਪ੍ਰਭੂ ਨੂੰ ਆਪਣੇ ਘਰ ਅੰਦਰ[32] ਹੀ ਪਾ ਲਿਆ ਹੈ !
ਗੁਰਮੁਖਿ[33] ਰਾਮ ਨਾਮਿ ਚਿਤੁ[34] ਲਾਇਆ[35] ॥੨॥	The pious person[33] yokes[35] his mind[34] to the Lord's Name.	ਪਵਿੱਤ੍ਰ ਪੁਰਸ਼[33] ਆਪਣੇ ਮਨ[34] ਨੂੰ ਸੁਆਮੀ ਦੇ ਨਾਮ ਨਾਲ ਜੋੜਦਾ[35] ਹੈ ।
ਗਿਆਨ[36] ਅੰਜਨੁ[37] ਸਤਿਗੁਰ ਤੇ[38] ਹੋਇ[39] ॥	The salve[37] of Divine Knowledge[36] is obtained[39] from[38] the True Guru.	ਬ੍ਰਹਮ ਗਿਆਤ[36] ਦਾ ਸੁਰਮਾ[37], ਸੱਚੇ ਗੁਰਾਂ ਪਾਸੋਂ[38] ਪਰਾਪਤ[39] ਹੁੰਦਾ ਹੈ ।
ਰਾਮ ਨਾਮੁ ਰਵਿ[40] ਰਹਿਆ ਤਿਹੁ ਲੋਇ[41] ॥੩॥	The Lord's Name is pervading[40] the three worlds[41].	ਪ੍ਰਭੂ ਦਾ ਨਾਮ ਤਿੰਨਾਂ ਹੀ ਜਹਾਨਾਂ[41] ਅੰਦਰ ਵਿਆਪਕ[40] ਹੋ ਰਿਹਾ ਹੈ ।
ਕਲਿਜੁਗ ਮਹਿ[42] ਹਰਿ ਜੀਉ ਏਕੁ ਹੋਰ ਰੁਤਿ[43] ਨ ਕਾਈ ॥	The Dark age is the time to sow the One Lord's Name within[42] the mind. It is not the season[43] to sow aught else.	ਕਲਯੁਗ ਇਕ ਪ੍ਰਭੂ ਦੇ ਨਾਮ ਨੂੰ ਹਿਰਦੇ ਅੰਦਰ[42] ਬੀਜਣ ਦਾ ਸਮਾਂ ਹੈ । ਇਹ ਹੋਰ ਕੁਛ ਬੀਜਣ ਦਾ ਮੌਸਮ[43] ਨਹੀਂ ।
ਨਾਨਕ ਗੁਰਮੁਖਿ[44] ਹਿਰਦੈ[45]	By the Guru's grace[44], O Nanak,	ਗੁਰਾਂ ਦੀ ਦਇਆ[44] ਦੁਆਰਾ ਹੇ ਨਾਨਕ ! ਤੂੰ ਆਪਣੇ

ਰਾਮ ਨਾਮੁ ਲੇਹੁ ਜਮਾਈ[46] ॥੪॥੧੦॥	grow[46] thou the Lord's Name within thy mind[45].	ਰਿਦੇ[45] ਅੰਦਰ ਪ੍ਰਭੂ ਦੇ ਨਾਮ ਨੂੰ ਪੈਦਾ[46] ਕਰ।
ਭੈਰਉ ਮਹਲਾ ੩ ਘਰੁ ੨	Bhairo 3rd Guru	ਭੈਰਉ ਤੀਜੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਦੁਬਿਧਾ[47] ਮਨਮੁਖ[48] ਰੋਗਿ[49] ਵਿਆਪੇ[50] ਤ੍ਰਿਸਨਾ[51] ਜਲਹਿ[52] ਅਧਿਕਾਈ[53] ॥	The apostates[48] are afflicted[50] with the disease[49] of duality[47] and excessively[53] burn[52] in desire[51].	ਅਧਰਮੀ[48] ਦਵੈਤਭਾਵ[47] ਦੀ ਬੀਮਾਰੀ[49] ਨਾਲ ਗ੍ਰਸੇ ਹੋਏ[50] ਹਨ ਅਤੇ ਖਾਹਿਸ਼[51] ਅੰਦਰ ਬਹੁਤ[53] ਹੀ ਮਚਦੇ[52] ਹਨ।
ਮਰਿ ਮਰਿ ਜੰਮਹਿ ਠਉਰ[54] ਨ ਪਾਵਹਿ ਬਿਰਥਾ[55] ਜਨਮੁ[56] ਗਵਾਈ[57] ॥੧॥	They repeatedly die and are reborn and find no place[54] of rest. Their life[56], they waste away[57] in vain[55].	ਉਹ ਮੁੜ ਮੁੜ ਕੇ ਮਰਦੇ ਅਤੇ ਜੰਮਦੇ ਹਨ ਅਤੇ ਉਨ੍ਹਾਂ ਨੂੰ ਕੋਈ ਆਰਾਮ ਦੀ ਥਾਂ[54] ਨਹੀਂ ਮਿਲਦੀ। ਆਪਣੇ ਜੀਵਨ[56] ਨੂੰ ਉਹ ਬੇਫ਼ਾਇਦਾ[55] ਹੀ ਵੰਞਾ ਲੈਂਦੇ[57] ਹਨ।
ਮੇਰੇ ਪ੍ਰੀਤਮ[58] ਕਰਿ[59] ਕਿਰਪਾ[60] ਦੇਹੁ ਬੁਝਾਈ[61] ॥	My Beloved[58], showering[59] Thy benediction[60], make Thou me understand[61] Thee.	ਮੇਰੇ ਪਿਆਰਿਆ[58], ਆਪਣੀ ਮਿਹਰ[60] ਧਾਰ ਕੇ[59] ਤੂੰ ਮੈਨੂੰ ਆਪਣਾ ਆਪ ਦਰਸਾ[61] ਦੇ।
ਹਉਮੈ[62] ਰੋਗੀ[63] ਜਗਤੁ[64] ਉਪਾਇਆ[65] ਬਿਨੁ ਸਬਦੈ[66] ਰੋਗੁ ਨ ਜਾਈ[67] ॥੧॥ ਰਹਾਉ॥	O Lord, the world[64] created[65] by Thee, is involved in the malady[63] of self-conceit[62], and without the Name[66] this malady is eradicated[67] not. Pause.	ਹੇ ਸੁਆਮੀ! ਤੇਰੀ ਰਚੀ[65] ਹੋਈ ਦੁਨੀਆ[64] ਸਵੈ-ਹੰਗਤਾ[62] ਦੀ ਬੀਮਾਰੀ[63] ਅੰਦਰ ਗ੍ਰਸੀ ਹੋਈ ਹੈ ਅਤੇ ਨਾਮ[66] ਦੇ ਬਗ਼ੈਰ ਇਹ ਬੀਮਾਰੀ ਦੂਰ[67] ਨਹੀਂ ਹੁੰਦੀ। ਠਹਿਰਾਉ।
ਸਿੰਮ੍ਰਿਤਿ ਸਾਸਤ੍ਰ ਪੜਹਿ[68] ਮੁਨਿ[69] ਕੇਤੇ[70] ਬਿਨੁ ਸਬਦੈ ਸੁਰਤਿ[71] ਨ ਪਾਈ ॥	Good many[70] silent sages[69] read[68] Simirtis and Shashtras, but without the Lord's Name; they attain not understanding[71].	ਅਨੇਕਾਂ[70] ਹੀ ਖਾਮੋਸ਼ ਰਿਸ਼ੀ[69] ਸਿਮ੍ਰਤੀਆਂ ਅਤੇ ਸ਼ਾਸਤਰਾਂ ਨੂੰ ਵਾਚਦੇ[68] ਹਨ ਪ੍ਰੰਤੂ ਪ੍ਰਭੂ ਦੇ ਨਾਮ ਦੇ ਬਾਝੋਂ ਉਨ੍ਹਾਂ ਨੂੰ ਗਿਆਤ[71] ਪਰਾਪਤ ਨਹੀਂ ਹੁੰਦੀ।
ਤ੍ਰੈ ਗੁਣ[72] ਸਭੇ ਰੋਗਿ ਵਿਆਪੇ ਮਮਤਾ[73] ਸੁਰਤਿ[74] ਗਵਾਈ[75] ॥੨॥	All the mortals of three qualities[72] are involved in disease and through worldly love[73] lose[75] their Divine consciousness[74].	ਤਿੰਨਾਂ ਲਛਣਾਂ[72] ਵਾਲੇ ਸਮੂਹ ਪ੍ਰਾਨੀ ਬੀਮਾਰੀ ਅੰਦਰ ਗ੍ਰਸੇ ਹੋਏ ਹਨ ਅਤੇ ਸੰਸਾਰੀ ਮੋਹ[73] ਰਾਹੀਂ ਆਪਣੀ ਈਸ਼ਵਰੀ-ਗਿਆਤ[74] ਨੂੰ ਗੁਆ ਲੈਂਦੇ[75] ਹਨ।
ਇਕਿ ਆਪੇ ਕਾਢਿ[76] ਲਏ ਪ੍ਰਭਿ ਆਪੇ ਗੁਰ ਸੇਵਾ[77] ਪ੍ਰਭਿ ਲਾਏ[78] ॥	O Lord Master, Thou of Thyself savest[76] some and Thyself yokest[78] them to the service[77] of the Guru.	ਹੇ ਸੁਆਮੀ ਮਾਲਕ! ਕਈਆਂ ਨੂੰ ਤੂੰ ਖ਼ੁਦ ਹੀ ਕਢ[76] ਲੈਂਦਾ ਹੈਂ ਅਤੇ ਖ਼ੁਦ ਹੀ ਉਨ੍ਹਾਂ ਨੂੰ ਗੁਰਾਂ ਦੀ ਟਹਿਲ ਸੇਵਾ[77] ਅੰਦਰ[78] ਜੋੜ ਦਿੰਦਾ ਹੈਂ।
ਹਰਿ ਕਾ ਨਾਮੁ ਨਿਧਾਨੋ[79] ਪਾਇਆ[80] ਸੁਖੁ[81] ਵਸਿਆ ਮਨਿ ਆਏ ॥੩॥	They are blessed[80] with the treasure[79] of God's Name and peace[81] comes to bide within their mind.	ਉਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦਾ ਖ਼ਜ਼ਾਨਾ[79] ਪਰਦਾਨ[80] ਹੋ ਜਾਂਦਾ ਹੈ ਅਤੇ ਠੰਢ-ਚੈਨ[81] ਆ ਕੇ ਉਨ੍ਹਾਂ ਦੇ ਹਿਰਦੇ ਅੰਦਰ ਟਿਕ ਜਾਂਦੀ ਹੈ।

ਚਉਥੀ ਪਦਵੀ[82]ਗੁਰਮੁਖਿ[83] ਵਰਤਹਿ[84] ਤਿਨ[85] ਨਿਜ ਘਰਿ ਵਾਸਾ ਪਾਇਆ ॥	The Guru-wards[83] abide[84] in the fourth state[82]. They[85] acquire an abode in their own Home.	ਗੁਰੂ-ਸਮਰਪਣ[83] ਚੌਥੀ ਅਵਸਥਾ[82] ਅੰਦਰ ਵਿਚਰਦੇ[84] ਹਨ। ਉਨ੍ਹਾਂ[85] ਨੂੰ ਆਪਣੇ ਨਿਜ ਦੇ ਗ੍ਰਿਹ ਅੰਦਰ ਵਸੇਬਾ ਪਰਾਪਤ ਹੋ ਜਾਂਦਾ ਹੈ।
ਪੂਰੈ[86] ਸਤਿਗੁਰਿ ਕਿਰਪਾ[87] ਕੀਨੀ[88] ਵਿਚਹੁ[89] ਆਪੁ[90] ਗਵਾਇਆ[91] ॥੪॥	The Perfect[86] True Guru shows[88] mercy[87] unto them and they banish[91] their self-conceit[90] from within[89] them.	ਪੂਰਨ[86] ਸੱਚੇ ਗੁਰੂ ਜੀ ਉਨ੍ਹਾਂ ਤੇ ਮਿਹਰ[87] ਧਾਰਦੇ[88] ਹਨ ਅਤੇ ਉਹ ਆਪਣੀ ਸਵੈ-ਹੰਗਤਾ[90] ਨੂੰ ਆਪਣੇ ਅੰਦਰੋਂ[89] ਦੂਰ[91] ਕਰ ਦਿੰਦੇ ਹਨ।
ਏਕਸੁ[92] ਕੀ ਸਿਰਿ[93] ਕਾਰ[94] ਏਕ[95] ਜਿਨਿ ਬ੍ਰਹਮਾ ਬਿਸਨੁ ਰੁਦ੍ਰੁ[96] ਉਪਾਇਆ[97] ॥	The One Lord[95], who created[97] Brahma, Vishnu and Shiva[96], has enjoined upon everyone[93], His service[94] alone[92].	ਇਕ ਸੁਆਮੀ[95] ਨੇ, ਜਿਸ ਨੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ[96] ਰਚੇ[97] ਹਨ, ਹਰ ਜਣੇ[93] ਦੇ ਜ਼ਿਮੇਂ ਕੇਵਲ[92] ਆਪਣੀ ਸੇਵਾ[94] ਹੀ ਲਾਈ ਹੈ।
ਨਾਨਕ ਨਿਹਚਲੁ[98] ਸਾਚਾ ਏਕੋ[99] ਨਾ ਓਹੁ ਮਰੈ ਨ ਜਾਇਆ[100] ॥੫॥੧॥੧੧॥	Nanak, ever-stable[98] is the One True Lord[99]. He neither dies, nor is born[100].	ਨਾਨਕ ਸਦੀਵੀ ਸਥਿਰ[98] ਹੈ ਇਕ ਸੱਚਾ ਸੁਆਮੀ[99], ਉਹ ਨਾ ਮਰਦਾ ਹੈ ਅਤੇ ਨਾ ਹੀ ਜੰਮਦਾ[100] ਹੈ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਮਨਮੁਖਿ[2] ਦੁਬਿਧਾ[3] ਸਦਾ ਹੈ ਰੋਗੀ[4] ਰੋਗੀ ਸਗਲ ਸੰਸਾਰਾ ॥	The egocentric[2] is ever diseased[4] with the disease of duality[3]. With this disease the entire world is diseased.	ਆਪ ਹੁਦਰਾ[2] ਦਵੈਤ-ਭਾਵ[3] ਦੀ ਬੀਮਾਰੀ ਨਾਲ ਸਦੀਵ ਹੀ ਬੀਮਾਰ[4] ਰਹਿੰਦਾ ਹੈ। ਇਸ ਬੀਮਾਰੀ ਨਾਲ ਸਾਰਾ ਜਹਾਨ ਹੀ ਬੀਮਾਰ ਹੋਇਆ ਹੋਇਆ ਹੈ।
ਗੁਰਮੁਖਿ[5] ਬੂਝਹਿ[6] ਰੋਗੁ[7] ਗਵਾਵਹਿ[8] ਗੁਰ ਸਬਦੀ[9] ਵੀਚਾਰਾ[10] ॥੧॥	Realising[6] the Reality and reflecting[10] over the Guru's word[9], the Lord-concious being[5] is rid[8] of this ailment[7].	ਅਸਲੀਅਤ ਨੂੰ ਅਨੁਭਵ[6] ਕਰਨ, ਗੁਰਾਂ ਦੀ ਬਾਣੀ[9] ਨੂੰ ਸੋਚਨ ਸਮਝਨ[10] ਤੇ ਸੁਆਮੀ ਨੂੰ ਜਾਣਨ ਵਾਲਾ[5] ਜੀਵ ਇਸ ਜ਼ਹਿਮਤ[7] ਤੋਂ ਖ਼ਲਾਸੀ[8] ਪਾ ਜਾਂਦਾ ਹੈ।
ਹਰਿ ਜੀਉ[12] ਸਤਸੰਗਤਿ ਮੇਲਾਇ[13] ॥	My Reverend[12] Lord, unite[13] Thou me with the society of saints.	ਮੇਰੇ ਪੂਜਯ[12] ਪ੍ਰਭੂ! ਤੂੰ ਮੈਨੂੰ ਸਾਧ ਸੰਗਤ ਨਾਲ ਜੋੜ[13] ਦੇ।
ਨਾਨਕ ਤਿਸ[14] ਨੋ ਦੇਇ[15] ਵਡਿਆਈ[16] ਜੋ ਰਾਮ ਨਾਮਿ ਚਿਤੁ[17] ਲਾਇ[18] ॥੧॥ਰਹਾਉ॥	O Nanak, the Lord blesses[15] him[14] with glory[16], who fixes[18] his mind[17] with His Name. Pause.	ਹੇ ਨਾਨਕ! ਪ੍ਰਭੂ ਉਸ[14] ਨੂੰ ਪ੍ਰਭਤਾ[16] ਪਰਦਾਨ[15] ਕਰਦਾ ਹੈ, ਜੋ ਉਸ ਦੇ ਨਾਮ ਨਾਲ ਆਪਣੇ ਮਨ[17] ਨੂੰ ਜੋੜਦਾ[18] ਹੈ। ਠਹਿਰਾਉ।
ਮਮਤਾ[19] ਕਾਲਿ[20] ਸਭਿ[21] ਰੋਗਿ[22] ਵਿਆਪੇ[23] ਤਿਨ[24] ਜਮ[25] ਕੀ ਹੈ ਸਿਰਿ ਕਾਰਾ[26] ॥	Death[20] punishes them all[21], who are involved[23] in the ailment[22] of worldly love[19]. They[24] are the subject[26] of the death's courier[25].	ਉਨ੍ਹਾਂ ਸਾਰਿਆਂ[21] ਨੂੰ ਮੌਤ[20] ਸਜ਼ਾ ਦਿੰਦੀ ਹੈ ਜੋ ਸੰਸਾਰੀ ਮੋਹ[19] ਦੀ ਬੀਮਾਰੀ[22] ਅੰਦਰ ਗ੍ਰਸੇ[23] ਹੋਏ ਹਨ। ਉਹ[24] ਮੌਤ ਦੇ ਦੂਤ[25] ਦੀ ਪਰਜਾ[26] ਹਨ।
ਗੁਰਮੁਖਿ[27] ਪ੍ਰਾਣੀ[28] ਜਮੁ[29] ਨੇੜਿ[32] ਨ ਆਵੈ ਜਿਨ	Death's myrmidon[29] comes not near[32] the [27]holyman[28], who keeps	ਮੌਤ ਦਾ ਫ਼ਰਿਸ਼ਤਾ[29] ਉਸ ਨੇਕ[27] ਬੰਦੇ[28] ਦੇ ਨਜ਼ਦੀਕ[32] ਨਹੀਂ ਆਉਂਦਾ ਜੋ ਵਾਹਿਗੁਰੂ ਨੂੰ ਆਪਣੇ ਦਿਲ[30] ਅੰਦਰ

ਹਰਿ ਰਾਖਿਆ ਉਰਿ[30] ਧਾਰਾ[31] ॥੨॥	God enshrined[31] within his mind[30].	ਟਿਕਾਈ[31] ਰਖਦਾ ਹੈ।
ਜਿਨ ਹਰਿ ਕਾ ਨਾਮੁ ਨ ਗੁਰਮੁਖਿ[32]* ਜਾਤਾ[33] ਸੇ[34] ਜਗ ਮਹਿ[35] ਕਾਹੇ[36] ਆਇਆ ॥	He who knows[33] not the Lord's Name, through the Guru[32]*; why[36] did he[34] come into[35] this world ?	ਜੋ ਗੁਰਾਂ ਦੇ ਰਾਹੀਂ[32]* ਪ੍ਰਭੂ ਦੇ ਨਾਮ ਨੂੰ ਨਹੀਂ ਜਾਣਦਾ[33]; ਉਹ[34] ਇਸ ਜਹਾਨ ਵਿਚ[35] ਕਿਉਂ[36] ਆਇਆ ਸੀ ?
ਗੁਰ ਕੀ ਸੇਵਾ[37] ਕਦੇ[38] ਨ ਕੀਨੀ ਬਿਰਥਾ[39] ਜਨਮੁ[40] ਗਵਾਇਆ ॥੩॥	He serves[37] not the Guru ever[38] and loses his life[40] in vain[39].	ਉਹ ਕਦਾਚਿਤ[38] ਗੁਰਾਂ ਦੀ ਘਾਲ[37] ਨਹੀਂ ਕਮਾਉਂਦਾ ਅਤੇ ਆਪਣਾ ਜੀਵਨ[40] ਬੇਫ਼ਾਇਦਾ[39] ਗੁਆ ਲੈਂਦਾ ਹੈ।
ਨਾਨਕ ਸੇ ਪੂਰੇ[41] ਵਡਭਾਗੀ ਸਤਿਗੁਰ ਸੇਵਾ ਲਾਏ[42] ॥	Nanak, perfectly[41] fortunate are they, whom the True Guru yokes[42] to his service.	ਨਾਨਕ ਪੂਰਨ[41] ਚੰਗੇ ਨਸੀਬਾਂ ਵਾਲੇ ਹਨ ਉਹ ਜਿਨ੍ਹਾਂ ਨੂੰ, ਸਚੇ ਗੁਰੂ ਜੀ ਆਪਣੀ ਘਾਲ ਵਿਚ ਜੋੜਦੇ[42] ਹਨ।
ਜੋ ਇਛਹਿ[43] ਸੋਈ[44] ਫਲੁ[45] ਪਾਵਹਿ ਗੁਰਬਾਣੀ ਸੁਖੁ ਪਾਏ[46] ॥੪॥੨॥੧੨॥	They obtain the[44] fruit[45], which they desire[43], and are blessed[46] with peace through the Guru's word.	ਜਿਹੜਾ ਮੇਵਾ[45] ਉਹ ਚਾਹੁੰਦੇ[43] ਹਨ, ਉਸ ਨੂੰ[44] ਹੀ ਉਹ ਪਾ ਲੈਂਦੇ ਹਨ। ਗੁਰਾਂ ਦੀ ਬਾਣੀ ਰਾਹੀਂ ਉਨ੍ਹਾਂ ਨੂੰ ਠੰਢ-ਚੈਨ ਦੀ ਦਾਤ[46] ਮਿਲਦੀ ਹੈ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ[47] ਕਮਾਇ[48] ॥	In pain man is born, in pain he perishes and in pain he does[48] his deeds[47].	ਤਕਲੀਫ਼ ਅੰਦਰ ਇਨਸਾਨ ਜੰਮਦਾ ਹੈ, ਤਕਲੀਫ਼ ਅੰਦਰ ਉਹ ਮਰ ਜਾਂਦਾ ਹੈ ਅਤੇ ਤਕਲੀਫ਼ ਅੰਦਰ ਹੀ ਉਹ ਆਪਣੇ ਵਿਹਾਰ[47] ਕਰਦਾ[48] ਹੈ।
੧੧੩੧	**1131**	**੧੧੩੧**
ਗਰਭ[49] ਜੋਨੀ[50] ਵਿਚਿ ਕਦੇ[51] ਨ ਨਿਕਲੈ[55] ਬਿਸਟਾ[52] ਮਾਹਿ[53] ਸਮਾਇ[54] ॥੧॥	He is released[55] not of the womb[49] existences[50] ever[51] and putrefies[54] in[53] ordure[52].	ਉਸ ਦੀ ਪੇਟ[49] ਦੀਆਂ ਜੂਨੀਆਂ[50] ਵਿਚੋਂ ਕਦਾਚਿਤ[51] ਖ਼ਲਾਸੀ[55] ਨਹੀਂ ਹੁੰਦੀ ਅਤੇ ਉਹ ਗੰਦਗੀ[52] ਅੰਦਰ[53] ਹੀ ਗਲ-ਸੜ[54] ਜਾਂਦਾ ਹੈ।
ਧ੍ਰਿਗੁ[56] ਧ੍ਰਿਗੁ ਮਨਮੁਖਿ[57] ਜਨਮੁ[58] ਗਵਾਇਆ[59] ॥	Accursed[56], accursed is the egocentric[57] who makes away[59] with his life[58].	ਲਾਨ੍ਹਤ ਮਾਰਿਆ[56], ਲਾਨ੍ਹਤ ਮਾਰਿਆ ਹੈ ਆਪ-ਹੁਦਰਾ[57] ਜੋ ਆਪਣੇ ਜੀਵਨ[58] ਨੂੰ ਗੁਆ ਲੈਂਦਾ[59] ਹੈ।
ਪੂਰੇ[60] ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ[61] ॥੧॥ਰਹਾਉ॥	He serves not the Perfect[60] Guru and loves[61] nor the Lord's Name. Pause.	ਉਹ ਪੂਰਨ[60] ਗੁਰਾਂ ਦੀ ਘਾਲ ਨਹੀਂ ਕਮਾਉਂਦਾ ਅਤੇ ਪ੍ਰਭੂ ਦੇ ਨਾਮ ਨੂੰ ਪਿਆਰ[61] ਨਹੀਂ ਕਰਦਾ। ਠਹਿਰਾਉ।
ਗੁਰ ਕਾ ਸਬਦੁ[62] ਸਭਿ ਰੋਗ[63] ਗਵਾਏ[64] ਜਿਸ ਨੋ ਹਰਿ ਜੀਉ[65] ਲਾਏ[66] ॥	Guru's word[62] eradicates[64] all the diseases[63]. He alone attaches to the word, whom the Reverend[65] Lord attaches[66].	ਗੁਰਾਂ ਦੀ ਬਾਣੀ[62] ਸਾਰੀਆਂ ਬੀਮਾਰੀਆਂ[63] ਨੂੰ ਦੂਰ[64] ਕਰ ਦਿੰਦੀ ਹੈ। ਕੇਵਲ ਉਹ ਹੀ ਬਾਣੀ ਨਾਲ ਜੁੜਦਾ ਹੈ, ਜਿਸ ਨੂੰ ਪੂਜਯ[65] ਪ੍ਰਭੂ ਜੋੜਦਾ[66] ਹੈ।
ਨਾਮੇ[67] ਨਾਮਿ ਮਿਲੈ ਵਡਿਆਈ[68] ਜਿਸ ਨੋ	Through the Name of the Name-incarnate[67] Lord, honour[68] is	ਨਾਮ-ਸਰੂਪ[67] ਸਾਈਂ ਦੇ ਨਾਮ ਰਾਹੀਂ ਇਜ਼ਤ-ਆਬਰੂ[68] ਪ੍ਰਾਪਤ ਹੁੰਦੀ ਹੈ। ਕੇਵਲ ਉਹ ਹੀ ਇਸ ਨੂੰ ਪਾਉਂਦਾ ਹੈ,

ਮੰਨਿ ਵਸਾਏ[69] ॥੨॥	obtained. He alone receives it within whose mind the Lord enshrines[69] Name.	ਜਿਸ ਦੇ ਰਿਦੇ ਅੰਦਰ ਪ੍ਰਭੂ ਆਪਣਾ ਨਾਮ ਟਿਕਾਉਂਦਾ[69] ਹੈ।
ਸਤਿਗੁਰੁ ਭੇਟੈ[70] ਤਾ[71] ਫਲੁ ਪਾਏ ਸਚੁ ਕਰਣੀ[72] ਸੁਖ ਸਾਰੁ[73] ॥	If man meets[70] with the True Guru, then[71] gathers he the fruit. The true way of life[72] is the most sublime[73] bliss.	ਜੇਕਰ ਬੰਦਾ ਸੱਚੇ ਗੁਰਾਂ ਨੂੰ ਮਿਲ ਪਵੇ[70], ਤਦ[71] ਉਹ ਮੇਵਾ ਪਾ ਲੈਂਦਾ ਹੈ। ਸੱਚੀ ਜੀਵਨ[72] ਰਹੁ ਰੀਤੀ ਹੀ ਪਰਮ ਸਰੇਸ਼ਟ[73] ਖ਼ੁਸ਼ੀ ਹੈ।
ਸੇ ਜਨ[74] ਨਿਰਮਲ[75] ਜੋ ਹਰਿ ਲਾਗੇ[76] ਹਰਿ ਨਾਮੇ ਧਰਹਿ[77] ਪਿਆਰੁ[78] ॥ ੩ ॥	Immaculate[75] are the persons[74], who are attached[76] to the Lord God, and who enshrine[77]love[78], for His Name.	ਪਵਿੱਤ੍ਰ[75] ਹਨ ਉਹ ਪੁਰਸ਼[74], ਜੋ ਸਾਈਂ ਹਰੀ ਨਾਲ ਜੁੜੇ[76] ਹੋਏ ਹਨ ਅਤੇ ਜੋ ਉਸ ਦੇ ਨਾਮ ਨਾਲ ਪ੍ਰੇਮ[78] ਕਰਦੇ[77] ਹਨ।
ਤਿਨ ਕੀ ਰੇਣੁ[79] ਮਿਲੈ ਤਾਂ[80] ਮਸਤਕਿ[81] ਲਾਈ[82] ਜਿਨ ਸਤਿਗੁਰੁ ਪੂਰਾ[83] ਧਿਆਇਆ[84] ॥	If I obtain the dust[79] of the feet of those, who contemplate[84] on my Perfect[83] True Guru; then[80] with that I will anoint[82] my forehead[81]	ਜੇਕਰ ਮੈਨੂੰ ਉਨ੍ਹਾਂ ਦੇ ਪੈਰਾਂ ਦੀ ਧੂੜ[79] ਪਰਾਪਤ ਹੋ ਜਾਵੇ, ਜੋ ਮੇਰੇ ਪੂਰਨ[83] ਸਚੇ ਗੁਰਾਂ ਨੂੰ ਆਰਾਧਦੇ[84] ਹਨ; ਤਦ[80] ਉਸ ਨੂੰ ਮੈਂ ਆਪਣੇ ਮਥੇ[81] ਨੂੰ ਲਾਵਾਂਗਾ[82]।
ਨਾਨਕ ਤਿਨ ਕੀ ਰੇਣੁ ਪੂਰੈ[85] ਭਾਗਿ[86] ਪਾਈਐ ਜਿਨੀ ਰਾਮ ਨਾਮਿ ਚਿਤੁ[87] ਲਾਇਆ[88]॥੩॥੪॥੧੩॥	Nanak, through perfect[85] destiny[86]is obtained the dust of the feet of those who fix[88] their mind[87] with the Lord's Name.	ਨਾਨਕ, ਪੂਰਨ[85] ਪ੍ਰਾਲਭਦ[86] ਰਾਹੀਂ ਉਨ੍ਹਾਂ ਦੇ ਪੈਰਾਂ ਦੀ ਧੂੜ ਪਰਾਪਤ ਹੁੰਦੀ ਹੈ ਜੋ ਪ੍ਰਭੂ ਦੇ ਨਾਮ ਨਾਲ ਆਪਣੇ ਮਨ[87] ਨੂੰ ਜੋੜਦੇ[88] ਹਨ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ॥
ਸਬਦੁ[89] ਬੀਚਾਰੇ[90] ਸੋ[91] ਜਨੁ[92] ਸਾਚਾ ਜਿਨ ਕੈ ਹਿਰਦੈ[93] ਸਾਚਾ ਸੋਈ[94] ॥	True is the[91] person[92], who reflects[90] on the Name[89] and within whose mind[93] is He[94], the True Lord.	ਸੱਚਾ ਹੈ ਉਹ[91] ਪੁਰਸ਼[92] ਜੋ ਨਾਮ[89] ਦਾ ਚਿੰਤਨ[90] ਕਰਦਾ ਹੈ ਅਤੇ ਜਿਸ ਦੇ ਮਨ[93] ਅੰਦਰ ਉਹ[94] ਸੱਚਾ ਸੁਆਮੀ ਹੈ।
ਸਾਚੀ ਭਗਤਿ[95] ਕਰਹਿ ਦਿਨੁ ਰਾਤੀ ਤਾਂ[96] ਤਨਿ[97] ਦੂਖੁ[98] ਨ ਹੋਈ ॥੧॥	If man performs the Lord's true service[95] day and night, then[96] his body[97] suffers not sorrow[98].	ਜੇਕਰ ਬੰਦਾ ਦਿਨ ਰਾਤ ਸੁਆਮੀ ਦੀ ਸੱਚੀ ਸੇਵਾ[95] ਕਮਾਵੇ ਤਦ[96] ਉਸ ਦਾ ਸਰੀਰ[97] ਤਕਲੀਫ਼[98] ਨਹੀਂ ਉਠਾਉਂਦਾ।
ਭਗਤੁ[99] ਭਗਤੁ ਕਹੈ ਸਭੁ[100] ਕੋਈ ॥	Devotee of God[99], devotee of God, every one[100] says, he is.	ਹਰ ਕੋਈ[100] ਆਖਦਾ ਹੈ ਕਿ ਉਹ ਰੱਬ ਦਾ ਸ਼ਰਧਾਲੂ[99], ਰੱਬ ਦਾ ਸ਼ਰਧਾਲੂ ਹੈ।
ਬਿਨੁ ਸਤਿਗੁਰ ਸੇਵੇ ਭਗਤਿ[2] ਨ ਪਾਈਐ ਪੂਰੈ[3] ਭਾਗਿ[4] ਮਿਲੈ ਪ੍ਰਭੁ ਸੋਈ[5] ॥ ੧॥ਰਹਾਉ॥	Without serving the True Guru, Divine devotion[2] is obtained not. Through perfect[3] destiny[4], He[5], the Lord is met. Pause.	ਸੱਚੇ ਗੁਰਾਂ ਦੀ ਘਾਲ ਕਮਾਉਣ ਦੇ ਬਾਝੋਂ ਰਬੀ ਅਨੁਰਾਗ[2] ਪਾਇਆ ਨਹੀਂ ਜਾਂਦਾ। ਪੂਰਨ[3] ਪ੍ਰਾਲਭਦ[4] ਰਾਹੀਂ ਉਹ[5] ਸਾਈਂ ਮਿਲਦਾ ਹੈ। ਠਹਿਰਾਉ।
ਮਨਮੁਖ[10] ਮੂਲੁ[6] ਗਵਾਵਹਿ[7] ਲਾਭੁ ਮਾਗਹਿ ਲਾਹਾ[8] ਲਾਭੁ ਕਿਦੂ[9] ਹੋਈ ॥	The perverse persons[10], lose[7] their capital[6] and ask for profit[8]. How[9] can they gather profit ?	ਪ੍ਰਤੀਕੂਲ ਪੁਰਸ਼[10] ਆਪਣੀ ਮੂੜੀ[6] ਗੁਆ[7] ਲੈਂਦੇ ਹਨ ਅਤੇ ਮੁਨਾਫ਼ਾ[8] ਮੰਗਦੇ ਹਨ। ਉਨ੍ਹਾਂ ਨੂੰ ਮੁਨਾਫ਼ਾ ਕਿਥੋਂ[9] ਹੋ ਸਕਦਾ ਹੈ?
*10ਜਮਕਾਲੁ[12] ਸਦਾ ਹੈ	Death's[12] minister[10*] is over their	ਮੌਤ[12] ਦਾ ਦੂਤ[10*] ਹਮੇਸ਼ਾ ਹੀ ਉਨ੍ਹਾਂ ਦੇ ਸਿਰ ਤੇ ਹੈ

ਸਿਰ ਊਪਰਿ ਦੂਜੈ[13]ਭਾਇ[14] ਪਤਿ[15] ਖੋਈ[16] ॥੨॥

head and through the love[14] of another[13], they lose[16] their honour[15].

ਅਤੇ ਦਵੈਤ[13]-ਭਾਵ[14] ਅੰਦਰ ਉਹ ਆਪਣੀ ਇਜ਼ਤ[15] ਗੁਆ ਲੈਂਦੇ[16] ਹਨ।

ਬਹਲੇ[17] ਭੇਖ[18] ਭਵਹਿ[19] ਦਿਨੁ ਰਾਤੀ ਹਉਮੈ[20] ਰੋਗੁ[21] ਨ ਜਾਈ[22] ॥

Assuming many[17] garbs[18], they wander[19] about day and night and their ailment[21] of ego[20] is eradicated[22] not.

ਬਹੁਤੇ[17] ਭੇਸ[18] ਧਾਰ ਕੇ ਉਹ ਦਿਨ ਰਾਤ ਭਟਕਦੇ[19] ਫਿਰਦੇ ਹਨ ਅਤੇ ਉਨ੍ਹਾਂ ਦੀ ਹੰਗਤਾ[20] ਦੀ ਬੀਮਾਰੀ[21] ਦੂਰ[22] ਨਹੀਂ ਹੁੰਦੀ।

ਪੜਿ ਪੜਿ[23] ਲੂਝਹਿ[24] ਬਾਦੁ[25]ਵਖਾਣਹਿ[26] ਮਿਲਿ[27] ਮਾਇਆ[28] ਸੁਰਤਿ[29] ਗਵਾਈ[30] ॥੩॥

Reading extensively[23] they quarrel[24] and enter[26] into controversies[25] and attached[27] to mammon[28] they lose[30] their Divine consciousness[29].

ਬਹੁਤ ਲਿਖ[23] ਪੜ੍ਹ ਕੇ ਉਹ ਬਖੇੜੇ[24] ਕਰਦੇ ਅਤੇ ਬਹਿਸ-ਮੁਬਾਹਿਸਿਆਂ[25] ਵਿਚ ਜੁਟਦੇ[26] ਹਨ ਅਤੇ ਧਨ-ਦੌਲਤ[28] ਨਾਲ ਜੁੜ[27] ਕੇ ਉਹ ਆਪਣੀ ਰੱਬੀ ਗਿਆਤ[29] ਗੁਆ[30] ਬਹਿੰਦੇ ਹਨ।

ਸਤਿਗੁਰੁ ਸੇਵਹਿ ਪਰਮ[31] ਗਤਿ[32] ਪਾਵਹਿ[33] ਨਾਮਿ ਮਿਲੈ ਵਡਿਆਈ[34] ॥

They, who serve the True Guru, are blessed[33] with the supreme[31] status[32] and through the Name attain to glory[34].

ਜੋ ਸਚੇ ਗੁਰਾਂ ਦੀ ਟਹਿਲ ਕਮਾਉਂਦੇ ਹਨ, ਉਨ੍ਹਾਂ ਨੂੰ ਮਹਾਨ[31] ਮਰਤਬੇ[32] ਦੀ ਦਾਤ[33] ਮਿਲਦੀ ਹੈ ਅਤੇ ਨਾਮ ਦੇ ਰਾਹੀਂ ਉਹ ਪ੍ਰਭਤਾ[34] ਨੂੰ ਪਰਾਪਤ ਹੁੰਦੇ ਹਨ।

ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ[35] ਸਾਚੈ ਪਤਿ[36] ਪਾਈ॥੪॥੪॥੧੪॥

Nanak, they within whose mind the Name abides; they obtain honour[36] in the True Court[35].

ਨਾਨਕ ਜਿਨ੍ਹਾਂ ਦੇ ਚਿਤ ਅੰਦਰ ਨਾਮ ਵਸਦਾ ਹੈ; ਉਹ ਸੱਚੇ ਦਰਬਾਰ[35] ਅੰਦਰ ਮਾਣ ਪ੍ਰਤਿਸ਼ਟਾ[36] ਪਾਉਂਦੇ ਹਨ।

ਭੈਰਉ ਮਹਲਾ ੩ ॥

Bhairo 3rd Guru.

ਭੈਰਉ ਤੀਜੀ ਪਾਤਿਸ਼ਾਹੀ ॥

ਮਨਮੁਖ[37] ਆਸਾ[38] ਨਹੀ ਉਤਰੈ[39] ਦੂਜੈ[40] ਭਾਇ[41] ਖੁਆਏ[42] ॥

The egocentrics[37] are rid[39] not of hope[38]. They are ruined[42] by the love[41] of another[40].

ਆਪ-ਹੁਦਰਿਆਂ[37] ਦੀ ਉਮੀਦ[38] ਤੋਂ ਖਲਾਸੀ[39] ਨਹੀਂ ਹੁੰਦੀ। ਹੋਰਸ[40] ਦੀ ਪ੍ਰੀਤ[41] ਨੇ ਉਨ੍ਹਾਂ ਨੂੰ ਤਬਾਹ[42] ਕਰ ਛਡਿਆ ਹੈ।

ਉਦਰੁ[43] ਨੈ[44] ਸਾਣੁ[45] ਨ ਭਰੀਐ ਕਬਹੂ[46] ਤ੍ਰਿਸਨਾ[47] ਅਗਨਿ[48] ਪਚਾਏ[49] ॥ ੧ ॥

Like[45] a stream[44], his belly[43] is filled not ever[46], and the fire[48] of desire[47] consumes[49] him.

ਨਦੀ[44] ਦੀ ਨਿਆਈਂ[45] ਉਸ ਦਾ ਢਿਡ[43] ਕਦੇ[46] ਭੀ ਨਹੀਂ ਭਰਦਾ ਅਤੇ ਖ਼ਾਹਿਸ਼[47] ਦੀ ਅੱਗ[48] ਉਸ ਨੂੰ ਖਾਈ[49] ਜਾਂਦੀ ਹੈ।

ਸਦਾ ਅਨੰਦੁ[50] ਰਾਮ ਰਸਿ[51] ਰਾਤੇ[52] ॥

Ever happy[50] are they, who are imbued[52] with the Lord's elixir[51].

ਸਦੀਵੀ ਪ੍ਰਸੰਨ[50] ਹਨ ਉਹ ਜੋ ਸੁਆਮੀ ਦੇ ਅੰਮ੍ਰਿਤ[51] ਨਾਲ ਰੰਗੀਜੇ[52] ਹਨ।

ਹਿਰਦੈ[53] ਨਾਮੁ ਦੁਬਿਧਾ[54] ਮਨਿ ਭਾਗੀ[55] ਹਰਿ ਹਰਿ ਅੰਮ੍ਰਿਤੁ[56] ਪੀ[57]ਤ੍ਰਿਪਤਾਤੇ[58] ॥੧॥ਰਹਾਉ॥

Within their heart[53] is the Lord's Name, and duality[54] flees[55] from their mind. Quaffing[57] the Lord God's Nectar[56], they remain satiated[58]. Pause.

ਉਨ੍ਹਾਂ ਦੇ ਦਿਲ[53] ਅੰਦਰ ਸੁਆਮੀ ਦਾ ਨਾਮ ਹੈ, ਅਤੇ ਦਵੈਤ-ਭਾਵ[54] ਉਨ੍ਹਾਂ ਕੋਲੋਂ ਦੌੜ[55] ਜਾਂਦਾ ਹੈ। ਸੁਆਮੀ ਹਰੀ ਦੇ ਸੁਧਾਰਸ[56] ਨੂੰ ਪਾਨ[57] ਕਰ ਉਹ ਰੱਜੇ[58] ਰਹਿੰਦੇ ਹਨ। ਠਹਿਰਾਉ।

ਆਪੇ[59] ਪਾਰਬ੍ਰਹਮੁ[60] ਸ੍ਰਿਸਟਿ[61] ਜਿਨਿ ਸਾਜੀ[62] ਸਿਰਿ ਸਿਰਿ[63] ਧੰਧੈ[64] ਲਾਏ[65] ॥

The Transcendent Lord[60], who created[62] the world[61], of Himself[59], yokes[65] all beings[63] to tasks[64].

ਪਰਮ ਪ੍ਰਭੂ[60] ਜਿਸ ਨੇ ਸੰਸਾਰ[61] ਰਚਿਆ[62] ਹੈ, ਖ਼ੁਦ[59] ਹੀ ਸਮੂਹ ਜੀਵਾਂ[63] ਨੂੰ ਕੰਮੀ-ਕਾਜੀਂ[64] ਲਾਉਂਦਾ[65] ਹੈ।

ਮਾਇਆ[66] ਮੋਹੁ[67] ਕੀਆ[68]

He the Lord, who, of Himself[71], has

ਉਹ ਸੁਆਮੀ, ਜਿਸ ਨੇ ਖ਼ੁਦ[71] ਧਨ-ਦੌਲਤ[66] ਦਾ

ਜਿਨਿ ਆਪੇ[71] ਆਪੇ ਦੂਜੈ[69] ਲਾਏ[70] ॥੨॥

created[68] love[67] for riches[66], of Himself, attaches[70] the mortals to duality[69].

ਪਿਆਰ[67] ਪੈਦਾ[68] ਕੀਤਾ ਹੈ, ਖ਼ੁਦ[71] ਹੀ ਪ੍ਰਾਨੀਆਂ ਨੂੰ ਹੋਰਸ ਦੀ ਪ੍ਰੀਤ[69] ਨਾਲ ਜੋੜਦਾ[70] ਹੈ ।

ਤਿਸ ਨੋ ਕਿਹੁ[72] ਕਹੀਐ[73] ਜੇ[74] ਦੂਜਾ[75] ਹੋਵੈ ਸਭਿ ਤੁਧੈ ਮਾਹਿ[76] ਸਮਾਏ[77] ॥

If[74] there be some one else[75], I may say[73] something[72] to him. Ultimately all merge[77] in[76] Thee.

ਜੇਕਰ[74] ਕੋਈ ਹੋਰ ਜਣਾ[75] ਹੋਵੇ, ਮੈਂ ਉਸ ਨੂੰ ਕੁਛ[72] ਕਹਾਂ[73] । ਓੜਕ ਨੂੰ ਸਾਰੇ ਤੇਰੇ ਅੰਦਰ[76] ਹੀ ਲੀਨ[77] ਹੋ ਜਾਂਦੇ ਹਨ ।

ਗੁਰਮੁਖਿ[78] ਗਿਆਨੁ[79] ਤਤੁ[80] ਬੀਚਾਰਾ[81] ਜੋਤੀ[82] ਜੋਤਿ[83] ਮਿਲਾਏ ॥੩॥

The God-conscious being[78] reflects[81] on the Reality[80] of gnosis[79] and his light[83] merges in the Supreme Light[82].

ਰਬ ਨੂੰ ਜਾਣਨ ਵਾਲਾ ਜੀਵ[78] ਬ੍ਰਹਮ ਵੀਚਾਰ[79] ਦੀ ਅਸਲੀਅਤ[80] ਨੂੰ ਸੋਚਦਾ ਸਮਝਦਾ[81] ਹੈ, ਤੇ ਉਸ ਦਾ ਨੂਰ[83] ਪਰਮ ਨੂਰ[82] ਨਾਲ ਮਿਲ ਜਾਂਦਾ ਹੈ ।

ਸੋ[84] ਪ੍ਰਭੁ ਸਾਚਾ ਸਦ[85] ਹੀ ਸਾਚਾ ਸਾਚਾ ਸਭੁ ਆਕਾਰਾ[86] ॥

True, ever[85] true is He[84], the Lord. Having emanated from Him all the forms[86] are true.

ਸੱਚਾ, ਸਦੀਵ[85] ਹੀ ਸੱਚਾ ਹੈ ਉਹ[84] ਸੁਆਮੀ । ਉਸ ਤੋਂ ਉਤਪੰਨ ਹੋਣ ਕਾਰਣ ਸਾਰੇ ਸਰੂਪ[86] ਸੱਚੇ ਹਨ ।

ਨਾਨਕ ਸਤਿਗੁਰਿ ਸੋਝੀ[87] ਪਾਈ ਸਚਿ ਨਾਮਿ ਨਿਸਤਾਰਾ[88] ॥੪॥੫॥੧੫॥

Nanak, the True Guru has made me understand[87], that through the True Name one is emancipated[88].

ਨਾਨਕ ਸੱਚੇ ਗੁਰਾਂ ਨੇ ਮੈਨੂੰ ਸਮਝ[87] ਦਰਸਾਈ ਹੈ ਕਿ ਸੱਚੇ ਨਾਮ ਦੇ ਰਾਹੀਂ ਬੰਦੇ ਦਾ ਪਾਰ ਉਤਾਰਾ[88] ਹੋ ਜਾਂਦਾ ਹੈ ।

ਭੈਰਉ ਮਹਲਾ ੩ ॥

Bhairo 3rd Guru.

ਭੈਰਉ ਤੀਜੀ ਪਾਤਿਸ਼ਾਹੀ ।

ਕਲਿ[89] ਮਹਿ ਪ੍ਰੇਤ[90] ਜਿਨੀ ਰਾਮੁ ਨ ਪਛਾਤਾ[91] ਸਤਜੁਗਿ[93] ਪਰਮਹੰਸ[91]* ਬੀਚਾਰੀ[92] ॥

In Gold age[93], men were supreme swans[91]*, for they reflected[92] on the Lord. In the Iron age[89], they who realise[91] not their Lord are but goblins[90].

ਸੁਨਹਿਰੀ ਸਮੇਂ[93] ਅੰਦਰ ਲੋਕ ਰਾਜ ਹੰਸ[91]* ਸਨ, ਕਿਉਂ ਜੋ ਉਹ ਸੁਆਮੀ ਦਾ ਸਿਮਰਨ ਕਰਦੇ[92] ਸਨ । ਕਾਲੇ ਸਮੇਂ[89] ਅੰਦਰ, ਜੋ ਸਾਈਂ ਨੂੰ ਅਨੁਭਵ[91] ਨਹੀਂ ਕਰਦੇ, ਉਹ ਨਿਰੇ ਜਿੰਨ-ਭੂਤ[90] ਹਨ ।

ਦੁਆਪੁਰਿ[94] ਤ੍ਰੇਤੈ[95] ਮਾਣਸ[99] ਵਰਤਹਿ[100] ਵਿਰਲੈ[96] ਹਉਮੈ[97] ਮਾਰੀ[98] ॥੧॥

In the Silver age[95] and Brass age[94] men[99] were[100] but men, but rare[96] was the man who silenced[98] his ego[97]

ਤਿੰਨਾਂ ਗੁਣਾਂ ਵਾਲੇ[95] ਸਮੇਂ ਅਤੇ ਦੋ ਗੁਣਾਂ ਵਾਲੇ[94] ਸਮੇਂ ਅੰਦਰ ਮਨੁਸ਼[99] ਕੇਵਲ ਮਨੁਸ਼ ਹੀ ਸਨ[100] ਪ੍ਰੰਤੂ ਕੋਈ ਇਕ ਅੱਧਾ[96] ਹੀ ਆਪਣੀ ਹੰਗਤਾ[97] ਨੂੰ ਮਾਰਦਾ[98] ਸੀ ।

੧੧੩੨

1132

੧੧੩੨

ਕਲਿ ਮਹਿ ਰਾਮ ਨਾਮਿ ਵਡਿਆਈ ॥

In the Dark age one obtains glory through the Lord's Name.

ਕਾਲੇ ਯੁਗ ਅੰਦਰ ਇਨਸਾਨ ਨੂੰ ਪ੍ਰਭੂ ਦੇ ਨਾਮ ਦੇ ਰਾਹੀਂ ਪ੍ਰਭਤਾ ਪਰਾਪਤ ਹੁੰਦੀ ਹੈ ।

ਜੁਗਿ ਜੁਗਿ ਗੁਰਮੁਖਿ[2] ਏਕੋ ਜਾਤਾ[3] ਵਿਣੁ ਨਾਵੈ ਮੁਕਤਿ[4] ਨ ਪਾਈ ॥੧॥ ਰਹਾਉ॥

In every age, the pious persons[2] know[3] but one God, without whose Name, emancipation[4] is attained not. Pause.

ਹਰ ਯੁਗ ਅੰਦਰ ਪਵਿਤ੍ਰ ਪੁਰਸ਼[2] ਕੇਵਲ ਇਕ ਵਾਹਿਗੁਰੂ ਨੂੰ ਹੀ ਜਾਣਦੇ[3] ਹਨ । ਜਿਸ ਦੇ ਨਾਮ ਦੇ ਬਗ਼ੈਰ ਕਲਿਆਣ[4] ਪਰਾਪਤ ਨਹੀਂ ਹੁੰਦਾ । ਠਹਿਰਾਉ ।

ਹਿਰਦੈ[5] ਨਾਮੁ ਲਖੈ[6] ਜਨੁ[7] ਸਾਚਾ ਗੁਰਮੁਖਿ[8] ਮੰਨਿ[9]

To the mind[5] of the Lord's true slave[7], the Name is revealed[6] and by

ਪ੍ਰਭੂ ਦੇ ਸੱਚੇ ਗੋਲੇ[7] ਦੇ ਅੰਤ੍ਰ-ਆਤਮੇ[5] ਨਾਮ ਪ੍ਰਗਟ[6] ਹੋ ਜਾਂਦਾ ਹੈ ਅਤੇ ਗੁਰਾਂ ਦੀ ਦਇਆ ਦੁਆਰਾ[8] ਇਹ ਉਸ ਦੇ

ਵਸਾਈ[10] ||	the Guru's grace[8], it is enshrined[10] in his heart[9].	ਦਿਲ[9] ਅੰਦਰ ਟਿਕ ਜਾਂਦਾ[10] ਹੈ ।
ਆਪਿ ਤਰੇ[12] ਸਗਲੇ[15] ਕੁਲ[13] ਤਾਰੇ ਜਿਨੀ ਰਾਮ ਨਾਮਿ ਲਿਵਲਾਈ[14] ||੨||	They, who are attuned[14] to the Lord's Name emancipate[12] themselves and emancipate all[15] their generations[13] as well.	ਜੋ ਸੁਆਮੀ ਦੇ ਨਾਮ ਨਾਲ ਪਿਰਹੜੀ ਪਾਉਂਦੇ[14] ਹਨ ਉਹ ਖੁਦ ਪਾਰ ਉਤਰ ਜਾਂਦੇ[12] ਹਨ ਅਤੇ ਆਪਣੀਆਂ ਸਾਰੀਆਂ[15] ਪੀੜ੍ਹੀਆਂ[13] ਦਾ ਭੀ ਪਾਰ ਉਤਾਰਾ ਕਰ ਦਿੰਦੇ ਹਨ ।
ਮੇਰਾ ਪ੍ਰਭੁ ਹੈ ਗੁਣ[16] ਕਾ ਦਾਤਾ[17] ਅਵਗਣ[18] ਸਬਦਿ[19] ਜਲਾਏ[20] ||	My Lord is the Giver[17] of merits[16], and through His Name[19] burns away[20] demerits[18].	ਮੇਰਾ ਸੁਆਮੀ ਨੇਕੀਆਂ[16] ਬਖਸ਼ਣਹਾਰ[17] ਹੈ ਅਤੇ ਆਪਣੇ ਨਾਮ[19] ਰਾਹੀਂ ਬਦੀਆਂ[18] ਨੂੰ ਸਾੜ ਸੁਟਦਾ[20] ਹੈ ।
ਜਿਨ ਮਨਿ ਵਸਿਆ[21] ਸੇ ਜਨ[22] ਸੋਹੇ[23] ਹਿਰਦੈ[24] ਨਾਮੁ ਵਸਾਏ[25] ||੩||	Beauteous[23] are the[21] persons[22], within whose heart the Name abides. In their mind[24] they enshrine[25] the Name.	ਸੁੰਦਰ[23] ਹਨ ਉਹ[21] ਪੁਰਸ਼[22], ਜਿਨ੍ਹਾਂ ਦੇ ਦਿਲ ਅੰਦਰ ਨਾਮ ਵਸਦਾ ਹੈ । ਨਾਮ ਨੂੰ ਉਹ ਆਪਣੇ ਚਿਤ[24] ਅੰਦਰ ਟਿਕਾਉਂਦੇ[25] ਹਨ ।
ਘਰੁ[26] ਦਰੁ[27] ਮਹਲੁ[28] ਸਤਿਗੁਰੂ ਦਿਖਾਇਆ[29] ਰੰਗ[30] ਸਿਉ[31] ਰਲੀਆ ਮਾਣੈ[32] ||	The True Guru has shown[29] me the Lord's Home[26], Court[27] and Mansion[28] and with[31] love[30], I revel in joy[32].	ਸੱਚੇ ਗੁਰਾਂ ਨੇ ਮੈਨੂੰ ਸੁਆਮੀ ਦਾ ਧਾਮ[26], ਦਰਬਾਰ[27] ਅਤੇ ਮੰਦਰ[28] ਵਿਖਾਲ ਦਿਤਾ[29] ਹੈ ਅਤੇ ਮੈਂ ਪਿਆਰ[30] ਨਾਲ[31] ਮੌਜਾਂ ਮਾਣਦਾ[32] ਹਾਂ ।
ਜੋ ਕਿਛੁ[33] ਕਹੈ ਸੁ[34] ਭਲਾ[35] ਕਰਿ[37] ਮਾਨੈ[36] ਨਾਨਕ ਨਾਮੁ ਵਖਾਣੈ[38] ||੪||੬|| ੧੬||	Whatever[33] the Lord says, that[34] Nanak accepts[36] as[37] good[35] and utters[38] he the Name	ਜਿਹੜਾ ਕੁਛ[33] ਸੁਆਮੀ ਆਖਦਾ ਹੈ, ਨਾਨਕ ਉਸ[34] ਨੂੰ ਚੰਗਾ[35] ਜਾਣ[37] ਕਬੂਲ ਕਰਦਾ[36] ਤੇ ਨਾਮ ਨੂੰ ਉਚਾਰਦਾ[38] ਹੈ ।
ਭੈਰਉ ਮਹਲਾ ੩ ||	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ।
ਮਨਸਾ[39] ਮਨਹਿ[40] ਸਮਾਇ[41] ਲੈ ਗੁਰ ਸਬਦੀ[42] ਵੀਚਾਰ[43] ||	Reflecting[43] over the Guru's word[42], thy mind's desires[39], merge[41] thou in the mind[40] itself.	ਗੁਰਾਂ ਦੀ ਬਾਣੀ[42] ਦਾ ਧਿਆਨ ਧਾਰ[43] ਆਪਣੇ ਮਨ ਦੀਆਂ ਖ਼ਾਹਿਸ਼ਾਂ[39] ਨੂੰ ਤੂੰ ਆਪਣੇ ਮਨ[40] ਅੰਦਰ ਹੀ ਲੀਨ[41] ਕਰ ਲੈ ।
ਗੁਰ ਪੂਰੇ[44] ਤੇ ਸੋਝੀ[45] ਪਵੈ ਫਿਰਿ[46] ਮਰੈ ਨ ਵਾਰੋ ਵਾਰ[47] ||੧||	From the Perfect[44] Guru, understanding[45] is obtained and then[46] one dies not again and again[47].	ਪੂਰਨ[44] ਗੁਰਾਂ ਪਾਸੋਂ ਸਮਝ[45] ਪ੍ਰਾਪਤ ਹੁੰਦੀ ਹੈ ਅਤੇ ਤਦ[46] ਬੰਦਾ ਮੁੜ ਮੁੜ[47] ਕੇ ਨਹੀਂ ਮਰਦਾ ।
ਮਨ ਮੇਰੇ ਰਾਮ ਨਾਮੁ ਆਧਾਰੁ[48]||	Within my mind is the support[48] of the Lord's Name.	ਮੇਰੇ ਚਿਤ ਵਿਚ ਪ੍ਰਭੂ ਦੇ ਨਾਮ ਦਾ ਆਸਰਾ[48] ਹੈ ।
ਗੁਰ ਪਰਸਾਦਿ[49] ਪਰਮ[50] ਪਦੁ[51] ਪਾਇਆ[52] ਸਭ ਇਛ[53] ਪੁਜਾਵਣਹਾਰੁ[54] || ੧|| ਰਹਾਉ ||	By the Guru's grace[49], I have been blessed[52] with the supreme[50] status[51]. The Lord is the Fulfiller[54] of all the aspirations[53]. Pause.	ਗੁਰਾਂ ਦੀ ਰਹਿਮਤ[49] ਸਦਕਾ, ਮੈਨੂੰ ਮਹਾਨ[50] ਮਰਤਬੇ[51] ਦੀ ਦਾਤ ਪ੍ਰਾਪਤ[52] ਹੋਈ ਹੈ । ਪ੍ਰਭੂ ਸਮੂਹ ਅਭਿਲਾਸ਼ਾਂ[53] ਪੂਰੀਆਂ[54] ਕਰਨ ਵਾਲਾ ਹੈ । ਠਹਿਰਾਉ ।

ਸਭ ਮਹਿ[55] ਏਕੋ ਰਵਿ ਰਹਿਆ[56] ਗੁਰ ਬਿਨੁ ਬੂਝ[57] ਨ ਪਾਇ ॥	The One Lord is contained[56] amongst[55] all, but without the Guru, this understanding[57] is attained not.	ਇਕ ਸੁਆਮੀ ਸਾਰਿਆਂ ਅੰਦਰ[55] ਰਮਿਆ[56] ਹੋਇਆ ਹੈ ਪ੍ਰੰਤੂ ਗੁਰਾਂ ਦੇ ਬਗੈਰ ਇਹ ਸਮਝ[57] ਪ੍ਰਾਪਤ ਨਹੀਂ ਹੁੰਦੀ।
ਗੁਰਮੁਖਿ[58] ਪ੍ਰਗਟੁ[59] ਹੋਆ ਮੇਰਾ ਹਰਿ ਪ੍ਰਭੁ ਅਨਦਿਨੁ[60] ਹਰਿ ਗੁਣ[61] ਗਾਇ[62] ॥੨॥	By the Guru's grace[58], my God Lord has become manifest[59] unto me and I now night[60] and day hymn[62] God's praise[61].	ਗੁਰਾਂ ਦੀ ਦਇਆ[58] ਦੁਆਰਾ ਮੇਰਾ ਵਾਹਿਗੁਰੂ ਸੁਆਮੀ ਮੇਰੇ ਤੇ ਨਾਜ਼ਲ[59] ਹੋ ਗਿਆ ਹੈ ਅਤੇ ਮੈਂ ਹੁਣ ਰਾਤ[60] ਦਿਨ ਵਾਹਿਗੁਰੂ ਦੀ ਮਹਿਮਾ[61] ਗਾਇਨ ਕਰਦਾ[62] ਹਾਂ।
ਸੁਖਦਾਤਾ[63] ਹਰਿ ਏਕੁ ਹੈ [64]ਹੋਰਥੈ[65] ਸੁਖੁ ਨ ਪਾਹਿ[66]॥	The Dispenser[63] of peace is the One Lord alone. From no other[64] place[65], can peace be procured[66].	ਆਰਾਮ ਬਖਸ਼ਣਹਾਰ[63] ਕੇਵਲ ਇਕ ਸੁਆਮੀ ਹੀ ਹੈ। ਕਿਸੇ ਹੋਰਸ[64] ਥਾਂ[65] ਤੋਂ ਆਰਾਮ ਪਰਾਪਤ[66] ਨਹੀਂ ਹੋ ਸਕਦਾ!
ਸਤਿਗੁਰੁ ਜਿਨੀ ਨ ਸੇਵਿਆ[67] ਦਾਤਾ[68] ਸੇ[69] ਅੰਤਿ[70] ਗਏ[71] ਪਛੁਤਾਹਿ[72] ॥੩॥	They[69], who serve[67] not the beneficent[68] True Guru, ultimately[70] depart[71] regretting[72].	ਜੋ ਦਾਤਾਰ[68] ਸੱਚੇ ਗੁਰਾਂ ਦੀ ਟਹਿਲ[67] ਨਹੀਂ ਕਮਾਉਂਦੇ ਉਹ[69] ਅਖ਼ੀਰ[70] ਨੂੰ ਅਫ਼ਸੋਸ[72] ਕਰਦੇ ਹੋਏ ਟੁਰ ਜਾਂਦੇ[71] ਹਨ।
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ[73] ਦੁਖੁ ਨ ਲਾਗੈ[74] ਧਾਇ ॥	Serving the True Guru, man is ever blessed with bliss and pain overtakes[74] him not, again[73].	ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ ਬੰਦੇ ਨੂੰ ਸਦੀਵ ਹੀ ਖ਼ੁਸ਼ੀ ਪਰਾਪਤ ਹੁੰਦੀ ਹੈ ਅਤੇ ਮੁੜ[73] ਕੇ ਉਸ ਨੂੰ ਦੁਖੜਾ ਨਹੀਂ ਵਿਆਪਦਾ[74]।
ਨਾਨਕ ਹਰਿ ਭਗਤਿ[75] ਪਰਾਪਤਿ[76] ਹੋਈ ਜੋਤੀ[77] ਜੋਤਿ[78] ਸਮਾਇ[79] ॥੪॥੭॥੧੭॥	Nanak is blessed[76] with God's meditation[75] and his soul[78] has merged[79] in the Supreme Soul[77].	ਨਾਨਕ ਨੂੰ ਹਰੀ ਦੀ ਬੰਦਗੀ[75] ਦੀ ਦਾਤ ਪਰਦਾਨ ਹੋਈ[76] ਹੈ ਅਤੇ ਉਸ ਦੀ ਆਤਮਾ[78] ਪਰਮ ਆਤਮਾ[77] ਅੰਦਰ ਲੀਨ ਹੋ ਗਈ[79] ਹੈ।
ਭੈਰਉ ਮਹਲਾ ੩ ॥	Bhario 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਬਾਝੁ[83] ਗੁਰੂ ਜਗਤੁ[80] ਬਉਰਾਨਾ[81] ਭੂਲਾ[82] ਚੋਟਾ[84] ਖਾਈ[85] ॥	Without[83] the Guru, the world[80] is gone mad[81] and going astray[82] suffers[85] strokes[84].	ਗੁਰਾਂ ਦੇ ਬਿਨਾ[83] ਦੁਨੀਆਂ[80] ਸ਼ੁਦਾਈ[81] ਹੋ ਗਈ ਹੈ ਅਤੇ ਕੁਰਾਹੇ[82] ਪੈ ਸੱਟਾਂ[84] ਸਹਾਰਦੀ[85] ਹੈ।
ਮਰਿ ਮਰਿ ਜੰਮੈ ਸਦਾ ਦੁਖੁ[86] ਪਾਏ ਦਰ[87] ਕੀ ਖਬਰਿ[88] ਨ ਪਾਈ ॥੧॥	It repeatedly dies, is born and ever[86] suffers sorrow, but has no intelligence[88] of the Lord's door[87].	ਇਹ ਮੁੜ ਮੁੜ ਕੇ ਮਰਦੀ, ਜੰਮਦੀ ਅਤੇ ਹਮੇਸ਼ਾ[86] ਤਕਲੀਫ ਉਠਾਉਂਦੀ ਹੈ, ਪ੍ਰੰਤੂ ਇਸ ਨੂੰ ਪ੍ਰਭੂ ਦੇ ਬੂਹੇ[87] ਦੀ ਕੋਈ ਗਿਆਤ[88] ਨਹੀਂ।
ਮੇਰੇ ਮਨ[89] ਸਦਾ ਰਹਹੁ ਸਤਿਗੁਰ ਕੀ ਸਰਣਾ[90] ॥	O my soul[89], ever remain thou under the protection[90] of the True Guru.	ਹੇ ਮੇਰੀ ਜਿੰਦੜੀਏ[89]! ਤੂੰ ਸਦੀਵ ਹੀ ਸੱਚੇ ਗੁਰਾਂ ਦੀ ਛਤ੍ਰ[90] ਛਾਇਆ ਹੇਠ ਵਿਚਰ।
ਹਿਰਦੈ[91] ਹਰਿ ਨਾਮੁ ਮੀਠਾ[97] ਸਦ ਲਾਗਾ[92] ਗੁਰ ਸਬਦੇ[93] [94]ਭਵਜਲੁ[95] ਤਰਣਾ[96] ॥ ੧॥ਰਹਾਉ॥	They, to whose mind[91] God's Name ever seems[92] sweet[97]; by the Guru's word[93], they ferry across[96] the terrible[94] world ocean[95]. Pause.	ਜਿਨ੍ਹਾਂ ਦੇ ਚਿਤ[91] ਨੂੰ ਵਾਹਿਗੁਰੂ ਦਾ ਨਾਮ ਸਦੀਵ ਹੀ ਮਿੱਠਾ[97] ਲਗਦਾ[92] ਹੈ; ਗੁਰਾਂ ਦੀ ਬਾਣੀ[93] ਰਾਹੀਂ, ਉਹ ਭਿਆਨਕ[94] ਸੰਸਾਰ ਸਮੁੰਦਰ[95] ਤੋਂ ਪਾਰ ਉਤਰ ਜਾਂਦੇ[96] ਹਨ। ਠਹਿਰਾਉ।

ਭੇਖ[98] ਕਰੈ[99] ਬਹੁਤੁ ਚਿਤੁ ਡੋਲੈ[100] ਅੰਤਰਿ[3] ਕਾਮੁ[2] ਕ੍ਰੋਧੁ[4] ਅਹੰਕਾਰੁ[5] ॥

The mortal assumes[99] religious garbs[98], his mind greatly wobbles[100] and within his mind[3] is lust[2], wrath[4] and ego[5].

ਪ੍ਰਾਨੀ ਧਾਰਮਕ ਲਿਬਾਸ[98] ਧਾਰਨ ਕਰਦਾ[99] ਹੈ । ਉਸ ਦਾ ਮਨੂਆ ਘਣੇਰੇ ਡਿਕਡੋਲੇ ਖਾਂਦਾ[100] ਹੈ ਅਤੇ ਉਸ ਦੇ ਰਿਦੇ[3] ਅੰਦਰ ਕਾਮਚੇਸ਼ਟਾ[2], ਗੁੱਸਾ[4] ਤੇ ਹੰਗਤਾ[5] ਹੈ ।

ਅੰਤਰਿ[6] ਤਿਸਾ[7] ਭੂਖ[8] ਅਤਿ[9] ਬਹੁਤੀ[10] ਭਉਕਤ[12] ਫਿਰੈ ਦਰਬਾਰੁ[13] ॥੨॥

Within[6] him is an exceedingly[9] great[10] thirst[7] and hunger[8] and he wanders[12] about from door to door[13].

ਉਸ ਦੇ ਅੰਦਰ[6] ਨਿਹਾਇਤ[9] ਜ਼ਿਆਦਾ[10] ਤਰੇਹ[7] ਅਤੇ ਭੁੱਖ[8] ਹੈ ਅਤੇ ਉਹ ਬੂਹੇ ਬੂਹੇ[13] ਤੇ ਭਟਕਦਾ ਫਿਰਦਾ[12] ਹੈ ।

ਗੁਰ ਕੈ ਸਬਦਿ[14] ਮਰਹਿ ਫਿਰਿ[15] ਜੀਵਹਿ ਤਿਨ[16] ਕਉ ਮੁਕਤਿ[17] ਦੁਆਰਿ[18] ॥

They[16] who die by the Guru's word[14]; they come to life again[15] and obtain the door[18] of emancipation[17].

ਜੋ ਗੁਰਾਂ ਦੀ ਬਾਣੀ[14] ਦੁਆਰਾ ਮਰਦੇ ਹਨ, ਉਹ[16] ਮੁੜ[15] ਸੁਰਜੀਤ ਹੋ ਜਾਂਦੇ ਹਨ ਅਤੇ ਮੋਖ਼ਸ਼[17] ਦੇ ਦਰਵਾਜ਼ੇ[18] ਨੂੰ ਪਾ ਲੈਂਦੇ ਹਨ ।

ਅੰਤਰਿ[19] ਸਾਂਤਿ[20] ਸਦਾ[21] ਸੁਖੁ[22] ਹੋਵੈ ਹਰਿ ਰਾਖਿਆ [23]ਉਰਧਾਰਿ[24] ॥੩॥

They are blessed with mental[19] solace[20] and eternal[21] peace[22] and they keep God enshrined[24] in their heart[23].

ਉਹਨਾਂ ਨੂੰ ਮਾਨਸਿਕ[19] ਠੰਡ-ਚੈਨ[20] ਅਤੇ ਸਦੀਵੀ[21] ਆਰਾਮ[22] ਪਰਾਪਤ ਹੁੰਦਾ ਹੈ ਅਤੇ ਉਹ ਹਰੀ ਨੂੰ ਆਪਣੇ ਦਿਲ[23] ਨਾਲ ਲਾਈ ਰਖਦੇ[24] ਹਨ ।

ਜਿਉ[25] ਤਿਸੁ[26] ਭਾਵੈ[27] ਤਿਵੈ[28] ਚਲਾਵੈ[29] ਕਰਣਾ ਕਿਛੂ ਨ ਜਾਈ ॥

As[25] it pleases[27] Him[26], so[28] drives[29] He the mortals. Naught else can be done.

ਜਿਸ ਤਰ੍ਹਾਂ[25] ਉਸ[26] ਨੂੰ ਚੰਗਾ[27] ਲਗਦਾ ਹੈ, ਉਸੇ ਤਰ੍ਹਾਂ[28] ਹੀ ਉਹ ਪ੍ਰਾਨੀਆਂ ਨੂੰ ਤੋਰਦਾ[29] ਹੈ । ਹੋਰ ਕੁਝ ਕੀਤਾ ਨਹੀਂ ਜਾ ਸਕਦਾ ।

ਨਾਨਕ ਗੁਰਮੁਖਿ[30] ਸਬਦੁ[31] ਸਮ੍ਹਾਲੇ[32] ਰਾਮ ਨਾਮਿ ਵਡਿਆਈ[33] ॥ ੪ ॥ ੮ ॥ ੧੮॥

Nanak, by the Guru's grace[30], one contemplates[32] the Name[31] and then is blessed with the glory[33] of the Lord's Name.

ਨਾਨਕ ਗੁਰਾਂ ਦੀ ਦਇਆ[30] ਦੁਆਰਾ, ਜੀਵ ਨਾਮ[31] ਦਾ ਸਿਮਰਨ ਕਰਦਾ[32] ਹੈ ਅਤੇ ਤਦ ਉਸ ਨੂੰ ਸਾਈਂ ਦੇ ਨਾਮ ਦੀ ਬਜ਼ੁਰਗੀ[33] ਦੀ ਦਾਤ ਪਰਦਾਨ ਹੋ ਜਾਂਦੀ ਹੈ ।

ਭੈਰਉ ਮਹਲਾ ੩ ॥

Bhairo 3rd Guru.

ਭੈਰਉ ਤੀਜੀ ਪਾਤਿਸ਼ਾਹੀ ।

ਹਉਮੈ[34] ਮਾਇਆ[35] ਮੋਹਿ[36] ਖੁਆਇਆ[37] ਦੁਖੁ[38] ਖਟੇ[39] ਦੁਖ ਖਾਇ[40] ॥

Whosoever strays[37] in self-conceit[34], riches[35] and worldly love[36]; he earns[39] pain[38] and pain he eats[40].

ਜੋ ਕੋਈ ਸਵੈ-ਹੰਗਤਾ[34], ਧਨ-ਦੌਲਤ[35] ਅਤੇ ਸੰਸਾਰੀ ਮਮਤਾ[36] ਅੰਦਰ ਭੁਲਿਆ ਹੋਇਆ[37] ਹੈ, ਉਹ ਪੀੜ[38] ਦੀ ਕਮਾਈ ਕਰਦਾ[39] ਹੈ ਅਤੇ ਪੀੜ ਭੋਗਦਾ[40] ਹੈ ।

ਅੰਤਰਿ[41] ਲੋਭ[42] ਹਲਕੁ[43] ਦੁਖੁ[44] ਭਾਰੀ[45] ਬਿਨੁ[48] ਬਿਬੇਕ[46] ਭਰਮਾਇ[47] ॥੧॥

Within[41] him is the great[45] ailment[44] of the rabidness[43] of avarice[42] and he wanders[47] about bereft[48] of the Divine comprehension[46].

ਉਸ ਦੇ ਅੰਦਰ[41] ਲਾਲਚ[42] ਦੇ ਹਲਕਪਣੇ[43] ਦੀ ਵੱਡੀ[45] ਬੀਮਾਰੀ[44] ਹੈ ਅਤੇ ਰੱਬੀ ਗਿਆਤ[46] ਦੇ ਬਗ਼ੈਰ[48] ਉਹ ਟੱਕਰਾਂ ਮਾਰਦਾ ਫਿਰਦਾ[47] ਹੈ ।

ਮਨਮੁਖਿ[49] ਧ੍ਰਿਗੁ[50] ਜੀਵਣੁ[51] ਸੈਸਾਰਿ[52] ॥

Accursed[50] is the life[51] of an egocentric[49] in this world[52].

ਭ੍ਰਿਸ਼ਟ[50] ਹੈ ਆਪ-ਹੁਦਰੇ[49] ਦੀ ਜ਼ਿੰਦਗੀ[51] ਇਸ ਜਹਾਨ[52] ਵਿਚ ।

ਰਾਮ ਨਾਮੁ ਸੁਪਨੈ[53] ਨਹੀ ਚੇਤਿਆ[54] ਹਰਿ ਸਿਉ ਕਦੇ ਨ ਲਾਗੈ[55] ਪਿਆਰੁ[56] ॥੧॥ਰਹਾਉ॥

The Lord's Name, he remembers[54] not even in dream[53] and never cultivates[55] affection[56] for his God. Pause.

ਸੁਆਮੀ ਦੇ ਨਾਮ ਨੂੰ ਉਹ ਸੁਫਨੇ[53] ਵਿਚ ਭੀ ਯਾਦ ਨਹੀਂ ਕਰਦਾ[54] ਅਤੇ ਕਦਾਚਿਤ ਵਾਹਿਗੁਰੂ ਦੇ ਨਾਲ ਪਿਰਹੜੀ[56] ਨਹੀਂ ਪਾਉਂਦਾ[55] । ਠਹਿਰਾਉ ।

ਪਸੂਆ[57] ਕਰਮ[58] ਕਰੈ ਨਹੀ ਬੂਝੈ[59] ਕੂੜੁ[60] ਕਮਾਵੈ[61] ਕੂੜੋ[62] ਹੋਇ ॥

੧੧੩੩

ਸਤਿਗੁਰੁ ਮਿਲੈ ਤ[63] ਉਲਟੀ[64] ਹੋਵੈ ਖੋਜਿ[65] ਲਹੈ[66] ਜਨੁ[67] ਕੋਇ[68] ॥੨॥

ਹਰਿ ਹਰਿ[69] ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ[70] ਨਿਧਾਨੁ[71] ॥
ਗੁਰ ਪਰਸਾਦੀ[72] ਪੂਰਾ[73] ਪਾਇਆ ਚੂਕਾ[74] ਮਨ[75] ਅਭਿਮਾਨੁ[76] ॥੩॥
ਆਪੇ[77] ਕਰਤਾ[79] ਕਰੇ ਕਰਾਏ ਆਪੇ ਮਾਰਗਿ[78] ਪਾਏ ॥
ਆਪੇ ਗੁਰ[80] ਮੁਖਿ[81] ਦੇ ਵਡਿਆਈ[82] ਨਾਨਕ ਨਾਮਿ ਸਮਾਏ[83] ॥੪॥੯॥੧੯॥

ਭੈਰਉ ਮਹਲਾ ੩ ॥

ਮੇਰੀ ਪਟੀਆ[84] ਲਿਖਹੁ ਹਰਿ [85]ਗੋਵਿੰਦ[86] [87]ਗੋਪਾਲਾ[88] ॥
ਦੂਜੈ[89] ਭਾਇ[90] ਫਾਥੇ[91] [92]ਜਮਜਾਲਾ[93] ॥
ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ[94] ॥
ਹਰਿ ਸੁਖਦਾਤਾ[95] ਮੇਰੈ ਨਾਲਾ[96] ॥੧॥
ਗੁਰਿ ਉਪਦੇਸਿ[97] ਪ੍ਰਹਿਲਾਦੁ ਹਰਿ ਉਚਰੈ[98] ॥ ਸਾਸਨਾ[99] ਤੇ ਬਾਲਕੁ[100] ਗਮੁ[2] ਨ

He does the deeds[58] of a beast[57] and understands[59] not. Practising[61] falsehood[60], he becomes false[62].

1133

When man meets with the True Guru, then[63] turns[64] he away from the world. Rare[68] is the one[67] who searches[65] and finds[66] out the Lord.

He, within whose mind the Lord God's[69] Name ever abides, obtains Lord, the Treasure[71] of virtues[70].

Obtaining the Perfect[73] Lord, through the Guru's grace[72], man's mental[75] pride[76] is eradicated[74].

The Creator[79], of Himself[77], does and causes to be done. He Himself puts on the right path[78].

O Nanak, God, of Himself blesses[81] the holyman[80] with glory[82] and merges[83] him in His Name.

Bhairo 3rd Guru.

On my tablet[84] write down only the Name of God, the Lord[86] of world[85] and the Cherisher[88] of the universe[87].

Through love[90] of another[89], one is entrapped[91] in the noose[93] of death[92].

Only the True Guru sustains[94] me.

The Peace-giving[95] Lord is ever with[96] me. Pause.

In accordance with the instruction[97] of his Guru, Prahlad, the child[100], utters[98] the Name of God and is

ਉਹ ਡੰਗਰਾਂ[57] ਵਾਲੇ ਕੰਮ ਕਰਦਾ[58] ਹੈ ਅਤੇ ਸਮਝਦਾ[59] ਨਹੀਂ। ਝੂਠ[60] ਦੀ ਕਮਾਈ[61] ਕਰਨ ਦੁਆਰਾ ਉਹ ਝੂਠਾ[62] ਹੋ ਜਾਂਦਾ ਹੈ।

੧੧੩੩

ਜਦ ਜੀਵ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ ਤਦ[63] ਉਹ ਦੁਨੀਆਂ ਵਲੋਂ ਮੁੜ[64] ਪੈਂਦਾ ਹੈ। ਕੋਈ ਵਿਰਲਾ[68] ਪੁਰਸ਼[67] ਹੀ ਖੋਜ-ਭਾਲ[65] ਕੇ ਸੁਆਮੀ ਨੂੰ ਪਰਾਪਤ ਕਰਦਾ[66] ਹੈ।

ਜਿਸ ਦੇ ਹਿਰਦੇ ਅੰਦਰ ਹਮੇਸ਼ਾਂ ਸਾਂਈ[69] ਹਰੀ ਦਾ ਨਾਮ ਵਸਦਾ ਹੈ, ਉਹ ਨੇਕੀਆਂ[70] ਦੇ ਖ਼ਜ਼ਾਨੇ[71] ਸਾਂਈਂ ਨੂੰ ਪਾ ਲੈਂਦਾ ਹੈ।

ਗੁਰਾਂ ਦੀ ਦਇਆ[72] ਦੁਆਰਾ, ਪੂਰਨ[73] ਪ੍ਰਭੂ ਨੂੰ ਪ੍ਰਾਪਤ ਹੋ ਮਨੁੱਖ ਦੀ ਮਾਨਸਿਕ[75] ਹੰਗਤਾ[76] ਨਾਸ ਹੋ ਜਾਂਦੀ[74] ਹੈ।

ਸਿਰਜਣਹਾਰ[79] ਖ਼ੁਦ[77] ਹੀ ਕਰਦਾ ਅਤੇ ਕਰਾਉਂਦਾ ਹੈ, ਅਤੇ ਖ਼ੁਦ ਹੀ ਠੀਕ ਰਸਤੇ[78] ਪਾਉਂਦਾ ਹੈ।

ਹੇ ਨਾਨਕ! ਹਰੀ ਆਪ ਹੀ ਨੇਕ ਪ੍ਰਾਣੀ[80] ਨੂੰ ਪ੍ਰਭਤਾ[82] ਬਖ਼ਸ਼ਦਾ[81] ਹੈ ਅਤੇ ਉਸ ਨੂੰ ਆਪਣੇ ਨਾਮ ਅੰਦਰ ਲੀਨ ਕਰ ਦਿੰਦਾ[83] ਹੈ।

ਭੈਰਉ ਤੀਜੀ ਪਾਤਿਸ਼ਾਹੀ।

ਮੇਰੀ ਫੱਟੀ[84] ਉਤੇ ਕੇਵਲ ਸ੍ਰਿਸ਼ਟੀ[85] ਦੇ ਸੁਆਮੀ[86] ਅਤੇ ਆਲਮ[87] ਦੇ ਪਾਲਣ-ਪੋਸਣਹਾਰ[88]—ਵਾਹਿਗੁਰੂ ਦਾ ਨਾਮ ਹੀ ਲਿਖੋ।

ਹੋਰਸ[89] ਦੀ ਪ੍ਰੀਤ[90] ਰਾਹੀਂ, ਇਨਸਾਨ ਮੌਤ[92] ਦੀ ਫਾਹੀ[93] ਵਿਚ ਫਸ ਜਾਂਦਾ[91] ਹੈ।

ਕੇਵਲ ਸੱਚੇ ਗੁਰੂ ਹੀ ਮੇਰੀ ਪਰਵਰਿਸ਼ ਕਰਦੇ[94] ਹਨ।

ਆਰਾਮ-ਬਖ਼ਸ਼ਣਹਾਰ[95] ਸਾਂਈਂ ਸਦਾ ਹੀ ਮੇਰੇ ਅੰਗ-ਸੰਗ[96] ਹੈ। ਠਹਿਰਾਉ।

ਆਪਣੇ ਗੁਰੂ ਦੀ ਸਿਖ-ਮਤ[97] ਦੇ ਅਨੁਸਾਰ, ਬੱਚਾ[100] ਪ੍ਰਹਿਲਾਦ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਦਾ[98] ਹੈ ਅਤੇ ਉਸਤਾਦ ਦੀ ਤਾੜਨਾ[99] ਤੋਂ

ਕਰੈ ॥੧॥ਰਹਾਉ॥	terrified[2] not by the teacher's admonition[99]. Pause.	ਨਹੀਂ ਡਰਦਾ[2] । ਠਹਿਰਾਉ ।
ਮਾਤਾ[3] ਉਪਦੇਸੈ[4] ਪ੍ਰਹਿਲਾਦ ਪਿਆਰੇ ॥	The mother[3] counsels[4] her dear son, Prahlad :—	ਮਾਂ[3] ਆਪਣੇ ਪਿਆਰੇ ਪੁਤ੍ਰ , ਪ੍ਰਹਿਲਾਦ ਨੂੰ ਸਿਖ-ਮਤ[4] ਦਿੰਦੀ ਹੈ :-
ਪੁਤ੍ਰ[5] ਰਾਮ ਨਾਮੁ ਛੋਡਹੁ[8] ਜੀਉ[6] ਲੇਹੁ ਉਬਾਰੇ[7] ॥	"My son[5],abandon[8] thou the Lord's Name and save[7] thy life[6]."	"ਮੇਰੇ ਬੱਚਿਆ[5] ! ਤੂੰ ਪ੍ਰਭੂ ਦੇ ਨਾਮ ਨੂੰ ਤਿਆਗ[8] ਦੇ ਅਤੇ ਆਪਣੀ ਜਾਨ[6] ਬਚਾਅ[7] ਲੈ ।"
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥	Says Prahlad, "Hear, thou, O my mother.	ਪ੍ਰਹਿਲਾਦ ਆਖਦਾ ਹੈ, "ਤੂੰ ਸੁਣ, ਹੇ ਮੇਰੀ ਅੰਮੜੀਏ !
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ[9] ॥੨॥	The Lord's Name, I shall abandon not. My Guru has instructed[9] me this wise."	ਪ੍ਰਭੂ ਦੇ ਨਾਮ ਨੂੰ ਮੈਂ ਨਹੀਂ ਛੱਡਾਂਗਾ, ਮੇਰੇ ਗੁਰਾਂ ਨੇ ਮੈਨੂੰ ਇਸ ਤਰ੍ਹਾਂ ਸਿਖ-ਮਤ[9] ਦਿੱਤੀ ਹੈ ।"
ਸੰਡਾ ਮਰਕਾ ਸਭਿ[10] ਜਾਇ[12] ਪੁਕਾਰੇ[13] ॥	Sanda and Marka,Prahlad's teachers, going[12] to the king's court[10], lodged a complaint[13].	ਸੰਡੇ ਅਤੇ ਮਰਕੇ, ਪ੍ਰਹਿਲਾਦ ਦੇ ਅਧਿਆਪਕਾਂ ਨੇ ਰਾਜੇ ਦੀ ਸਭਾ[10] ਵਿਚ ਜਾ ਕੇ[12] ਸ਼ਿਕਾਇਤ[13] ਕੀਤੀ ।
ਪ੍ਰਹਿਲਾਦੁ ਆਪਿ ਵਿਗੜਿਆ[14]ਸਭਿ ਚਾਟੜੇ[15] ਵਿਗਾੜੇ ॥	"Prahlad himself is gone astray[14] and also strays all other pupils[15]."	"ਪ੍ਰਹਿਲਾਦ ਖ਼ੁਦ ਕੁਰਾਹੇ[14] ਪੈ ਗਿਆ ਹੈ ਅਤੇ ਹੋਰ ਸਾਰਿਆਂ ਸ਼ਗਿਰਦਾਂ[15] ਨੂੰ ਭੀ ਕੁਰਾਹੇ ਪਾਉਂਦਾ ਹੈ ।"
ਦੁਸਟ[16]ਸਭਾ[17]ਮਹਿ[18]ਮੰਤ੍ਰੁ[19] ਪਕਾਇਆ[20] ॥	In[18] the court[17] of the vicked[16], a plot[19] was hatched[20].	ਬਦਕਾਰਾਂ[16] ਦੇ ਦਰਬਾਰ[17] ਵਿਚ[18] ਇਕ ਮਨਸੂਬਾ[19] ਗੁੰਦਿਆ[20] ਗਿਆ ।
ਪ੍ਰਹਿਲਾਦ ਕਾ ਰਾਖਾ[21] ਹੋਇ[22] ਰਘੁ[23] ਰਾਇਆ[24] ॥੩॥	God, the King[24] of Raghwas[23] becomes[22] the saviour[21] of Prahlad.	ਰਾਘਵਾਂ[23] ਦਾ ਰਾਜਾ[24], ਵਾਹਿਗੁਰੂ, ਪ੍ਰਹਿਲਾਦ ਦਾ ਰਖਵਾਲਾ[21] ਹੋ ਜਾਂਦਾ[22] ਹੈ ।
ਹਾਥਿ[25] ਖੜਗੁ[26] ਕਰਿ[27] ਧਾਇਆ[28] ਅਤਿ[29] ਅਹੰਕਾਰਿ[30] ॥	Holding[27] sword[26] in his hand[25] and with great[29] pride[30],Harnakash ran[28] to slay Prahlad, saying :—	ਹੱਥ[25] ਵਿਚ ਤਲਵਾਰ[26] ਫੜ ਕੇ[27] ਅਤੇ ਵਡੀ[29] ਮਗ਼ਰੂਰੀ[30] ਨਾਲ ਹਰਨਾਕਸ਼, ਇਹ ਆਖਦਾ ਹੋਇਆ, ਪ੍ਰਹਿਲਾਦ ਨੂੰ ਮਾਰ ਦੇਣ ਲਈ ਦੌੜਿਆ[28]:—
ਹਰਿ ਤੇਰਾ ਕਹਾ[31] ਤੁਝੁ ਲਏ ਉਬਾਰਿ[32] ॥	"Where[31] is thy God, who shall save[32] thee ?"	"ਕਿਥੇ[31] ਹੈ ਤੇਰਾ ਵਾਹਿਗੁਰੂ, ਜੋ ਤੇਰੀ ਰਖਿਆ ਕਰੇਗਾ[32] ?"
ਖਿਨ[33] ਮਹਿ ਭੈਆਨ[34] ਰੂਪੁ[35] ਨਿਕਸਿਆ[36] ਥੰਮ੍[37] ਉਪਾੜਿ[38] ॥	Tearing[38] asunder the pillar[37], in an instant[33], the Lord emerged[36] in a dreadful[34] form[35].	ਸਤੂਨ[37] ਨੂੰ ਪਾੜ ਕੇ[38] ਇਕ ਮੁਹਤ[33] ਵਿਚ ਵਾਹਿਗੁਰੂ ਭਿਆਨਕ[34] ਸਰੂਪ[35] ਵਿਚ ਆ ਪ੍ਰਗਟਿਆ[36] ।
ਹਰਣਾਖਸੁ ਨਖੀ[39] ਬਿਦਾਰਿਆ[10] ਪ੍ਰਹਲਾਦੁ ਲੀਆ ਉਬਾਰਿ[41] ॥੪॥	Harnakash was torn[40] with the nails[39] and Prahlad was saved[41].	ਹਰਨਾਖਸ਼ ਨੌਹਾਂ[39] ਨਾਲ ਪਾੜ[40] ਦਿਤਾ ਗਿਆ ਅਤੇ ਪ੍ਰਹਿਲਾਦ ਦਾ ਪਾਰ ਉਤਾਰਾ ਹੋ ਗਿਆ[41] ।
ਸੰਤ ਜਨਾ[42] ਕੇ ਹਰਿ ਜੀਉ[48] ਕਾਰਜ[43]	Sire Lord[48] accomplishes[44] the tasks[43] of the saintly persons[42] and	ਮਹਾਰਾਜ[48] ਮਾਲਕ ਸਾਧ ਸਰੂਪ ਪੁਰਸ਼ਾਂ[42] ਦੇ ਸਾਰੇ ਕੰਮ[43] ਰਾਸ ਕਰ ਦਿੰਦਾ[44] ਹੈ ਅਤੇ ਉਸ ਨੇ ਸੰਤ[45]

ਸਵਾਰੇ[14] ॥ ਪ੍ਰਹਲਾਦ ਜਨ[45] ਕੇ ਇਕੀਹ ਕੁਲ[46] ਉਧਾਰੇ[47] ॥	He delivered[47] the twentyone generations[46] of Prahlad, the saint[45].	ਪ੍ਰਹਿਲਾਦ ਦੀਆਂ ਇੱਕੀ ਪੀੜ੍ਹੀਆਂ[46] ਨੂੰ ਤਾਰ ਦਿੱਤਾ[47] ।
ਗੁਰ ਕੈ ਸਬਦਿ[49] ਹਉਮੈ[50] ਬਿਖੁ[51] ਮਾਰੇ[52] ॥	By the Guru's word[49], the poison[51] of self-conceit[50] is neutralised[52].	ਗੁਰਾਂ ਦੀ ਬਾਣੀ[49] ਦੁਆਰਾ, ਸਵੈ-ਹੰਗਤਾ[50] ਦੀ ਵਿਹੁ[51] ਨਵਿਰਤ ਹੋ ਜਾਂਦੀ[52] ਹੈ ।
ਨਾਨਕ ਰਾਮ ਨਾਮਿ ਸੰਤ ਨਿਸਤਾਰੇ[53] ॥੫॥੧੦॥੨੦॥	Nanak, through the Lord's Name, the saints are emancipated[53].	ਨਾਨਕ, ਪ੍ਰਭੂ ਦੇ ਨਾਮ ਰਾਹੀਂ, ਸਾਧੂਆਂ ਦਾ ਪਾਰ ਉਤਾਰਾ ਹੋ ਜਾਂਦਾ[53] ਹੈ ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ ।
ਆਪੇ ਦੈਤ[54] ਲਾਇ[55] ਦਿਤੇ ਸੰਤ ਜਨਾ[56] ਕਉ ਆਪੇ ਰਾਖਾ[57] ਸੋਈ[58] ॥	The Lord, of Himself, makes these phantoms[54] pursue[55] the holy men[56] and He[58] Himself saves[57] them.	ਸੁਆਮੀ ਆਪ ਹੀ ਨੇਕ ਪੁਰਸ਼ਾਂ[56] ਮਗਰ ਭੂਤਨਿਆਂ[54] ਨੂੰ ਲਾ ਦਿੰਦਾ[55] ਹੈ ਅਤੇ ਉਹ[58] ਆਪ ਹੀ ਉਹਨਾਂ ਦੀ ਰਖਿਆ ਕਰਦਾ[57] ਹੈ ।
ਜੋ ਤੇਰੀ ਸਦਾ ਸਰਣਾਈ[59] ਤਿਨ[60] ਮਨਿ ਦੁਖੁ[61] ਨ ਹੋਈ ॥੧॥	They who ever abide in Thine sanctuary[59], O Lord, their[60] mind is afflicted not with sorrow[61].	ਜੋ ਸਦੀਵ ਹੀ ਤੇਰੀ ਛਤ੍ਰ ਛਾਇਆ[59] ਹੇਠ ਵਸਦੇ ਹਨ, ਹੇ ਪ੍ਰਭੂ ! ਉਹਨਾਂ[60] ਦੇ ਚਿਤ ਨੂੰ ਕੋਈ ਕਲੇਸ਼[61] ਨਹੀਂ ਵਾਪਰਦਾ ।
ਜੁਗਿ ਜੁਗਿ[62] ਭਗਤਾ[63] ਕੀ ਰਖਦਾ[64] ਆਇਆ ॥	In every age[62], the Lord has been saving[64] the honour of His devotees[63].	ਹਰ ਯੁਗ[62] ਅੰਦਰ ਪ੍ਰਭੂ ਆਪਣੇ ਸ਼ਰਧਾਲੂਆਂ[63] ਦੀ ਪਤਿ ਆਬਰੂ ਬਚਾਉਂਦਾ ਰਿਹਾ[64] ਹੈ ।
ਦੈਤ[65] ਪੁਤ੍ਰ[66] ਪ੍ਰਹਲਾਦੁ ਗਾਇਤ੍ਰੀ[67] ਤਰਪਣੁ[68] ਕਿਛੁ ਨ ਜਾਣੈ ਸਬਦੇ[69] ਮੇਲਿ[70] ਮਿਲਾਇਆ[71] ॥੧॥ ਰਹਾਉ ॥	Prahlad, the demon's[65] son[66] knew naught of the Hindu Primal sermon[67] and water-offering[68] to ancestors. Through the Name[69], he was united[71] in the Lord's union[70]. Pause	ਰਾਖਸ਼[65] ਦਾ ਪੁਤ੍ਰ[66] ਪ੍ਰਹਿਲਾਦ, ਗਾਇਤਰੀ[67] ਮੰਤ੍ਰ ਅਤੇ ਪਿਤਰਾਂ ਨੂੰ ਪਾਣੀ-ਦੇਣ[68] ਬਾਰੇ ਕੁਝ ਭੀ ਨਹੀਂ ਸੀ ਜਾਣਦਾ । ਨਾਮ[69] ਦੇ ਰਾਹੀਂ ਉਹ ਮਾਲਕ ਦੇ ਮਿਲਾਪ[70] ਅੰਦਰ ਮਿਲ ਗਿਆ[71] । ਠਹਿਰਾਉ ।
ਅਨਦਿਨੁ[72] ਭਗਤਿ[73] ਕਰਹਿ[74] ਦਿਨ ਰਾਤੀ ਦੁਬਿਧਾ[75] ਸਬਦੇ[76] ਖੋਈ[77] ॥	Day and night, he ever[72] devoted[74] himself to the Lord's meditation[73] and through the Name[76] was rid[77] of his duality[75].	ਦਿਨ ਰਾਤ ਉਹ ਸਦੀਵੀ[72] ਹੀ ਸੁਆਮੀ ਦੇ ਸਿਮਰਨ[73] ਵਿਚ ਜੁੜਿਆ ਰਹਿੰਦਾ[74] ਸੀ ਅਤੇ ਨਾਮ[76] ਦੇ ਰਾਹੀਂ ਉਸ ਨੇ ਹੋਰਾਂ ਦੀ ਪ੍ਰੀਤ[75] ਛਡ ਦਿਤੀ[77] ਸੀ ।
ਸਦਾ ਨਿਰਮਲ[78] ਹੈ ਜੋ ਸਚਿ[79] ਰਾਤੇ[80] ਸਚੁ[81] ਵਸਿਆ ਮਨਿ[83] ਸੋਈ[82] ॥੧॥	Ever immaculate[78] are they, who are imbued[80] with Truth[79]. He[82], the True Lord[81] abides in their mind[83].	ਸਦੀਵੀ ਪਵਿੱਤ੍ਰ[78] ਹਨ ਉਹ ਜੋ ਸੱਚ[79] ਨਾਲ ਰੰਗੇ ਹੋਏ[80] ਹਨ । ਉਹ[82] ਸੱਚਾ ਸੁਆਮੀ[81] ਉਨ੍ਹਾਂ ਦੇ ਅੰਤਸ਼-ਕਰਣ[83] ਅੰਦਰ ਵਸਦਾ ਹੈ ।
ਮੂਰਖ[84] ਦੁਬਿਧਾ[85] ਪੜ੍ਹਹਿ ਮੂਲੁ[86] ਨ ਪਛਾਣਹਿ[87] ਬਿਰਥਾ[88] ਜਨਮੁ[89] ਗਵਾਇਆ[90] ॥	The fools[84] read for sake of secular[85] gain and realise[87] not the Primal Lord[86]. So they waste away[90] their life[89] in vain[88].	ਮੂੜ੍ਹ[84] ਸੰਸਾਰੀ-ਲਾਭ[85] ਦੀ ਖ਼ਾਤਰ ਪੜ੍ਹਦੇ ਹਨ ਅਤੇ ਆਦੀ ਪ੍ਰਭੂ[86] ਨੂੰ ਅਨੁਭਵ[87] ਨਹੀਂ ਕਰਦੇ । ਸੋ ਉਹ ਆਪਣਾ ਜੀਵਨ[89] ਵਿਅਰਥ[88] ਗੁਆ ਲੈਂਦੇ[90] ਹਨ ।
ਸੰਤ ਜਨਾ[91] ਕੀ ਨਿੰਦਾ[92]	The wicked[93] demon[94] slandered[95]	ਬਦਕਾਰ[93] ਭੂਤਨਾ[94] ਧਰਮਾਤਮਾ ਪੁਰਸ਼[91] ਦੀ ਬਦਖੋਈ[92]

ਕਰਹਿ ਦੁਸਟੁ[93] ਦੈਤੁ[94] ਦਿੜਾਇਆ[95] ॥੩॥	and vexed[95] the saintly person[91].	ਕਰਦਾ ਅਤੇ ਸਤਾਉਂਦਾ[95] ਸੀ ।
ਪ੍ਰਹਲਾਦੁ ਦੁਬਿਧਾ[96] ਨ ਪੜੈ ਹਰਿ ਨਾਮੁ ਨ ਛੋਡੈ[97] ਡਰੈ[98] ਨ ਕਿਸੈ ਦਾ ਡਰਾਇਆ ॥	Prahlad reads not of duality[96], abandons[97] not the Lord's Name and is frightened[98] not by any one's frightening.	ਪ੍ਰਹਿਲਾਦ ਦਵੈਤ-ਭਾਵ[96] ਬਾਰੇ ਨਹੀਂ ਪੜ੍ਹਦਾ । ਪ੍ਰਭੂ ਦੇ ਨਾਮ ਨੂੰ ਨਹੀਂ ਤਿਆਗਦਾ[97] ਅਤੇ ਕਿਸੇ ਦੇ ਡਰਾਇਆਂ ਭੈ-ਭੀਤ[98] ਨਹੀਂ ਹੁੰਦਾ ।
ਸੰਤ ਜਨਾ[99] ਕਾ ਹਰਿ ਜੀਉ[100] ਰਾਖਾ[2] ਦੈਤੈ[3] ਕਾਲੁ[4] ਨੇੜਾ[5] ਆਇਆ[6] ॥੪॥	The venerable[100] Lord became the saviour[2] of the pious person[99] and the death[4] of the demon[3] drew[6] near[5].	ਪੂਜਨੀਯ[100] ਪ੍ਰਭੂ ਪਵਿੱਤ੍ਰ ਪੁਰਸ਼[99] ਦਾ ਰਖਵਾਲਾ[2] ਹੋ ਗਿਆ ਅਤੇ ਭੂਤਨੇ[3] ਦੀ ਮੌਤ[4] ਲਾਗੇ[5] ਆ ਲੱਗੀ[6] ।
ਆਪਣੀ ਪੈਜ[7] ਆਪੇ ਰਾਖੈ ਭਗਤਾਂ ਦੇਇ[8] ਵਡਿਆਈ[9] ॥	The Lord, of Himself, saves His honour[7] and blesses[8] His saints with glory[9].	ਸਾਹਿਬ ਆਪ ਹੀ ਆਪਣੀ ਪਤਿ-ਆਬਰੂ[7] ਰਖਦਾ ਹੈ ਅਤੇ ਆਪਣੇ ਸੰਤਾਂ ਨੂੰ ਪ੍ਰਭਤਾ[9] ਬਖ਼ਸ਼ਦਾ[8] ਹੈ ।
ਨਾਨਕ ਹਰਣਾਖਸੁ ਨਖੀ[10] ਬਿਦਾਰਿਆ[12] ਅੰਧੈ[13] ਦਰ[14] ਕੀ ਖਬਰਿ[15] ਨ ਪਾਈ ॥੫॥ ੧੧॥ ੨੧॥੮॥੨੧॥ ੨੯॥	O Nanak, Harnakash was torn[12] by the Lord with His nails[10]. The blind[13] demon knew[15] not the Lord's court[14].	ਹੇ ਨਾਨਕ; ਪ੍ਰਭੂ ਨੇ ਆਪਣੇ ਨੌਹਾਂ[10] ਨਾਲ ਹਰਣਾਖ਼ਸ਼ ਨੂੰ ਪਾੜ ਸੁਟਿਆ[12] । ਅੰਨ੍ਹਾਂ[13] ਰਾਖ਼ਸ਼ ਪ੍ਰਭੂ ਦੇ ਦਰਬਾਰ[14] ਨੂੰ ਨਹੀਂ ਸੀ ਸਮਝਦਾ[15] ।
੧੧੩੪	**1134**	**੧੧੩੪**
ਰਾਗ ਭੈਰਉ ਮਹਲਾ ੪ ਚਉਪਦੇ ਘਰ ੧	Rag Bhairo 4th Guru Chaupadas	ਰਾਗ ਭੈਰਉ ਚੌਥੀ ਪਾਤਿਸ਼ਾਹੀ ਚਉਪਦੇ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਹਰਿ[16] ਜਨ[17] ਸੰਤ[18] ਕਰਿ[19] ਕਿਰਪਾ[20] ਪਗਿ[21] ਲਾਇਣੁ[22] ॥	Showering[19] His benediction[20], God[16] attaches[22] the mortals[17] to the saint's[18] feet[21].	ਆਪਣੀ ਰਹਿਮਤ[20] ਧਾਰ ਕੇ[19] ਵਾਹਿਗੁਰੂ[16] ਪ੍ਰਾਨੀਆਂ[17] ਨੂੰ ਸਾਧੂਆਂ[18] ਦੇ ਪੈਰਾਂ[21] ਨਾਲ ਜੋੜ ਦਿੰਦਾ[22] ਹੈ ।
ਗੁਰ ਸਬਦੀ[23] ਹਰਿ ਭਜੁ[24] ਸੁਰਤਿ[25] ਸਮਾਇਣੁ[26] ॥੧॥	By the Guru's instruction[23], meditate[24] thou on thy God with absorbed[26] attention[25].	ਗੁਰਾਂ ਦੇ ਉਪਦੇਸ਼[23] ਦੁਆਰਾ, ਤੂੰ ਲੀਨ[26] ਬਿਰਤੀ[25] ਨਾਲ ਆਪਣੇ ਵਾਹਿਗੁਰੂ ਦਾ ਆਰਾਧਨ ਕਰ[24] ।
ਮੇਰੇ ਮਨ[27] ਹਰਿ ਭਜੁ[28] ਨਾਮੁ ਨਰਾਇਣੁ[29] ॥	O my soul[27], utter[28] thou the Name of thy God Lord[29].	ਹੇ ਮੇਰੀ ਜਿੰਦੜੀਏ[27] ! ਤੂੰ ਆਪਣੇ ਵਾਹਿਗੁਰੂ ਸੁਆਮੀ[29] ਦੇ ਨਾਮ ਦਾ ਉਚਾਰਨ ਕਰ[28] ।
ਹਰਿ ਹਰਿ[30] ਕ੍ਰਿਪਾ[31] ਕਰੇ[32] ਸੁਖਦਾਤਾ[33] ਗੁਰਮੁਖਿ[34]	If the Bliss-bestowing[33] Lord Master[30] shows[32] mercy[31], through	ਜੇਕਰ ਪਰਸੰਨਤਾ-ਪਰਦਾਨ[33] ਕਰਨਹਾਰ ਸੁਆਮੀ ਮਾਲਕ[30] ਮਿਹਰ[31] ਧਾਰੇ[32], ਪ੍ਰਭੂ ਦੇ ਨਾਮ ਦੇ ਰਾਹੀਂ ਗੁਰਾਂ

[35]ਭਵਜਲੁ[36] ਹਰਿ ਨਾਮਿ ਤਰਾਇਣੁ[37] ॥੧॥ਰਹਾਉ॥	the Lord's Name, one crosses[37] the dreadful[35] world-ocean[36], by the Guru's[34] grace. Pause.	ਦੀ ਦਇਆ[34] ਦੁਆਰਾ ਬੰਦਾ ਭਿਆਨਕ[35] ਸੰਸਾਰ ਸਮੁੰਦਰ[36] ਤੋਂ ਪਾਰ ਹੋ ਜਾਂਦਾ[37] ਹੈ । ਠਹਿਰਾਉ ।
ਸੰਗਤਿ ਸਾਧ ਮੇਲਿ ਹਰਿ ਗਾਇਣੁ[38] ॥ ਗੁਰਮਤੀ[39] ਲੇ[40] ਰਾਮ [41]ਰਸਾਇਣੁ[42] ॥੨॥	Meeting with the saint's society, sing[38] thou the Lord's praise and through the Guru's instruction[39] obtain[40] Lord the Home[42] of elixir[41].	ਸਤਿਸੰਗਤ ਨਾਲ ਮਿਲ ਕੇ ਤੂੰ ਸੁਆਮੀ ਦੀ ਮਹਿਮਾ ਗਾਇਨ[38] ਕਰ ਅਤੇ ਗੁਰਾਂ ਦੇ ਉਪਦੇਸ਼[39] ਰਾਹੀਂ ਅੰਮ੍ਰਿਤ[41] ਦੇ ਘਰ[42] ਪ੍ਰਭੂ ਨੂੰ ਪਰਾਪਤ[40] ਹੋ ।
ਗੁਰ ਸਾਧੂ ਅੰਮ੍ਰਿਤ[43] ਗਿਆਨ[44] ਸਰਿ[45] ਨਾਇਣੁ[46] ॥	Bathe[46] thou, O men, in the Saint-Guru's ambrosial[43] tank[45] of Divine knowledge[44].	ਹੇ ਬੰਦੇ ! ਤੂੰ ਸੰਤ-ਗੁਰਾਂ ਦੇ ਬ੍ਰਹਮ-ਬੋਧ[44] ਦੇ ਅੰਮ੍ਰਿਤ-ਮਈ[43] ਸਰੋਵਰ[45] ਅੰਦਰ ਇਸ਼ਨਾਨ[46] ਕਰ ।
ਸਭਿ ਕਿਲਵਿਖ[47] ਪਾਪ[48] ਗਏ[49] ਗਾਵਾਇਣੁ[50] ॥੩॥	Thus all thine vices[47] and sins[48] be eradicated[49] and eliminated[50].	ਇਸ ਤਰ੍ਹਾਂ ਤੇਰੇ ਸਾਰੇ ਕਸਮਲ[47] ਅਤੇ ਗੁਨਾਹ[48] ਨਸ਼ਟ[49] ਅਤੇ ਦੂਰ ਹੋ ਜਾਣਗੇ[50]।
ਤੂ ਆਪੇ ਕਰਤਾ[51]ਸ੍ਰਿਸਟਿ[52] ਧਰਾਇਣੁ[53] ॥	Thou Thyself, O Creator[51]-Lord art the support[53] of the world[52].	ਤੂੰ ਆਪ ਹੀ ਹੈ ਸਿਰਜਣਹਾਰ[51]-ਸੁਆਮੀ ! ਸੰਸਾਰ[52] ਦਾ ਆਸਰਾ[53] ਹੈਂ ।
ਜਨੁ[54] ਨਾਨਕੁ ਮੇਲਿ ਤੇਰਾ ਦਾਸ ਦਸਾਇਣੁ[55] ॥੪॥੧॥	My Master, unité Thou with Thee, thy slave[54] Nanak, who is the serf of Thine serfs[55].	ਮੇਰੇ ਮਾਲਕ ! ਤੂੰ ਆਪਣੇ ਗੋਲੇ[54] ਨਾਨਕ ਨੂੰ ਆਪਣੇ ਨਾਲ ਮਿਲਾ ਲੈ, ਜੋ ਤੇਰਿਆਂ ਨਫ਼ਰਾਂ[55] ਦਾ ਨਫ਼ਰ ਹੈ ।
ਭੈਰਉ ਮਹਲਾ ੪ ॥	Bhairo 4th Guru.	ਭੈਰਉ ਚੋਥੀ ਪਾਤਿਸ਼ਾਹੀ ।
ਬੋਲਿ[56] ਹਰਿ ਨਾਮੁ ਸਫਲ[57] ਸਾ[58] ਘਰੀ[59] ॥	Fruitful[57] is the[58] moment[59], when the Lord's Name is uttered[56].	ਫਲਦਾਇਕ[57] ਹੈ ਉਹ[58] ਮੁਹਤ[59], ਜਦ ਪ੍ਰਭੂ ਦਾ ਨਾਮ ਉਚਾਰਨ ਕੀਤਾ[56] ਜਾਂਦਾ ਹੈ ।
ਗੁਰ ਉਪਦੇਸਿ[60] ਸਭਿ ਦੁਖ[61] ਪਰਹਰੀ[62] ॥੧॥	Through the Guru's instruction[60], all the sorrows[61] are eliminated[62].	ਗੁਰਾਂ ਦੀ ਸਿਖ-ਮਤ[60] ਰਾਹੀਂ, ਸਾਰੇ ਦੁਖੜੇ[61] ਦੂਰ ਹੋ ਜਾਂਦੇ[62] ਹਨ ।
ਮੇਰੇ ਮਨ[63] ਹਰਿ ਭਜੁ[64] ਨਾਮੁ ਨਰਹਰੀ[65] ॥	O my soul[63], utter[64] thou the Name of thy God, the Man-lion[65].	ਹੇ ਮੇਰੀ ਜਿੰਦੜੀਏ[63] ! ਤੂੰ ਮਨੁਸ਼-ਸ਼ੇਰ[65] ਸਰੂਪ ਆਪਣੇ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ[64] ।
ਕਰਿ ਕਿਰਪਾ[66] ਮੇਲਹੁ ਗੁਰੁ ਪੂਰਾ[67] ਸਤ ਸੰਗਤਿ ਸੰਗਿ[68]ਸਿੰਧੁ[69]ਭਉ[70]ਤਰੀ[71] ॥੧॥ਰਹਾਉ॥	Mercifully[66], unite Thou me with Perfect[67] Guru, O Lord. Meeting with[68] the saints society, I shall cross[71] the dreadful[70] world ocean[69]. Pause.	ਮਿਹਰ ਧਾਰ ਕੇ[66] ਤੂੰ ਮੈਨੂੰ ਪੂਰਨ[67] ਗੁਰਾਂ ਨਾਲ ਮਿਲਾ ਦੇ, ਹੇ ਸਾਈਂ ! ਸਾਧ ਸੰਗਤ ਨਾਲ[68] ਮਿਲ ਕੇ ਮੈਂ ਡਰਾਉਣੇ[70] ਸੰਸਾਰ ਸਮੁੰਦਰ[69] ਤੋਂ ਪਾਰ ਹੋ ਜਾਵਾਂਗਾ[71] । ਠਹਿਰਾਉ ।
ਜਗ[72] ਜੀਵਨੁ[73] ਧਿਆਇ[74] ਮਨਿ[75] ਹਰਿ ਸਿਮਰੀ[76] ॥	O my mind[75], remember[74] and contemplate[76] thou thy God, the Life[73] of the world[72].	ਹੇ ਮੇਰੇ ਮਨੂਏ[73] ! ਤੂੰ ਜਗਤ[72] ਦੀ ਜਿੰਦ ਜਾਨ[75] ਆਪਣੇ ਵਾਹਿਗੁਰੂ ਦਾ ਆਰਾਧਨ[74] ਅਤੇ ਚਿੰਤਨ[76] ਕਰ ।
ਕੋਟ ਕੋਟੰਤਰ[77] ਤੇਰੇ ਪਾਪ[78] ਪਰਹਰੀ[79] ॥੨॥	Thus, millions over millions[77] of thy sins[78] shall be washed off[79].	ਇੰਜ ਤੇਰੇ ਕ੍ਰੋੜਾਂ ਤੇ ਕ੍ਰੋੜਾਂ[77] ਹੀ ਪਾਪ[78] ਧੋਤੇ ਜਾਣਗੇ[79] ।
ਸਤ ਸੰਗਤਿ ਸਾਧ ਧੂਰਿ[80]	When the dust[80] of the saints'	ਜਦ ਸਾਧ ਸੰਗਤ ਅਤੇ ਸੰਤਾਂ ਦੇ ਪੈਰਾਂ ਦੀ ਧੂੜ[80] ਜੀਵ ਦੇ

ਮੁਖਿ[81] ਪਰੀ[82]॥ਇਸਨਾਨੁ[83] ਕੀਓ ਅਠਸਠਿ[84] ਸੁਰਸਰੀ[85] ॥੩॥	congregation and of the saints' feet alights[82] on the mortal's face[81], then he is deemed to have bathed[83] in the sixty eight[84] holies and the Ganges[85].	ਚਿਹਰੇ[81] ਤੇ ਪੈਂਦੀ[82] ਹੈ, ਤਦ ਇਹ ਜਾਣ ਲਿਆ ਜਾਂਦਾ ਹੈ ਕਿ ਉਸ ਨੇ ਅਠਾਹਟ[84] ਤੀਰਥਾਂ ਅਤੇ ਗੰਗਾ[85] ਦਾ ਨ੍ਹਾਉਣ ਕਰ ਲਿਆ[83] ਹੈ।
ਹਮ[86] ਮੂਰਖ[87] ਕਉ ਹਰਿ ਕਿਰਪਾ[88] ਕਰੀ[89] ॥	Unto me[86], the fool[87], God has shown[89] His mercy[88].	ਮੈਂ[86] ਮੂੜ੍ਹ[87], ਉਤੇ ਵਾਹਿਗੁਰੂ ਨੇ ਆਪਣੀ ਮਿਹਰ[88] ਧਾਰੀ[89] ਹੈ।
ਜਨੁ[90] ਨਾਨਕੁ ਤਾਰਿਓ[91] ਤਾਰਣ[92] ਹਰੀ ॥੪॥੨॥	The saviour[92] Lord has saved[91] Nanak, His slave[90].	ਰਖਿਆ ਕਰਨ ਵਾਲੇ[92] ਸੁਆਮੀ ਨੇ, ਆਪਣੇ ਗੋਲੇ[90] ਨਾਨਕ ਨੂੰ ਤਾਰ ਦਿਤਾ[91] ਹੈ।
ਭੈਰਉ ਮਹਲਾ ੪ ॥	Bhairo 4th Guru.	ਭੈਰਉ ਚੌਥੀ ਪਾਤਿਸ਼ਾਹੀ।
[93]ਸੁਕ੍ਰਿਤੁ[94] ਕਰਣੀ[95] ਸਾਰੁ[96] ਜਪਮਾਲੀ[97] ॥	The doing[95] of pious[93] deeds[94] is the sublime[96] rosary[97].	ਨੇਕ[93] ਅਮਲਾਂ[94] ਦਾ ਕਮਾਉਣਾ[95] ਹੀ ਸਰੇਸ਼ਟ[96] ਮਾਲਾ[97] ਹੈ।
ਹਿਰਦੈ[98] ਫੇਰਿ[99] ਚਲੈ ਤੁਧੁ ਨਾਲੀ[100] ॥੧॥	Tell[99] thou its beads with thy heart[98] and it shall go with[100] thee.	ਆਪਣੇ ਦਿਲ[98] ਨਾਲ ਤੂੰ ਇਸ ਦਾ ਜਾਪ[99] ਕਰ ਅਤੇ ਇਹ ਤੇਰੇ ਨਾਲ[100] ਜਾਵੇਗੀ।
ਹਰਿ ਹਰਿ[2] ਨਾਮੁ ਜਪਹੁ[3] ਬਨਵਾਲੀ[4] ॥	Meditate[3] thou on the Name of the Flower-girt[4] Lord Master[2].	ਤੂੰ ਫੁੱਲਾਂ ਨਾਲ ਗੁੰਦੇ[4] ਹੋਏ ਸੁਆਮੀ ਮਾਲਕ[2] ਦੇ ਨਾਮ ਦਾ ਸਿਮਰਨ ਕਰ[3]।
ਕਰਿ ਕਿਰਪਾ[5] ਮੇਲਹੁ[6] ਸਤਸੰਗਤਿ ਤੂਟਿ[7] ਗਈ ਮਾਇਆ[8] [9]ਜਮਜਾਲੀ[10] ॥੧॥ਰਹਾਉ॥	Take Thou pity[5] on me, O Lord and unite[6] me with the saint's society, that my noose[10] of the fatal[9] mammon[8] be snapped[7]. Pause.	ਤੂੰ ਮੇਰੇ ਤੇ ਤਰਸ[5] ਕਰ ਹੇ ਸੁਆਮੀ! ਅਤੇ ਮੈਨੂੰ ਸਤਿ-ਸੰਗਤ ਨਾਲ ਜੋੜ[6] ਦੇ, ਤਾਂ ਜੋ ਮੇਰੀ ਪ੍ਰਾਨ ਨਾਸਕ[9] ਮੋਹਣੀ[8] ਦੀ ਫਾਹੀ[10] ਕੱਟੀ[7] ਜਾਵੇ। ਠਹਿਰਾਉ।
ਗੁਰਮੁਖਿ[12] ਸੇਵਾ[13] ਘਾਲ[14] ਜਿਨਿ[15] ਘਾਲੀ[16]॥ ਤਿਸੁ[17] ਘੜੀਐ[18] ਸਬਦੁ[19] ਸਚੀ ਟਕਸਾਲੀ[20] ॥੨॥	Whosoever[15], by the Guru's grace[12], performs[16] the Lord's service[13] and labour[14]; he[17] is fashioned[18] afresh in the Lord's[19] True mint[20].	ਜੋ ਕੋਈ[15] ਭੀ ਗੁਰਾਂ ਦੀ ਦਇਆ[12] ਦੁਆਰਾ ਪ੍ਰਭੂ ਦੀ ਟਹਿਲ[13] ਅਤੇ ਕਾਰ-ਖਿਦਮਤ[14] ਕਮਾਉਂਦਾ[16] ਹੈ, ਉਹ[17] ਪ੍ਰਭੂ ਦੀ[19] ਸੱਚੀ ਸਿਕਸ਼ਾਲ[20] ਅੰਦਰ ਨਵੇਂ ਸਿਰਿਓਂ ਘੜਿਆ ਜਾਂਦਾ[18] ਹੈ।
ਹਰਿ ਅਗਮ[21] ਅਗੋਚਰੁ[22] ਗੁਰਿ ਅਗਮ[23] ਦਿਖਾਲੀ[24]॥	The Guru has shown[24] me the Inaccessible[21], Inapprehensible[22] and the Care[23]-free Lord.	ਗੁਰਾਂ ਨੇ ਮੈਨੂੰ ਪਹੁੰਚ ਤੋਂ ਪਰੇ[21], ਸੋਚ ਸਮਝ ਤੋਂ ਉਚੇਰੇ[22] ਅਤੇ ਗ਼ਮ-ਰਹਿਤ[23] ਸੁਆਮੀ ਨੂੰ ਵਿਖਾਲ ਦਿੱਤਾ[24] ਹੈ।
ਵਿਚਿ[25] ਕਾਇਆ[26] ਨਗਰ[27] ਲਧਾ[28] ਹਰਿ ਭਾਲੀ[29] ॥੩॥	Searching[29] within[25] the township[27] of the body[26] I have found[28] out my God.	ਸਰੀਰ[26] ਦੇ ਸ਼ਹਿਰ[27] ਦੇ ਅੰਦਰ[25] ਖੋਜ-ਭਾਲ ਕਰਨ[29] ਦੁਆਰਾ ਮੈਂ ਆਪਣੇ ਵਾਹਿਗੁਰੂ ਨੂੰ ਲਭ ਲਿਆ[28] ਹੈ।
ਹਮ[30] ਬਾਰਿਕ[31] ਹਰਿ ਪਿਤਾ[32] ਪ੍ਰਤਿਪਾਲੀ[33] ॥	I[30] am a child[31] and God is my Nourishing[33] Father[32].	ਮੈਂ ਇਕ[30] ਬੱਚਾ[31] ਹਾਂ ਤੇ ਵਾਹਿਗੁਰੂ ਮੇਰਾ ਪਾਲਣ-ਪੋਸਣਹਾਰ[33] ਬਾਪੂ[32] ਹੈ।
ਜਨ[34] ਨਾਨਕ ਤਾਰਹੁ[35] ਨਦਰਿ[36] ਨਿਹਾਲੀ[37] ॥੪॥੩॥	O Father, emancipate[35] Thou Thy slave[34] Nanak, by beholding[37] him with Thine eye of grace[36].	ਹੇ ਬਾਬਲ! ਆਪਣੀ ਮਿਹਰ ਦੀ ਅੱਖ[36] ਨਾਲ ਉਸ ਨੂੰ ਤੱਕ[37] ਕੇ, ਤੂੰ ਆਪਣੇ ਗੋਲੇ[34] ਨਾਨਕ ਦਾ ਪਾਰ ਉਤਾਰਾ ਕਰ ਦੇ[35]।

ਭੈਰਉ ਮਹਲਾ ੪ ॥

Bhairo 4th Guru.

ਭੈਰਉ ਚੌਥੀ ਪਾਤਿਸ਼ਾਹੀ।

ਸਭਿ ਘਟ[38] ਤੇਰੇ ਤੂ ਸਭਨਾ ਮਾਹਿ[39] ॥
ਤੁਝ ਤੇ ਬਾਹਰਿ[40] ਕੋਈ ਨਾਹਿ ॥੧॥

O God, all the hearts[38] are Thine and Thou abidest amongst[39] all.
There is naught that is without[40] Thee

ਹੇ ਵਾਹਿਗੁਰੂ ! ਸਾਰੇ ਦਿਲ[38] ਤੇਰੇ ਹਨ ਅਤੇ ਤੂੰ ਸਾਰਿਆਂ ਅੰਦਰ[39] ਵਸਦਾ ਹੈਂ।
ਕੋਈ ਭੀ ਐਸਾ ਨਹੀਂ ਜੋ ਤੇਰੇ ਬਗੈਰ[40] ਹੈ।

ਹਰਿ ਸੁਖ ਦਾਤਾ[41] ਮੇਰੇ ਮਨ[42] ਜਾਪੁ[43] ॥
ਹਉ ਤੁਧੁ ਸਾਲਾਹੀ[44] ਤੂ ਮੇਰਾ ਹਰਿ ਪ੍ਰਭੁ[45] ਬਾਪੁ[46] ॥ ੧॥ਰਹਾਉ॥

O my soul[42], meditate[43] thou on the peace-giving[41] God.
I praise[44] Thee. Thou art my God Lord[45], my Father[46]. Pause.

ਹੇ ਮੇਰੀ ਜਿੰਦੜੀਏ[42] ! ਤੂੰ ਆਰਾਮ ਬਖ਼ਸ਼ਣਹਾਰ[41] ਵਾਹਿਗੁਰੂ ਦਾ ਆਰਾਧਨ ਕਰ[43]।
ਮੈਂ ਤੇਰੀ ਉਸਤਤੀ ਕਰਦਾ[44] ਹਾਂ। ਤੂੰ ਮੇਰਾ ਵਾਹਿਗੁਰੂ ਸੁਆਮੀ[45], ਮੇਰਾ[46] ਪਿਤਾ ਹੈਂ। ਠਹਿਰਾਉ।

ਜਹ ਜਹ[47] ਦੇਖਾ ਤਹ[48] ਹਰਿ ਪ੍ਰਭੁ ਸੋਇ[49] ॥
ਸਭ ਤੇਰੈ ਵਸਿ[50] ਦੂਜਾ ਅਵਰੁ ਨ ਕੋਇ ॥੨॥

Wheresoever[47] I see, there[48] I see the[49] Lord God alone.
All are under Thine sway[50]. There is not any other second.

ਜਿਥੇ ਕਿਤੇ[47] ਭੀ ਮੈਂ ਵੇਖਦਾ ਹਾਂ, ਉਥੇ[48] ਮੈਂ ਕੇਵਲ ਉਸ[49] ਵਾਹਿਗੁਰੂ ਸੁਆਮੀ ਨੂੰ ਹੀ ਵੇਖਦਾ ਹਾਂ।
ਸਾਰੇ ਤੇਰੇ ਇਖ਼ਤਿਆਰ[50] ਵਿਚ ਹਨ। ਹੋਰ ਦੂਸਰਾ ਕੋਈ ਹੈ ਹੀ ਨਹੀਂ।

ਜਿਸ ਕਉ ਤੁਮ ਹਰਿ ਰਾਖਿਆ[51] ਭਾਵੈ ॥ ਤਿਸ[52] ਕੈ ਨੇੜੈ[53] ਕੋਇ ਨ ਜਾਵੈ ॥੩॥

Whomsoever, Thou wantest to save[51], O Lord, near[53] him[52] no one can come.

ਜਿਸ ਨੂੰ ਤੂੰ ਬਚਾਉਣਾ[51] ਚਾਹੁੰਦਾ ਹੈਂ, ਹੇ ਸੁਆਮੀ ! ਉਸ[52] ਦੇ ਨਜ਼ਦੀਕ[53] ਕੋਈ ਨਹੀਂ ਆ ਸਕਦਾ।

ਤੂ ਜਲਿ[54] ਥਲਿ[55] [56]ਮਹੀਅਲਿ[57] ਸਭਤੈ[58] ਭਰਪੂਰਿ[59] ॥
ਜਨ[60] ਨਾਨਕ ਹਰਿ ਜਪਿ[61] ਹਾਜਰਾ ਹਜੂਰਿ[62] ॥੪॥੪॥

Thou, O Lord, art fullyfilling[59] the water[54], the dryland[55], under-world[56], sky[57] and all places[58].
O slave[60] Nanak, contemplate[61] thou thy everpresent[62] Lord.

ਤੂੰ, ਹੇ ਸਾਈਂ ! ਪਾਣੀ[54], ਸੁੱਕੀ ਧਰਤੀ[55], ਪਾਤਾਲ[56], ਆਕਾਸ਼[57] ਅਤੇ ਸਾਰੀਆਂ ਥਾਵਾਂ[58] ਨੂੰ ਪਰੀਪੂਰਨ ਕਰ ਰਿਹਾ[59] ਹੈਂ।
ਹੇ ਗੋਲੇ[60] ਨਾਨਕ ! ਤੂੰ ਆਪਣੇ ਸਦੀਵੀ ਹਾਜ਼ਰ-ਨਾਜ਼ਰ[62] ਸੁਆਮੀ ਦਾ ਸਿਮਰਨ ਕਰ[61]।

੧੧੩੫

ਭੈਰਉ

ਮਹਲਾ ੪ ਘਰੁ ੨

1135

Bhairo

4th Guru

੧੧੩੫

ਭੈਰਉ

ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ[63] ਜਿਸੁ ਹਿਰਦੈ[64] ਹਰਿ ਨਾਮੁ [65]ਮੁਰਾਰਿ[66] ॥

God's saint is the embodiment[63] of the Lord God, he, who within his mind[64] enshrines the Name of God, the Enemy[66] of ego[65].

ਵਾਹਿਗੁਰੂ ਦਾ ਸਾਧੂ ਸੁਆਮੀ ਵਾਹਿਗੁਰੂ ਦਾ ਹੀ ਸਰੂਪ[63] ਹੈ, ਉਹ ਜਿਸ ਦੇ ਮਨ[64] ਅੰਦਰ, ਹੰਕਾਰ[65] ਦੇ ਵੈਰੀ[66], ਵਾਹਿਗੁਰੂ ਦਾ ਨਾਮ ਵਸਦਾ ਹੈ।

ਮਸਤਕਿ[67] ਭਾਗੁ[68] ਹੋਵੈ ਜਿਸੁ ਲਿਖਿਆ ਸੋ[69]

He, on whose forehead[67] good destiny[68] is recorded, through the

ਜਿਸ ਦੇ ਮੱਥੇ[67] ਉਤੇ ਚੰਗੀ ਪ੍ਰਾਲਬਧ[68] ਲਿਖੀ ਹੋਈ ਹੈ, ਗੁਰਾਂ ਦੇ ਉਪਦੇਸ਼[70] ਰਾਹੀਂ ਉਹ[69] ਆਪਣੇ ਮਨ[72] ਅੰਦਰ

ਗੁਰਮਤਿ[70] ਹਿਰਦੈ[72] ਹਰਿ ਨਾਮੁ ਸਮ੍ਹਾਰਿ[71] ॥੧॥	Guru's instruction[70] he[69] contemplates[71] within his mind[72] God's Name.	ਵਾਹਿਗੁਰੂ ਦੇ ਨਾਮ ਨੂੰ ਆਰਾਧਦਾ[71] ਹੈ।
ਮਧੁ ਸੂਦਨੁ[73] ਜਪੀਐ[74] ਉਰ[75] ਧਾਰਿ[76] ॥	Enshrining[76] Him in thy heart[75], O man, remember[74] thou thy God, the Lover of Nectar[73].	ਆਪਣੇ ਦਿਲ[75] ਅੰਦਰ ਟਿਕਾ[76] ਕੇ, ਹੇ ਜੀਵ! ਤੂੰ ਅੰਮ੍ਰਿਤ ਦੇ ਪਿਆਰੇ[73], ਆਪਣੇ ਵਾਹਿਗੁਰੂ ਦਾ ਸਿਮਰਨ ਕਰ[74]।
ਦੇਹੀ[77] ਨਗਰਿ[78] ਤਸਕਰ[79] ਪੰਚ ਧਾਤੂ[80] ਗੁਰ ਸਬਦੀ[81] ਹਰਿ[82] ਕਾਢੇ ਮਾਰਿ[83] ॥੧॥ ਰਹਾਉ॥	Within the township[78] of the body[77] abide the five fugitive[80] thieves[79]. By the Guru's Divine[82] instruction[81] I have beaten them off[83]. Pause.	ਸਰੀਰ[77] ਦੇ ਸ਼ਹਿਰ[78] ਅੰਦਰ ਪੰਜ ਭਜ ਜਾਣ ਵਾਲੇ[80] ਚੋਰ[79] ਵਸਦੇ ਹਨ। ਗੁਰਾਂ ਦੇ ਈਸ਼ਵਰੀ[82] ਉਪਦੇਸ਼[81] ਦੁਆਰਾ, ਮੈਂ ਉਨ੍ਹਾਂ ਨੂੰ ਮਾਰ ਕੇ ਕਢ ਦਿੱਤਾ[83] ਹੈ। ਠਹਿਰਾਉ।
ਜਿਨ ਕਾ ਹਰਿ ਸੇਤੀ[84] ਮਨੁ ਮਾਨਿਆ[85] ਤਿਨ ਕਾਰਜ[86] ਹਰਿ ਆਪਿ ਸਵਾਰਿ[87] ॥	They, whose mind is propitiated[85] with[84] their God; their affairs[86] God Himself adjusts[87].	ਜਿਨ੍ਹਾਂ ਦਾ ਚਿਤ ਆਪਣੇ ਵਾਹਿਗੁਰੂ ਨਾਲ[84] ਪਤੀਜ[85] ਗਿਆ ਹੈ, ਉਨ੍ਹਾਂ ਦੇ ਕੰਮ[86] ਵਾਹਿਗੁਰੂ ਖੁਦ ਰਾਸ ਕਰਦਾ[87] ਹੈ।
ਤਿਨ[88] ਚੂਕੀ[89] ਮੁਹਤਾਜੀ[90] ਲੋਕਨ ਕੀ ਹਰਿ ਅੰਗੀਕਾਰੁ[91] ਕੀਆ ਕਰਤਾਰਿ[92] ॥੨॥	They, whose side[91] the Creator-Lord[92] takes; their[88] subservience[90] of people is ended[89].	ਜਿਨ੍ਹਾਂ ਦਾ ਪੱਖ[91] ਸਿਰਜਣਹਾਰ-ਸੁਆਮੀ[92] ਲੈਂਦਾ ਹੈ, ਉਨ੍ਹਾਂ[88] ਦੀ ਲੋਕਾਂ ਦੀ ਮੁਛੰਦਗੀ[90] ਮੁਕ ਜਾਂਦੀ[89] ਹੈ।
ਮਤਾ ਮਸੂਰਤਿ[93] ਤਾਂ[94] ਕਿਛੁ ਕੀਜੈ[95] ਜੇ ਕਿਛੁ[96] ਹੋਵੈ ਹਰਿ ਬਾਹਰਿ[97] ॥	If aught[96] be beyond[97] the jurisdiction of the Lord, then[94] alone should we have recourse[95] to counsel and consultation[93].	ਜੇਕਰ ਕੁਝ[96] ਭੀ ਸੁਆਮੀ ਦੇ ਇਖ਼ਤਿਆਰ ਤੋਂ ਬਾਹਰ[97] ਹੋਵੇ, ਕੇਵਲ ਤਦ[94] ਹੀ ਸਾਨੂੰ ਕੋਈ ਸਲਾਹ-ਮਸ਼ਵਰਾ[93] ਕਰਨਾ ਚਾਹੀਦਾ[95] ਹੈ।
ਜੋ ਕਿਛੁ ਕਰੇ ਸੋਈ[98] ਭਲ[99] ਹੋਸੀ ਹਰਿ ਧਿਆਵਹੁ[100] ਅਨਦਿਨੁ[2] ਨਾਮੁ [3]ਮੁਰਾਰਿ[4] ॥੩॥	Whatever the Lord does, that[98] alone is good[99]. O mortal, night[2] and day ponder[100] thou over the Name of God, the Enemy[4] of ego[3].	ਜਿਹੜਾ ਕੁਝ ਸੁਆਮੀ ਕਰਦਾ ਹੈ, ਕੇਵਲ ਉਹ[98] ਹੀ ਚੰਗਾ[99] ਹੈ। ਹੇ ਪ੍ਰਾਨੀ! ਰੈਣ[2] ਅਤੇ ਦਿਨ ਤੂੰ ਹੰਕਾਰ[3] ਦੇ ਵੈਰੀ[4] ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰ[100]।
ਹਰਿ ਜੋ ਕਿਛੁ ਕਰੇ ਸੁ[5] ਆਪੇ ਆਪੇ[6] ਓਹੁ ਪੂਛਿ[7] ਨ ਕਿਸੈ ਕਰੇ ਬੀਚਾਰਿ[8] ॥	Whatever the Lord does, that[5] He does on His[6] own. He asks[7] and consults[8] not any other.	ਜਿਹੜਾ ਕੁਛ ਸਾਂਈਂ ਕਰਦਾ ਹੈ ਉਸ[5] ਨੂੰ ਉਹ ਆਪਣੇ ਆਪ[6] ਹੀ ਕਰਦਾ ਹੈ। ਉਹ ਕਿਸੇ ਨੂੰ ਪੁਛਦਾ[7] ਅਤੇ ਕਿਸੇ ਨਾਲ ਸਲਾਹ[8] ਨਹੀਂ ਕਰਦਾ।
ਨਾਨਕ ਸੋ[9] ਪ੍ਰਭੁ ਸਦਾ ਧਿਆਈਐ[10] ਜਿਨਿ ਮੇਲਿਆ ਸਤਿਗੁਰੁ ਕਿਰਪਾ[12] ਧਾਰਿ ॥੪॥੧॥੫॥	Ever meditate[10] thou on that[9] Lord, O Nanak, who in His mercy[12], has united thee with thy True Guru.	ਸਦੀਵ ਹੀ, ਹੇ ਨਾਨਕ! ਤੂੰ ਉਸ[9] ਸੁਆਮੀ ਦਾ ਸਿਮਰਨ ਕਰ[10], ਜਿਸ ਨੇ ਆਪਣੀ ਰਹਿਮਤ[12] ਦੁਆਰਾ ਤੈਨੂੰ ਤੇਰ ਸੱਚੇ ਗੁਰਾਂ ਨਾਲ ਮਿਲਾ ਦਿੱਤਾ ਹੈ।
ਭੈਰਉ ਮਹਲਾ ੪ ॥	Bhairo 4th Guru.	ਭੈਰਉ ਚੌਥੀ ਪਾਤਿਸ਼ਾਹੀ।
ਤੇ[13] ਸਾਧੂ ਹਰਿ ਮੇਲਹੁ ਸੁਆਮੀ ਜਿਨ[17] ਜਪਿਆ[14]	My God Lord, unite me Thou with the saints[13], contemplating[14] Thee	ਮੇਰੇ ਹਰੀ ਸਾਂਈਂ! ਮੈਨੂੰ ਉਨ੍ਹਾਂ[13] ਸੰਤਾਂ ਨਾਲ ਮਿਲਾ ਦੇ, ਜਿਨ੍ਹਾਂ[17] ਨਾਲ ਮਿਲ ਕੇ ਤੇਰਾ ਸਿਮਰਨ ਕਰਨ[14] ਦੁਆਰਾ

ਗਤਿ[15] ਹੋਈ ਹਮਾਰੀ[16] ॥	with whom[17], I[16] am emancipated[15].	ਮੇਰੀ[16] ਕਲਿਆਣ ਹੁੰਦੀ[15] ਹੈ।
ਤਿਨ ਕਾ ਦਰਸੁ[18] ਦੇਖਿ ਮਨੁ ਬਿਗਸੈ[19] ਖਿਨੁ[20] ਖਿਨੁ ਤਿਨ[21] ਕਉ ਹਉ ਬਲਿਹਾਰੀ[22] ॥੧॥	Seeing their sight[18], my mind has flowered[19]. Every moment[20] and instant, am I a sacrifice[22] unto them[21].	ਉਨ੍ਹਾਂ ਦਾ ਦਰਸ਼ਨ[18] ਵੇਖ, ਮੇਰਾ ਚਿਤ ਪ੍ਰਫੁਲਤ[19] ਹੋ ਗਿਆ ਹੈ। ਹਰ ਮੁਹਤ[20] ਤੇ ਛਿਨ ਮੈਂ ਉਨ੍ਹਾਂ[21] ਉਤੋਂ ਘੋਲੀ ਜਾਂਦਾ[22] ਹਾਂ।
ਹਰਿ ਹਿਰਦੈ[23] ਜਪਿ[24] ਨਾਮੁ [25]ਮੁਰਾਰੀ[26] ॥	Within thy mind[23], remember[24] thou the Name of God, the slayer[26] of Mur[25], the demon.	ਆਪਣੇ ਮਨ[23] ਅੰਦਰ ਤੂੰ ਮੁਰ[25] ਰਾਖ਼ਸ਼ ਨੂੰ ਮਾਰਨ ਵਾਲੇ[26] ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰ[24]।
ਕ੍ਰਿਪਾ[27] ਕ੍ਰਿਪਾ ਕਰਿ[28] [29]ਜਗਤਪਿਤ[30] ਸੁਆਮੀ[31]* ਹਮ ਦਾਸਨਿ[31] ਦਾਸ ਕੀਜੈ[32] ਪਨਿਹਾਰੀ[33] ॥੧॥ਰਹਾਉ॥	O Father[30], O Lord[31]* of the universe[29], show[28] Thou mercy[27], mercy unto me and make[32] me the water-carrier[33] of the slaves of Thine slaves[31]. Pause.	ਹੇ ਆਲਮ[29] ਦੇ ਸਾਂਈ[31]*! ਹੇ ਬਾਬਲ[30]! ਤੂੰ ਮੇਰੇ ਉਤੇ ਮਿਹਰ[27], ਮਿਹਰ ਧਾਰ[28] ਅਤੇ ਮੈਨੂੰ ਆਪਣੇ ਗੋਲਿਆਂ[31] ਦੇ ਗੋਲਿਆਂ ਦਾ ਪਾਣੀ[33] ਢੋਣ ਵਾਲਾ ਬਣਾ ਦੇ[32]। ਠਹਿਰਾਉ।
ਤਿਨ[34] ਮਤਿ[35] ਊਤਮ[36] ਤਿਨ ਪਤਿ[37] ਊਤਮ ਜਿਨ ਹਿਰਦੈ[38] ਵਸਿਆ[39] ਬਨਵਾਰੀ[40] ॥	Sublime[36] is their[34] intellect[35] and sublime their honour[37], within whose mind[38] the flower-girt[40] Lord dwells[39].	ਸਰੇਸ਼ਟ[36] ਹੈ ਉਨ੍ਹਾਂ[34] ਦੀ ਅਕਲ[35] ਅਤੇ ਸਰੇਸ਼ਟ ਉਨ੍ਹਾਂ ਦੀ ਇਜ਼ਤ ਆਬਰੂ[37], ਜਿਨ੍ਹਾਂ ਦੇ ਮਨ[38] ਅੰਦਰ ਫੁਲਾਂ ਨਾਲ ਗੁੰਦਿਆ ਹੋਇਆ[40] ਸਾਂਈਂ ਵਸਦਾ[39] ਹੈ।
ਤਿਨ ਕੀ ਸੇਵਾ[45] ਲਾਇ[41] ਹਰਿ ਸੁਆਮੀ ਤਿਨ[42] ਸਿਮਰਤ[43] ਗਤਿ[44] ਹੋਇ ਹਮਾਰੀ ॥੨॥	My God Lord, yoke[41] Thou me to their service[45] contemplating[43] Thee in their[42] association I shall be emancipated[44].	ਮੇਰੇ ਹਰੀ ਸਾਂਈਂ, ਤੂੰ ਮੈਨੂੰ ਉਨ੍ਹਾਂ ਦੀ ਟਹਿਲ[45] ਅੰਦਰ ਜੋੜ[41] ਦੇ, ਉਨ੍ਹਾਂ[42] ਦੀ ਸੰਗਤ ਅੰਦਰ ਤੇਰਾ ਆਰਾਧਨ[43] ਕਰਨ ਦੁਆਰਾ ਮੈਂ ਮੁਕਤ[44] ਹੋ ਜਾਵਾਂਗਾ।
ਜਿਨ ਐਸਾ[45]* ਸਤਿਗੁਰੁ ਸਾਧੁ ਨ ਪਾਇਆ ਤੇ[46] ਹਰਿ ਦਰਗਹ[47] ਕਾਢੇ ਮਾਰੀ[48] ॥	They, who obtain not such[45]* a saint True Guru; they[46] are thrashed[48] and turned out of God's court[47].	ਜੋ ਇਹੋ ਜਿਹੇ[45]* ਸੰਤ ਸਚੇ ਗੁਰਾਂ ਨੂੰ ਪਰਾਪਤ ਨਹੀਂ ਹੁੰਦੇ, ਉਹ[46] ਵਾਹਿਗੁਰੂ ਦੇ ਦਰਬਾਰ[47] ਵਿਚੋਂ ਮਾਰ ਕੁਟ[48] ਕੇ ਕਢ ਦਿੱਤੇ ਜਾਂਦੇ ਹਨ।
ਤੇ ਨਰ[49] ਨਿੰਦਕ[50] ਸੋਭ[51] ਨ ਪਾਵਹਿ ਤਿਨ[52] ਨਕ ਕਾਟੇ[53]ਸਿਰਜਨਹਾਰੀ[54]॥੩॥	These slanderous[50] persons[49] obtain not glory[51]. Their[52] noses are slashed[53] by the Creator[54].	ਉਹ ਬਦਖੋਈ ਕਰਨ ਵਾਲੇ[50] ਪੁਰਸ਼[49] ਪ੍ਰਭਤਾ[51] ਨਹੀਂ ਪਾਉਂਦੇ। ਉਨ੍ਹਾਂ[52] ਦੇ ਨੱਕ ਕਰਤਾਰ[54] ਵਢ ਸੁਟਦਾ[53] ਹੈ।
ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ[55] ਨਿਰੰਕਾਰੁ[56] ਨਿਰਾਹਾਰੀ[57] ॥	God Himself speaks and Himself makes man speak. The non-eating Lord[57], of Himself is Immaculate[55] and Formless[56].	ਵਾਹਿਗੁਰੂ ਖ਼ੁਦ ਬੋਲਦਾ ਅਤੇ ਖ਼ੁਦ ਹੀ ਬੰਦਿਆਂ ਨੂੰ ਬੁਲਾਉਂਦਾ ਹੈ। ਭੋਜਨ ਨ ਛਕਣਹਾਰ ਸੁਆਮੀ[57] ਖ਼ੁਦ ਪਵਿੱਤ੍ਰ[55] ਅਤੇ ਸਰੂਪ-ਰਹਿਤ[56] ਹੈ।
ਹਰਿ ਜਿਸੁ ਤੂ ਮੇਲਹਿ ਸੁ[58] ਤੁਧੁ ਮਿਲਸੀ ਜਨ	O God, he[58] alone meetest with Thee, whom Thou makest meet.	ਹੇ ਹਰੀ; ਕੇਵਲ ਉਹ ਹੀ[58] ਤੇਰੇ ਨਾਲ ਮਿਲਦਾ ਹੈ, ਜਿਸ ਨੂੰ ਤੂੰ ਮਿਲਾਉਂਦਾ ਹੈਂ। ਗੋਲਾ[59] ਨਾਨਕ ਆਖਦਾ

ਨਾਨਕ ਕਿਆ[62] ਏਹਿ ਜੰਤ[60] ਵਿਚਾਰੀ[61] ॥੪॥੨॥੬॥	Says slave[59] Nanak : 'What[62] is this poor[61] being[60] before Thee ?'	ਹੈ : 'ਇਹ ਗਰੀਬੜਾ[61] ਜੀਵ[60] ਤੇਰੇ ਮੂਹਰੇ ਕੀ[62] ਹੈ ?'
ਭੈਰਉ ਮਹਲਾ ੪ ॥	Bhairo 4th Guru.	ਭੈਰਉ ਚੌਥੀ ਪਾਤਿਸ਼ਾਹੀ ।
ਸਤ ਸੰਗਤਿ ਸਾਈ[63] ਹਰਿ ਤੇਰੀ ਜਿਤੁ ਹਰਿ ਕੀਰਤਿ[64] ਹਰਿ ਸੁਨਣੇ ॥	O God, that[63] alone is Thine saints' guild, where the Lord God's praise[64] is heard.	ਹੇ ਵਾਹਿਗੁਰੂ; ਕੇਵਲ ਉਹ ਹੀ[63] ਹੈ ਤੇਰੀ ਸਾਧ ਸੰਗਤ ਜਿਥੇ ਸੁਆਮੀ ਵਾਹਿਗੁਰੂ ਦਾ ਜੱਸ[64] ਸੁਣਿਆ ਜਾਂਦਾ ਹੈ।
ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ[65] ਤਿਨ[66] ਹਮ[67] ਸ੍ਰੇਵਹ[68] ਨਿਤ[69] ਚਰਣੇ[70] ॥੧॥	They who hear God's Name ; their mind is drenched[65] in glee. Their[66] feet[70] ever[69] worship[68] I[67].	ਜੋ ਰੱਬ ਦਾ ਨਾਮ ਸੁਣਦੇ ਹਨ, ਉਹਨਾਂ ਦਾ ਹਿਰਦਾ ਖ਼ੁਸ਼ੀ ਨਾਲ ਗੱਚ[65] ਹੋ ਜਾਂਦਾ ਹੈ । ਉਹਨਾਂ[66] ਦੇ ਪੈਰ[70] ਮੈਂ[67] ਸਦਾ[69] ਹੀ ਪੂਜਦਾ[68] ਹਾਂ ।
ਜਗ[71] ਜੀਵਨੁ[72] ਹਰਿ ਧਿਆਇ[73] ਤਰਣੇ[74] ॥	Meditating[73] on God, the Life[72] of the world[71], the mortal swims across[74].	ਜਗਤ[71] ਦੀ ਜਿੰਦ-ਜਾਨ[72] ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ[73] ਦੁਆਰਾ ਪ੍ਰਾਨੀ, ਪਾਰ ਉਤਰ ਜਾਂਦਾ[74] ਹੈ ।
ਅਨੇਕ[75] ਅਸੰਖ[76] ਨਾਮ ਹਰਿ ਤੇਰੇ ਨ ਜਾਹੀ ਜਿਹਵਾ[77] ਇਤੁ[78] ਗਨਣੇ[79] ॥੧॥ਰਹਾਉ॥	Myriads[75] and innumerable[76] are Thine Names, O Lord. This[78] tongue[77] of mine can count[79] them not. Pause.	ਕ੍ਰੋੜਾਂ[75] ਹੀ ਅਤੇ ਅਣਗਿਣਤ[76] ਹਨ ਤੇਰੇ ਨਾਮ; ਹੇ ਸੁਆਮੀ ! ਮੇਰੀ ਇਹ[78] ਜੀਭ[77] ਉਨ੍ਹਾਂ ਨੂੰ ਗਿਣ[79] ਨਹੀਂ ਸਕਦੀ । ਠਹਿਰਾਉ ।
ਗੁਰਸਿਖ[80] ਹਰਿ ਬੋਲਹੁ[81] ਹਰਿ ਗਾਵਹੁ[82] ਲੇ[83] ਗੁਰਮਤਿ[84] ਹਰਿ ਜਪਣੇ[85] ॥	O the disciples[80] of the Guru, obtaining[83] instruction[84] from the Guru, utter[81] ye the Lord's Name, hymn[82] ye the Lord's praise and dwell[85] ye on the Lord.	ਹੇ ਗੁਰੂ ਦਿਓ ਸਿੱਖੋ[80] ! ਗੁਰਾਂ ਤੋਂ ਉਪਦੇਸ਼[84] ਲੈ ਕੇ[83] ਤੁਸੀਂ ਸਾਂਈਂ ਦੇ ਨਾਮ ਦਾ ਉਚਾਰਨ ਕਰੋ[81], ਤੁਸੀਂ ਸਾਂਈਂ ਦੀ ਕੀਰਤੀ ਗਾਓ[82] ਅਤੇ ਤੁਸੀਂ ਸਾਂਈਂ ਨੂੰ ਹੀ ਆਰਾਧੋ[85] ।
ਜੋ ਉਪਦੇਸੁ[86] ਸੁਣੇ ਗੁਰ ਕੇਰਾ[87] ਸੋ ਜਨੁ[88] ਪਾਵੈ[90] ਹਰਿ ਸੁਖ ਘਣੇ[89] ॥੨॥	Whosoever hears the instruction[86] of[87] the Guru ; that man[88] receives[90] many[89] comforts from the Lord.	ਜੋ ਕੋਈ ਭੀ ਗੁਰਾਂ ਦੀ[87] ਸਿਖ-ਮਤ[86] ਸੁਣਦਾ ਹੈ, ਉਸ ਜੀਵ[88] ਨੂੰ ਸਾਂਈਂ ਪਾਸੋਂ ਬਹੁਤੇ[89] ਆਰਾਮ ਪਰਾਪਤ ਹੁੰਦੇ[90] ਹਨ ।
ਧੰਨੁ[91] ਸੁ[92] ਵੰਸੁ[93] ਧੰਨੁ ਸੋ ਪਿਤਾ[94] ਧੰਨੁ ਸੁ ਮਾਤਾ[95] ਜਿਨਿ ਜਨ[96] ਜਣੇ[97] ॥	Blest[91] is the[92] Lineage[93], blest the Father[94] and blest the Mother[95], who gave birth[97] to God's slave[96].	ਮੁਬਾਰਿਕ[91] ਹੈ ਉਹ[92] ਕੁਲ[93], ਮੁਬਾਰਿਕ ਉਹ ਪਿਤਾ[94] ਤੇ ਮੁਬਾਰਿਕ ਉਹ ਮਾਂ[95], ਜਿਸ ਨੇ ਰਬ ਦੇ ਗੋਲੇ[96] ਨੂੰ ਜਨਮ[97] ਦਿਤਾ ਹੈ ।
ਜਿਨ ਸਾਸਿ[98] ਗਿਰਾਸਿ[99] ਧਿਆਇਆ[100] ਮੇਰਾ ਹਰਿ ਹਰਿ[2] ਸੇ[3] ਸਾਚੀ ਦਰਗਹ[4] ਹਰਿਜਨ[5] ਬਣੇ[6] ॥੩॥	They who with each breath[98] and morsel[99] remember[100] my God Lord[2]; those[3] men[5] of God, look beauteous[6] in the True court[4].	ਜੋ ਹਰ ਸਾਹ[98] ਅਤੇ ਬੁਰਕੀ[99] ਨਾਲ ਮੇਰੇ ਹਰੀ ਸਾਂਈਂ[2] ਨੂੰ ਸਿਮਰਦੇ[100] ਹਨ ਉਹ[3] ਰੱਬ ਦੇ ਬੰਦੇ[5] ਸੱਚੇ ਦਰਬਾਰ[4] ਅੰਦਰ ਸੋਹਣੇ ਸੁਨੱਖੇ[6] ਲਗਦੇ ਹਨ ।
੧੧੩੬	**1136**	**੧੧੩੬**
ਹਰਿ ਹਰਿ ਅਗਮ[7] ਨਾਮ	O Lord God, O my Lord God,	ਹੇ ਸੁਆਮੀ ਵਾਹਿਗੁਰੂ ! ਹੇ ਮੇਰੇ ਸੁਆਮੀ ਵਾਹਿਗੁਰੂ !

ਹਰਿ ਤੇਰੇ ਵਿਚ[8] ਭਗਤਾ[9] ਹਰਿ ਧਰਣੇ[10] ॥	Infinite[7] are Thine Names. Thy saints[9] have treasured[10] them in[8] their mind.	ਬੇਅੰਤ[7] ਹਨ ਤੇਰੇ ਨਾਮ। ਤੇਰਿਆਂ ਸੰਤਾਂ[9] ਨੇ ਉਹਨਾਂ ਨੂੰ ਆਪਣੇ ਅੰਤਰ-ਆਤਮੇ[8] ਟਿਕਾਇਆ ਹੋਇਆ[10] ਹੈ।
ਨਾਨਕ ਜਨਿ[12] ਪਾਇਆ ਮਤਿ[13] ਗੁਰਮਤਿ ਜਪਿ[14] ਹਰਿ ਹਰਿ[15] ਪਾਰਿ ਪਵਣੇ[16] ॥੪॥੩॥੭॥੮॥੨੧॥੭॥੩੬॥	Through the instruction[13], the Guru's instruction serf[12] Nanak has obtained the Name and contemplating[14] the Lord Master[15] he is emancipated[16].	ਉਪਦੇਸ਼[13], ਗੁਰਾਂ ਦੇ ਉਪਦੇਸ਼ ਰਾਹੀਂ ਨਫਰ[12] ਨਾਨਕ ਨੇ ਨਾਮ ਨੂੰ ਪਾ ਲਿਆ ਹੈ ਅਤੇ ਸੁਆਮੀ ਮਾਲਕ[15] ਦਾ ਸਿਮਰਨ ਕਰਨ[14] ਦੁਆਰਾ ਉਹ ਪਾਰ ਉਤਰ ਗਿਆ[16] ਹੈ।
ਭੈਰਉ ਮਹਲਾ ੫ ਘਰੁ ੧	**Bhairo 5th Guru**	**ਭੈਰਉ ਪੰਜਵੀਂ ਪਾਤਿਸ਼ਾਹੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਗਲੀ ਥੀਤਿ[17] ਪਾਸਿ[18] ਡਾਰਿ ਰਾਖੀ[19] ॥ ਅਸਟਮ[20] ਥੀਤਿ ਗੋਵਿੰਦ ਜਨਮਾਸੀ[21] ॥੧॥	Keeping[19] aside[18] all other lunar days[17], thou sayest, that the Lord was born[21] on the eighth[20] day of moon.	ਸਾਰੀਆਂ ਤਿੱਥਾਂ[17] ਨੂੰ ਪਰੇ[18] ਸੁੱਟ ਕੇ[19], ਤੂੰ ਆਖਦਾ ਹੈਂ ਕਿ ਪ੍ਰਭੂ ਚੰਦੋਂ ਅਠਵੇਂ[20] ਦਿਨ ਪੈਦਾ ਹੋਇਆ[21] ਸੀ।
ਭਰਮਿ[22] ਭੂਲੇ[23] ਨਰ[24] ਕਰਤ ਕਚਰਾਇਣ[25] ॥	Man[24], led astray[23] by doubt[22], does false[25] things.	ਸੰਦੇਹ[22] ਅੰਦਰ ਭੁਲਿਆ[23] ਹੋਇਆ ਬੰਦਾ[24] ਕੂੜੀਆਂ[25] ਗੱਲਾਂ ਕਰਦਾ ਹੈ।
ਜਨਮ ਮਰਣ ਤੇ ਰਹਤ[26] ਨਾਰਾਇਣ[27] ॥੧॥ ਰਹਾਉ ॥	Without[26] birth and death is He, the Omnipresent[27] Lord. Pause.	ਜੰਮਣ ਅਤੇ ਮਰਨ ਦੇ ਬਗੈਰ[26] ਹੈ ਉਹ ਸਰਬ-ਵਿਆਪਕ[27] ਸੁਆਮੀ! ਠਹਿਰਾਉ।
ਕਰਿ[28] ਪੰਜੀਰੁ[29] ਖਵਾਇਓ[30] ਚੋਰ[31] ॥	Preparing[28] sweets[29], thou stealthily[31] givest it to thy stone-god to eat[30].	ਪੰਜੀਰੀ[29] ਬਣਾ ਕੇ[28], ਤੂੰ ਇਸ ਆਪਣੇ ਪੱਥਰ ਦੇ ਦੇਵਤੇ ਨੂੰ, ਚੋਰੀਓਂ[31] ਖਾਣ[30] ਨੂੰ ਦਿੰਦਾ ਹੈਂ।
ਓਹੁ[35] ਜਨਮਿ ਨ ਮਰੈ ਰੇ[32] ਸਾਕਤ[33] ਢੋਰ[34] ॥੨॥	O[32] ignorant[34] worshipper of mammon[33], He[35], the Lord is not born, nor does He die.	ਹੇ[32] ਮੂਰਖ[34] ਮਾਇਆ ਦੇ ਪੁਜਾਰੀ[33]! ਉਹ[35] ਸੁਆਮੀ ਨਾ ਜਨਮ ਧਾਰਦਾ ਹੈ, ਨਾ ਹੀ ਮਰਦਾ ਹੈ।
ਸਗਲ[36] ਪਰਾਧ[37] ਦੇਹਿ[38] ਲੋਰੋਨੀ[39] ॥	All[36] the sins[37] result from thy giving[38] lullaby[39] to thy stone-god.	ਤੇਰੇ ਆਪਣੇ ਪੱਥਰ ਦੇ ਦੇਵਤੇ ਨੂੰ ਲੋਰੀ[39] ਦੇਣ[38] ਤੋਂ ਸਾਰੇ[36] ਪਾਪ[37] ਪੈਦਾ ਹੁੰਦੇ ਹਨ।
ਸੋ ਮੁਖੁ[40] ਜਲਉ[41] ਜਿਤੁ ਕਹਹਿ[42] ਠਾਕੁਰੁ ਜੋਨੀ[43] ॥੩॥	O burnt[41] be that mouth[40], which says[42] that the Lord enters into existences[43].	ਹੇ; ਸੜ ਜਾਵੇ[41] ਉਹ ਮੂੰਹ[40] ਜੋ ਆਖਦਾ[42] ਹੈ ਕਿ ਪ੍ਰਭੂ ਜੂਨੀਆਂ[43] ਅੰਦਰ ਪੈਂਦਾ ਹੈ।
ਜਨਮਿ[14] ਨ ਮਰੈ ਨ ਆਵੈ ਨ ਜਾਇ ॥	He is not born[44], nor dies He. He comes and goes not.	ਉਹ ਜੰਮਦਾ[44] ਨਹੀਂ, ਨਾ ਹੀ ਉਹ ਮਰਦਾ ਹੈ। ਉਹ ਆਉਂਦਾ ਤੇ ਜਾਂਦਾ ਨਹੀਂ।

ਨਾਨਕ ਕਾ ਪ੍ਰਭੁ ਰਹਿਓ ਸਮਾਇ[45]॥੪॥੧॥	The Lord of Nanak is pervading[45] everywhere.	ਨਾਨਕ ਦਾ ਸੁਆਮੀ ਹਰ ਥਾਂ ਵਿਆਪਕ ਹੋ ਰਿਹਾ[45] ਹੈ।
ਭੈਰਉ ਮਹਲਾ ੫ ॥	Bhairo 5th Guru	ਭੈਰਉ ਪੰਜਵੀਂ ਪਾਤਿਸ਼ਾਹੀ।
ਊਠਤ[46] ਸੁਖੀਆ[47] ਬੈਠਤ[48] ਸੁਖੀਆ ॥ ਭਉ[49] ਨਹੀ ਲਾਗੈ[53] ਜਾਂ[50] ਐਸੇ[51] ਬੁਝੀਆ[52] ॥੧॥	I am in peace[47] when rising[46], in peace when sitting[48] and feel[53] no fear[49], when[50] I know[52] this wise[51], that :—	ਉਠਦਾ ਹੋਇਆ[46] ਮੈਂ ਸੁਖੀ[47] ਹਾਂ, ਸੁਖੀ ਹਾਂ ਮੈਂ ਬਹਿੰਦਾ ਹੋਇਆ[48] ਅਤੇ ਮੈਨੂੰ ਕੋਈ ਡਰ[49] ਨਹੀਂ ਲਗਦਾ[53], ਜਦ[50] ਮੈਂ ਇਸ ਤਰ੍ਹਾਂ[51] ਜਾਣ ਲੈਂਦਾ[52] ਹਾਂ ਕਿ:–
ਰਾਖਾ[54] ਏਕੁ ਹਮਾਰਾ[55] ਸੁਆਮੀ ॥ ਸਗਲ[56] ਘਟਾ[57] ਕਾ ਅੰਤਰਜਾਮੀ[58] ॥ ੧ ॥ ਰਹਾਉ ॥	The One Lord, who is the searcher[58] of all[56] hearts[57], is my[55] Protector[54]. Pause.	ਇਕ ਪ੍ਰਭੂ ਜੋ ਸਾਰਿਆਂ[56] ਦਿਲਾਂ[57] ਦੀਆਂ ਜਾਣਨਹਾਰ[58] ਹੈ, ਮੇਰਾ[55] ਰਖਵਾਲਾ[54] ਹੈ। ਠਹਿਰਾਉ।
ਸੋਇ[59] ਅਚਿੰਤਾ[60] ਜਾਗਿ[61] ਅਚਿੰਤਾ ॥	Care-free[60] I sleep[59] and unanxiously awake[61] I.	ਬੇਫ਼ਿਕਰ[60] ਹੋ ਮੈਂ ਸੌਂਦਾ[59] ਹਾਂ ਅਤੇ ਬੇਫ਼ਿਕਰ ਹੋ ਹੀ ਮੈਂ ਜਾਗਦਾ[61] ਹਾਂ।
ਜਹਾ[62] ਕਹਾਂ ਪ੍ਰਭੁ ਤੂੰ ਵਰਤੰਤਾ[63] ॥੨॥	Thou, O Lord, art contained[63] everywhere[62].	ਤੂੰ ਹੇ ਸੁਆਮੀ; ਹਰ ਥਾਂ[62] ਵਿਆਪਕ[63] ਹੋ ਰਿਹਾ ਹੈਂ।
ਘਰਿ[68] ਸੁਖਿ[64] ਵਸਿਆ[67] ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ[65] ਦ੍ਰਿੜਾਇਆ[66] ॥੩॥੨॥	Says Nanak, since the Guru has fixed[66] the Holy Word[65] within my mind, I live[67] in peace[64] at home[68] and find peace abroad.	ਗੁਰੂ ਜੀ ਆਖਦੇ ਹਨ ਜਦ ਦੀ ਗੁਰਾਂ ਨੇ ਮੇਰੇ ਮਨ ਅੰਦਰ ਗੁਰਬਾਣੀ[65] ਪੱਕੀ[66] ਤਰ੍ਹਾਂ ਟਿਕਾਈ ਹੈ, ਮੈਂ ਆਪਣੇ ਧਾਮ[68] ਵਿਚ ਆਰਾਮ[64] ਅੰਦਰ ਵਸਦਾ[67] ਹਾਂ ਅਤੇ ਬਾਹਰ ਭੀ ਆਰਾਮ ਪਾਉਂਦਾ ਹਾਂ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਵਰਤ[69] ਨ ਰਹਉ[70] ਨ ਮਹ[71] ਰਮਦਾਨਾ[72] ॥	I practise[70] not fasting[69], nor observe I the month[71] of Ramzan[72].	ਮੈਂ ਵਰਤ[69] ਨਹੀਂ ਰਖਦਾ[70], ਨਾ ਹੀ ਮੈਂ ਰਮਜ਼ਾਨ[72] ਦੇ ਮਹੀਨੇ[71] ਵਲ ਧਿਆਨ ਦਿੰਦਾ ਹਾਂ।
ਤਿਸੁ[73] ਸੇਵੀ[74] ਜੋ ਰਖੈ[75] ਨਿਦਾਨਾ[76] ॥੧॥	I serve[74] Him[73] alone, who will save[75] me in the end[76].	ਮੈਂ ਕੇਵਲ ਉਸ[73] ਦੀ ਟਹਿਲ ਕਰਦਾ[74] ਹਾਂ ਜੋ ਅਖੀਰ[76] ਨੂੰ ਮੇਰੀ ਰੱਖਿਆ ਕਰੇਗਾ[75]।
ਏਕੁ[77] ਗੁਸਾਈ[78] ਅਲਹੁ[79] ਮੇਰਾ ॥	The One Lord[78] of the world[77] is my God[79].	ਸੰਸਾਰ[77] ਦਾ ਇਕ ਸੁਆਮੀ[78] ਹੀ ਮੇਰਾ ਵਾਹਿਗੁਰੂ[79] ਹੈ।
ਹਿੰਦੂ ਤੁਰਕ[80] ਦੁਹਾਂ[81] ਨੇਬੇਰਾ[82] ॥੧॥ ਰਹਾਉ ॥	He ministers justice[82] to both[81] the Hindus and Muslims[80]. Pause.	ਉਹ ਹਿੰਦੂਆਂ ਅਤੇ ਮੁਸਲਮਾਨਾਂ[80] ਦੋਨਾਂ[81] ਦਾ ਨਿਆਂ[82] ਕਰਦਾ ਹੈ। ਠਹਿਰਾਉ।
ਹਜ[83] ਕਾਬੈ[84] ਜਾਉ[85] ਨ ਤੀਰਥ[86] ਪੂਜਾ[87] ॥	I go[85] not on pilgrimage[83] to Mecca[84], nor worship[87] I at the holies[86].	ਮੈਂ ਮੱਕੇ[84] ਦੀ ਯਾਤ੍ਰਾ[83] ਤੇ ਨਹੀਂ ਜਾਂਦਾ[85], ਨਾ ਹੀ ਮੈਂ ਧਰਮ-ਅਸਥਾਨਾਂ[86] ਤੇ ਉਪਾਸ਼ਨਾ ਕਰਦਾ[87] ਹਾਂ।
ਏਕੋ ਸੇਵੀ[88] ਅਵਰੁ ਨ ਦੂਜਾ[89] ॥੨॥	I serve[88] only the One Lord and not any other[89].	ਮੈਂ ਕੇਵਲ ਇਕ ਸੁਆਮੀ ਦੀ ਘਾਲ[88] ਕਮਾਉਂਦਾ ਹਾਂ ਅਤੇ ਕਿਸੇ ਹੋਰਸ[89] ਦੀ ਨਹੀਂ।
ਪੂਜ[90] ਕਰਉ ਨ ਨਿਵਾਜ[91] ਗੁਜਾਰਉ[92] ॥	I perform not Hindu worship[90], nor offer[92] I Muslim prayer[91].	ਮੈਂ ਹਿੰਦੂ ਢੰਗ ਦੀ ਉਪਾਸ਼ਨਾ[90] ਨਹੀਂ ਕਰਦਾ, ਨਾ ਹੀ ਮੈਂ ਮੁਸਲਮਾਨੀ ਨਮਾਜ਼[91] ਪੜ੍ਹਦਾ[92] ਹਾਂ।

ਏਕ ਨਿਰੰਕਾਰ[93] ਲੇ[94] ਰਿਦੈ[95] ਨਮਸਕਾਰਉ[96] ॥੩॥	Taking[94] the One Formless Lord[93] into my mind[95], I make obeisance[96] unto Him there.	ਇਕ ਸਰੂਪ-ਰਹਿਤ[93] ਸਾਂਈਂ ਨੂੰ ਆਪਣੇ ਮਨ[95] ਅੰਦਰ ਟਿਕਾ ਕੇ[94], ਮੈਂ ਉਸ ਨੂੰ ਉਥੇ ਹੀ ਬੰਦਨਾ ਕਰਦਾ[96] ਹਾਂ।
ਨਾ ਹਮ[97] ਹਿੰਦੂ ਨ ਮੁਸਲਮਾਨ ॥	I[97] am neither a Hindu, nor a Muslim.	ਨਾ ਮੈਂ[97] ਹਿੰਦੂ ਹਾਂ, ਨਾ ਹੀ ਮੁਸਲਮਾਨ।
ਅਲਹ[98] ਰਾਮ[99]ਕੇ ਪਿੰਡੁ[100] ਪਰਾਨ[2] ॥੪॥	My body[100] and soul[2] belong to Him, who is called God[98] of Muslims and the Lord[99] of Hindus.	ਮੇਰੀ ਦੇਹ[100] ਅਤੇ ਜਿੰਦੜੀ[2] ਉਸ ਦੀ ਮਲਕੀਅਤ ਹਨ ਜੋ ਮੁਸਲਮਾਨਾਂ ਦਾ ਖੁਦਾ[98] ਅਤੇ ਹਿੰਦੂਆਂ ਦਾ ਪ੍ਰਭੂ[99] ਆਖਿਆ ਜਾਂਦਾ ਹੈ।
ਕਹੁ[3] ਕਬੀਰ ਇਹੁ[4] ਕੀਆ ਵਖਾਨਾ[5] ॥ ਗੁਰ ਪੀਰ[6] ਮਿਲਿ ਖੁਦਿ[7] ਖਸਮੁ[8] ਪਛਾਨਾ[9] ॥੫॥੩॥	Says[3] Kabir, this wise[4] utter[5] I the truth, that meeting with the Guru the Prophet[6], I have realised[9] my[7] Lord[8].	ਕਬੀਰ ਜੀ ਆਖਦੇ[3] ਹਨ ਇਸ ਤਰ੍ਹਾਂ[4] ਮੈਂ ਸੱਚ ਉਚਾਰਨ ਕਰਦਾ[5] ਹਾਂ ਕਿ ਗੁਰਦੇਵ ਜੀ, ਪੈਗੰਬਰ[6], ਨਾਲ ਮਿਲ ਕੇ ਮੈਂ ਆਪਣੇ[7] ਸਾਂਈਂ[8] ਨੂੰ ਅਨੁਭਵ ਕਰ ਲਿਆ[9] ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਦਸ ਮਿਰਗੀ[10] ਸਹਜੇ[12] ਬੰਧਿ ਆਨੀ[13] ॥	The ten (organs of action and perception) or (she-deer)[10] I have easily[12] bound down[13].	ਦਸ (ਕਰਮ ਅਤੇ ਗਿਆਨ-ਇੰਦ੍ਰੀਆਂ) ਜਾਂ (ਹਰਨੀਆਂ[10]) ਨੂੰ ਮੈਂ ਸੌਖੇ[12] ਹੀ ਬੰਨ੍ਹ ਲਿਆ[13] ਹੈ।
ਪਾਂਚ ਮਿਰਗ[14] ਬੇਧੇ[15] ਸਿਵ[16] ਕੀ ਬਾਨੀ[17] ॥੧॥	The five (demons) or (deer[14]) I have pierced[15] through with the Divine[16] Gurbani[17].	ਪੰਜ (ਭੂਤਨਿਆਂ) ਜਾਂ (ਹਰਨਾਂ[14]) ਨੂੰ ਮੈਂ ਰੱਬੀ[16] ਬਾਣੀ[17] ਨਾਲ ਵਿੰਨ੍ਹ ਸੁਟਿਆ[15] ਹੈ।
ਸੰਤ ਸੰਗਿ[18] ਲੇ[21] ਚੜਿਓ[19] ਸਿਕਾਰ[20] ॥ ਮ੍ਰਿਗ ਪਕਰੇ[22] ਬਿਨੁ ਘੋਰ[23] ਹਥੀਆਰ[24] ॥੧॥ ਰਹਾਉ ॥	Taking[21] the saints with[18] me, I go[19] out hunting[20] and the deer are caught[22] without horses[23] and weapons[24]. Pause.	ਸਾਧੂਆਂ ਨੂੰ ਨਾਲ[18] ਲੈ ਕੇ[21] ਮੈਂ ਸ਼ਿਕਾਰ ਕਰਨ[20] ਜਾਂਦਾ[19] ਹਾਂ ਅਤੇ ਘੋੜਿਆਂ[23] ਤੇ ਸ਼ਸਤਰਾਂ[24] ਦੇ ਬਗੈਰ ਹੀ ਹਰਨ ਫੜ ਲਏ ਜਾਂਦੇ[22] ਹਨ। ਠਹਿਰਾਉ।
ਆਖੇਰ[25] ਬਿਰਤਿ[26] ਬਾਹਰਿ[27] ਆਇਓ ਧਾਇ[28] ॥	My hunter[25]-mind[26] used to run away[28] abroad[27], before.	ਮੇਰਾ ਸ਼ਿਕਾਰੀ[25] ਮਨੂਆ[26] ਪਹਿਲੇ ਬਾਹਰ[27] ਭੱਜਿਆ ਫਿਰਦਾ[28] ਸੀ।
ਅਹੇਰਾ[29] ਪਾਇਓ[30] ਘਰ[31] ਕੇ ਗਾਂਇ[32] ॥੨॥	But now the game[29], I have found[30] within the home[31] of my body-village[32].	ਪਰ ਹੁਣ ਮੈਂ ਸ਼ਿਕਾਰ[29] ਆਪਣੀ ਦੇਹ ਦੇ ਪਿੰਡ[32] ਦੇ ਗ੍ਰਹਿ[31] ਵਿਚ ਹੀ ਲੱਭ ਲਿਆ[30] ਹੈ।
ਮ੍ਰਿਗ ਪਕਰੇ[33] ਘਰਿ ਆਨੇ[34] ਹਾਟਿ[35] ॥	Turning away[35] from the world, I have caught[33]the deer and brought[34] them home.	ਸੰਸਾਰ ਵਲੋਂ ਹਟ[35] ਕੇ ਮੈਂ ਹਰਨ ਪਕੜ[33] ਕੇ ਆਪਣੇ ਗ੍ਰਹਿ ਵਿਚ ਲੈ ਆਂਦੇ[34] ਹਨ।
ਚੁਖ[36] ਚੁਖ ਲੇ ਗਏ[37] ਬਾਂਢੇ[38] ਬਾਟਿ[39] ॥੩॥	Dividing[38] them into their shares[39], these deer had taken away[37] my virtues bit by bit[36].	ਆਪਣਿਆਂ ਹਿੱਸਿਆਂ[39] ਵਿਚ ਵੰਡ[38] ਕੇ, ਇਹ ਹਰਨ ਮੇਰੀਆਂ ਨੇਕੀਆਂ ਨੂੰ ਰਤਾ ਰਤਾ[36] ਕਰ ਕੇ ਲੈ ਗਏ[37] ਸਨ।

ਏਹੁ ਅਹੇਰਾ[40] ਕੀਨੋ[41] ਦਾਨੁ[42] ॥ ਨਾਨਕ ਕੈ ਘਰਿ[43] ਕੇਵਲ[44] ਨਾਮੁ ॥ ੪॥੪॥

The Lord has given[41] Nanak the gift[42] of this game[40], that in his home[43] resounds only[44] the Name.

ਸਾਂਈਂ ਨੇ ਨਾਨਕ ਨੂੰ ਇਸ ਸ਼ਿਕਾਰ[40] ਦੀ ਦਾਤ[42] ਬਖਸ਼ੀ[41] ਹੈ ਕਿ ਉਸ ਦੇ ਘਰ[43] ਵਿਚ ਸਿਰਫ਼[44] ਨਾਮ ਹੀ ਗੂੰਜਦਾ ਹੈ।

ਭੈਰਉ ਮਹਲਾ ੫ ॥

Bhairo 5th Guru.

ਭੈਰਉ ਪੰਜਵੀਂ ਪਾਤਿਸ਼ਾਹੀ।

ਜੇ[45] ਸਉ[46] ਲੋਚਿ ਲੋਚਿ[47] ਖਾਂਵ੍ਹਾਇਆ[48] ॥ ਸਾਕਤ[49] ਹਰਿ ਹਰਿ[50] ਚੀਤਿ[51] ਨ ਆਇਆ ॥੧॥

Though[45] the mammon-worshipper[49] be fed[48] with hundreds[46] of yearnings and longings[47], even then he remembers[51] not the Lord Master[50].

ਭਾਵੇਂ[45] ਮਾਇਆ[49] ਦੇ ਪੁਜਾਰੀ ਨੂੰ ਸੈਂਕੜੇ[46] ਚਾਹਨਾਂ[47] ਤੇ ਸੱਧਰਾਂ ਨਾਲ ਖੁਲਾਇਆ[48] ਜਾਵੇ ਤਾਂ ਭੀ ਉਹ ਸੁਆਮੀ ਮਾਲਕ[50] ਦਾ ਸਿਮਰਨ ਨਹੀਂ ਕਰਦਾ[51]।

੧੧੩੭ 1137 ੧੧੩੭

ਸੰਤ ਜਨਾ[52] ਕੀ ਲੇਹੁ[53] ਮਤੇ[54] ॥

O man, imbibe[53] thou the instruction[54] of the holymen[52].

ਹੇ ਬੰਦੇ! ਤੂੰ ਪੁਰਸ਼ਾਂ[52] ਦੀ ਸਿਖ-ਮਤ[54] ਧਾਰਨ[53] ਕਰ।

ਸਾਧ ਸੰਗਿ ਪਾਵਹੁ ਪਰਮ[55] ਗਤੇ[56] ॥੧॥ ਰਹਾਉ ॥

In the society of saints, thou shalt obtain the supreme[55] state[56]. Pause.

ਸਤਿਸੰਗਤ ਅੰਦਰ ਤੂੰ ਮਹਾਨ[55] ਅਵਸਥਾ[56] ਨੂੰ ਪਰਾਪਤ ਹੋ ਜਾਵੇਂਗਾ। ਠਹਿਰਾਉ।

ਪਾਥਰੁ[57] ਕਉ ਬਹੁ[58] ਨੀਰੁ[59] ਪਵਾਇਆ ॥ ਨਹ ਭੀਗੈ[60] ਅਧਿਕ[61] ਸੂਕਾਇਆ[62] ॥੨॥

Though stone[57] be kept under water[59] for a long[58] time, even then it is wetted[60] not and remains extremely[61] dry[62].

ਭਾਵੇਂ ਪੱਥਰ[57] ਨੂੰ ਘਣੇਰਾ[58] ਚਿਰ ਪਾਣੀ[59] ਵਿਚ ਰਖਿਆ ਜਾਵੇ ਤਾਂ ਭੀ ਇਹ ਗਿੱਲਾ[60] ਨਹੀਂ ਹੁੰਦਾ ਅਤੇ ਨਿਹਾਇਤ[61] ਸੁੱਕਾ[62] ਰਹਿੰਦਾ ਹੈ।

ਖਟੁ[63] ਸਾਸਤ੍ਰ ਮੂਰਖੈ[64] ਸੁਨਾਇਆ[65] ॥ ਜੈਸੇ[66] ਦਹਦਿਸ[67] ਪਵਨੁ[68] ਝੁਲਾਇਆ[69] ॥੩॥

The reading[65] of the six[63] Shastras to a fool[64], is like[66] the blowing[69] of wind[68] in ten directions[67].

ਬੇਵਕੂਫ਼[64] ਨੂੰ ਛੇ ਸ਼ਾਸਤਰਾਂ[63] ਦਾ ਸੁਣਾਉਣਾ[65], ਹਵਾ[68] ਦੇ ਦਸੀਂ ਪਾਸੀਂ[67] ਚਲਣ[69] ਦੀ ਨਿਆਈਂ[66] ਹੈ।

ਬਿਨੁ[70] ਕਣ[71] ਖਲਹਾਨੁ[72] ਜੈਸੇ[73] ਗਾਹਨ[74] ਪਾਇਆ ॥ ਤਿਉ[75] ਸਾਕਤ[76] ਤੇ ਕੋ ਨ ਬਰਾਸਾਇਆ[77] ॥੪॥

As[73] none gains anything by thresting[74] a crop[72] without[70] corn[71], similarly[75] one reaps not benefit[77] from a mammon worshipper[76].

ਜਿਸ ਤਰ੍ਹਾਂ[73] ਦਾਣਿਆਂ[71] ਤੋਂ ਸੱਖਣੀ[70] ਫਸਲ[72] ਨੂੰ ਗਾਹੁਣ[74] ਦੁਆਰਾ ਕਿਸੇ ਨੂੰ ਕੁਛ ਨਹੀਂ ਮਿਲਦਾ, ਇਸੇ ਤਰ੍ਹਾਂ[75] ਮਾਇਆ ਦੇ ਪੁਜਾਰੀ[76] ਤੋਂ ਕਿਸੇ ਨੂੰ ਭੀ ਲਾਭ[77] ਨਹੀਂ ਪਹੁੰਚਦਾ।

ਤਿਤ[78] ਹੀ ਲਾਗਾ[79] ਜਿਤੁ[80] ਕੋ ਲਾਇਆ ॥

Every one attaches[79] to that[78], to which[80] the Lord attaches him.

ਹਰ ਕੋਈ ਉਸ[78] ਨਾਲ ਜੁੜਦਾ[79] ਹੈ, ਜਿਸ[80] ਨਾਲ ਪ੍ਰਭੂ ਉਸ ਨੂੰ ਜੋੜਦਾ ਹੈ।

ਕਹੁ ਨਾਨਕ ਪ੍ਰਭਿ ਬਣਤ[81] ਬਣਾਇਆ ॥੫॥੫॥

Says Nanak, the Lord has made such a make[81].

ਗੁਰੂ ਜੀ ਫੁਰਮਾਉਂਦੇ ਹਨ, ਸੁਆਮੀ ਨੇ ਇਹੋ ਜਿਹੀ ਬਣਤਰ[81] ਬਣਾਈ ਹੋਈ ਹੈ।

ਭੈਰਉ ਮਹਲਾ ੫ ॥

Bhairo 5th Guru.

ਭੈਰਉ ਪੰਜਵੀਂ ਪਾਤਿਸ਼ਾਹੀ।

ਜੀਉ[82] ਪ੍ਰਾਣ[83] ਜਿਨਿ ਰਚਿਓ[84] ਸਰੀਰ[85] ॥ ਜਿਨਹਿ ਉਪਾਏ[86] ਤਿਸ[87]

He who has created[84] man's[82] very life[83] and body[85] and He who has begotten[86] him ; He[87] alone takes

ਜਿਸ ਨੇ ਇਨਸਾਨ[82] ਦੀ ਜਿੰਦ ਜਾਨ[83] ਅਤੇ ਦੇਹ[85] ਸਾਜੇ[84] ਹਨ ਅਤੇ ਜਿਸ ਨੇ ਉਸ ਨੂੰ ਪੈਦਾ ਕੀਤਾ[86] ਹੈ; ਕੇਵਲ ਉਹ[87] ਹੀ ਸੁਖ ਤੇ ਦੁਖ[88] ਵਿਚ ਉਸ ਦੀ

ਕਉ ਪੀਰ[88] ॥੧॥	care of him in weal and woe[88].	ਦੀ ਰੱਖਿਆ ਕਰਦਾ ਹੈ ।
ਗੁਰੁ ਗੋਬਿੰਦੁ[89] ਜੀਅ[90] ਕੈ ਕਾਮ[91] ॥ ਹਲਤਿ[92] ਪਲਤਿ[93] ਜਾ ਕੀ[94] ਸਦ[95] ਛਾਮ[96] ॥੧॥ ਰਹਾਉ ॥	The Guru-God[89], is ever of avail[91] to the soul[90], whose[94] shade[96] the mortal ever[95] needs both here[92] and hereafter[93]. Pause.	ਗੁਰੂ-ਪਰਮੇਸ਼ਰ[89] ਸਦੀਵ ਹੀ ਜਿੰਦੜੀ[90] ਦੇ ਕੰਮ[91] ਆਉਂਦੇ ਹਨ, ਜਿਨ੍ਹਾਂ[94] ਦੀ ਛਤ੍ਰ-ਛਾਇਆ[96] ਦੀ ਪ੍ਰਾਨੀ ਨੂੰ ਇਸ ਲੋਕ[92] ਅਤੇ ਪ੍ਰਲੋਕ[93] ਵਿਚ ਹਮੇਸ਼ਾ[95] ਹੀ ਲੋੜ ਹੈ । ਠਹਿਰਾਉ ।
ਪ੍ਰਭੁ ਅਰਾਧਨ[97] ਨਿਰਮਲ[98] ਰੀਤਿ[99] ॥	The Lord's meditation[97] is the pure[98] way of life[99].	ਸੁਆਮੀ ਦਾ ਸਿਮਰਨ[97] ਪਵਿੱਤ੍ਰ[98] ਜੀਵਨ ਰਹੁਰੀਤੀ[99] ਹੈ ।
ਸਾਧ ਸੰਗਿ ਬਿਨਸੀ[100] [2]ਬਿਪਰੀਤਿ[3] ॥੨॥	In the saints' society, one is rid of[100] another's[2] love[3].	ਸਤਿਸੰਗਤ ਅੰਦਰ ਇਨਸਾਨ ਹੋਰਸ[2] ਦੇ ਪਿਆਰ[3] ਤੋਂ ਖਲਾਸੀ[100] ਪਾ ਜਾਂਦਾ ਹੈ ।
ਮੀਤ[4] ਹੀਤ[5] ਧਨੁ[6] ਨਹ ਪਾਰਣਾ[7] ॥	Friends[4], well-wishers[5] and riches[6] are not the support[7] of man.	ਮਿਤ੍ਰ[4], ਸੁਭ-ਚਿੰਤਕ[5] ਅਤੇ ਧਨ-ਦੌਲਤ[6] ਇਨਸਾਨ ਦਾ ਆਸਰਾ[7] ਨਹੀਂ ਹਨ ।
ਧੰਨਿ[8] ਧੰਨਿ ਮੇਰੇ ਨਾਰਾਇਣਾ[9] ॥੩॥	Blessed[8], blessed is my Omnipresent Lord[9].	ਸੁਬਹਾਨ[8]; ਸੁਬਹਾਨ ਹੈ ਮੇਰਾ ਸਰਬ-ਵਿਆਪਕ[9] ਸੁਆਮੀ ।
ਨਾਨਕੁ ਬੋਲੈ[10] ਅੰਮ੍ਰਿਤ[12] ਬਾਣੀ[13] ॥	Nanak utters[10] the ambrosial[12] Gurbani[13].	ਨਾਨਕ ਅੰਮ੍ਰਿਤਮਈ[12] ਬਾਣੀ[13] ਉਚਾਰਨ[10] ਕਰਦਾ ਹੈ ।
ਏਕ ਬਿਨਾ ਦੂਜਾ[14] ਨਹੀ ਜਾਣੀ ॥੪॥੬॥	Without One God, he knows not another[14].	ਇਕ ਹਰੀ ਦੇ ਬਗੈਰ ਉਹ ਹੋਰਸ[14] ਨੂੰ ਨਹੀਂ ਜਾਣਦਾ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਆਗੈ ਦਯੁ[15] ਪਾਛੈ ਨਾਰਾਇਣ[16] ॥ ਮਧਿ[17] ਭਾਗਿ[18] ਹਰਿ ਪ੍ਰੇਮ[19] [20]ਰਸਾਇਣ[21] ॥੧॥	Before me is God[15], behind me is God[16] and in the middle[17] part[18] too, is the loved[19] Lord, the Home[21] of elixir[20].	ਮੇਰੇ ਅਗੇ ਹਰੀ[15] ਹੈ, ਮੇਰੇ ਪਿੱਛੇ ਹਰੀ[16] ਹੈ ਅਤੇ ਵਿਚਕਾਰਲੇ[17] ਹਿੱਸੇ[18] ਵਿਚ ਭੀ, ਅੰਮ੍ਰਿਤ[20] ਦਾ ਘਰ[21], ਪਿਆਰਾ[19] ਪ੍ਰਭੂ ਹੀ ਹੈ ।
ਪ੍ਰਭੂ ਹਮਾਰੇ[22] ਸਾਸਤ੍ ਸਉਣ[23] ॥ ਸੂਖ[24] ਸਹਜ[25] ਆਨੰਦ[26] ਗ੍ਰਿਹ[27] ਭਉਣ[28] ॥੧॥ ਰਹਾਉ ॥	The Lord is my[22] Shastra and auspicious[23] omen. Abiding in the Lord's Home[27] and Mansion[28] the mortal is blessed with peace[24], poise[25] and pleasure[26]. Pause.	ਸੁਆਮੀ ਮੇਰਾ[22] ਸ਼ਾਸਤਰ ਅਤੇ ਸੁਲੱਖਣਾ ਸ਼ਗਨ[23] ਹੈ । ਸੁਆਮੀ ਦੇ ਧਾਮ[27] ਅਤੇ ਮੰਦਰ[28] ਅੰਦਰ ਵਸਣ ਦੁਆਰਾ ਪ੍ਰਾਨੀ ਨੂੰ ਆਰਾਮ[24], ਅਡੋਲਤਾ[25] ਤੇ ਖੁਸ਼ੀ[26] ਪ੍ਰਾਪਤ ਹੋ ਜਾਂਦੇ ਹਨ । ਠਹਿਰਾਉ ।
ਰਸਨਾ[29] ਨਾਮੁ ਕਰਨ[30] ਸੁਣਿ ਜੀਵੇ[31] ॥	I live[31] by uttering the Name with my tongue[29], and hearing it with mine ears[30].	ਆਪਣੀ ਜੀਭਾ[29] ਨਾਲ ਨਾਮ ਨੂੰ ਉਚਾਰ ਅਤੇ ਕੰਨਾਂ[30] ਨਾਲ ਸੁਣ ਕੇ ਮੈਂ ਜੀਉਂਦਾ[31] ਹਾਂ ।
ਪ੍ਰਭ ਸਿਮਰਿ[32] ਸਿਮਰਿ ਅਮਰ[33] ਥਿਰੁ[34] ਥੀਵੇ[35] ॥ ੨ ॥	Remembering[32] and contemplating the Lord, I have become[35] eternal[33] and ever-stable[34].	ਸਾਂਈਂ ਦਾ ਚਿੰਤਨ[32] ਅਤੇ ਆਰਾਧਨ ਕਰਨ ਦੁਆਰਾ ਮੈਂ ਅਬਿਨਾਸ਼ੀ[33] ਤੇ ਸਦੀਵੀ[34] ਸਥਿਰ ਹੋ ਗਿਆ[35] ਹਾਂ ।
ਜਨਮ ਜਨਮ[36] ਕੇ ਦੂਖ[37]	I am rid[38] of the woes[37] of millions	ਕ੍ਰੋੜਾਂ ਜਨਮਾਂ[36] ਦਿਆਂ ਦੁਖੜਿਆਂ[37] ਤੋਂ ਮੇਰਾ ਛੁਟਕਾਰਾ[38]

ਨਿਵਾਰੇ[38] ॥	of births[36].	ਹੋ ਗਿਆ ਹੈ ।
ਅਨਹਦ ਸਬਦ[39] ਵਜੇ[40] ਦਰਬਾਰੇ[41] ॥੩॥	The celestial strain[39] of the Lord's court[41] now plays[40] for me.	ਸੁਆਮੀ ਦੀ ਦਰਗਾਹ[41] ਦਾ ਬੈਕੁੰਠੀ ਕੀਰਤਨ[39] ਹੁਣ ਮੇਰੇ ਲਈ ਹੁੰਦਾ[40] ਹੈ ।
ਕਰਿ[42] ਕਿਰਪਾ[43] ਪ੍ਰਭਿ ਲੀਏ ਮਿਲਾਏ[44] ॥	Showing[42] His mercy[43], the Lord has blended[44] me with Himself.	ਆਪਣੀ ਮਿਹਰ[43] ਧਾਰ[42] ਕੇ ਸਾਂਈਂ ਨੇ ਮੈਨੂੰ ਆਪਣੇ ਨਾਲ ਅਭੇਦ[44] ਕਰ ਲਿਆ ਹੈ ।
ਨਾਨਕ ਪ੍ਰਭ ਸਰਣਾਗਤਿ[45] ਆਏ[46] ॥੪॥੭॥	Nanak has entered[46] the sanctuary[45] of the Lord.	ਨਾਨਕ ਨੇ ਸੁਆਮੀ ਦੀ ਸ਼ਰਣ[45] ਲਈ[46] ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਕੋਟਿ[47] ਮਨੋਰਥ[48] ਆਵਹਿ ਹਾਥ[49] ॥	Through the Lord's meditation, millions[47] of the mind's desires[48] are fulfilled[49].	ਸਾਹਿਬ ਦੇ ਸਿਮਰਨ ਰਾਹੀਂ ਕ੍ਰੋੜਾਂ[47] ਹੀ ਮਨ ਦੀਆਂ ਚਾਹਣਾਂ[48] ਪੂਰੀਆਂ[49] ਹੋ ਜਾਂਦੀਆਂ ਹਨ ।
ਜਮ ਮਾਰਗ[50] ਕੈ ਸੰਗੀ[51] ਪਾਂਥ[52] ॥੧॥	On the Yama's path[50], God's Name is the mortal's comrade[51] and helper[52].	ਯਮ ਦੇ ਰਸਤੇ[50] ਉਤੇ ਰੱਬ ਦਾ ਨਾਮ ਪ੍ਰਾਨੀ ਦਾ ਸਾਥੀ[51] ਅਤੇ ਸਹਾਇਕ[52] ਹੁੰਦਾ ਹੈ ।
ਗੰਗਾ ਜਲੁ[54] ਗੁਰ ਗੋਬਿੰਦ[53] ਨਾਮ ॥	The Great[53] God's Name is like water[54] of the Ganges.	ਵਿਸ਼ਾਲ[53] ਵਾਹਿਗੁਰੂ ਦਾ ਨਾਮ ਗੰਗਾ ਦੇ ਪਾਣੀ[54] ਦੀ ਮਾਨੰਦ ਹੈ ।
ਜੋ ਸਿਮਰੈ[55] ਤਿਸ[56] ਕੀ ਗਤਿ[57] ਹੋਵੈ ਪੀਵਤ[58] ਬਹੁੜਿ[59] ਨ ਜੋਨਿ[60] ਭ੍ਰਮਾਮ[61] ॥੧॥ ਰਹਾਉ ॥	Whosoever contemplates[55] it, he[56] is emancipated[57]. Quaffing[58] it, one wanders[61] not in existences[60] again[59]. Pause.	ਜਿਹੜਾ ਕੋਈ ਇਸ ਦੀ ਆਰਾਧਨਾ[55] ਕਰਦਾ ਹੈ, ਉਹ[56] ਮੁਕਤ[57] ਹੋ ਜਾਂਦਾ ਹੈ । ਇਸ ਨੂੰ ਪਾਨ[58] ਕਰਨ ਦੁਆਰਾ ਜੀਵ ਮੁੜ[59] ਕੇ ਜੂਨੀਆਂ[60] ਅੰਦਰ ਨਹੀਂ ਭਟਕਦਾ[61] । ਠਹਿਰਾਉ ।
ਪੂਜਾ[62] ਜਾਪ[63] ਤਾਪ[64] ਇਸਨਾਨ[65] ॥	This alone is my worship[62], meditation[63], penance[64] and ablution[65].	ਇਹ ਹੀ ਮੇਰੀ ਉਪਾਸ਼ਨਾ[62], ਬੰਦਗੀ[63], ਤਪੱਸਿਆ[64] ਅਤੇ ਨ੍ਹਾਉਣ[65] ਹੈ ।
ਸਿਮਰਤ[66] ਨਾਮ ਭਏ[67] ਨਿਹਕਾਮ[68] ॥੨॥	Meditating[66] on the Name, I have become[67] desireless[68].	ਨਾਮ ਦਾ ਚਿੰਤਨ[66] ਕਰਨ ਦੁਆਰਾ ਮੈਂ ਖ਼ਾਹਿਸ਼-ਰਹਿਤ[68] ਹੋ ਗਿਆ[67] ਹਾਂ ।
ਰਾਜ[69] ਮਾਲ[70] ਸਾਦਨ[71] ਦਰਬਾਰ[72] ॥ ਸਿਮਰਤ[73] ਨਾਮ ਪੂਰਨ[74] ਆਚਾਰ[75] ॥੩॥	The Name's meditation[73] is my empire[69], wealth[70], mansion[71], court[72] and perfect[74] conduct[75].	ਨਾਮ ਦਾ ਸਿਮਰਨ[73] ਮੇਰੀ ਪਾਤਿਸ਼ਾਹੀ[69], ਧਨ-ਦੌਲਤ[70], ਮੰਦਰ[71], ਕਚਹਿਰੀ[72] ਅਤੇ ਮੁਕੰਮਲ[74] ਆਚਰਨ[75] ਹੈ ।
ਨਾਨਕ ਦਾਸ[76] ਇਹੁ ਕੀਆ[77] ਬੀਚਾਰੁ[78] ॥ ਬਿਨੁ ਹਰਿ ਨਾਮ ਮਿਥਿਆ[79] ਸਭ ਛਾਰੁ[80] ॥੪॥੮॥	After due deliberation[78], slave[76] Nanak has come[77] to this conclusion, that without the Lord's Name all else is false[79] and like ashes[80].	ਯੋਗ ਸੋਚ ਵਿਚਾਰ[78] ਮਗਰੋਂ ਗੋਲਾ[76] ਨਾਨਕ ਇਸ ਨਤੀਜੇ ਤੇ ਪੁੱਜਾ[77] ਹੈ ਕਿ ਪ੍ਰਭੂ ਦੇ ਨਾਮ ਦੇ ਬਗੈਰ ਹੋਰ ਸਾਰਾ ਕੁਛ ਝੂਠ[79] ਹੈ ਅਤੇ ਸੁਆਹ[80] ਵਰਗਾ ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਲੇਪੁ[81] ਨ ਲਾਗੋ[82] ਤਿਲ[83] ਕਾ	The poison absolutely[84] produced[82]	ਜ਼ਹਿਰ ਨੇ ਹਦੋਂ[84] ਹੀ ਇਕ ਭੋਰਾ[83] ਭੀ ਬੁਰਾ ਅਸਰ[81]

ਮੂਲਿ[84] ॥	not even an iota[83] of bad effect[81].	ਨਾ ਕੀਤਾ[82] ।
ਦੁਸਟੁ[85] ਬ੍ਰਾਹਮਣੁ ਮੂਆ ਹੋਇ ਕੈ ਸੂਲ[86] ॥੧॥	The evil[85] Brahman died of colic[86].	ਪਾਂਬਰ[85] ਬ੍ਰਾਹਮਣ ਬੀਲਾ[86] ਉਠ ਕੇ ਮਰ ਗਿਆ ।
ਹਰਿ ਜਨ[87] ਰਾਖੇ[88] ਪਾਰਬ੍ਰਹਮਿ[89] ਆਪਿ ॥	The Lord's slave[87], the Transcendent[89] Lord, of Himself has saved[88].	ਪ੍ਰਭੂ ਦੇ ਗੋਲੇ[87] ਨੂੰ ਪਰਮ ਪ੍ਰਭੂ[89] ਨੇ ਖ਼ੁਦ ਹੀ ਬਚਾ ਲਿਆ[88] ਹੈ ।
ਪਾਪੀ[90] ਮੂਆ[92] ਗੁਰ ਪਰਤਾਪਿ[91] ॥੧॥ ਰਹਾਉ॥	The sinner[90] died[92] by the power[91] of the Guru. Pause.	ਗੁਨਾਹਗਾਰ[90] ਗੁਰਾਂ ਦੀ ਸੱਤਿਆ[91] ਦੁਆਰੇ ਨਸ਼ਟ[92] ਹੋ ਗਿਆ । ਠਹਿਰਾਉ ।
ਅਪਣਾ ਖਸਮੁ[93] ਜਨਿ[94] ਆਪਿ ਧਿਆਇਆ[95] ॥	The slave[94] Himself remembers[95] his Lord[93].	ਗੋਲਾ[94] ਖ਼ੁਦ ਹੀ ਆਪਣੇ ਸੁਆਮੀ[93] ਨੂੰ ਯਾਦ ਕਰਦਾ[95] ਹੈ ।
ਇਆਣਾ[96] ਪਾਪੀ[97] ਓਹੁ[98] ਆਪਿ[99] ਪਚਾਇਆ[100] ॥੨॥	The ignorant[96] sinner[97], He[98], the Lord Himself[99], has destroyed[100].	ਮੂਰਖ[96] ਗੁਨਾਹਗਾਰ[97] ਨੂੰ, ਉਸ[98] ਸਾਂਈਂ ਨੇ ਆਪੇ[99] ਹੀ ਨਸ਼ਟ[100] ਕਰ ਦਿਤਾ ਹੈ ।
ਪ੍ਰਭੁ ਮਾਤ[2] ਪਿਤਾ[3] ਅਪਣੇ ਦਾਸ[4] ਕਾ ਰਖਵਾਲਾ[5] ॥	The Lord is the Mother[2], Father[3] and the Protector[5] of His servant[4].	ਸੁਆਮੀ ਆਪਣੇ ਸੇਵਕ[4] ਦੀ ਅੰਮੜੀ[2], ਬਾਬਲ[3] ਅਤੇ ਰਾਖਾ[5] ਹੈ ।
ਨਿੰਦਕ[6] ਕਾ ਮਾਥਾ[7] ਈਹਾਂ[8] ਊਹਾ[9] ਕਾਲਾ ॥੩॥	The countenance[7] of the slanderer[6] is blackened here[8] and hereafter[9].	ਬਦਖੋਈ ਕਰਨ ਵਾਲੇ[6] ਦਾ ਚਿਹਰਾ[7] ਏਥੇ[8] ਅਤੇ ਓਥੇ[9] ਕਾਲਾ ਕੀਤਾ ਜਾਂਦਾ ਹੈ ।
ਜਨ[10] ਨਾਨਕ ਕੀ ਪਰਮੇਸਰਿ[12] ਸੁਣੀ ਅਰਦਾਸਿ[13] ॥	The Supreme Lord[12] has heard the prayer[13] of slave[10] Nanak.	ਸ਼੍ਰੋਮਣੀ ਸਾਹਿਬ[12] ਨੇ ਗੋਲੇ[10] ਨਾਨਕ ਦੀ ਪ੍ਰਾਰਥਨਾ[13] ਸੁਣ ਲਈ ਹੈ ।
ਮਲੇਛੁ[14] ਪਾਪੀ[15] ਪਚਿਆ[16] ਭਇਆ[17] ਨਿਰਾਸੁ[18] ॥੪॥੯॥	Becoming[17] hopeless[18], the vile[14] sinner[15] did die away[16].	ਨਾਉਮੀਦ[18] ਹੋ ਕੇ[17], ਨੀਚ[14] ਗੁਨਾਹਗਾਰ[15] ਮਰ ਮੁਕ ਗਿਆ[16] ।
੧੧੩੮	**1138**	**੧੧੩੮**
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਖੂਬੁ[19] ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ ਝੂਠੁ[20] ਝੂਠੁ ਝੂਠੁ ਝੂਠੁ ਦੁਨੀ[21] ਗੁਮਾਨੁ[22] ॥ਰਹਾਉ॥	Excellent[19], excellent, excellent, excellent, excellent is Thy Name. False[20], false, false, false is the worldly[21] love[22] Pause.	ਪਰਮ ਸਰੇਸ਼ਟ[19], ਪਰਮ ਸਰੇਸ਼ਟ, ਪਰਮ ਸਰੇਸ਼ਟ, ਪਰਮ ਸਰੇਸ਼ਟ, ਪਰਮ ਸਰੇਸ਼ਟ ਹੈ ਤੇਰਾ ਨਾਮ । ਕੂੜੀ[20], ਕੂੜੀ, ਕੂੜੀ, ਕੂੜੀ ਹੈ ਸੰਸਾਰੀ[21] ਹੰਗਤਾ[22] । ਠਹਿਰਾਉ ।
ਨਗਜ[23] ਤੇਰੇ ਬੰਦੇ[24] ਦੀਦਾਰੁ[25] ਅਪਾਰੁ[26] ॥	Invaluable[23] is the vision[25] of Thine slaves[24], O Infinite[26] Lord	ਅਮੋਲਕ[23] ਹੈ ਦਰਸ਼ਨ[25] ਤੇਰੇ ਗੋਲਿਆਂ[24] ਦਾ, ਹੇ ਬੇਅੰਤ[26] ਸੁਆਮੀ !
ਨਾਮ ਬਿਨਾ ਸਭ ਦੁਨੀਆ[27] ਛਾਰੁ[28] ॥੧॥	Without the Name, the whole world[27] is but ashes[28].	ਨਾਮ ਦੇ ਬਗ਼ੈਰ ਸਾਰਾ ਸੰਸਾਰ[27] ਨਿਰਾ ਪੂਰਾ ਸੁਆਹ[28] ਹੀ ਹੈ !
ਅਚਰਜੁ[29] ਤੇਰੀ ਕੁਦਰਤਿ[30] ਤੇਰੇ ਕਦਮ[31] ਸਲਾਹ[32] ॥	Wondrous[29] is Thy Omnipotence[30] and praise-worthy[32] are Thine feet[31].	ਅਸਚਰਜ[29] ਹੈ ਤੇਰੀ ਅਪਾਰ ਸ਼ਕਤੀ[30] ਅਤੇ ਸ਼ਲਾਘਾਯੋਗ[32] ਹਨ ਤੇਰੇ ਪੈਰ[31] ।

ਗਨੀਵ[33] ਤੇਰੀ ਸਿਫਤਿ[34] ਸਚੇ ਪਾਤਿਸਾਹ[35] ॥੨॥	Priceless[33] is Thy praise[34], O the True King[35].	ਅਣਮੁੱਲੀ[33] ਹੈ ਤੇਰੀ ਸਿਫ਼ਤ ਸ਼ਲਾਘਾ[34], ਹੇ ਸੱਚੇ ਸੁਲਤਾਨ[35] !
ਨੀਧਰਿਆ[36] ਧਰ[37] ਪਨਹ[38] ਖੁਦਾਇ[39] ॥	The Lord's[39] protection[38] is the support[37] of the supportless[36].	ਪ੍ਰਭੂ[39] ਦੀ ਪਨਾਹ[38] ਨਿਆਸਰਿਆਂ[36] ਦਾ ਆਸਰਾ[37] ਹੈ।
ਗਰੀਬ ਨਿਵਾਜੁ[40] ਦਿਨੁ ਰੈਣਿ ਧਿਆਇ[41] ॥੩॥	Day and night meditate[41] thou on God, the Patroniser of the poor[40].	ਦਿਨ ਅਤੇ ਰਾਤ ਤੂੰ ਮਸਕੀਨਾਂ ਨੂੰ ਮਾਣ ਬਖਸ਼ਣਹਾਰ[40] ਵਾਹਿਗੁਰੂ ਦਾ ਸਿਮਰਨ[41] ਕਰ।
ਨਾਨਕ ਕਉ ਖੁਦਿ[42] ਖਸਮ[43] ਮਿਹਰਵਾਨ[44] ॥	The Lord[43] is Himself[42] merciful[44] unto Nanak.	ਸੁਆਮੀ[43] ਆਪ[42] ਨਾਨਕ ਉਤੇ ਦਇਆਵਾਨ[44] ਹੈ !
ਅਲਹੁ[45] ਨ ਵਿਸਰੈ[46] ਦਿਲ[47] ਜੀਅ[48] ਪਰਾਨ[49] ॥ ੪॥੧੦॥	May I not forget[46] God[45], who is my mind[47], soul[48] and very life[49]	ਰਬ ਕਰੇ ਮੈਨੂੰ ਵਾਹਿਗੁਰੂ[45] ਨਾ ਭੁੱਲੇ[46], ਜੋ ਮੇਰਾ ਮਨ[47], ਆਤਮਾ[48] ਅਤੇ ਜਿੰਦ-ਜਾਨ[49] ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸਾਚ ਪਦਾਰਥੁ[50] ਗੁਰਮੁਖਿ[52] ਲਹਹੁ[53] ॥	By the Guru's grace[52], obtain[53] thou the True wealth[50].	ਗੁਰਾਂ ਦੀ ਦਇਆ[52] ਦੁਆਰਾ ਤੂੰ ਸੱਚੇ ਧਨ[50] ਨੂੰ ਪਰਾਪਤ[53] ਕਰ।
ਪ੍ਰਭ ਕਾ ਭਾਣਾ[54] ਸਤਿ[55] ਕਰਿ[56] ਸਹਹੁ[57] ॥੧॥	Accepting as[56] true[55] the Lord's will[54], endure thou it willingly[57], O man.	ਸੁਆਮੀ ਦੀ ਰਜ਼ਾ[54] ਨੂੰ ਸੱਚੀ[55] ਤਸਲੀਮ[56] ਕਰ ਕੇ ਤੂੰ ਇਸ ਨੂੰ ਸਿਰ ਮਥੇ ਤੇ ਸਹਾਰ[57], ਹੇ ਬੰਦੇ !
ਜੀਵਤ ਜੀਵਤ[58] ਜੀਵਤ ਰਹਹੁ ॥ ਰਾਮ[59] ਰਸਾਇਣੁ[60] ਨਿਤ[61] ਉਠਿ[62] ਪੀਵਹੁ[63] ॥	Rising[62] early every day[61] in-drink[63] thou the Lord's[59] elixir[60], this wise, thou shalt live eternally[58].	ਹਰ ਰੋਜ਼[61] ਸਾਜਰੇ ਉਠ ਕੇ[62] ਤੂੰ ਸੁਆਮੀ[59] ਦਾ ਅੰਮ੍ਰਿਤ[60] ਪਾਨ[63] ਕਰ, ਇਸ ਤਰ੍ਹਾਂ ਤੂੰ ਕਾਲ ਸਦਾਈ ਹੀ[58] ਜੀਊਂਦਾ ਰਹੇਂਗਾ।
ਹਰਿ ਹਰਿ[64] ਹਰਿ ਹਰਿ[65] ਰਸਨਾ[66] ਕਹਹੁ[67] ॥੧॥ ਰਹਾਉ॥	With thy tongue[66], utter[67] thou thy God[64], God, God's Name[65]. Pause.	ਤੂੰ ਆਪਣੀ ਜੀਭਾ[66] ਨਾਲ ਆਪਣੇ ਵਾਹਿਗੁਰੂ[64], ਵਾਹਿਗੁਰੂ, ਵਾਹਿਗੁਰੂ ਦੇ ਨਾਮ[65] ਦਾ ਉਚਾਰਨ[67] ਕਰ। ਠਹਿਰਾਉ।
ਕਲਿਜੁਗ ਮਹਿ[68] ਇਕੁ[69] ਨਾਮਿ ਉਧਾਰੁ[70] ॥	In[68] the Dark age, one is emancipated[70] only[69] through the Name.	ਕਾਲੇ ਯੁਗ ਅੰਦਰ[68] ਕੇਵਲ[69] ਨਾਮ ਦੇ ਰਾਹੀਂ ਹੀ ਜੀਵ ਦਾ ਕਲਿਆਣ[70] ਹੁੰਦਾ ਹੈ।
ਨਾਨਕੁ ਬੋਲੈ[71] ਬ੍ਰਹਮ[72] ਬੀਚਾਰੁ[73] ॥੨॥੧੧॥	Nanak utters[71] the Name[73] of the Creator-Lord[72].	ਨਾਨਕ ਸਿਰਜਣਹਾਰ-ਸੁਆਮੀ[72] ਦੇ ਨਾਮ[73] ਦਾ ਉਚਾਰਨ[71] ਕਰਦਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸਤਿਗੁਰੁ ਸੇਵਿ[74] ਸਰਬ[75] ਫਲ[76] ਪਾਏ ॥	Serving[74] the True Guru, I have obtained all[75] the fruits[76].	ਸੱਚੇ ਗੁਰਾਂ ਦੀ ਘਾਲ ਕਮਾ[74] ਕੇ ਮੈਂ ਸਾਰੇ[75] ਮੇਵੇ[76] ਪਰਾਪਤ ਕਰ ਲਏ ਹਨ।
ਜਨਮ ਜਨਮ[77] ਕੀ ਮੈਲੁ[78] ਮਿਟਾਏ[79] ॥੧॥	My filth[78] of myriads of births[77] is washed off[79].	ਮੇਰੀ ਕ੍ਰੋੜਾਂ[77] ਹੀ ਜਨਮਾਂ ਦੀ ਗੰਦਗੀ[78] ਧੋਤੀ ਗਈ[79] ਹੈ।
ਪਤਿਤ[80] ਪਾਵਨ[81] ਪ੍ਰਭ ਤੇਰੋ ਨਾਉ ॥	The Purifier[81] of the sinners[80] is Thy Name, O Lord.	ਪਾਪੀਆਂ[80] ਨੂੰ ਪਵਿਤਰ ਕਰਨ ਵਾਲਾ[81] ਹੈ ਤੇਰਾ ਨਾਮ, ਹੇ ਪ੍ਰਭੂ !

ਪੂਰਬਿ[82] ਕਰਮ[83] ਲਿਖੇ[84] ਗੁਣ[85] ਗਾਉ ॥੧॥ਰਹਾਉ॥	In accordance with the writ[84] of my past[82] deeds[83] sing I the Lord's praises[85]. Pause.	ਮੇਰੇ ਪਿਛਲੇ[82] ਅਮਲਾਂ[83] ਦੀ ਲਿਖਤਾਕਾਰ[84] ਦੇ ਅਨੁਸਾਰ ਮੈਂ ਸੁਆਮੀ ਦੀਆਂ ਸਿਫ਼ਤ-ਸ਼ਲਾਘਾ[85] ਗਾਇਨ ਕਰਦਾ ਹਾਂ । ਠਹਿਰਾਉ ।
ਸਾਧੂ ਸੰਗਿ[86] ਹੋਵੈ ਉਧਾਰੁ[87] ॥ ਸੋਭਾ[88] ਪਾਵੈ[90] ਪ੍ਰਭ ਕੈ ਦੁਆਰ[89] ॥੨॥	Associating with[86] the saints one is emancipated[87] and is blessed[90] with honour[88] in the Lord's court[89].	ਸੰਤਾਂ ਨਾਲ[86] ਸੰਗਤ ਕਰਨ ਦੁਆਰਾ, ਬੰਦੇ ਦੀ ਕਲਿਆਣ[87] ਹੋ ਜਾਂਦੀ ਹੈ ਅਤੇ ਪ੍ਰਭੂ ਦੇ ਦਰਬਾਰ[89] ਅੰਦਰ ਇਜ਼ਤ ਆਬਰੂ[88] ਪਰਾਪਤ[90] ਹੁੰਦੀ ਹੈ ।
ਸਰਬ[91] ਕਲਿਆਣ[92] ਚਰਣ[93] ਪ੍ਰਭ ਸੇਵਾ[94] ॥	Serving[94] the Lord's feet[93] all[91] the comforts[92] are obtained.	ਸਾਂਈਂ ਦੇ ਪੈਰਾਂ[93] ਦੀ ਘਾਲ[94] ਕਮਾਉਣ ਦੁਆਰਾ, ਸਾਰੇ[91] ਆਰਾਮ[92] ਪਾ ਲਈਦੇ ਹਨ ।
ਧੂਰਿ[95] ਬਾਛਹਿ[96] ਸਭਿ ਸੁਰਿ ਨਰ[97] ਦੇਵਾ[98] ॥੩॥	All the angelic persons[97] and gods[98] long for[96] the dust[95] of the feet of such mortals.	ਸਾਰੇ ਦੈਵੀ ਪੁਰਸ਼[97] ਅਤੇ ਦੇਵਤੇ[98] ਐਸੇ ਪ੍ਰਾਣੀਆਂ ਦੇ ਪੈਰਾਂ ਦੀ ਧੂੜ[95] ਨੂੰ ਲੋਚਦੇ[96] ਹਨ ।
ਨਾਨਕ ਪਾਇਆ[99] ਨਾਮ ਨਿਧਾਨੁ[100] ॥	Nanak is blessed[99] with the Name Treasure[100].	ਨਾਨਕ ਨੂੰ ਨਾਮ ਦਾ ਖ਼ਜ਼ਾਨਾ[100] ਪਰਦਾਨ[99] ਹੋ ਗਿਆ ਹੈ ।
ਹਰਿ ਜਪਿ[2] ਜਪਿ ਉਧਰਿਆ[3] ਸਗਲ ਜਹਾਨੁ[4] ॥੪॥੧੨॥	Reflecting[2] and pondering over the Lord, the entire world[4] is saved[3].	ਸੁਆਮੀ ਦਾ ਸਿਮਰਨ[2] ਅਤੇ ਆਰਾਧਨ ਕਰਨ ਦੁਆਰਾ ਸਾਰੇ ਸੰਸਾਰ[4] ਦਾ ਪਾਰ ਉਤਾਰਾ[3] ਹੋ ਗਿਆ ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਅਪਣੇ ਦਾਸ[5] ਕਉ ਕੰਠਿ[6] ਲਗਾਵੈ[7] ॥	His slave[5], the Lord hugs[7] to His bosom[6].	ਆਪਣੇ ਗੋਲੇ[5] ਨੂੰ, ਪ੍ਰਭੂ ਆਪਣੀ ਛਾਤੀ[6] ਨਾਲ ਲਾਉਂਦਾ[7] ਹੈ ।
ਨਿੰਦਕ[8] ਕਉ ਅਗਨਿ[9] ਮਹਿ[10] ਪਾਵੈ ॥੧॥	The slanderer[8], He throws in[10] the fire[9].	ਬਦਖੋਈ ਕਰਨ ਵਾਲੇ[8] ਨੂੰ ਉਹ ਅੱਗ[9] ਵਿਚ[10] ਪਾਉਂਦਾ ਹੈ ।
ਪਾਪੀ[12] ਤੇ[13] ਰਾਖੇ[14] ਨਾਰਾਇਣ[15] ॥	His serfs, the Lord[15] saves[14] from[13] the sinners[12].	ਆਪਣਿਆਂ ਨਫ਼ਰਾਂ ਨੂੰ ਸਾਂਈਂ[15] ਗੁਨਾਹਗਾਰਾਂ[12] ਤੋਂ[13] ਬਚਾ ਲੈਂਦਾ[14] ਹੈ ।
ਪਾਪੀ ਕੀ ਗਤਿ[16] ਕਤਹੂ[17] ਨਾਹੀ ਪਾਪੀ ਪਚਿਆ[18] ਆਪ[19] ਕਮਾਇਣ[20] ॥੧॥ ਰਹਾਉ॥	No one[17] can save[16] the sinner. By his own[19] deeds[20], the sinner is destroyed[18]. Pause.	ਕੋਈ ਭੀ[17] ਗੁਨਾਹਗਾਰ ਨੂੰ ਬਚਾ[16] ਨਹੀਂ ਸਕਦਾ । ਆਪਣੇ ਨਿਜਦੇ[19] ਕਰਮਾਂ[20] ਦੁਆਰਾ ਗੁਨਾਹਗਾਰ ਤਬਾਹ[18] ਹੋ ਜਾਂਦਾ ਹੈ । ਠਹਿਰਾਉ ।
ਦਾਸ[21] ਰਾਮ[22] ਜੀਉ[23] ਲਾਗੀ[24] ਪ੍ਰੀਤਿ[25] ॥	The Lord's servant[21] embraces[24] affection[25] for his Reverend[23] Lord[22].	ਪ੍ਰਭੂ ਦਾ ਸੇਵਕ[21] ਆਪਣੇ ਪੂਜਯ[23] ਪ੍ਰਭੂ[22] ਨਾਲ ਪ੍ਰੇਮ[25] ਪਾ ਲੈਂਦਾ[24] ਹੈ ।
ਨਿੰਦਕ[26] ਕੀ ਹੋਈ [27]ਬਿਪਰੀਤਿ[28] ॥੨॥	The slanderer[26] loves[28] not[27] the Lord.	ਨਿੰਦਾ ਕਰਨ ਵਾਲਾ[26] ਪ੍ਰਭੂ ਨੂੰ ਪਿਆਰ[28] ਨਹੀਂ[27] ਕਰਦਾ ।
ਪਾਰਬ੍ਰਹਮਿ[29] ਅਪਣਾ ਖਿਰਦੁ[30] ਪ੍ਰਗਟਾਇਆ[31] ॥	The Supreme Lord[29] has made manifest[31] His innate nature[30].	ਸ਼ਰੋਮਣੀ ਸਾਹਿਬ[29] ਨੇ ਆਪਣੀ ਸੁਭਾਵਿਕ ਖ਼ਸਲਤ[30] ਜ਼ਾਹਰ ਕੀਤੀ[31] ਹੈ ।

ਦੋਖੀ[32] ਅਪਣਾ ਕੀਤਾ[33] ਪਾਇਆ[34] ॥੩॥

The evil-doer[32] obtains[34] the fruit of his deeds[33].

ਅਪਰਾਧੀ[32] ਆਪਣੇ ਕਰਮਾਂ[33] ਦਾ ਫਲ ਪਾ ਲੈਂਦਾ[34] ਹੈ।

ਆਇ ਨ ਜਾਈ ਰਹਿਆ ਸਮਾਈ[35] ॥

The Lord comes and goes not, but is pervading[35] every where.

ਪ੍ਰਭੂ ਆਉਂਦਾ ਅਤੇ ਜਾਂਦਾ ਨਹੀਂ ਪ੍ਰੰਤੂ ਹਰ ਥਾਂ ਵਿਆਪਕ[35] ਹੋ ਰਿਹਾ ਹੈ।

ਨਾਨਕ ਦਾਸ[36] ਹਰਿ ਕੀ ਸਰਣਾਈ[37] ॥੪॥੧੩॥

Serf[36] Nanak seeks only the Lord's refuge[37].

ਨਫ਼ਰ[36] ਨਾਨਕ ਕੇਵਲ ਪ੍ਰਭੂ ਦੀ ਪਨਾਹ[37] ਹੀ ਲੋੜਦਾ ਹੈ।

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨

Rag Bhairo
5th Guru
Chaupadas

ਰਾਗੁ ਭੈਰਉ ਪੰਜਵੀਂ ਪਾਤਿਸ਼ਾਹੀ ਚਉਪਦੇ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

[38]ਸ੍ਰੀਧਰ[39] ਮੋਹਨ[40] ਸਗਲ[41] ਉਪਾਵਨ[42] ਨਿਰੰਕਾਰ[43] ਸੁਖਦਾਤਾ[44] ॥

The Formless[43] and Fascinating[40] Lord[39] of wealth[38] is the Creator[42] of all[41] and the Giver of peace[44].

ਸਰੂਪ-ਰਹਿਤ[43] ਤੇ ਮੋਹਿਤ ਕਰ ਲੈਣ ਵਾਲਾ[40] ਮਾਇਆ[38] ਦਾ ਪਤੀ[39] ਸਾਰਿਆਂ[41] ਦਾ ਸਿਰਜਣਹਾਰ[42] ਤੇ ਆਰਾਮ ਦੇਣ ਵਾਲਾ[44] ਹੈ।

ਐਸਾ[45] ਪ੍ਰਭੁ ਛੋਡਿ[46] ਕਰਹਿ ਅਨ[47] ਸੇਵਾ[48] ਕਵਨ[49] ਬਿਖਿਆ[50] ਰਸ[51] ਮਾਤਾ[52] ॥੧॥

Forsaking[46] such[45] Lord, thou servest[48] another[47]. Why[49] art thou intoxicated[52] with the relishes[51] of sins[50] ?

ਇਹੋ ਜਿਹੇ[45] ਸਾਂਈ ਨੂੰ ਤਿਆਗ[46] ਤੂੰ ਹੋਰਸ[47] ਦੀ ਘਾਲ[48] ਕਮਾਉਂਦਾ ਹੈਂ। ਤੂੰ ਕਿਉਂ[49] ਪਾਪਾਂ[50] ਦੇ ਸੁਆਦਾਂ[51] ਅੰਦਰ ਮਤਵਾਲਾ[52] ਹੋਇਆ ਹੋਇਆ ਹੈਂ ?

ਰੇ[53] ਮਨ[54] ਮੇਰੇ ਤੂ ਗੋਵਿਦ[55] ਭਾਜੁ[56] ॥

O[53] my soul[54], meditate[56] thou on thy Lord[55].

ਹੇ[53] ਮੇਰੀ ਜਿੰਦੇ[54]! ਤੂੰ ਆਪਣੇ ਪ੍ਰਭੂ[55] ਦਾ ਆਰਾਧਨ[56] ਕਰ।

ਅਵਰ[57] ਉਪਾਵ[58] ਸਗਲ ਮੈ ਦੇਖੇ ਜੋ[59] ਚਿਤਵੀਐ[60] ਤਿਤੁ[61] ਬਿਗਰਸਿ[62] ਕਾਜੁ[63] ॥੧॥ਰਹਾਉ॥

I have seen all other[57] efforts[58]. Of whatsoever[59] else think[60] I, therewith[61] my affair[63] is marred[62]. Pause.

ਮੈਂ ਹੋਰ[57] ਸਾਰੇ ਉਪਰਾਲੇ[58] ਵੇਖੇ ਹਨ। ਜਿਸ ਕਿਸੇ[59] ਹੋਰ ਦਾ ਮੈਂ ਖਿਆਲ ਕਰਦਾ[60] ਹਾਂ ਉਸੇ ਨਾਲ[61] ਮੇਰਾ ਕੰਮ[63] ਵਿਗੜ ਜਾਂਦਾ[62] ਹੈ। ਠਹਿਰਾਉ।

ਠਾਕੁਰੁ[64] ਛੋਡਿ ਦਾਸੀ[65] ਕਉ ਸਿਮਰਹਿ[66] ਮਨਮੁਖ[67] ਅੰਧ[68] ਅਗਿਆਨਾ[69] ॥

The blind[68] and ignorant[69] egocentrics[67] leave their Lord[64] and worship[66] His hand maiden[65].

ਅੰਨ੍ਹੇ[68] ਤੇ ਬੇਸਮਝ[69] ਮਨਮਤੀਏ[67] ਆਪਣੇ ਸੁਆਮੀ[64] ਨੂੰ ਤਿਆਗ, ਉਸ ਦੀ ਨੌਕਰਾਣੀ[65] ਦੀ ਪੂਜਾ[66] ਕਰਦੇ ਹਨ।

੧੧੩੯ **1139** **੧੧੩੯**

ਹਰਿ ਕੀ ਭਗਤਿ[70] ਕਰਹਿ ਤਿਨ[71] ਨਿੰਦਹਿ[72] ਨਿਗੁਰੇ[73] ਪਸੂ[74] ਸਮਾਨਾ[75] ॥੨॥

Being without the Guru[73] and like[75] unto beasts[74], they slander[72] those[71], who worship[70] their Lord.

ਗੁਰੂ-ਵਿਹੂਣਾ[73] ਅਤੇ ਡੰਗਰਾਂ[74] ਵਰਗੇ[75] ਹੋਣ ਕਾਰਨ, ਉਹ ਉਹਨਾਂ[71] ਨੂੰ ਬਗੋਂਦੇ[72] ਹਨ; ਜੋ ਆਪਣੇ ਪ੍ਰਭੂ ਦੀ ਪੂਜਾ[70] ਕਰਦੇ ਹਨ।

ਜੀਉ[76] ਪਿੰਡੁ[77] ਤਨੁ[78] ਧਨੁ[79] ਸਭੁ ਪ੍ਰਭ ਕਾ

The soul[76], life[77], body[78] and wealth[79] all belong to the Lord, but

ਆਤਮਾ[76], ਜ਼ਿੰਦਗੀ[77], ਦੇਹ[78] ਅਤੇ ਦੌਲਤ[79] ਸਮੂਹ ਸੁਆਮੀ ਦੀ ਮਲਕੀਅਤ ਹਨ, ਪ੍ਰੰਤੂ ਮਾਇਆ ਦੇ ਪੁਜਾਰੀ[80]

ਸਾਕਤ[80] ਕਹਤੇ ਮੇਰਾ[82] ॥	the mammon-worshippers[80] say[81] that they are their own[82].	ਉਨ੍ਹਾਂ ਨੂੰ ਆਪਣੀਆਂ ਨਿਜ[82] ਦੀਆਂ ਆਖਦੇ[81] ਹਨ ।
[83]ਅਹੰਬੁਧਿ[84] [85]ਦੁਰਮਤਿ[86] ਹੈ ਮੈਲੀ[87] ਬਿਨੁ ਗੁਰ [88]ਭਵਜਲਿ[89] ਫੇਰਾ[90] ॥੩॥	They are arrogantly[83] minded[84], their understanding[86] is evil[85] and filthy[87], and without the Guru, they continue coming and going[90] into this terrible[88] world-ocean[89].	ਉਹ ਹੰਕਾਰੀ[83] ਮਤਵਾਲੇ[84] ਹਨ, ਉਹਨਾਂ ਦੀ ਸਮਝ[86] ਮੰਦੀ[85] ਅਤੇ ਪਲੀਤ[87] ਹੈ ਅਤੇ ਗੁਰਾਂ ਦੇ ਬਗੈਰ ਉਹ ਭਿਆਨਕ[88] ਸੰਸਾਰ ਸਮੁੰਦਰ[89] ਵਿਚ ਆਉਂਦੇ ਤੇ ਜਾਂਦੇ[90] ਰਹਿੰਦੇ ਹਨ ।
ਹੋਮ[91] ਜਗ[92] ਜਪ[93] ਤਪ[94] ਸਭਿ[95] ਸੰਜਮ[96] ਤਟਿ[97] ਤੀਰਥਿ[98] ਨਹੀ ਪਾਇਆ ॥	Through burnt offerings[91], gratuitous feasts[92], mechanical recitations[93], penances[94], all[95] the self-mortifications[96] and abiding at the banks of rivers[97] and holies[98], God is found not.	ਹਵਨਾਂ[91], ਪੁੰਨਾਰਥੀ ਸਦਾ-ਵਰਤਾਂ[92], ਓਪਰਿਆਂ ਪਾਠਾਂ[93], ਕਰੜੀਆਂ ਘਾਲਾਂ[94], ਸਮੂਹ[95] ਸਵੈ-ਰਿਆਜ਼ਤਾਂ[96] ਅਤੇ ਨਦੀਆਂ ਦੇ ਕਿਨਾਰਿਆਂ[97] ਤੇ ਧਰਮ ਅਸਥਾਨਾਂ[98] ਤੇ ਰਹਿਣ ਰਾਹੀਂ ਪ੍ਰਭੂ ਪਾਇਆ ਨਹੀਂ ਜਾਂਦਾ ।
ਮਿਟਿਆ[99] ਆਪੁ[100] ਪਏ ਸਰਣਾਈ[2] ਗੁਰਮੁਖਿ[3]ਨਾਨਕ ਜਗਤੁ[4] ਤਰਾਇਆ[5] ॥੪॥੧॥੧੪॥	Seeking the Great Guru's[3] refuge[2], man's self-conceit[100] is effaced[99], O Nanak, and he crosses over[5] the world-ocean[4].	ਮੁਖੀ ਗੁਰਾਂ[3] ਦੀ ਪਨਾਹ[2] ਲੈਣ ਦੁਆਰਾ, ਸਵੈ-ਹੰਗਤਾ[100] ਮਿਟ ਜਾਂਦੀ[99] ਹੈ, ਹੇ ਨਾਨਕ ! ਅਤੇ ਇਨਸਾਨ ਸੰਸਾਰ[4] ਸਮੁੰਦਰ ਤੋਂ ਪਾਰ ਉਤਰ ਜਾਂਦਾ[5] ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਬਨ[6] ਮਹਿ[7] ਪੇਖਿਓ[8] ਤ੍ਰਿਣ[9] ਮਹਿ ਪੇਖਿਓ ਗ੍ਰਿਹਿ[10] ਪੇਖਿਓ ਉਦਾਸਾਏ[12] ॥	I have seen[8] the Lord in[7] the woods[6], seen in vegetation[9] and seen Him too in home[10] and abandonment[12].	ਮੈਂ ਪ੍ਰਭੂ ਨੂੰ ਜੰਗਲਾਂ[6] ਵਿਚ[7] ਦੇਖਿਆ[8] ਹੈ, ਬਨਾਸਪਤੀ[9] ਵਿਚ ਦੇਖਿਆ ਹੈ ਅਤੇ ਦੇਖਿਆ ਹੈ, ਉਸ ਨੂੰ, ਘਰਾਂ[10] ਤੇ ਤਿਆਗ[12] ਵਿਚ ਭੀ ।
ਦੰਡਧਾਰ[13] ਜਟਧਾਰੈ[14] ਪੇਖਿਓ ਵਰਤ[15] ਨੇਮ[16] ਤੀਰਥਾਏ[17] ॥੧॥	I have seen Him amidst staff-bearers[13], matted hair-wearers[14], fasting-observers[15], vow-takers[16] and the visitors of the holies[17].	ਮੈਂ ਉਸ ਨੂੰ ਡੰਡਾ-ਧਾਰੀਆਂ[13], ਜਟਾ-ਰਖਣ ਵਾਲਿਆਂ[14], ਉਪਹਾਸ ਰਖਣਹਾਰਾਂ[15], ਪ੍ਰਤਗਿਆ ਕਰਨ ਵਾਲਿਆਂ[16] ਅਤੇ ਧਰਮ ਅਸਥਾਨਾਂ[17] ਤੇ ਜਾਣ ਵਾਲਿਆਂ ਵਿਚ ਵੇਖਿਆ ਹੈ ।
ਸੰਤ[18] ਸੰਗਿ ਪੇਖਿਓ ਮਨ[19] ਮਾਏਂ[20] ॥	I have seen Him in the saints' society[18] and within[20] my mind[19].	ਮੈਂ ਉਸ ਨੂੰ ਸਾਧ ਸੰਗਤ[18] ਅਤੇ ਆਪਣੇ ਹਿਰਦੇ[19] ਅੰਦਰ[20] ਵੇਖਿਆ ਹੈ ।
ਊਭ[21] ਪਇਆਲ[22] ਸਰਬ[23] ਮਹਿ[24] ਪੂਰਨ[25] ਰਸਿ[26] ਮੰਗਲ[27] ਗੁਣ[28] ਗਾਏ ॥ ੧॥ਰਹਾਉ॥	In[24] the sky[21], under-world[22] and everything[23], I find the Lord fully pervading[25]. With love[26] and bliss[27] I sing His praise[28]. Pause.	ਅਸਮਾਨ[21], ਪਾਤਾਲ[22] ਅਤੇ ਹਰ ਸ਼ੈ[23] ਅੰਦਰ[24] ਮੈਂ ਪ੍ਰਭੂ ਨੂੰ ਪਰੀਪੂਰਨ[25] ਪਾਉਂਦਾ ਹਾਂ । ਪ੍ਰੇਮ[26] ਤੇ ਖੁਸ਼ੀ[27] ਨਾਲ ਮੈਂ ਉਸ ਦੀ ਮਹਿਮਾ[28] ਗਾਇਨ ਕਰਦਾ ਹਾਂ । ਠਹਿਰਾਉ ।
ਜੋਗ[29] ਭੇਖ[30] ਸੰਨਿਆਸੈ[31] ਪੇਖਿਓ ਜਤਿ[32] ਜੰਗਮ[33] ਕਾਪੜਾਏ[34] ॥	I have seen the Lord midst the Yogis[29], various sects[30], solitarians[31], wandering saints[33], celibates[32] and patched-coat wearers[34].	ਮੈਂ ਸੁਆਮੀ ਨੂੰ ਯੋਗੀਆਂ[29], ਅਨੇਕਾਂ ਸੰਪ੍ਰਦਾਵਾਂ[30], ਇਕਾਂਤੀਆਂ[31], ਰਮਤੇ ਸਾਧੂਆਂ[33] ਅਤੇ ਗੋਦੜੀ ਵਾਲੇ[34] ਫਕੀਰਾਂ ਤੇ ਜਤੀਆਂ[32] ਵਿਚ ਵੇਖਿਆ ਹੈ ।

ਤਪੀ[35] ਤਪੀਸੁਰ[36] ਮੁਨਿ[35*] ਮਹਿ ਪੇਖਿਓ ਨਟ[36*] ਨਾਟਕਿ[37] ਨਿਰਤਾਏ[38] ॥੨॥	I have seen Him amongst penitents[35], austere men[36], silent sages[35*], actors[36*], dramas[37] and dances[38].	ਮੈਂ ਉਸ ਨੂੰ ਤਪ ਕਰਨ ਵਾਲਿਆਂ[35], ਤਸੀਹੇ ਕਰਨਹਾਰਾਂ[36] ਖਾਮੋਸ਼ ਰਿਸ਼ੀਆਂ[35*], ਕਲਾਕਾਰਾਂ[36*], ਰੂਪਕਾਂ[37] ਅਤੇ ਨਾਚਾਂ[38] ਅੰਦਰ ਦੇਖਿਆ ਹੈ।
ਚਹੁ[39] ਮਹਿ[40] ਪੇਖਿਓ[41] ਖਟ[42] ਮਹਿ ਪੇਖਿਓ ਦਸਅਸਟੀ[13] ਸਿੰਮ੍ਰਿਤਾਏ ॥	I have seen[41] Him in[40] the four[39] Vedas and seen Him in the six Shastras[42], ten and eight[43] Puranas and twenty seven Simirtis as well.	ਮੈਂ ਉਸ ਨੂੰ ਚਾਰ[39] ਵੇਦਾਂ ਵਿਚ[40] ਵੇਖਿਆ[41] ਹੈ ਅਤੇ ਵੇਖਿਆ ਹੈ ਉਸ ਨੂੰ ਛੇ ਸ਼ਾਸਤਰਾਂ[42], ਦਸ ਅਤੇ ਅਠ[43] ਪੁਰਾਨਾਂ ਅਤੇ ਸਤਾਈ ਸਿਮਰਤੀਆਂ ਵਿਚ ਭੀ।
ਸਭ ਮਿਲਿ[44] ਏਕੋ ਏਕੁ[45] ਵਖਾਨਹਿ[46] ਤਉ[47] ਕਿਸਤੇ ਕਹਉ[49] ਦੁਰਾਏ[50] ॥੩॥	They all, in a body[44], declare[46] that the Lord is but One[45]. Then[47] from whom[48] is He hid[50], I should say[49] ?	ਉਹ ਸਾਰੇ ਇਕੱਠੇ[44] ਹੋ, ਆਖਦੇ[46] ਹਨ ਕਿ ਪ੍ਰਭੂ ਕੇਵਲ ਇਕ[45] ਹੀ ਹੈ। ਤਦ[47] ਮੈਂ ਕੀ ਆਖਾਂ[49] ਕਿ ਉਹ ਕਿਸ ਕੋਲੋਂ[48] ਲੁਕਿਆ ਛਿਪਿਆ ਹੋਇਆ[50] ਹੈ ?
ਅਗਹ[51] ਅਗਹ[52] ਬੇਅੰਤ[53] ਸੁਆਮੀ ਨਹ[54] ਕੀਮ[55] ਕੀਮ[58] ਕੀਮਾਏ[57] ॥	The Unseizable[51], Unfathomable[52] and Infiite[53] Lord is [54]priceless[55]. His worth[56] can be appraised[57]not.	ਪਕੜ-ਰਹਿਤ[51], ਬੇਥਾਹ[52] ਅਤੇ ਅਨੰਤ[53] ਪ੍ਰਭੂ ਅਣ[54]-ਮੁੱਲਾ[55] ਹੈ। ਉਸ ਦਾ ਮੁੱਲ[56] ਪਾਇਆ[57] ਨਹੀਂ ਜਾ ਸਕਦਾ।
ਜਨ[56] ਨਾਨਕ ਤਿਨ[59] ਕੈ ਬਲਿ[60] ਬਲਿ ਜਾਈਐ ਜਿਹ ਘਟਿ[61] ਪਰਗਟੀ[62] ਆਏ ॥੪॥੨॥੧੫॥	Servant[58] Nanak is a sacrifice[60], a sacrifice unto them[59], within whose mind[61] the Lord has become manifest[62].	ਨੌਕਰ[58] ਨਾਨਕ ਉਨ੍ਹਾਂ ਉਤੋਂ[59] ਘੋਲੀ[60], ਘੋਲੀ ਵੰਞਦਾ ਹੈ, ਜਿਹਨਾਂ ਦੇ ਮਨ[61] ਅੰਦਰ ਉਹ ਜ਼ਾਹਰ ਹੋ ਗਿਆ[62] ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਨਿਕਟਿ[63] ਬੂਝੈ[64] ਸੁ[65] ਬੁਰਾ[66] ਕਿਉ[67] ਕਰੈ ॥	He, who realises[64] his Lord near[63] ; how[67] can he[65] do evil[66] ?	ਜੋ ਆਪਣੇ ਸੁਆਮੀ ਨੂੰ ਨੇੜੇ[63] ਅਨੁਭਵ ਕਰਦਾ[64] ਹੈ, ਉਹ[65] ਬਦੀ[66] ਕਿਸ ਤਰ੍ਹਾਂ[67] ਕਰ ਸਕਦਾ ਹੈ ?
ਬਿਖੁ[68] ਸੰਚੈ[70] ਨਿਤ[69] ਡਰਤਾ ਫਿਰੈ ॥	He, who amasses[70] poison[68], ever[69] feels fear.	ਜੋ ਜ਼ਹਿਰ[68] ਇਕੱਤਰ ਕਰਦਾ[70] ਹੈ, ਉਹ ਸਦਾ[69] ਹੀ ਡਰਦਾ ਰਹਿੰਦਾ ਹੈ।
ਹੈ ਨਿਕਟੇ[71] ਅਰੁ[72] ਭੇਦੁ[73] ਨ ਪਾਇਆ[74] ॥	The Lord is near[71] and[72] this mystery[73] is known[74] not.	ਸੁਆਮੀ ਨੇੜੇ[71] ਹੈ ਅਤੇ[72] ਇਹ ਭੇਦ[73] ਜਾਣਿਆ[74] ਨਹੀਂ ਜਾਂਦਾ।
ਬਿਨੁ ਸਤਿਗੁਰ ਸਭ ਮੋਹੀ[75] ਮਾਇਆ[76] ॥੧॥	Without the True Guru, the entire world is bewitched[75] by mammon[76].	ਸੱਚੇ ਗੁਰਾਂ ਦੇ ਬਗੈਰ ਸਾਰੇ ਸੰਸਾਰ ਨੂੰ ਮੋਹਨੀ[76] ਨੇ ਫ਼ਰੇਫ਼ਤਾ[75] ਕਰ ਲਿਆ ਹੈ।
ਨੇੜੈ[77] ਨੇੜੈ ਸਭੁ ਕੋ ਕਹੈ ॥	"Near[77], very near, the Lord is", every one says.	"ਨਜ਼ਦੀਕ[77], ਪਰਮ ਨਜ਼ਦੀਕ ਹੈ ਸੁਆਮੀ", ਹਰ ਕੋਈ ਆਖਦਾ ਹੈ।
ਗੁਰਮੁਖਿ[78] ਭੇਦੁ ਵਿਰਲਾ[79] ਕੋ ਲਹੈ[80] ॥੧॥ ਰਹਾਉ ॥	Rare is the one[79], who finds[80] this mystery, by the Guru's grace[78]. Pause.	ਕੋਈ ਇਕ ਅੱਧਾ[79] ਹੀ ਗੁਰਾਂ ਦੀ ਦਇਆ[78] ਦੁਆਰਾ ਇਸ ਭੇਤ ਨੂੰ ਪਾਉਂਦਾ[80] ਹੈ। ਠਹਿਰਾਉ।
ਨਿਕਟਿ[81] ਨ ਦੇਖੈ ਪਰ[82] ਗ੍ਰਿਹਿ[83] ਜਾਇ ॥	The mortal sees not the nearness[81] of the Lord goes to another's[82] house[83].	ਪ੍ਰਾਨੀ ਪ੍ਰਭੂ ਦੇ ਨੇੜੇਪਨ[81] ਨੂੰ ਨਹੀਂ ਵੇਖਦਾ ਅਤੇ ਪਰਾਏ[82] ਘਰ[83] ਜਾਂਦਾ ਹੈ।
ਦਰਬੁ[84] ਹਿਰੈ[85] ਮਿਥਿਆ[86]	He plunders[85] others wealth[84] and	ਉਹ ਹੋਰਨਾਂ ਦਾ ਧਨ[84] ਲੁਟਦਾ[85] ਹੈ ਅਤੇ ਝੂਠ[86] ਤੇ

ਕਰਿ ਖਾਇ[87] ॥	lives[87] in falsehood[86].	ਗੁਜ਼ਾਰਾ ਕਰਦਾ ਹੈ।
ਪਈ[88] ਠਗਉਰੀ[89] ਹਰਿ ਸੰਗਿ[90] ਨ ਜਾਨਿਆ ॥	He is caught[88] in illusion[89] and knows not the Lord with[90] him.	ਉਹ ਦ੍ਰਿਸ਼ਯਕ ਗ਼ਲਤ-ਫ਼ਹਿਮੀ[89] ਅੰਦਰ ਪਕੜਿਆ ਗਿਆ ਹੈ[88] ਅਤੇ ਸੁਆਮੀ ਨੂੰ ਆਪਣੇ ਨਾਲ[90] ਨਹੀਂ ਜਾਣਦਾ।
ਬਾਝੁ[91] ਗੁਰੂ ਹੈ ਭਰਮਿ[92] ਭੁਲਾਨਿਆ[93] ॥੨॥	Without[91] the Guru, he is gone astray[93] in doubt[92].	ਗੁਰਾਂ ਦੇ ਬਗ਼ੈਰ[91] ਉਹ ਸੰਦੇਹ[92] ਅੰਦਰ ਕੁਰਾਹੇ ਪਿਆ ਹੋਇਆ[93] ਹੈ।
ਨਿਕਟਿ[94] ਨ ਜਾਨੈ[95] ਬੋਲੈ[96] ਕੂੜੁ[97] ॥	He realises[95] not the Lord to be near[94] and tells[96] lies[97].	ਉਹ ਸੁਆਮੀ ਨੂੰ ਨੇੜੇ[94] ਅਨੁਭਵ[95] ਨਹੀਂ ਕਰਦਾ ਅਤੇ ਝੂਠ[97] ਬਕਦਾ[96] ਹੈ।
ਬੂਝਿ[21]* ਬੈਰਾਗੁ[22]ਕਰੇ ਜੇ[23] ਕੋਇ[24] ॥ ਜਨਮ ਮਰਣ ਫਿਰਿ[25] ਸੋਗੁ[26] ਨ ਹੋਇ ॥ ੧ ॥	If[23] someone[24] knowingly[21]*becomes detached[22], she becomes not subject to birth, death and sorrow[26],again[25].	ਜੇਕਰ[23] ਕੋਈ ਜਣਾ[24] ਜਾਣ ਬੁਝ[24]* ਕੇ ਉਪਰਾਮ[22] ਹੋ ਜਾਏ, ਤਦ ਉਹ ਮੁੜ[25] ਕੇ, ਜੰਮਣ, ਮਰਨ ਅਤੇ ਸ਼ੋਕ[26] ਦਾ ਸ਼ਿਕਾਰ ਨਹੀਂ ਹੁੰਦਾ।
ਬਿਖਿਆ[27] ਕਾ ਸਭੁ ਧੰਧੁ[28] ਪਸਾਰੁ[29] ॥	All the strifes[28] are but the extension[29] of mammon[27].	ਸਾਰੇ ਬਖੇੜੇ[28], ਨਿਰੇ ਪੁਰੇ ਮਾਇਆ[27] ਦਾ ਹੀ ਖਿਲਾਰਾ[29] ਹਨ।
ਵਿਰਲੈ[30] ਕੀਨੋ[31] ਨਾਮ ਅਧਾਰੁ[32] ॥੧॥ਰਹਾਉ ॥	Some rare[30] one makes[31] the Lord's Name the mainstay[32] of his life. Pause.	ਕੋਈ ਇਕ ਅੱਧਾ ਜਣਾ[30] ਹੀ ਸੁਆਮੀ ਦੇ ਨਾਮ ਨੂੰ ਆਪਣੇ ਜੀਵਨ ਦਾ ਆਸਰਾ[32] ਬਣਾਉਂਦਾ[31] ਹੈ। ਠਹਿਰਾਉ।
ਤ੍ਰਿਬਿਧਿ[33] ਮਾਇਆ ਰਹੀ ਬਿਆਪਿ[34] ॥	The mammon of three qualities[33] is infecting[34] all.	ਤਿੰਨਾਂ ਗੁਣਾਂ[33] ਵਾਲੀ ਮੋਹਨੀ ਸਾਰਿਆਂ ਨੂੰ ਭਰਿਸ਼ਟ[34] ਕਰ ਰਹੀ ਹੈ।
ਜੋ[35] ਲਪਟਾਨੋ[36] ਤਿਸੁ[37] ਦੂਖ[38] ਸੰਤਾਪ[39] ॥	Whosoever[35] clings[36] to it ; him[37] harass pain[38] and sorrow[39].	ਜੋ ਕੋਈ ਭੀ[35] ਇਸ ਨੂੰ ਚਿਮੜਦਾ[36] ਹੈ; ਉਸ[37] ਨੂੰ ਪੀੜ[38] ਤੇ ਸ਼ੋਕ[39] ਦੁਖੀ ਕਰਦੇ ਹਨ।
ਸੁਖੁ ਨਾਹੀ ਬਿਨੁ ਨਾਮ ਧਿਆਏ[40] ॥	There is no peace without the Name's meditation[40].	ਨਾਮ ਦੇ ਸਿਮਰਨ[40] ਦੇ ਬਗ਼ੈਰ ਆਰਾਮ ਪਰਾਪਤ ਨਹੀਂ ਹੁੰਦਾ।
ਨਾਮ ਨਿਧਾਨੁ[41] [42]ਬਡਭਾਗੀ[43] ਪਾਏ[44] ॥੨॥	By the greatest[42] good fortune[43], the mortal is blessed[44] with the Name's wealth[41].	ਭਾਰੇ[42] ਚੰਗੇ ਨਸੀਬਾਂ[43] ਦੁਆਰਾ, ਪ੍ਰਾਨੀ ਨੂੰ ਨਾਮ ਦੀ ਦੌਲਤ[41] ਪਰਦਾਨ[44] ਹੁੰਦੀ ਹੈ।
ਸ੍ਵਾਂਗੀ[45] ਸਿਉ ਜੋ ਮਨੁ[46] ਰੀਝਾਵੈ[47] ॥ ਸ੍ਵਾਂਗਿ[48] ਉਤਾਰਿਐ[49] ਫਿਰਿ[50] ਪਛੁਤਾਵੈ[51] ॥	He, who heartily[46] loves[47] the guiser[45], regrets[51] afterwards[50], when the guise[48] is put off[49].	ਜੋ ਬਹੁਰੂਪੀਏ[45] ਨਾਲ ਦਿਲੀ[46] ਪਿਆਰ ਕਰਦਾ[47] ਹੈ, ਉਹ ਭੇਸ[48] ਉਤਾਰ ਦਿਤੇ[49] ਜਾਣ ਦੇ ਮਗਰੋਂ[50] ਅਫ਼ਸੋਸ ਕਰਦਾ[51] ਹੈ।
ਮੇਘ[52] ਕੀ ਛਾਇਆ[53] ਜੈਸੇ[54] ਬਰਤਨਹਾਰ[55] ॥ ਤੈਸੋ[56] ਪਰਪੰਚੁ[57] ਮੋਹ[58] ਬਿਕਾਰ[59] ॥੩॥	Transient[55] as[54] the shade[53] of the cloud[52] is, so[56] is the world[57] of attachment[58] and sin[59].	ਆਰਜ਼ੀ[55] ਜਿਸ ਤਰ੍ਹਾਂ[54] ਹੈ ਬੱਦਲ[52] ਦੀ ਛਾਂ[53], ਏਸੇ ਤਰ੍ਹਾਂ[56] ਦਾ ਹੀ ਹੈ ਲਗਨ[58] ਤੇ ਪਾਪ[59] ਦਾ ਸੰਸਾਰ[57]।

ਏਕ ਵਸਤੁ[60] ਜੇ[61] ਪਾਵੈ[62] ਕੋਇ[63] ॥ ਪੂਰਨ[64] ਕਾਜੁ[65] ਤਾਹੀ[66] ਕਾ ਹੋਇ ॥	If[61] any one[63] is blessed[62] with the one commodity[60] of the Name ; his[66] tasks[65] are, then accomplished[64]	ਜੇਕਰ[61] ਕਿਸੇ[63] ਨੂੰ ਨਾਮ ਦੀ ਇਕ ਵਸਤੂ[60] ਦੀ ਦਾਤ[62] ਮਿਲ ਜਾਵੇ ਤਾਂ ਉਸ[66] ਦੇ ਕਾਰਜ[65] ਸੰਪੂਰਨ ਹੋ ਜਾਂਦੇ[64] ਹਨ ।
ਗੁਰ ਪ੍ਰਸਾਦਿ[67] ਜਿਨਿ ਪਾਇਆ ਨਾਮੁ ॥ ਨਾਨਕ ਆਇਆ[68] ਸੋ ਪਰਵਾਨੁ[69] ॥੪॥੨੦॥੩੩॥	He, who by the Guru's grace[67], obtains the Lord's Name ; his coming[68] into the world is approved[69] by the Lord, O Nanak.	ਜੋ ਗੁਰਾਂ ਦੀ ਦਇਆ[67] ਦੁਆਰਾ ਪ੍ਰਭੂ ਦੇ ਨਾਮ ਨੂੰ ਪਾ ਲੈਂਦਾ ਹੈ; ਉਸ ਦੇ ਇਸ ਜਹਾਨ ਵਿਚ ਆਉਣ[68] ਨੂੰ ਪ੍ਰਭੂ ਕਬੂਲ[69] ਕਰ ਲੈਂਦਾ ਹੈ, ਹੇ ਨਾਨਕ !
ਭੈਰਉ ਮਹਲਾ ੫ ॥	Bhairo 5th Guru	ਭੈਰਉ ਪੰਜਵੀਂ ਪਾਤਿਸ਼ਾਹੀ ।
ਸੰਤ ਕੀ ਨਿੰਦਾ[70] ਜੋਨੀ[71] ਭਵਨਾ[72] ॥	Slandering[70] the saints, man wanders[72] in species[71].	ਸਾਧੂਆਂ ਦੀ ਬਦਖੋਈ[70] ਕਰਨ ਨਾਲ ਜੀਵ ਜੂਨੀਆਂ[71] ਅੰਦਰ ਭਟਕਦਾ[72] ਹੈ ।
ਸੰਤ ਕੀ ਨਿੰਦਾ ਰੋਗੀ[73] ਕਰਨਾ ॥	Slandering the saints, man is afflicted by disease[73].	ਸਾਧੂਆਂ ਦੀ ਬਦਖੋਈ ਕਰਨ ਦੁਆਰਾ ਇਨਸਾਨ ਨੂੰ ਬੀਮਾਰੀ[73] ਲਗ ਜਾਂਦੀ ਹੈ ।
ਸੰਤ ਕੀ ਨਿੰਦਾ ਦੂਖ ਸਹਾਮ[74] ॥	Slandering the saints, one suffers[74] pain.	ਸਾਧੂਆਂ ਦੀ ਬਦਖੋਈ ਕਰਨ ਦੁਆਰਾ ਬੰਦਾ ਤਕਲੀਫ਼ ਉਠਾਉਂਦਾ[74] ਹੈ
ਡਾਨੁ[75] ਦੇਤ[76] ਨਿੰਦਕ[77] ਕਉ ਜਾਮ[78] ॥੧॥	The death's courier[78] awards[76] punishment[75] to the slanderer[77].	ਮੌਤ ਦਾ ਦੂਤ[78] ਬਦਖੋਈ[77] ਕਰਨ ਵਾਲੇ ਨੂੰ ਸਜ਼ਾ[75] ਦਿੰਦਾ[76] ਹੈ ।
ਸੰਤ ਸੰਗਿ ਕਰਹਿ[79] ਜੋ ਬਾਦੁ[80] ॥	They, who pick up[79] quarrel[80] with the saints,	ਜੋ ਸਾਧੂਆਂ ਨਾਲ ਲੜਾਈ[80] ਝਗੜਾ ਛੇੜਦੇ[79] ਹਨ,
ਤਿਨ[81] ਨਿੰਦਕ[82] ਨਾਹੀ ਕਿਛੁ ਸਾਦੁ[83] ॥੧॥ਰਹਾਉ॥	Those[81] slanderers[82] gather no happiness[83] in life. Pause.	ਉਨ੍ਹਾਂ[81] ਬਦਖੋਈ ਕਰਨ ਵਾਲਿਆਂ[82] ਨੂੰ ਜੀਵਨ ਵਿਚ ਕੋਈ ਖੁਸ਼ੀ[83] ਪਰਾਪਤ ਨਹੀਂ ਹੁੰਦੀ । ਠਹਿਰਾਉ ।
ਭਗਤ[84] ਕੀ ਨਿੰਦਾ[85] ਕੰਧੁ[86] ਛੇਦਾਵੈ[87] ॥	Slandering[85] the God's devotee[84], (destroys) or (bores[87]) the body wall[86].	ਰੱਬ ਦੇ ਸ਼ਰਧਾਲੂ[84] ਦੀ ਬਦਖੋਈ[85] ਕਰਨੀ ਦੇਹ ਦੀ ਦੀਵਾਰ[86] ਨੂੰ (ਨਾਸ) ਜਾਂ (ਛੇਕ[87]) ਕਰ ਦਿੰਦੀ ਹੈ ।
ਭਗਤ ਕੀ ਨਿੰਦਾ ਨਰਕੁ[88] ਭੁੰਚਾਵੈ[89] ॥	Slandering the saint, one suffers[89] in hell[88].	ਸਾਧੂ ਦੀ ਬਦਖੋਈ ਕਰਨ ਦੁਆਰਾ ਜੀਵ ਦੋਜ਼ਕ[88] ਭੋਗਦਾ[89] ਹੈ ।
ਭਗਤ ਕੀ ਨਿੰਦਾ ਗਰਭ[90] ਮਹਿ[91] ਗਲੈ[92] ॥	The slanderer of the Lord's saint putrefies[92] in[91] the womb[90].	ਸੁਆਮੀ ਦੇ ਸਾਧੂ ਦੀ ਬਦਖੋਈ ਕਰਨ ਵਾਲਾ ਬੱਚੇ-ਦਾਨੀ[90] ਵਿਚ[91] ਹੀ ਗਲ ਸੜ ਜਾਂਦਾ[92] ਹੈ ।
ਭਗਤ ਕੀ ਨਿੰਦਾ[95] ਰਾਜ[93] ਤੇ ਟਲੈ[94] ॥੨॥	Through the saints' calumniation[95], one loses[94] one's empire[93].	ਸਾਧੂਆਂ ਦੀ ਬਦਖੋਈ[95] ਰਾਹੀਂ ਇਨਸਾਨ ਰਾਜ ਭਾਗ[93] ਗੁਆ ਲੈਂਦਾ[94] ਹੈ ।
ਨਿੰਦਕ ਕੀ ਗਤਿ[96] ਕਤਹੂ[97] ਨਾਹਿ ॥	In no-wise[97], the slanderer obtains salvation[96].	ਬਦਖੋਈ ਕਰਨ ਵਾਲੇ ਨੂੰ ਕਿਸੇ ਤਰ੍ਹਾਂ ਭੀ[97] ਮਕਤੀ[96] ਨਹੀਂ ਮਿਲਦੀ ।
ਆਪਿ ਬੀਜਿ[98] ਆਪੇ ਹੀ ਖਾਹਿ[99] ॥	He eats[99] only what he has sown[98].	ਉਹ ਕੇਵਲ ਉਹ ਹੀ ਖਾਂਦਾ[99] ਹੈ ਜੋ ਉਸ ਨੇ ਬੀਜਿਆ[98] ਹੈ ।

ਚੋਰ[100] ਜਾਰ[2] ਜੂਆਰ[3] ਤੇ ਬੁਰਾ[4] ॥	He is worse[4] than a thief[100], an illicit lover[2] and a gambler[3].	ਉਹ ਤਸਕਰ[100], ਵਿਭਚਾਰੀ[2] ਅਤੇ ਜੁਆਰੀਏ[3] ਨਾਲੋਂ ਭੈੜਾ[4] ਹੈ ।
ਅਣਹੋਦਾ[5] ਭਾਰੁ[6] ਨਿੰਦਕਿ[7] ਸਿਰਿ[8] ਧਰਾ[9] ॥੩॥	The unbearable[5] burden[6] of slander, the slanderer[7] places over[9] his head[8].	ਬਦਖੋਈ ਦਾ ਅਸਹਿ[5] ਬੋਝ[6], ਬਦਖੋਈ ਕਰਨਹਾਰ[7] ਆਪਣੇ ਸਿਰ[8] ਤੇ ਚੁਕਦਾ[9] ਹੈ ।
ਪਾਰਬ੍ਰਹਮ[10] ਕੇ ਭਗਤ[12] ਨਿਰਵੈਰ[13] ॥	Uninimical[13] are the saints[12] of the Supreme Lord[10].	ਦੁਸ਼ਮਨੀ-ਰਹਿਤ[13] ਹਨ ਸ਼ਰੋਮਣੀ ਸਾਹਿਬ[10] ਦੇ ਸਾਧੂ[12]
ਸੋ[17] ਨਿਸਤਰੈ[14] ਜੋ[18] ਪੂਜੈ[15] ਪੈਰ[16] ॥	Whosoever[18] worships[15] their feet[16]; he[17] is emancipated[14].	ਜੋ ਕੋਈ[18] ਉਨ੍ਹਾਂ ਦੇ ਪਗਾਂ[16] ਦੀ ਉਪਾਸ਼ਨਾ ਕਰਦਾ[15] ਹੈ, ਉਹ[17] ਪਾਰ ਉਤਰ ਜਾਂਦਾ[14] ਹੈ ।
ਆਦਿ ਪੁਰਖਿ[19] ਨਿੰਦਕੁ ਭੋਲਾਇਆ[20] ॥	The Primal Lord[19] has strayed[20] the slanderer.	ਆਦੀ ਪ੍ਰਭੂ[19] ਨੇ ਕਲੰਕ ਲਾਉਣ ਵਾਲੇ ਨੂੰ ਕੁਰਾਹੇ[20] ਪਾਇਆ ਹੈ ।
ਨਾਨਕ ਕਿਰਤੁ[21] ਨ ਜਾਇ ਮਿਟਾਇਆ[22] ॥੪॥੨੧॥੩੪॥	Nanak, the past deeds[21] can be erased[22] not.	ਨਾਨਕ ਪੂਰਬਲੇ ਕਰਮ[21] ਮੇਸੇ[22] ਨਹੀਂ ਜਾ ਸਕਦੇ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਨਾਮੁ ਹਮਾਰੈ[23] ਬੇਦ[24] ਅਰੁ[25] ਨਾਦ[26] ॥	The Lord's Name is my[23] Veda[24] and[25] the Divine Word[26].	ਸਾਂਈਂ ਦਾ ਨਾਮ ਮੇਰਾ[23] ਵੇਦ[24] ਅਤੇ[25] ਰੱਬੀ ਸ਼ਬਦ[26] ਹੈ ।
ਨਾਮੁ ਹਮਾਰੇ ਪੂਰੇ[27] ਕਾਜ[28] ॥	Through the Name, my tasks[28] are accomplished[27].	ਨਾਮ ਦੇ ਰਾਹੀਂ ਮੇਰੇ ਕਾਰਜ[28] ਸੰਪੂਰਨ ਹੋ ਜਾਂਦੇ[27] ਹਨ ।
ਨਾਮੁ ਹਮਾਰੇ ਪੂਜਾ[29] ਦੇਵ[30] ॥	The Lord's Name for me is the worship[29] of gods[30].	ਪ੍ਰਭੂ ਦਾ ਨਾਮ ਮੇਰੇ ਲਈ ਦੇਵਤਿਆਂ[30] ਦੀ ਉਪਾਸ਼ਨਾ[29] ਹੈ ।
ਨਾਮੁ ਹਮਾਰੇ ਗੁਰ ਕੀ ਸੇਵ[31] ॥੧॥	The Name's meditation for me is the service[31] of the Guru.	ਨਾਮ ਦਾ ਸਿਮਰਨ ਮੇਰੇ ਲਈ ਗੁਰਾਂ ਦੀ ਟਹਿਲ ਸੇਵਾ[31] ਹੈ ।
ਗੁਰਿ ਪੂਰੈ[32] ਦ੍ਰਿੜਿਓ[33] ਹਰਿਨਾਮੁ ॥	The Perfect[32] Guru has implanted[33] the Lord's Name within me.	ਪੂਰਨ[32] ਗੁਰਦੇਵ ਜੀ ਨੇ ਪ੍ਰਭੂ ਦਾ ਨਾਮ ਮੇਰੇ ਅੰਦਰ ਪੱਕਾ ਕੀਤਾ[33] ਹੈ ।
ਸਭ ਤੇ ਊਤਮੁ[34] ਹਰਿ ਹਰਿ[35] ਕਾਮੁ[36] ॥੧॥ ਰਹਾਉ ॥	The task[36] of the contemplation of the Lord's Name[35] is the sublimest[34] of all. Pause.	ਪ੍ਰਭੂ ਦੇ ਨਾਮ[35] ਦੇ ਸਿਮਰਨ ਦਾ ਕੰਮ[36] ਸਾਰਿਆਂ ਨਾਲੋਂ ਪਰਮ ਸਰੇਸ਼ਟ[34] ਹੈ । ਠਹਿਰਾਉ ।
ਨਾਮੁ ਹਮਾਰੇ ਮਜਨ[37] ਇਸਨਾਨੁ[38] ॥	God's Name alone is my bath[37] and ablution[38].	ਰੱਬ ਦਾ ਨਾਮ ਹੀ ਮੇਰਾ ਨ੍ਹਾਉਣਾ[37] ਅਤੇ ਗੁਸਲ[38] ਹੈ ।
ਨਾਮੁ ਹਮਾਰੇ ਪੂਰਨ[39] ਦਾਨੁ[40] ॥	God's Name is my perfect[39] donation[40].	ਰੱਬ ਦਾ ਨਾਮ ਹੀ ਮੇਰਾ ਪੂਰਾ[39] ਦਾਨ ਪੁੰਨ[40] ਹੈ ।
ਨਾਮੁ ਲੈਤ[43] ਤੇ[41] ਸਗਲ ਪਵੀਤ[42] ॥	They who utter[43] the Name; they[41] are all purified[42].	ਜੋ ਨਾਮ ਦਾ ਉਚਾਰਨ[43] ਕਰਦੇ ਹਨ, ਉਹ[41] ਸਾਰੇ ਪਵਿੱਤਰ[42] ਹੋ ਜਾਂਦੇ ਹਨ ।

ਨਾਮੁ ਜਪਤ[44] ਮੇਰੇ ਭਾਈ[45] ਮੀਤ[46] ॥੨॥	They, who utter[44] the Name, are my brothers[45] and friends[46].	ਜੋ ਨਾਮ ਦਾ ਉਚਾਰਨ[44] ਕਰਦੇ ਹਨ, ਉਹ ਮੇਰੇ ਭਰਾ[45] ਤੇ ਮਿੱਤ੍ਰ[46] ਹਨ।
ਨਾਮੁ ਹਮਾਰੈ ਸਉਣ[47] ਸੰਜੋਗ[48] ॥	God's Name for me is the auspicious omen[47] and good fortune[48].	ਰੱਬ ਦਾ ਨਾਮ ਮੇਰੇ ਲਈ ਸੁਲੱਖਣਾ ਸ਼ਗਨ[47] ਅਤੇ ਚੰਗੇ ਭਾਗ[48] ਹਨ।
ਨਾਮੁ ਹਮਾਰੈ ਤ੍ਰਿਪਤਿ[49] [50]ਸੁਭੋਗ[51] ॥	God's Name for me is the sublime[50] diet[51], which satiates[49] me.	ਰੱਬ ਦਾ ਨਾਮ ਮੇਰੇ ਲਈ ਸਰੇਸ਼ਟ[50] ਭੋਜਨ[51] ਹੈ, ਜਿਸ ਨਾਲ ਮੈਂ ਰੱਜ ਜਾਂਦਾ[49] ਹਾਂ।
ਨਾਮੁ ਹਮਾਰੈ ਸਗਲ ਆਚਾਰ[52] ॥	God's Name for me is all the good deeds[52].	ਰੱਬ ਦਾ ਨਾਮ ਮੇਰੇ ਲਈ ਸਾਰੇ ਚੰਗੇ ਕਰਮ[52] ਹਨ।
ਨਾਮੁ ਹਮਾਰੈ ਨਿਰਮਲ[53] ਬਿਉਹਾਰ[54] ॥੩॥	God's Name is my immaculate[53] business[54].	ਰੱਬ ਦਾ ਨਾਮ ਹੀ ਮੇਰਾ ਪਵਿੱਤਰ[53] ਵਣਜ ਵਾਪਾਰ[54] ਹੈ।
ਜਾ ਕੈ ਮਨਿ[60] ਵਸਿਆ[55] ਪ੍ਰਭੁ ਏਕੁ ॥ਸਗਲ[56] ਜਨਾ[57] ਕੀ ਹਰਿ ਹਰਿ[58] ਟੇਕ[59] ॥	All[56] the persons[57], within whose mind[60] the One Lord abides[55], have the support[59] of the Lord's Name[58].	ਸਾਰੇ[56] ਪੁਰਸ਼ਾਂ[57] ਨੂੰ ਜਿਨ੍ਹਾਂ ਦੇ ਅੰਤਰ-ਆਤਮੇ[60] ਇਕ ਪ੍ਰਭੂ ਨਿਵਾਸ ਰਖਦਾ[55] ਹੈ, ਸੁਆਮੀ ਦੇ ਨਾਮ[58] ਦਾ ਹੀ ਆਸਰਾ[59] ਹੈ।
੧੧੪੬	**1146**	**੧੧੪੬**
ਮਨਿ[60*] ਤਨਿ[61] ਨਾਨਕ ਹਰਿ ਗੁਣ[62] ਗਾਉ[64] ॥ ਸਾਧ ਸੰਗਿ ਜਿਸੁ ਦੇਵੈ[63] ਨਾਉ॥੪॥੨੨॥੩੫॥	He, whom the Lord blesses[63] with His Name, O Nanak; he in the society of the saints, sings[64] Lord's praise[62] with his soul[60*] and body[61].	ਹੇ ਨਾਨਕ! ਜਿਸ ਨੂੰ ਸੁਆਮੀ ਆਪਣਾ ਨਾਮ ਬਖ਼ਸ਼ਦਾ[63] ਹੈ; ਉਹ ਸਤਿਸੰਗਤ ਅੰਦਰ ਆਪਣੀ ਜਿੰਦੜੀ[60*] ਅਤੇ ਦੇਹ[61] ਨਾਲ ਸੁਆਮੀ ਦੀ ਕੀਰਤੀ[62] ਗਾਇਨ ਕਰਦਾ[64] ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਨਿਰਧਨ[65] ਕਉ ਤੁਮ ਦੇਵਹੁ[66] ਧਨਾ[67] ॥	Thou blessest[66] the[65] poor with wealth[67], O Lord.	ਤੂੰ ਗ਼ਰੀਬਾਂ[65] ਨੂੰ ਦੌਲਤ[67] ਬਖ਼ਸ਼ਦਾ[66] ਹੈਂ, ਹੇ ਪ੍ਰਭੂ!
ਅਨਿਕ[68] ਪਾਪ[70] ਜਾਹਿ[71] ਨਿਰਮਲ[69] ਮਨਾ[72] ॥	Through Thee manifold[68] sins[70] are washed off[71] and the soul[72] becomes immaculate[69].	ਤੇਰੇ ਰਾਹੀਂ ਅਨੇਕਾਂ[68] ਹੀ ਕਸਮਲ[70] ਧੋਤੇ ਜਾਂਦੇ[71] ਹਨ ਅਤੇ ਆਤਮਾ[72] ਪਵਿੱਤਰ[69] ਹੋ ਜਾਂਦੀ ਹੈ।
ਸਗਲ ਮਨੋਰਥ[73] ਪੂਰਨ[74] ਕਾਮ[75] ॥	Through Thee all the desires[73] and tasks[75] are accomplished[74].	ਤੇਰੇ ਰਾਹੀਂ ਸਾਰੀਆਂ ਅਭਿਲਾਸ਼ਾਂ[73] ਅਤੇ ਕਾਰਜ[74] ਸੰਪੂਰਨ ਹੋ ਜਾਂਦੇ[75] ਹਨ।
ਭਗਤ[76] ਅਪੁਨੇ ਕਉ ਦੇਵਹੁ[77] ਨਾਮੁ ॥੧॥	O God, Thy saint[76], Thou blessest[77] with Thine Name.	ਹੇ ਵਾਹਿਗੁਰੂ! ਆਪਣੇ ਸਾਧੂ[76] ਨੂੰ ਤੂੰ ਆਪਣਾ ਨਾਮ ਪਰਦਾਨ ਕਰਦਾ[77] ਹੈਂ।
ਸਫਲ[78] ਸੇਵਾ[81] ਗੋਪਾਲ[79] ਰਾਇ[80] ॥	Fruitful[78] is the service[81] of my Lord[79], the King[80].	ਫਲਦਾਇਕ[78] ਹੈ ਟਹਿਲ ਸੇਵਾ[81] ਮੇਰੇ ਪ੍ਰਭੂ[79] ਪਾਤਿਸ਼ਾਹ[80] ਦੀ।
ਕਰਨ ਕਰਾਵਨਹਾਰ[82] ਸੁਆਮੀ ਤਾ ਤੇ[83] ਬਿਰਥਾ[85]	The Doer and the Cause[82] is my Lord Master. From His[83] door,	ਕਰਨ ਵਾਲਾ ਅਤੇ ਕਰਾਉਣ ਵਾਲਾ[82] ਹੈ ਮੇਰਾ ਸੁਆਮੀ ਮਾਲਕ। ਉਸ ਦੇ[83] ਬੂਹੇ ਤੋਂ ਕੋਈ

ਕੋਇ ਨ ਜਾਇ[84] ॥੧॥ ਰਹਾਉ ॥	no one returns[84] empty-handed[85]. Pause.	ਵੀ ਖਾਲੀ ਹੱਥੀਂ[85] ਨਹੀਂ ਮੁੜਦਾ[84]। ਠਹਿਰਾਉ।
ਰੋਗੀ[86] ਕਾ ਪ੍ਰਭ ਖੰਡਹੁ[87] ਰੋਗੁ[88] ॥	The Lord rids[87] the diseased one[86] of his disease[88].	ਬੀਮਾਰ[86] ਦੀ ਪ੍ਰਭੂ ਬੀਮਾਰੀ[88] ਕਟ ਦਿੰਦਾ[87] ਹੈ।
ਦੁਖੀਏ[89] ਕਾ ਮਿਟਾਵਹੁ[90] ਪ੍ਰਭ ਸੋਗੁ[91] ॥	Of the woe-begone[89] man, the Lord eradicates[90] the sorrow[91].	ਪੀੜਤ[89] ਪ੍ਰਾਨੀ ਦਾ ਪ੍ਰਭੂ ਗ਼ਮ[91] ਦੂਰ ਕਰ ਦਿੰਦਾ[90] ਹੈ।
ਨਿਥਾਵੇ[92] ਕਉ ਤੁਮ੍ ਥਾਨਿ[93] ਬੈਠਾਵਹੁ[94] ॥	The placeless[92] one, Thou seatest ![94] on the place[93], O Lord.	ਟਿਕਾਣੇ-ਰਹਿਤ[92] ਨੂੰ ਤੂੰ ਟਿਕਾਣੇ[93] ਤੇ ਬਹਾਲ ਦਿੰਦਾ[94] ਹੈਂ, ਹੇ ਸਾਈਂ !
ਦਾਸ[95] ਅਪਨੇ ਕਉ ਭਗਤੀ[96] ਲਾਵਹੁ[97] ॥੨॥	Thy slave[95], O Lord, Thou yokest[97] to Thine devotional service[96].	ਆਪਣੇ ਗੁਮਾਸ਼ਤੇ[95] ਨੂੰ, ਹੇ ਸੁਆਮੀ ! ਤੂੰ ਆਪਣੀ ਪ੍ਰੇਮ-ਮਈ ਸੇਵਾ[96] ਵਿਚ ਜੋੜ ਲੈਂਦਾ[97] ਹੈਂ !
ਨਿਮਾਣੇ[98] ਕਉ ਪ੍ਰਭ ਦੇਤੋ[99] ਮਾਨੁ[100] ॥	Thou, O Lord, bestoweth[99] honour[100] on the dishonoured one[98].	ਤੂੰ ਹੇ ਸੁਆਮੀ ! ਬੇਇਜ਼ਤੇ[98] ਨੂੰ ਇੱਜ਼ਤ[100] ਬਖ਼ਸ਼ਦਾ[99] ਹੈਂ।
ਮੂੜ[2] ਮੁਗਧ[3] ਹੋਇ ਚਤੁਰ[4] [5]ਸੁਗਿਆਨੁ[6] ॥	Through Thee, the foolish[2] and ignorant man[3] becomes shrewd[4] and very[5] wise[6], O Lord.	ਤੇਰੇ ਰਾਹੀਂ ਮੂਰਖ[2] ਅਤੇ ਬੇਸਮਝ ਬੰਦਾ[3] ਦਾਨਾ[4] ਅਤੇ ਬਹੁਤ[5] ਸਿਆਣਾ[6] ਹੋ ਜਾਂਦਾ ਹੈ, ਹੇ ਸੁਆਮੀ !
ਸਗਲ[7] ਭਇਆਨ[8] ਕਾ ਭਉ[9] ਨਸੈ[10] ॥ ਜਨ[12] ਅਪਨੇ ਕੈ ਹਰਿ ਮਨਿ ਬਸੈ[13] ॥੩॥	God abides[13] within the mind of His slave[12] and his dread[9] of all[7] the fears[8] flees away[10].	ਹਰੀ ਆਪਣੇ ਗੋਲੇ[12] ਦੇ ਚਿੱਤ ਅੰਦਰ ਵਸਦਾ[13] ਹੈ ਅਤੇ ਉਸ ਦਾ ਸਾਰਿਆਂ[7] ਡਰਾਂ[8] ਦਾ ਤ੍ਰਾਹ[9] ਦੌੜ ਜਾਂਦਾ[10] ਹੈ।
ਪਾਰਬ੍ਰਹਮ[14] ਪ੍ਰਭ ਸੂਖ[15] ਨਿਧਾਨ[16] ॥	The Transcendent Lord[14] Master is the Treasure[16] of bliss[15].	ਸ਼ਰੋਮਣੀ ਸੁਆਮੀ ਮਾਲਕ[14], ਪ੍ਰਸੰਨਤਾ[15] ਦਾ ਖ਼ਜ਼ਾਨਾ[16] ਹੈ।
ਤਤੁ[17] ਗਿਆਨੁ[18] ਹਰਿ ਅੰਮ੍ਰਿਤ[19] ਨਾਮ ॥	God's Nectar-Name[19] is the real[17] Divine knowledge[18]	ਹਰੀ ਦਾ ਸੁਧਾ-ਸਰੂਪ ਨਾਮ[19] ਅਸਲੀ[17] ਬ੍ਰਹਮ-ਗਿਆਤਾ[18] ਹੈ।
ਕਰਿ[20] ਕਿਰਪਾ[21] ਸੰਤ ਟਹਲੈ[22] ਲਾਏ[23] ॥ ਨਾਨਕ ਸਾਧੂ ਸੰਗਿ[24] ਸਮਾਏ[25] ॥ ੪॥੨੩॥੩੬॥	Showing[20] His mercy[21], when the Lord yokes[23] man to the service[22] of the saints, he, O Nanak, then merges[25] in the Lord through the saint's society[24].	ਆਪਣੀ ਰਹਿਮਤ[21] ਧਾਰ[20] ਕੇ ਜਦ ਸਾਂਈਂ ਬੰਦੇ ਨੂੰ ਸਾਧੂਆਂ ਦੀ ਸੇਵਾ[22] ਅੰਦਰ ਜੋੜਦਾ[23] ਹੈ, ਉਹ ਹੇ ਨਾਨਕ ! ਤਦ ਸਤਿਸੰਗਤ[24] ਦੇ ਰਾਹੀਂ ਸੁਆਮੀ ਵਿਚ ਲੀਨ ਹੋ ਜਾਂਦਾ[25] ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸੰਤ ਮੰਡਲ[28] ਮਹਿ[26] ਹਰਿ ਮਨਿ ਵਸੈ[27] ॥	Through[26] the saints' society[28], the Lord abides[27] in the mortal's mind.	ਸਤਿਸੰਗਤ[28] ਰਾਹੀਂ[26] ਸੁਆਮੀ ਪ੍ਰਾਨੀ ਦੇ ਚਿੱਤ ਅੰਦਰ ਟਿਕ[27] ਜਾਂਦਾ ਹੈ।
ਸੰਤ ਮੰਡਲ ਮਹਿ ਦੁਰਤੁ[29] ਸਭੁ ਨਸੈ[30] ॥	Through the congress of the saints, all the sins[29] flee away[30].	ਸੰਤ ਸਮਾਗਮ ਦੇ ਰਾਹੀਂ ਸਾਰੇ ਕਸਮਲ[29] ਦੌੜ ਜਾਂਦੇ[30] ਹਨ।
ਸੰਤ ਮੰਡਲ ਮਹਿ[31]	In[31] the society of the saints, one	ਸਤਿ ਸੰਗਤ ਅੰਦਰ[31] ਇਨਸਾਨ ਪਵਿੱਤਰ[32] ਜੀਵਨ

ਨਿਰਮਲ[32] ਰੀਤਿ[33] ॥	acquires the immaculate[32] way[33] of life.	ਰਹੁ-ਰੀਤੀ[33] ਪਰਾਪਤ ਕਰ ਲੈਂਦਾ ਹੈ ।
ਸੰਤ ਸੰਗਿ ਹੋਇ ਏਕ ਪਰੀਤਿ[34] ॥੧॥	Through the saints' congregation, one comes to embrace love[34] for One Lord.	ਸਾਧ ਸੰਗਤ ਦੇ ਰਾਹੀਂ ਇਨਸਾਨ ਦੀ ਇਕ ਪ੍ਰਭੂ ਨਾਲ ਪਿਰਹੜੀ[34] ਪੈ ਜਾਂਦੀ ਹੈ ।
ਸੰਤ ਮੰਡਲੁ ਤਹਾ ਕਾ ਨਾਉ[35] ॥ ਪਾਰਬ੍ਰਹਮ[36] ਕੇਵਲ[37] ਗੁਣ[38] ਗਾਉ[39] ॥੧॥ਰਹਾਉ॥	That alone is called[35] the saints' guild, where only[37] the praises[38] of the Transcendent Lord[36] are sung[39]. Pause.	ਸਿਰਫ ਉਸ ਨੂੰ ਹੀ ਸਤਿਸੰਗਤ ਆਖਿਆ ਜਾਂਦਾ[35] ਹੈ, ਜਿਥੇ ਵਾਹਿਦ[37] ਪਰਮ ਪ੍ਰਭੂ[36] ਦੀਆਂ ਸਿਫਤਾਂ[38] ਹੀ ਗਾਇਨ ਕੀਤੀਆਂ ਜਾਂਦੀਆਂ[39] ਹਨ । ਠਹਿਰਾਉ ।
ਸੰਤ ਮੰਡਲ ਮਹਿ[40] ਜਨਮ ਮਰਣੁ ਰਹੈ[41] ॥	By[40] the saints' society, one is rid[41] of birth and death.	ਸਤਿ ਸੰਗਤ ਦੁਆਰਾ[40] ਜੀਵ ਜੰਮਣ ਅਤੇ ਮਰਨ ਤੋਂ ਖ਼ਲਾਸੀ ਪਾ ਜਾਂਦਾ[41] ਹੈ ।
ਸੰਤ ਮੰਡਲ ਮਹਿ ਜਮੁ[42] ਕਿਛੂ ਨ ਕਹੈ[43] ॥	Through the saints' society, the death's courier[42] touches[43] one not.	ਸਤਿ ਸੰਗਤ ਦੇ ਰਾਹੀਂ, ਮੌਤ ਦਾ ਦੂਤ[42] ਇਨਸਾਨ ਨੂੰ ਛੂੰਹਦਾ[43] ਤਕ ਨਹੀਂ ।
ਸੰਤ ਸੰਗਿ ਹੋਇ ਨਿਰਮਲ[44] ਬਾਣੀ[45] ॥	In the society of the saints, one's speech[45] becomes immaculate[44].	ਸਤਿ ਸੰਗਤ ਅੰਦਰ, ਬੰਦੇ ਦੀ ਬੋਲ ਬਾਣੀ[45] ਪਵਿੱਤਰ[44] ਹੋ ਜਾਂਦੀ ਹੈ ।
ਸੰਤ ਮੰਡਲ ਮਹਿ ਨਾਮੁ ਵਖਾਣੀ[46] ॥੨॥	In the saints' society, he utters[46] the Lord's Name.	ਸਤਿਸੰਗਤ ਅੰਦਰ ਉਹ ਸਾਂਈਂ ਦੇ ਨਾਮ ਦਾ ਉਚਾਰਨ ਕਰਦਾ[46] ਹੈ ।
ਸੰਤ ਮੰਡਲ ਕਾ ਨਿਹਚਲ[47] ਆਸਨੁ[48] ॥	Ever stable[47] is the abode[48] of the saints' guild.	ਸਦੀਵੀ ਸਥਿਰ[47] ਹੈ ਸਾਧ ਸਮਾਗਮ ਦਾ ਟਿਕਾਣਾ[48] ।
ਸੰਤ ਮੰਡਲ ਮਹਿ[49] ਪਾਪ[50] ਬਿਨਾਸਨੁ[51] ॥	The sins[50] are destroyed[51] in[49] the saints' congregation.	ਸਾਧ ਸਮਾਗਮ ਅੰਦਰ[49] ਪਾਪ[50] ਕੱਟੇ ਜਾਂਦੇ[51] ਹਨ ।
ਸੰਤ ਮੰਡਲ ਮਹਿ ਨਿਰਮਲ[52] ਕਥਾ[53] ॥	In the saints' congregation, the pure[52] discourse[53] of God is narrated.	ਸਾਧ ਸੰਗਤ ਅੰਦਰ, ਵਾਹਿਗੁਰੂ ਦੀ ਪਵਿੱਤਰ[52] ਕਥਾਵਾਰਤਾ[53] ਬਿਆਨ ਕੀਤੀ ਜਾਂਦੀ ਹੈ ।
ਸੰਤ ਸੰਗਿ ਹਉਮੈ[54] ਦੁਖ[55] ਨਸਾ[56] ॥੩॥	Through the saints' society, the ailment[55] of ego[54] flees away[56].	ਸਤਿ ਸੰਗਤ ਦੇ ਰਾਹੀਂ, ਹੰਕਾਰ[54] ਦੀ ਬੀਮਾਰੀ[55] ਦੌੜ ਜਾਂਦੀ[56] ਹੈ ।
ਸੰਤ ਮੰਡਲ ਕਾ ਨਹੀ ਬਿਨਾਸੁ[57] ॥	The society of the saints is destroyed[57] not.	ਸੰਤ ਸੰਗਤ ਨਾਸ[57] ਨਹੀਂ ਹੁੰਦੀ ।
ਸੰਤ ਮੰਡਲ ਮਹਿ ਹਰਿ ਗੁਣ[58] ਤਾਸੁ[59] ॥	In the guild of the saints abides the treasure[59] of God's virutes[58].	ਸਤਿਸੰਗਤ ਅੰਦਰ ਵਾਹਿਗੁਰੂ ਦੀਆਂ ਨੇਕੀਆਂ[58] ਦਾ ਖ਼ਜ਼ਾਨਾ[59] ਵਸਦਾ ਹੈ ।
ਸੰਤ ਮੰਡਲ ਠਾਕੁਰ[60] ਬਿਸ੍ਰਾਮੁ[61] ॥	The saints' congregation is the abiding-place[61] of the Lord Master[60].	ਸਾਧ ਸੰਗਤ ਸੁਆਮੀ ਮਾਲਕ[60] ਦਾ ਨਿਵਾਸ ਅਸਥਾਨ[61] ਹੈ ।
ਨਾਨਕ ਓਤਿ[62] ਪੋਤਿ[63]	Nanak, the Lord[64] is woven with	ਨਾਨਕ, ਤਾਣੇ[62] ਅਤੇ ਪੇਟੇ[63] ਦੀ ਤਰ੍ਹਾਂ ਸੁਆਮੀ[64] ਆਪਣੇ

ਭਗਵਾਨੁ[64] ॥੪॥੨੯॥੩੭॥	His saints like warp[62] and woof[63].	ਸੰਤਾਂ ਨਾਲ ਉਣਿਆ ਹੋਇਆ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਰੋਗੁ[65] ਕਵਨੁ[66] ਜਾਂ[67] ਰਾਖੈ[68] ਆਪਿ[69] ॥	What[66] is disease[65], when[67] the Lord, of Himself[69], protects[68] ?	ਬੀਮਾਰੀ[65] ਕੀ[66] ਹੈ, ਜਦ[67] ਪ੍ਰਭੂ ਖ਼ੁਦ[69] ਰੱਖਿਆ ਕਰਦਾ[68] ਹੈ।
ਤਿਸੁ[70] ਜਨ[71] ਹੋਇ ਨ ਦੂਖੁ[72] ਸੰਤਾਪੁ[73] ॥	The[70] man[71], whom the Lord saves, suffers not pain[72] and sorrow[73].	ਜਿਸ ਦੀ ਪ੍ਰਭੂ ਰੱਛਿਆ ਕਰਦਾ ਹੈ, ਉਸ[70] ਇਨਸਾਨ[71] ਨੂੰ ਕਸ਼ਟ[72] ਅਤੇ ਸ਼ੋਕ[73] ਨਹੀਂ ਵਾਪਰਦੇ।
ਜਿਸੁ ਊਪਰਿ ਪ੍ਰਭੁ ਕਿਰਪਾ[74] ਕਰੈ ॥ ਤਿਸੁ[75] ਊਪਰ[76] ਤੇ ਕਾਲੁ[77] ਪਰਹਰੈ[78] ॥੧॥	He, on whom is the Lord's grace[74]; from over[76] him[75], the Lord averts[78] death[77].	ਜਿਸ ਉਤੇ ਸੁਆਮੀ ਦੀ ਰਹਿਮਤ[74] ਹੈ,ਉਸ[75] ਦੇ ਉਤੋਂ[76] ਸੁਆਮੀ ਮੌਤ[77] ਨੂੰ ਪਰੇ ਹਟਾ ਦਿੰਦਾ[78] ਹੈ।
ਸਦਾ[79] ਸਖਾਈ[80] ਹਰਿ ਹਰਿ[81] ਨਾਮੁ ॥	The Lord God's[81] Name is ever[79] the mortal's Helper[80].	ਸਾਂਈਂ ਹਰੀ[81] ਦਾ ਨਾਮ ਸਦੀਵ[79] ਹੀ ਬੰਦੇ ਦਾ ਸਹਾਇਕ[80] ਹੈ।
ਜਿਸੁ ਚੀਤਿ[82] ਆਵੈ ਤਿਸੁ[83] ਸਦਾ ਸੁਖੁ[86] ਹੋਵੈ ਨਿਕਟਿ[84] ਨ ਆਵੈ ਤਾਕੈ[85] ਜਾਮੁ[87] ॥੧॥ਰਹਾਉ ॥	Whosoever contemplates[82] the Name; he[83] attains lasting peace[86] and death's courier[87] comes not near[84] him[85]. Pause.	ਜੋ ਕੋਈ ਨਾਮ ਦਾ ਆਰਾਧਨ ਕਰਦਾ[82] ਹੈ,ਉਹ[83] ਸਦੀਵੀ ਆਰਾਮ[86] ਨੂੰ ਪਾ ਲੈਂਦਾ ਹੈ ਅਤੇ ਮੌਤ ਦਾ ਦੂਤ[87] ਉਸ[85] ਦੇ ਨੇੜੇ[84] ਨਹੀਂ ਆਉਂਦਾ। ਠਹਿਰਾਉ।
ਜਬ ਇਹੁ ਨ ਸੋ[88] ਤਬ[89] ਕਿਨਹਿ[90] ਉਪਾਇਆ[91] ॥	When this mortal was[88] not in existence, who[90] did create[91] him then[89] ?	ਜਦ ਇਹ ਪ੍ਰਾਨੀ ਹੋਂਦ ਵਿਚ ਹੀ ਨਹੀਂ ਸੀ[88], ਤਦ[89] ਇਸ ਨੂੰ ਕਿਸ[90] ਨੇ ਪੈਦਾ ਕੀਤਾ[91] ਸੀ ?
ਕਵਨ[92] ਮੂਲ[93] ਤੇ[94] ਕਿਆ[95] ਪ੍ਰਗਟਾਇਆ[96] ॥	From[94] what[92] a seed[93], what[95] the Lord has made manifest[96] ?	ਕਿਸ[92] ਬੀਜ[93] ਤੋਂ[94] ਸੁਆਮੀ ਨੇ ਕੀ[95] ਜ਼ਾਹਰ[96] ਕਰ ਦਿੱਤਾ ਹੈ ?
ਆਪਹਿ[97] ਮਾਰਿ ਆਪਿ ਜੀਵਾਲੈ[98] ॥	Of Himself[97] the Lord slays and Himself He revives[98].	ਆਪੇ[97] ਸੁਆਮੀ ਮਾਰਦਾ ਹੈ ਅਤੇ ਆਪੇ ਹੀ ਸੁਰਜੀਤ ਕਰਦਾ[98] ਹੈ।
ਅਪਨੇ ਭਗਤ[99] ਕਉ ਸਦਾ ਪ੍ਰਤਿਪਾਲੈ[100] ॥੨॥	His devotee[99], the Lord ever cherishes[100].	ਆਪਣੇ ਅਨੁਰਾਗੀ[99] ਨੂੰ ਸਾਂਈਂ ਸਦੀਵ ਹੀ ਪਾਲਦਾ-ਪੋਸਦਾ[100] ਹੈ।
ਸਭ ਕਿਛੁ ਜਾਣਹੁ[4] ਤਿਸ[2] ਕੈ ਹਾਥ[3] ॥	Know[4] that everything is in His[2] hand[3].	ਜਾਣ ਲੈ[4] ਕਿ ਸਾਰਾ ਕੁਝ ਉਸ[2] ਦੇ ਹੱਥ[3] ਵਿਚ ਹੈ।
ਪ੍ਰਭੁ ਮੇਰੋ ਅਨਾਥ[5] ਕੋ ਨਾਥ[6] ॥	My Lord is the Patron[6] of the patronless[5].	ਮੇਰਾ ਪ੍ਰਭੂ ਨਿਖ਼ਸਮਿਆਂ[5] ਦਾ ਖ਼ਸਮ[6] ਹੈ।
ਦੁਖ[7] ਭੰਜਨੁ[8] ਤਾਕਾ[9] ਹੈ ਨਾਉ ॥	The Destroyer[8] of pain[7] is His[9] Name.	ਪੀੜ[7] ਨੂੰ ਨਾਸ ਕਰਨ ਵਾਲਾ[8] ਹੈ, ਉਸ[9] ਦਾ ਨਾਮ।
ਸੁਖ[10] ਪਾਵਹਿ ਤਿਸ ਕੇ ਗੁਣ[12] ਗਾਉ ॥੩॥	Singing His praises[12], thou shalt obtain peace[10], O man.	ਉਸ ਦੀਆਂ ਸਿਫ਼ਤ ਸ਼ਲਾਘਾ[12] ਗਾਇਨ ਕਰਨ ਦੁਆਰਾ, ਤੂੰ ਆਰਾਮ[10] ਪਾ ਲਵੇਂਗਾ, ਹੇ ਬੰਦੇ !
ਸੁਣਿ ਸੁਆਮੀ ਸੰਤਨ[13] ਅਰਦਾਸਿ[14] ॥	O Lord, hear Thou the prayer[14] of Thy saint[13].	ਹੇ ਪ੍ਰਭੂ ! ਤੂੰ ਆਪਣੇ ਸਾਧੂ[13] ਦੀ ਪ੍ਰਾਰਥਨਾ[14] ਸ੍ਰਵਣ ਕਰ।

ਜੀਉ[15] ਪ੍ਰਾਨ[16] ਧਨੁ[17] ਤੁਮ੍ਹਰੈ ਪਾਸਿ ॥	My soul[15], very life[16] and wealth[17], I surrender unto Thee, O Lord.	ਆਪਣੀ ਜਿੰਦੜੀ[15], ਜਿੰਦ-ਜਾਨ[16] ਅਤੇ ਧਨ-ਦੌਲਤ[17] ਮੈਂ ਤੈਨੂੰ ਸਮਰਪਨ ਕਰਦਾ ਹਾਂ, ਹੇ ਸੁਆਮੀ !
੧੧੪੭	**1147**	**੧੧੪੭**
ਇਹੁ ਜਗੁ[18] ਤੇਰਾ ਸਭੁ[19] ਤੁਝਹਿ ਧਿਆਏ[20] ॥	This entire[19] universe[18] is Thine and it meditates[20] on Thee, O my Master.	ਇਹ ਸਮੂਹ[19] ਆਲਮ[18] ਤੇਰਾ ਹੈ ਅਤੇ ਇਹ ਤੇਰਾ ਹੀ ਆਰਾਧਨ ਕਰਦਾ[20] ਹੈ, ਹੇ ਮੇਰੇ ਮਾਲਕ !
ਕਰਿ[21] ਕਿਰਪਾ[22] ਨਾਨਕ ਸੁਖੁ[23] ਪਾਏ ॥੪॥੨੫॥੩੮ ॥	Show[21] Thou mercy[22] unto Nanak, O Lord, that he may be blessed[24] with peace[23].	ਨਾਨਕ ਉਤੇ ਤੂੰ ਆਪਣੀ ਰਹਿਮਤ[22] ਧਾਰ[21], ਹੇ ਸਾਂਈਂ ! ਤਾਂ ਜੋ ਉਸ ਨੂੰ ਠੰਢ ਚੈਨ[23] ਪਰਾਪਤ ਹੋ ਜਾਵੇ[24] ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਤੇਰੀ ਟੇਕ[25] ਰਹਾ ਕਲਿ[26] ਮਾਹਿ[27] ॥	By Thine support[25], live I in[27] this Darkage[26], O my Lord.	ਤੇਰੇ ਆਸਰੇ[25] ਦੁਆਰਾ ਹੀ ਮੈਂ ਇਸ ਕਾਲੇ ਸਮੇਂ[26] ਅੰਦਰ[27] ਰਹਿੰਦਾ ਹਾਂ, ਹੇ ਮੇਰੇ ਪ੍ਰਭੂ !
ਤੇਰੀ ਟੇਕ ਤੇਰੇ ਗੁਣ[28] ਗਾਹਿ[29] ॥	Through Thy prop, sing[29] I Thine praises[28].	ਤੇਰੇ ਆਸਰੇ ਰਾਹੀਂ ਮੈਂ ਤੇਰੀਆਂ ਸਿਫਤਾਂ[28] ਗਾਇਨ ਕਰਦਾ[29] ਹਾਂ ।
ਤੇਰੀ ਟੇਕ[32] ਨ ਪੋਹੈ[30] ਕਾਲੁ[31] ॥	In Thine sanctuary[32], death[31] can harass[30] me not.	ਤੇਰੀ ਸ਼ਰਣਾਗਤ[32] ਅੰਦਰ, ਮੌਤ[31] ਮੈਨੂੰ ਦੁੱਖ[30] ਨਹੀਂ ਦੇ ਸਕਦੀ ।
ਤੇਰੀ ਟੇਕ[33] ਬਿਨਸੈ[34] ਜੰਜਾਲੁ[35] ॥੧॥	Through Thy protection[33], the involvements[35] are past[34].	ਤੇਰੀ ਪਨਾਹ[33] ਰਾਹੀਂ, ਪੁਆੜੇ[35] ਮੁਕ ਜਾਂਦੇ[34] ਹਨ ।
ਦੀਨ[36] ਦੁਨੀਆ[37] ਤੇਰੀ ਟੇਕ ॥	In this world[37] and the next-one[36], I have Thine support.	ਇਸ ਲੋਕ[37] ਅਤੇ ਪ੍ਰਲੋਕ[36] ਵਿਚ, ਮੈਨੂੰ ਤੇਰਾ ਹੀ ਆਸਰਾ ਹੈ ।
ਸਭ ਮਹਿ ਰਵਿਆ[38] ਸਾਹਿਬੁ ਏਕ ॥੧॥ ਰਹਾਉ॥	Amongst all is contained[38] the One Lord. Pause.	ਸਾਰਿਆਂ ਅੰਦਰ ਇਕ ਪ੍ਰਭੂ ਹੀ ਸਮਾਇਆ[38] ਹੋਇਆ ਹੈ । ਠਹਿਰਾਉ ।
ਤੇਰੀ ਟੇਕ[39] ਕਰਉ[40] ਆਨੰਦ[41] ॥	Leaning[39] on Thee, make[40] I merry[41].	ਤੇਰਾ ਆਸਰਾ[39] ਲੈ, ਮੈਂ ਮੌਜਾਂ[41] ਮਾਣਦਾ[40] ਹਾਂ ।
ਤੇਰੀ ਟੇਕ ਜਪਉ[42] ਗੁਰ ਮੰਤ[43] ॥	Leaning on Thee, utter[42] I the Guru's word[43].	ਤੇਰਾ ਆਸਰਾ ਲੈ, ਮੈਂ ਗੁਰਾਂ ਦੀ ਬਾਣੀ[43] ਉਚਾਰਨ ਕਰਦਾ[42] ਹਾਂ ।
ਤੇਰੀ ਟੇਕ ਤਰੀਐ[44] ਭਉ[45] ਸਾਗਰੁ[46] ॥	Leaning on Thee, the terrible[45] world-ocean[46] is crossed[44].	ਤੇਰੇ ਆਸਰੇ ਭਿਆਨਕ[45] ਸੰਸਾਰ-ਸਮੁੰਦਰ[46] ਤੋਂ ਪਾਰ ਹੋ ਜਾਈਦਾ[44] ਹੈ ।
ਰਾਖਣਹਾਰੁ[47] ਪੂਰਾ[48] ਸੁਖੁ[49] ਸਾਗਰੁ[50] ॥੨॥	Perfect God[48], the ocean[50] of bliss[49], is my saviour[47].	ਖ਼ੁਸ਼ੀ[49] ਦਾ ਸਮੁੰਦਰ[50], ਪੂਰਨ ਵਾਹਿਗੁਰੂ[48], ਮੇਰਾ ਰਖਵਾਲਾ[47] ਹੈ ।
ਤੇਰੀ ਟੇਕ ਨਾਹੀ ਭਉ[51] ਕੋਇ ॥	Leaning on Thee, I am rid of all fears[51].	ਤੇਰੀ ਪਨਾਹ ਲੈਣ ਦੁਆਰਾ, ਮੈਂ ਸਾਰਿਆਂ ਡਰਾਂ[51] ਤੋਂ ਖ਼ਲਾਸੀ ਪਾ ਗਿਆ ਹਾਂ ।
ਅੰਤਰਜਾਮੀ[52] ਸਾਚਾ[53] ਸੋਇ[54] ॥	He[54], the True Lord[53], is the searcher of hearts[52].	ਉਹ[54] ਸੱਚਾ ਸੁਆਮੀ[53], ਦਿਲਾਂ ਦੀਆਂ ਜਾਣਨਹਾਰ[52] ਹੈ ।

ਤੇਰੀ ਟੇਕ ਤੇਰਾ ਮਨਿ ਤਾਣੁ[55] ॥	Within my mind is Thine prop and power[55].	ਮੇਰੇ ਚਿਤ ਅੰਦਰ ਤੇਰਾ ਆਸਰਾ ਅਤੇ ਸਤਿਆ[55] ਹੈ ।
ਈਹਾਂ[56] ਊਹਾਂ[57] ਤੂ ਦੀਬਾਣੁ[58] ॥੩॥	Here[56] and there[57] Thou alone art my court[58] of appeal.	ਇਥੇ[56] ਅਤੇ ਉਥੇ[57] ਤੂੰ ਹੀ ਅਪੀਲ ਦੀ ਕਚਹਿਰੀ[58] ਹੈਂ ।
ਤੇਰੀ ਟੇਕ ਤੇਰਾ ਭਰਵਾਸਾ[59] ॥	Thou, O Lord art my support and Thou my faith[59].	ਤੂੰ ਹੇ ਸਾਂਈਂ ! ਮੇਰਾ ਆਸਰਾ ਹੈਂ ਅਤੇ ਤੂੰ ਹੀ ਮੇਰਾ ਈਮਾਨ[59] ।
ਸਗਲ ਧਿਆਵਹਿ[60] ਪ੍ਰਭ [61]ਗੁਣਤਾਸਾ[62] ॥	All meditate[60] on Lord, the Treasure[62] of virtue[61].	ਸਾਰੇ ਹੀ ਨੇਕੀਆਂ[61] ਦੇ ਖ਼ਜ਼ਾਨੇ[62] ਸੁਆਮੀ ਦਾ ਸਿਮਰਨ ਕਰਦੇ[60] ਹਨ ।
ਜਪਿ[63] ਜਪਿ ਅਨਦੁ[64] ਕਰਹਿ ਤੇਰੇ ਦਾਸਾ[65] ॥	Pondering[63] and reflecting over Thee, Thine slave[65], O Lord make merry[64].	ਤੇਰਾ ਚਿੰਤਨ[63] ਅਤੇ ਆਰਾਧਨ ਕਰਨ ਦੁਆਰਾ, ਤੇਰੇ ਗੋਲੇ[65], ਹੇ ਸਾਹਿਬ ! ਮੌਜਾਂ ਮਾਣਦੇ[64] ਹਨ ।
ਸਿਮਰਿ[66] ਨਾਨਕ ਸਾਚੇ[67] ਗੁਣ[68] ਤਾਸਾ[69] ॥੪॥੨੯॥੩੯॥	Nanak meditates[66] on the True Lord[67], the Treasure[69] of excellences[68].	ਨਾਨਕ ਵਡਿਆਈਆਂ[68] ਦੇ ਖ਼ਜ਼ਾਨੇ[69], ਸੱਚੇ ਸਾਹਿਬ[67], ਦਾ ਭਜਨ ਕਰਦਾ[66] ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਪ੍ਰਥਮੇ[70] ਛੋਡੀ ਪਰਾਈ[71] ਨਿੰਦਾ[72] ॥ ਉਤਰਿ[73] ਗਈ ਸਭ ਮਨ ਕੀ ਚਿੰਦਾ[74] ॥	Firstly[70], I have given up the calumniation[72] of others[71] and all the anxiety[74] of my mind is dispelled[73].	ਅੱਵਲ[70], ਮੈਂ ਹੋਰਨਾਂ[71] ਦੀ ਬਦਖੋਈ ਕਰਨੀ[72] ਛੱਡ ਦਿੱਤੀ ਹੈ ਅਤੇ ਮੇਰੇ ਚਿਤ ਦੀ ਸਾਰੀ ਚਿੰਤਾ[74] ਦੂਰ ਹੋ ਗਈ[73] ਹੈ ।
ਲੋਭੁ[75] ਮੋਹੁ[76] ਸਭੁ ਕੀਨੋ ਦੂਰਿ ॥	Avarice[75] and attachment[76], I have all banished.	ਲਾਲਚ[75] ਅਤੇ ਲਗਨ[76], ਮੈਂ ਸਮੂਹ ਨੂੰ ਦੂਰ ਕਰ ਦਿਤਾ ਹੈ ।
ਪਰਮ[77] ਬੈਸਨੋ[78] ਪ੍ਰਭ ਪੇਖਿ[79] ਹਜੂਰਿ[80] ॥੧॥	Seeing[79] the Lord near[80], I have become a great[77] saint[78].	ਸੁਆਮੀ ਨੂੰ ਨੇੜੇ[80] ਵੇਖ ਕੇ[79], ਮੈਂ ਵਿਸ਼ਾਲ[77] ਸਾਧੂ[78] ਹੋ ਗਿਆ ਹਾਂ ।
ਐਸੋ[81] ਤਿਆਗੀ[82] ਵਿਰਲਾ ਕੋਇ[83] ॥	Rare[83] is such[81] a man of renunciation[82].	ਕੋਈ ਇਕ ਅੱਧਾ[83] ਹੀ ਐਹੋ ਜੇਹਾ[81] ਉਪਰਾਮ ਪੁਰਸ਼[82] ਹੈ ।
ਹਰਿ ਹਰਿ[84] ਨਾਮੁ ਜਪੈ[85] ਜਨੁ[86]ਸੋਇ[87]॥੧॥ ਰਹਾਉ॥	That[87] person[86] utters[85] the Lord God's[84] Name. Pause.	ਉਹ[87] ਇਨਸਾਨ[86] ਸੁਆਮੀ ਵਾਹਿਗੁਰੂ[84] ਦੇ ਨਾਮ ਦਾ ਉਚਾਰਨ ਕਰਦਾ[85] ਹੈ । ਠਹਿਰਾਉ ।
ਅਹੰ[88]ਬੁਧਿ[89]ਕਾ ਛੋਡਿਆ[91] ਸੰਗੁ[90] ॥	I have renounced[91] the association[90] of haughty[88] intellect[89].	ਮੈਂ ਹੰਕਾਰੀ[88] ਮਤ[89] ਦੀ ਸੰਗਤ[90] ਤਿਆਗ ਦਿੱਤੀ[91] ਹੈ ।
ਕਾਮ[92] ਕ੍ਰੋਧ[93] ਕਾ ਉਤਰਿਆ[94] ਰੰਗੁ[95] ॥	I am rid of[94] the love[95] of lust[92] and wrath[93].	ਮੈਂ ਵਿਸ਼ੇ ਭੋਗ[92] ਅਤੇ ਗੁੱਸੇ[93] ਦੇ ਪਿਆਰ[95] ਤੋਂ ਖ਼ਲਾਸੀ[94] ਪਾ ਗਿਆ ਹਾਂ ।
ਨਾਮੁ ਧਿਆਏ[96] ਹਰਿ ਹਰਿ[97] ਹਰੇ[98] ॥ ਸਾਧ[99] ਜਨਾ ਕੈ ਸੰਗਿ[100] ਨਿਸਤਰੇ[2] ॥੨॥	I dwell upon[96] the Name of the Lord Master[97], my God[98] and am emancipated[2] in the guild[100] of the holymen[99].	ਮੈਂ ਆਪਣੇ ਵਾਹਿਗੁਰੂ[98], ਸੁਆਮੀ ਮਾਲਕ[97] ਦੇ ਨਾਮ ਨੂੰ ਸਿਮਰਦਾ[96] ਹਾਂ ਅਤੇ ਪਵਿੱਤ੍ਰ ਪੁਰਸ਼ਾਂ[99] ਦੀ ਸੰਗਤ ਦੁਆਰਾ[100] ਮੁਕਤ ਹੋ ਗਿਆ[2] ਹਾਂ ।

ਬੈਰੀ[3] ਮੀਤ[4] ਹੋਏ ਸੰਮਾਨ[5]॥	The foe[3] and friend[4] are now alike[5] unto me.	ਦੁਸ਼ਮਨ[3] ਅਤੇ ਦੋਸਤ[4] ਹੁਣ ਮੇਰੇ ਲਈ ਇਕ ਸਮਾਨ[5] ਹਨ।
ਸਰਬ[6] ਮਹਿ[7] ਪੂਰਨ[8] ਭਗਵਾਨ[9] ॥	The Fortunate Lord[9] is fully contained[8] amidst[7] all[6].	ਭਾਗਾਂ ਵਾਲਾ ਸੁਆਮੀ[9] ਸਾਰਿਆਂ[6] ਅੰਦਰ[7] ਪਰੀਪੂਰਨ ਹੋ ਰਿਹਾ[8] ਹੈ।
ਪ੍ਰਭ ਕੀ ਆਗਿਆ[10] ਮਾਨਿ[12] ਸੁਖੁ[13] ਪਾਇਆ ॥ ਗੁਰਿ ਪੂਰੈ[14] ਹਰਿ ਨਾਮੁ ਦ੍ਰਿੜਾਇਆ[15] ॥੩॥	Submitting[12] to the Lord's Will[10], I obtained peace[13] and the Perfect[14] Guru has enshrined[15] the Lord's Name within me.	ਸੁਆਮੀ ਦੀ ਰਜ਼ਾ[10] ਅਗੇ ਸਿਰ ਨਿਵਾ ਕੇ[12] ਮੈਂ ਆਰਾਮ[13] ਪਾ ਲਿਆ ਹੈ ਅਤੇ ਪੂਰਨ[14] ਗੁਰਾਂ ਨੇ ਮੇਰੇ ਅੰਦਰ ਸਾਂਈਂ ਦਾ ਨਾਮ ਸਥਾਪਨ[15] ਕਰ ਦਿਤਾ ਹੈ।
ਕਰਿ ਕਿਰਪਾ[16] ਜਿਸੁ ਰਾਖੈ[17] ਆਪਿ[18] ॥ ਸੋਈ[19] ਭਗਤੁ[20] ਜਪੈ[21] ਨਾਮ ਜਾਪ[22] ॥	He, whom the Lord Himself[18], in His mercy[16], saves[17]; he[19], the devotee[20], utters[21] and repeats[22] the Lord's Name.	ਆਪਣੀ ਮਿਹਰ[16] ਦੁਆਰਾ, ਜਿਸ ਦੀ ਸੁਆਮੀ ਖੁਦ[18] ਰੱਖਿਆ ਕਰਦਾ[17] ਹੈ; ਉਹ[19] ਸ਼ਰਧਾਲੂ[20] ਹੀ ਸਾਂਈਂ ਦੇ ਨਾਮ ਨੂੰ ਆਰਾਧਦਾ[21] ਤੇ ਸਿਮਰਦਾ[22] ਹੈ।
ਮਨਿ[27] ਪ੍ਰਗਾਸੁ[23] ਗੁਰ ਤੇ[24] ਮਤਿ[25] ਲਈ[26] ॥ ਕਹੁ ਨਾਨਕ ਤਾਕੀ[28] ਪੂਰੀ[29] ਪਈ ॥੪॥੨੭॥੪੦॥	Obtaining[26] understanding[25] through the Guru[24], he whose mind[27] is illumined[23]; says Nanak, he[28] is wholly fulfilled[29].	ਗੁਰਾਂ ਦੇ ਰਾਹੀਂ[24] ਸਮਝ[25] ਪਰਾਪਤ ਕਰਕੇ[26], ਜਿਸ ਦਾ ਹਿਰਦਾ[27] ਰੋਸ਼ਨ[23] ਹੋ ਗਿਆ ਹੈ; ਗੁਰੂ ਜੀ ਆਖਦੇ ਹਨ, ਉਹ[28] ਪੂਰੀ ਤਰ੍ਹਾਂ ਸੰਪੂਰਨ[29] ਹੋ ਜਾਂਦਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸੁਖੁ[30] ਨਾਹੀ ਬਹੁਤੈ ਧਨਿ[31] ਖਾਟੇ[32] ॥	There is no peace[30] in earning[32] much wealth[31]	ਬਹੁਤੀ ਦੌਲਤ[31] ਕਮਾਉਣ[32] ਵਿਚ ਕੋਈ ਆਰਾਮ[30] ਨਹੀਂ।
ਸੁਖੁ ਨਾਹੀ ਪੇਖੇ[33] ਨਿਰਤਿ[34] ਨਾਟੇ[35] ॥	There is no peace in beholding[33] dance[34] and drama[35].	ਨਾਚ[34] ਅਤੇ ਰੂਪਕ[35] ਵੇਖਣ[33] ਵਿਚ ਕੋਈ ਆਰਾਮ ਨਹੀਂ।
ਸੁਖੁ[36] ਨਾਹੀ ਬਹੁ ਦੇਸ[37] ਕਮਾਏ[38] ॥	There is no bliss[36] in conquering[38] many countries[37].	ਬਹੁਤੇ ਮੁਲਕਾਂ[37] ਨੂੰ ਫ਼ਤਿਹ[38] ਕਰ ਲੈਣ ਵਿਚ ਕੋਈ ਖ਼ੁਸ਼ੀ[36] ਨਹੀਂ।
ਸਰਬ[39] ਸੁਖਾ ਹਰਿ ਹਰਿ ਗੁਣ[40] ਗਾਏ[41] ॥੧॥	All[39] the pleasures are obtained by hymning[41] the Lord's praises[40].	ਸਾਰੀਆਂ[39] ਖ਼ੁਸ਼ੀਆਂ ਸੁਆਮੀ ਦੀਆਂ ਸਿਫ਼ਤਾਂ[40] ਗਾਇਨ[41] ਕਰਨ ਦੁਆਰਾ ਪ੍ਰਾਪਤ ਹੁੰਦੀਆਂ ਹਨ।
ਸੂਖ ਸਹਜ[42] ਆਨੰਦ[43] ਲਹਹੁ[44] ॥ ਸਾਧ ਸੰਗਤਿ ਪਾਈਐ [45]ਵਡਭਾਗੀ[46] ਗੁਰਮੁਖਿ[47] ਹਰਿ ਹਰਿ[49] ਨਾਮੁ ਕਹਹੁ[48]॥੧॥ਰਹਾਉ॥	O man, attain[44] thou unto peace, poise[42] and bliss[43], obtaining the saints' society through good[45] fortune[46]; utter[48] thou the Lord God's[49] Name by the Guru's grace[47]. Pause.	ਹੇ ਬੰਦੇ! ਤੂੰ ਆਰਾਮ, ਅਡੋਲਤਾ[42] ਤੇ ਖ਼ੁਸ਼ੀ[43] ਨੂੰ ਹਾਸਲ[44] ਕਰ, ਅਤੇ ਭਾਰੀ[45] ਪ੍ਰਾਲਬਧ[46] ਰਾਹੀਂ ਸਤਿਸੰਗਤ ਨੂੰ ਪਰਾਪਤ ਹੋ, ਤੂੰ ਗੁਰਾਂ ਦੀ ਦਇਆ[47] ਦੁਆਰਾ ਸੁਆਮੀ ਵਾਹਿਗੁਰੂ[49] ਦੇ ਨਾਮ ਦਾ ਉਚਾਰਨ[48] ਕਰ। ਠਹਿਰਾਉ।
ਬੰਧਨ[50] ਮਾਤ[51] ਪਿਤਾ[52] ਸੁਤ[53] ਬਨਿਤਾ[54] ॥	The mother[51], father[52], son[53] and wife[54] are but bonds[50].	ਮਾਂ[51], ਪਿਉ[52], ਪੁਤ੍ਰ[53] ਅਤੇ ਪਤਨੀ[54] ਕੇਵਲ ਜ਼ੰਜੀਰਾਂ[50] ਹੀ ਹਨ।

ਬੰਧਨ ਕਰਮ[55] ਧਰਮ[56] ਹਉ[57] ਕਰਤਾ[58] ॥

The religious[56] deeds[55], which man does[58] in ego[57] are but fetters.

ਜਿਹੜੇ ਧਾਰਮਕ[56] ਸੰਸਕਾਰ[55], ਬੰਦਾ ਹੰਕਾਰ[57] ਅੰਦਰ ਕਰਦਾ[58] ਹੈ, ਨਿਰੀਆਂ ਪੁਰੀਆਂ ਬੇੜੀਆਂ ਹੀ ਹਨ।

ਬੰਧਨ ਕਾਟਨਹਾਰੁ[59] ਮਨਿ ਵਸੈ[60] ॥ ਤਉ[61] ਸੁਖੁ ਪਾਵੈ ਨਿਜ[62] ਘਰਿ[63] ਬਸੈ[64] ॥੨॥

If the snapper of bonds[59] bides[60] in the mind, then[61] one obtains bliss and abides[64] in his own[62] Home[63].

ਜੇਕਰ ਬੇੜੀਆਂ[59] ਕੱਟਣ ਵਾਲਾ ਚਿਤ ਵਿਚ ਟਿਕ ਜਾਵੇ[60], ਤਦ[61] ਜੀਵ ਖੁਸ਼ੀ ਹਾਸਲ ਕਰ ਲੈਂਦਾ ਹੈ ਅਤੇ ਆਪਣੇ ਨਿਜ[62] ਦੇ ਘਰ[63] ਅੰਦਰ ਵਸਦਾ[64] ਹੈ।

ਸਭਿ[67] ਜਾਚਿਕ[65] ਪ੍ਰਭ ਦੇਵਨਹਾਰ[66] ॥

Everyone[67] is a beggar[65]. The Lord alone is the Giver[66].

ਹਰ ਜਣਾ[67] ਮੰਗਤਾ[65] ਹੈ। ਕੇਵਲ ਸੁਆਮੀ ਹੀ ਦੇਣ ਵਾਲਾ[66] ਹੈ।

ਗੁਣ[68] ਨਿਧਾਨ[69] ਬੇਅੰਤ[70] ਅਪਾਰ[71] ॥

The Infinite[70] and Boundless[71] Lord is the Treasure[69] of virtues[68]

ਅਨੰਤ[70] ਅਤੇ ਹੱਦ ਬੰਨਾ-ਰਹਿਤ[71] ਸੁਆਮੀ ਨੇਕੀਆਂ[68] ਦਾ ਖ਼ਜ਼ਾਨਾ[69] ਹੈ।

ਜਿਸ ਨੋ ਕਰਮੁ[72] ਕਰੇ[73] ਪ੍ਰਭੁ ਅਪਨਾ ॥

He, unto whom the Lord shows[73] His mercy[72];

ਜਿਸ ਉਤੇ ਸੁਆਮੀ ਆਪਣੀ ਰਹਿਮਤ[72] ਧਾਰਦਾ[73] ਹੈ;

ਹਰਿ ਹਰਿ[74] ਨਾਮੁ ਤਿਨੈ[75] ਜਨਿ[76] ਜਪਨਾ[77] ॥੩॥

That[75] person[76] alone utters[77] the Lord Master's[74] Name.

ਕੇਵਲ ਉਹ[75] ਪੁਰਸ਼[76] ਹੀ ਸੁਆਮੀ ਮਾਲਕ[74] ਦੇ ਨਾਮ ਦਾ ਉਚਾਰਨ[77] ਕਰਦਾ ਹੈ।

ਗੁਰ ਅਪਨੇ ਆਗੈ ਅਰਦਾਸਿ[78] ॥ ਕਰਿ[79] ਕਿਰਪਾ[80] ਪੁਰਖ[81] ਗੁਣ[82] ਤਾਸਿ[83] ॥

Before my Guru-God[81], the treasure[83] of virtues[82], I make supplication[78] to be[79] merciful[80] unto me.

ਨੇਕੀਆਂ[82] ਦੇ ਖ਼ਜ਼ਾਨੇ[83] ਆਪਣੇ ਗੁਰੂ-ਪਰਮੇਸ਼ਰ[81] ਅੱਗੇ ਮੈਂ ਬੇਨਤੀ[78] ਕਰਦਾ ਹਾਂ ਕਿ ਉਹ ਮੇਰੇ ਉਤੇ ਮਇਆਵਾਨ[80] ਹੋਣ[79]।

ਕਹੁ ਨਾਨਕ ਤੁਮਰੀ ਸਰਣਾਈ[84] ॥ ਜਿਉ[87] ਭਾਵੈ[88] ਤਿਉ[89] ਰਖਹੁ[90] [85]ਗੁਸਾਈ[86] ॥੪॥੨੮॥੪੧॥

Says Nanak, I have entered Thy sanctuary[84], O Lord[86] of the world[85]. As[87] it pleases[88] Thee, so[89] save[90] Thou me.

ਗੁਰੂ ਜੀ ਆਖਦੇ ਹਨ ਮੈਂ ਤੇਰੀ ਪਨਾਹ[84] ਲਈ ਹੈ, ਹੇ ਸੰਸਾਰ[85] ਦੇ ਸੁਆਮੀ[86]! ਜਿਸ ਤਰ੍ਹਾਂ[87] ਤੈਨੂੰ ਚੰਗਾ ਲਗਦਾ[88] ਹੈ ਉਸੇ ਤਰ੍ਹਾਂ[89] ਹੀ ਤੂੰ ਮੇਰੀ ਰੱਖਿਆ[90] ਕਰ।

੧੧੪੮ / 1148 / ੧੧੪੮

ਭੈਰਉ ਮਹਲਾ ੫ ॥

Bhairo 5th Guru.

ਭੈਰਉ ਪੰਜਵੀਂ ਪਾਤਿਸ਼ਾਹੀ।

ਗੁਰ ਮਿਲਿ ਤਿਆਗਿਓ[90*] ਦੂਜਾ[91] ਭਾਉ[92] ॥

Meeting with the Guru, I have abandoned[90*] another's[91] love[92].

ਗੁਰਾਂ ਨਾਲ ਮਿਲ ਕੇ ਮੈਂ ਹੋਰਸ[91] ਦਾ ਪਿਆਰ[92] ਛੱਡ ਦਿਤਾ[90*] ਹੈ।

ਗੁਰਮੁਖਿ[93] ਜਪਿਓ[94] ਹਰਿ ਕਾ ਨਾਉ ॥

By the Guru's grace[93], I meditate[94] on the name of my God.

ਗੁਰਾਂ ਦੀ ਦਇਆ[93] ਦੁਆਰਾ ਮੈਂ ਆਪਣੇ ਵਾਹਿਗੁਰੂ ਦੇ ਨਾਮ ਦਾ ਸਿਮਰਨ[94] ਕਰਦਾ ਹਾਂ।

ਬਿਸਰੀ[95] ਚਿੰਤ[96] ਨਾਮਿ ਰੰਗੁ[97] ਲਾਗਾ[98] ॥

My anxiety[96] is past[95] and I am[98] in love[97] with the Name.

ਮੇਰੀ ਚਿੰਤਾ[96] ਦੂਰ ਹੋ ਗਈ[95] ਹੈ ਅਤੇ ਨਾਮ ਨਾਲ ਮੇਰੀ ਪਿਰਹੜੀ[97] ਪੈ ਗਈ[98] ਹੈ।

ਜਨਮ ਜਨਮ[99] ਕਾ ਸੋਇਆ[100] ਜਾਗਾ[2] ॥੧॥

Asleep[100] for many births[99], I have now awakened[2].

ਅਨੇਕਾਂ ਜਨਮਾਂ[99] ਦਾ ਸੁੱਤਾ ਪਿਆ[100] ਹੁਣ ਮੈਂ ਜਾਗ ਉਠਿਆ[2] ਹਾਂ।

ਕਰਿ[3] ਕਿਰਪਾ[4] ਅਪਨੀ ਸੇਵਾ[5] ਲਾਏ[6] ॥

Showering[3] His benediction[4] the Lord has yoked[6] me to his service[5].

ਆਪਣੀ ਰਹਿਮਤ[4] ਧਾਰ ਕੇ[3] ਪ੍ਰਭੂ ਨੇ ਮੈਨੂੰ ਆਪਣੀ ਟਹਿਲ[5] ਸੇਵਾ ਅੰਦਰ ਜੋੜ ਲਿਆ[6] ਹੈ।

ਸਾਧੂ ਸੰਗਿ ਸਰਬ[7] ਸੁਖ ਪਾਏ ॥੧॥ ਰਹਾਉ ॥	In the society of the saints, I have obtained all[7] comforts. Pause.	ਸਤਿਸੰਗਤ ਅੰਦਰ ਮੈਨੂੰ ਸਾਰੇ[7] ਆਰਾਮ ਪਰਾਪਤ ਹੋ ਗਏ ਹਨ । ਠਹਿਰਾਉ ।
ਰੋਗ[8] ਦੋਖ[9] ਗੁਰ ਸਬਦਿ[10] ਨਿਵਾਰੇ[12] ॥	The diseases[8] and sins[9], I have warded off[12], through the Guru's word[10].	ਬੀਮਾਰੀਆਂ[8] ਅਤੇ ਪਾਪ[9] ਮੈਂ, ਗੁਰਾਂ ਦੀ ਬਾਣੀ[10] ਦੀ ਰਾਹੀਂ, ਦੂਰ ਕਰ ਛੱਡੇ[12] ਹਨ ।
ਨਾਮ ਅਉਖਧੁ[13] ਮਨ ਭੀਤਰਿ[14] ਸਾਰੇ[15] ॥	The Name's medicine[13] I have injected[15] into[14] my mind.	ਨਾਮ ਦੀ ਦਵਾਈ[13] ਮੈਂ ਆਪਣੇ ਮਨ ਅੰਦਰ[14] ਪੁਚਾਈ[15] ਹੈ ।
ਗੁਰ ਭੇਟਤ[16] ਮਨਿ ਭਇਆ ਅਨੰਦ[17] ॥	Meeting[16] with the Guru, my mind is in bliss[17].	ਗੁਰਾਂ ਨਾਲ ਮਿਲ ਕੇ[16] ਮੇਰਾ ਚਿਤ ਪ੍ਰਸੰਨ[17] ਹੋ ਗਿਆ ਹੈ ।
ਸਰਬ[18] ਨਿਧਾਨ[19] ਨਾਮ ਭਗਵੰਤ[20] ॥੨॥	All[18] the treasures[19] are in the Lord's[20] Name.	ਸਾਰੇ[18] ਖ਼ਜ਼ਾਨੇ[19] ਸੁਆਮੀ[20] ਦੇ ਨਾਮ ਅੰਦਰ ਹਨ ।
ਜਨਮ ਮਰਣ ਕੀ ਮਿਟੀ[21] ਜਮ[22] ਤ੍ਰਾਸ[23] ॥	Dispelled[21] is my dread[23] of birth, death and Yama[22].	ਮੇਰਾ ਜੰਮਣ, ਮਰਨ ਅਤੇ ਯਮ[22] ਦਾ ਡਰ[23] ਦੂਰ[21] ਹੋ ਗਿਆ ਹੈ ।
ਸਾਧ ਸੰਗਤਿ ਊਂਧ[24] ਕਮਲ[25] ਬਿਗਾਸ[26] ॥	Associating with the saints my heart's inverted[24] lotus[25] has blossomed[26].	ਸਤਿ ਸੰਗਤ ਕਰਨ ਦੁਆਰਾ, ਮੇਰੇ ਦਿਲ ਦਾ ਮੂਧਾ[24] ਹੋਇਆ ਹੋਇਆ ਕੰਵਲ[25] ਖਿੜ ਗਿਆ[26] ਹੈ ।
ਗੁਣ[27] ਗਾਵਤ ਨਿਹਚਲੁ[28] ਬਿਸ੍ਰਾਮ[29] ॥	Singing God's praise[27] I am blessed with the ever stable[28] peace[29].	ਵਾਹਿਗੁਰੂ ਦੀ ਮਹਿਮਾ[27] ਗਾਇਨ ਕਰਨ ਦੁਆਰਾ ਮੈਨੂੰ ਸਦੀਵੀ ਸਥਿਰ[28] ਆਰਾਮ[29] ਪਰਾਪਤ ਹੋ ਗਿਆ ਹੈ ।
ਪੂਰਨ[30] ਹੋਏ ਸਗਲੇ ਕਾਮ[31] ॥੩॥	All my tasks[31] are accomplished[30].	ਮੇਰੇ ਸਾਰੇ ਕਾਰਜ[31] ਸੰਪੂਰਨ ਹੋ ਗਏ[30] ਹਨ ।
ਦੁਲਭ[32] ਦੇਹ[33] ਆਈ ਪਰਵਾਨੁ[34] ॥	My invaluable[32] body[33] has been accepted[34] by my Lord.	ਮੇਰੀ ਅਮੋਲਕ[32] ਕਾਇਆਂ[33] ਨੂੰ ਮੇਰੇ ਸੁਆਮੀ ਨੇ ਕਬੂਲ[34] ਕਰ ਲਿਆ ਹੈ ।
ਸਫਲ[35] ਹੋਈ ਜਪਿ[36] ਹਰਿ ਹਰਿ[37] ਨਾਮੁ ॥	Contemplating[36] the Lord God's[37] Name, it has become fruitful[35].	ਸੁਆਮੀ ਵਾਹਿਗੁਰੂ[37] ਦੇ ਨਾਮ ਦਾ ਸਿਮਰਨ[36] ਕਰਨ ਦੁਆਰਾ ਇਹ ਫਲਦਾਇਕ[35] ਹੋ ਗਈ ਹੈ ।
ਕਹੁ ਨਾਨਕ ਪ੍ਰਭਿ ਕਿਰਪਾ[38] ਕਰੀ[39] ॥ ਸਾਸਿ[40] ਗਿਰਾਸਿ[41] ਜਪਉ[42] ਹਰਿ ਹਰੀ[43]॥੪॥੨੯॥੪੨॥	Says Nanak, my Lord has shown[39] mercy[38] unto me and with every breath[40] and morsel[41] of mine, I now ponder over[42] my Lord Master[43].	ਗੁਰੂ ਜੀ ਆਖਦੇ ਹਨ ਮੇਰੇ ਪ੍ਰਭੂ ਨੇ ਮੇਰੇ ਉਤੇ ਮਿਹਰ[38] ਧਾਰੀ[39] ਹੈ ਅਤੇ ਆਪਣੇ ਹਰ ਸੁਆਸ[40] ਅਤੇ ਬੁਰਕੀ[41] ਨਾਲ ਹੁਣ ਮੈਂ ਆਪਣੇ ਸੁਆਮੀ ਮਾਲਕ[43] ਨੂੰ ਸਿਮਰਦਾ[42] ਹਾਂ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਸਭ ਤੇ ਊਚਾ[44] ਜਾ ਕਾ ਨਾਉ ॥ ਸਦਾ[45] ਸਦਾ ਤਾਕੇ[46] ਗੁਣ[47] ਗਾਉ ॥	He, whose Name is the highest[44] of of all; ever[45], ever sing thou the praises[47] of Him[46]	ਸਾਰਿਆਂ ਨਾਲੋਂ ਬੁਲੰਦ[44] ਹੈ ਜਿਸ ਦਾ ਨਾਮ; ਹਮੇਸ਼ਾਂ[45], ਹਮੇਸ਼ਾ ਹੀ ਤੂੰ ਉਸ ਦੀਆਂ[46] ਸਿਫ਼ਤਾਂ[47] ਗਾਇਨ ਕਰ ।
ਜਿਸੁ ਸਿਮਰਤ[48] ਸਗਲਾ	Contemplating[48] whom all the	ਜਿਸ ਦਾ ਆਰਾਧਨ[48] ਕਰਨ ਦੁਆਰਾ ਸਾਰੀਆਂ ਪੀੜਾਂ[49]

ਦੁਖੁ[49] ਜਾਇ[50] ॥ ਸਰਬ[51] ਸੂਖ ਵਸਹਿ[52] ਮਨਿ ਆਇ ॥੧॥	pains[49] are eradicated[50] and all[51] the comforts come and abide[52] within the mind.	ਮਿਟ ਜਾਂਦੀਆਂ[50] ਹਨ ਅਤੇ ਸਾਰੇ[51] ਆਰਾਮ ਆ ਕੇ ਚਿਤ ਅੰਦਰ ਟਿਕ ਜਾਂਦੇ[52] ਹਨ ।
ਸਿਮਰਿ[53] ਮਨਾ[56] ਤੂ ਸਾਚਾ[54] ਸੋਇ[55]॥	O my soul[56], remember[53] thou that[55] True Lord[54] of thine.	ਹੇ ਮੇਰੀ ਜਿੰਦੇ[56] ! ਤੂੰ ਉਸ[55] ਆਪਣੇ ਸੱਚੇ ਸਾਂਈ[54] ਦਾ ਆਰਾਧਨ[53] ਕਰ ।
ਹਲਤਿ[57] ਪਲਤਿ[58] ਤੁਮਰੀ ਗਤਿ[59] ਹੋਇ ॥੧॥ਰਹਾਉ॥	In this world[57] and the next one[58], thou shalt be emancipated[59]. Pause.	ਇਸ ਲੋਕ[57] ਤੇ ਪ੍ਰਲੋਕ[58] ਵਿਚ ਤੇਰੀ ਕਲਿਆਨ[59] ਹੋ ਜਾਵੇਗੀ । ਠਹਿਰਾਉ ।
ਪੁਰਖ[60] ਨਿਰੰਜਨ[61] ਸਿਰਜਨਹਾਰ[62] ॥	The immaculate[61] Lord[60] is the Creator[62] of all.	ਪਵਿੱਤਰ[61] ਪ੍ਰਭੂ[60] ਸਾਰਿਆਂ ਦਾ ਰਚਨਹਾਰ[62] ਹੈ ।
ਜੀਅ ਜੰਤ[63] ਦੇਵੈ ਆਹਾਰ[64] ॥	He gives sustenance[64] to all the sentient beings[63].	ਉਹ ਸਾਰਿਆਂ ਪ੍ਰਾਣਧਾਰੀਆਂ[63] ਨੂੰ ਰੋਜ਼ੀ[64] ਦਿੰਦਾ ਹੈ ।
ਕੋਟਿ[65] ਖਤੇ[66] ਖਿਨ[67] ਬਖਸਨਹਾਰ[68] ॥	Millions[65] of sins[66], He forgives[68] in an instant[67].	ਕ੍ਰੋੜਾਂ[65] ਹੀ ਪਾਪ[66] ਉਹ ਇਕ ਮੁਹਤ[67] ਵਿਚ ਮਾਫ਼[68] ਕਰ ਦਿੰਦਾ ਹੈ ।
ਭਗਤਿ ਭਾਇ[69] ਸਦਾ ਨਿਸਤਾਰ[70] ॥੨॥	Through love-worship[69] one is ever emancipated[70].	ਪਿਆਰੀ ਉਪਾਸ਼ਨਾ[69] ਰਾਹੀਂ ਜੀਵ ਸਦੀਵ ਹੀ ਮੁਕਤ[70] ਹੋ ਜਾਂਦਾ ਹੈ ।
ਸਾਚਾ ਧਨੁ[72] ਸਾਚੀ ਵਡਿਆਈ[73] ॥ ਗੁਰ ਪੂਰੇ[74] ਤੇ ਨਿਹਚਲ[75] ਮਤਿ ਪਾਈ ॥	True wealth[72], true glory[73] and immovable[75] intellect are obtained through the Perfect[74] Guru.	ਸੱਚੀ ਦੌਲਤ[72], ਸੱਚੀ ਪ੍ਰਭਤਾ[73] ਅਤੇ ਅਹਿੱਲ[75] ਅਕਲ ਪੂਰਨ[74] ਗੁਰਾਂ ਦੇ ਰਾਹੀਂ ਪਰਾਪਤ ਹੁੰਦੀਆਂ ਹਨ ।
ਕਰਿ ਕਿਰਪਾ[76] ਜਿਸੁ ਰਾਖਨਹਾਰਾ[77] ॥ ਤਾਕਾ[78] ਸਗਲ ਮਿਟੈ[79] ਅੰਧਿਆਰਾ[80] ॥੩॥	He whom the Saviour[77] saves, in His mercy[76]; his[78] entire spiritual darkness[80], is dispelled[79].	ਆਪਣੀ ਮਿਹਰ[76] ਅੰਦਰ ਜਿਸ ਦੀ ਰੱਖਣ ਵਾਲਾ[77] ਰੱਖਿਆ ਕਰਦਾ ਹੈ; ਉਸ[78] ਦਾ ਸਮੂਹ ਰੂਹਾਨੀ ਅਨ੍ਹੇਰਾ[80] ਦੂਰ ਹੋ ਜਾਂਦਾ[79] ਹੈ ।
ਪਾਰਬ੍ਰਹਮ[81] ਸਿਉ ਲਾਗੋ[82] ਧਿਆਨ[83] ॥	With the Transcendent Lord[81] my attention[83] is fixed[82].	ਪਰਮ ਪ੍ਰਭੂ[81] ਨਾਲ ਮੇਰੀ ਬਿਰਤੀ[83] ਜੁੜੀ ਹੋਈ[82] ਹੈ ।
ਪੂਰਨ[84] ਪੂਰਿ ਰਹਿਓ[85] ਨਿਰਬਾਨ[86] ॥	The Immaculate Lord[86] is fully[84] filling[85] all.	ਪਵਿੱਤ੍ਰ ਪ੍ਰਭੂ[86] ਸਾਰਿਆਂ ਨੂੰ ਪੂਰੀ ਤਰ੍ਹਾਂ[84] ਭਰ ਰਿਹਾ[85] ਹੈ ।
ਭ੍ਰਮ[87] ਭਉ[88] ਮੇਟਿ[89] ਮਿਲੇ ਗੋਪਾਲ ॥	Effacing[89] doubt[87] and dread[88] I have met with the Lord.	ਸੰਦੇਹ[87] ਤੇ ਡਰ[88] ਨੂੰ ਮੇਸ[89] ਕੇ ਮੈਂ ਸੁਆਮੀ ਨੂੰ ਮਿਲ ਪਿਆ ਹਾਂ ।
ਨਾਨਕ ਕਉ ਗੁਰ ਭਏ ਦਇਆਲ[90] ॥੪॥੩੦॥੪੩॥	Unto Nanak, the Guru has become merciful[90].	ਨਾਨਕ ਉਤੇ ਗੁਰੂ ਜੀ ਮਿਹਰਬਾਨ[90] ਹੋ ਗਏ ਹਨ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਜਿਸੁ ਸਿਮਰਤ[91] ਮਨਿ	Contemplating[91] whom, man's mind	ਜਿਸ ਦਾ ਆਰਾਧਨ[91] ਕਰਨ ਦੁਆਰਾ ਬੰਦੇ ਦਾ ਚਿੱਤ

ਹੋਇ ਪ੍ਰਗਾਸੁ[92] ॥ ਮਿਟਹਿ[93] ਕਲੇਸ[94] ਸੁਖ ਸਹਜਿ[95] ਨਿਵਾਸੁ[96] ॥	is illumined[92], he is rid[93] of suffering[94] and abides[96] in peace and poise[95].	ਰੋਸ਼ਨ ਹੋ ਜਾਂਦਾ[92] ਹੈ, ਉਸ ਦੇ ਦੁਖੜੇ[94] ਮਿਟ ਜਾਂਦੇ[93] ਹਨ ਤੇ ਉਹ ਆਰਾਮ ਅਤੇ ਅਡੋਲਤਾ[95] ਅੰਦਰ ਵਸਦਾ[96] ਹੈ ।
ਤਿਸਹਿ[97] ਪਰਾਪਤਿ[98] ਜਿਸੁ ਪ੍ਰਭੁ ਦੇਇ[99] ॥	He[97] alone obtains[98] the Name, whom the Lord gives[99].	ਕੇਵਲ ਉਹ[97] ਹੀ ਨਾਮ ਨੂੰ ਪਾਉਂਦਾ[98] ਹੈ, ਜਿਸ ਨੂੰ ਸੁਆਮੀ ਦਿੰਦਾ[99] ਹੈ ।
ਪੂਰੇ[100] ਗੁਰ ਕੀ ਪਾਏ[2] ਸੇਵ[3] ॥੧॥	He is also blessed[2] with the Perfect[100] Guru's service[3].	ਉਸ ਨੂੰ ਪੂਰਨ[100] ਗੁਰਾਂ ਦੀ ਟਹਿਲ ਸੇਵਾ[3] ਦੀ ਦਾਤ ਭੀ ਮਿਲ ਜਾਂਦੀ[2] ਹੈ ।
ਸਰਬ[4] ਸੁਖਾ ਪ੍ਰਭ ਤੇਰੋ ਨਾਉ ॥	All[4] the comforts are in Thy Name, O Lord.	ਸਾਰੇ[4] ਆਰਾਮ ਤੇਰੇ ਨਾਮ ਵਿਚ ਹਨ, ਹੇ ਸੁਆਮੀ !
ਆਠ ਪਹਰ ਮੇਰੇ ਮਨ ਗਾਉ[5] ॥੧॥ ਰਹਾਉ॥	Throughout the eight watches, O my soul, hymn[5] thou the Name's praise. Pause.	ਅਠੇ ਪਹਿਰ ਹੀ, ਹੇ ਮੇਰੀ ਜਿੰਦੜੀਏ ! ਤੂੰ ਨਾਮ ਦੀ ਮਹਿਮਾ ਗਾਇਨ[5] ਕਰ । ਠਹਿਰਾਉ ।
ਜੋ ਇਛਹਿ[6] ਸੋਈ[7] ਫਲੁ[8] ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ[9] ॥	Enshrining[9] the Lord's Name within his mind man obtains the[7] fruit[8] which he wishes[6] for.	ਪ੍ਰਭੂ ਦੇ ਨਾਮ ਨੂੰ ਆਪਣੇ ਚਿਤ ਵਿਚ ਟਿਕਾਉਣ[9] ਦੁਆਰਾ ਬੰਦਾ ਉਹ[7] ਮੇਵਾ[8] ਪਾ ਲੈਂਦਾ ਹੈ, ਜਿਸ ਨੂੰ ਉਹ ਚਾਹੁੰਦਾ[6] ਹੈ ।
ਆਵਣ ਜਾਣ ਰਹੇ ਹਰਿ ਧਿਆਇ[10] ॥	Remebering[10] God, man's comings and goings cease.	ਹਰੀ ਦਾ ਸਿਮਰਨ[10] ਕਰਨ ਨਾਲ, ਬੰਦੇ ਦੇ ਆਉਣੇ ਤੇ ਜਾਣੇ ਮੁਕ ਜਾਂਦੇ ਹਨ ।
ਭਗਤਿ ਭਾਇ[12] ਪ੍ਰਭ ਕੀ ਲਿਵ ਲਾਇ[13] ॥੨॥	Through love-worship[12], one is attuned[13] to the Lord.	ਪਿਆਰੀ ਉਪਾਸ਼ਨਾ[12] ਰਾਹੀਂ, ਜੀਵ ਦਾ ਸਾਂਈਂ ਨਾਲ ਪ੍ਰੇਮ[13] ਪੈ ਜਾਂਦਾ ਹੈ ।
ਬਿਨਸੇ[14] ਕਾਮ[15] ਕ੍ਰੋਧ[16] ਅਹੰਕਾਰ[17] ॥ ਤੂਟੇ[21] ਮਾਇਆ[18] ਮੋਹ[19] ਪਿਆਰ[20] ॥ ਪ੍ਰਭ ਕੀ ਟੇਕ[22] ਰਹੈ ਦਿਨੁ ਰਾਤਿ ॥ ਪਾਰਬ੍ਰਹਮੁ[23] ਕਰੇ[24] ਜਿਸੁ ਦਾਤਿ[25] ॥੩॥	His lust[15], wrath[16] and ego[17] are dispelled[14], snapped[21] are his bonds of mammon's[18] love[19] and affection[20], and he leans[22] on the Lord day and night. He, whom the Supreme Lord[23] blesses[24] with the gift[25] of His grace.	ਉਸ ਦੀ ਕਾਮਚੇਸ਼ਟਾ[15], ਗੁੱਸਾ[16] ਅਤੇ ਹੰਗਤਾ[17] ਦੂਰ[14] ਹੋ ਜਾਂਦੇ ਹਨ, ਟੁਟ ਜਾਂਦੇ[21] ਹਨ ਉਸ ਦੇ ਮੋਹਨੀ[18] ਦੇ ਪ੍ਰੇਮ[19] ਤੇ ਲਗਨ[20] ਦੇ ਬੰਧਨ, ਤੇ ਉਹ ਦਿਨ ਰੈਣ ਸਾਂਈਂ ਦੇ ਆਸਰੇ[22] ਰਹਿੰਦਾ ਹੈ । ਜਿਸ ਨੂੰ ਸ਼ਰੋਮਣੀ ਸਾਂਈਂ[23] ਆਪਣੇ ਮਿਹਰ ਦੀ ਦਾਤ[25] ਬਖ਼ਸ਼ਦਾ[24] ਹੈ ।
ਕਰਨ[26] ਕਰਾਵਨਹਾਰ[27] ਸੁਆਮੀ ॥	The Lord is the Doer[26] and the Cause[27].	ਪ੍ਰਭੂ ਕਰਨ ਵਾਲਾ[26] ਅਤੇ ਕਰਾਉਣ ਵਾਲਾ[27] ਹੈ ।
ਸਗਲ[28] ਘਟਾ[29] ਕੇ ਅੰਤਰਜਾਮੀ[30] ॥	He is the Searcher[30] of all[28] hearts[29].	ਉਹ ਸਾਰਿਆਂ[28] ਦਿਲਾਂ[29] ਦੀਆਂ ਜਾਨਣਹਾਰ[30] ਹੈ ।
ਕਰਿ ਕਿਰਪਾ[31] ਅਪਨੀ ਸੇਵਾ[33] ਲਾਇ[32] ॥	O Lord, be Thou merciful[31] and yoke[32] me to Thine service[33].	ਹੇ ਪ੍ਰਭੂ ! ਤੂੰ ਮਇਆਵਾਨ[31] ਹੋ ਅਤੇ ਮੈਨੂੰ ਆਪਣੀ ਟਹਿਲ ਸੇਵਾ[33] ਅੰਦਰ ਜੋੜ[32] ।
ਨਾਨਕ ਦਾਸ[34] ਤੇਰੀ ਸਰਣਾਇ[35] ॥੪॥੩੧॥੪੪॥	Slave[34] Nanak has entered Thy sanctuary[35].	ਗੋਲੇ[34] ਨਾਨਕ ਨੇ ਤੇਰੀ ਸ਼ਰਣਾਗਤਿ[35] ਸੰਭਾਲੀ ਹੈ ।

੧੧੪੯

1149

੧੧੪੯

ਭੈਰਉ ਮਹਲਾ ੫ ॥

Bhairo 5th Guru.

ਭੈਰਉ ਪੰਜਵੀਂ ਪਾਤਿਸ਼ਾਹੀ।

ਲਾਜ[36] ਮਰੈ ਜੋ ਨਾਮੁ ਨ ਲੇਵੈ[37] ॥

He, who contemplates[37] not the Name dies of shame[36].

ਜੋ ਨਾਮ ਦਾ ਸਿਮਰਨ[37] ਨਹੀਂ ਕਰਦਾ ਉਹ ਸ਼ਰਮ[36] ਨਾਲ ਮਰ ਜਾਂਦਾ ਹੈ।

ਨਾਮ ਬਿਹੂਨ[38] ਸੁਖੀ[39] ਕਿਉ[40] ਸੋਵੈ[41] ॥

Without[38] the Name, how[40] can he sleep[41] in peace[39] ?

ਨਾਮ ਦੇ ਬਿਨਾਂ[38] ਉਹ ਆਰਾਮ[39] ਅੰਦਰ ਕਿਸ ਤਰ੍ਹਾਂ[40] ਸੌਂ[41] ਸਕਦਾ ਹੈ?

ਹਰਿ ਸਿਮਰਨੁ[42] ਛਾਡਿ ਪਰਮ[43] ਗਤਿ[44] ਚਾਹੈ[45] ॥
ਮੂਲ[46] ਬਿਨਾ ਸਾਖਾ[47] ਕਤ[48] ਆਹੈ ॥੧॥

Abandoning the Lord's meditation[42], the mortal desires[45] supreme[43] salvation[44], but without the roots[46], how[48] can there be branches[47] ?

ਪ੍ਰਭੂ ਭਜਨ[42] ਨੂੰ ਤਿਆਗ ਕੇ, ਪ੍ਰਾਣੀ ਮਹਾਨ[43] ਮੁਕਤੀ[44] ਦੀ ਚਾਹਨਾ[45] ਕਰਦਾ ਹੈ, ਪ੍ਰੰਤੂ ਜੜ੍ਹਾਂ[46] ਦੇ ਬਗ਼ੈਰ, ਟਹਿਣੀਆਂ[47] ਕਿਸ ਤਰ੍ਹਾਂ[48] ਹੋ ਸਕਦੀਆਂ ਹਨ ?

ਗੁਰੁ ਗੋਵਿੰਦੁ[49] ਮੇਰੇ ਮਨ[50] ਧਿਆਇ[51] ॥

O my soul[50], meditate[51] thou on thy Guru-God[49].

ਹੇ ਮੇਰੀ ਜਿੰਦੜੀਏ[50]! ਤੂੰ ਆਪਣੇ ਗੁਰੂ-ਪਰਮੇਸ਼ਰ[49] ਦਾ ਸਿਮਰਨ[51] ਕਰ।

ਜਨਮ ਜਨਮ[52] ਕੀ ਮੈਲੁ[53] ਉਤਾਰੈ[54] ਬੰਧਨ[55] ਕਾਟਿ[56] ਹਰਿ ਸੰਗਿ ਮਿਲਾਇ ॥੧॥ ਰਹਾਉ॥

He shall wash off[54] the filth[53] of thine, many births[52] and loosing[56] thy bonds[55], shall unite thee with thy God. Pause.

ਉਹ ਤੇਰੇ ਅਨੇਕਾਂ ਜਨਮਾਂ[52] ਦੀ ਮਲੀਣਤਾ[53] ਨੂੰ ਧੋ ਸੁਟਣਗੇ[54] ਅਤੇ ਤੇਰੇ ਜੂੜ[55] ਵੱਢ[56] ਕੇ ਤੈਨੂੰ ਤੇਰੇ ਵਾਹਿਗੁਰੂ ਨਾਲ ਮਿਲਾ ਦੇਣਗੇ। ਠਹਿਰਾਉ।

ਤੀਰਥਿ[57] ਨਾਇ[58] ਕਹਾ[59] ਸੁਚਿ[90] ਸੈਲੁ[61] ॥

How[59] can a stone[61] be purified[60] by washing[58] it at a place of pilgrimage[57] ?

ਯਾਤ੍ਰਾ ਅਸਥਾਨ[57] ਤੇ ਇਸ ਨੂੰ ਧੋਣ[58] ਨਾਲ ਇਕ ਪੱਥਰ[61] ਕਿਸ ਤਰ੍ਹਾਂ[59] ਪਵਿੱਤਰ[60] ਹੋ ਸਕਦਾ ਹੈ ?

ਮਨ ਕਉ ਵਿਆਪੈ[62] ਹਉਮੈ[63] ਮੈਲੁ ॥

To his mind clings[62] the filth of ego[63].

ਉਸ ਦੇ ਚਿਤ ਨੂੰ ਹੰਕਾਰ[63] ਦੀ ਗੰਦਗੀ ਚਿਮੜ[62] ਜਾਂਦੀ ਹੈ ?

ਕੋਟਿ[64] ਕਰਮ[65] ਬੰਧਨ[66] ਕਾ ਮੂਲੁ[67] ॥

Myriads[64] of rituals[65] are the root[67] of involvements[66].

ਕ੍ਰੋੜਾਂ[64] ਹੀ ਕਰਮਕਾਂਡ[65] ਜੰਜਾਲਾਂ[66] ਦੀ ਜੜ੍ਹ[67] ਹਨ।

ਹਰਿ ਕੇ ਭਜਨ[68] ਬਿਨੁ ਬਿਰਥਾ[69] ਪੂਲੁ[70] ॥੨॥

Without the Lord's meditation[68], one only gathers the worthless[69] bundle[70] of straw.

ਪ੍ਰਭੂ ਦੇ ਸਿਮਰਨ[68] ਦੇ ਬਗ਼ੈਰ ਇਨਸਾਨ ਕੇਵਲ ਪਰਾਲੀ ਦੀ ਨਿਕੰਮੀ[60] ਪੰਡ[70] ਹੀ ਇਕੱਤਰ ਕਰਦਾ ਹੈ।

ਬਿਨੁ ਖਾਏ ਬੂਝੈ[71] ਨਹੀ ਭੂਖ[72] ॥

Without eating, hunger[72] is satisfied[71] not.

ਖਾਣ ਦੇ ਬਗ਼ੈਰ ਖੁਧਿਆ[72] ਨਵਿਰਤ[71] ਨਹੀਂ ਹੁੰਦੀ।

ਰੋਗੁ[73] ਜਾਇ[74] ਤਾਂ[75] ਉਤਰਹਿ[76] ਦੂਖ[77] ॥

When the disease[73] is past[74], it is then[75] that the pain[77] goes[76].

ਜਦ ਬੀਮਾਰੀ[73] ਦੂਰ[74] ਹੋ ਜਾਂਦੀ ਹੈ, ਤਦ[75] ਹੀ ਪੀੜ[77] ਨਵਿਰਤ[76] ਹੁੰਦੀ ਹੈ।

ਕਾਮ[78] ਕ੍ਰੋਧ[79] ਲੋਭ[80] ਮੋਹਿ[81] ਬਿਆਪਿਆ[82] ॥

The mortal is engrossed[82] in sexual appetite[78], wrath[79], avarice[80] and worldly love[81].

ਪ੍ਰਾਣੀ ਵਿਸ਼ੇ, ਭੁਖ[78], ਗੁੱਸੇ[79], ਲਾਲਚ[80] ਅਤੇ ਸੰਸਾਰੀ ਮਮਤਾ[81] ਅੰਦਰ ਖਚਤ[87] ਹੋਇਆ ਹੋਇਆ ਹੈ।

ਜਿਨਿ ਪ੍ਰਭਿ ਕੀਨਾ[83] ਸੋ

He dwells[84] not on the Lord, the

ਉਹ ਉਸ ਸਾਹਿਬ, ਉਸ ਸਾਹਿਬ ਦਾ ਸਿਮਰਨ[84] ਨਹੀਂ

ਪ੍ਰਭੁ ਨਹੀ ਜਾਪਿਆ[84] ॥ ੩ ॥	Lord, who didst create[83] him.	ਕਰਦਾ ਜਿਸ ਨੇ ਉਸ ਨੂੰ ਰਚਿਆ[83] ਹੈ।
ਧਨੁ[85] ਧਨੁ ਸਾਧ ਧੰਨੁ ਹਰਿ ਨਾਉ[86] ॥	Blest[85], blest is the saint, and blest the Lord's Name[86].	ਮੁਬਾਰਕ[85], ਮੁਬਾਰਕ ਹੈ ਸੰਤ ਅਤੇ ਮੁਬਾਰਕ ਸਾਂਈਂ ਦਾ ਨਾਮ[86]।
ਆਠ ਪਹਰ ਕੀਰਤਨੁ[87] ਗੁਣ[88] ਗਾਉ[89] ॥	Throughout the eight watches, sing[89] thou the Lord's glories[87] and praises[88].	ਅਠੇ ਪਹਿਰ ਹੀ ਤੂੰ ਸੁਆਮੀ ਦੀਆਂ ਵਡਿਆਈਆਂ[87] ਅਤੇ ਸਿਫ਼ਤਾਂ[88] ਗਾਇਨ[89] ਕਰ।
ਧਨੁ[92] ਹਰਿ ਭਗਤਿ[90] ਧਨੁ ਕਰਣੈਹਾਰ[91] ॥	Praiseworthy[92] is the devotee[90] of God and praiseworthy his Creator-Lord[91].	ਉਪਮਾਯੋਗ[92] ਹੈ ਵਾਹਿਗੁਰੂ ਦਾ ਸ਼ਰਧਾਲੂ[90] ਅਤੇ ਉਪਮਾ-ਯੋਗ ਹੀ ਉਸ ਦਾ ਸਿਰਜਣਹਾਰ ਸੁਆਮੀ[91]।
ਸਰਣਿ[93] ਨਾਨਕ ਪ੍ਰਭ ਪੁਰਖ[94] ਅਪਾਰ[95] ॥ ੪ ॥ ੩੨॥੪੫॥	Nanak, seeks the protection[93] of the Infinite[95] Lord Master[94].	ਨਾਨਕ, ਬੇਅੰਤ[95] ਸੁਆਮੀ ਮਾਲਕ[94] ਦੀ ਪਨਾਹ[93] ਲੋੜਦਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਗੁਰ [96]ਸੁਪ੍ਰਸੰਨ[97] ਹੋਏ ਭਉ[98] ਗਏ[99] ॥	When the Guru is highly[96] pleased[97] with me, I am rid of[99] my fears[98].	ਜਦ ਗੁਰੂ ਜੀ ਮੇਰੇ ਨਾਲ ਪਰਮ[96] ਖੁਸ਼ ਹੋ ਜਾਂਦੇ[97] ਹਨ ਤਾਂ ਮੇਰੇ ਡਰ[98] ਦੂਰ[99] ਹੋ ਗਏ ਹਨ।
ਨਾਮ ਨਿਰੰਜਨ[100] ਮਨ[4] ਮਹਿ[2] ਲਏ[3] ॥	The Name of the Immaculate Lord[100], I have enshrined[3] within[2] my mind[4].	ਪਵਿੱਤਰ ਪ੍ਰਭੂ[100] ਦਾ ਨਾਮ, ਮੈਂ ਆਪਣੇ ਹਿਰਦੇ[4] ਅੰਦਰ[2] ਟਿਕਾ ਲਿਆ[3] ਹੈ।
ਦੀਨ[5] ਦਇਆਲ[6] ਸਦਾ ਕਿਰਪਾਲ[7] ॥	God, merciful[6] to the meek[5], is ever compassionate[7].	ਮਸਕੀਨਾਂ[5] ਤੇ ਮਿਹਰਬਾਨ[6] ਹਰੀ, ਸਦੀਵ ਹੀ ਦਇਆਵਾਨ[7] ਹੈ।
ਬਿਨਸਿ[8] ਗਏ ਸਗਲੇ ਜੰਜਾਲ[9] ॥੧॥	All my entanglements[9] are over[8].	ਮੇਰੇ ਸਾਰੇ ਪੁਆੜੇ[9] ਮੁਕ ਗਏ[8] ਹਨ।
ਸੂਖ[10] ਸਹਜ[12] ਆਨੰਦ[13] ਘਨੇ[14] ॥	I have obtained peace[10], poise[12] and manifold[14] pleasures[13].	ਮੈਨੂੰ ਆਰਾਮ[10], ਅਡੋਲਤਾ[12] ਅਤੇ ਘਣੇਰੀਆਂ[14] ਖੁਸ਼ੀਆਂ[13] ਪਰਾਪਤ ਹੋ ਗਈਆਂ ਹਨ।
ਸਾਧ ਸੰਗਿ ਮਿਟੈ[15] ਭੈ[16] ਭਰਮਾ[17] ਅੰਮ੍ਰਿਤੁ[21] ਹਰਿ ਹਰਿ[18] ਰਸਨ[19] ਭਨੇ[20] ॥ ੧॥ਰਹਾਉ॥	In the saints' society, I am rid of[15] doubt[17] and dread[16] and with my tongue[19] utter[20] the Lord Master's[18] Nectar-Name[21]. Pause.	ਸਤਿਸੰਗਤ ਅੰਦਰ ਮੈਂ ਸੰਦੇਹ[17] ਅਤੇ ਡਰ[16] ਤੋਂ ਖ਼ਲਾਸੀ[15] ਪਾ ਗਿਆ ਹਾਂ ਅਤੇ ਆਪਣੀ ਜੀਹਭਾ[19] ਨਾਲ ਸੁਆਮੀ ਮਾਲਕ[18] ਦੇ ਅੰਮ੍ਰਿਤਮਈ ਨਾਮ[21] ਨੂੰ ਉਚਾਰਦਾ[20] ਹਾਂ। ਠਹਿਰਾਉ।
ਚਰਨ[22] ਕਮਲ[23] ਸਿਉ[24] ਲਾਗੋ[25] ਹੇਤੁ[26] ॥	With[24] the Lord's lotus[23] feet[22], I have imbibed[25] affection[26].	ਸੁਆਮੀ ਦੇ ਕੰਵਲ[23] ਪੈਰਾਂ[22] ਨਾਲ[24] ਮੇਰੀ ਪਿਰਹੜੀ[26] ਪੈ ਗਈ[25] ਹੈ।
ਖਿਨ ਮਹਿ ਬਿਨਸਿਓ[27] ਮਹਾ[28] ਪਰੇਤੁ[29] ॥	In an instant, the great[28] demon[29] has been done away[27] with.	ਇਕ ਮੁਹਤ ਵਿਚ ਪਰਮ[28] ਭੂਤਨਾ[29] ਨਸ਼ਟ[27] ਹੋ ਗਿਆ ਹੈ।
ਆਠ ਪਹਰ ਹਰਿ ਹਰਿ[30]	Throughout the eight watches,	ਅੱਠੇ ਪਹਿਰ ਹੀ ਮੈਂ ਆਪਣੇ ਸੁਆਮੀ ਵਾਹਿਗੁਰੂ[30] ਦੇ

ਜਪੁ[31] ਜਾਪਿ[32] ॥	utter[32] I the Name[31] of my Lord God[30].	ਨਾਮ[31] ਦਾ ਉਚਾਰਨ[32] ਕਰਦਾ ਹਾਂ ।
ਰਾਖਨਹਾਰ[33] ਗੋਵਿਦ[34] ਗੁਰ ਆਪਿ ॥੨॥	The Guru-God[34], Himself is my Saviour[33].	ਗੁਰੂ-ਪਰਮੇਸ਼ਰ[34] ਆਪੇ ਹੀ ਮੇਰੇ ਰਖਵਾਲੇ[33] ਹਨ ।
ਅਪਨੇ ਸੇਵਕ[35] ਕਉ ਸਦਾ ਪ੍ਰਤਿਪਾਰੈ[36] ॥	His slave[35], the Lord ever sustains[36].	ਆਪਣੇ ਗੋਲੇ[35] ਦੀ ਸਾਂਈਂ ਸਦੀਵ ਹੀ ਪਾਲਣਾ-ਪੋਸਣਾ[36] ਕਰਦਾ ਹੈ ।
ਭਗਤ[37] ਜਨਾ ਕੇ ਸਾਸ[38] ਨਿਹਾਰੈ[39] ॥	The Lord keeps in His eye[39] every breath[38] of the saintly persons[37].	ਸੁਆਮੀ ਸੰਤ ਸਰੂਪ ਪੁਰਸ਼ਾਂ[37] ਦੇ ਹਰ ਸੁਆਸ[38] ਨੂੰ ਆਪਣੀ ਨਿਗ੍ਹਾ[39] ਵਿਚ ਰਖਦਾ ਹੈ ।
ਮਾਨਸ[40] ਕੀ ਕਹੁ[41] ਕੇਤਕ[42] ਬਾਤ[43] ॥	Say[41], what[42] is the personality[43] of man[40] ?	ਦੱਸ ਖਾਂ[41] ! ਵਿਚਾਰੇ ਮਨੁੱਖ[40] ਦੀ ਕੀ[42] ਹਸਤੀ[43] ਹੈ ?
ਜਮ[44] ਤੇ ਰਾਖੈ[45] ਦੇ ਕਰਿ[46] ਹਾਥ[47] ॥੩॥	Lending[46] His Hand[47], the Lord saves[45] His saints, even from the myrmidons[44] of death.	ਆਪਣਾ ਹਥ[47] ਦੇ ਕੇ[46], ਸੁਆਮੀ ਆਪਣੇ ਸਾਧੂਆਂ ਨੂੰ ਮੌਤ ਦੇ ਫ਼ਰਿਸ਼ਤਿਆਂ[44] ਤੋਂ ਭੀ ਬਚਾ ਲੈਂਦਾ[45] ਹੈ ।
ਨਿਰਮਲ[48] ਸੋਭਾ[49] ਨਿਰਮਲ ਰੀਤਿ[50] ॥ ਪਾਰਬ੍ਰਹਮੁ[51] ਆਇਆ ਮਨਿ[52] ਚੀਤਿ[53] ॥	Immaculate[48] is the glory[49] and immaculate the way[50] of him, who within his mind[52] remembers[53] the Transcendent Lord[51].	ਪਵਿੱਤਰ[48] ਹੈ ਪ੍ਰਭਤਾ[49] ਅਤੇ ਪਵਿੱਤਰ ਰਹੁ ਰੀਤੀ[50] ਉਸ ਦੀ ਜੋ ਆਪਣੇ ਹਿਰਦੇ[52] ਅੰਦਰ ਪਰਮ ਪ੍ਰਭੂ[51] ਨੂੰ ਚੇਤੇ ਕਰਦਾ[53] ਹੈ ।
ਕਰਿ ਕਿਰਪਾ[54] ਗੁਰਿ ਦੀਨੋ[55] ਦਾਨੁ[56] ॥ ਨਾਨਕ ਪਾਇਆ ਨਾਮੁ ਨਿਧਾਨੁ[57] ॥੪॥੩੩॥੪੬॥	The Guru has mercifuly[54] blessed[55] Nanak with the gift[56] and he has obtained the treasure[57] of the Lord's Name.	ਮਿਹਰ[54] ਧਾਰ ਕੇ ਗੁਰਾਂ ਨੇ ਨਾਨਕ ਨੂੰ ਦਾਤ[56] ਪਰਦਾਨ[55] ਕੀਤੀ ਹੈ ਅਤੇ ਉਸ ਨੂੰ ਸਾਹਿਬ ਦੇ ਨਾਮ ਦਾ ਖ਼ਜ਼ਾਨਾ[57] ਪਰਾਪਤ ਹੋ ਗਿਆ ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਕਰਣ[58] ਕਾਰਣ[59] ਸਮਰਥੁ[60] ਗੁਰੁ ਮੇਰਾ ॥	My Guru is Omnipotent[60] to do[58] all deeds[59].	ਮੇਰਾ ਗੁਰੂ ਸਾਰੇ ਕੰਮ[59] ਕਰਨ[58] ਨੂੰ ਸਰਬ-ਸ਼ਕਤੀਵਾਨ[60] ਹੈ ।
ਜੀਅ[61] ਪ੍ਰਾਣ[62] [63]ਸੁਖਦਾਤਾ[64] ਨੇਰਾ[65] ॥	The ever-near[65] Lord is the Giver[64] of soul[61], the very life[62] and peace[63].	ਸਦੀਵੀ ਅੰਗ ਸੰਗ[65] ਸੁਆਮੀ ਜਿੰਦੜੀ[61], ਜਿੰਦ ਜਾਨ[62] ਅਤੇ ਆਰਾਮ[63] ਦੇਣ ਵਾਲਾ[64] ਹੈ ।
ਭੈ[56] ਭੰਜਨ[67] ਅਬਿਨਾਸੀ[68] ਰਾਇ[69] ॥	He is my ever-stable[68] king[69], the destroyer[67] of dread[66].	ਉਹ ਮੇਰਾ ਡਰ[66] ਨਾਸ ਕਰਨ ਵਾਲਾ[67] ਸਦੀਵੀ ਸਥਿਰ[68] ਪਾਤਿਸ਼ਾਹ[69] ਹੈ ।
ਦਰਸਨਿ[70] ਦੇਖਿਐ ਸਭੁ ਦੁਖੁ[71] ਜਾਇ[72] ॥੧॥	Seeing his vision[70], all the sorrows[71] are dispelled[72].	ਉਹਨਾਂ ਦਾ ਦੀਦਾਰ[70] ਵੇਖਣ ਦੁਆਰਾ, ਸਾਰੇ ਦੁਖੜੇ[71] ਦੂਰ ਹੋ ਜਾਂਦੇ[72] ਹਨ ।
ਜਤ ਕਤ[73] ਪੇਖਉ[74] ਤੇਰੀ ਸਰਣਾ[75] ॥	O my Master, wherever[73] I am, I look up[74] to Thy Protection[75].	ਜਿਥੇ ਕਿਤੇ ਭੀ[73] ਮੈਂ ਹੁੰਦਾ ਹਾਂ, ਮੈਂ ਤੇਰੀ ਪਨਾਹ[75] ਤਕਾਉਂਦਾ[74] ਹਾਂ, ਹੇ ਮੇਰੇ ਮਾਲਕ !
ਬਲਿ ਬਲਿ[76] ਜਾਈ ਸਤਿਗੁਰ ਚਰਣਾ[77] ॥੧॥ ਰਹਾਉ॥	A sacrifice[76], a sacrifice am I unto the True Guru's feet[77]. Pause.	ਕੁਰਬਾਨ[76], ਕੁਰਬਾਨ, ਮੈਂ ਜਾਂਦਾ ਹਾਂ ਸੱਚੇ ਗੁਰਾਂ ਦੇ ਪੈਰਾਂ[77] ਉਤੋਂ । ਠਹਿਰਾਉ ।

ਪੂਰਨ[78] ਕਾਮ[80] ਮਿਲੇ ਗੁਰਦੇਵ[79] ॥	Meeting with the Divine[79] Guru, my tasks[80] are accomplished[78].	ਈਸ਼ਵਰ ਸਰੂਪ[79] ਗੁਰਾਂ ਨਾਲ ਮਿਲਣ ਦੁਆਰਾ, ਮੇਰੇ ਕਾਰਜ[80] ਸੰਪੂਰਨ[78] ਹੋ ਗਏ ਹਨ।
ਸਭਿ ਫਲ[81] ਦਾਤਾ[82] ਨਿਰਮਲ[83] ਸੇਵ[84] ॥	He is the giver[82] of all the boons[81] and his service[84] makes man immaculate[83].	ਉਹ ਸਾਰੀਆਂ ਮੁਰਾਦਾਂ[81] ਬਖਸ਼ਣਹਾਰ[82] ਹਨ ਅਤੇ ਉਨ੍ਹਾਂ ਦੀ ਘਾਲ[84] ਬੰਦੇ ਨੂੰ ਪਵਿੱਤਰ[83] ਕਰ ਦਿੰਦੀ ਹੈ।
ਕਰੁ[85] ਗਹਿ[86] ਲੀਨੇ ਅਪੁਨੇ ਦਾਸ[87] ॥	Holding[86] by the hand[85], he saves his slaves[87];	ਹਥੋਂ[85] ਫੜ[86] ਕੇ ਉਹ ਆਪਣੇ ਗੋਲਿਆਂ[87] ਨੂੰ ਬਚਾ ਲੈਂਦੇ ਹਨ;
ਰਾਮ[88] ਨਾਮੁ ਰਿਦ[89] ਦੀਓ ਨਿਵਾਸ[90] ॥੨॥	And enshrine[90] the Lord's[88] Name in their mind[89]	ਅਤੇ ਉਹਨਾਂ ਦੇ ਮਨ[89] ਅੰਦਰ ਸਾਈਂ[88] ਦੇ ਨਾਮ ਨੂੰ ਟਿਕਾ[90] ਦਿੰਦੇ ਹਨ।
ਸਦਾ ਅਨੰਦੁ[91] ਨਾਹੀ ਕਿਛੁ ਸੋਗੁ[92] ॥	His slaves, then, ever remain in bliss[91] and meet with no sorrow[92].	ਉਸ ਦੇ ਗੋਲੇ ਤਦ ਹਮੇਸ਼ਾਂ ਖੁਸ਼ੀ[91] ਅੰਦਰ ਵਿਚਰਦੇ ਹਨ ਅਤੇ ਉਹਨਾਂ ਨੂੰ ਕੋਈ ਗ਼ਮ[92] ਨਹੀਂ ਵਾਪਰਦਾ।
ਦੂਖੁ[93] ਦਰਦੁ[94] ਨਹ ਬਿਆਪੈ[95] ਰੋਗੁ[96] ॥	No distress[93], pain[94] and disease[96] befalls[95] them.	ਕੋਈ ਤਕਲੀਫ[93] ਪੀੜ[94] ਅਤੇ ਬੀਮਾਰੀ[96] ਉਹਨਾਂ ਨੂੰ ਨਹੀਂ ਲਗਦੀ[95]।
ਸਭੁ ਕਿਛੁ ਤੇਰਾ ਤੂ ਕਰਣੈਹਾਰੁ[97] ॥	O, Lord, everything is Thine, Thou art the Creator[97] of all.	ਹੇ ਸੁਆਮੀ! ਹਰ ਸ਼ੈ ਤੇਰੀ ਹੀ ਹੈ, ਤੂੰ ਸਾਰਿਆਂ ਦਾ ਸਿਰਜਣਹਾਰ[97] ਹੈਂ।
ਪਾਰਬ੍ਰਹਮ[98] ਗੁਰ[99] ਅਗਮ[100] ਅਪਾਰ[2] ॥੩॥	Great[99], Unfathomable[100] and Infinite[2] is the Supreme Lord[98].	ਵਡਾ[99], ਬੇਥਾਹ[100] ਅਤੇ ਬੇਅੰਤ[2] ਹੈ ਸ਼ਰੋਮਣੀ ਸਾਹਿਬ[98]।
ਨਿਰਮਲ[3] ਸੋਭਾ[4] ਅਚਰਜ[5] ਬਾਣੀ[6] ॥	Immaculate[3] is the Lord's magnificence[4] and wondrous[5] His Gurbani[6].	ਪਵਿੱਤਰ[3] ਹੈ ਪ੍ਰਭੂ ਦੀ ਪ੍ਰਭਤਾ[4] ਅਤੇ ਅਸਚਰਜ[5] ਹੈ ਉਸ ਦੀ ਗੁਰਬਾਣੀ[6]।
ਪਾਰਬ੍ਰਹਮ[7] ਪੂਰਨ[8] ਮਨਿ[9] ਭਾਣੀ[10] ॥	The Perfect[8] Transcendent Lord[7] is pleasing[10] to my mind[9].	ਪੂਰਾ[8] ਪਰਮ ਪ੍ਰਭੂ[7] ਮੇਰੇ ਚਿਤ[9] ਨੂੰ ਚੰਗਾ[10] ਲਗਦਾ ਹੈ।
ਜਲਿ[12] ਥਲਿ[13] ਮਹੀਅਲਿ[14] ਤਵਿਆ[15] ਸੋਇ[16] ॥	He[16], the Lord is pervading[15] the ocean[12], land[13] and the sky[14].	ਉਹ[16] ਸੁਆਮੀ ਸਮੁੰਦਰ[12], ਧਰਤੀ[13] ਅਤੇ ਅਸਮਾਨ[14] ਵਿਚ ਵਿਆਪਕ[15] ਹੋ ਰਿਹਾ ਹੈ।
ਨਾਨਕ ਸਭੁ ਕਿਛੁ ਪ੍ਰਭ ਤੇ ਹੋਇ[17] ॥੪॥੩੪॥੪੭॥	Nanak, everything wells up[17] from the Lord.	ਨਾਨਕ, ਹਰ ਸ਼ੈ ਸੁਆਮੀ ਤੋਂ ਹੀ ਉਤਪੰਨ ਹੁੰਦੀ[17] ਹੈ।
੧੧੫੦	**1150**	**੧੧੫੦**
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਮਨੁ ਤਨੁ ਰਾਤਾ[18] ਰਾਮ ਰੰਗਿ[19] ਚਰਣੇ[20] ॥	My mind and body are imbued[18] with the love[19] of the Lord's feet[20].	ਮੇਰਾ ਚਿਤ ਤੇ ਦੇਹ ਪ੍ਰਭੂ ਦੇ ਚਰਨਾਂ[20] ਦੇ ਪਿਆਰ[19] ਨਾਲ ਰੰਗੇ[18] ਹੋਏ ਹਨ।
ਸਰਬ[21] ਮਨੋਰਥ[22] ਪੂਰਨ[23] ਕਰਣੇ ॥	All[21] the aspirations[22] of my heart are fulfilled[23].	ਮੇਰੇ ਦਿਲ ਦੀਆਂ ਸਾਰੀਆਂ[21] ਅਭਿਲਾਸ਼ਾਂ[22] ਪੂਰੀਆਂ[23] ਹੋ ਗਈਆਂ ਹਨ।
ਆਠ ਪਹਰ ਗਾਵਤ[24] ਭਗਵੰਤੁ[25] ॥	Through the eight watches I hymn[24] the praise of the Illustrious[25] Lord.	ਅਠੇ ਪਹਿਰ ਹੀ ਮੈਂ ਕੀਰਤੀਮਾਨ[25] ਪ੍ਰਭੂ ਦੀ ਮਹਿਮਾ ਗਾਇਨ[24] ਕਰਦਾ ਹਾਂ।
ਸਤਿਗੁਰਿ ਦੀਨੋ[28] ਪੂਰਾ[26] ਮੰਤੁ[27] ॥੧॥	The True Guru has imparted[28] unto me the perfect[26] instruction[27].	ਸੱਚੇ ਗੁਰਾਂ ਨੇ ਮੈਨੂੰ ਪੂਰਨ[26] ਉਪਦੇਸ਼[27] ਦਿਤਾ[28] ਹੈ।

ਸੋ [29]ਵਡਭਾਗੀ[30] ਜਿਸੁ ਨਾਮਿ ਪਿਆਰੁ[31] ॥	Very[29] fortunate[30] is he, who loves[31] the Lord's Name.	ਭਾਗੀ[29] ਪ੍ਰਾਲਬਧ[30] ਵਾਲਾ ਹੈ ਉਹ, ਜਿਸ ਦਾ ਸਾਂਈਂ ਦੇ ਨਾਮ ਨਾਲ ਪ੍ਰੇਮ[31] ਹੈ।
ਤਿਸ[32] ਕੈ ਸੰਗਿ[33] ਤਰੈ[34] ਸੰਸਾਰੁ[35] ॥੧॥ ਰਹਾਉ ॥	Associating[33] with Him[32], the world[35] is ferried across[34] Pause.	ਉਸ[32] ਨਾਲ ਮਿਲਣ[33] ਦੁਆਰਾ, ਜਗ[35] ਪਾਰ ਉਤਰ[34] ਜਾਂਦਾ ਹੈ। ਠਹਿਰਾਉ।
ਸੋਈ[36] ਗਿਆਨੀ[37] ਜਿ ਸਿਮਰੈ[38] ਏਕ ॥	He[36] alone is the divine[37], who remembers[38] the One Lord.	ਕੇਵਲ ਉਹ[36] ਹੀ ਬ੍ਰਹਮ ਬੇਤਾ[37] ਹੈ, ਜੋ ਇਕ ਸਾਂਈਂ ਨੂੰ ਹੀ ਆਰਾਧਦਾ[38] ਹੈ।
ਸੋ ਧਨਵੰਤਾ[39] ਜਿਸੁ ਬੁਧਿ[40] ਬਿਬੇਕ[41] ॥	He alone is wealthy[39], who possesses discerning[41] intellect[40].	ਕੇਵਲ ਉਹ ਹੀ ਅਮੀਰ[39] ਹੈ, ਜੋ ਵਿਚਾਰਵਾਨ[41] ਅਕਲ[40] ਵਾਲਾ ਹੈ।
ਸੋ ਕੁਲਵੰਤਾ[42] ਜਿ ਸਿਮਰੈ[43] ਸੁਆਮੀ ॥	He alone is a man of high family[42], who dwells[43] upon the Lord.	ਕੇਵਲ ਉਹ ਹੀ ਉਚੇ ਖ਼ਾਨਦਾਨ[42] ਦਾ ਹੈ, ਜੋ ਪ੍ਰਭੂ ਦਾ ਚਿੰਤਨ[43] ਕਰਦਾ ਹੈ।
ਸੋ ਪਤਿਵੰਤਾ[44] ਜੋ ਆਪੁ[45] ਪਛਾਨੀ[46] ॥੨॥	He alone is a man of honour[44], who understands[46] his ownself[45].	ਕੇਵਲ ਉਹ ਹੀ ਇਜ਼ਤ-ਆਬਰੂ[44] ਵਾਲਾ ਹੈ, ਜੋ ਆਪਣੇ ਆਪ[45] ਨੂੰ ਸਮਝਦਾ[46] ਹੈ।
ਗੁਰ ਪਰਸਾਦਿ[47] [48]ਪਰਮਪਦੁ[49] ਪਾਇਆ ॥ ਗੁਣ[50] ਗੁਪਾਲ[51] ਦਿਨੁ ਰੈਨਿ ਧਿਆਇਆ[52] ॥	By the Guru's grace[47] I have obtained the supreme[48] status[49], and now, day and night I sing[52] the Lord's[51] praise[50].	ਗੁਰਾਂ ਦੀ ਦਇਆ[47] ਦੁਆਰਾ, ਮੈਨੂੰ ਮਹਾਨ[48] ਮਰਤਬਾ[49] ਪਰਾਪਤ ਹੋ ਗਿਆ ਹੈ ਅਤੇ ਹੁਣ ਦਿਨ ਰਾਤ ਮੈਂ ਸਾਂਈਂ[51] ਦੀ ਕੀਰਤੀ[50] ਗਾਇਨ[52] ਕਰਦਾ ਹਾਂ।
ਤੂਟੇ[53] ਬੰਧਨ[54] ਪੂਰਨ[55] ਆਸਾ[56] ॥ ਹਰਿ ਕੇ ਚਰਣ[57] ਰਿਦ[58] ਮਾਹਿ[59] ਨਿਵਾਸਾ[60] ॥੩॥	My shackles[54] are shattered[53] and my hopes[56] are fulfilled[55] and God's feet[57], now abide[60] within[59] my mind[58].	ਮੇਰੀਆਂ ਬੇੜੀਆਂ[54] ਕੱਟੀਆਂ[53] ਗਈਆਂ ਹਨ ਅਤੇ ਮੇਰੀਆਂ ਉਮੀਦਾਂ[56] ਪੂਰੀਆਂ[55] ਹੋ ਗਈਆਂ ਹਨ ਅਤੇ ਹੁਣ ਹਰੀ ਦੇ ਚਰਨ[57] ਮੇਰੇ ਹਿਰਦੇ[58] ਅੰਦਰ[59] ਵਸਦੇ[60] ਹਨ।
ਕਹੁ ਨਾਨਕ ਜਾ ਕੇ ਪੂਰਨ[61] ਕਰਮਾ[62] ॥ ਸੋ[63] ਜਨੁ[64] ਆਇਆ ਪ੍ਰਭ ਕੀ ਸਰਨਾ[65] ॥	Says Nanak, he whose destiny[62] is perfect[61]; that[63] man[64] repairs to the Lord's refuge[65].	ਗੁਰੂ ਜੀ ਆਖਦੇ ਹਨ, ਜਿਸ ਦੀ ਪ੍ਰਾਲਬਧ[62] ਮੁਕੰਮਲ[61] ਹੈ; ਉਹ[63] ਪੁਰਸ਼[64] ਸਾਂਈਂ ਦੀ ਛਤ੍ਰਛਾਇਆ[65] ਹੇਠ ਆਉਂਦਾ ਹੈ।
ਆਪਿ ਪਵਿਤੁ[66] ਪਾਵਨ[67] ਸਭਿ ਕੀਨੇ ॥	He himself is pure[66] and purifies[67] all others.	ਉਹ ਖ਼ੁਦ ਪਵਿੱਤਰ[66] ਹੈ ਅਤੇ ਹੋਰ ਸਾਰਿਆਂ ਨੂੰ ਪਵਿੱਤਰ[67] ਕਰ ਦਿੰਦਾ ਹੈ।
ਰਾਮ[68] [69]ਰਸਾਇਣੁ[70] ਰਸਨਾ[71] ਚੀਨੇ[72] ॥ ੪ ॥ ੩੫॥੪੮॥	With his tongue[71] he utters[72] the Name of God[68], the Home[70] of elixir[69].	ਆਪਣੀ ਜੀਹਭਾ[71] ਨਾਲ ਉਹ ਅੰਮ੍ਰਿਤ[69] ਦੇ ਘਰ[70] ਵਾਹਿਗੁਰੂ[68] ਦੇ ਨਾਮ ਦਾ ਉਚਾਰਨ[72] ਕਰਦਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਨਾਮੁ ਲੈਤ[73] ਕਿਛੁ ਬਿਘਨੁ[74] ਨ ਲਾਗੈ[75] ॥	Uttering[73] the Lord's Name, no obstacle[74] befalls[75] the mortal.	ਨਾਮ ਦਾ ਉਚਾਰਨ[73] ਕਰਨ ਦੁਆਰਾ, ਪ੍ਰਾਣੀ ਨੂੰ ਕੋਈ ਔਕੜ[74] ਪੇਸ਼[75] ਨਹੀਂ ਆਉਂਦੀ।
ਨਾਮੁ ਸੁਣਤ ਜਮੁ[76] ਦੂਰਹੁ[77] ਭਾਗੈ[78] ॥	Hearing the Name, death's courier[76] runs away[78], from afar[77].	ਨਾਮ ਨੂੰ ਸੁਣਨ ਦੁਆਰਾ, ਮੌਤ ਦਾ ਦੂਤ[76], ਦੁਰੇਡਿਓਂ[77] ਹੀ, ਦੌੜ ਜਾਂਦਾ[78] ਹੈ।

ਨਾਮੁ ਲੈਤ ਸਭ ਦੂਖਹ[79] ਨਾਸੁ[80] ॥	Uttering the Name all the sufferings[79] depart[80].	ਨਾਮ ਜਪਣ ਦੁਆਰਾ ਸਾਰੇ ਦੁਖੜੇ[79] ਦੂਰ ਹੋ ਜਾਂਦੇ[80] ਹਨ।
ਨਾਮੁ ਜਪਤ[81] ਹਰਿਚਰਣ[82] ਨਿਵਾਸੁ[83] ॥੧॥	Uttering[81] the Name, one abides[83] in the Lord's feet[82].	ਨਾਮ ਦਾ ਉਚਾਰਨ[81] ਕਰਨ ਨਾਲ, ਬੰਦਾ ਪ੍ਰਭੂ ਦੇ ਪੈਰਾਂ[82] ਵਿਚ ਵਸਦਾ[83] ਹੈ।
ਨਿਰਬਿਘਨ[84] ਭਗਤਿ[85] ਭਜੁ[86] ਹਰਿ ਹਰਿ[87] ਨਾਉ ॥	The utterance[86] of the Lord God's[87] Name is an unblemished[84] service[85] of Him.	ਸੁਆਮੀ ਵਾਹਿਗੁਰੂ[87] ਦੇ ਨਾਮ ਦਾ ਉਚਾਰਨ[86], ਉਸ ਦੀ ਨਿਰਦੋਸ਼[84] ਸੇਵਾ[85] ਹੈ।
ਰਸਕਿ[87*] ਰਸਕਿ ਹਰਿ ਕੇ ਗੁਣ[88] ਗਾਉ[89] ॥੧॥ ਰਹਾਉ॥	Hymn[89], thou, O man God's praise[88] with love[87*] and affection. Pause.	ਹੇ ਬੰਦੇ ! ਤੂੰ ਪਿਆਰ[87*] ਅਤੇ ਪ੍ਰੇਮ ਨਾਲ, ਵਾਹਿਗੁਰੂ ਦੀ ਕੀਰਤੀ[88] ਗਾਇਨ[89] ਕਰ। ਠਹਿਰਾਉ।
ਹਰਿ ਸਿਮਰਤ[90] ਕਿਛੁ ਚਾਖੁ[91] ਨ ਜੋਹੈ[92] ॥	Contemplating[90] God, an evil-eye[91] shall affect[92] thee not.	ਵਾਹਿਗੁਰੂ ਦਾ ਭਜਨ[90] ਕਰਨ ਦੁਆਰਾ; ਬਦ-ਨਜ਼ਰ[91] ਤੇਰੇ ਉਤੇ ਅਸਰ[92] ਨਹੀਂ ਕਰੇਗੀ।
ਹਰਿ ਸਿਮਰਤ ਦੈਤ ਦੇਉ[93] ਨ ਪੋਹੈ[94] ॥	Contemplating God, demon and ghost[93] shall touch[94] thee not.	ਹਰੀ ਦਾ ਭਜਨ ਕਰਨ ਨਾਲ, ਭੂਤ ਤੇ ਪ੍ਰੇਤ[93] ਤੈਨੂੰ ਨਹੀਂ ਛੋਹਣਗੇ[94]।
ਹਰਿ ਸਿਮਰਤ ਮੋਹੁ[95] ਮਾਨੁ[96] ਨ ਬਧੈ[97] ॥	Contemplating God, worldly love[95] and self-conceit[96] bind[97] not one.	ਵਾਹਿਗੁਰੂ ਦਾ ਭਜਨ ਕਰਨ ਦੁਆਰਾ, ਸੰਸਾਰੀ ਮਮਤਾ[95] ਤੇ ਸਵੈ-ਹੰਗਤਾ[96] ਬੰਦੇ ਨੂੰ ਬੰਨ੍ਹਦੀਆਂ[97] ਨਹੀਂ।
ਹਰਿ ਸਿਮਰਤ ਗਰਭ[98] ਜੋਨਿ[99] ਨ ਰੁਧੈ[100] ॥੨॥	Contemplating God, one is entangled[100] not in the womb[98] existences[99].	ਵਾਹਿਗੁਰੂ ਦਾ ਭਜਨ ਕਰਨ ਦੁਆਰਾ, ਬੰਦਾ ਪੇਟ ਦੀਆਂ[98] ਜੂਨੀਆਂ[99] ਅੰਦਰ ਨਹੀਂ ਫਸਦਾ[100]।
ਹਰਿ ਸਿਮਰਨੁ ਕੀ ਸਗਲੀ[2] ਬੇਲਾ[2*] ॥	Every[2] time[2*] is good for God's meditation.	ਹਰੀ ਦੇ ਭਜਨ ਲਈ ਹਰ[2] ਸਮਾ[2*] ਚੰਗਾ ਹੈ।
ਹਰਿ ਸਿਮਰਨੁ ਬਹੁ[3] ਮਾਹਿ[4] ਇਕੇਲਾ[5] ॥	Amongst[4] many[3], some rare one[5] meditates on the Lord.	ਬਹੁਤਿਆਂ[3] ਵਿਚੋਂ[4] ਕੋਈ ਵਿਰਲਾ[5] ਹੀ ਪ੍ਰਭੂ ਦਾ ਭਜਨ ਕਰਦਾ ਹੈ।
ਜਾਤਿ ਅਜਾਤਿ[6] ਜਪੈ[9] ਜਨੁ[7] ਕੋਇ ॥ ਜੋ ਜਾਪੈ ਤਿਸ[8] ਕੀ ਗਤਿ[10] ਹੋਇ ॥੩॥	Caste or no caste[6], let any one[7] remember[9] God ; whosoever remembers Him, he[8] is emancipated[10].	ਜਾਤੀ ਜਾਂ ਨਜਾਤੀ[6] ਕੋਈ ਜਣਾ[7] ਨਾਮ ਦਾ ਸਿਮਰਨ[9] ਕਰੇ; ਜੋ ਕੋਈ ਭੀ ਉਸ ਨੂੰ ਸਿਮਰਦਾ ਹੈ ਉਹ[8] ਮੁਕਤ[10] ਹੋ ਜਾਂਦਾ ਹੈ।
ਹਰਿ ਕਾ ਨਾਮੁ ਜਪੀਐ ਸਾਧ ਸੰਗਿ[12] ॥	Associating[12] with the saints, dwell thou upon the Lord's Name.	ਸੰਤਾਂ ਦੀ ਸੰਗਤ ਕਰਕੇ[12], ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ।
ਹਰਿ ਕੇ ਨਾਮ ਕਾ ਪੂਰਨ[13] ਰੰਗੁ[14] ॥	Perfect[13] is the bliss[14] of God's Name.	ਪੂਰਾ[13] ਹੈ ਅਨੰਦ[14] ਵਾਹਿਗੁਰੂ ਦੇ ਨਾਮ ਦਾ।
ਨਾਨਕ ਕਉ ਪ੍ਰਭ ਕਿਰਪਾ[15] ਧਾਰਿ[16] ॥ ਸਾਸਿ ਸਾਸਿ[17] ਹਰਿ ਦੇਹੁ ਚਿਤਾਰਿ[18] ॥ ੪॥੩੬॥੪੯॥	My Lord God, show[16] Thou mercy[15] unto Nanak, that he may contemplate[18] Thee with his every breath[17].	ਮੇਰੇ ਸੁਆਮੀ ਵਾਹਿਗੁਰੂ ! ਤੂੰ ਨਾਨਕ ਉਤੇ ਮਿਹਰ[15] ਕਰ[16] ਤਾਂ ਜੋ ਆਪਣੇ ਹਰ ਸੁਆਸ[17] ਨਾਲ ਉਹ ਤੇਰਾ ਸਿਮਰਨ[18] ਕਰੇ।

ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ
ਆਪੇ ਸਾਸਤੁ ਆਪੇ ਬੇਦੁ ॥	God Himself is the six Shastras and Himself the four Vedas.	ਵਾਹਿਗੁਰੂ ਆਪ ਛੇ ਸ਼ਾਸਤਰ ਹੈ ਅਤੇ ਆਪ ਹੀ ਚਾਰੇ ਵੇਦ ।
ਆਪੇ ਘਟਿ ਘਟਿ[19] ਜਾਣੈ ਭੇਦੁ[20] ॥	He, of Himself knows the secret[20] of all the hearts[19].	ਉਹ ਆਪ ਹੀ ਸਾਰਿਆਂ ਦਿਲਾਂ[19] ਦੇ ਭੇਤ[20] ਨੂੰ ਜਾਣਦਾ ਹੈ ।
ਜੋਤਿ[21] ਸਰੂਪ[22] ਜਾ ਕੀ[23] ਸਭ ਵਥੁ[24] ॥	He is the embodiment[22] of light[21], to whom[23] belong all the things[24].	ਉਹ ਨੂਰ[21] ਦਾ ਰੂਪ[22] ਹੈ, ਜਿਸ ਦੀ[23] ਮਲਕੀਅਤ ਹਨ ਸਾਰੀਆ ਵਸਤੂਆਂ[24] ।
ਕਰਣ[25] ਕਾਰਣ[26] ਪੂਰਨ[27] ਸਮਰਥੁ[28] ॥੧॥	The perfect[27] and all-powerful[28] Lord is the Doer[25] of all the deeds[26].	ਪੂਰਾ[27] ਅਤੇ ਸਰਬ-ਸ਼ਕਤੀਵਾਨ[28] ਪ੍ਰਭੂ ਸਾਰਿਆਂ ਕੰਮਾਂ[26] ਦੇ ਕਰਨ ਵਾਲਾ[25] ਹੈ ।
ਪ੍ਰਭ ਕੀ ਓਟ[29] ਗਹਹੁ[30] ਮਨ[31] ਮੇਰੇ ॥	O my soul[31], grasp[30] thou thy Lord's protection[29].	ਹੇ ਮੇਰੀ ਜਿੰਦੇ[31] ! ਤੂੰ ਆਪਣੇ ਪ੍ਰਭੂ ਦੀ ਪਨਾਹ[29] ਪਕੜ[30] ।
ਚਰਨ[32]ਕਮਲ[33] ਗੁਰਮੁਖਿ[34] ਆਰਾਧਹੁ[35] ਦੁਸਮਨ[36] ਦੂਖੁ[37] ਨ ਆਵੈ ਨੇਰੇ[38] ॥੧॥ਰਹਾਉ॥	By the Guru's grace[34], ponder[35] thou over the Lord's lotus[33] feet[32] and enemy[36] and anguish[37] shall come not near[38] thee. Pause	ਗੁਰਾਂ ਦੀ ਦਇਆ[34] ਦੁਆਰਾ, ਤੂੰ ਸੁਆਮੀ ਦੇ ਕੰਵਲ[33] ਰੂਪੀ ਪੈਰਾਂ[32] ਦਾ ਧਿਆਨ[35] ਧਾਰ ਅਤੇ ਵੈਰੀ[36] ਤੇ ਦੁਸ਼ਟ[37] ਤੇਰੇ ਨੇੜੇ[38] ਨਹੀਂ ਆਉਣਗੇ । ਠਹਿਰਾਉ ।
ਆਪੇ ਵਣੁ[39] ਤ੍ਰਿਣੁ[40] [41]ਤ੍ਰਿਭਵਣ[42] ਸਾਰੁ[43] ॥	The Lord,of Himself is the essence[43] of the woods[39], vegetation[40] and the three[41] worlds[42].	ਪ੍ਰਭੂ ਖ਼ੁਦ ਹੀ ਜੰਗਲਾਂ[39], ਬਨਾਸਪਤੀ[40] ਅਤੇ ਤਿੰਨਾਂ[41] ਜਹਾਨਾਂ[42] ਦਾ ਜੌਹਰ[43] ਹੈ ।
ਜਾ ਕੈ[44] ਸੂਤ[45] ਪਰੋਇਆ[46] ਸੰਸਾਰੁ[47] ॥	He is such in whose[44], thread[45], the world[47] is strung[46].	ਉਹ ਐਸਾ ਹੈ ਜਿਸ[44] ਦੇ ਧਾਗੇ[45] ਅੰਦਰ ਜਗਤ[47] ਪਰੋਤਾ[46] ਹੋਇਆ ਹੈ ।
ਆਪੇ ਸਿਵ[48] ਸਕਤੀ[49] ਸੰਜੋਗੀ[50] ॥	He Himself is the Uniter[50] of mind[48] and matter[49].	ਉਹ ਖ਼ੁਦ ਹੀ ਮਨ[48] ਤੇ ਮਾਦੇ[49] ਨੂੰ ਜੋੜਨ ਵਾਲਾ[50] ਹੈ ।
ਆਪਿ ਨਿਰਬਾਣੀ[51] ਆਪੇ ਭੋਗੀ[52] ॥੨॥	He Himself is Recluse[51] and Himself the Enjoyer[52].	ਉਹ ਖ਼ੁਦ ਵਿਰਕਤ[51] ਹੈ ਤੇ ਖ਼ੁਦ ਹੀ ਅਨੰਦ ਮਾਣਨ ਵਾਲਾ[52] ।
ਜਤ ਕਤ[53] ਪੇਖਉ[54] ਤਤ[55] ਤਤ ਸੋਇ[56] ॥	Wheresoever[53] I see[54], there[55], there He[56] is.	ਜਿਥੇ ਕਿਤੇ ਭੀ[53] ਮੈਂ ਵੇਖਦਾ[54] ਹਾਂ, ਉਥੇ[55], ਉਥੇ ਉਹ[56] ਹੀ ਹੈ ।
ਤਿਸੁ[57] ਬਿਨੁ ਦੂਜਾ[58] ਨਾਹੀ ਕੋਇ ॥	Without Him[57] there is not any other[58].	ਉਸ[57] ਦੇ ਬਗ਼ੈਰ ਹੋਰ ਕੋਈ[58] ਨਹੀਂ ।
ਸਾਗਰੁ[59] ਤਰੀਐ[60] ਨਾਮ ਕੈ ਰੰਗਿ[61] ॥	Loving[61] the Name, the world ocean[59] is crossed[60].	ਨਾਮ ਨੂੰ ਪਿਆਰ ਕਰਨ ਦੁਆਰਾ[61] ਜਗਤ ਸਮੁੰਦਰ[59] ਤੋਂ ਪਾਰ ਹੋ ਜਾਈਦਾ[60] ਹੈ ।
ਗੁਣ[62] ਗਾਵੈ[63] ਨਾਨਕੁ ਸਾਧ ਸੰਗਿ ॥੩॥	In the society of the saints, Nanak hymns[63] the Lord's praise[62]	ਸਤਿਸੰਗਤ ਅੰਦਰ, ਨਾਨਕ ਸੁਆਮੀ ਦੀ ਸਿਫ਼ਤ[62] ਗਾਇਨ ਕਰਦਾ[63] ਹੈ ।
ਮੁਕਤਿ[64]ਭੁਗਤਿ[65]ਜੁਗਤਿ[66] ਵਸਿ[67] ਜਾ ਕੈ ॥ ਊਣਾ[68]	O man[69], nothing is wanting[68] in the Home of Him[70], in whose	ਹੇ ਇਨਸਾਨ[69] ! ਉਸ ਦੇ[70] ਘਰ ਵਿਚ ਕਿਸੇ ਵਸਤੂ ਦਾ ਘਾਟਾ[68] ਨਹੀਂ ਜਿਸ ਦੇ ਇਖ਼ਤਿਆਰ[67] ਵਿਚ

ਨਾਹੀ ਕਿਛੁ ਜਨ[69]ਤਾਕੈ[70] ॥	power[67] are salvation[64], worldly success[65] and union[66].	ਹਨ ਕਲਿਆਣ[64], ਸੰਸਾਰੀ ਸਿਧਤਾ[65] ਤੇ ਮਿਲਾਪ[66] ।
ਕਰਿ ਕਿਰਪਾ[71] ਜਿਸੁ ਹੋਇ ਸੁਪ੍ਰਸੰਨ[72] ॥ ਨਾਨਕ ਦਾਸ[73] ਸੇਈ[74] ਜਨ[75] ਧੰਨ[76] ॥੪॥੩॥੫੦॥	He, on whom the Lord, by His mercy[71], is pleased[72]; blessed[76] are those[74] persons[75], O slave[73] Nanak.	ਆਪਣੀ ਮਿਹਰ[71] ਦੁਆਰਾ ਜਿਸ ਉਤੇ ਉਹ ਖੁਸ਼[72] ਹੁੰਦਾ ਹੈ; ਮੁਬਾਰਕ[76] ਹਨ ਉਹ[74] ਪੁਰਸ਼[75], ਹੇ ਨਫਰ[73] ਨਾਨਕ !
੧੧੫੧	**1151**	**੧੧੫੧**
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਭਗਤਾ[77] ਮਨਿ ਆਨੰਦੁ[78] ਗੋਬਿਦ[79] ॥	Within the mind of the Lord's[79] saints[77], there is bliss[78].	ਸਾਹਿਬ ਦੇ[79] ਸੰਤਾਂ[77] ਦੇ ਚਿਤ ਅੰਦਰ ਪ੍ਰਸੰਨਤਾ[78] ਹੈ ।
ਅਸਥਿਤਿ[80] ਭਏ ਬਿਨਸੀ[81] ਸਭ[82] ਚਿੰਦ[83] ॥	Moveless[80] become they, and ended[81] is all[82] their anxiety[83].	ਉਹ ਅਹਿੱਲ[80] ਹੋ ਜਾਂਦੇ ਹਨ ਅਤੇ ਮਿਟ ਜਾਂਦੀ[81] ਹੈ ਉਹਨਾਂ ਦੀ ਸਾਰੀ[82] ਚਿੰਤਾ[83] ।
ਭੈ[84] ਭ੍ਰਮ[85] ਬਿਨਸਿ ਗਏ ਖਿਨ[86] ਮਾਹਿ[87] ॥	In[87] an instant[86] their dread[84] and doubt[85] are dispelled.	ਇਕ ਮੁਹਤ[86] ਵਿਚ[87] ਉਹਨਾਂ ਦਾ ਡਰ[84] ਅਤੇ ਸੰਦੇਹ[85] ਦੂਰ ਹੋ ਜਾਂਦੇ ਹਨ ।
ਪਾਰਬ੍ਰਹਮੁ[88] ਵਸਿਆ[89] ਮਨਿ ਆਇ ॥੧॥	The Transcendent Lord[88] comes to abide[89] in their mind.	ਪਰਮ ਪ੍ਰਭੂ[88] ਆ ਕੇ ਉਹਨਾਂ ਦੇ ਅੰਤਰ ਆਤਮੇ ਟਿਕ ਜਾਂਦਾ[89] ਹੈ ।
ਰਾਮ ਰਾਮ[90] ਸੰਤ ਸਦਾ ਸਹਾਇ[91] ॥	The Lord Master[90] is ever the succourer[91] of His saints.	ਸੁਆਮੀ ਮਾਲਕ[90] ਸਦੀਵ ਹੀ ਆਪਣੇ ਸਾਧੂਆਂ ਦਾ ਮਦਦਗਾਰ[91] ਹੈ ।
ਘਰਿ[92] ਬਾਹਰਿ ਨਾਲੇ[93] ਪਰਮੇਸਰੁ ਰਵਿ ਰਹਿਆ[94] ਪੂਰਨ[95] ਸਭ ਠਾਇ[96] ॥ ੧ ॥ ਰਹਾਉ ॥	Within and without the house[92], the Lord is ever with[93] us. He is fully[95] pervading[94] all places[96]. Pause.	ਗ੍ਰਿਹ[92] ਦੇ ਅੰਦਰ ਅਤੇ ਬਾਹਰ, ਸੁਆਮੀ ਹਮੇਸ਼ਾਂ ਸਾਡੇ ਸਾਥ[93] ਹੈ । ਸਾਰੀਆਂ ਥਾਵਾਂ[96] ਅੰਦਰ ਉਹ ਪੂਰੀ ਤਰ੍ਹਾਂ[95] ਵਿਆਪਕ[94] ਹੋ ਰਿਹਾ ਹੈ । ਠਹਿਰਾਉ ।
ਧਨੁ[97] ਮਾਲੁ[98] ਜੋਬਨੁ[99] ਜੁਗਤਿ[100] [2]ਗੋਪਾਲ[3] ॥	God, the Cherisher[3] of the universe[2], is my wealth[97], property[98], youth[99] and way[100].	ਆਲਮ[2] ਦਾ ਪਾਲਣ ਪੋਸਣਹਾਰ[3] ਵਾਹਿਗੁਰੂ, ਮੇਰੀ ਦੌਲਤ[97], ਜਾਇਦਾਦ[98], ਜੁਆਨੀ[99] ਅਤੇ ਮਾਰਗ[100] ਹੈ ।
ਜੀਅ[4] ਪ੍ਰਾਣ[5] ਨਿਤ[6] ਸੁਖ[7] ਪ੍ਰਤਿਪਾਲ[8] ॥	He ever[6] soothes[7] and sustains[8] my soul[4] and very life[5].	ਉਹ ਮੇਰੀ ਜਿੰਦੜੀ[4] ਅਤੇ ਜਿੰਦ ਜਾਨ[5] ਨੂੰ ਸਦਾ[6] ਹੀ ਆਰਾਮ ਦਿੰਦਾ[7] ਤੇ ਪਾਲਦਾ-ਪੋਸਦਾ[8] ਹੈ ।
ਅਪਨੇ ਦਾਸ[9] ਕਉ ਦੇ[10] ਰਾਖੈ[12] ਹਾਥ ॥	Lending[10] His hand, the Lord saves[12] His serf[9].	ਆਪਣਾ ਹਥ ਦੇ ਕੇ[10], ਸਾਂਈਂ ਆਪਣੇ ਨਫਰਾਂ[9] ਦੀ ਰੱਖਿਆ ਕਰਦਾ[12] ਹੈ ।
ਨਿਮਖ[13] ਨ ਛੋਡੈ ਸਦ[14] ਹੀ ਸਾਥ[15] ॥੨॥	Ever for an instant[13] He leaves him not and ever[14] accompanies[15] him.	ਇਕ ਮੁਹਤ[13] ਭਰ ਲਈ ਭੀ ਉਹ ਉਸ ਨੂੰ ਨਹੀਂ ਛਡਦਾ ਅਤੇ ਹਮੇਸ਼ਾ[14] ਉਸ ਦੇ ਨਾਲ[15] ਰਹਿੰਦਾ ਹੈ ।
ਹਰਿ ਸਾ[16] ਪ੍ਰੀਤਮੁ[17] ਅਵਰੁ ਨ ਕੋਇ ॥	Like[16] God, there is no other friend[17].	ਵਾਹਿਗੁਰੂ ਵਰਗਾ[16], ਹੋਰ ਕੋਈ ਮਿੱਤ੍ਰ[17] ਨਹੀਂ ।
ਸਾਰਿ ਸਮ੍ਹਾਲੇ[18] ਸਾਚਾ ਸੋਇ[19] ॥	He[19], the True Lord, takes care[18] of all.	ਉਹ[19] ਸਚਾ ਸੁਆਮੀ, ਸਾਰਿਆਂ ਦੀ ਰਖਵਾਲੀ[18] ਕਰਦਾ ਹੈ ।

ਮਾਤ[20] ਪਿਤਾ[21] ਸੁਤ[22] ਬੰਧੁ[23] ਨਰਾਇਣੁ[24] ॥	The Lord[24] is the Mother[20], Father[21], Son[22] and Kinsman[23] of all.	ਸਾਂਈਂ[24] ਸਮੂਹ ਦੀ ਮਾਂ[20], ਪਿਉ[21], ਪੁਤਰ[22] ਅਤੇ ਸਨਬੰਧੀ[23] ਹੈ।
ਆਦਿ ਜੁਗਾਦਿ[25] ਭਗਤ[26] ਗੁਣ[27] ਗਾਇਣੁ ॥੩॥	Since the beginning and the commencement of ages[25], the saints[26] sing His praises[27].	ਐਨ ਆਰੰਭ ਅਤੇ ਯੁਗਾਂ ਦੇ ਸ਼ੁਰੂ[25] ਤੋਂ, ਸਾਧੂ[26] ਉਸ ਦੀਆਂ ਸਿਫ਼ਤਾਂ[27] ਗਾਇਨ ਕਰਦੇ ਹਨ।
ਤਿਸ[28] ਕੀ ਧਰ[29] ਪ੍ਰਭ ਕਾ ਮਨਿ[31] ਜੋਰੁ[30] ॥	Within my mind[31] is the prop[29] and power[30] of that[28] Lord.	ਮੇਰੇ ਚਿਤ[31] ਅੰਦਰ ਉਸ[28] ਪ੍ਰਭੂ ਦਾ ਆਸਰਾ[29] ਅਤੇ ਬਲ[30] ਹੈ।
ਏਕ[32] ਬਿਨਾ ਦੂਜਾ ਨਹੀ ਹੋਰੁ ॥	Without the One Lord[32], there is not another second.	ਇਕ ਪ੍ਰਭੂ[32] ਦੇ ਬਗ਼ੈਰ, ਹੋਰ ਕੋਈ ਦੂਸਰਾ ਨਹੀਂ।
ਨਾਨਕ ਕੈ ਮਨਿ ਇਹੁ ਪੁਰਖਾਰਥੁ[33] ॥ ਪ੍ਰਭੂ ਹਮਾਰਾ ਸਾਰੇ[34]ਸੁਆਰਥੁ[35]॥੪॥੩੮॥੫੧॥	Within the mind of Nanak is this support[33], that my Lord shall accomplish[34] my tasks[35].	ਨਾਨਕ ਦੇ ਮਨ ਅੰਦਰ ਇਹ ਆਸਰਾ[33] ਹੈ, ਕਿ ਮੇਰਾ ਸੁਆਮੀ ਮੇਰੇ ਕਾਰਜ[35] ਸੰਪੂਰਨ[34] ਕਰ ਦੇਵੇਗਾ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਭੈ[36] ਕਉ ਭਉ ਪੜਿਆ[37] ਸਿਮਰਤ[38] ਹਰਿ ਨਾਮ ॥	Contemplating[38] the Lord's Name, man's fear[36] becomes[37] afraid of him.	ਪ੍ਰਭੂ ਦੇ ਨਾਮ ਦਾ ਆਰਾਧਨ[38] ਕਰਨ ਦੁਆਰਾ ਬੰਦੇ ਦਾ ਡਰ[36] ਉਸ ਪਾਸੋਂ ਡਰਨ ਲਗ ਜਾਂਦਾ[37] ਹੈ।
ਸਗਲ ਬਿਆਧਿ[39] ਮਿਟੀ[40] ਤ੍ਰਿਹੁ[41] ਗੁਣ[42] ਕੀ ਦਾਸ[43] ਕੇ ਹੋਏ ਪੂਰਨ[44] ਕਾਮ ॥੧॥ ਰਹਾਉ ॥	All the diseases[39] of the three[41] qualities[42] are cured[40] and the Lord's slaves[43] tasks are accomplished[44]. Pause.	ਤਿੰਨਾਂ[41] ਲਛਣਾਂ[42] ਦੀਆਂ ਸਾਰੀਆਂ ਬੀਮਾਰੀਆਂ[39] ਦੂਰ[40] ਹੋ ਗਈਆਂ ਹਨ ਅਤੇ ਸਾਂਈਂ ਦੇ ਗੋਲੇ[43] ਦੇ ਸਾਰੇ ਕਾਰਜ ਸੰਪੂਰਨ[44] ਹੋ ਗਏ ਹਨ। ਠਹਿਰਾਉ।
ਹਰਿ ਕੇ ਲੋਕ[45] ਸਦਾ ਗੁਣ[46] ਗਾਵਹਿ ਤਿਨ ਕਉ ਮਿਲਿਆ ਪੂਰਨ[47] ਧਾਮ[48]॥	God's men[45] ever hymn God's praise[46] and they attain unto His perfect[47] mansion[48].	ਵਾਹਿਗੁਰੂ ਦੇ ਬੰਦੇ[45] ਹਮੇਸ਼ਾ ਵਾਹਿਗੁਰੂ ਦੀਆਂ ਸਿਫ਼ਤਾਂ[46] ਗਾਇਨ ਕਰਦੇ ਹਨ ਅਤੇ ਉਹ ਉਸ ਦੇ ਪੂਰੇ[47] ਮੰਦਰ[48] ਨੂੰ ਪਾ ਲੈਂਦੇ ਹਨ।
ਜਨ[49] ਕਾ ਦਰਸੁ[50] ਬਾਂਛੈ[51] ਦਿਨ ਰਾਤੀ ਹੋਇ ਪੁਨੀਤ[52] ਧਰਮ ਰਾਇ ਜਾਮ[53] ॥੧॥	Even the Righteous Judge and the Yama[53], to be sanctified[52], day and night long for[51] the vision[50] of the Lord's slave[49].	ਧਰਮ ਰਾਜਾ ਅਤੇ ਯਮ[53] ਭੀ ਪ੍ਰਭੂ ਦੇ ਗੋਲੇ[49] ਦੇ ਦਰਸ਼ਨ[50] ਨੂੰ ਪਵਿਤਰ[52] ਹੋਣ ਲਈ, ਦਿਹੁੰ ਅਤੇ ਰੈਣ ਲੋਚਦੇ[51] ਹਨ।
ਕਾਮ[54] ਕ੍ਰੋਧ[55] ਲੋਭ[56] ਮਦ[57] ਨਿੰਦਾ[58] ਸਾਧ ਸੰਗਿ ਮਿਟਿਆ[59] ਅਭਿਮਾਨ[60] ॥	In the saints' society, lust[54], wrath[55], avarice[56], ego[57], slander[58] and self-conceit[60] are effaced[59].	ਸਤਿਸੰਗਤ ਅੰਦਰ ਕਾਮ ਚੇਸ਼ਟਾ[54], ਗੁੱਸਾ[55], ਲਾਲਚ[56], ਹੰਕਾਰ[57], ਬਦਖੋਈ[58] ਅਤੇ ਸਵੈ-ਹੰਗਤਾ[60] ਮਿਟ ਜਾਂਦੀਆਂ[59] ਹਨ।
ਐਸੇ[61] ਸੰਤ ਭੇਟਹਿ[62] ਵਡਭਾਗੀ ਨਾਨਕ ਤਿਨ	Through the greatest good fortune, such[61] saints are met[62]. Nanak is	ਪਰਮ ਚੰਗੇ ਨਸੀਬਾਂ ਰਾਹੀਂ ਇਹੋ ਜਿਹੇ[61] ਸਾਧੂ ਮਿਲਦੇ[62] ਹਨ। ਨਾਨਕ ਉਹਨਾਂ ਉਤੋਂ ਹਮੇਸ਼ਾ ਹੀ ਘੋਲੀ[63]

ਕੇ ਸਦ ਕੁਰਬਾਨ[63] ॥੨॥ ੩੯॥੫੨॥	ever a sacrifice[63] unto them	ਜਾਂਦਾ ਹੈ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਪਚ[64] ਮਜਮੀ[65] ਜੋ ਪੰਚਨ[66] ਰਾਖੈ[67] ॥	He, who harbours[67] the five[66] demons, himself becomes the embodiment[65] of these five[64].	ਜੋ ਪੰਜਾਂ[66] ਭੂਤਨਿਆਂ ਨੂੰ ਪਨਾਹ ਦਿੰਦਾ[67] ਹੈ, ਉਹ ਖ਼ੁਦ ਇਨ੍ਹਾਂ ਪੰਜਾਂ[64] ਦਾ ਸਰੂਪ[65] ਹੋ ਜਾਂਦਾ ਹੈ ।
ਮਿਥਿਆ[68] ਰਸਨਾ[69] ਨਿਤ[70] ਉਠਿ[71] ਭਾਖੈ[72] ॥	Arising[71] daily[70], he utters[72] falsehood[68] with his tongue[69].	ਨਿਤਾਪ੍ਰਤੀ[70] ਉਠ ਕੇ[71], ਉਹ ਆਪਣੀ ਜੀਭ[69] ਨਾਲ ਝੂਠ[68] ਬੋਲਦਾ[72] ਹੈ ।
ਚਕ੍ਰ[73] ਬਣਾਇ[74] ਕਰੈ[75] ਪਾਖੰਡ[76] ॥	Making[74] religious marks[73] on his body, he practises[75] hypocrisy[76].	ਆਪਣੀ ਦੇਹਿ ਤੇ ਧਾਰਮਕ ਚਿੰਨ੍ਹ[73] ਬਣਾ[74] ਕੇ ਉਹ ਦੰਭ[76] ਕਮਾਉਂਦਾ[75] ਹੈ ।
ਝੁਰਿ[77] ਝੁਰਿ ਪਚੈ[78] ਜੈਸੇ[79] ਤ੍ਰਿਅ[80] ਰੰਡ[81] ॥੧॥	Repining and repenting[77], he putrefies[78] like[79] a widowed[81] woman[80].	ਪਛਤਾਉਂਦਾ[77] ਅਤੇ ਝੁਰਦਾ ਹੋਇਆ ਉਹ, ਵਿਧਵਾ[81] ਤ੍ਰੀਮਤ[80] ਦੀ ਤਰ੍ਹਾਂ[79], ਗਲ ਸੜ[78] ਜਾਂਦਾ ਹੈ ।
ਹਰਿ ਕੇ ਨਾਮ ਬਿਨਾ ਸਭ ਝੂਠੁ[82] ॥	All is false[82] without the Lord's Name.	ਰਬ ਦੇ ਨਾਮ ਦੇ ਬਗੈਰ ਸਾਰਾ ਕੁਛ ਕੂੜ[82] ਹੈ ।
ਬਿਨੁ ਗੁਰ ਪੂਰੇ[87] ਮੁਕਤਿ[83] ਨ ਪਾਈਐ ਸਾਚੀ ਦਰਗਹਿ[84] ਸਾਕਤ[85] ਮੂਠੁ[86] ॥੧॥ ਰਹਾਉ ॥	Save the Perfect[87] Guru, salvation[83] is obtained not and in the True court[84], the mammon-worshipper[85] is plundered[86]. Pause.	ਪੂਰਨ[87] ਗੁਰਾਂ ਦੇ ਬਾਝੋਂ ਮੋਖ਼ਸ਼[83] ਪਰਾਪਤ ਨਹੀਂ ਹੁੰਦੀ ਅਤੇ ਸੱਚੇ ਦਰਬਾਰ[84] ਅੰਦਰ, ਮਾਇਆ ਦਾ ਪੁਜਾਰੀ[85] ਲੁਟਿਆ ਪੁਟਿਆ[86] ਜਾਂਦਾ ਹੈ । ਠਹਿਰਾਉ ।
ਸੋਈ[89] ਕੁਚੀਲੁ[88] ਕੁਦਰਤਿ[90] ਨਹੀ ਜਾਨੈ[91] ॥	He[89] alone is filthy[88], who realises[91] not the Lord's Omnipotence[90].	ਕੇਵਲ ਉਹ[89] ਹੀ ਮਲੀਨ[88] ਹੈ ਜੋ ਪ੍ਰਭੂ ਦੀ ਅਪਾਰ[90] ਸਕਤੀ ਨੂੰ ਅਨੁਭਵ[91] ਨਹੀਂ ਕਰਦਾ ।
ਲੀਪਿਐ[92] ਥਾਇ[93] ਨ ਸੁਚਿ[94] ਹਰਿ ਮਾਨੈ[95] ॥	The plastered[92] place[93], the Lord deems[95] not pure[94].	ਲੇਪੇ[92] ਹੋਏ ਥਾਂ[93] ਨੂੰ ਪ੍ਰਭੂ ਪਵਿੱਤਰ[94] ਨਹੀਂ ਮੰਨਦਾ[95] ।
ਅੰਤਰੁ[96] ਮੈਲਾ[97] ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ[98] ਅਪਨੀ ਪਤਿ[99] ਖੋਵੈ[100] ॥੨॥	If man is filthy[97] from within[96], and daily washes himself from without; in the True Court[98], he loses[100] his honour[99].	ਜੇਕਰ ਇਨਸਾਨ ਅੰਦਰੋਂ[96] ਗੰਦਾ[97] ਹੈ ਅਤੇ ਹਰ ਰੋਜ਼ ਹੀ ਆਪਣੇ ਆਪ ਨੂੰ ਬਾਹਰੋਂ ਧੋਂਦਾ ਹੈ; ਸਚੇ ਦਰਬਾਰ[98] ਅੰਦਰ ਉਹ ਆਪਣੀ ਇਜ਼ਤ[99] ਗੁਆ[100] ਲੈਂਦਾ ਹੈ ।
ਮਾਇਆ[2] ਕਾਰਣਿ[3] ਕਰੈ ਉਪਾਉ[4] ॥ ਕਬਹਿ[5] ਨ ਘਾਲੈ[6] ਸੀਧਾ[7] ਪਾਉ[8] ॥	He makes effort[4] for the sake[3] of riches[2] and places[6] not his foot[8] on the right path[7] ever[5].	ਉਹ ਧਨ-ਦੌਲਤ[2] ਦੀ ਖ਼ਾਤਰ[3] ਉਪਰਾਲਾ[4] ਕਰਦਾ ਹੈ ਅਤੇ ਕਦੇ[5] ਭੀ ਠੀਕ ਰਾਹ[7] ਤੇ ਆਪਣਾ ਪੈਰ[8] ਨਹੀਂ ਧਰਦਾ[6] ।
ਜਿਨਿ ਕੀਆ[12] ਤਿਸੁ[9] ਚੀਤਿ[10] ਨ ਆਣੈ ॥	He, who created[12] Him; Him[9] he remembers[10] not.	ਜਿਸ ਨੇ ਉਸ ਨੂੰ ਰਚਿਆ[12] ਹੈ; ਉਸ[9] ਨੂੰ ਉਹ ਚੇਤੇ[10] ਨਹੀਂ ਕਰਦਾ ।
ਕੂੜੀ ਕੂੜੀ[13] ਮੁਖਹੁ[14] ਵਖਾਣੈ[15] ॥੩॥	With his mouth[14], he utters[15] falsehood[13].	ਆਪਣੇ ਮੂੰਹ[14] ਨਾਲ ਨਿਰੋਲ ਝੂਠ[13] ਹੀ ਬਕਦਾ[15] ਹੈ ।
ਜਿਸ ਨੋ ਕਰਮੁ[16] ਕਰੇ[17]	He, to whom the Creator-Lord[18]	ਜਿਸ ਉਤੇ ਸਿਰਜਣਹਾਰ-ਸੁਆਮੀ[18] ਮਿਹਰ[16]

ਕਰਤਾਰੁ[18] ॥	shows[17] mercy[16];	ਧਾਰਦਾ[17] ਹੈ ;
ਸਾਧ ਸੰਗਿ ਹੋਇ ਤਿਸੁ[19] ਬਿਉਹਾਰੁ[20] ॥	He[19] deals[20] with the saints' society.	ਉਸ ਦਾ[19] ਸਤਿਸੰਗਤ ਨਾਲ ਮੇਲ ਮਿਲਾਪ[20] ਹੋ ਜਾਂਦਾ ਹੈ ।
ਹਰਿ ਨਾਮ ਭਗਤਿ[21] ਸਿਉ ਲਾਗਾ ਰੰਗੁ[22] ॥ ਕਹੁ ਨਾਨਕ ਤਿਸੁ[23] ਜਨ[24] ਨਹੀ ਭੰਗੁ[25] ॥ ੪ ॥ ੪੦ ॥ ੫੩॥	He who loves[22] the Lord's Name and service[21] ; says Nanak, no obstacle[25] befalls that[23] man[24].	ਜੋ ਪ੍ਰਭੂ ਦੇ ਨਾਮ ਅਤੇ ਸੇਵਾ[21] ਨੂੰ ਪਿਆਰ ਕਰਦਾ[22] ਹੈ ; ਗੁਰੂ ਜੀ ਫੁਰਮਾਉਂਦੇ ਹਨ, ਉਸ[23] ਬੰਦੇ[24] ਨੂੰ ਕੋਈ ਵਿਘਨ[25] ਨਹੀਂ ਵਾਪਰਦਾ ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਨਿੰਦਕ[26] ਕਉ ਫਿਟਕੇ[27] ਸੰਸਾਰੁ[28] ॥	The world[28] curses[27] the slanderer[26].	ਬਦਖੋਈ ਕਰਨ ਵਾਲੇ[26] ਨੂੰ ਜਗਤ[28] ਫਿਟ-ਲਾਣ੍ਹਤ[27] ਦਿੰਦਾ ਹੈ ।
ਨਿੰਦਕ ਕਾ ਝੂਠਾ[29] ਬਿਉਹਾਰੁ[30] ॥	False[29] are the dealings[30] of the calumniator.	ਕੂੜਾ[29] ਹੈ ਕਾਰ ਵਿਹਾਰ[30] ਕਲੰਕ ਲਾਉਣ ਵਾਲੇ ਦਾ ।
ਨਿੰਦਕ ਕਾ ਮੈਲਾ[31] ਆਚਾਰੁ[32] ॥	Filthy[31] is the way of life[32] of the calumniator.	ਮਲੀਣ[31] ਹੈ ਜੀਵਨ ਰਹੁ ਰੀਤੀ[32], ਕਲੰਕ ਲਾਉਣ ਵਾਲੇ ਦੀ ।
ਦਾਸ[33] ਅਪੁਨੇ ਕਉ ਰਾਖਨਹਾਰੁ[34] ॥੧॥	The Lord is the saviour[34] of His slave[33].	ਸੁਆਮੀ ਆਪਣੇ ਗੋਲੇ[33] ਦਾ ਰਖਿਅਕ[34] ਹੈ ।
ਨਿੰਦਕੁ ਮੁਆ ਨਿੰਦਕ ਕੈ ਨਾਲਿ[35] ॥	The slanderer dies with[35] the slanderer.	ਕਲੰਕ ਲਾਉਣ ਵਾਲਾ, ਕਲੰਕ ਲਾਉਣ ਵਾਲੇ ਦੇ ਸਾਥ[35] ਹੀ ਮਰ ਜਾਂਦਾ ਹੈ ।
੧੧੫੨	**1152**	**੧੧੫੨**
ਪਾਰਬ੍ਰਹਮ[36] ਪਰਮੇਸਰਿ[37] ਜਨ[38] ਰਾਖੇ[39] ਨਿੰਦਕ ਕੈ ਸਿਰਿ[40] ਕੜਕਿਓ[41] ਕਾਲੁ[42] ॥੧॥ ਰਹਾਉ॥	The Supreme Lord[36] Master[37] saves[39] His slave[38], and over the head[40] of the calumniator roars[41] death[42]. Pause.	ਸ਼੍ਰੋਮਣੀ ਸਾਹਿਬ[36] ਮਾਲਕ[37] ਆਪਣੇ ਗੋਲੇ[38] ਦੀ ਰਖਿਆ ਕਰਦਾ[39] ਹੈ ਅਤੇ ਦੂਸ਼ਨ ਥੱਪਣ ਵਾਲੇ ਦੇ ਸਿਰ[40] ਉਤੇ ਮੌਤ[42] ਗੱਜਦੀ[41] ਹੈ । ਠਹਿਰਾਉ ।
ਨਿੰਦਕ ਕਾ ਕਹਿਆ[43] ਕੋਇ ਨ ਮਾਨੈ[44] ॥ ਨਿੰਦਕ ਝੂਠੁ ਬੋਲਿ ਪਛੁਤਾਨੇ[45] ॥	Nore believes[44] in what a reviler says[43]. Uttering falsehood the reviler regrets[45].	ਜਿਹੜਾ ਕੁਛ ਬੁਗੋਣ ਵਾਲਾ ਆਖਦਾ[43] ਹੈ, ਉਸ ਵਿਚ ਕੋਈ ਭੀ ਯਕੀਨ[44] ਨਹੀਂ ਕਰਦਾ । ਕੂੜ ਬਕਣ ਦੁਆਰਾ ਬੁਗੋਣ ਵਾਲਾ ਪਸਚਾਤਾਪ[45] ਕਰਦਾ ਹੈ ।
ਹਾਥ ਪਛੋਰਹਿ[46] ਸਿਰੁ[47] ਧਰਨਿ[48] ਲਗਾਹਿ[49] ॥ ਨਿੰਦਕ ਕਉ ਦਈ[50] ਛੋਡੈ[51] ਨਾਹਿ ॥੨॥	He writhes[46] his hands and dashes[49] his head[47] against the ground[48]. The Lord[50] forgives[51] not the reviler.	ਉਹ ਆਪਣੇ ਹੱਥ ਮਲਦਾ[46] ਹੈ ਅਤੇ ਆਪਣੇ ਮੂੰਡ[47] ਨੂੰ ਧਰਤੀ[48] ਨਾਲ ਪਟਕਾਉਂਦਾ[49] ਹੈ । ਪ੍ਰਭੂ[50] ਬੁਗੋਣ ਵਾਲੇ ਨੂੰ ਮਾਫ਼[51] ਨਹੀਂ ਕਰਦਾ ।
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ[52] ॥	God's slave wishes[52] ill to no one.	ਰਬ ਦਾ ਗੋਲਾ ਕਿਸੇ ਦਾ ਭੀ ਬੁਰਾ ਨਹੀਂ ਮੰਗਦਾ[52] ।
ਨਿੰਦਕ ਕਉ ਲਾਗੈ[53] ਦੁਖ ਸਾਂਗੈ[54] ॥	The reproacher endures[53] the pain of the wound of a bayonet[54].	ਤੁਹਮਤ ਲਾਉਣ ਵਾਲਾ ਬਰਛੀ[54] ਦੇ ਫੱਟ ਦੇ ਦੁਖ ਸਹਾਰਦਾ[53] ਹੈ ।

ਬਗੁਲੇ[55] ਜਿਉ[56] ਰਹਿਆ[59] ਪੰਖ[57] ਪਸਾਰਿ[58] ॥	Like[56] the crane's[55] spreading[58] of its feathers[57], he poses[59] as a swan.	ਬਗ[55] ਦੇ ਖੰਭ[57] ਖਿਲਾਰਨ[58] ਦੀ ਤਰ੍ਹਾਂ[56], ਉਹ ਹੰਸ ਬਣ ਬਣ ਬਹਿੰਦਾ[59] ਹੈ।
ਮੁਖ[60] ਤੇ ਬੋਲਿਆ[61] ਤਾਂ[62] ਕਢਿਆ[63] ਬੀਚਾਰਿ[64] ॥੩॥	When he utters[61] a word with his mouth[60], then[62] is he exposed[64] and driven out[63].	ਜਦ ਉਹ ਆਪਣੇ ਮੂੰਹ[60] ਬਚਨ ਉਚਾਰਦਾ[61] ਹੈ; ਤਦ[62] ਜ਼ਾਹਰ[64] ਹੋ ਜਾਣ ਤੇ, ਉਹ ਬਾਹਰ ਕਢ ਦਿਤਾ[63] ਜਾਂਦਾ ਹੈ।
ਅੰਤਰਜਾਮੀ[65] ਕਰਤਾ[66] ਸੋਇ[67] ॥	He[67], the Creator-Lord[66] is the Inner-knower[65].	ਉਹ[67], ਸਿਰਜਣਹਾਰ[66] ਸੁਆਮੀ ਅੰਦਰਲੀਆਂ ਜਾਣਨਹਾਰ[65] ਹੈ।
ਹਰਿ ਜਨੁ[68] ਕਰੈ[69] ਸੁ[70] ਨਿਹਚਲੁ[71] ਹੋਇ[72] ॥	He[70], whom the Lord makes[69] His servant[68]; becomes[72] eternally stable[71].	ਜਿਸ ਨੂੰ ਸੁਆਮੀ ਆਪਣਾ ਸੇਵਕ[68] ਬਣਾ ਲੈਂਦਾ[69] ਹੈ; ਉਹ[70] ਸਦੀਵੀ ਸਥਿਰ[71] ਹੋ ਜਾਂਦਾ[72] ਹੈ।
ਹਰਿ ਕਾ ਦਾਸੁ[73] ਸਾਚਾ ਦਰਬਾਰਿ[74] ॥	God's servant[73] is proclaimed true in the Lord's court[74].	ਵਾਹਿਗੁਰੂ ਦਾ ਨੌਕਰ[73] ਪ੍ਰਭੂ ਦੀ ਦਰਗਾਹ[74] ਅੰਦਰ ਸੱਚਾ ਕਰਾਰ ਦਿਤਾ ਜਾਂਦਾ ਹੈ।
ਜਨ[75] ਨਾਨਕ ਕਹਿਆ ਤਤੁ[76] ਬੀਚਾਰਿ[77] ॥ ੪ ॥ ੪੧॥੫੪॥	Says slave[75] Nanak, this is the quintessence[76] of the Lord's meditation[77].	ਗੋਲਾ[75] ਨਾਨਕ ਆਖਦਾ ਹੈ, ਇਹ ਹੈ ਸਾਰ-ਅੰਸ਼[76] ਸੁਆਮੀ ਦੇ ਸਿਮਰਨ[77] ਦਾ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਦੁਇ ਕਰ[78] ਜੋਰਿ ਕਰਉ ਅਰਦਾਸਿ[79] ॥	Joining both my hands[78] I make supplication[79] before the Lord.	ਆਪਣੇ ਦੋਨੋਂ ਹਥ[78] ਜੋੜ ਕੇ ਮੈਂ ਪ੍ਰਭੂ ਮੂਹਰੇ ਬੇਨਤੀ[79] ਕਰਦਾ ਹਾਂ।
ਜੀਉ[80] ਪਿੰਡੁ[81] ਧਨੁ[82] ਤਿਸ[83] ਕੀ ਰਾਸਿ[84] ॥	My soul[80], body[81] and wealth[82] are His[83] capital[84].	ਮੇਰੀ ਜਿੰਦੜੀ[80], ਦੇਹਿ[81] ਅਤੇ ਦੌਲਤ[82] ਉਸੇ[83] ਦੀ ਪੂੰਜੀ[84] ਹਨ।
ਸੋਈ[85] ਮੇਰਾ ਸੁਆਮੀ ਕਰਨੈਹਾਰੁ[86] ॥	He[85] alone is my Creator-Lord[86].	ਕੇਵਲ ਉਹ[85] ਹੀ ਮੇਰਾ ਸਿਰਜਣਹਾਰ-ਮਾਲਕ[86] ਹੈ।
ਕੋਟਿ ਬਾਰ ਜਾਈ ਬਲਿਹਾਰ[87] ॥੧॥	Myriads of times, I am a sacrifice[87] unto Him.	ਕ੍ਰੋੜਾਂ ਵਾਰੀ ਮੈਂ ਉਸ ਉਤੋਂ ਘੋਲੀ[87] ਜਾਂਦਾ ਹਾਂ।
ਸਾਧੂ ਧੂਰਿ[88] ਪੁਨੀਤ[89] ਕਰੀ ॥	The dust[88] of the saints' feet purifies[89] one.	ਸੰਤਾਂ ਦੇ ਪੈਰਾਂ ਦੀ ਧੂੜ[88] ਜੀਵ ਨੂੰ ਪਵਿੱਤਰ[89] ਕਰ ਦਿੰਦੀ ਹੈ।
ਮਨ ਕੇ ਬਿਕਾਰ[90] ਮਿਟਹਿ[91] ਪ੍ਰਭ ਸਿਮਰਤ[92] ਜਨਮ ਜਨਮ[93] ਕੀ ਮੈਲੁ[94] ਹਰੀ[95] ॥੧॥ ਰਹਾਉ ॥	Meditating[92] on the Lord, the mind's sins[90] are effaced[91] and the filth[94] of many births[93] is washed off[95]. Pause.	ਸੁਆਮੀ ਦੇ ਨਾਮ ਦਾ ਆਰਾਧਨ[92] ਕਰਨ ਦੁਆਰਾ ਮਨੂਏ ਦੇ ਪਾਪ[90] ਨਸ਼ਟ[91] ਹੋ ਜਾਂਦੇ ਹਨ ਅਤੇ ਅਨੇਕਾਂ ਜਨਮਾਂ[93] ਦੀ ਗੰਦਗੀ[94] ਧੋਤੀ[95] ਜਾਂਦੀ ਹੈ। ਠਹਿਰਾਉ।
ਜਾ ਕੈ ਗ੍ਰਿਹ ਮਹਿ ਸਗਲ ਨਿਧਾਨ[96] ॥ ਜਾ ਕੀ ਸੇਵਾ ਪਾਈਐ ਮਾਨੁ[97] ॥	Such is the Lord in whose house are all treasures[96] and through whose service, one is blessed with honour[97].	ਐਸਾ ਹੈ ਸਾਹਿਬ, ਜਿਸ ਦੇ ਘਰ ਵਿਚ ਸਾਰੇ ਖ਼ਜ਼ਾਨੇ[96] ਹਨ, ਤੇ ਜਿਸ ਦੀ ਟਹਿਲ ਸੇਵਾ ਰਾਹੀਂ ਇਜ਼ਤ[97] ਪਰਾਪਤ ਹੁੰਦੀ ਹੈ।

ਸਗਲ ਮਨੋਰਥ[98] ਪੂਰਨਹਾਰ[99] ॥ ਜੀਅ[100] ਪ੍ਰਾਨ[2] ਭਗਤਨ[3] ਆਧਾਰ[4] ॥੨॥	He is the Fulfiller[99] of all the desires[98] and is the support[4] of the soul[100] and life-breath[2] of His devotees[3].	ਉਹ ਸਾਰੀਆਂ ਖ਼ਾਹਿਸ਼ਾਂ[98] ਪੂਰੀਆਂ ਕਰਨ ਵਾਲਾ[99] ਹੈ ਅਤੇ ਆਪਣੇ ਸ਼ਰਧਾਲੂਆਂ[3] ਦੀ ਜਿੰਦੜੀ[100] ਤੇ ਜਿੰਦ-ਜਾਨ[2] ਦਾ ਆਸਰਾ[4] ਹੈ।
ਘਟ ਘਟ[5] ਅੰਤਰਿ[6] ਸਗਲ[7] ਪ੍ਰਗਾਸ[8] ॥	Within[6] the hearts[5] of all men[7], is Thy Light[8].	ਸਾਰਿਆ ਜੀਵਾਂ[7] ਦੇ ਦਿਲਾਂ[5] ਅੰਦਰ[6] ਤੇਰਾ ਹੀ ਚਾਨਣ[8] ਹੈ।
ਜਪਿ[9]ਜਪਿ ਜੀਵਹਿ ਭਗਤ[10] [12]ਗੁਨਤਾਸ[13] ॥	The devotees[10] live by remembering[9], remembering God, the Treasure[13] of virtues[12].	ਸ਼ਰਧਾਵਾਨ[10], ਨੇਕੀਆਂ[12] ਦੇ ਖ਼ਜ਼ਾਨੇ[13] ਵਾਹਿਗੁਰੂ ਨੂੰ ਆਰਾਧ[9], ਆਰਾਧ ਕੇ ਜੀਉਂਦੇ ਹਨ।
ਜਾਕੀ ਸੇਵ[14] ਨ ਬਿਰਥੀ[15] ਜਾਇ ॥ ਮਨ ਤਨ ਅੰਤਰਿ ਏਕੁ ਧਿਆਇ[16] ॥੩॥	In thy mind and body contemplate[16] thou the one Lord, whose service[14] goes not in vain[15].	ਆਪਣੇ ਹਿਰਦੇ ਅਤੇ ਦੇਹਿ ਅੰਦਰ ਤੂੰ ਇਕ ਪ੍ਰਭੂ ਦਾ ਸਿਮਰਨ[16] ਕਰ; ਜਿਸ ਦੀ ਘਾਲ[14] ਨਿਸਫਲ[15] ਨਹੀਂ ਜਾਂਦੀ।
ਗੁਰ ਉਪਦੇਸਿ[17] ਦਇਆ[18] ਸੰਤੋਖੁ[19] ॥	By the Guru's instruction[17], the mortal gathers compassion[18] and contentment[19].	ਗੁਰਾਂ ਦੀ ਸਿਖ-ਮਤ[17] ਦੁਆਰਾ ਪ੍ਰਾਨੀ ਨੂੰ ਰਹਿਮ[18] ਅਤੇ ਸੰਤੁਸ਼ਟਤਾ[19] ਪਰਾਪਤ ਹੋ ਜਾਂਦੇ ਹਨ।
ਨਾਮੁ ਨਿਧਾਨੁ[20] ਨਿਰਮਲੁ[21] ਇਹੁ ਥੋਕੁ[22] ॥	This Name treasure[20] is an immaculate[21] thing[22].	ਇਹ ਨਾਮ ਦਾ ਖ਼ਜ਼ਾਨਾ[20] ਇਕ ਪਵਿੱਤ੍ਰ[21] ਵਸਤੂ[22] ਹੈ।
ਕਰਿ ਕਿਰਪਾ[23] ਲੀਜੈ ਲੜਿ[24] ਲਾਇ[25] ॥	Showing Thy mercy[23], O Lord, attach[25] Thou me to Thine skirt[24].	ਆਪਣੀ ਰਹਿਮਤ[23] ਧਾਰ ਕੇ, ਹੇ ਸੁਆਮੀ ! ਤੂੰ ਮੈਨੂੰ ਆਪਣੇ ਪੱਲੇ[24] ਨਾਲ ਜੋੜ[25] ਲੈ।
ਚਰਨ[26] ਕਮਲ[27] ਨਾਨਕ ਨਿਤ[28] ਧਿਆਇ[29] ॥੪॥੪੨॥੫੫॥	Nanak, ever[28], meditates[29] over Thine lotus[27] feet[26].	ਨਾਨਕ ਸਦੀਵ[28] ਹੀ ਤੇਰਿਆਂ ਕੰਵਲ[27] ਰੂਪੀ ਪੈਰਾਂ[26] ਦਾ ਆਰਾਧਨ[29] ਕਰਦਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸਤਿਗੁਰ ਅਪੁਨੇ ਸੁਨੀ ਅਰਦਾਸਿ[30] ॥ ਕਾਰਜੁ[31] ਆਇਆ ਸਗਲਾ[32] ਰਾਸਿ[33] ॥	My Lord Guru, has heard my prayer[30] and all[32] my tasks[31] are adjusted[33].	ਮੇਰੇ ਸੱਚੇ ਗੁਰਾਂ ਨੇ ਮੇਰੀ ਬੇਨਤੀ[30] ਸੁਣ ਲਈ ਹੈ ਅਤੇ ਮੇਰੇ ਸਾਰੇ[32] ਕੰਮ[31] ਸੌਰ ਗਏ[33] ਹਨ।
ਮਨ ਤਨ ਅੰਤਰਿ[34] ਪ੍ਰਭੂ ਧਿਆਇਆ[35] ॥	Within[34] my mind and body, I think[35] of my Lord.	ਆਪਣੇ ਚਿਤ ਤੇ ਦੇਹਿ ਅੰਦਰ[34] ਮੈਂ ਆਪਣੇ ਸਾਂਈਂ ਨੂੰ ਯਾਦ[35] ਕਰਦਾ ਹਾਂ।
ਗੁਰ ਪੂਰੇ[36] ਡਰੁ[37] ਸਗਲ ਚੁਕਾਇਆ[38] ॥੧॥	The Perfect[36] Guru, has dispelled[38] all my fears[37].	ਪੂਰਨ[36] ਗੁਰਦੇਵ ਜੀ ਨੇ ਮੇਰੇ ਸਾਰੇ ਭੈ[37] ਦੂਰ ਕਰ ਦਿਤੇ[38] ਹਨ।
ਸਭ ਤੇ ਵਡ[39] ਸਮਰਥ[40] ਗੁਰਦੇਵ[41] ॥	My powerful[40] Guru-God[41] is the greatest[39] of all.	ਮੇਰੇ ਬਲਵਾਨ[40] ਗੁਰੂ-ਪਰਮੇਸ਼ਰ[41] ਸਾਰਿਆਂ ਨਾਲੋਂ ਵਡ[39] ਹਨ।
ਸਭਿ ਸੁਖ ਪਾਈ ਤਿਸੁ[42] ਕੀ ਸੇਵ[43] ॥ ਰਹਾਉ ॥	Through his[42] service[43], gather I all the comforts. Pause.	ਉਸ ਦੀ[42] ਘਾਲ[43] ਰਾਹੀਂ ਮੈਨੂੰ ਸਾਰੇ ਆਰਾਮ ਪਰਾਪਤ ਹੋ ਜਾਂਦੇ ਹਨ। ਠਹਿਰਾਉ।

ਜਾ ਕਾ ਕੀਆ ਸਭੁ ਕਿਛੁ ਹੋਇ ॥	He, by whose doing every thing is done ;	ਉਹ ਜਿਸ ਦੇ ਕਰਨ ਦੁਆਰਾ ਸਭ ਕੁਝ ਹੁੰਦਾ ਹੈ;
ਤਿਸ[44] ਕਾ ਅਮਰੁ[45] ਨ ਮੇਟੈ[46] ਕੋਇ ॥	His[44] order[45], no one can undo[46].	ਉਸ[44] ਦੇ ਹੁਕਮ[45] ਨੂੰ ਕੋਈ ਭੀ ਮੇਸ[46] ਨਹੀਂ ਸਕਦਾ ।
ਪਾਰਬ੍ਰਹਮੁ[47] ਪਰਮੇਸਰੁ[48] ਅਨੂਪੁ[49] ॥	Of pearless beauty[49] is my Supreme Lord[47] Master[48].	ਲਾਸਾਨੀ ਸੁੰਦਰਤਾ[49] ਵਾਲਾ ਹੈ ਮੇਰਾ ਸ਼ਰੋਮਣੀ-ਸੁਆਮੀ[47] ਮਾਲਕ[48] ।
ਸਫਲ[50] ਮੂਰਤਿ[51] ਗੁਰੁ ਤਿਸ[52] ਕਾ ਰੂਪੁ[53] ॥੨॥	The accredited[50] personality[51] of the Guru, is the embodiment[53] of that[52] Lord.	ਗੁਰਾਂ ਦੀ ਅਮੋਘ[50] ਵਿਅਕਤੀ[51], ਉਸ[52] ਸੁਆਮੀ ਦਾ ਹੀ ਸਰੂਪ[53] ਹੈ ।
ਜਾ ਕੈ ਅੰਤਰਿ[54] ਬਸੈ[55] ਹਰਿ ਨਾਮੁ ॥	He, within[54] whom abides[55] the Lord's Name.	ਜਿਸ ਦੇ ਅੰਦਰ[54] ਸੁਆਮੀ ਦਾ ਨਾਮ ਵਸਦਾ[55] ਹੈ ।
ਜੋ ਜੋ[56] ਪੇਖੈ[57] ਸੁ[58] ਬ੍ਰਹਮ[59] ਗਿਆਨੁ[60] ॥	Wherever[56] he sees[57], there[58] he sees the Lord's[59] wisdom[60].	ਜਿਥੇ ਕਿਤੇ[56] ਉਹ ਵੇਖਦਾ[57] ਹੈ, ਉਥੇ[58] ਸੁਆਮੀ[59] ਦੀ ਦਾਨਾਈ[60] ਨੂੰ ਹੀ ਵੇਖਦਾ ਹੈ ।
ਬੀਸ[61] ਬਿਸੁਏ ਜਾਕੈ ਮਨਿ ਪਰਗਾਸੁ[62] ॥	He, whose mind is wholly[61] illumined[62] ;	ਜਿਸ ਦਾ ਚਿਤ ਪੂਰੀ ਤਰ੍ਹਾਂ[61] ਰੋਸ਼ਨ[62] ਹੋਇਆ ਹੋਇਆ ਹੈ;
ਤਿਸੁ[63] ਜਨ[64] ਕੈ ਪਾਰਬ੍ਰਹਮ[65] ਕਾ ਨਿਵਾਸੁ[66] ॥੨॥	Within that[63] man[64] abides[66] the Transcendent Lord[65].	ਉਸ[63] ਇਨਸਾਨ[64] ਦੇ ਅੰਦਰ ਪਰਮ-ਪ੍ਰਭੂ[65] ਵਸਦਾ[66] ਹੈ ।
ਤਿਸੁ[67] ਗੁਰ ਕਉ[69] ਸਦ ਕਰੀ ਨਮਸਕਾਰ[68] ॥	Unto[69] that[67] Guru, I ever make obeisance[68].	ਉਸ[67] ਗੁਰਦੇਵ ਨੂੰ[69] ਮੈਂ ਸਦੀਵ ਹੀ ਬੰਦਨਾ[68] ਕਰਦਾ ਹਾਂ ।
ਤਿਸੁ ਗੁਰ ਕਉ ਸਦ ਜਾਉ ਬਲਿਹਾਰ[70] ॥	Unto that Guru, I am ever a sacrifice[70].	ਉਨ੍ਹਾਂ ਗੁਰਾਂ ਉਤੋਂ ਮੈਂ ਹਮੇਸ਼ਾ ਹੀ ਕੁਰਬਾਨ[70] ਜਾਂਦਾ ਹਾਂ ।
ਸਤਿਗੁਰ ਕੇ ਚਰਨ[71] ਧੋਇ[72] ਧੋਇ[73] ਪੀਵਾ[74] ॥	I wash[72] the feet[71] of the True Guru and in-drink[74] that wash[73].	ਮੈਂ ਸੱਚੇ ਗੁਰਾਂ ਦੇ ਪੈਰ[71] ਧੋਂਦਾ[72] ਹਾਂ ਅਤੇ ਉਸ ਧੋਣ[73] ਨੂੰ ਪਾਨ[74] ਕਰਦਾ ਹਾਂ ।
ਗੁਰ ਨਾਨਕ ਜਪਿ[75] ਜਪਿ ਸਦ ਜੀਵਾ ॥੪॥੪੩॥੫੬॥	I live by ever remembering[75] and contemplating Guru Nanak.	ਮੈਂ ਹਮੇਸ਼ਾ ਹੀ ਗੁਰੂ ਨਾਨਕ ਦਾ ਸਿਮਰਨ[75] ਤੇ ਆਰਾਧਨ ਕਰਨ ਦੁਆਰਾ ਜੀਉਂਦਾ ਹਾਂ ।
੧੧੫੩	**1153**	**੧੧੫੩**
ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩	Rag Bhairo 5th Guru Partal	ਰਾਗੁ ਭੈਰਉ ਪੰਜਵੀਂ ਪਾਤਿਸ਼ਾਹੀ । ਪੜਤਾਲ
੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਪਰਿਤਪਾਲ[76] ਪ੍ਰਭ[77]	God[77], the Cherisher[76], is	ਪਾਲਣ ਪੋਸਣਹਾਰ[76] ਵਾਹਿਗੁਰੂ[77] ਦਇਆਲੂ[78] ਹੈ । ਉਸ

ਕ੍ਰਿਪਾਲ[78] ਕਵਨ[79] ਗੁਨ[80] ਗਨੀ[81] ॥
ਅਨਿਕ[82] ਰੰਗ[83] ਬਹੁ[84] ਤਰੰਗ[85] ਸਰਬ[86] ਕੋ ਧਨੀ[87] ॥੧॥ਰਹਾਉ॥
ਅਨਿਕ[88] ਗਿਆਨ[89] ਅਨਿਕ ਧਿਆਨ[90] ਅਨਿਕ ਜਾਪ[91] ਜਾਪ[92] ਤਾਪ[93] ॥
ਅਨਿਕ[99] ਗੁਨਿਤ[94] ਧੁਨਿਤ[95] ਲਲਿਤ[96] ਅਨਿਕ ਧਾਰ[97] ਮੁਨੀ[98] ॥੧॥
ਅਨਿਕ ਨਾਦ[100] ਅਨਿਕ ਬਾਜ[2] ਨਿਮਖ ਨਿਮਖ[3] ਅਨਿਕ ਸ੍ਵਾਦ[4] ਅਨਿਕ ਦੋਖ[5] ਅਨਿਕ ਰੋਗ[6] ਮਿਟਹਿ[7] ਜਸ[8] ਸੁਨੀ ॥
ਨਾਨਕ ਸੇਵ[9] ਅਪਾਰ[10] ਦੇਵ[12] ਤਟਹ[13] ਖਟਹ[14] ਬਰਤ[15] ਪੂਜਾ[16] ਗਵਨ[17] ਭਵਨ[18] ਜਾਤ੍ਰ[19] ਕਰਨ ਸਗਲ[20] ਫਲ[21] ਪੁਨੀ[22] ॥੨॥੧॥੫੭॥੮॥੨੧॥੭॥੫੭॥੯੩॥

compassionate[78]. Who[79] can count[81] His virtues[80] ?
He has many[82] colours[83] and manifold[84] joy-waves[85]. He is the Master[87] of all[86] Pause.
He has varied[88] deliberation[89], varied thought[90] and varied worship[91], recitation[92] and penance[93].
Various[99] are His virtues[94], notes[95] and sports[96] and various silent sages[98] enshrine[97] Him in their mind.
He enjoys many melodies[100], many musical instruments[2], and many relishes[4] every moment[3]. Manifold sins[5] and ailments[6] are removed[7] by hearing His praise[8].
O Nanak, serving[9] the Infinite[10] Lord[12], all[20] the fruits[21] and merits[22] of river-banks[13], six[14] rituals, fastings[15], worships[16] and going[17] to and wandering[18] at holies[19] are obtained.

ਦੀਆਂ ਨੇਕੀਆਂ[80] ਨੂੰ ਕੌਣ[79] ਗਿਣ[81] ਸਕਦਾ ਹੈ ?
ਉਸ ਦੇ ਬਹੁਤੇ[82] ਵਰਨ[83] ਅਤੇ ਘਣੇਰੀਆਂ[84] ਖੁਸ਼ੀ ਦੀਆਂ ਲਹਿਰਾਂ[85] ਹਨ। ਉਹ ਸਾਰਿਆਂ[86] ਦਾ ਮਾਲਕ[87] ਹੈ। ਠਹਿਰਾਉ।
ਉਸ ਦੇ ਕਈ ਇਕ[88] ਵਿਚਾਰ[89], ਕਈ ਇਕ ਖ਼ਿਆਲ[90] ਅਤੇ ਕਈ ਇਕ ਪੂਜਾ[91], ਪਾਠ[92] ਅਤੇ ਤਪ[93] ਹਨ।
ਅਨੇਕਾਂ[99] ਹਨ ਉਸ ਦੀਆਂ ਨੇਕੀਆਂ[94]; ਆਵਾਜ਼ਾਂ[95] ਤੇ ਕੌਤਕ[96] ਅਤੇ ਅਨੇਕਾਂ ਹੀ ਖ਼ਾਮੋਸ਼ ਰਿਸ਼ੀ[98] ਉਸ ਨੂੰ ਆਪਣੇ ਮਨ ਅੰਦਰ ਟਿਕਾਉਂਦੇ[97] ਹਨ।
ਉਹ ਬਹੁਤਿਆਂ ਰਾਗਾਂ[100], ਬਹੁਤਿਆਂ ਸੰਗੀਤਕ ਸਾਜ਼ਾਂ[2] ਅਤੇ ਹਰ ਮੁਹਤ[3] ਬਹੁਤਿਆਂ ਸੁਆਦਾਂ[4] ਦਾ ਅਨੰਦ ਲੈਂਦਾ ਹੈ। ਘਣੇਰੇ ਪਾਪਾਂ[5] ਅਤੇ ਘਣੇਰੀਆਂ ਬੀਮਾਰੀਆਂ[6] ਉਸ ਦੀ ਮਹਿਮਾ[8] ਸੁਣਨ ਨਾਲ ਦੂਰ[7] ਹੋ ਜਾਂਦੀਆਂ ਹਨ।
ਹੇ ਨਾਨਕ! ਬੇਅੰਤ[10] ਪ੍ਰਭੂ[12] ਦੀ ਘਾਲ ਕਮਾਉਣ ਦੁਆਰਾ[9] ਦਰਿਆਵਾਂ ਦੇ ਕਿਨਾਰਿਆਂ[13], ਛੇ[14] ਕਰਮ ਕਾਂਡਾਂ, ਵਰਤਾਂ[15], ਪ੍ਰਸਤਸ਼ਾਂ[16] ਅਤੇ ਯਾਤਰਾ ਅਸਥਾਨਾਂ[19] ਤੇ ਜਾ[17] ਕੇ ਰਟਨ[18] ਕਰਨ ਦੇ ਸਾਰੇ[20] ਮੇਵੇ[21] ਅਤੇ ਗੁਣ[22] ਪਰਾਪਤ ਹੋ ਜਾਂਦੇ ਹਨ।

ਭੈਰਉ ਅਸਟਪਦੀਆ ਮਹਲਾ ੧ ਘਰੁ ੨

Bhairo Ashtpadis Ist Guru

ਭੈਰਉ ਅਸਟਪਦੀਆਂ ਪਹਿਲੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥
ਆਤਮ[23] ਮਹਿ[24] ਰਾਮੁ[25] ਰਾਮ ਮਹਿ ਆਤਮੁ ਚੀਨਸਿ[26] ਗੁਰ ਬੀਚਾਰਾ[27] ॥

There is but One God. By the True Guru's grace, He is obtained.
The Lord[25] abides in[24] the soul[23] and the soul in the Lord. Through the Guru's wisdom[27], I have realised[26] this.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਾਂਈਂ[25] ਰੂਹ[23] ਅੰਦਰ[24] ਵਸਦਾ ਹੈ ਅਤੇ ਰੂਹ ਸਾਂਈਂ ਅੰਦਰ। ਗੁਰਾਂ ਦੀ ਗਿਆਤ[27] ਦੁਆਰਾ ਮੈਂ ਇਹ ਅਨੁਭਵ ਕੀਤਾ[26] ਹੈ।

ਅੰਮ੍ਰਿਤ[28] ਬਾਣੀ[29]ਸਬਦਿ[30] ਪਛਾਣੀ[31] ਦੁਖ[32] ਕਾਟੈ[33] ਹਉ[34] ਮਾਰਾ[35] ॥੧॥	By the Guru's instruction[30], ambrosial[28] Gurbani[29] is realised[31] and one's sorrow[32] is ended[33] and ego[34] eliminated[35].	ਗੁਰਾਂ ਦੇ ਉਪਦੇਸ਼[30] ਦੁਆਰਾ, ਅੰਮ੍ਰਿਤਮਈ[28] ਗੁਰਬਾਣੀ[29] ਅਨੁਭਵ ਕੀਤੀ[31] ਜਾਂਦੀ ਹੈ ਤੇ ਜੀਵ ਦਾ ਦੁਖੜਾ[32] ਕਟਿਆ[33] ਜਾਂਦਾ ਹੈ ਅਤੇ ਹੰਗਤਾ[34] ਮਰ ਜਾਂਦੀ[35] ਹੈ।
ਨਾਨਕ ਹਉਮੈ[36] ਰੋਗ[37] ਬੁਰੇ[38] ॥ ਜਹ[39] ਦੇਖਾਂ ਤਹ[40] ਏਕਾ[41] ਬੇਦਨ[42] ਆਪੇ ਬਖਸੈ[43] ਸਬਦਿ[44] ਧੁਰੇ[45] ॥੧॥ਰਹਾਉ॥	Nanak, malignant[38] is the disease[37] of ego[36]. Wherever[39] I see, there[40] I see, the pain[42] of the same[41] disease. The Primal Lord[45], of Himself, blesses[43] man with the Guru's word[44]. Pause.	ਨਾਨਕ, ਚੰਦਰੀ[38] ਹੈ ਬੀਮਾਰੀ[37] ਹੰਗਤਾ[36] ਦੀ। ਜਿਥੇ ਕਿਤੇ[39] ਮੈਂ ਵੇਖਦਾ ਹਾਂ, ਓਥੇ[40] ਮੈਂ ਇਸੇ[41] ਹੀ ਬੀਮਾਰੀ ਦੀ ਪੀੜ[42] ਨੂੰ ਵੇਖਦਾ ਹਾਂ। ਆਦੀ ਪ੍ਰਭੂ[45] ਖੁਦ ਹੀ ਗੁਰਾਂ ਦੀ ਬਾਣੀ[44] ਪਰਦਾਨ ਕਰਦਾ[43] ਹੈ। ਠਹਿਰਾਉ।
ਆਪੇ ਪਰਖੇ[46]ਪਰਖਣਹਾਰੈ[47] ਬਹੁਰਿ[48] ਸੂਲਾਕੁ[49] ਨ ਹੋਈ ॥	When the Assayer[47] of Himself, tests[46] and approves man, then he is not tested[49] again[48].	ਜਦ ਪਾਰਖੂ[47], ਖੁਦ, ਬੰਦੇ ਨੂੰ ਪਰਖ[46] ਕੇ ਪਰਵਾਨ ਕਰ ਲੈਂਦਾ ਹੈ ਤਦ ਮੁੜ[48] ਕੇ ਉਸ ਦੀ ਛਾਨ ਬੀਨ[49] ਨਹੀਂ ਹੁੰਦੀ।
ਜਿਨ ਕਉ ਨਦਰਿ[50] ਭਈ ਗੁਰਿ ਮੇਲੇ ਪ੍ਰਭ ਭਾਣਾ[51] ਸਚੁ ਸੋਈ[52] ॥੨॥	They, on whom is God's grace[50], meet with the Guru. They[52] alone are true, who are pleasing[51] to the Lord.	ਜਿਨ੍ਹਾਂ ਤੇ ਵਾਹਿਗੁਰੂ ਦੀ ਰਹਿਮਤ[50] ਹੈ, ਉਹ ਗੁਰਾਂ ਨੂੰ ਮਿਲ ਪੈਂਦੇ ਹਨ। ਕੇਵਲ ਉਹ[52] ਹੀ ਸੱਚਾ ਹੈ ਜੋ ਸੁਆਮੀ ਨੂੰ ਚੰਗਾ ਲਗਦਾ[51] ਹੈ।
ਪਉਣੁ[53] ਪਾਣੀ[54] ਬੈਸੰਤਰੁ[55] ਰੋਗੀ[56] ਰੋਗੀ ਧਰਤਿ[57] [58]ਸਭੋਗੀ[59] ॥	Diseased[56] are air[53]water[54] and fire[55] and diseased is the world[57] with[58] its revelments[59].	ਬੀਮਾਰ[56] ਹਨ ਹਵਾ[53], ਜਲ[54] ਤੇ ਅੱਗ[55] ਅਤੇ ਬੀਮਾਰ ਹੈ ਸੰਸਾਰ[57] ਆਪਣੀਆਂ ਰੰਗ ਰਲੀਆਂ[59] ਸਮੇਤ[58]।
ਮਾਤ[60] ਪਿਤਾ[61] ਮਾਇਆ ਦੇਹ[62] ਸਿ ਰੋਗੀ[63] ਰੋਗੀ ਕੁਟੰਬ[64] ਸੰਜੋਗੀ[65] ॥੩॥	The mother[60], father[61], mammon and body[62] ; they[63] are diseased. Those united[65] with kith and kin[54] are diseased as well.	ਮਾਂ[60], ਪਿਉ[61], ਮੋਹਨੀ ਅਤੇ ਕਾਇਆ[62]; ਉਹ[63] ਬੀਮਾਰ ਹਨ। ਜੋ ਸਨਬੰਧੀਆਂ[64] ਨਾਲ ਜੁੜੇ ਹੋਏ[65] ਹਨ, ਉਹ ਭੀ ਬੀਮਾਰ ਹਨ।
ਰੋਗੀ ਬ੍ਰਹਮਾ ਬਿਸਨੁ [66]ਸਰੁਦ੍ਰਾ[67] ਰੋਗੀ ਸਗਲ ਸੰਸਾਰਾ[68] ॥	Afflicted are Brahma, Vishnu along with[66] Shiva[67] and afflicted is the whole world[68].	ਬੀਮਾਰ ਹਨ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ[67] ਸਮੇਤ[66] ਅਤੇ ਬੀਮਾਰ ਹੈ ਸਾਰਾ ਜਹਾਨ[68]।
ਹਰਿ ਪਦ[69] ਚੀਨਿ[70] ਭਏ ਸੇ[71] ਮੁਕਤੇ[72] ਗੁਰ ਕਾ ਸਬਦੁ[73] ਵੀਚਾਰਾ[74] ॥੪॥	They who realise[70] the Lord's feet[69] and reflect[74] on the Guru's word[73]; they[71] are emancipated[72].	ਜੋ ਪ੍ਰਭੂ ਦੇ ਪੈਰਾਂ[69] ਨੂੰ ਅਨੁਭਵ ਕਰਦੇ[70] ਹਨ ਅਤੇ ਗੁਰਾਂ ਦੀ ਬਾਣੀ[73] ਨੂੰ ਸੋਚਦੇ ਬੀਚਾਰਦੇ[74] ਹਨ; ਉਹ[71] ਮੁਕਤ ਹੋ ਜਾਂਦੇ[72] ਹਨ।
ਰੋਗੀ ਸਾਤ ਸਮੁੰਦ[75] [76]ਸਨਦੀਆ[77] ਖੰਡ[78] ਪਤਾਲ[79] ਸਿ ਰੋਗਿ ਭਰੇ[80] ॥	Diseased are the seven oceans[75] together with[76] rivers[77]. The continents[78] and under-worlds[79] are brimful[80] with disease as well.	ਬੀਮਾਰ ਹਨ ਸਤ ਸਮੁੰਦਰ[75] ਦਰਿਆਵਾਂ[77] ਦੇ ਸਮੇਤ[76] ਬਰਿਆਜ਼ਮ[78] ਅਤੇ ਪਇਆਲ[79] ਭੀ ਬੀਮਾਰੀ ਨਾਲ ਪਰੀਪੂਰਤ[80] ਹਨ।
ਹਰਿ ਕੇ ਲੋਕ[81] ਸਿ[82] ਸਾਚਿ	God's men[81],they[82] abide in truth and	ਰੱਬ ਦੇ ਬੰਦੇ[81], ਉਹ[82] ਸੱਚ ਅਤੇ ਆਰਾਮ[83] ਅੰਦਰ

ਸੁਹੇਲੇ[83] ਸਰਬੀ[85] ਥਾਈ ਨਦਰਿ[84] ਕਰੇ ॥੫॥

peace[83]. At all[85] the places, He is merciful[84] unto them.

ਵਸਦੇ ਹਨ। ਸਾਰੀਆਂ[85] ਥਾਵਾਂ ਤੇ ਉਹ ਉਨ੍ਹਾਂ ਉੱਤੇ ਮਿਹਰਬਾਨ[84] ਰਹਿੰਦਾ ਹੈ।

ਰੋਗੀ ਖਟ[86] ਦਰਸਨ[87] ਭੇਖ ਧਾਰੀ[88] ਨਾਨਾ[89] ਹਠੀ[90] ਅਨੇਕਾ[91] ।

Diseased are the six[86] Shastras[87], several[89] sectarians[88] and many[91] a men of perseverance[90].

ਬੀਮਾਰ ਹਨ ਛੇ[86] ਸ਼ਾਸਤਰ[87], ਅਨੇਕਾਂ[89] ਸੰਪ੍ਰਦਾਈ[88] ਅਤੇ ਘਣੇਰੇ[91] ਹੀ ਦ੍ਰਿੜ੍ਹਤਾ ਵਾਲੇ[90] ਬੰਦੇ।

ਬੇਦ ਕਤੇਬ[92] ਕਰਹਿ[93] ਕਹ[94] ਬਪੁਰੇ[95] ਨਹ ਬੂਝਹਿ[96] ਇਕ[97] ਏਕਾ ॥੬॥

What[94] can the poor[95] Vedas and religious books[92] do[93], when men understand[96] not the One[97] Lord ?

ਵਿਚਾਰੇ[95] ਵੇਦ ਅਤੇ ਧਾਰਮਕ ਪੁਸਤਕਾਂ[92] ਕੀ[94] ਕਰ[93] ਸਕਦੇ ਹਨ ਜਦ ਕਿ ਬੰਦੇ ਇਕ[97] ਸਾਈਂ ਨੂੰ ਨਹੀਂ ਸਮਝਦੇ[96]।

ਮਿਠ[98] ਰਸੁ[99] ਖਾਇ ਸੁ ਰੋਗਿ ਭਰੀਜੈ[2] ਮੂਲਿ[3] ਸੁਖੁ ਨਾਹੀ ॥

By taking[100] sweet[98] dainties[99], the mortal is filled[2] with disease and there is no peace by living on fruits and roots[3].

ਮਿੱਠੀਆਂ[98] ਨਿਆਮਤਾਂ[99] ਖਾਣ[100] ਦੁਆਰਾ, ਪ੍ਰਾਣੀ ਬੀਮਾਰੀ ਨਾਲ ਭਰ ਜਾਂਦਾ[2] ਹੈ ਅਤੇ ਫਲ ਤੇ ਜੜ੍ਹਾਂ[3] ਖਾਣ ਵਿਚ ਭੀ ਕੋਈ ਆਰਾਮ ਨਹੀਂ।

ਨਾਮੁ ਵਿਸਾਰਿ[4] ਚਲਹਿ ਅਨ[5] ਮਾਰਗਿ[6] ਅੰਤਿ[7] ਕਾਲਿ[8] ਪਛੁਤਾਹੀ[9] ॥੭॥

Forgetting[4] the Name, they who walk in other[5] ways[6], grieve[9] at the last[7] moment[8].

ਨਾਮ ਨੂੰ ਭੁਲਾ[4] ਕੇ ਜੋ ਹੋਰ[5] ਰਸਤਿਆਂ[6] ਅੰਦਰ ਟੁਰਦੇ ਹਨ, ਉਹ ਅਖੀਰ[7] ਦੇ ਵੇਲੇ[8] ਪਸਚਾਤਾਪ ਕਰਦੇ[9] ਹਨ।

ਤੀਰਥਿ[10] ਭਰਮੈ[12] ਰੋਗੁ ਨ ਛੂਟਸਿ[13] ਪੜਿਆ ਬਾਦੁ[14] ਬਿਬਾਦੁ[15] ਭਇਆ[16] ॥

By roaming[12] at the pilgrim stations[10], man is not rid of[13] his disease. Through reading, he is involved[16] in useless[14] controversies[15].

ਯਾਤ੍ਰਾ ਅਸਥਾਨਾਂ[10] ਤੇ ਭਟਕਣ[12] ਦੁਆਰਾ, ਜ਼ਹਿਮਤ ਕੱਟੀ[13] ਨਹੀਂ ਜਾਂਦੀ। ਪੜ੍ਹਨ ਰਾਹੀਂ, ਉਹ ਫ਼ਜ਼ੂਲ[14] ਬਖੇੜਿਆਂ[15] ਵਿਚ ਖ਼ਰਚ ਹੋ ਜਾਂਦਾ[16] ਹੈ।

ਦੁਬਿਧਾ[17] ਰੋਗੁ ਸੁ ਅਧਿਕ[18] ਵਡੇਰਾ[19] ਮਾਇਆ[20] ਕਾ ਮੁਹਤਾਜੁ[21] ਭਇਆ ॥੮॥

Exceedingly[18] great[19] is the ailment of duality[17]. Through it one becomes a slave[21] of mammon[20].

ਬਹੁਤੀ[18] ਵਡੀ[19] ਹੈ ਜ਼ਹਿਮਤ ਦਵੈਤ-ਭਾਵ[17] ਦੀ। ਇਸ ਦੇ ਰਾਹੀਂ ਇਨਸਾਨ ਧਨ-ਦੌਲਤ[20] ਦਾ ਗੁਲਾਮ[21] ਹੋ ਜਾਂਦਾ ਹੈ।

ਗੁਰਮੁਖਿ[22] ਸਾਚਾ ਸਬਦਿ[23] ਸਲਾਹੈ[24] ਮਨਿ ਸਾਚਾ[25] ਤਿਸੁ[26] ਰੋਗੁ ਗਇਆ[27] ॥

By the Guru's grace[22], he who praises[24] the True Name[23] and within whose mind is the True Lord[25] ; his[26] disease is eradicated[27].

ਗੁਰਾਂ ਦੀ ਦਇਆ[22] ਦੁਆਰਾ, ਜੋ ਸਚੇ ਨਾਮ[23] ਦੀ ਸਿਫ਼ਤ ਸ਼ਲਾਘਾ ਕਰਦਾ[24] ਹੈ ਅਤੇ ਜਿਸ ਦੇ ਰਿਦੇ ਅੰਦਰ ਸੱਚਾ ਸੁਆਮੀ[25] ਹੈ; ਉਸ ਦੀ[26] ਬੀਮਾਰੀ ਦੂਰ ਹੋ ਜਾਂਦੀ[27] ਹੈ।

ਨਾਨਕ ਹਰਿਜਨ[28] ਅਨਦਿਨੁ[29] ਨਿਰਮਲ[30] ਜਿਨ ਕਉ ਕਰਮਿ[31] ਨੀਸਾਣੁ[32] ਪਇਆ[33] ॥੯॥੧॥

Nanak, the Lord's slave[28], who bears[33] the seal[32] of the Guru-God's grace[31], is ever[29] immaculate[30].

ਨਾਨਕ ਸੁਆਮੀ ਦਾ ਸੇਵਕ[28] ਜਿਸ ਤੇ ਗੁਰੂ-ਪਰਮੇਸ਼ਰ ਦੀ ਰਹਿਮਤ[31] ਦੀ ਮੋਹਰ[32] ਲੱਗੀ ਹੋਈ[33] ਹੈ, ਸਦੀਵ[29] ਹੀ ਪਵਿੱਤ੍ਰ[30] ਹੈ।

੧੧੫੪	1154	੧੧੫੪
ਭੈਰਉ	Bhairo	ਭੈਰਉ
ਮਹਲਾ ੩ ਘਰੁ ੨	3rd Guru	ਤੀਜੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਤਿਨਿ[32*] ਕਰਤੈ[33*] ਇਕੁ ਚਲਤੁ[34] ਉਪਾਇਆ[35] ॥	He[32*], the Creator-Lord[33*] has set afoot[35] a wondrous play[34].	ਉਸ[32*] ਸਿਰਜਣਹਾਰ-ਸੁਆਮੀ[33*] ਨੇ ਇਕ ਅਦਭੁਤ ਖੇਡ[34] ਰਚੀ[35] ਹੈ ।
ਅਨਹਦ[36] ਬਾਣੀ[37] ਸਬਦੁ[38] ਸੁਣਾਇਆ[39] ॥	I hear[39] the Lord's[38] celestial[36] Guru's word[37].	ਮੈਂ ਪ੍ਰਭੂ[38] ਦੀ ਬੈਕੁੰਠੀ[36] ਗੁਰ-ਬਾਣੀ[37] ਨੂੰ ਸੁਣਦਾ[39] ਹਾਂ ।
ਮਨਮੁਖਿ[40] ਭੂਲੇ[41] ਗੁਰਮੁਖਿ[42] ਬੁਝਾਇਆ[43] ॥	The self-willed[40] go astray[41] and unto the Guru's wards[42], truth is revealed[43].	ਮਨਮਤੀਏ[40] ਕੁਰਾਹੇ[41] ਪੈ ਜਾਂਦੇ ਹਨ ਅਤੇ ਗੁਰੂ-ਅਨੁਸਾਰੀਆਂ[42] ਉਤੇ ਸੱਚ ਪ੍ਰਗਟ ਹੋ ਜਾਂਦਾ[43] ਹੈ ।
ਕਾਰਣੁ[44] ਕਰਤਾ[45] ਕਰਦਾ[46] ਆਇਆ ॥੧॥	The Creator-Lord[45] has been exhibiting[46] the wondrous deeds[44].	ਸਿਰਜਣਹਾਰ-ਸੁਆਮੀ[45] ਅਲੌਕਿਕ ਕਰਤਬ[44] ਵਿਖਾਲਦਾ ਰਿਹਾ[46] ਹੈ ।
ਗੁਰ ਕਾ ਸਬਦੁ[47] ਮੇਰੈ ਅੰਤਰਿ[48] ਧਿਆਨੁ[49] ॥	The Guru's word[47]; contemplate[49] I within my mind[48].	ਗੁਰਾਂ ਦੀ ਬਾਣੀ[47] ਦਾ ਮੈਂ ਆਪਣੇ ਚਿਤ[48] ਅੰਦਰ ਚਿੰਤਨ ਕਰਦਾ[49] ਹਾਂ ।
ਹਉ ਕਬਹੁ[50] ਨ ਛੋਡਉ[51] ਹਰਿ ਕਾ ਨਾਮੁ ॥੧॥ ਰਹਾਉ॥	God's Name, I shall forsake[51] not ever[50]. Pause.	ਰੱਬ ਦਾ ਨਾਮ ਮੈਂ ਕਦੇ[50] ਭੀ ਨਹੀਂ ਛੱਡਾਂਗਾ[51] । ਠਹਿਰਾਉ ।
ਪਿਤਾ[52] ਪ੍ਰਹਲਾਦੁ ਪੜਨ ਪਠਾਇਆ[53] ॥	Prahlad's father[52], sent[53] him to school to read.	ਪ੍ਰਹਿਲਾਦ ਦੇ ਪਿਉ[52] ਨੇ, ਪੜ੍ਹਨ ਲਈ ਉਸ ਨੂੰ ਮਦਰਸੇ ਘਲਿਆ[53] ।
ਲੈ[54] ਪਾਟੀ[55] ਪਾਧੇ[56] ਕੈ ਆਇਆ ॥	Taking[54] his tablet[55], he came to the teacher[56].	ਆਪਣੀ ਫੱਟੀ[55] ਲੈ ਕੇ[54], ਉਹ ਅਧਿਆਪਕ[56] ਕੋਲ ਆਇਆ ।
ਨਾਮ ਬਿਨਾ ਨਹ ਪੜਉ [57]ਅਚਾਰ[58] ॥ ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ[59] ॥੨॥	Says Prahlad "Without the Lord's Name, I shall read not any other[57] thing[58]. On my tablet write thou the Name of the Lord Master[59]."	ਪ੍ਰਹਿਲਾਦ ਆਖਦਾ ਹੈ, "ਪ੍ਰਭੂ ਦੇ ਨਾਮ ਦੇ ਬਗ਼ੈਰ ਮੈਂ ਹੋਰ ਕੋਈ[57] ਚੀਜ਼[58] ਨਹੀਂ ਪੜ੍ਹਨੀ । ਮੇਰੀ ਫੱਟੀ ਉਤੇ ਤੂੰ ਸੁਆਮੀ ਮਾਲਕ[59] ਦਾ ਨਾਮ ਲਿਖ ਦੇ ।"
ਪੁਤ੍ਰ[60] ਪ੍ਰਹਿਲਾਦ ਸਿਉ ਕਹਿਆ ਮਾਇ[61] ॥ [62]ਪਰਵਿਰਤਿ[63] ਨ ਪੜਹੁ ਰਹੀ ਸਮਝਾਇ[64] ॥	Prahlad's mother[61], said to her son[60], "I counsel[64] thee not to read alien[62] custom[63]."	ਪ੍ਰਹਿਲਾਦ ਦੀ ਮਾਤਾ[61] ਨੇ ਆਪਣੇ ਪੁਤ[60] ਨੂੰ ਆਖਿਆ, "ਮੈਂ ਤੈਨੂੰ ਪਰਾਈ[62] ਰੀਤੀ[63]—ਨਾ ਪੜ੍ਹਨ ਦੀ ਸਿਖ-ਮਤ ਦਿੰਦੀ[64] ਹਾਂ ।"
ਨਿਰਭਉ[65] ਦਾਤਾ[66] ਹਰਿ ਜੀਉ[67] ਮੇਰੈ ਨਾਲਿ[68] ॥ ਜੇ[69] ਹਰਿ ਛੋਡਉ ਤਉ[70] ਕੁਲਿ[71] ਲਾਗੈ ਗਾਲਿ[72] ॥੩॥	Said Prahlad, "The Sire[67], Fearless[65], Beneficient[66] God is with[68] me. If[69] I leave the Lord, then[70] my lineage[71] shall be maligned[72]."	ਪ੍ਰਹਿਲਾਦ ਨੇ ਆਖਿਆ, "ਮਹਾਰਾਜ[67], ਨਿੱਡਰ[65], ਦਾਤਾਰ[66] ਵਾਹਿਗੁਰੂ ਮੇਰੇ ਅੰਗ ਸੰਗ[68] ਹੈ । ਜੇਕਰ[69] ਮੈਂ ਸੁਆਮੀ ਨੂੰ ਛਡਾਂਗਾ, ਤਦ[70] ਮੇਰੀ ਵੰਸ਼[71] ਨੂੰ ਕਲੰਕ[72] ਲਗੇਗਾ ।"

ਪ੍ਰਹਿਲਾਦਿ ਸਭਿ ਚਾਟੜੇ[73] ਵਿਗਾਰੇ[74] ॥ ਹਮਾਰਾ[75] ਕਹਿਆ[78] ਨ ਸੁਣੈ ਆਪਣੇ ਕਾਰਜ[76] ਸਵਾਰੇ[77] ॥ ਸਭ ਨਗਰੀ[79] ਮਹਿ[80] ਭਗਤਿ[81] ਦ੍ਰਿੜਾਈ[82] ॥ ਦੁਸਟ[83] ਸਭਾ[84] ਕਾ ਕਿਛੁ ਨ ਵਸਾਈ[85] ॥੪॥ ਸੰਡੈ ਮਰਕੈ ਕੀਈ[86] ਪੂਕਾਰ[87] ॥	Sanda Marka lodged[86] a complaint[87], "Prahlad has spoiled[74] all the students[73]. He listens not to my[75] word[78] and regulates[77] his own affairs[76]. Amongst[80] all the town-folk[79], Prahlad implanted[82] the Lord's love-worship[81]." The court[84] of the villains[83] became helpless[85] before him.	ਸੰਡੇ ਮਰਕੇ ਸ਼ਿਕਾਇਤ[87] ਕੀਤੀ[86], "ਪ੍ਰਹਿਲਾਦ ਨੇ ਸਾਰੇ ਵਿਦਿਆਰਥੀ[73] ਵਿਗਾੜ[74] ਦਿਤੇ ਹਨ। ਉਹ ਮੇਰੀ[75] ਗੱਲ[78] ਹੀ ਨਹੀਂ ਸੁਣਦਾ ਤੇ ਆਪਣੇ ਕੰਮ[76] ਨੂੰ ਹੀ ਸਹੀ[77] ਆਖਦਾ ਹੈ। ਸ਼ਹਿਰ[79] ਦੇ ਸਾਰੇ ਲੋਕਾਂ ਵਿਚ[80] ਪ੍ਰਹਿਲਾਦ ਨੇ ਪ੍ਰਭੂ ਦੀ ਪਿਆਰੀ ਉਪਾਸਨਾ[81] ਪੱਕੀ[82] ਕਰ ਦਿਤੀ" ! ਬਦਮਾਸ਼ਾਂ[83] ਦੀ ਜੁੰਡੀ[84] ਦੀ ਉਸ ਦੇ ਮੂਹਰੇ ਕੋਈ ਵਾਹ ਨਹੀਂ ਜਾਂਦੀ[85]।
ਸਭੇ ਦੈਤ ਰਹੇ ਝਖ ਮਾਰਿ[88] ॥	All the demons kept on trying in vain[88].	ਸਾਰੇ ਰਾਖਸ਼ ਬੇਫ਼ਾਇਦਾ[88] ਕੋਸ਼ਿਸ਼ ਕਰਦੇ ਰਹੇ।
ਭਗਤ[89] ਜਨਾ[90] ਕੀ ਪਤਿ[91] ਰਾਖੈ[93] ਸੋਈ[92] ॥	He[92], the Lord, protected[93] the honour[91] of Prahlad, the saintly[89] person[90].	ਉਸ ਪ੍ਰਭੂ[92] ਨੇ ਸੰਤ ਸਰੂਪ[89] ਪੁਰਸ਼[90], ਪ੍ਰਹਿਲਾਦ ਦੀ ਇਜ਼ਤ ਆਬਰੂ[91] ਰਖ ਲਈ[93]।
ਕੀਤੇ[94] ਕੈ ਕਹਿਐ[95] ਕਿਆ[96] ਹੋਈ[97] ॥੫॥	What[96] can be done[97] at the bidding[95] of the created[94] one ?	ਰੱਚੇ ਹੋਏ[94] ਦੇ ਆਖਣ[95] ਨਾਲ ਕੀ[96] ਹੋ ਸਕਦਾ[97] ਹੈ ?
ਕਿਰਤ[98] ਸੰਜੋਗੀ[99] ਦੈਤਿ[100] ਰਾਜੁ[2] ਚਲਾਇਆ[3] ॥	By virtue of the writ[99] of past actions[98], the demon[100] swayed[3] over an empire[2].	ਪੂਰਬਲੇ ਕਰਮਾਂ[98] ਦੀ ਲਿਖਤਾਕਾਰ[99] ਦੀ ਬਰਕਤ ਰਾਖਸ਼[100] ਨੇ ਰਾਜ-ਭਾਗ[2] ਮਾਣਿਆ[3]।
ਹਰਿ ਨ ਬੂਝੈ[4] ਤਿਨਿ[5] ਆਪਿ[7] ਭੁਲਾਇਆ[6] ॥	The demon realised[4] not the Lord. He[5], the Lord had Himself[7] strayed[6] him.	ਰਾਖਸ਼ ਪ੍ਰਭੂ ਨੂੰ ਅਨੁਭਵ[4] ਨਹੀਂ ਸੀ ਕਰਦਾ। ਉਸ[5] ਸੁਆਮੀ ਨੇ ਆਪੇ[7] ਹੀ ਉਸ ਨੂੰ ਕੁਰਾਹੇ ਪਾਇਆ ਹੋਇਆ[6] ਸੀ।
ਪੁਤ੍ਰ ਪ੍ਰਹਲਾਦੁ ਸਿਉ[8] ਵਾਦੁ[9] ਰਚਾਇਆ[10] ॥	He picked[10] up a qurrel[9] with[8] Prahlad, his son.	ਉਸ ਨੇ ਆਪਣੇ ਪੁਤ੍ਰ ਪ੍ਰਹਲਾਦ ਨਾਲ[8] ਝਗੜਾ[9] ਛੇੜ ਲਿਆ[10]।
ਅੰਧਾ[12] ਨ ਬੂਝੈ[13] ਕਾਲੁ[14] ਨੇੜੈ ਆਇਆ[15] ॥੬॥	The blind one[12] knew[13] not that his death[14] had drawn[15] near.	ਅੰਨ੍ਹਾ[12] ਨਹੀਂ ਸੀ ਜਾਣਦਾ[13] ਕਿ ਉਸ ਦੀ ਮੌਤ[14] ਨੇੜੇ ਢੁਕੀ ਹੋਈ[15] ਸੀ।
ਪ੍ਰਹਲਾਦੁ ਕੋਠੇ[16] ਵਿਚਿ ਰਾਖਿਆ[17] ਬਾਰਿ[18] ਦੀਆ ਤਾਲਾ[19] ॥	Prahlad was confined[17] in a cell[16] and its door[18] was locked[19].	ਪ੍ਰਹਲਾਦ ਨੂੰ ਕੋਠੜੀ[16] ਵਿਚ ਬੰਦ[17] ਕਰ ਦਿਤਾ ਅਤੇ ਇਸ ਦੇ ਬੂਹੇ[18] ਨੂੰ ਜੰਦਰਾ ਮਾਰ ਦਿਤਾ[19]।
ਨਿਰਭਉ[20] ਬਾਲਕੁ ਮੂਲਿ[21] ਨ ਡਰਈ ਮੇਰੈ ਅੰਤਰਿ[22] ਗੁਰ ਗੋਪਾਲਾ[23] ॥	The fearless[20] child was not at all[21] frightened and said, "within my mind[22] bides the Guru-God[23]."	ਭੈ-ਰਹਿਤ[20] ਬੱਚਾ ਬਿਲਕੁਲ[21] ਹੀ ਨਾ ਡਰਿਆ ਤੇ ਉਸ ਨੇ ਆਖਿਆ, "ਮੇਰੇ ਮਨ[22] ਅੰਦਰ ਗੁਰੂ-ਪ੍ਰਮੇਸ਼ਰ[23] ਵਸਦਾ ਹੈ।"

ਕੀਤਾ[24] ਹੋਵੈ ਸਰੀਕੀ[25] ਕਰ ਅਨਹੋਦਾ[26] ਨਾਉ ਧਰਾਇਆ[27] ॥	If the created[24] one tries to equal[25] to Creator, in vain[26] is his assumed[27] big Name.	ਜੇਕਰ ਰਚਿਆ[24] ਹੋਇਆ ਜੀਵ ਰਚਨਹਾਰ ਦੀ ਬਰਾਬਰੀ[25] ਕਰਨ ਦੀ ਕੋਸ਼ਿਸ਼ ਕਰਦਾ ਹੈ, ਬੇਅਰਥ[26] ਹੈ ਉਸ ਦਾ ਉਚਾ ਨਾਮ ਰਖਾਇਆ[27] ਹੋਇਆ ।
ਜੋ ਧੁਰਿ[28] ਲਿਖਿਆ[29] ਸੁ[30] ਆਇ ਪਹੁਤਾ[31] ਜਨ[32] ਸਿਉ[33] ਵਾਦੁ[34] ਰਚਾਇਆ[35] ॥੭॥	What was pre[28]-destined[29] for him, that[30] did arrive[31], and he picked up[35] quarrel[34] with[33] the Lord's slave[32].	ਜਿਹੜਾ ਕੁਛ ਉਸ ਲਈ ਮੁਢ[28] ਤੋਂ ਲਿਖਿਆ[29] ਹੋਇਆਂ ਸੀ, ਉਹ[30] ਆ ਪੁੱਜਾ[31] ਅਤੇ ਉਸ ਨੇ ਪ੍ਰਭੂ ਗੋਲੇ[32] ਦੇ ਨਾਲ[33] ਝਗੜਾ[34] ਖੜਾ ਕਰ ਲਿਆ[35] ।
ਪਿਤਾ[36] ਪ੍ਰਹਲਾਦ ਸਿਉ ਗੁਰਜ[37] ਉਠਾਈ[38]॥ਕਹਾਂ[39] ਤੁਮਾਰਾ [40]ਜਗਦੀਸ[41] ਗੁਸਾਈ[42] ॥	The father[36] raised[38] the bludgeon[37] to strike Prahlad, saying, "Where[39] is thy God[40], the Lord[42] of universe[41]?"	ਪਿਓ[36] ਨੇ ਇਹ ਆਖਦਿਆਂ ਹੋਇਆਂ, "ਆਲਮ[41] ਦਾ ਸੁਆਮੀ[42] ਤੇਰਾ ਵਾਹਿਗੁਰੂ[40] ਕਿੱਥੇ[39] ਹੈ ?" ਪ੍ਰਹਲਾਦ ਨੂੰ ਮਾਰਨ ਲਈ ਗਦਾ[37] ਉਲਾਰੀ[38] ।
ਜਗ[43] ਜੀਵਨੁ[44] ਦਾਤਾ[45] ਅੰਤਿ[46] ਸਖਾਈ[47] ॥ ਜਹ[48] ਦੇਖਾ ਤਹ[49] ਰਹਿਆ ਸਮਾਈ[50] ॥੮॥	Replied Prahlad, "My Beneficent[45] Lord is the Life[44] of the world[43] and Saviour[47] in the end[46] Wheresoever[48] I see, I see Him pervading[50] there[49]"	ਪ੍ਰਹਲਾਦ ਨੇ ਉਤਰ ਦਿੱਤਾ, "ਜਗਤ[43] ਦੀ ਜਿੰਦ ਜਾਨ[44], ਮੇਰਾ ਦਾਤਾਰ[45] ਸੁਆਮੀ, ਅਖ਼ੀਰ[46] ਦੇ ਵੇਲੇ ਰੱਖਿਆ ਕਰਨ ਵਾਲਾ[47] ਹੈ। ਜਿਥੇ ਕਿਤੇ[48] ਭੀ ਮੈਂ ਵੇਖਦਾ ਹਾਂ, ਉਥੇ[49] ਮੈਂ ਉਸ ਨੂੰ ਵਿਆਪਕ[50] ਵੇਖਦਾ ਹਾਂ ।"
ਥੰਮੁ[51] ਉਪਾੜਿ[52] ਹਰਿ ਆਪੁ[53] ਦਿਖਾਇਆ[54] ॥	Tearing[52] asunder the pillar[51], God did make Himself[53] manifest[54].	ਥੰਮ[51] ਨੂੰ ਪਾੜ[52] ਕੇ, ਵਾਹਿਗੁਰੂ ਨੇ ਆਪਣੇ ਆਪ[53] ਨੂੰ ਪ੍ਰਗਟ[54] ਕੀਤਾ ।
ਅਹੰਕਾਰੀ[55] ਦੈਤੁ ਮਾਰਿ ਪਚਾਇਆ[56] ॥	The proud[55] demon was killed and destroyed[56].	ਆਕੜ-ਖ਼ਾਂ[55] ਰਾਖ਼ਸ਼ ਨਸ਼ਟ ਤੇ ਤਬਾਹ ਕਰ ਦਿਤਾ[56] ਗਿਆ ।
ਭਗਤਾ ਮਨਿ ਆਨੰਦੁ[57] ਵਜੀ[58] ਵਧਾਈ[59] ॥	In the mind of the saints was bliss[57] and congratulations[59] poured[58] in.	ਸੰਤਾਂ ਦੇ ਚਿਤ ਅੰਦਰ ਖ਼ੁਸ਼ੀ[57] ਸੀ ਅਤੇ ਮੁਬਾਰਕਾਂ[59] ਮਿਲਦੀਆਂ[58] ਸਨ ।
ਅਪਨੇ ਸੇਵਕ[60] ਕਉ ਦੇ[61] ਵਡਿਆਈ[62] ॥੯॥	God blessed[61] His slave[60] with glory[62].	ਵਾਹਿਗੁਰੂ ਨੇ ਆਪਣੇ ਗੋਲੇ[60] ਨੂੰ ਪ੍ਰਭਤਾ[62] ਬਖ਼ਸ਼[61] ਦਿੱਤੀ ।
ਜੰਮਣੁ[63] ਮਰਣਾ[64] ਮੋਹੁ[65] ਉਪਾਇਆ[66] ॥ ਆਵਣੁ ਜਾਣਾ ਕਰਤੈ[67] ਲਿਖਿ ਪਾਇਆ[68] ॥	The Lord has created[66] birth[63], death[64] and worldly attachment[65], and coming and going the Creator-Lord[67] has ordained[68].	ਸੁਆਮੀ ਨੇ ਪੈਦਾਇਸ਼[63], ਮੌਤ[64] ਤੇ ਸੰਸਾਰੀ ਲਗਨ[65] ਰਚੇ[66] ਹਨ ਅਤੇ ਸਿਰਜਣਹਾਰ ਸੁਆਮੀ[67] ਨੇ ਹੀ ਆਉਣਾ ਤੇ ਜਾਣਾ ਨੀਅਤ ਕੀਤਾ[68] ਹੈ ।
ਪ੍ਰਹਲਾਦ ਕੈ ਕਾਰਜਿ[69] ਹਰਿ ਆਪੁ[70] ਦਿਖਾਇਆ[71] ॥	For the sake of the task[69] of Prahlad, the Lord made Himself[70] manifest[71].	ਪ੍ਰਹਲਾਦ ਦੇ ਕੰਮ[69] ਦੇ ਲਈ ਪ੍ਰਭੂ ਨੇ ਆਪਣੇ ਆਪ[70] ਨੂੰ ਪ੍ਰਗਟ ਕੀਤਾ[71] ।
ਭਗਤਾ ਕਾ ਬੋਲੁ[72] ਆਗੈ ਆਇਆ[73] ॥੧੦॥	The word[72] of the Lord's saint was fulfilled[73].	ਪ੍ਰਭੂ ਦੇ ਸਾਧੂ ਦਾ ਬਚਨ[72] ਪੂਰਾ[73] ਹੋ ਗਿਆ ਹੈ ।
ਦੇਵ[74] ਕੁਲੀ[75] ਲਖਿਮੀ[76] ਕਉ ਕਰਹਿ ਜੈਕਾਰੁ[77] ॥	All[75] the gods[74] made obeisance[77] unto the goddess of wealth[76] saying,	ਸਾਰਿਆਂ[75] ਦੇਵਤਿਆਂ[74] ਨੇ ਲਛਮੀ[76] ਨੂੰ ਨਮਸਕਾਰ[77] ਕੀਤੀ ਅਤੇ ਆਖਿਆ, "ਹੇ ਮਾਂ[78] ! ਇਸ ਭਿਆਨਕ

ਮਾਤਾ[78] ਨਰਸਿੰਘ[79] ਕਾ ਰੂਪੁ[80] ਨਿਵਾਰੁ[81] ॥	"O mother[78], let this horrible Man-lion[79] form[80] disappear[81]"	ਮਨੁਸ਼-ਸ਼ੇਰ[78] ਸਰੂਪ[80] ਨੂੰ ਅਲੋਪ[81] ਕਰ।"
ਲਖਿਮੀ ਭਉ[82] ਕਰੈ ਨ ਸਾਕੈ ਜਾਇ[83] ॥	Lakhsmi was terrified[82] and could not go[83] near.	ਲਖਸ਼ਮੀ ਭੈ-ਭੀਤ ਹੋਈ ਹੋਈ[82] ਨੇੜੇ ਨਹੀਂ ਸੀ ਜਾ[83] ਸਕਦੀ।
ਪ੍ਰਹਲਾਦੁ ਜਨੁ[84] ਚਰਣੀ[85] ਲਾਗਾ[86] ਆਇ ॥੧੧॥	Saint[84] Prahlad came and fell[86] at the Lord's feet[85].	ਸੰਤ[84] ਪ੍ਰਹਲਾਦ ਆ ਕੇ ਸੁਆਮੀ ਦੇ ਪੈਰੀ[85] ਢਹਿ ਪਿਆ[86]।
੧੧੫੫	**1155**	**੧੧੫੫**
ਸਤਿਗੁਰਿ ਨਾਮੁ ਨਿਧਾਨੁ[87] ਦ੍ਰਿੜਾਇਆ[88] ॥	The True Guru has enshrined[88] the Name treasure[87], within me.	ਸੱਚੇ ਗੁਰਾਂ ਨੇ ਨਾਮ ਦਾ ਖ਼ਜ਼ਾਨਾ[87] ਮੇਰੇ ਅੰਦਰ ਅਸਥਾਪਨ ਕਰ ਦਿੱਤਾ[88] ਹੈ।
ਰਾਜੁ[89] ਮਾਲੁ[90] ਝੂਠੀ[91] ਸਭ ਮਾਇਆ[92] ॥	Sovereignty[89], property[90] and all riches[92] are false[91].	ਪਾਤਿਸ਼ਾਹੀ[89], ਜਾਇਦਾਦ[90] ਤੇ ਸਮੂਹ ਦੌਲਤ[92] ਕੂੜੀਆਂ[91] ਹਨ।
ਲੋਭੀ[93] ਨਰ[94] ਰਹੇ ਲਪਟਾਇ[95] ॥	The greedy[93] person[94] remain clinging[95] to them.	ਲਾਲਚੀ[93] ਪੁਰਸ਼[94] ਉਹਨਾਂ ਨੂੰ ਚਿਮੜੇ[95] ਰਹਿੰਦੇ ਹਨ।
ਹਰਿ ਕੇ ਨਾਮ ਬਿਨੁ[98] ਦਰਗਹ[96] ਮਿਲੈ ਸਜਾਇ[97] ॥੧੨॥	Bereft[98] of the Lord's Name, one is punished[97] in the Lord's court[96].	ਸਾਹਿਬ ਦੇ ਨਾਮ ਦੇ ਬਗ਼ੈਰ[98], ਜੀਵ ਨੂੰ ਸਾਹਿਬ ਦੇ ਦਰਬਾਰ[96] ਅੰਦਰ ਸਜ਼ਾ ਮਿਲਦੀ[97] ਹੈ।
ਕਹੈ ਨਾਨਕੁ ਸਭੁ[99] ਕੋ ਕਰੇ[100] ਕਰਾਇਆ ॥	Says Nanak, every[99] one does[100] what the Lord makes him do.	ਗੁਰੂ ਜੀ ਫ਼ੁਰਮਾਉਂਦੇ ਹਨ, ਹਰ ਕੋਈ[99] ਉਹੀ ਕੁਛ ਕਰਦਾ[100] ਹੈ ਜੋ ਉਸ ਪਾਸੋਂ ਪ੍ਰਭੂ ਕਰਵਾਉਂਦਾ ਹੈ।
ਸੇ[2] ਪਰਵਾਣੁ[3] ਜਿਨੀ ਹਰਿ ਸਿਉ ਚਿਤੁ[4] ਲਾਇਆ[5] ॥	They[2] alone are approved[3], who fix[5] their mind[4] with their God.	ਕੇਵਲ ਉਹ[2] ਹੀ ਪ੍ਰਮਾਣੀਕ[3] ਹੁੰਦੇ ਹਨ ਜੋ ਆਪਣੇ ਮਨ[4] ਨੂੰ ਆਪਣੇ ਵਾਹਿਗੁਰੂ ਨਾਲ ਜੋੜਦੇ[5] ਹਨ।
ਭਗਤਾ[6] ਕਾ ਅੰਗੀਕਾਰੁ[7] ਕਰਦਾ ਆਇਆ ॥ ਕਰਤੈ[8] ਅਪਣਾ ਰੂਪੁ[9] ਦਿਖਾਇਆ[10] ॥੧੩॥੧॥੨॥	He has been taking the side[7] of His devotees[6]. The Creator-Lord[8] made manifest[10] His form[9].	ਉਹ ਆਪਣੇ ਅਨੁਰਾਗੀਆਂ[6] ਦਾ ਪੱਖ[7] ਪੂਰਦਾ ਰਿਹਾ ਹੈ। ਸਿਰਜਣਹਾਰ-ਸੁਆਮੀ[8] ਨੇ ਆਪਣਾ ਸਰੂਪ[9] ਪਰਗਟ[10] ਕੀਤਾ।
ਭੈਰਉ ਮਹਲਾ ੩ ॥	Bhairo 3rd Guru.	ਭੈਰਉ ਤੀਜੀ ਪਾਤਿਸ਼ਾਹੀ।
ਗੁਰ ਸੇਵਾ[12] ਤੇ[13] ਅੰਮ੍ਰਿਤ ਫਲੁ[14] ਪਾਇਆ[15] ਹਉਮੈ[16] ਤ੍ਰਿਸਨ[17] ਬੁਝਾਈ[18] ॥	By[13] the Guru's service[12] I am blessed[15] with the ambrosial fruit[14] and my ego[16] and desire[17] are dispelled[18].	ਗੁਰਾਂ ਦੀ ਘਾਲ[12] ਦੁਆਰਾ[13], ਮੈਨੂੰ ਅੰਮ੍ਰਿਤਮਈ ਮੇਵੇ[14] ਦੀ ਦਾਤ ਮਿਲ ਗਈ[15] ਹੈ ਅਤੇ ਮੇਰੀ ਹੰਗਤਾ[16] ਤੇ ਖ਼ਾਹਿਸ਼[17] ਮਿਟ ਗਈਆਂ[18] ਹਨ।
ਹਰਿ ਕਾ ਨਾਮੁ ਹਿਰਦੈ[19] ਮਨਿ[20] ਵਸਿਆ[21] ਮਨਸਾ[22] ਮਨਹਿ[23] ਸਮਾਈ[24] ॥੧॥	God's Name is enshrined[21] within my mind[19] and heart[20] and my craving[22] is stilled[24] in my very mind[23].	ਵਾਹਿਗੁਰੂ ਦਾ ਨਾਮ ਮੇਰੇ ਚਿਤ[19] ਅਤੇ ਦਿਲ[20] ਅੰਦਰ ਵਸ ਗਿਆ[21] ਹੈ ਅਤੇ ਮੇਰੀ ਲਾਲਸਾ[22] ਮੇਰੇ ਮਨ[23] ਅੰਦਰ ਹੀ ਲੀਨ ਹੋ ਗਈ[24] ਹੈ।
ਹਰਿ ਜੀਉ[25] ਕ੍ਰਿਪਾ[26] ਕਰਹੁ[27] ਮੇਰੇ ਪਿਆਰੇ[28] ॥	O my Reverend[25] Loved[28] Lord, show[27] Thou mercy[26] unto me.	ਹੇ ਮੇਰੇ ਪੂਜਯ[25] ਪ੍ਰੀਤਮ[28] ਪ੍ਰਭੂ! ਤੂੰ ਮੇਰੇ ਉਤੇ ਰਹਿਮਤ[26] ਧਾਰ[27]।

ਅਨਦਿਨੁ[29] ਹਰਿਗੁਣ[30] ਦੀਨ[31] ਜਨੁ[32] ਮਾਂਗੈ[33] ਗੁਰ ਕੈ ਸਬਦਿ[34] ਉਧਾਰੇ[35] ॥੧॥ ਰਹਾਉ ॥

Night and day[29], Thine meek[31] serf[32] asks for[33] Thy praise[30], O Lord. It is through the Guru's word[34] that the mortal is emancipated[35]. Pause.

ਰਾਤ ਅਤੇ ਦਿਨ[29] ਤੇਰਾ ਮਸਕੀਨ[31] ਨਫ਼ਰ[32], ਹੇ ਸਾਈਂ ! ਤੇਰੀ ਸਿਫ਼ਤ ਸ਼ਲਾਘਾ[30] ਦੀ ਯਾਚਨਾ ਕਰਦਾ[33] ਹੈ । ਗੁਰਾਂ ਦੀ ਬਾਣੀ[34] ਰਾਹੀਂ ਹੀ ਪ੍ਰਾਣੀ ਦੀ ਕਲਿਆਣ[35] ਹੁੰਦੀ ਹੈ। ਠਹਿਰਾਉ ।

ਸੰਤ ਜਨਾ[36] ਕਉ ਜਮੁ[37] ਜੋਹਿ[38] ਨ ਸਾਕੈ ਰਤੀ[39] ਅੰਚ[40] ਦੂਖ[41] ਨ ਲਾਈ[42] ॥

The Death's courier[37] can touch[38] not the holymen[36], and causes[42] them not even an iota[39] of suffering[40] and pain[41].

ਮੌਤ ਦਾ ਦੂਤ[37] ਪਵਿੱਤਰ ਪੁਰਸ਼ਾਂ[36] ਨੂੰ ਛੂਹ[38] ਤੱਕ ਨਹੀਂ ਸਕਦਾ ਅਤੇ ਉਨ੍ਹਾਂ ਨੂੰ ਇਕ ਭੋਰਾ ਭਰ[39] ਭੀ ਪੀੜ[40] ਅਤੇ ਦਰਦ[41] ਨਹੀਂ ਕਰਦਾ[42] ।

ਆਪਿ ਤਰਹਿ[43] ਸਗਲੇ ਕੁਲ[44] ਤਾਰਹਿ ਜੋ ਤੇਰੀ ਸਰਣਾਈ[45] ॥੨॥

O Lord, they who repair to Thy refuge[45] ; they save[43] themselves and save their entire lineage[44].

ਹੇ ਸੁਆਮੀ ! ਜੋ ਤੇਰੀ ਪਨਾਹ[45] ਲੈਂਦੇ ਹਨ; ਉਹ ਖ਼ੁਦ ਪਾਰ ਉਤਰ ਜਾਂਦੇ[43] ਹਨ ਤੇ ਆਪਣੀ ਸਾਰੀ ਵੰਸ਼[44] ਦਾ ਭੀ ਪਾਰ ਉਤਾਰਾ ਕਰ ਦਿੰਦੇ ਹਨ ।

ਭਗਤਾ[46] ਕੀ ਪੈਜ[47] ਰਖਹਿ ਤੂ ਆਪੇ ਏਹ ਤੇਰੀ ਵਡਿਆਈ[48] ॥

Thou Thyself savest the honour[47] of Thine saints[46]. This is Thy glory[48], O Lord.

ਤੂੰ ਖ਼ੁਦ ਹੀ ਆਪਣ ਸੰਤਾਂ[46] ਦੀ ਲੱਜਿਆ[47] ਰੱਖਦਾ ਹੈਂ । ਇਹ ਹੈ ਤੇਰੀ ਪ੍ਰਭਤਾ[48], ਹੇ ਸੁਆਮੀ !

ਜਨਮ ਜਨਮ[49] ਕੇ ਕਿਲਵਿਖ[50] ਦੁਖ[51] ਕਾਟਹਿ[52] ਦੁਬਿਧਾ[53] ਰਤੀ[54] ਨ ਰਾਈ[55] ॥੩॥

Thou riddest[52] them of the sins[50] and diseases[51] of many births[49] and they have not even an iota[54] and trice[55] of duality[53].

ਤੂੰ ਉਨ੍ਹਾਂ ਦੇ ਅਨੇਕਾਂ ਜਨਮਾਂ[49] ਦੇ ਪਾਪ[50] ਅਤੇ ਰੋਗ[51] ਕਟ ਦਿੰਦਾ[52] ਹੈਂ ਅਤੇ ਉਨ੍ਹਾਂ ਵਿਚ ਇਕ ਭੋਰਾ[54] ਤੇ ਕਿਣਕਾ ਮਾਤ੍ਰ[55] ਭੀ ਦਵੈਤ-ਭਾਵ[53] ਨਹੀਂ ।

ਹਮ[56] ਮੂੜ[57] ਮੁਗਧ[58] ਕਿਛੁ ਬੂਝਹਿ[59] ਨਾਹੀ ਤੂ ਆਪੇ ਦੇਹਿ[60] ਬੁਝਾਈ[61] ॥

I[56] am foolish[57] and ignorant[58] and understand[59] not anything. Thou Thyself blesseth[60] me with wisdom[61].

ਮੈਂ[56] ਮੂਰਖ[57] ਤੇ ਬੇਸਮਝ[58] ਹਾਂ ਅਤੇ ਕੁਝ ਭੀ ਨਹੀਂ ਸਮਝਦਾ[59] । ਤੂੰ ਖ਼ੁਦ ਹੀ ਮੈਨੂੰ ਸਿਆਣਪ[61] ਪਰਦਾਨ[60] ਕਰਦਾ ਹੈਂ ।

ਜੋ[65] ਤੁਧੁ ਭਾਵੈ[62] ਸੋਈ[63] ਕਰਸੀ ਅਵਰੁ[64] ਨ ਕਰਣਾ ਜਾਈ ॥੪॥

Whatever[65] pleaseth[62] Thee, that[63] Thou doest, O Lord. Nothing else[64] can be done.

ਜਿਹੜਾ ਕੁਛ[65] ਤੈਨੂੰ ਚੰਗਾ ਲੱਗਦਾ[62] ਹੈ, ਉਹ[63] ਹੀ ਤੂੰ ਕਰਦਾ ਹੈਂ, ਹੇ ਸੁਆਮੀ ! ਹੋਰ ਕੁਛ[64] ਕੀਤਾ ਨਹੀਂ ਜਾ ਸਕਦਾ ।

ਜਗਤੁ[64*] ਉਪਾਇ ਤੁਧੁ ਧੰਧੈ[65*] ਲਾਇਆ[66] ਭੂੰਡੀ[67] ਕਾਰ[68] ਕਮਾਈ[69] ॥

Creating the world[64*], Thou, O Lord, hast yoked[66] it to its task[65*], and man do[69] evil[67] deeds[68].

ਸੰਸਾਰ[64*] ਨੂੰ ਰਚ ਕੇ, ਤੂੰ ਇਸ ਨੂੰ ਕੰਮ[65*] ਲਾਇਆ[66] ਹੈ, ਹੇ ਸੁਆਮੀ ! ਅਤੇ ਜੀਵ ਮੰਦੇ[67] ਕਰਮ[68] ਕਰਦੇ[69] ਹਨ ।

ਜਨਮੁ ਪਦਾਰਥੁ[70] ਜੂਐ[71] ਹਾਰਿਆ ਸਬਦੈ[72] ਸੁਰਤਿ[73] ਨ ਪਾਈ ॥੫॥

They lose their priceless[70] life in gamble[71], and understand[73] not the Lord's Name[72].

ਉਹ ਆਪਣੇ ਅਮੋਲਕ[70] ਜੀਵਨ ਨੂੰ ਜੂਏ[71] ਵਿਚ ਹਾਰ ਦਿੰਦੇ ਹਨ ਅਤੇ ਪ੍ਰਭੂ ਦੇ ਨਾਮ[72] ਨੂੰ ਨਹੀਂ ਸਮਝਦੇ[73] ।

ਮਨਮੁਖਿ[80] ਮਰਹਿ ਤਿਨ[74] ਕਿਛੁ ਨ ਸੂਝੈ[75] [76]ਦੁਰਮਤਿ[77] ਅਗਿਆਨ[78] ਅੰਧਾਰਾ[79] ॥

The[74] way-ward[80] know[75] naught and die enveloped by the darkness[79] of evil[76] intellect[77] and ignorance[78].

ਉਹ[74] ਆਪ-ਹੁਦਰੇ[80] ਕੁਝ ਸਮਝਦੇ[75] ਨਹੀਂ ਅਤੇ ਖੋਟੀ[76] ਬੁਧੀ[77] ਅਤੇ ਬੇਸਮਝੀ[78] ਦੇ ਅਨ੍ਹੇਰੇ[79] ਦੇ ਘੇਰੇ ਹੋਏ ਹੀ ਮਰ ਜਾਂਦੇ ਹਨ ।

[81]ਭਵਜਲੁ[82] ਪਾਰਿ ਨ

They never cross the dreadful[81]

ਉਹ ਕਦੇ ਭੀ ਭਿਆਨਕ[81] ਸੰਸਾਰ ਸਮੁੰਦਰ[82] ਤੋਂ ਪਾਰ

ਪਾਵਹਿ ਕਬਹੀ ਡੂਬਿ[83] ਮੁਏ ਬਿਨੁ ਗੁਰ ਸਿਰਿ ਭਾਰਾ[84] ॥੬॥

world-ocean[82] and are drowned[83] to death, headlong[84] without the Guru.

ਨਹੀਂ ਹੁੰਦੇ ਅਤੇ ਗੁਰਾਂ ਦੇ ਬਾਝੋਂ ਸਿਰ-ਪਰਨੇ[84] ਡੁਬ[83] ਕੇ ਮਰ ਜਾਂਦੇ ਹਨ ।

ਸਾਚੈ ਸਬਦਿ[85] ਰਤੇ[87] ਜਨ[88] ਸਾਚੇ ਹਰਿ ਪ੍ਰਭਿ ਆਪਿ[86] ਮਿਲਾਏ ॥

True are the persons[88], who are imbued[87] with the True Name[85]. Them the Lord God unites with Himself[86].

ਸੱਚੇ ਹਨ ਉਹ ਪੁਰਸ਼[88], ਜੋ ਸਚੇ ਨਾਮ[85] ਨਾਲ ਰੰਗੀਜੇ[87] ਹਨ । ਉਹਨਾਂ ਨੂੰ ਸੁਆਮੀ ਵਾਹਿਗੁਰੂ ਆਪਣੇ[86] ਨਾਲ ਮਿਲਾ ਲੈਂਦਾ ਹੈ ।

ਗੁਰ ਕੀ ਬਾਣੀ ਸਬਦਿ[89] ਪਛਾਤੀ[90] ਸਾਚਿ[91] ਰਹੇ ਲਿਵ[92] ਲਾਇ ॥੭॥

By the Guru's instruction[89] they realise[90] the Guru's word and remain attuned[92] to the True[91] Lord.

ਗੁਰਾਂ ਦੇ ਉਪਦੇਸ਼[89] ਦੁਆਰਾ ਉਹ ਗੁਰਾਂ ਦੀ ਬਾਣੀ ਨੂੰ ਅਨੁਭਵ[90] ਕਰਦੇ ਹਨ ਅਤੇ ਸਚੇ[91] ਸਾਂਈਂ ਨਾਲ ਪ੍ਰੇਮ ਵਿਚ ਜੁੜੇ ਰਹਿੰਦੇ[92] ਹਨ ।

ਤੂ ਆਪਿ ਨਿਰਮਲੁ[93] ਤੇਰੇ ਜਨ[94] ਹੈ ਨਿਰਮਲ ਗੁਰ ਕੈ ਸਬਦਿ[95] ਵੀਚਾਰੇ[96] ॥

O Lord, Thou Thyself art pure[93] and pure are Thine slaves[94], who ponder[96] over the Guru's word[95].

ਹੇ ਸੁਆਮੀ ! ਤੂੰ ਖੁਦ ਪਵਿੱਤਰ[93] ਹੈਂ ਅਤੇ ਪਵਿੱਤਰ ਹਨ ਤੇਰੇ ਗੋਲੇ[94], ਜੋ ਗੁਰਾਂ ਦੀ ਬਾਣੀ[95] ਨੂੰ ਸੋਚਦੇ ਸਮਝਦੇ[96] ਹਨ ।

ਨਾਨਕੁ ਤਿਨ ਕੈ ਸਦ ਬਲਿਹਾਰੈ[97] ਰਾਮ ਨਾਮੁ [98]ਉਰਿਧਾਰੇ[99] ॥੮॥੨॥੩॥

Nanak is ever a sacrifice[97] unto them, who enshrine[99] the Lord's Name within their mind[98].

ਨਾਨਕ ਉਹਨਾਂ ਉਤੋਂ ਹਮੇਸ਼ਾਂ ਘੋਲੀ ਜਾਂਦਾ[97] ਹੈ, ਜੋ ਸੁਆਮੀ ਦੇ ਨਾਮ ਨੂੰ ਆਪਣੇ ਮਨ[98] ਅੰਦਰ ਟਿਕਾਈ[99] ਰਖਦੇ ਹਨ ।

ਭੈਰਉ ਮਹਲਾ ੫ ਅਸਟਪਦੀਆ ਘਰੁ ੨

Bhairo 5th Guru Ashtpadis

ਭੈਰਉ ਪੰਜਵੀਂ ਪਾਤਿਸ਼ਾਹੀ ਅਸਟਪਦੀਆਂ

੧ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਜਿਸੁ ਨਾਮੁ ਰਿਦੈ[100] ਸੋਈ[3] ਵਡ ਰਾਜਾ[2] ॥ ਜਿਸੁ ਨਾਮੁ ਰਿਦੈ ਤਿਸੁ[6] ਪੂਰੇ[4] ਕਾਜਾ[5] ॥

He[3] alone is the great king[2], within whose mind[100] the Lord's Name abides. He, in whose mind the Name is ; his[6] tasks[5] are accomplished[4].

ਕੇਵਲ ਉਹ[3] ਹੀ ਵਡਾ ਪਾਤਿਸ਼ਾਹ[2] ਹੈ, ਜਿਸ ਦੇ ਹਿਰਦੇ[100] ਅੰਦਰ ਸੁਆਮੀ ਦਾ ਨਾਮ ਵਸਦਾ ਹੈ । ਜਿਸ ਦੇ ਮਨ ਅੰਦਰ ਨਾਮ ਹੈ; ਉਸ[6] ਦੇ ਕਾਰਜ[5] ਸੰਪੂਰਨ ਹੋ ਜਾਂਦੇ[4] ਹਨ ।

ਜਿਸੁ ਨਾਮੁ ਰਿਦੈ ਤਿਨਿ[6*] ਕੋਟਿ[7] ਧਨ[8] ਪਾਏ ॥

He, within whose mind the Name is enshrined ; he[6*] obtains riches[8] of millions[7] of kinds.

ਜਿਸ ਦੇ ਮਨ ਅੰਦਰ ਨਾਮ ਟਿਕਿਆ ਹੋਇਆ ਹੈ; ਉਹ[6*] ਕ੍ਰੋੜਾਂ[7] ਹੀ ਕਿਸਮਾਂ ਦੀ ਦੌਲਤ[8] ਪਾ ਲੈਂਦਾ ਹੈ ।

ਨਾਮ ਬਿਨਾ ਜਨਮੁ[9] ਬਿਰਥਾ[10] ਜਾਏ ॥੧॥

Without the Name, the life[9] goes in vain[10].

ਨਾਮ ਦੇ ਬਗ਼ੈਰ, ਜੀਵਨ[9] ਬੇਅਰਥ[10] ਚਲਿਆ ਜਾਂਦਾ ਹੈ ।

ਤਿਸੁ[12] ਸਾਲਾਹੀ[13] ਜਿਸੁ ਹਰਿ ਧਨੁ[14] ਰਾਸਿ[15] ॥

I praise[13] him[12], who possesses the capital[15] of the Lord's wealth[14]

ਮੈਂ ਉਸ[12] ਦੀ ਉਸਤਤੀ[13] ਕਰਦਾ ਹਾਂ, ਜਿਸ ਦੇ ਪੱਲੇ ਵਾਹਿਗੁਰੂ ਦੀ ਦੌਲਤ[14] ਦੀ ਪੂੰਜੀ[15] ਹੈ ।

ਸੋ[16] [17]ਵਡਭਾਗੀ[18] ਜਿਸੁ ਗੁਰ ਮਸਤਕਿ[19] ਹਾਥੁ ॥ ੧ ॥ ਰਹਾਉ ॥

He[16] alone is very[17] fortunate[18], on whose forehead[19] is the Guru's hand. Pause.

ਕੇਵਲ ਉਹ[16] ਹੀ ਭਾਰੀ[17] ਕਿਸਮਤ[18] ਵਾਲਾ ਹੈ, ਜਿਸ ਦੇ ਮੱਥੇ[19] ਉਤੇ ਗੁਰਾਂ ਦਾ ਹੱਥ ਹੈ । ਠਹਿਰਾਉ ।

ਜਿਸੁ ਨਾਮੁ ਰਿਦੈ ਤਿਸੁ[20] ਕੋਟ[21] ਕਈ[22] ਸੈਨਾ[23] ॥	He in whose mind the Lord's Name bides ; he[20] owns many[22] millions[21] of armies[23].	ਜਿਸ ਦੇ ਅੰਤਰ ਆਤਮੇ ਸੁਆਮੀ ਦਾ ਨਾਮ ਵਸਦਾ ਹੈ; ਉਹ[20] ਅਨੇਕਾਂ[22] ਕ੍ਰੋੜਾਂ[21] ਫ਼ੌਜਾਂ[23] ਦਾ ਮਾਲਕ ਹੈ।
ਜਿਸੁ ਨਾਮੁ ਰਿਦੈ ਤਿਸੁ ਸਹਜ[24] ਸੁਖੈਨਾ[25] ॥	He, within whose mind the Lord's Name is ; he enjoys poise[24] and peace[25].	ਜਿਸ ਦੇ ਅੰਤਰ ਆਤਮੇ ਸੁਆਮੀ ਦਾ ਨਾਮ ਹੈ; ਉਹ ਅਡੋਲਤਾ[24] ਅਤੇ ਅਨੰਦ[25] ਮਾਣਦਾ ਹੈ।
ਜਿਸੁ ਨਾਮ ਰਿਦੈ ਸੋ ਸੀਤਲੁ[26] ਹੂਆ[27] ॥	He within whose mind the Name is enshrined ; he is rendered[27] calm and cool[26].	ਜਿਸ ਦੇ ਹਿਰਦੇ ਅੰਦਰ ਨਾਮ **ਟਿਕਿਆ** ਹੋਇਆ ਹੈ; ਉਹ ਠੰਡਾ ਠਾਰ[26] ਹੋ ਜਾਂਦਾ[27] ਹੈ।
ਨਾਮ ਬਿਨਾ ਧ੍ਰਿਗੁ[28] ਜੀਵਣੁ[29] ਮੂਆ[30] ॥੨॥	Without the Name, accursed[28] are both life[29] and death[30] of the mortal.	ਨਾਮ ਦੇ ਬਗੈਰ, ਪ੍ਰਾਣੀ ਦੀਆਂ ਦੋਨੋਂ ਜ਼ਿੰਦਗੀ[29] ਅਤੇ ਮੌਤ[30] ਲਾਨ੍ਹਤ ਮਾਰੀਆਂ[28] ਹਨ।
੧੧੫੬	**1156**	**੧੧੫੬**
ਜਿਸੁ ਨਾਮੁ ਰਿਦੈ ਸੋ ਜੀਵਨ[31]ਮੁਕਤਾ[32] ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ[33] ॥	He, in whose mind the Name is ; he is emancipated[32] in life[31]. He in whose mind the Name is enshrined ; he knows all the ways[33].	ਜਿਸ ਦੇ ਮਨ ਵਿਚ ਨਾਮ ਹੈ; ਉਹ ਜੀਊਂਦਾ[31] ਹੀ ਮੁਕਤ[32] ਹੋ ਜਾਂਦਾ ਹੈ, ਜਿਸ ਦੇ ਮਨ ਅੰਦਰ ਨਾਮ ਟਿਕਿਆ ਹੋਇਆ ਹੈ; ਉਹ ਸਾਰੇ ਹੀ ਤਰੀਕੇ[33] ਜਾਣਦਾ ਹੈ।
ਜਿਸੁ ਨਾਮੁ ਰਿਦੈ ਤਿਨਿ ਨਉਨਿਧਿ[34] ਪਾਈ ॥	He, within whose mind the Name dwells ; he obtains the nine treasures[34].	ਜਿਸ ਦੇ ਅੰਤਰ ਆਤਮੇ ਨਾਮ ਵਸਦਾ ਹੈ; ਉਹ ਨੌਂ ਖ਼ਜ਼ਾਨੇ[34] ਪਰਾਪਤ ਕਰ ਲੈਂਦਾ ਹੈ।
ਨਾਮ ਬਿਨਾ ਭ੍ਰਮਿ[35] ਆਵੈ[36] ਜਾਈ[37] ॥੩॥	Without the Name, one wanders[35] in coming[36] and going[37].	ਨਾਮ ਦੇ ਬਾਝੋਂ, ਬੰਦਾ [36]ਆਵਾਗਉਣ[37] ਅੰਦਰ ਭਟਕਦਾ[35] ਹੈ।
ਜਿਸੁ ਨਾਮੁ ਰਿਦੈ ਸੋ[38] ਵੇਪਰਵਾਹਾ[39] ॥	Care-free[39] is he[38], within whose mind the Name is.	ਮੁਛੰਦਗੀ-ਰਹਿਤ[39] ਹੈ ਉਹ[38], ਜਿਸ ਦੇ ਮਨ ਅੰਦਰ ਨਾਮ ਹੈ।
ਜਿਸੁ ਨਾਮੁ ਰਿਦੈ ਤਿਸੁ[40] ਸਦਾ[41] ਹੀ ਲਾਹਾ[42] ॥	He[40], within whose mind the Lord's Name abides, ever[41] reaps profit[42].	ਜਿਸ ਦੇ ਅੰਤਸ਼ਕਰਨ ਅੰਦਰ ਪ੍ਰਭੂ ਦਾ ਨਾਮ ਵਸਦਾ ਹੈ, ਉਹ[40] ਹਮੇਸ਼ਾਂ[41] ਹੀ ਨਫ਼ਾ[42] ਉਠਾਉਂਦਾ ਹੈ।
ਜਿਸੁ ਨਾਮੁ ਰਿਦੈ ਤਿਸੁ [43]ਵਡਪਰਵਾਰਾ[44] ॥	A large[43] family[44] has he within whose mind the Lord's Name is enshrined.	ਭਾਰਾ[43] ਪਰਵਾਰ[44] ਹੈ ਉਸ ਦਾ ਜਿਸ ਦੇ ਅੰਤਸ਼ਕਰਨ ਅੰਦਰ ਸਾਂਈਂ ਦਾ ਨਾਮ ਟਿਕਿਆ ਹੋਇਆ ਹੈ।
ਨਾਮ ਬਿਨਾ ਮਨਮੁਖ[45] ਗਾਵਾਰਾ[46] ॥੪॥	Without the Name, one is an unwise[46] apostate[45].	ਨਾਮ ਦੇ ਬਾਝੋਂ, ਜੀਵ ਬੇਸਮਝ[46] ਆਧਰਮੀ[45] ਹੈ।
ਜਿਸੁ ਨਾਮੁ ਰਿਦੈ ਤਿਸੁ ਨਿਹਚਲ[47] ਆਸਨੁ[48] ॥	Immovable[47] is the seat[48] of him, in whose mind the Name abides.	ਅਹਿੱਲ[47] ਹੈ ਉਸ ਦਾ ਟਿਕਾਣਾ[48], ਜਿਸ ਦੇ ਅੰਤਰ-ਆਤਮੇ ਨਾਮ ਵਸਦਾ ਹੈ।
ਜਿਸੁ ਨਾਮੁ ਰਿਦੈ ਤਿਸੁ	He alone is seated[50] on the throne[49],	ਕੇਵਲ ਉਹੀ ਰਾਜ-ਸਿੰਘਾਸਣ[49] ਤੇ ਬੈਠਦਾ[50] ਹੈ, ਜਿਸ

ਤਖਤਿ[49] ਨਿਵਾਸਨੁ[50] ॥	within whose heart the Lord's Name is enshrined.	ਦੇ ਦਿਲ ਅੰਦਰ ਪ੍ਰਭੂ ਦਾ ਨਾਮ ਇਸਥਿਤ ਹੋਇਆ ਹੋਇਆ ਹੈ।
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ[51] ॥	He alone is the true king[51], within whose heart the Name is.	ਕੇਵਲ ਉਹ ਹੀ ਸੱਚਾ ਪਾਤਿਸ਼ਾਹ[51] ਹੈ, ਜਿਸ ਦੇ ਦਿਲ ਅੰਦਰ ਨਾਮ ਹੈ।
ਨਾਮ ਹੀਣ ਨਾਹੀ ਪਤਿ[52] ਵੇਸਾਹੁ[53] ॥੫॥	Bereft of the Lord's Name, one has no honour[52] and trust[53].	ਨਾਮ ਦੇ ਬਗ਼ੈਰ, ਜੀਵ ਦੀ ਕੋਈ ਇੱਜ਼ਤ ਆਬਰੂ[52] ਅਤੇ ਇਤਬਾਰ[53] ਨਹੀਂ।
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ[54] ॥	He in whose mind the Name abides ; he is renowned[54] all over.	ਜਿਸ ਦੇ ਅੰਤਰ ਆਤਮੇ ਨਾਮ ਵਸਦਾ ਹੈ; ਉਹ ਸਾਰੇ ਹੀ ਪ੍ਰਸਿੱਧ ਹੋ ਜਾਂਦਾ[54] ਹੈ।
ਜਿਸੁ ਨਾਮੁ ਰਿਦੈ ਸੋ ਪੁਰਖੁ[55] ਬਿਧਾਤਾ[56] ॥	He,in whose heart abides the Name; he is the embodiment of the Creator[56]-Lord[55].	ਜਿਸ ਦੇ ਦਿਲ ਅੰਦਰ ਨਾਮ ਵਸਦਾ ਹੈ; ਉਹ [56]ਸਿਰਜਣਹਾਰ-ਸੁਆਮੀ[55] ਦਾ ਹੀ ਸਰੂਪ ਹੈ।
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ[57] ॥	He, within whose heart the Name abides ; he is the highest[57] of all.	ਜਿਸ ਦੇ ਦਿਲ ਅੰਦਰ ਨਾਮ ਵਸਦਾ ਹੈ, ਉਹ ਸਾਰਿਆਂ ਨਾਲੋਂ ਬੁਲੰਦ[57] ਹੈ।
ਨਾਮ ਬਿਨਾ ਭ੍ਰਮਿ[58] ਜੋਨੀ[59] ਮੂਚਾ[60] ॥੬॥	Without the Name, one wanders[58] in many[60] existences[59].	ਨਾਮ ਦੇ ਬਾਝੋਂ, ਬੰਦਾ ਘਣੇਰੀਆਂ[60] ਜੂਨੀਆਂ[59] ਅੰਦਰ ਭਟਕਦਾ[58] ਹੈ।
ਜਿਸੁ ਨਾਮੁ ਰਿਦੈ ਤਿਸੁ[61] ਪ੍ਰਗਟਿ[62] ਪਹਾਰਾ[63] ॥	He, within whose mind abides the Name ; he[61] sees the Lord manifested[62] in His creation[63].	ਜਿਸ ਦੇ ਹਿਰਦੇ ਅੰਦਰ ਨਾਮ ਵਸਦਾ ਹੈ; ਉਹ[61] ਪ੍ਰਭੂ ਨੂੰ ਆਪਣੀ ਰਚਨਾ[63] ਅੰਦਰ ਪ੍ਰਤੱਖ[62] ਹੀ ਵੇਖਦਾ ਹੈ।
ਜਿਸੁ ਨਾਮੁ ਰਿਦੈ ਤਿਸੁ ਮਿਟਿਆ[64] ਅੰਧਾਰਾ[65] ॥	He, within whose heart abides the Lord's Name ; his darkness[65] is dispelled[64].	ਜਿਸ ਦੇ ਦਿਲ ਅੰਦਰ ਸੁਆਮੀ ਦਾ ਨਾਮ ਵਸਦਾ ਹੈ; ਉਸ ਦਾ ਅਨ੍ਹੇਰਾ[65] ਦੂਰ ਹੋ ਜਾਂਦਾ[64] ਹੈ।
ਜਿਸੁ ਨਾਮੁ ਰਿਦੈ ਸੋ ਪੁਰਖੁ[66] ਪਰਵਾਣੁ[67] ॥	Approved[67] is the person[66], within whose heart abides the Lord's Name.	ਪਰਮਾਣੀਕ[67] ਹੈ ਉਹ ਪੁਰਸ਼[66], ਜਿਸ ਦੇ ਦਿਲ ਅੰਦਰ ਪ੍ਰਭੂ ਦਾ ਨਾਮ ਵਸਦਾ ਹੈ।
ਨਾਮ ਬਿਨਾ ਫਿਰਿ[68] ਆਵਣ ਜਾਣੁ ॥੭॥	Without the Name, one continues coming and going again and again[68]	ਨਾਮ ਦੇ ਬਗ਼ੈਰ, ਇਨਸਾਨ ਮੁੜ ਮੁੜ[68] ਕੇ ਆਉਂਦਾ ਤੇ ਜਾਂਦਾ ਰਹਿੰਦਾ ਹੈ।
ਤਿਨਿ ਨਾਮੁ ਪਾਇਆ[69] ਜਿਸੁ ਭਇਓ[71] ਕ੍ਰਿਪਾਲ[70] ॥	He alone is blessed[69] with the Name, on whom the Lord becomes[71] merciful[70].	ਕੇਵਲ ਉਸ ਨੂੰ ਹੀ ਨਾਮ ਦੀ ਦਾਤ[69] ਮਿਲਦੀ ਹੈ, ਜਿਸ ਉਤੇ ਮਾਲਕ ਮਿਹਰਬਾਨ[70] ਹੋ ਜਾਂਦਾ[71] ਹੈ।
ਸਾਧ ਸੰਗਤਿ ਮਹਿ[72] ਲਖੇ[73] [74]ਗੁੋਪਾਲ[75] ॥	Through[72] the saints' society, Lord, the Cherisher[75] of the world[74] is comprehended[73].	ਸਤਿ ਸੰਗਤ ਦੇ ਰਾਹੀਂ[72], ਜਗਤ[74] ਦਾ ਪਾਲਣ-ਪੋਸਣਹਾਰ[75] ਪ੍ਰਭੂ, ਜਾਣਿਆ ਜਾਂਦਾ[73] ਹੈ।
ਆਵਣ ਜਾਣ ਰਹੇ[76] ਸੁਖੁ ਪਾਇਆ ॥	My comings and goings have ceased[76], and I have obtained peace.	ਮੇਰੇ ਆਉਣੇ ਅਤੇ ਜਾਣੇ ਮੁਕ ਗਏ[76] ਹਨ ਅਤੇ ਮੈਨੂੰ ਆਰਾਮ ਪਰਾਪਤ ਹੋ ਗਿਆ ਹੈ।

ਕਹੁ ਨਾਨਕ ਤਤੈ[77] ਤਤੁ ਮਿਲਾਇਆ[78] ॥੮॥੧॥੪॥	Says Nanak, my quintessence has merged[78] in the Lord's quintessence[77].	ਗੁਰੂ ਜੀ ਫੁਰਮਾਉਂਦੇ ਹਨ, ਮੇਰੀ ਅਸਲੀਅਤ ਸੁਆਮੀ ਦੀ ਅਸਲੀਅਤ[77] ਅੰਦਰ ਲੀਨ ਹੋ ਗਈ[78] ਹੈ ।
ਭੈਰਉ ਮਹਲਾ ੫ ॥	Bhario 5th Guru.	ਭੈਰਉ ਪੰਜਵੀਂ ਪਾਤਿਸ਼ਾਹੀ ।
ਕੋਟਿ[78*] ਬਿਸਨ[79] ਕੀਨੇ[80] ਅਵਤਾਰ[81] ॥	He created[80] millions[78*] of incarnations[81] of Vishnu[79].	ਉਸ ਨੇ ਕ੍ਰੋੜਾਂ[78*] ਹੀ ਵਿਸ਼ਨੂੰ[79] ਦੇ ਅਉਤਾਰ[81] ਰਚੇ[80] ।
ਕੋਟਿ ਬ੍ਰਹਮੰਡ[82] ਜਾਕੇ [83]ਧ੍ਰਮਸਾਲ[84] ॥	He who has millions of solar systems[82] as places[84] to practise virtue[83].	ਜਿਸ ਦੇ ਕ੍ਰੋੜਾਂ ਹੀ ਸੂਰਜ-ਮੰਡਲ[82] ਨੇਕੀ[83] ਕਮਾਉਣ ਦੇ ਟਿਕਾਣੇ[84] ਵਜੋਂ ਹਨ ।
ਕੋਟਿ ਮਹੇਸ[85] ਉਪਾਇ[86] ਸਮਾਏ[87] ॥	He created[86] and destroyed[87] millions of Shivas[85].	ਉਸ ਨੇ ਕ੍ਰੋੜਾਂ ਹੀ ਸ਼ਿਵਜੀ[85] ਪੈਦਾ[86] ਅਤੇ ਨਾਸ ਕੀਤੇ[87] ।
ਕੋਟਿ ਬ੍ਰਹਮੇ ਜਗੁ[88] ਸਾਜਣ[89] ਲਾਏ[90] ॥੧॥	He has employed[90] myriads of Brahmas to create[89] the universes[88].	ਉਸ ਨੇ ਕ੍ਰੋੜਾਂ ਹੀ ਬ੍ਰਹਮੇ ਆਲਮਾਂ[88] ਨੂੰ ਰਚਨ[89] ਲਈ ਲਾਏ ਹੋਏ[90] ਹਨ ।
ਐਸੋ[91] ਧਣੀ[92] ਗੁਵਿੰਦੁ[93] ਹਮਾਰਾ[94] ॥	Such[91] is my[94] Master[92] Lord[03], O man.	ਇਹੋ ਜਿਹਾ[91] ਹੈ ਮੇਰਾ[94] ਮਾਲਕ[92] ਸੁਆਮੀ[93], ਹੇ ਬੰਦੇ !
ਬਰਨਿ[95] ਨ ਸਾਕਉ ਗੁਣ[96] ਬਿਸਥਾਰਾ[97] ॥੧॥ ਰਹਾਉ ॥	He has good many[97] virtues[96]. I can narrate[95] them not. Pause.	ਉਸ ਵਿਚ ਬਹੁਤੀਆਂ[97] ਹੀ ਨੇਕੀਆਂ[96] ਹਨ । ਮੈਂ ਉਨ੍ਹਾਂ ਨੂੰ ਵਰਨਣ[95] ਨਹੀਂ ਕਰ ਸਕਦਾ । ਠਹਿਰਾਉ ।
ਕੋਟਿ ਮਾਇਆ[98] ਜਾਕੈ[99] ਸੇਵਕਾਇ[100] ॥ ਕੋਟਿ ਜੀਅ[2] ਜਾ ਕੀ ਸਿਹਜਾਇ[3] ॥	Such is the Lord, millions of Lakhshmis[98] are whose[99] hand-maids[100], and myriads of beings[2] are whose couches[3].	ਐਸਾ ਹੈ ਉਹ ਸਾਹਿਬ, ਕ੍ਰੋੜਾਂ ਹੀ ਲਖਸ਼ਮੀਆਂ[98] ਹਨ ਜਿਸ ਦੀਆਂ[99] ਨੌਕਰਾਣੀਆਂ[100] ਅਤੇ ਕ੍ਰੋੜਾਂ ਹੀ ਜੀਵ[2] ਹਨ ਜਿਸ ਦੀਆਂ ਸੇਜਾਂ[3] ।
ਕੋਟਿ ਉਪਾਰਜਨਾ[4] ਤੇਰੈ ਅੰਗਿ[5] ॥	Millions of universes[4] are in Thy Being[5], O Lord.	ਕ੍ਰੋੜਾਂ ਹੀ ਆਲਮ[4], ਤੇਰੇ ਸਰੂਪ[5] ਅੰਦਰ ਹਨ, ਹੇ ਸੁਆਮੀ !
ਕੋਟਿ ਭਗਤ[6] ਬਸਤ[7] ਹਰਿ ਸੰਗਿ[8] ॥੨॥	Myriads of devotees[6] abide[7] with[8] the Lord.	ਕ੍ਰੋੜਾਂ ਹੀ ਸ਼ਰਧਾਲੂ[6] ਸੁਆਮੀ ਦੇ ਨਾਲ[8] ਵਸਦੇ[7] ਹਨ ।
ਕੋਟਿ ਛਤ੍ਰ[9] ਪਤਿ[10] ਕਰਤ ਨਮਸਕਾਰ[12] ॥	Millions of lords[10] of throne and crown[9] make obeisance[12] unto Him.	ਕ੍ਰੋੜਾਂ ਹੀ ਤਖ਼ਤ ਤੇ ਤਾਜ[9] ਦੇ ਪਤੀ[10] ਉਸ ਨੂੰ ਪ੍ਰਣਾਮ[12] ਕਰਦੇ ਹਨ ।
ਕੋਟਿ ਇੰਦ੍ਰ ਠਾਢੇ[13] ਹੈ ਦੁਆਰ[14] ॥	Millions of Indras stand[13] at His door[14].	ਕ੍ਰੋੜਾਂ ਹੀ ਇੰਦ੍ਰ ਉਸ ਦੇ ਬੂਹੇ[14] ਤੇ ਖੜ੍ਹੇ[13] ਹਨ ।
ਕੋਟਿ ਬੈਕੁੰਠ[15] ਜਾਕੀ[16] ਦ੍ਰਿਸਟੀ[17] ਮਾਹਿ[18] ॥	Such is He, in[18] whose[16] vision[17] are millions of paradises[15].	ਐਸਾ ਹੈ ਉਹ ਜਿਸ ਦੀ[16] ਨਿਗ੍ਹਾ[17] ਅੰਦਰ[18] ਕ੍ਰੋੜਾਂ ਹੀ ਸਵਰਗ[15] ਹਨ ।
ਕੋਟਿ ਨਾਮ ਜਾਕੀ	Myriads are the Lord's Names,	ਕ੍ਰੋੜਾਂ ਹੀ ਹਨ ਉਸ ਦੇ ਨਾਮ ਜਿਨ੍ਹਾਂ ਦਾ ਮੁੱਲ[19] ਪਾਇਆ

ਕੀਮਤਿ[19] ਨਾਹਿ ॥੩॥	whose worth[19] can be appraised not.	ਨਹੀਂ ਜਾ ਸਕਦਾ।
ਕੋਟਿ ਪੂਰੀਅਤ[20] ਹੈ ਜਾ[21] ਕੈ ਨਾਦ[22] ॥	Such is He, at whose[21] door millions of conches[22] are sounded[20].	ਐਸਾ ਹੈ ਉਹ, ਜਿਸ[21] ਦੇ ਦੁਆਰੇ ਤੇ ਕ੍ਰੋੜਾਂ ਹੀ ਸੰਖ[22] ਪੂਰੇ ਜਾਂਦੇ[20] ਹਨ।
ਕੋਟਿ ਅਖਾਰੇ[23] ਚਲਿਤ[24] ਬਿਸਮਾਦ[25] ॥	Millions are His arenas[23] and wondrous[25] plays[24].	ਕ੍ਰੋੜਾਂ ਹੀ ਹਨ ਉਸ ਦੇ ਅਖਾੜੇ[23] ਤੇ ਅਸਚਰਜ[25] ਖੇਡਾਂ[24]।
ਕੋਟਿ ਸਕਤਿ[26] ਸਿਵ[27] ਆਗਿਆਕਾਰ[28] ॥	He has myriads of obedient[28] Lakshmis[26] and Shivas[27].	ਉਸ ਦੀਆਂ ਕ੍ਰੋੜਾਂ ਹੀ ਫਰਮਾਂਬਰਦਾਰ[28] ਲਖ਼ਸ਼ਮੀਆਂ[26] ਅਤੇ ਮਹਾਂਦੇਵ[27] ਹਨ।
ਕੋਟਿ ਜੀਅ ਦੇਵੈ ਆਧਾਰ[29] ॥੪॥	To millions of beings, the Lord gives sustenance[29].	ਕ੍ਰੋੜਾਂ ਹੀ ਜੀਵਾਂ ਨੂੰ ਸੁਆਮੀ ਰੋਜ਼ੀ[29] ਦਿੰਦਾ ਹੈ।
ਕੋਟਿ ਤੀਰਥ[30] ਜਾ ਕੇ ਚਰਨ[31] ਮਝਾਰ[32] ॥	Millions of pilgrim stations[30] are in[32] whose feet[31].	ਕ੍ਰੋੜਾਂ ਹੀ ਯਾਤਰਾ ਅਸਥਾਨ[30] ਜਿਸ ਦੇ ਪੈਰਾਂ[31] ਵਿਚ[32] ਹਨ।
ਕੋਟਿ ਪਵਿਤ੍ਰ[33] ਜਪਤ[34] ਨਾਮ ਚਾਰ[35] ॥	Millions utter[34] the immaculate[33] and beauteous[35] Name of the Lord.	ਕ੍ਰੋੜਾਂ ਹੀ ਸੁਆਮੀ ਦੇ ਪਾਵਨ[33] ਅਤੇ ਸੁੰਦਰ[35] ਨਾਮ ਦਾ ਉਚਾਰਨ ਕਰਦੇ[34] ਹਨ।
ਕੋਟਿ ਪੂਜਾਰੀ[36] ਕਰਤੇ ਪੂਜਾ[37] ॥	Millions of worshippers[36] worship[37] the Lord.	ਕ੍ਰੋੜਾਂ ਹੀ ਉਪਾਸ਼ਕ[36] ਪ੍ਰਭੂ ਦੀ ਉਪਾਸ਼ਨਾ ਕਰਦੇ[37] ਹਨ।
ਕੋਟਿ ਬਿਸਥਾਰਨੁ[38] ਅਵਰੁ ਨ ਦੂਜਾ[39] ॥੫॥	Millions are His expanses[38]. There is not any other[39] save Him.	ਕ੍ਰੋੜਾਂ ਹੀ ਹਨ ਉਸ ਦੇ ਫੈਲਾਉ[38]। ਉਸ ਦੇ ਬਗ਼ੈਰ ਹੋਰ[39] ਕੋਈ ਨਹੀਂ।
ਕੋਟਿ ਮਹਿਮਾ[40] ਜਾਕੀ ਨਿਰਮਲ[41] ਹੰਸ[42] ॥	Whose pure[41] praise[40] is sung by millions of swan-souls[42].	ਜਿਸ ਦਾ ਪਵਿੱਤਰ[41] ਜੱਸ[40] ਕ੍ਰੋੜਾਂ ਹੀ ਰਾਜਹੰਸ ਰੂਹਾਂ[42] ਗਾਉਂਦੀਆਂ ਹਨ।
ਕੋਟਿ ਉਸਤਤਿ[43] ਜਾਕੀ[44] ਕਰਤ[45] ਬ੍ਰਹਮੰਸ[46] ॥	Myriads of whose[44] praises[43] are hymned[45] by the sons of Brahma[46].	ਜਿਸ ਦੀਆਂ[44] ਕ੍ਰੋੜਾਂ ਹੀ ਸਿਫ਼ਤਾਂ[43] ਬ੍ਰਹਮਾਂ[46] ਦੇ ਪੁਤ੍ਰ ਗਾਇਣ ਕਰਦੇ[45] ਹਨ।
ਕੋਟਿ ਪਰਲਉ[47] ਓਪਤਿ[48] ਨਿਮਖ[49] ਮਾਹਿ[50] ॥	Myriads of destructions[47] and creations[48], the Lord affects in[50] an instant[49].	ਕ੍ਰੋੜਾਂ ਹੀ ਖਪਤਾਂ[47]ਅਤੇ ਉਤਪਤੀਆਂ[48],ਪ੍ਰਭੂ ਇਕ ਮੁਹਤ[49] ਵਿਚ[50] ਕਰ ਦਿੰਦਾ ਹੈ।
ਕੋਟਿ ਗੁਣਾ[51] ਤੇਰੇ ਗਣੇ[52] ਨ ਜਾਹਿ ॥੬॥	Millions are Thine virtues[51], which can be counted[52] not, O Lord.	ਕ੍ਰੋੜਾਂ ਹਨ ਤੇਰੀਆਂ ਨੇਕੀਆਂ[51], ਜਿਹੜੀਆਂ ਗਿਣੀਆਂ[52] ਨਹੀਂ ਜਾ ਸਕਦੀਆਂ, ਹੇ ਸੁਆਮੀ !
ਕੋਟਿ ਗਿਆਨੀ[53] ਕਥਹਿ[54] ਗਿਆਨੁ[55] ॥	Millions of theologians[53] expound[54] gnosis[55].	ਕ੍ਰੋੜਾਂ ਹੀ ਬ੍ਰਹਮ ਬੇਤੇ[53],ਬ੍ਰਹਮ ਵਿਚਾਰ[55] ਦੀ ਵਿਆਖਿਆ[54] ਕਰਦੇ ਹਨ।
ਕੋਟਿ ਧਿਆਨੀ[56] ਧਰਤ ਧਿਆਨੁ[57] ॥	Millions of contemplators[56] contemplate[57] Him.	ਕ੍ਰੋੜਾਂ ਹੀ ਚਿੰਤਨ ਕਰਨ ਵਾਲੇ[56] ਉਸ ਦਾ ਚਿੰਤਨ ਕਰਦੇ[57] ਹਨ।
ਕੋਟਿ ਤਪੀਸਰ[58] ਤਪ[59] ਹੀ ਕਰਤੇ ॥	Millions of penitents[58] just practise penitence[59].	ਕ੍ਰੋੜਾਂ ਹੀ ਤਪੀ[58] ਤਪੱਸਿਆ[59] ਕਰਦੇ ਹਨ।
ਕੋਟਿ ਮੁਨੀਸਰ[60] ਮੁੋਨਿ[61] ਮਹਿ[62] ਰਹਤੇ[63] ॥੭॥	Millions of silent sages[60] abide[63] in[62] silence[61].	ਕ੍ਰੋੜਾਂ ਹੀ ਖ਼ਾਮੋਸ਼ ਰਿਸ਼ੀ[60] ਖ਼ਾਮੋਸ਼ੀ[61] ਅੰਦਰ[62] ਵਸਦੇ[63] ਹਨ।
ਅਵਿਗਤ[64] ਨਾਥੁ[65]	The Imperishable[64] and	ਅੰਦਰਲੀਆਂ ਜਾਣਨਹਾਰ[70], ਅਬਿਨਾਸ਼ੀ[64] ਅਤੇ ਅਗਾਧ[66]

ਅਗੋਚਰ[66] ਸੁਆਮੀ[67] ਪੂਰਿ ਰਹਿਆ[68] ਘਟ[69] ਅੰਤਰਜਾਮੀ[70] ॥	Incomprehensible[66] Lord[65] Master[67], the Inner-knower[70], is fully filling[68] all the hearts[69].	ਸੁਆਮੀ[65] ਮਾਲਕ[67] ਸਾਰਿਆਂ ਦਿਲਾਂ[69] ਨੂੰ ਪਰੀਪੂਰਨ[68] ਕਰ ਰਿਹਾ ਹੈ।
੧੧੫੭	1157	੧੧੫੭
ਜਤ ਕਤ[71] ਦੇਖਉ ਤੇਰਾ ਵਾਸਾ[72] ॥	Wheresoever[71] I see, I see Thy abode[72], O Lord.	ਜਿਥੇ ਕਿਤੇ[71] ਮੈਂ ਵੇਖਦਾ ਹਾਂ, ਮੈਂ ਤੇਰਾ ਟਿਕਾਣਾ[72] ਵੇਖਦਾ ਹਾਂ, ਹੇ ਸਾਂਈਂ !
ਨਾਨਕ ਕਉ ਗੁਰਿ ਕੀਓ ਪ੍ਰਗਾਸਾ[73] ॥੮॥੨॥੫॥	Nanak, the slave, the Guru has illumined[73].	ਗੋਲੇ ਨਾਨਕ ਨੂੰ ਗੁਰਦੇਵ ਜੀ ਨੇ ਰੋਸ਼ਨ[73] ਕਰ ਦਿੱਤਾ ਹੈ।
ਭੈਰਉ ਮਹਲਾ ੫ ॥	Bhairo 5th Guru.	ਭੈਰਉ ਪੰਜਵੀਂ ਪਾਤਿਸ਼ਾਹੀ।
ਸਤਿਗੁਰਿ ਮੋਕਉ[74] ਕੀਨੋ[75] ਦਾਨੁ[76] ॥	The True Guru, has blessed[75] me[74] with the boon[76].	ਸੱਚੇ ਗੁਰਾਂ ਨੇ ਮੈਨੂੰ[74] ਦਾਤ[76] ਪਰਦਾਨ[75] ਕੀਤੀ ਹੈ।
ਅਮੋਲ[77] ਰਤਨੁ[79] ਹਰਿ ਦੀਨੋ[78] ਨਾਮੁ ॥	He has blest[78] me with the invaluable[77] jewel[79] of the God's Name.	ਉਨ੍ਹਾਂ ਨੇ ਮੈਨੂੰ ਹਰੀ ਨਾਮ ਦਾ ਅਣਮੁੱਲਾ[77] ਹੀਰਾ[79] ਬਖ਼ਸ਼ਿਆ[78] ਹੈ।
ਸਹਜ[80] ਬਿਨੋਦ[81] ਚੋਜ[82] ਆਨੰਤਾ[83] ॥	I, now, easily[80] enjoy infinite[83] revelments[81] and wondrous plays[82].	ਮੈਂ ਹੁਣ ਬੇਅੰਤ[83] ਰੰਗਰਲੀਆਂ[81] ਅਤੇ ਅਸਚਰਜ ਖੇਡਾਂ[82] ਸੁਖੈਨ[80] ਹੀ ਮਾਣਦਾ ਹਾਂ।
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ[84] ॥੧॥	The Lord has spontaneously[84] met with Nanak.	ਪ੍ਰਭੂ ਆਪਣੇ ਆਪ[84] ਹੀ ਨਾਨਕ ਨੂੰ ਮਿਲ ਪਿਆ ਹੈ।
ਕਹੁ ਨਾਨਕ ਕੀਰਤਿ[85] ਹਰਿ ਸਾਚੀ ॥	Says Nanak, true is the praise[85] of the Lord.	ਗੁਰੂ ਜੀ ਆਖਦੇ ਹਨ, ਸੱਚੀ ਹੈ ਸਿਫ਼ਤ ਸ਼ਲਾਘਾ[85] ਸੁਆਮੀ ਦੀ।
ਬਹੁਰਿ[86] ਬਹੁਰਿ ਤਿਸੁ[87] ਸੰਗਿ[88] ਮਨੁ[89] ਰਾਚੀ[90] ॥੧॥ ਰਹਾਉ ॥	Again[86] and again my mind[89] remain attached[90] with[88] that[87]. Pause.	ਮੁੜ[86] ਮੁੜ ਕੇ ਮੇਰਾ ਚਿਤ[89] ਉਸ[87] ਨਾਲ[88] ਜੁੜਿਆ[90] ਰਹਿੰਦਾ ਹੈ। ਠਹਿਰਾਉ।
ਅਚਿੰਤ[91] ਹਮਾਰੈ[92] ਭੋਜਨ[93] ਭਾਉ[94] ॥	Effortlessly[91] feed[93] I[92] on the Lord's love[94].	ਨਿਰਯਤਨ[91] ਹੀ ਮੈਂ[92] ਪ੍ਰਭੂ ਦੀ ਪ੍ਰੀਤ[94] ਦਾ ਖਾਣਾ[93] ਖਾਂਦਾ ਹਾਂ।
ਅਚਿੰਤ ਹਮਾਰੈ ਲੀਚੈ[95] ਨਾਉ ॥	Effortlessly take[95] I the Lord's Name.	ਨਿਰਯਤਨ ਹੀ ਮੈਂ ਸੁਆਮੀ ਦਾ ਨਾਮ ਲੈਂਦਾ[95] ਹਾਂ।
ਅਚਿੰਤ[97] ਹਮਾਰੈ ਸਬਦਿ[96] ਉਧਾਰ[98] ॥	Spontaneously[97] does the Name[96] emancipate[98] me.	ਆਪਣੇ ਆਪ[97] ਹੀ ਨਾਮ[96] ਮੇਰਾ ਪਾਰ ਉਤਾਰਾ[98] ਕਰ ਦਿੰਦਾ ਹੈ।
ਅਚਿੰਤ ਹਮਾਰੇ ਭਰੇ[99] ਭੰਡਾਰ[100] ॥੨॥	Spontaneously my treasures[100] remain brimful[99] with the Name.	ਮੇਰੇ ਖ਼ਜ਼ਾਨੇ[100] ਆਪਣੇ ਆਪ ਹੀ ਨਾਮ ਨਾਲ ਪਰੀਪੂਰਨ[99] ਰਹਿੰਦੇ ਹਨ।
ਅਚਿੰਤ ਹਮਾਰੈ ਕਾਰਜ[2] ਪੂਰੇ[3] ॥	Mine tasks[2] are spontaneously accomplished[3].	ਮੇਰੇ ਕੰਮ ਕਾਜ[2] ਆਪਣੇ ਆਪ ਹੀ ਸੰਪੂਰਨ[3] ਹੋ ਜਾਂਦੇ ਹਨ।
ਅਚਿੰਤ ਹਮਾਰੇ ਲਥੇ[4] ਵਿਸੂਰੇ[5] ॥	Spontaneously am I rid[4] of my sorrows[5].	ਮੇਰੇ ਝੋਰੇ[5] ਆਪਣੇ ਆਪ ਹੀ ਦੂਰ ਹੋ ਗਏ[4] ਹਨ।

ਅਚਿੰਤ ਹਮਾਰੈ ਬੈਰੀ[6] ਮੀਤਾ[7] ॥	Spontaneously my enemies[6] have turned friends[7].	ਮੇਰੇ ਦੁਸ਼ਮਨ[6] ਆਪਣੇ ਆਪ ਹੀ ਮਿੱਤ੍ਰ[7] ਬਣ ਗਏ ਹਨ।
ਅਚਿੰਤੋ[8] ਹੀ ਇਹੁ ਮਨੁ ਵਸਿ[9] ਕੀਤਾ ॥੩॥	Automatically[8] have I conquered[9] this mind of mine.	ਸੁਤੇ ਸਿਧ[8] ਹੀ ਮੈਂ ਆਪਣਾ ਇਹ ਮਨੂਆ ਕਾਬੂ[9] ਕਰ ਲਿਆ ਹੈ।
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ[10] ॥	The Lord has spontaneously consoled[10] me.	ਸੁਆਮੀ ਨੇ ਖੁਦ-ਬ-ਖੁਦ ਹੀ ਮੈਨੂੰ ਧੀਰਜ ਦਿੱਤਾ[10] ਹੈ।
ਅਚਿੰਤ ਹਮਾਰੀ ਪੂਰਨ[12] ਆਸਾ[13] ॥	My hope[13] has automatically been fulfilled[12].	ਮੇਰੀ ਉਮੈਦ[13] ਸੁਤੇ ਸਿਧ ਹੀ ਪੂਰੀ ਹੋ ਗਈ[12] ਹੈ।
ਅਚਿੰਤ ਹਮ੍ਾ[14] ਕਉ ਸਗਲ[16] ਸਿਧਾਂਤੁ[15] ॥	Automatically have I[14] understood all[16] the quintessence[15].	ਸੁਤੇ ਸਿਧ ਹੀ ਮੈਂ[14] ਤਮਾਮ[16] ਅਸਲੀਅਤ[15] ਨੂੰ ਸਮਝ ਲਿਆ ਹੈ।
ਅਚਿੰਤੁ ਹਮ ਕਉ ਗੁਰਿ ਦੀਨੋ[17] ਮੰਤੁ[18] ॥੪॥	The Guru has spontaneously blessed[17] me with the Lord's Name[18].	ਆਪਣੇ ਆਪ ਹੀ ਗੁਰਾਂ ਨੇ ਮੈਨੂੰ ਪ੍ਰਭੂ ਦਾ ਨਾਮ[18] ਬਖਸ਼ਿਆ[17] ਹੈ।
ਅਚਿੰਤ ਹਮਾਰੇ ਬਿਨਸੇ[19] ਬੈਰ[20] ॥	Effortlessly am I rid[19] of the animosities[20].	ਨਿਰਯਤਨ ਹੀ ਮੈਂ ਦੁਸ਼ਮਨੀਆਂ[20] ਤੋਂ ਛੁਟਕਾਰਾ[19] ਪਾ ਗਿਆ ਹਾਂ।
ਅਚਿੰਤ ਹਮਾਰੇ ਮਿਟੇ[21] ਅੰਧੇਰ[22] ॥	Effortlessly has my darkness[22] been dispelled[21].	ਨਿਰਯਤਨ ਹੀ ਮੇਰਾ ਅਨ੍ਹੇਰਾ[22] ਦੂਰ[21] ਹੋ ਗਿਆ ਹੈ।
ਅਚਿੰਤੋ ਹੀ ਮਨਿ ਕੀਰਤਨੁ[23] ਮੀਠਾ[24] ॥	Spontaneously the Lord's praise[23] seems sweet[24] unto my mind.	ਆਪਣੇ ਆਪ ਹੀ ਸੁਆਮੀ ਦੀ ਸਿਫ਼ਤ-ਸਨਾ[23] ਮੇਰੇ ਚਿਤ ਨੂੰ ਮਿੱਠੀ[24] ਲਗਦੀ ਹੈ।
ਅਚਿੰਤੋ ਹੀ ਪ੍ਰਭੁ ਘਟਿ ਘਟਿ[25] ਡੀਠਾ[26] ॥੫॥	Automatically see[26] I the Lord amidst all the hearts[25].	ਸੁਤੇ ਸਿਧ ਹੀ ਮੈਂ ਸੁਆਮੀ ਨੂੰ ਸਾਰਿਆਂ ਦਿਲਾਂ[25] ਅੰਦਰ ਵੇਖਦਾ[26] ਹਾਂ।
ਅਚਿੰਤ ਮਿਟਿਓ[27] ਹੈ ਸਗਲੋ[29] ਭਰਮਾ[28] ॥	Automatically has all[29] my doubts[28] been dispelled[27].	ਸੁਤੇ ਸਿਧ ਹੀ ਮੇਰਾ ਸਾਰਾ[29] ਸੰਦੇਹ[28] ਦੂਰ ਹੋ ਗਿਆ[27] ਹੈ।
ਅਚਿੰਤ[32] ਵਸਿਓ ਮਨਿ ਸੁਖ[30] ਬਿਸ੍ਰਾਮਾ[31] ॥	My mind, now, effortlessy[32] abides in peace[30] and pleasure[31].	ਮੇਰਾ ਚਿਤ ਹੁਣ ਨਿਰਯਤਨ[32] ਹੀ ਆਰਾਮ[30] ਅਤੇ ਅਨੰਦ[31] ਅੰਦਰ ਵਸਦਾ ਹੈ।
ਅਚਿੰਤ ਹਮਾਰੈ ਅਨਹਤ[33] ਵਾਜੈ[34] ॥	Spontaneously the unstruck melody[33] resounds[34] within me.	ਖੁਦ-ਬ-ਖੁਦ ਹੋਣ ਵਾਲਾ ਕੀਰਤਨ[33], ਆਪਣੇ ਆਪ ਹੀ ਮੇਰੇ ਅੰਦਰ ਗੂੰਜਦਾ[34] ਹੈ।
ਅਚਿੰਤ ਹਮਾਰੈ[35] ਗੋਬਿੰਦੁ[36] ਗਾਜੈ[37] ॥੬॥	The Lord[36] of the world[35], has spontaneously become manifest[37] unto me.	ਸ੍ਰਿਸ਼ਟੀ[35] ਦਾ ਸੁਆਮੀ[36] ਆਪਣੇ ਆਪ ਹੀ ਮੇਰੇ ਤੇ ਪਰਗਟ[37] ਹੋ ਗਿਆ ਹੈ।
ਅਚਿੰਤ ਹਮਾਰੈ ਮਨੁ ਪਤੀਆਨਾ[38] ॥	Spontaneously has my mind been pleased[38] with the Lord.	ਆਪਣੇ ਆਪ ਹੀ ਮੇਰਾ ਚਿਤ ਪ੍ਰਭੂ ਨਾਲ ਪ੍ਰਸੰਨ[38] ਹੋ ਗਿਆ ਹੈ।
ਨਿਹਚਲ[39] ਧਨੀ[40] ਅਚਿੰਤੁ ਪਛਾਨਾ[41] ॥	The Moveless[39] Lord[40] have I effortlessly realised[41].	ਅਹਿੱਲ[39] ਪ੍ਰਭੂ[40] ਨੂੰ ਮੈਂ ਨਿਰਯਤਨ ਹੀ ਅਨੁਭਵ ਕਰ ਲਿਆ[41] ਹੈ।

ਅਚਿੰਤੋ ਉਪਜਿਓ[42] ਸਗਲ[43] ਬਿਬੇਕਾ[44] ॥	Spontaneously has all[43] wisdom[44] welled up[42] in me.	ਆਪਣੇ ਆਪ ਹੀ ਸਾਰੀ[43] ਸਿਆਣਪ[44] ਮੇਰੇ ਅੰਦਰ ਉਤਪੰਨ[42] ਹੋ ਆਈ ਹੈ।
ਅਚਿੰਤ ਚਰੀ ਹਥਿ[45] ਹਰਿ ਹਰਿ[46] ਟੇਕਾ[47] ॥੭॥	Spontaneously has the Lord Master's[46] support[47] come to my hand[45].	ਆਪਣੇ ਆਪ ਹੀ ਸੁਆਮੀ-ਮਾਲਕ[46] ਦਾ ਆਸਰਾ[47] ਮੇਰੇ ਹੱਥ[45] ਚੜ੍ਹ ਗਿਆ ਹੈ।
ਅਚਿੰਤ[48] ਪ੍ਰਭੂ ਧੁਰਿ[49] ਲਿਖਿਆ[50] ਲੇਖੁ[51] ॥	The care-free[48] Lord has pre-[49] ordained[50] my destiny[51].	ਚਿੰਤਾ-ਰਹਿਤ[48] ਸੁਆਮੀ ਨੇ ਮੁੱਢ[49] ਤੋਂ ਹੀ ਮੇਰੀ ਪ੍ਰਾਲਭਧ[51] ਲਿਖੀ[50] ਹੋਈ ਹੈ।
ਅਚਿੰਤ ਮਿਲਿਓ ਪ੍ਰਭੁ ਠਾਕੁਰੁ[52] ਏਕ ॥	The One Lord Master[52], has spontaneously met me.	ਇਕ ਸੁਆਮੀ ਮਾਲਕ[52], ਆਪਣੇ ਆਪ ਹੀ ਮੈਨੂੰ ਮਿਲ ਪਿਆ ਹੈ।
ਚਿੰਤ[53]ਅਚਿੰਤਾ[54] ਸਗਲੀ[56] ਗਈ[55] ॥	Automatically[54] am I rid[55] of all[56] care[53].	ਸੁਤੇ ਸਿਧ[54] ਹੀ ਮੇਰਾ ਸਾਰਾ[56] ਫ਼ਿਕਰ[53] ਦੂਰ ਹੋ ਗਿਆ[55] ਹੈ।
ਪ੍ਰਭ[57] ਨਾਨਕ ਨਾਨਕ ਨਾਨਕ ਮਈ[58] ॥੮॥੩॥੬ ॥	Nanak, Nanak, Nanak has become the Lord's[57] embodiment[58].	ਨਾਨਕ, ਨਾਨਕ, ਨਾਨਕ ਸੁਆਮੀ[57] ਦਾ ਸਰੂਪ[58] ਹੋ ਗਿਆ ਹੈ।
ਭੈਰਉ	Bhairo	ਭੈਰਉ
ਬਾਣੀ[59] ਭਗਤਾ[60] ਕੀ ॥	Hymns[59] of the saints[60].	ਸੰਤਾਂ[60] ਦੇ ਸ਼ਬਦ[59]।
ਕਬੀਰ ਜੀਉ[61] ॥ ਘਰੁ ੧	Kabir ji[61].	ਕਬੀਰ ਜੀ[61]।
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਇਹੁ ਧਨੁ[62] ਮੇਰੇ ਹਰਿ ਕੋ ਨਾਉ ॥	The Name of God; this alone is my wealth[62].	ਰੱਬ ਦਾ ਨਾਮ; ਕੇਵਲ ਇਹ ਹੀ ਮੇਰੀ ਦੌਲਤ[62] ਹੈ।
ਗਾਂਠਿ[63] ਨ ਬਾਧਉ[64] ਬੇਚਿ[65] ਨ ਖਾਉ[66] ॥੧॥ ਰਹਾਉ ॥	I tie[64] it not in a knot[63], nor do I sell[65] it for my livelihood[66]. Pause.	ਮੈਂ ਇਸ ਦੀ ਗੰਢ[63] ਨਹੀਂ ਬੰਨ੍ਹਦਾ[64], ਨਾ ਹੀ ਮੈਂ ਆਪਣੀ ਉਪਜੀਵਕਾ[66] ਲਈ ਇਸ ਨੂੰ ਵੇਚਦਾ[65] ਹਾਂ। ਠਹਿਰਾਉ।
ਨਾਉ ਮੇਰੇ ਖੇਤੀ[67] ਨਾਉ ਮੇਰੇ ਬਾਰੀ[68] ॥	The Name is my crop[67] and the Name my orchard[68].	ਨਾਮ ਹੀ ਮੇਰੀ ਫ਼ਸਲ[67] ਹੈ ਅਤੇ ਨਾਮ ਹੀ ਮੇਰੀ ਬਗੀਚੀ[68]।
ਭਗਤਿ[69] ਕਰਉ ਜਨੁ[70] ਸਰਨਿ[71] ਤੁਮਾਰੀ ॥੧॥	I, Thine slave[70], O Lord, perform Thy service[69] and seek Thy protection[71].	ਹੇ ਸੁਆਮੀ ! ਮੈਂ ਤੇਰਾ ਗੋਲਾ[70] ਤੇਰੀ ਘਾਲ[69] ਕਮਾਉਂਦਾ ਅਤੇ ਤੇਰੀ ਪਨਾਹ[71] ਲੋੜਦਾ ਹਾਂ।
ਨਾਉ ਮੇਰੇ ਮਾਇਆ[72] ਨਾਉ ਮੇਰੇ ਪੂੰਜੀ[73] ॥ ਤੁਮਹਿ ਛੋਡਿ[74] ਜਾਨਉ[75] ਨਹੀ ਦੂਜੀ[76] ॥੨॥	Thy Name is my riches[72] and Thy Name my capital[73]. I abandon[74] Thee not, nor know[75] I another[76].	ਤੇਰਾ ਨਾਮ ਹੀ ਮੇਰਾ ਮਾਲ ਮਿਲਖ[72] ਹੈ ਅਤੇ ਤੇਰਾ ਨਾਮ ਹੀ ਮੇਰੀ ਰਾਸ[73]। ਮੈਂ ਤੈਨੂੰ ਨਹੀਂ ਤਿਆਗਦਾ[74], ਨਾ ਹੀ ਮੈਂ ਹੋਰ ਕਿਸੇ[76] ਨੂੰ ਜਾਣਦਾ[75] ਹਾਂ।
ਨਾਉ ਮੇਰੇ ਬੰਧਿਪ[77] ਨਾਉ	Thy Name is my kindred[77] and Thy	ਤੇਰਾ ਨਾਮ ਮੇਰਾ ਸਨਬੰਧੀ[77] ਹੈ ਅਤੇ ਤੇਰਾ ਨਾਮ ਹੀ

ਮੇਰੇ ਭਾਈ[78] ॥ ਨਾਉ ਮੇਰੇ ਸੰਗਿ[79] ਅੰਤਿ[80] ਹੋਇ ਸਖਾਈ[81] ॥੩॥	Name my brother[78]. Thy Name is my associate[79], that will succour[81] me in the end[80].	ਮੇਰਾ ਵੀਰ[78] । ਤੇਰਾ ਨਾਮ ਮੇਰਾ ਸੰਗੀ[79] ਹੈ ਜੋ ਅਖ਼ੀਰ[80] ਨੂੰ ਮੇਰੀ ਸਹਾਇਤਾ[81] ਕਰੇਗਾ ।
ਮਾਇਆ[82] ਮਹਿ[83] ਜਿਸੁ ਰਖੈ ਉਦਾਸੁ[84] ॥ ਕਹਿ ਕਬੀਰ ਹਉ ਤਾਕੋ[85] ਦਾਸੁ[86] ॥੪॥੧॥	He whom the Lord keeps detached[84] in the midst[83] of wordly valubles[82]; says Kabir, of him[85] I am a slave[86].	ਜਿਸ ਨੂੰ ਸੁਆਮੀ ਸੰਸਾਰੀ ਪਦਾਰਥਾਂ[82] ਅੰਦਰ[83] ਨਿਰਲੇਪ[84] ਰਖਦਾ ਹੈ । ਕਬੀਰ ਜੀ ਆਖਦੇ ਹਨ, ਉਸ[85] ਦਾ ਮੈਂ ਗੋਲਾ[86] ਹਾਂ ।
ਨਾਂਗੇ[87] ਆਵਨੁ ਨਾਂਗੇ ਜਾਨਾ ॥	Naked[87] man comes and naked goes he.	ਨੰਗਾ[87] ਜੀਵ ਆਉਂਦਾ ਹੈ ਅਤੇ ਨੰਗਾ ਹੀ ਉਹ ਜਾਂਦਾ ਹੈ ।
ਕੋਇ ਨ ਰਹਿਹੈ ਰਾਜਾ ਰਾਨਾ[88] ॥੧॥	Of the kings and rulers[88], no one shall remain.	ਪਾਤਿਸ਼ਾਹਾਂ ਅਤੇ ਰਾਣਿਆਂ[88] ਵਿਚੋਂ ਕਿਸੇ ਨੇ ਨਹੀਂ ਰਹਿਣਾ ।
ਰਾਮੁ[89] ਰਾਜਾ[90] ਨਉਨਿਧਿ[91] ਮੇਰੈ ॥	The sovereign[90] Lord[89] is my nine treasures[91].	ਪਾਤਿਸ਼ਾਹ[90] ਪਰਮੇਸ਼ਰ[89] ਹੀ ਮੇਰਾ ਨੌ ਖ਼ਜ਼ਾਨੇ[91] ਹੈ ।
ਸੰਪੈ[92] ਹੇਤੁ[93] ਕਲਤੁ[94] ਧਨੁ[95] ਤੇਰੈ ॥੧॥ ਰਹਾਉ ॥	Thou hast the love[93] of property[92], woman[94] and wealth[95]. Pause.	ਤੇਰੇ ਕੋਲ ਜਾਇਦਾਦ[92], ਇਸਤ੍ਰੀ[94] ਅਤੇ ਦੌਲਤ[95] ਦੀ ਮੁਹੱਬਤ[93] ਹੈ । ਠਹਿਰਾਉ ।
੧੧੫੮	**1158**	**੧੧੫੮**
ਆਵਤ ਸੰਗ[96] ਨ ਜਾਤ ਸੰਗਾਤੀ[97] ॥	They come not with[96] the mortal, nor do they go with[97] him.	ਉਹ ਪ੍ਰਾਨੀ ਦੇ ਨਾਲ[96] ਨਹੀਂ ਆਉਂਦੇ, ਨਾ ਹੀ ਉਹ ਉਸ ਦੇ ਨਾਲ[97] ਜਾਂਦੇ ਹਨ ।
ਕਹਾ[98] ਭਇਓ[99] ਦਰਿ ਬਾਂਧੇ ਹਾਥੀ[100] ॥੨॥	What[98] avails[99] the mortal, if he has the elephants[100] tied at his gate ?	ਆਪਣੇ ਬੂਹੇ ਉਤੇ ਹਾਥੀ[100] ਬੰਨ੍ਹੇ ਰੱਖਣ ਦਾ ਜੀਵ ਨੂੰ ਕੀ[98] ਲਾਭ[99] ਹੈ ?
ਲੰਕਾ ਗਢੁ[2] ਸੋਨੇ[3] ਕਾ ਭਇਆ ॥ ਮੂਰਖੁ[4] ਰਾਵਨੁ ਕਿਆ[5] ਲੇ ਗਇਆ ॥੩॥	The fortress[2] of Ceylon was made gold[3] but what[5] did unwise[4] Rawan take with him ?	ਲੰਕਾ ਦਾ ਕਿਲ੍ਹਾ[2] ਸਵਰਨ[3] ਦਾ ਬਣਿਆ ਹੋਇਆ ਸੀ, ਪ੍ਰੰਤੂ ਬੇਵਕੂਫ਼[4] ਰਾਵਣ ਆਪਣੇ ਨਾਲ ਕੀ[5] ਲੈ ਗਿਆ ?
ਕਹਿ ਕਬੀਰ ਕਿਛੁ[6] ਗੁਨੁ[7] ਬੀਚਾਰਿ[8] ॥	Says Kabir, think[8] thou of some[6] good deeds[7], O man.	ਕਬੀਰ ਜੀ ਆਖਦੇ ਹਨ ਤੂੰ ਕੁਝ[6] ਨੇਕ ਅਮਲਾਂ[7] ਦਾ ਖ਼ਿਆਲ[8] ਕਰ, ਹੇ ਬੰਦੇ !
ਚਲੇ[9] ਜੁਆਰੀ[10] ਦੁਇ[13] ਹਥ ਝਾਰਿ[12] ॥੪॥੨॥	Ultimately, the gambler[10] shall depart[9] with both[13] hands empty[12].	ਓੜਕ ਨੂੰ ਜੁਆਰੀਆ[10] ਦੋਨੋਂ[13] ਹੱਥ ਖ਼ਾਲੀ[12] ਟੁਰ ਜਾਵੇਗਾ[9] ।
ਮੈਲਾ[14] ਬ੍ਰਹਮਾ ਮੈਲਾ ਇੰਦੁ ॥	Impure[14] is Brahma and impure is Indra.	ਅਪਵਿਤ੍ਰ[14] ਹੈ ਬਰਮ੍ਹਾ ਅਤੇ ਅਪਵਿੱਤ੍ਰ ਹੈ ਇੰਦਰ ।
ਰਵਿ[15] ਮੈਲਾ ਮੈਲਾ ਹੈ ਚੰਦੁ ॥੧॥	The sun[15] is impure and impure is the moon.	ਸੂਰਜ[15] ਅਪਵਿੱਤ੍ਰ ਹੈ ਅਤੇ ਅਪਵਿੱਤ੍ਰ ਹੈ, ਚੰਦਰਮਾ ।
ਮੈਲਾ[16] ਮਲਤਾ[17] ਇਹੁ ਸੰਸਾਰੁ[18] ॥	This world[18] is defiled[16] with impurity[17].	ਇਹ ਦੁਨੀਆਂ[18] ਮਲੀਣਤਾ[17] ਨਾਲ ਪਲੀਤ[16] ਹੋਈ ਹੋਈ ਹੈ ।
ਇਕੁ ਹਰਿ ਨਿਰਮਲੁ[19]	Immaculate[19] is the One Lord, who	ਪਾਵਨ ਪਵਿੱਤ੍ਰ[19] ਹੈ ਇਕ ਪ੍ਰਭੂ,ਜਿਸ ਦਾ ਕੋਈ ਅਖ਼ੀਰ[20]

ਜਾਕਾ ਅੰਤੁ[20] ਨ ਪਾਰੁ[21] ॥ ੧॥ ਰਹਾਉ ॥	has no end[20] and limit[21]. Pause.	ਅਤੇ ਓੜਕ[21] ਨਹੀਂ। ਠਹਿਰਾਉ।
ਮੈਲੇ ਬ੍ਰਹਮੰਡਾਇ[22] ਕੈ ਈਸ[23] ॥	Impure are the kings[23] of the world[22].	ਅਪਵਿੱਤ੍ਰ ਹਨ ਜਗਤ[22] ਦੇ ਰਾਜੇ[23]।
ਮੈਲੇ ਨਿਸਿ[24] ਬਾਸੁਰ[25] ਦਿਨ ਤੀਸ[26] ॥੨॥	Impure are nights[24], days[25] and the thirty[26] days of month.	ਅਪਵਿੱਤ੍ਰ ਹਨ ਰਾਤਾਂ[24], ਦਿਹਾੜੇ[25] ਅਤੇ ਮਹੀਨੇ ਦੇ ਤੀਹ[26] ਦਿਨ।
ਮੈਲਾ ਮੋਤੀ[27] ਮੈਲਾ ਹੀਰੁ[28] ॥	Impure is the pearl[27] and impure the diamond[28].	ਅਪਵਿੱਤ੍ਰ ਹੈ ਮਾਣਕ[27] ਅਤੇ ਅਪਵਿੱਤ੍ਰ ਹੀ ਜਵੇਹਰ[28]।
ਮੈਲਾ ਪਉਨੁ[29] ਪਾਵਕੁ[30] ਅਰੁ[31] ਨੀਰੁ[32] ॥੩॥	Impure are wind[29], fire[30] and[31] water[32].	ਅਪਵਿੱਤ੍ਰ ਹਨ ਹਵਾ[29], ਅੱਗ[30] ਅਤੇ[31] ਪਾਣੀ[32]।
ਮੈਲੇ ਸਿਵ ਸੰਕਰਾ ਮਹੇਸ ॥	Impure are Shiva, Shankara and Mahesha.	ਅਪਵਿੱਤ੍ਰ ਹਨ ਸ਼ਿਵਜੀ, ਸ਼ੰਕਰ ਅਤੇ ਮਹੇਸ਼।
ਮੈਲੇ ਸਿਧ[33] ਸਾਧਿਕ[34] ਅਰੁ ਭੇਖ[35] ॥੪॥	Impure are the men of miracles[33], the strivers[34] and the religious garb wearers[35].	ਅਪਵਿੱਤ੍ਰ ਹਨ ਕਰਾਮਾਤੀ ਬੰਦੇ[33], ਅਭਿਆਸੀ[34] ਅਤੇ ਧਾਰਮਕ ਲਿਬਾਸ ਪਹਿਨਣ ਵਾਲੇ[35]।
ਮੈਲੇ ਜੋਗੀ ਜੰਗਮ[36] ਜਟਾ[37] ਸਹੇਤਿ[38] ॥	Impure are the Yogis, the wandering hermits[36] with[38] their matted hair[37].	ਅਪਵਿੱਤ੍ਰ ਹਨ ਯੋਗੀ, ਰਮਤੇ ਸਾਧੂ[36] ਆਪਣੀਆਂ ਲਿਟਾਂ[37] ਸਮੇਤ[38]।
ਮੈਲੀ ਕਾਇਆ[39] ਹੰਸ[40] ਸਮੇਤਿ[41] ॥੫॥	Impure is the body[39] along with[41] the soul[40].	ਅਪਵਿੱਤ੍ਰ ਹੈ ਦੇਹਿ[39] ਸਣੇ[41] ਆਤਮਾ[40] ਦੇ।
ਕਹਿ ਕਬੀਰ ਤੇ[42] ਜਨ[43] ਪਰਵਾਨ[44] ॥ ਨਿਰਮਲ[45] ਤੇ ਜੋ ਰਾਮਹਿ[46] ਜਾਨ[47] ॥ ੬॥੩॥	Says Kabir, approved[44] are the[42] persons[43] and pure[45] are they, who know[47] their Lord[46].	ਕਬੀਰ ਜੀ ਆਖਦੇ ਹਨ, ਪ੍ਰਮਾਣੀਕ[44] ਹਨ ਉਹ[42] ਪੁਰਸ਼[43] ਅਤੇ ਪਵਿੱਤ੍ਰ[45] ਹਨ ਉਹ, ਜੋ ਆਪਣੇ ਪ੍ਰਭੂ[46] ਨੂੰ ਜਾਣਦੇ[47] ਹਨ।
ਮਨੁ ਕਰਿ[48] ਮਕਾ ਕਿਬਲਾ[49] ਕਰਿ ਦੇਹੀ[50] ॥	Make[48] thy mind thy Mecca and make thy body[50] thy temple of worship[49].	ਆਪਣੇ ਚਿਤ ਨੂੰ ਆਪਣਾ ਮੱਕਾ ਬਣਾ[48] ਅਤੇ ਆਪਣੇ ਸਰੀਰ[50] ਨੂੰ ਆਪਣਾ ਪੂਜਾ ਦਾ ਮੰਦਰ[49] ਬਣਾ।
ਬੋਲਨਹਾਰੁ[51] ਪਰਮ[52] ਗੁਰੁ ਏਹੀ[53] ॥੧॥	This[53] soul, the speaker[51], is the Supreme[52] Guru.	ਬੋਲਣ ਵਾਲੀ[51], ਇਹ[53] ਆਤਮਾ ਹੀ ਸ਼ਰੋਮਣੀ[52] ਗੁਰੂ ਹੈ।
ਕਹੁ[54] ਰੇ[55] ਮੁਲਾਂ ਬਾਂਗ[56] ਨਿਵਾਜ[57] ॥	O[55] Maulvi, then utter[54] thou the call[56] to prayer[57].	ਹੇ[55] ਮੌਲਵੀ! ਤਦ ਤੂੰ ਨਮਾਜ਼[57] ਦੇ ਸੱਦੇ[56] ਦਾ ਹੋਕਾ[56] ਦੇ[54]।
ਏਕ ਮਸੀਤਿ[58] ਦਸੈ ਦਰਵਾਜ[59] ॥੧॥ ਰਹਾਉ ॥	The one body mosque[58] has ten doors[59]. Pause.	ਦੇਹਿ ਦੀ ਇਕ ਮਸਜਿਦ[58] ਦੇ ਦਸ ਬੂਹੇ[59] ਹਨ। ਠਹਿਰਾਉ।
ਮਿਸਿਮਿਲਿ[60] ਤਾਮਸੁ[61]	Slay[60] thou thy wrath[61], doubt[62] and	ਆਪਣੇ ਗੁੱਸੇ[61], ਸੰਦੇਹ[62] ਤੇ ਕਦੂਰਤ[63] ਨੂੰ ਮਾਰ[60]

ਭਰਮੁ[62] ਕਦੂਰੀ[63] ॥ ਭਾਖਿ[64] ਲੇ ਪੰਚੈ ਹੋਇ[66] ਸਬੂਰੀ[65] ॥੨॥	malice[63], and consume[64] thine five demons. Thus thou shalt be blest[66] with contentment[65].	ਸੁਟ ਅਤੇ ਆਪਣੇ ਪੰਜਾਂ ਭੂਤਨਿਆਂ ਨੂੰ ਨਸ਼ਟ[64] ਕਰ ਦੇ । ਇਸ ਤਰ੍ਹਾਂ ਤੂੰ ਸਰਬ ਸੰਤੋਖ[65] ਨੂੰ ਪਾ ਲਵੇਂਗਾ[66] ।
ਹਿੰਦੂ ਤੁਰਕ[67] ਕਾ ਸਾਹਿਬੁ ਏਕ[68] ॥	The Hindus and the Muslims[67] have the same One[68] Lord.	ਹਿੰਦੂਆਂ ਤੇ ਮੁਸਲਮਾਨਾਂ[67] ਦਾ ਇਕ[68] ਉਹ ਹੀ ਸੁਆਮੀ ਹੈ ।
ਕਹ[69] ਕਰੈ ਮੁਲਾਂ ਕਹ ਕਰੈ ਸੇਖ ॥੩॥	For man, what[69] can the Maulvi do and what can the Sheikh do ?	ਆਦਮੀ ਲਈ, ਕੀ[69] ਮੌਲਵੀ ਕਰ ਸਕਦਾ ਹੈ ਅਤੇ ਕੀ ਸ਼ੇਖ ਕਰ ਸਕਦਾ ਹੈ ?
ਕਹਿ ਕਬੀਰ ਹਉ ਭਇਆ ਦਿਵਾਨਾ[70] ॥	Says Kabir, I have become mad[70].	ਕਬੀਰ ਜੀ ਆਖਦੇ ਹਨ, ਮੈਂ ਝੱਲਾ[70] ਹੋ ਗਿਆ ਹਾਂ ।
ਮੁਸਿ[71] ਮੁਸਿ ਮਨੂਆ[72] ਸਹਜਿ[73] ਸਮਾਨਾ[74] ॥੪॥ ੪ ॥	Slaying[71], slaying my mind[72], I have merged[74] in the Lord[73].	ਆਪਣੇ ਮਨ[72] ਨੂੰ ਮਾਰ[71] ਮਾਰ ਕੇ ਮੈਂ ਪ੍ਰਭੂ[73] ਅੰਦਰ ਲੀਨ ਹੋ ਗਿਆ[74] ਹਾਂ ।
ਗੰਗਾ[75] ਕੇ ਸੰਗ[76] ਸਲਿਤਾ[77] ਬਿਗਰੀ[78] ॥ ਸੋ[79] ਸਲਿਤਾ ਗੰਗਾ ਹੋਇ ਨਿਬਰੀ[80] ॥ ੧ ॥	When the stream[77] blends[78] with[76] the Ganges[75], then that[79] stream is adjudged[80] as the Ganges.	ਜਦ ਨਦੀ[77] ਸੁਰਸਰੀ[75] ਨਾਲ[76] ਮਿਲ ਜਾਂਦੀ[78] ਹੈ, ਤਦ ਉਹ[79] ਨਦੀ ਸੁਰਸਰੀ ਹੀ ਮੰਨੀ ਜਾਂਦੀ[80] ਹੈ ।
ਬਿਗਰਿਓ[83] ਕਬੀਰਾ ਰਾਮ[81] ਦੁਹਾਈ[82] ॥	Similarly Kabir is blended[83] with the Lord[81], by uttering[82] His Name.	ਏਸੇ ਤਰ੍ਹਾਂ ਹੀ ਉਸ ਦੇ ਨਾਮ ਦਾ ਉਚਾਰਨ[82] ਕਰਨ ਦੁਆਰਾ, ਕਬੀਰ ਸੁਆਮੀ[81] ਨਾਲ ਮਿਲ ਗਿਆ[83] ਹੈ ।
ਸਾਚੁ[84] ਭਇਓ[85] ਅਨ[86] ਕਤਹਿ[87] ਨ ਜਾਈ ॥ ੧ ॥ ਰਹਾਉ ॥	He has become[85] the embodiment of the True[84] Lord and now goes not any where[87] else[86]. Pause.	ਉਹ ਸਚੇ[84] ਸੁਆਮੀ ਦਾ ਸਰੂਪ ਹੋ ਗਿਆ[85] ਹੈ ਅਤੇ ਹੁਣ ਹੋਰ[86] ਕਿਧਰੇ[87] ਨਹੀਂ ਜਾਂਦਾ । ਠਹਿਰਾਉ ।
ਚੰਦਨ[92] ਕੈ ਸੰਗਿ[88] ਤਰਵਰੁ[89] ਬਿਗਰਿਓ[90] ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ[91] ॥੨॥	Associating[88] with sandal[92], the tree[89] is spoiled[90] and that tree becomes[91] like sandal itself.	ਚੰਨਣ[92] ਨਾਲ ਸੰਗਤ[88] ਕਰਕੇ, ਬਿਰਛ[89] ਵਿਗੜ[90] ਜਾਂਦਾ ਹੈ ਅਤੇ ਉਹ ਬਿਰਛ ਖ਼ੁਦ ਚੰਨਣ ਵਰਗਾ ਹੀ ਹੋ ਜਾਂਦਾ[91] ਹੈ ।
ਪਾਰਸ[93] ਕੈ ਸੰਗ[96] ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ[94] ਹੋਇ ਨਿਬਰਿਓ[95] ॥ ੩ ॥	The copper is spoiled in the society[96] of the philosopher's stone[93] and that copper is transmuted[95] into gold[94].	ਰਸਾਇਣ[93] ਨਾਲ ਲਗ[96] ਕੇ ਤਾਂਬਾ ਬਿਗੜ ਜਾਂਦਾ ਹੈ ਅਤੇ ਉਹ ਤਾਂਬਾ ਸੋਨੇ[94] ਵਿਚ ਤਬਦੀਲ[95] ਹੋ ਜਾਂਦਾ ਹੈ ।
ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ[97] ਹੋਇ ਨਿਬਰਿਓ[98] ॥ ੪॥੫॥	In the saints' society, Kabir is spoiled, and that Kabir is turned[98] into God[97] Himself.	ਸਤਿਸੰਗਤ ਅੰਦਰ ਕਬੀਰ ਬਿਗੜ ਗਿਆ ਹੈ ਤੇ ਉਹ ਕਬੀਰ ਖ਼ੁਦ ਵਾਹਿਗੁਰੂ[97] ਹੀ ਬਣ ਗਿਆ[98] ਹੈ ।
ਮਾਥੈ[99] ਤਿਲਕੁ[100] ਹਥਿ	People put on sacrificial mark[100] on	ਲੋਕ ਆਪਣੇ ਮਥੇ[99] ਤੇ ਟਿੱਕਾ[100] ਲਾਉਂਦੇ ਹਨ, ਹਥ

ਮਾਲਾ[2] ਬਾਨਾਂ[3] ॥	their forehead[99], carry rosary[2] in their hand and wear sectarial dresses[3].	ਵਿਚ ਜਪਨੀ[2] ਪਕੜਦੇ ਹਨ ਅਤੇ ਸੰਪ੍ਰਦਾਈ ਪੁਸ਼ਾਕਾਂ[3] ਪਹਿਰਦੇ ਹਨ।
ਲੋਗਨ[4] ਰਾਮੁ ਖਿਲਉਨਾ[5] ਜਾਨਾਂ[6] ॥੧॥	Men[4] deem[6] the Lord as a plaything[5].	ਇਨਸਾਨ[4] ਪ੍ਰਭੂ ਨੂੰ ਖਿਡੌਣਾ[5] ਸਮਝਦੇ[6] ਹਨ।
ਜਉ[7] ਹਉ[8] ਬਉਰਾ[9] ਤਉ[10] ਰਾਮ ਤੋਰਾ[12] ॥	If[7] I[8] am mad[9], even then[10] I am Thine[12], O Lord.	ਜੇਕਰ[7] ਮੈਂ[8] ਕਮਲਾ[9] ਭੀ ਹਾਂ ਤਾਂ[10] ਭੀ ਮੈਂ ਤੇਰਾ[12] ਹਾਂ, ਹੇ ਸੁਆਮੀ!
ਲੋਗੁ ਮਰਮੁ[14] ਕਹ[13] ਜਾਨੈ ਮੋਰਾ ॥੧॥ ਰਹਾਉ ॥	How[13] can people know my secret[14]? Pause.	ਲੋਕ ਮੇਰੇ ਭੇਤ[14] ਨੂੰ ਕਿਸ ਤਰ੍ਹਾਂ[13] ਜਾਣ ਸਕਦੇ ਹਨ? ਠਹਿਰਾਉ।
ਤੋਰਉ[15] ਨ ਪਾਤੀ[16] ਪੂਜਉ[17] ਨ ਦੇਵਾ[20] ॥	I tear[15] not leaves[16] and worship[17] not gods[20].	ਮੈਂ ਪੱਤੇ[16] ਨਹੀਂ ਤੋੜਦਾ[15] ਅਤੇ ਦੇਵਤਿਆਂ[20] ਨੂੰ ਨਹੀਂ ਪੂਜਦਾ[17]।
ਰਾਮ ਭਗਤਿ[21] ਬਿਨੁ ਨਿਹਫਲ[18] ਸੇਵਾ[19] ॥੨॥	Without the Lord's devotion[21], fruitless[18] is other service[19].	ਸਾਈਂ ਦੇ ਅਨੁਰਾਗ[21] ਦੇ ਬਾਝੋਂ, ਨਿਸਫ਼ਲ[18] ਹੈ, ਹੋਰ ਟਹਿਲ ਸੇਵਾ[19]।
ਸਤਿਗੁਰੁ ਪੂਜਉ[22] ਸਦਾ[23] ਸਦਾ ਮਨਾਵਉ[24] ॥ ਐਸੀ[25] ਸੇਵ[27] ਦਰਗਹ[26] ਸੁਖੁ ਪਾਵਉ ॥੩॥	I worship[22] my True Guru, and ever[23], ever propitiate[24] him. By such[25] service[27], I shall obtain peace in the Lord's court[26].	ਮੈਂ ਆਪਣੇ ਸਚੇ ਗੁਰਾਂ ਦੀ ਉਪਾਸ਼ਨਾ ਕਰਦਾ[22] ਅਤੇ ਸਦੀਵ[23] ਸਦੀਵ ਹੀ ਉਨ੍ਹਾਂ ਨੂੰ ਰੀਝਾਉਂਦਾ[24] ਹਾਂ। ਐਹੋ ਜੇਹੀ[25] ਘਾਲ[27] ਦੁਆਰਾ, ਮੈਨੂੰ ਸਾਂਈਂ ਦੇ ਦਰਬਾਰ[26] ਵਿਚ ਆਰਾਮ ਮਿਲੇਗਾ।
ਲੋਗੁ ਕਹੈ ਕਬੀਰੁ ਬਉਰਾਨਾ[28] ॥	People say, Kabir has gone mad[28].	ਲੋਕ ਆਖਦੇ ਹਨ, ਕਬੀਰ ਸੁਦਾਈ[28] ਹੋ ਗਿਆ ਹੈ।
ਕਬੀਰ ਕਾ ਮਰਮੁ[29] ਰਾਮ ਪਹਿਚਾਨਾਂ[30] ॥੪॥੬॥	The secret[29] of Kabir, the Lord alone knows[30].	ਕਬੀਰ ਦੇ ਭੇਤ[29] ਨੂੰ, ਕੇਵਲ ਪ੍ਰਭੂ ਹੀ ਜਾਣਦਾ[30] ਹੈ।
ਉਲਟਿ[31] ਜਾਤਿ[33] ਕੁਲ[32] ਦੋਊ[34] ਬਿਸਾਰੀ[35] ॥	Turning away[31] from the world, I have forgotten[35] both[34] my caste[33] and lineage[32].	ਦੁਨੀਆਂ ਵਲੋਂ ਮੋੜਾ[31] ਪਾ ਕੇ, ਮੈਂ ਆਪਣੀ ਜਾਤੀ[33] ਅਤੇ ਵੰਸ਼[32] ਦੋਨਾਂ[34] ਨੂੰ ਹੀ ਭੁਲਾ ਦਿੱਤਾ[35] ਹੈ।
ਸੁੰਨ[36] ਸਹਜ[37] ਮਹਿ[38] ਬੁਨਤ[39] ਹਮਾਰੀ[40] ॥੧॥	My[40] weaving[39] is now in[38] the Divine[37] stillness[36].	ਮੇਰਾ[40] ਬੁਣਨਾ[39] ਹੁਣ ਈਸ਼ਵਰੀ[37] ਚੁਪਚਾਪ[36] ਅੰਦਰ[38] ਹੈ।
ਹਮਰਾ ਝਗਰਾ[41] ਰਹਾ ਨ ਕੋਊ ॥	I have no quarrel[41] with any one now.	ਹੁਣ ਮੇਰਾ ਕਿਸੇ ਨਾਲ ਕੋਈ ਝਗੜਾ[41] ਨਹੀਂ ਰਿਹਾ।
ਪੰਡਿਤ ਮੁਲਾਂ ਛਾਡੇ[42] ਦੋਊ[43] ॥੧॥ ਰਹਾਉ ॥	I have abandoned[42] both[43] the Brahmans and the Maulvis. Pause.	ਮੈਂ ਬ੍ਰਾਹਮਣਾਂ ਅਤੇ ਮੌਲਵੀਆਂ ਦੋਨਾਂ[43] ਨੂੰ ਹੀ ਤਿਆਗ ਦਿੱਤਾ[42] ਹੈ। ਠਹਿਰਾਉ।
੧੧੫੯	**1159**	**੧੧੫੯**
ਬੁਨਿ[44] ਬੁਨਿ ਆਪ[45] ਆਪੁ ਪਹਿਰਾਵਉ[46] ॥	Weaving[44], weaving the clothes myself[45], I myself wear[46] them.	ਖ਼ੁਦ[45] ਕਪੜਿਆਂ ਨੂੰ ਉਣ[44] ਉਣ ਕੇ, ਮੈਂ ਖ਼ੁਦ ਹੀ ਉਨ੍ਹਾਂ ਨੂੰ ਪਹਿਨਦਾ[46] ਹਾਂ।
ਜਹ[47] ਨਹੀ ਆਪੁ[48] ਤਹਾ[49] ਹੋਇ ਗਾਵਉ[50] ॥੨॥	Where[47] ego[48] is not, there[49] sing[50] I the Lord's praise.	ਜਿਥੇ[47] ਹੰਗਤਾ[48] ਨਹੀਂ, ਉਥੇ[49] ਮੈਂ ਪ੍ਰਭੂ ਦਾ ਜੱਸ ਗਾਇਨ ਕਰਦਾ[50] ਹਾਂ।

ਪੰਡਿਤ ਮੁਲਾਂ ਜੋ[51] ਲਿਖਿ ਦੀਆ ॥ ਛਾਡਿ[52] ਚਲੇ ਹਮ ਕਛੂ ਨ ਲੀਆ[53] ॥੩॥	Whatever[51] the Pandits and the Mullas have written, that I have rejected[52] and have accepted[53] but nothing.	ਜਿਹੜਾ ਕੁਛ[51] ਪੰਡਤਾਂ ਅਤੇ ਮੌਲਵੀਆਂ ਨੇ ਲਿਖਿਆ ਹੈ, ਉਹ ਮੈਂ ਤਿਆਗ ਦਿਤਾ[52] ਹੈ ਅਤੇ ਕੁਝ ਭੀ ਅੰਗੀਕਾਰ[53] ਨਹੀਂ ਕੀਤਾ ।
ਰਿਦੈ[54] ਇਖਲਾਸੁ[55] ਨਿਰਖ[56] ਲੇ ਮੀਰਾ[57] ॥	There is purity[55] within my mind[54], so I have seen[56] the sovereign[57] Lord.	ਮੇਰੇ ਹਿਰਦੇ[54] ਅੰਦਰ ਪਵਿੱਤ੍ਰਤਾ[55] ਹੈ, ਇਸੇ ਲਈ ਮੈਂ ਪਾਤਿਸ਼ਾਹ[57] ਪ੍ਰਮੇਸ਼ਰ ਨੂੰ ਵੇਖ ਲਿਆ[56] ਹੈ ।
ਆਪੁ[58] ਖੋਜਿ ਖੋਜਿ[59] ਮਿਲੇ ਕਬੀਰਾ ॥੪॥੭॥	Searching[59], seaching ownself[58], Kabir has met with his Lord.	ਆਪਣੇ ਆਪ[58] ਹੀ ਭਾਲ[59] ਭਾਲ ਕਰਕੇ, ਕਬੀਰ ਆਪਣੇ ਸੁਆਮੀ ਨਾਲ ਮਿਲ ਗਿਆ ਹੈ ।
ਨਿਰਧਨ[60] ਆਦਰੁ[61] ਕੋਈ ਨ ਦੇਇ ॥	No one shows reverence[61] to the poor[60] man.	ਕੋਈ ਜਣਾ ਗ਼ਰੀਬ[60] ਬੰਦੇ ਦਾ ਸਨਮਾਨ[61] ਨਹੀਂ ਕਰਦਾ ।
ਲਾਖ ਜਤਨ[62] ਕਰੈ ਓਹੁ[63] ਚਿਤਿ[64] ਨ ਧਰੇਇ ॥੧॥ ਰਹਾਉ ॥	Though the poor man may make lakhs of efforts[62], but he[63], the rich man minds[64] him not. Pause.	ਭਾਵੇਂ ਗ਼ਰੀਬ ਜਣਾ ਲਖੂਖਾਂ ਉਪਰਾਲੇ[62] ਪਿਆ ਕਰੇ, ਪਰ ਉਹ[63], ਧਨੀ ਪੁਰਸ਼ ਉਸ ਦੀ ਪਰਵਾਹ[64] ਨਹੀਂ ਕਰਦਾ । ਠਹਿਰਾਉ ।
ਜਉ[65] ਨਿਰਧਨੁ ਸਰਧਨ[66] ਕੈ ਜਾਇ ॥ ਆਗੈ[67] ਬੈਠਾ[68] ਪੀਠਿ[69] ਫਿਰਾਇ[70] ॥੧॥	When[65] a poor man goes to the rich[66] man,the wealthy man, though sitting[68] before[67] him turns[70] his back[69] upon him.	ਜਦ[65] ਗ਼ਰੀਬ ਆਦਮੀ ਧਨੀ ਪੁਰਸ਼[66] ਕੋਲ ਜਾਂਦਾ ਹੈ, ਅਮੀਰ ਆਦਮੀ ਉਸ ਦੇ ਸਾਮ੍ਹਣੇ[67] ਬੈਠਾ ਹੋਇਆ[68] ਉਸ ਵਲ ਕੰਡ[69] ਕਰ ਲੈਂਦਾ[70] ਹੈ ।
ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ[71] ਲੀਆ ਬੁਲਾਇ[72] ॥੨॥	When a rich man goes to the poor man, the latter respects[71] and welcomes[72] the richman.	ਜਦ ਧਨਵਾਨ ਕੰਗਾਲ ਕੋਲ ਜਾਂਦਾ ਹੈ, ਮਗਰਲਾ ਧਨੀ ਦੀ ਇਜ਼ਤ[71] ਅਤੇ ਆਉਭਗਤ ਕਰਦਾ[72] ਹੈ ।
ਨਿਰਧਨ ਸਰਧਨੁ ਦੋਨਉ ਭਾਈ ॥	The poor and the rich both are brothers.	ਗ਼ਰੀਬ ਅਤੇ ਅਮੀਰ ਦੋਨੋਂ ਭਰਾ ਹਨ ।
ਪ੍ਰਭ ਕੀ ਕਲਾ[73] ਨ ਮੇਟੀ ਜਾਈ[74] ॥੩॥	The Lord's design[73] cannot be set aside[74].	ਸੁਆਮੀ ਦੀ ਹਿਕਮਤ[73] ਮੇਸੀ[74] ਨਹੀਂ ਜਾ ਸਕਦੀ ।
ਕਹਿ ਕਬੀਰ ਨਿਰਧਨੁ ਹੈ ਸੋਈ[75] ॥ ਜਾ ਕੇ ਹਿਰਦੈ[76] ਨਾਮੁ ਨ ਹੋਈ ॥੪॥੮॥	Says Kabir, he[75] alone is poor, within whose mind[76], the Name abides not.	ਕਬੀਰ ਜੀ ਆਖਦੇ ਹਨ, ਕੇਵਲ ਉਹ[75] ਹੀ ਗ਼ਰੀਬ ਹੈ ਜਿਸ ਦੇ ਮਨ[76] ਅੰਦਰ ਨਾਮ ਨਹੀਂ ਵਸਦਾ ।
ਗੁਰ ਸੇਵਾ[77] ਤੇ[78] ਭਗਤਿ[79] ਕਮਾਈ[80] ॥	Through[78] the Guru's service[77], the Lord's loving adoration[79] is practised[80].	ਗੁਰਾਂ ਦੀ ਘਾਲ[77] ਰਾਹੀਂ[78], ਪ੍ਰਭੂ ਦੀ ਪ੍ਰੇਮਮਈ ਉਪਾਸ਼ਨਾ[79] ਕੀਤੀ ਜਾਂਦੀ[80] ਹੈ ।
ਤਬ[81] ਇਹ[82] ਮਾਨਸ[83] ਦੇਹੀ[84] ਪਾਈ[85] ॥	Then[81] alone is obtained[85] the fruit of this[82] human[83] body[84].	ਕੇਵਲ ਤਦ[81] ਹੀ ਇਸ[82] ਮਨੁਖੀ[83] ਸ਼ਰੀਰ[84] ਦਾ ਫਲ ਪਰਾਪਤ ਹੁੰਦਾ[85] ਹੈ ।
ਇਸ ਦੇਹੀ ਕਉ ਸਿਮਰਹਿ[86] ਦੇਵ ॥	Even the gods long[86] for this body.	ਦੇਵਤੇ ਭੀ ਇਸ ਸਰੀਰ ਨੂੰ ਲੋਚਦੇ[86] ਹਨ ।

ਸੋ[87] ਦੇਹੀ ਭਜੁ[88] ਹਰਿ ਕੀ ਸੇਵ[89] ॥੧॥	So through that[87] body of thine, think[88] thou of rendering service[89] unto thy God.	ਇਸ ਲਈ ਆਪਣੀ ਉਸ[87] ਕਾਇਆ ਰਾਹੀਂ, ਤੂੰ ਆਪਣੇ ਵਾਹਿਗੁਰੂ ਦੀ ਘਾਲ[89] ਕਮਾਉਣ ਦਾ ਖ਼ਿਆਲ[88] ਕਰ।
ਭਜਹੁ[90] [91]ਗੋਬਿੰਦ[92]ਭੂਲਿ[93] ਮਤ[94] ਜਾਹੁ ॥	Meditate[90] thou on the Lord[92] of universe[91] and forget[93] Him not[94].	ਤੂੰ ਆਲਮ[91] ਦੇ ਸੁਆਮੀ[92] ਦਾ ਸਿਮਰਨ[90] ਕਰ ਅਤੇ ਉਸ ਨੂੰ ਨਾ[94] ਵਿਸਾਰ[93]।
ਮਾਨਸ ਜਨਮ[95] ਕਾ ਏਹੀ ਲਾਹੁ[96] ॥੧॥ਰਹਾਉ ॥	This alone is the advantage[96] of human life[95]. Pause.	ਕੇਵਲ ਇਹ ਹੀ ਮਨੁਸ਼ੀ ਜੀਵਨ[95] ਦਾ ਲਾਭ[96] ਹੈ। ਠਹਿਰਾਉ।
ਜਬ ਲਗੁ[97] ਜਰਾ[98] ਰੋਗੁ[99] ਨਹੀ ਆਇਆ ॥ ਜਬ ਲਗੁ ਕਾਲਿ[100] ਗ੍ਰਸੀ[2] ਨਹੀ ਕਾਇਆ[3] ॥ ਜਬ ਲਗੁ [4]ਬਿਕਲ[5] ਭਈ ਨਹੀ ਬਾਨੀ[6] ॥ ਭਜਿ[7] ਲੇਹਿ ਰੇ[8] ਮਨ[9] ਸਾਰਿਗਪਾਨੀ[10] ॥੨॥	So long as[97] the disease[99] of old age[98] has not come, so long as death[100] has not seized[2] thy body[3], and so long as thy speech[6] has grown not [5]powerless[4], O[8] man[9], comtemplate[7]thou the World-Lord[10]	ਜਦ ਤਾਂਈ[97] ਬੁਢੇਪੇ[98] ਦੀ ਬੀਮਾਰੀ[99] ਨਹੀਂ ਆਈ, ਜਦ ਤਾਂਈ ਮੌਤ[100] ਨੇ ਤੇਰੇ ਸਰੀਰ[3] ਨੂੰ ਨਹੀਂ ਪਕੜਿਆ[2] ਅਤੇ ਜਦ ਤਾਂਈ ਤੇਰੀ ਬੋਲ ਬਾਣੀ[6] [4]ਬੇ-ਤਾਕਤ[5] ਨਹੀਂ ਹੋਈ, ਹੇ[8] ਬੰਦੇ[9] ! ਤੂੰ ਜਗ ਦੇ ਸਾਂਈਂ[10] ਦਾ ਸਿਮਰਨ[7] ਕਰ।
ਅਬ[12] ਨ ਭਜਸਿ[13] ਭਜਸਿ ਕਬ[14] ਭਾਈ[15] ॥	If thou remember[13] not God, now[12], when[14] shalt thou remember Him, O brother[15] ?	ਜੇਕਰ ਤੂੰ ਹੁਣ[12] ਹਰੀ ਨੂੰ ਯਾਦ[13] ਨਹੀਂ ਕਰਦਾ, ਤੂੰ ਉਸ ਨੂੰ ਕਦੋਂ[14] ਯਾਦ ਕਰੇਂਗਾ, ਹੇ ਵੀਰ[15] ?
ਆਵੈ ਅੰਤੁ[16] ਨ ਭਜਿਆ[17] ਜਾਈ ॥	When the end[16] comes, He can be remembered[17] not.	ਜਦ ਅਖ਼ੀਰ[16] ਆ ਜਾਂਦਾ ਹੈ, ਉਹ ਸਿਮਰਿਆ[17] ਨਹੀਂ ਜਾ ਸਕਦਾ।
ਜੋ ਕਿਛੁ[18] ਕਰਹਿ[19] ਸੋਈ[20] ਅਬ[21] ਸਾਰੁ[22] ॥	Whatever[18] thou hast to do[19], now[21] is the best[22] time for that[20].	ਜਿਹੜਾ ਕੁਝ[18] ਤੂੰ ਕਰਨਾ[19] ਹੈ, ਹੁਣ[21] ਉਸ[20] ਲਈ ਸਭ ਤੋਂ ਸਰੇਸ਼ਟ[22] ਵੇਲਾ ਹੈ।
ਫਿਰਿ[23] ਪਛੁਤਾਹੁ[24] ਨ ਪਾਵਹੁ ਪਾਰੁ[25]॥੩॥	Otherwise thou shalt not be ferried across[25], and shalt repent[24] afterwards[23].	ਨਹੀਂ ਤਾਂ ਤੇਰਾ ਪਾਰ ਉਤਾਰਾ[25] ਨਹੀਂ ਹੋਣਾ ਅਤੇ ਤੂੰ ਮਗਰੋਂ[23] ਪਸਚਾਤਾਪ[24] ਕਰੇਂਗਾ।
ਸੋ ਸੇਵਕੁ[26] ਜੋ ਲਾਇਆ[27] ਸੇਵ ॥	He alone is the servant[26], whom the Lord yokes[27] to His service.	ਕੇਵਲ ਉਹ ਹੀ ਟਹਿਲੂਆ[26] ਹੈ, ਜਿਸ ਨੂੰ ਸੁਆਮੀ ਆਪਣੀ ਟਹਿਲ ਅੰਦਰ ਜੋੜਦਾ[27] ਹੈ।
ਤਿਨ ਹੀ ਪਾਏ ਨਿਰੰਜਨ[28] ਦੇਵ[29] ॥	He alone attains unto the Immaculate[28] Lord[29].	ਕੇਵਲ ਉਹ ਹੀ ਪਵਿੱਤ੍ਰ[28] ਪ੍ਰਭੂ[29] ਨੂੰ ਪਰਾਪਤ ਹੁੰਦਾ ਹੈ।
ਗੁਰ ਮਿਲਿ ਤਾਕੇ[30] ਖੁਲ੍ਹੇ[31] ਕਪਾਟ[32] ॥ ਬਹੁਰਿ[33] ਨ ਆਵੈ[34] ਜੋਨੀ[35] ਬਾਟ[36] ॥੪॥	Meeting with the Guru, the doors[32] of his[30] understanding are opened[31], and he, again[33]treads[34] not the way[36] of existences[35].	ਗੁਰਾਂ ਨਾਲ ਮਿਲਣ ਦੁਆਰਾ ਉਸ[30] ਦੀ ਸਮਝ ਦੇ ਬੂਹੇ[32] ਖੁਲ੍ਹ ਜਾਂਦੇ[31] ਹਨ ਅਤੇ ਉਹ ਮੁੜ[33] ਕੇ ਜੂਨੀਆਂ[35] ਦੇ ਰਸਤੇ[36] ਨਹੀਂ ਪੈਂਦਾ[34]।
ਇਹੀ ਤੇਰਾ ਅਉਸਰੁ[37]	This is thine opportunity[37] and this	ਇਹ ਹੀ ਤੇਰਾ ਮੌਕਾ[37] ਹੈ ਅਤੇ ਇਹ ਹੀ ਤੇਰਾ ਵੇਲਾ[38]

ਇਹ ਤੇਰੀ ਬਾਰ ॥ ਘਟ[39] ਭੀਤਰਿ[40] ਤੂ ਦੇਖੁ[41] ਬਿਚਾਰਿ[42] ॥	thy time[38]. Look[41] thou into[40] thy mind[39] and reflect[42] on this.	ਤੂੰ ਆਪਣੇ ਮਨ[39] ਅੰਦਰ[40] ਝਾਤੀ ਪਾ[41] ਅਤੇ ਇਸ ਗੱਲ ਨੂੰ ਸੋਚ ਸਮਝ[42] ।
ਕਹਤ[43] ਕਬੀਰੁ ਜੀਤਿ[44] ਕੈ[45] ਹਾਰਿ[46] ॥	Says[43] Kabir, it is upto thee, O man, to win[44] or[45] to lose[46].	ਕਬੀਰ ਜੀ ਆਖਦੇ[43] ਹਨ, ਹੁਣ ਜਿੱਤਣਾ[44] ਜਾਂ[45] ਹਾਰਨਾ[46], ਹੇ ਬੰਦੇ ! ਤੇਰੀ ਆਪਣੀ ਮਰਜ਼ੀ ਹੈ ।
ਬਹੁ[47] ਬਿਧਿ[48] ਕਹਿਓ[49] ਪੁਕਾਰਿ[50] ਪੁਕਾਰਿ ॥੫॥੧॥੯॥	I have, in many[47] ways[48], proclaimed[49] aloud[50] and aloud this truth unto thee.	ਮੈਂ ਬਹੁਤਿਆਂ[47] ਤਰੀਕਿਆਂ[48] ਨਾਲ ਇਸ ਸਚਾਈ ਦਾ ਤੈਨੂੰ ਉੱਚੀ[50] ਉੱਚੀ ਹੋਕਾ ਦਿਤਾ[49] ਹੈ ।
ਸਿਵ[51] ਕੀ ਪੁਰੀ[52] ਬਸੈ ਬੁਧਿ[53] ਸਾਰੁ[54] ॥	In the city[52] of God[51], abides the sublime[54] understanding[53].	ਹਰੀ[51] ਦੇ ਸ਼ਹਿਰ[52] ਅੰਦਰ ਸਰੇਸ਼ਟ[54] ਸਮਝ[53] ਵਸਦੀ ਹੈ।
ਤਹ[55] ਤੁਮ੍[56] ਮਿਲਿ[57] ਕੈ ਕਰਹੁ ਬੀਚਾਰੁ[58] ॥	There[55] meet[57] thou[56] with thy Lord, and meditate[58] upon Him.	ਤੂੰ[56] ਉਥੇ[55] ਆਪਣੇ ਸੁਆਮੀ ਨੂੰ ਮਿਲ[57] ਅਤੇ ਉਸ ਦਾ ਸਿਮਰਨ[58] ਕਰ ।
ਈਤ[59] ਊਤ[60] ਕੀ ਸੋਝੀ[61] ਪਰੈ ॥	Thus shalt thou understand[61] this world[59], and the next one[60].	ਇਸ ਤਰ੍ਹਾਂ ਤੂੰ ਇਸ ਲੋਕ[59] ਅਤੇ ਪ੍ਰਲੋਕ[60] ਨੂੰ ਸਮਝ[61] ਲਵੇਂਗਾ ।
ਕਉਨੁ[62] ਕਰਮ[63] ਮੇਰਾ[64] ਕਰਿ ਕਰਿ[65] ਮਰੈ[66] ॥੧॥	To die[66] of crying[65], "mine[64], it is mine" ; of what[62] avail is this deed[63] ?	"ਮੇਰਾ[64], ਇਹ ਮੇਰਾ ਹੈ", ਕਰਦਿਆਂ[65] ਮਰ ਜਾਂਦਾ[66] ਹੈ; ਇਸ ਕੰਮ[63] ਦਾ ਕੀ[62] ਲਾਭ ਹੈ ?
ਨਿਜ[67] ਪਦ[68] ਊਪਰਿ ਲਾਗੋ ਧਿਆਨੁ[69] ॥	My attention[69] is fixed on my own[67] spiritual state[68].	ਮੇਰੀ ਬਿਰਤੀ[69] ਮੇਰੀ ਨਿਜ[67] ਦੀ ਆਤਮਕ ਅਵਸਥਾ[68] ਉਤੇ ਲਗੀ ਹੋਈ ਹੈ ।
ਰਾਜਾ[70] ਰਾਮ[71] ਨਾਮੁ ਮੋਰਾ ਬ੍ਰਹਮ ਗਿਆਨੁ[72] ॥੧॥ ਰਹਾਉ ॥	The Name of the Sovereign[70] Lord[71] is my Divine knowledge[72]. Pause.	ਪਾਤਿਸਾਹ[70] ਪਰਮੇਸ਼ਰ[71] ਦਾ ਨਾਮ ਮੇਰੀ ਈਸ਼ਵਰੀ ਗਿਆਤ[72] ਹੈ । ਠਹਿਰਾਉ ।
ਮੂਲ[73] ਦੁਆਰੈ[74] ਬੰਧਿਆ[75] ਬੰਧੁ[76] ॥	With a tether[76], I have tethered[75] my soul at the Door[74] of the Primal Lord[73].	ਨਿਆਣਾ[76] ਪਾ ਕੇ ਮੈਂ ਆਪਣੀ ਆਤਮਾ ਨੂੰ ਆਦੀ ਪ੍ਰਭੂ[73] ਦੇ ਬੂਹੇ[74] ਤੇ ਬੰਨ੍ਹ ਦਿਤਾ[75] ਹੈ ।
ਰਵਿ[77] ਊਪਰ[78] ਗਹਿ[79] ਰਾਖਿਆ[80] ਚੰਦੁ[81] ॥	Above[78] the sun[77], I have firmly[79] placed[80] the moon[81].	ਸੂਰਜ[77] ਦੇ ਉਤੇ[78] ਮੈਂ ਚੰਦ੍ਰਮਾ[81] ਨੂੰ ਪੱਕੀ ਤਰ੍ਹਾਂ[79] ਟਿਕਾ ਦਿਤਾ[80] ਹੈ ।
ਪਛਮ[82] ਦੁਆਰੈ[83] ਸੂਰਜੁ[84] ਤਪੈ[85] ॥	At the western[82] gate[83], the sun[84] blazons[85].	ਛਿਪਦੀ[82] ਦੇ ਦਰਵਾਜ਼ੇ[83] ਤੇ ਸੂਰਜ[84] ਚਮਕਦਾ[85] ਹੈ ।
ਮੇਰ[86] ਡੰਡ[87] ਸਿਰ[89] ਊਪਰਿ[90] ਬਸੈ[91] ॥੨॥	Death's great[86] club[87] hangs[91] over[90] one's head[89].	ਮੌਤ ਦਾ ਵਡਾ[86] ਡੰਡਾ[87] ਜੀਵ ਦੇ ਸਿਰ[89] ਉਤੇ[90] ਲਟਕਦਾ[91] ਹੈ ।
ਪਸਚਮ[92] ਦੁਆਰੇ ਕੀ ਸਿਲ[93] ਓੜ[94] ॥	Towards the side[94] of the western[92] gate is a stone[93].	ਛਿਪਦੇ[92] ਦੇ ਦਰਵਾਜ਼ੇ ਦੀ ਤਰਫ਼[94] ਇਕ ਪੱਥਰ[93] ਹੈ ।
ਤਿਹ[95] ਸਿਲ ਊਪਰਿ ਖਿੜਕੀ[96] ਅਉਰ[97] ॥	Over that[95] stone, there is an another[97] window[96].	ਉਸ[95] ਪੱਥਰ ਦੇ ਉਤੇ ਇਕ ਹੋਰ[97] ਬਾਰੀ[96] ਹੈ ।

ਖਿੜਕੀ ਊਪਰਿ ਦਸਵਾ ਦੁਆਰੁ[98] ॥	Over the window is the "Tenth gate[98]".	ਬਾਰੀ ਦੇ ਉਤੇ "ਦਸਵਾਂ ਦਰਵਾਜ਼ਾ[98]" ਹੈ ।
ਕਹਿ ਕਬੀਰ ਤਾਕਾ[99] ਅੰਤੁ[100] ਨ ਪਾਰੁ[2] ॥੩॥੨॥ ੧੦॥	Says Kabir, of that[99] abode there is no end[100] and limit[2].	ਕਬੀਰ ਜੀ ਆਖਦੇ ਹਨ, ਉਸ[99] ਟਿਕਾਣੇ ਦਾ ਕੋਈ ਅਖ਼ੀਰ[100] ਅਤੇ ਓੜਕ[2] ਨਹੀਂ ।
ਸੋ[3] ਮੁਲਾਂ ਜੋ ਮਨ ਸਿਉ[4] ਲਰੈ[5] ॥ ਗੁਰ ਉਪਦੇਸਿ[8] ਕਾਲ[6] ਸਿਉ ਜੁਰੈ[7] ॥	He[3] alone is a Maulana, who struggles[5] with[4] his mind and by the Guru's instruction[8] contends[7] with death[6].	ਕੇਵਲ ਉਹ[3] ਹੀ ਮੌਲਾਨਾ ਹੈ, ਜੋ ਆਪਣੇ ਮਨੂਏ ਨਾਲ[4] ਜੰਗ[5] ਕਰਦਾ ਹੈ ਅਤੇ ਗੁਰਾਂ ਦੀ ਸਿਖਮਤ[8] ਦੁਆਰਾ ਮੌਤ[6] ਨਾਲ ਜੂਝਦਾ[7] ਹੈ ।
ਕਾਲ[8]* ਪੁਰਖ[9] ਕਾ ਮਰਦੈ[10] ਮਾਨੁ[12] ॥	He, who crushes[10] the pride[12] of the Death's[8]* courier[9],	ਜੋ ਮੌਤ[8]* ਦੇ ਦੂਤ[9] ਦੇ ਹੰਕਾਰ[12] ਨੂੰ ਪੀਹ[10] ਸੁਟਦਾ ਹੈ,
ਤਿਸੁ[13] ਮੁਲਾ ਕਉ ਸਦਾ[14] ਸਲਾਮੁ[15] ॥੧॥	Unto that[13] Maulvi, I ever[14] make a salutation[15].	ਉਸ[13] ਮੌਲਵੀ ਨੂੰ ਮੈਂ ਹਮੇਸ਼ਾਂ[14] ਨਮਸ਼ਕਾਰ[15] ਕਰਦਾ ਹਾਂ ।
੧੧੬੦	**1160**	**੧੧੬੦**
ਹੈ ਹਜੂਰਿ[16] ਕਤ[17] ਦੂਰਿ[18] ਬਤਾਵਹੁ[19] ॥	The Lord is very near[16], why[17] sayest[19] thou He is afar[18] ? Pause.	ਸੁਆਮੀ ਹਾਜ਼ਰ ਨਾਜ਼ਰ[16] ਹੈ, ਤੂੰ ਉਸ ਨੂੰ ਦੁਰੇਡੇ[18] ਕਿਉਂ[17] ਦਸਦਾ[19] ਹੈਂ ? ਠਹਿਰਾਉ ।
ਦੁੰਦਰ[20] ਬਾਧਹੁ[21] ਸੁੰਦਰ[22] ਪਾਵਹੁ[23] ॥੧॥ਰਹਾਉ ॥	Bind[21] thou thy pugnacious[20] passions, and attain[23] unto thy Beauteous[22] Lord.	ਤੂੰ ਆਪਣੇ ਝਗੜਾਲੂ[20] ਵਿਸ਼ੇ ਵੇਗਾਂ ਨੂੰ ਬੰਨ੍ਹ[21] ਲੈ ਅਤੇ ਆਪਣੇ ਸੋਹਣੇ ਸੁਨੱਖੇ[22] ਸੁਆਮੀ ਨੂੰ ਪਰਾਪਤ[23] ਕਰ ।
ਕਾਜੀ ਸੋ ਜੁ ਕਾਇਆ[24] ਬੀਚਾਰੈ[25] ॥ ਕਾਇਆ ਕੀ ਅਗਨਿ[26] ਬ੍ਰਹਮੁ[27] ਪਰਜਾਰੈ[28] ॥	He alone is a Qazi, who reflects[25] on the reality of human body[24] and who is illumined[28] by the Lord[27], through the fire[26] of the body.	ਕੇਵਲ ਉਹ ਹੀ ਕਾਜ਼ੀ ਹੈ, ਜੋ ਮਨੁਖਾ ਦੇਹਿ[24] ਦੀ ਅਸਲੀਅਤ ਨੂੰ ਸੋਚਦਾ ਸਮਝਦਾ[25] ਹੈ ਅਤੇ ਜੋ ਦੇਹਿ ਦੀ ਅੱਗ[26] ਦੇ ਰਾਹੀਂ, ਪ੍ਰਭੂ[27] ਰੌਸ਼ਨ ਕਰਦਾ[28] ਹੈ ।
ਸੁਪਨੈ[29] ਬਿੰਦੁ[20] ਨ ਦੇਈ ਝਰਨਾ[31] ॥ ਤਿਸੁ[32] ਕਾਜੀ ਕਉ ਜਰਾ[33] ਨ ਮਰਨਾ[34] ॥੨॥	He, who allows not his seed[30] to drop[31] even in, dream[29] ; for such[32] Qazi, there is no old age[33] and, death[34].	ਜੋ ਆਪਣੇ ਵੀਰਜ[30] ਨੂੰ ਸੁਫਨੇ[29] ਵਿਚ ਡਿੱਗਣ[31] ਨਹੀਂ ਦਿੰਦਾ; ਇਹੋ ਜਿਹੇ[32] ਕਾਜ਼ੀ ਲਈ ਬੁਢੇਪਾ[33] ਅਤੇ ਮੌਤ[34] ਨਹੀਂ ।
ਸੋ ਸੁਰਤਾਨੁ[35] ਜੁ ਦੁਇ ਸਰ[36] ਤਾਨੈ[37] ॥ ਬਾਹਰਿ[38] ਜਾਤਾ[39] ਭੀਤਰਿ[40] ਆਨੈ[41] ॥ ਗਗਨ[42] ਮੰਡਲ[43] ਮਹਿ[44] ਲਸਕਰੁ[45] ਕਰੈ[46] ॥	He alone is the Sovereign[35], who aims[37] two arrows[36], recalls[41] in[40] his [38]outgoing[39] mind, and gathers[46] his army[45] in[44] the realm[43] of his mind's sky[42].	ਕੇਵਲ ਉਹ ਹੀ ਸੁਲਤਾਨ[35] ਹੈ, ਜੋ ਦੋ ਤੀਰ[36] ਖਿੱਚਦਾ[37] ਹੈ, ਆਪਣੇ ਬਾਹਰ[38] ਭੱਜੇ ਫਿਰਦੇ[39] ਮਨ ਨੂੰ ਅੰਦਰ[40] ਲੈ ਆਉਂਦਾ[41] ਹੈ ਅਤੇ ਆਪਣੀ ਸੈਨਾ[45] ਨੂੰ ਆਪਣੇ ਮਨ ਦੇ ਆਕਾਸ਼[42] ਦੀ ਪੁਰੀ[43] ਅੰਦਰ[44] ਇਕੱਤਰ ਕਰਦਾ[46] ਹੈ ।
ਸੋ[47] ਸੁਰਤਾਨੁ ਛਤੁ[48] ਸਿਰਿ[49] ਧਰੈ[50] ॥੩॥	Such[47] a monarch wears[50] an umbrella[48] over his head[49].	ਇਹੋ ਜਿਹੇ[47] ਪਾਤਿਸ਼ਾਹ ਦੇ ਸੀਸ[49] ਤੇ ਚੌਰ ਛਤਰ[48] ਝੂਲਦਾ[50] ਹੈ ।

ਜੋਗੀ ਗੋਰਖੁ ਗੋਰਖੁ ਕਰੈ[51] ॥	"Gorakh, Gorakh", the Yogi cries[51] out.	"ਗੋਰਖ, ਗੋਰਖ", ਯੋਗੀ ਪੁਕਾਰਦਾ[51] ਹੈ ।
ਹਿੰਦੂ ਰਾਮ ਨਾਮੁ ਉਚਰੈ[52] ॥	The Hindu utters[52] the name of Rama.	ਹਿੰਦੂ ਰਾਮ ਦੇ ਨਾਮ ਦਾ ਉਚਾਰਨ[52] ਕਰਦਾ ਹੈ ।
ਮੁਸਲਮਾਨ ਕਾ ਏਕੁ ਖੁਦਾਇ ॥	For the Musalmans, there is but One Khuda.	ਮੁਸਲਮਾਨਾਂ ਲਈ ਕੇਵਲ ਇਕ ਖ਼ੁਦਾ ਹੀ ਹੈ ।
ਕਬੀਰ ਕਾ ਸੁਆਮੀ ਰਹਿਆ ਸਮਾਇ[53] ॥੪॥੩॥੧੧॥	But the Lord of Kabir is pervading[53] all over.	ਪ੍ਰੰਤੂ ਕਬੀਰ ਦਾ ਸਾਹਿਬ ਸਾਰੇ ਹੀ ਵਿਆਪਕ[53] ਹੋ ਰਿਹਾ ਹੈ ।
ਮਹਲਾ ੫ ॥	Fifth Guru.	ਪੰਜਵੀਂ ਪਾਤਿਸ਼ਾਹੀ ।
ਜੋ[57] ਪਾਥਰ[54] ਕਉ ਕਹਤੇ[55] ਦੇਵ[56] ॥ ਤਾ ਕੀ[58] ਬਿਰਥਾ[59] ਹੋਵੈ ਸੇਵ[60] ॥	They, who[57] say[55] the stone[54] is a god[56] ; in vain[59] is their[58] service[60].	ਜਿਹੜੇ[57] ਆਖਦੇ[55] ਹਨ ਕਿ ਪੱਥਰ[54] ਦੇਵਤਾ[56] ਹੈ, ਨਿਸਫਲ[59] ਹੈ ਉਹਨਾਂ[58] ਦੀ ਘਾਲ[60] ।
ਜੋ ਪਾਥਰ ਕੀ ਪਾਂਈ[61] ਪਾਇ[62] ॥ ਤਿਸ ਕੀ ਘਾਲ[63] ਅਜਾਂਈ[64] ਜਾਇ[65] ॥੧॥	He, who falls[62] at the feet[61] of the stone ; vain[64] goes[65] his labour[63].	ਜਿਹੜਾ ਪੱਥਰ ਦੇ ਪੈਰੀਂ[61] ਪੈਂਦਾ[62] ਹੈ; ਵਿਅਰਥ[64] ਜਾਂਦੀ[65] ਹੈ ਉਸ ਦੀ ਟਹਿਲ[63] ਸੇਵਾ ।
ਠਾਕੁਰੁ ਹਮਰਾ ਸਦ ਬੋਲੰਤਾ[66] ॥	My Lord ever speaks[66].	ਮੇਰਾ ਸੁਆਮੀ ਹਮੇਸ਼ਾ ਹੀ ਬੋਲਦਾ[66] ਹੈ ।
ਸਰਬ[67] ਜੀਆ[68] ਕਉ ਪ੍ਰਭੁ ਦਾਨੁ[69] ਦੇਤਾ[70] ॥੧॥ ਰਹਾਉ ॥	The Lord gives[70] gifts[69] to all[67] the living beings[68]. Pause.	ਸਾਹਿਬ ਸਾਰੇ[67] ਪ੍ਰਾਣਧਾਰੀਆਂ[68] ਨੂੰ ਦਾਤਾਂ[69] ਦਿੰਦਾ[70] ਹੈ । ਠਹਿਰਾਉ ।
ਅੰਤਰਿ[71] ਦੇਉ[72] ਨ ਜਾਨੈ ਅੰਧੁ[73] ॥	The Lord[72] is within[71], but the blind one[73] knows not.	ਪ੍ਰਭੂ[72] ਅੰਦਰ[71] ਹੀ ਹੈ, ਪ੍ਰੰਤੂ ਮੁਨਾਖਾ[73] ਮਨੁਖ ਜਾਣਦਾ ਨਹੀਂ ।
ਭ੍ਰਮ[74] ਕਾ ਮੋਹਿਆ[75] ਪਾਵੈ[76] ਫੰਧੁ[77] ॥	Deluded[75] by doubt[74], he is caught[76] in a noose[77].	ਸੰਦੇਹ[74] ਜਾਂ ਬਹਿਕਾਇਆ ਹੋਇਆ[75] ਉਹ ਫਾਹੀ[77] ਵਿਚ ਫਸ ਜਾਂਦਾ[76] ਹੈ ।
ਨ ਪਾਥਰੁ ਬੋਲੈ ਨਾ ਕਿਛੁ ਦੇਇ[78] ॥	The stone speaks not, nor gives[78] any thing.	ਪੱਥਰ ਨਾ ਬੋਲਦਾ ਹੈ, ਨਾ ਹੀ ਕੁਝ ਦਿੰਦਾ[78] ਹੈ ।
ਫੋਕਟ[79] ਕਰਮ[80] ਨਿਹਫਲ[81] ਹੈ ਸੇਵ[82] ॥੨॥	In vain[79] are the ceremonies[80] of the idolater, and fruitless[81] his service[82].	ਬੇਫ਼ਾਇਦਾ[79] ਹਨ ਬੁਤਪ੍ਰਸਤ ਦੇ ਕਿਰਿਆਕਰਮ[80] ਅਤੇ ਨਿਸਫ਼ਲ[81] ਉਸ ਦੀ ਟਹਿਲ ਸੇਵਾ[82] ।
ਜੇ ਮਿਰਤਕ[83] ਕਉ ਚੰਦਨੁ[84] ਚੜਾਵੈ[85] ॥ ਉਸ ਤੇ ਕਹਹੁ[86] ਕਵਨ[87] ਫਲ[88] ਪਾਵੈ ॥	If the dead body[83] be anointed[85] with sandal[84], say[86], what[87] gain[88] can he obtain therefrom ?	ਜੇਕਰ ਲੋਥ[83] ਨੂੰ ਚੰਨਣ[84] ਨਾਲ ਮਰਦਨ[85] ਕੀਤਾ ਜਾਵੇ, ਦੱਸੋ[86], ਉਸ ਤੋਂ ਉਹ ਕੀ[87] ਫ਼ਾਇਦਾ[88] ਉਠਾ ਸਕਦਾ ਹੈ ।
ਜੇ ਮਿਰਤਕ ਕਉ ਬਿਸਟਾ[89]	If the corpse be rolled[91] in[90]	ਜੇਕਰ ਮੁਰਦੇ ਨੂੰ ਗੰਦਗੀ[89] ਵਿਚ[90] ਰੋਲਿਆ[91] ਜਾਵੇ,

ਮਾਹਿ[90] ਰੁਲਾਈ[91] ॥ ਤਾਂ[92] ਮਿਰਤਕ ਕਾ ਕਿਆ[93] ਘਟਿ[94] ਜਾਈ ॥੩॥	ordure[89], then[92] what[93] does the corpse lose[94] thereby ?	ਤਦ[92] ਮੁਰਦੇ ਨੂੰ ਉਸ ਦੁਆਰਾ ਕੀ[93] ਨੁਕਸਾਨ[94] ਪੁਜਦਾ ਹੈ ?
ਕਹਤ ਕਬੀਰ ਹਉ[97] ਕਹਉ[96] ਪੁਕਾਰਿ[95] ॥ ਸਮਝਿ[98] ਦੇਖੁ ਸਾਕਤ[99] ਗਾਵਾਰ[100] ॥	Says Kabir, I[97] proclaim[96] with a loud voice[95], see and understand[98] me, O ignorant[100] infidel[99].	ਕਬੀਰ ਜੀ ਆਖਦੇ ਹਨ, ਮੈਂ[97] ਉੱਚੀ ਆਵਾਜ਼[95] ਨਾਲ ਕਹਿੰਦਾ[96] ਹਾਂ, ਹੇ ਬੇਸਮਝ[100] ਕਾਫ਼ਰ[99] ! ਵੇਖ ਅਤੇ ਗੱਲ ਨੂੰ ਸਮਝ[98] ।
ਦੂਜੈ[2] ਭਾਇ[3] ਬਹੁਤੁ ਘਰ ਗਾਲੇ[4] ॥	The love[3] of other[2] has destroyed[4] many homes.	ਹੋਰਸ[2] ਦੇ ਪਿਆਰ[3] ਨੇ ਅਨੇਕਾਂ ਘਰਾਂ ਨੂੰ ਤਬਾਹ ਕੀਤਾ[4] ਹੈ ।
ਰਾਮ ਭਗਤ ਹੈ ਸਦਾ ਸੁਖਾਲੇ[5] ॥੪॥੪॥੧੨॥	Ever in bliss[5] are the Lord's saints.	ਹਮੇਸ਼ਾਂ ਖ਼ੁਸ਼ੀ[5] ਅੰਦਰ ਵਸਦੇ ਹਨ ਸੁਆਮੀ ਦੇ ਸੰਤ ।
ਜਲ[6] ਮਹਿ[9] ਮੀਨ[7] ਮਾਇਆ ਕੇ ਬੇਧੇ[8] ॥	The fishes[7] in[9] the water[6] are attached[8] to mammon.	ਪਾਣੀ[6] ਵਿਚਲੀਆਂ[9] ਮਛੀਆਂ[7] ਮਾਇਆ ਨਾਲ ਜੁੜੀਆਂ[8] ਹੋਈਆਂ ਹਨ ।
ਦੀਪਕ[10] ਪਤੰਗ[12] ਮਾਇਆ ਕੇ ਛੇਦੇ[13] ॥	The lamp[10]-moths[12] are pierced[13] through with mammon.	ਦੀਵੇ[10] ਦੇ ਪਰਵਾਨੇ[12] ਮਾਇਆ ਦੇ ਵਿੰਨ੍ਹੇ[13] ਹੋਏ ਹਨ ।
ਕਾਮ[14] ਮਾਇਆ[15] ਕੁੰਚਰ[16] ਕਉ ਬਿਆਪੈ[17] ॥	The mammon[15] of lust[14] is clung[17] to the elephant[16].	ਸ਼ਹਿਵਤ[14] ਦੀ ਸ਼ਕਤੀ[15] ਹਾਥੀ[16] ਨੂੰ ਚਿਮੜੀ[17] ਹੋਈ ਹੈ ।
ਭੁਇਅੰਗਮ[18] ਭ੍ਰਿੰਗ[19] ਮਾਇਆ ਮਹਿ[20] ਖਾਪੇ[21] ॥੧॥	The serpents[18] and bumble-bees[19] perish[21] through[20] mammon.	ਸਪ[18] ਅਤੇ ਭਉਰੇ[19] ਮਾਇਆ ਦੇ ਰਾਹੀਂ[20] ਨਾਸ ਹੋ ਜਾਂਦੇ[21] ਹਨ ।
ਮਾਇਆ ਐਸੀ[22] ਮੋਹਨੀ[23] ਭਾਈ[24] ॥ ਜੇਤੇ[25] ਜੀਅ[26] ਤੇਤੇ[27] ਡਹਕਾਈ[28] ॥੧॥ ਰਹਾਉ ॥	O brother[24], so[22] bewitching[23] is the mammon, that as many as[25] are the beings[26], so many[27] it has deceived[28]. Pause.	ਹੇ ਵੀਰ[24] ! ਮਾਇਆ ਐਹੋ ਜੇਹੀ[22] ਫ਼ਰੇਫ਼ਤਾ ਕਰ ਲੈਣ ਵਾਲੀ[23] ਹੈ, ਕਿ ਜਿੰਨੇ ਭੀ[25] ਜੀਵ[26] ਹਨ, ਉਨੇ[27] ਹੀ ਇਸ ਨੇ ਠੱਗ ਲਏ[28] ਹਨ । ਠਹਿਰਾਉ ।
ਪੰਖੀ[29] ਮ੍ਰਿਗ[30] ਮਾਇਆ ਮਹਿ[31] ਰਾਤੇ[32] ॥	The birds[29] and the deer[30] are imbued[32] in[31] mammon.	ਪਰਿੰਦੇ[29] ਅਤੇ ਹਰਨ[30] ਮਾਇਆ ਅੰਦਰ[31] ਰੰਗੇ ਹੋਏ[32] ਹਨ ।
ਸਾਕਰ[33] ਮਾਖੀ[34] ਅਧਿਕ[35] ਸੰਤਾਪੇ[36] ॥	Sugar[33] causes great[35] hardship[36] to the flies[34].	ਸ਼ੱਕਰ[33] ਮੱਖੀਆਂ[34] ਨੂੰ ਬਹੁਤ[35] ਦੁਖ[36] ਦਿੰਦੀ ਹੈ ।
ਤੁਰੇ[37] ਉਸਟ[38] ਮਾਇਆ ਮਹਿ ਭੇਲਾ[39] ॥	The horses[37] and camels[38] are absorbed[39] in mammon.	ਘੋੜੇ[37] ਅਤੇ ਊਠ[38] ਮਾਇਆ ਵਿਚ ਮਿਲੇ ਹੋਏ[39] ਹਨ ।
ਸਿਧ[40] ਚਉਰਾਸੀਹ ਮਾਇਆ ਮਹਿ ਖੇਲਾ[41] ॥੨॥	The eighty four men of miracles[40] sport[41] in mammon.	ਚੁਰਾਸੀ ਕਰਾਮਾਤੀ ਬੰਦੇ[40] ਮਾਇਆ ਅੰਦਰ ਖੇਡਦੇ[41] ਹਨ ।
ਛਿਅ ਜਤੀ[42] ਮਾਇਆ ਕੇ ਬੰਦਾ[43] ॥	The six celibates[42] are the slaves[43] of mammon.	ਛੇ ਬ੍ਰਹਮਚਾਰੀ[42] ਮਾਇਆ ਦੇ ਗੋਲੇ[43] ਹਨ ।

ਨਵੈ ਨਾਥ[44] ਸੂਰਜ[45] ਅਰੁ[46] ਚੰਦਾ ॥	So are the nine great Yogis[44], the sun[45] and the moon[46].	ਏਸੇ ਤਰ੍ਹਾਂ ਦੇ ਹੀ ਹਨ ਨੌਂ ਵੱਡੇ ਯੋਗੀ[44], ਸੂਰ[45] ਅਤੇ ਚੰਦ੍ਰਮਾਂ[46] ।
ਤਪੇ[47] ਰਖੀਸਰ[48] ਮਾਇਆ ਮਹਿ ਸੂਤਾ[49] ॥	The penitents[47] and the Supreme sages[48] are asleep[49] in mammon.	ਤਪੀਸਰ[47] ਅਤੇ ਵਡੇ ਰਿਸ਼ੀ[48] ਮਾਇਆ ਅੰਦਰ ਸੁੱਤੇ ਹੋਏ[49] ਹਨ ।
ਮਾਇਆ ਮਹਿ ਕਾਲੁ[50] ਅਰੁ ਪੰਚ ਦੂਤਾ[51] ॥੩॥	In the sway of mammon are death[50] and the five demons[51].	ਮਾਇਆ ਦੇ ਇਖ਼ਤਿਆਰ ਵਿਚ ਹਨ ਮੌਤ[50] ਅਤੇ ਪੰਜੇ ਭੂਤਨੇ[51] ।
ਸੁਆਨ[52] ਸਿਆਲ[53] ਮਾਇਆ ਮਹਿ ਰਾਤਾ[54] ॥ ਬੰਤਰ[55] ਚੀਤੇ[56] ਅਰੁ[57] ਸਿੰਘਾਤਾ[58] ॥ ਮਾਂਜਾਰ[59] ਗਾਡਰ[60] ਅਰੁ ਲੂਬਰਾ[61] ॥ ਬਿਰਖ[62] ਮੂਲ[63] ਮਾਇਆ ਮਹਿ ਪਰਾ[64] ॥੪॥	The dogs[52] and jackals[53] are dyed[54] in mammon. Similarly, the monkeys[55], leopards[56] and[57] lions[58], the cats[59], sheep[60], foxes[61], trees[62], and tubers[63] are rooted[64] in mammon	ਕੁੱਤੇ[52] ਅਤੇ ਗਿੱਦੜ[53] ਮਾਇਆ ਵਿਚ ਰੰਗੇ ਹੋਏ[54] ਹਨ। ਏਸੇ ਤਰ੍ਹਾਂ ਹੀ ਬਾਂਦਰ[55], ਚਿਤਰੇ[56] ਅਤੇ[57] ਸ਼ੇਰ[58], ਬਿੱਲੀਆਂ[59], ਭੇਡਾਂ[60], ਲੂੰਬੜੀਆਂ[61], ਰੁੱਖ[62] ਅਤੇ ਜੜ੍ਹਾਂ[63] ਮਾਇਆ ਅੰਦਰ ਗੱਡੀਆਂ[64] ਹੋਈਆਂ ਹਨ ।
ਮਾਇਆ ਅੰਤਰਿ[65] ਭੀਨੇ[66] ਦੇਵ[67] ॥ ਸਾਗਰ[68] ਇੰਦ੍ਰਾ[69] ਅਰੁ ਧਰਤੇਵ[70] ॥	Even the gods[67] are saturated[66] within[65] (with) mammon, so are the oceans[68], the sky[69] and the earth[70].	ਦੇਵਤੇ[67] ਵੀ ਮਾਇਆ ਅੰਦਰ[65] (ਨਾਲ) ਭਿੱਜੇ ਹੋਏ[66] ਹਨ, ਏਸੇ ਤਰ੍ਹਾਂ ਹੀ ਹਨ ਸਮੁੰਦਰ[68], ਆਕਾਸ਼[69] ਅਤੇ ਧਰਤੀ[70] ।
ਕਹਿ ਕਬੀਰ ਜਿਸੁ ਉਦਰੁ[71] ਤਿਸੁ[72] ਮਾਇਆ ॥ ਤਬ[73] ਛੂਟੇ[74] ਜਬ ਸਾਧੂ ਪਾਇਆ[75] ॥੫॥੫॥੧੩॥	Says Kabir, he who has belly[71]; him[72] the mammon afflicts. Then[73] alone man is freed[74] from mammon, when he meets[75] with the saint.	ਕਬੀਰ ਜੀ ਆਖਦੇ ਹਨ, ਜਿਸ ਨੂੰ ਢਿੱਡ[71] ਲੱਗਾ ਹੋਇਆ ਹੈ, ਉਸ[72] ਨੂੰ ਮਾਇਆ ਦੁਖ ਦਿੰਦੀ ਹੈ । ਕੇਵਲ ਤਾਂ[73] ਹੀ ਬੰਦਾ ਮਾਇਆ ਤੋਂ ਛੁਟਕਾਰਾ ਪਾਉਂਦਾ[74] ਹੈ ਜਦ ਉਹ ਸੰਤ ਨੂੰ ਮਿਲ ਪੈਂਦਾ[75] ਹੈ ।
ਜਬ ਲਗੁ[76] ਮੇਰੀ[77] ਮੇਰੀ ਕਰੈ[78] ॥	As long as[76] one says[78], "mine[77], it is mine."	ਜਦ ਤਾਈਂ[76] ਬੰਦਾ ਆਖਦਾ[78] ਹੈ, "ਮੇਰੀ[77], ਇਹ ਮੇਰੀ ਹੈ ।"
ਤਬ ਲਗੁ[79] ਕਾਜੁ[80] ਏਕੁ ਨਹੀ ਸਰੈ[81] ॥	So long[79] not even one of his tasks[80] is accomplished[81].	ਤਦ ਤਾਈਂ[79] ਉਸ ਦਾ ਇਕ ਕੰਮ[80] ਭੀ ਸਿਰੇ[81] ਨਹੀਂ ਚੜ੍ਹਦਾ ।
ਜਬ ਮੇਰੀ ਮੇਰੀ[82] ਮਿਟਿ[83] ਜਾਇ ॥ ਤਬ ਪ੍ਰਭ ਕਾਜੁ[84] ਸਵਾਰਹਿ[85] ਆਇ ॥੧॥	When his mineness[82] is removed[83], then the Lord comes and adjusts[85] his affairs[84].	ਜਦ ਉਸ ਦੀ ਅਪਣੱਤ[82] ਦੂਰ ਹੋ ਜਾਂਦੀ[83] ਹੈ, ਤਦ ਸੁਆਮੀ ਆ ਕੇ ਉਸ ਦੇ ਕਾਰਜ[84] ਰਾਸ ਕਰ ਦਿੰਦਾ[85] ਹੈ ।
੧੧੬੧	**1161**	**੧੧੬੧**
ਐਸਾ[86] ਗਿਆਨੁ[87] ਬਿਚਾਰੁ[88] ਮਨਾ[89] ॥	O my soul[89], ponder[88] thou over such[86] Divine knowledge[87].	ਹੇ ਮੇਰੀ ਜਿੰਦੇ[89] ! ਤੂੰ ਇਹੋ ਜਿਹੇ[86] ਬ੍ਰਹਮ ਬੋਧ[87] ਦੀ ਸੋਚ ਵਿਚਾਰ[88] ਕਰ ।
ਹਰਿ ਕੀ[92] ਨ ਸਿਮਰਹੁ[90] ਦੁਖ[91] ਭੰਜਨਾ[93] ॥੧॥ ਰਹਾਉ ॥	Why[92] meditatest[90] thou not on thy God, the Destroyer[93] of pain[91] ? Pause.	ਤੂੰ ਪੀੜ[91] ਦੂਰ ਕਰਨਹਾਰ[93], ਆਪਣੇ ਵਾਹਿਗੁਰੂ ਦਾ ਕਿਉਂ[92] ਆਰਾਧਨ[90] ਨਹੀਂ ਕਰਦੀ ? ਠਹਿਰਾਉ ।

ਜਬ ਲਗੁ[94] ਸਿਘੁ[95] ਰਹੈ[96] ਬਨ ਮਾਹਿ[97] ॥ ਤਬ ਲਗੁ[98] ਬਨੁ ਫੂਲੈ[99] ਹੀ ਨਾਹਿ ॥	As long as[94] the tiger[95] inhabits[96] the forest[97] so long[98] the forest flowers[99] not	ਜਦ ਤਾਂਈ[94] ਸ਼ੇਰ[95] ਜੰਗਲ[97] ਵਿਚ ਵਸਦਾ[96] ਹੈ ਤਦ ਤਾਂਈ[98] ਜੰਗਲ ਪ੍ਰਫੁਲਤ[99] ਨਹੀਂ ਹੁੰਦਾ ।
ਜਬ[100] ਹੀ ਸਿਆਰੁ[2] ਸਿਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ[3] ॥੨॥	When[100] the jackal[2] eats the tiger, then flowers the entire forest[3].	ਜਦ[100] ਗਿੱਦੜ[2] ਸ਼ੇਰ ਨੂੰ ਖਾ ਜਾਂਦਾ ਹੈ, ਤਾਂ ਸਾਰਾ ਜੰਗਲ[3] ਪ੍ਰਫੁੱਲਤ ਹੋ ਜਾਂਦਾ ਹੈ ।
ਜੀਤੇ[4] ਬੂਡੇ[5] ਹਾਰੇ[7] ਤਿਰੈ[6] ॥	The victorious[4] are drowned[5], and the defeated[7] swim across[6].	ਜਿੱਤੇ ਹੋਏ[4] ਡੁੱਬ ਜਾਂਦੇ[5] ਹਨ ਅਤੇ ਹਾਰੇ ਹੋਏ[7] ਪਾਰ ਉਤਰ ਜਾਂਦੇ[6] ਹਨ ।
ਗੁਰਪਰਸਾਦੀ[8] ਪਾਰਿ[9] ਉਤਰੈ ॥	By the Guru's grace[8], one is emancipated[9].	ਗੁਰਾ ਦੀ ਦਇਆ[8] ਦੁਆਰਾ, ਬੰਦਾ ਮੁਕਤ ਹੋ ਜਾਂਦਾ[9] ਹੈ ।
ਦਾਸੁ[10] ਕਬੀਰੁ ਕਹੈ[12] ਸਮਝਾਇ[13] ॥	Kabir, the Lord's slave[10], proclaims[12] and instructs[13] thus :	ਪ੍ਰਭੂ ਦਾ ਗੋਲਾ[10], ਕਬੀਰ, ਇਸ ਤਰ੍ਹਾਂ ਪੁਕਾਰਦਾ[12] ਅਤੇ ਸਿਖਮਤ ਦਿੰਦਾ[13] ਹੈ :
ਕੇਵਲ[14] ਰਾਮ[15] ਰਹਹੁ [16]ਲਿਵਲਾਇ[17] ॥੩॥੬॥੧੪॥	"O man, remain thou absorbed[17] in the love[16] of thy Lord[15] alone[14]".	"ਹੇ ਬੰਦੇ ! ਤੂੰ ਸਿਰਫ[14] ਆਪਣੇ ਪ੍ਰਭੂ[15] ਦੇ ਪਿਆਰ[16] ਅੰਦਰ ਹੀ ਲੀਨ[17] ਰਹੁ ।"
ਸਤਰਿ ਸੈਇ[18] ਸਲਾਰ[19] ਹੈ ਜਾ[20] ਕੇ ॥ ਸਵਾ ਲਾਖੁ ਪੈਕਾਬਰ[21] ਤਾ ਕੇ ॥	He who[20] has seventy hundred[18] commanders[19], whose prophets[21] are a lakh and quarter.	ਜਿਸ[20] ਦੇ ਸਤ ਸੌ[18] ਸਿਪਾ-ਸਾਲਾਰ[19] ਹਨ, ਜਿਸ ਦੇ ਸਵਾ ਲੱਖ ਪੈਗੰਬਰ[21] ਹਨ ।
ਸੇਖ ਜੁ ਕਹੀਅਹਿ[22] ਕੋਟਿ[23] ਅਠਾਸੀ ॥ ਛਪਨ[24] ਕੋਟਿ ਜਾ ਕੇ ਖੇਲ ਖਾਸੀ[25] ॥੧॥	Who is said[22] to own eighty eight myriads[23] of Shaikhs, and whose courtiers[25] are fifty six[24] millions.	ਜੋ ਅਠਾਸੀ ਕ੍ਰੋੜ[23] ਸ਼ੇਖਾਂ ਦਾ ਸੁਆਮੀ ਆਖਿਆ ਜਾਂਦਾ[22] ਹੈ ਅਤੇ ਛਪੰਜਾ[24] ਕ੍ਰੋੜ ਹਨ ਜਿਸ ਦੇ ਅਹਿਲਕਾਰ[25] ।
ਮੋ ਗਰੀਬ ਕੀ ਕੋ[26] ਗੁਜਰਾਵੈ[27] ॥	What[26] access[27], can I, the poor man, have there ?	ਮੈਂ ਗਰੀਬ ਬੰਦੇ ਦੀ, ਉਥੇ ਕੀ[26] ਪਹੁੰਚ[27] ਹੋ ਸਕਦੀ ਹੈ ।
ਮਜਲਸਿ[28] ਦੂਰਿ ਮਹਲੁ[29] ਕੋ[30] ਪਾਵੈ[31] ॥੧॥ ਰਹਾਉ ॥	His court[28] is afar off. Rare[30] is the one, who can get[31] at His mansion[29]. Pause.	ਉਸ ਦਾ ਦਰਬਾਰ[28] ਦੁਰੇਡੇ ਹੈ । ਕੋਈ ਵਿਰਲਾ ਜਣਾ[30] ਹੀ ਉਸ ਦੇ ਮੰਦਰ[29] ਨੂੰ ਪਰਾਪਤ[31] ਹੋ ਸਕਦਾ ਹੈ । ਠਹਿਰਾਉ ।
ਤੇਤੀਸ[32] ਕਰੋੜੀ ਹੈ ਖੇਲਖਾਨਾ[33] ॥	He has thirty three[32] millions of play-houses[33].	ਉਸ ਕੋਲ ਤੇਤੀ[32] ਕ੍ਰੋੜ ਖੇਡ-ਘਰ[33] ਹਨ ।
ਚਉਰਾਸੀ ਲਖ ਫਿਰੈ[34] ਦਿਵਾਨਾ[35] ॥	His beings madly[35] wander[34] in eighty four lakhs of existences.	ਉਸ ਦੇ ਜੀਵ ਚੁਰਾਸੀ ਲੱਖ ਜੂਨੀਆਂ ਅੰਦਰ ਕਮਲੇ[35] ਹੋਏ ਫਿਰਦੇ[34] ਹਨ ।
ਬਾਬਾ ਆਦਮ ਕਉ ਕਿਛੁ[36] ਨਦਰਿ[37] ਦਿਖਾਈ[38] ॥ ਉਨਿ[39] ਭੀ ਭਿਸਤਿ[40] ਘਨੇਰੀ[41] ਪਾਈ ॥੨॥	The Lord showed[38] some[36] favour[37] to Baba Adam, and he[39] obtained paradise[40] for a long time[41].	ਪ੍ਰਭੂ ਨੇ ਬਾਬੇ ਆਦਮ ਤੇ ਕੁਝ[36] ਕੁ ਰਹਿਮਤ[37] ਧਾਰੀ[38] ਅਤੇ ਉਸ[39] ਨੂੰ ਚੋਖੇ ਸਮੇਂ ਲਈ[41] ਸਵਰਗ[40] ਪਰਾਪਤ ਹੋ ਗਿਆ ।
ਦਿਲ ਖਲਹਲੁ[42] ਜਾ[43] ਕੈ	Pale[44] are the faces[45] of those,	ਪੀਲੇ[44] ਹਨ ਚਿਹਰੇ[45] ਉਨ੍ਹਾਂ ਦੇ ਜਿਨ੍ਹਾਂ[43] ਦੇ ਮਨ ਅੰਦਰ

ਜਰਦ[44] ਰੂ ਬਾਨੀ[45] ॥ ਛੋਡਿ ਕਤੇਬ[46] ਕਰੈ[47] ਸੈਤਾਨੀ[48] ॥	whose[43] minds are perturbed[42]. They forsake their religious books[46] and practise[47] evil[48].	ਗੜਬੜ[42] ਹੈ । ਧਾਰਮਕ ਗ੍ਰੰਥਾਂ[46] ਨੂੰ ਤਿਆਗ ਉਹ ਬਦੀ[48] ਕਮਾਉਂਦੇ[47] ਹਨ ।
ਦੁਨੀਆ[49] ਦੋਸੁ[50] ਰੋਸੁ[51] ਹੈ ਲੋਈ[52] ॥ ਅਪਨਾ ਕੀਆ[53] ਪਾਵੈ ਸੋਈ[54] ॥ ੩ ॥	He who blames[50] the Lord of the world[49] and is cross[51] with the people[52]; he[54] receives the fruit of his deeds[53].	ਜੋ ਸ੍ਰਿਸ਼ਟੀ ਦੇ ਸੁਆਮੀ[49] ਤੇ ਇਲਜ਼ਾਮ ਲਾਉਂਦਾ[50] ਹੈ ਅਤੇ ਉਸ ਦੇ ਬੰਦਿਆਂ[52] ਨਾਲ ਨਾਰਾਜ਼[51] ਹੈ; ਉਹ[54] ਆਪਣੇ ਕਰਮਾਂ[53] ਦਾ ਫ਼ਲ ਪਾਉਂਦਾ ਹੈ ।
ਤੁਮ ਦਾਤੇ[55] ਹਮ[56] ਸਦਾ[57] ਭਿਖਾਰੀ[58] ॥	Thou art the Giver[55], O Lord, and I[56] am ever[57] a beggar[58] at Thy gate	ਤੂੰ ਹੇ ਸੁਆਮੀ ! ਦਾਤਾਰ[55] ਹੈਂ ਅਤੇ ਮੈਂ[56] ਸਦੀਵ[57] ਹੀ ਤੇਰੇ ਦਰ ਦਾ ਮੰਗਤਾ[58] ਹਾਂ।
ਦੇਉ ਜਬਾਬੁ[59] ਹੋਇ[60] ਬਜਗਾਰੀ[61] ॥	If I deny[59] Thee, then I become[60] a sinner[61].	ਜੇਕਰ ਮੈਂ ਤੇਰੇ ਤੋਂ ਮੁਨਕਰ[59] ਹੋਵਾਂ ਤਾਂ ਮੈਂ ਪਾਪੀ[61] ਹੋ ਜਾਂਦਾ[60] ਹਾਂ ।
ਦਾਸੁ[62] ਕਬੀਰੁ ਤੇਰੀ ਪਨਹ[63] ਸਮਾਨਾਂ[64] ॥	Kabir, Thy slave[62], has entered[64] into Thy refuge[63].	ਤੇਰਾ ਗੋਲਾ[62] ਕਬੀਰ, ਤੇਰੀ ਸ਼ਰਣ[63] ਅੰਦਰ ਸਮਾ ਗਿਆ[64] ਹੈ ।
ਭਿਸਤੁ[65] ਨਜੀਕਿ[66] ਰਾਖੁ ਰਹਮਾਨਾ[67] ॥੪॥੭॥੧੫॥	Keep me near[66] Thee, O Merciful Master[67] and that is heaven[65] for me.	ਮੈਨੂੰ ਆਪਣੇ ਨੇੜੇ[66] ਰਖ, ਹੇ ਮਿਹਰਬਾਨ ਮਾਲਕ[67] ! ਅਤੇ ਮੇਰੇ ਲਈ ਉਹੀ ਬਹਿਸ਼ਤ[65] ਹੈ ।
ਸਭੁ ਕੋਈ ਚਲਨ[68] ਕਹਤ[69] ਹੈ ਊਹਾਂ[70] ॥	Everyone talks[69] of going[68] thither[70].	ਹਰ ਕੋਈ ਓਥੇ[70] ਜਾਣਾ[68] ਆਖਦਾ[69] ਹੈ ।
ਨਾ ਜਾਨਉ ਬੈਕੁੰਠ[71] ਹੈ ਕਹਾਂ ॥੧॥ ਰਹਾਉ॥	I know not where heaven[71] is.Pause.	ਮੈਂ ਨਹੀਂ ਜਾਣਦਾ ਕਿ ਬਹਿਸ਼ਤ[71] ਕਿੱਥੇ ਹੈ। ਠਹਿਰਾਉ।
ਆਪ ਆਪ[72] ਕਾ ਮਰਮ[73] ਨ ਜਾਨਾਂ॥ ਬਾਤਨ[74] ਹੀ ਬੈਕੁੰਠੁ ਬਖਾਨਾਂ[75] ॥੧॥	They who know not the mystery[73] of their ownself[72], talk[75] of heaven through mere words[74].	ਜੋ ਆਪਣੇ ਆਪ[72] ਦੇ ਭੇਤ[73] ਨੂੰ ਨਹੀਂ ਜਾਣਦੇ ਉਹ ਨਿਰੇ ਲਫ਼ਜ਼ਾਂ[74] ਦੁਆਰਾ ਹੀ ਬਹਿਸ਼ਤ ਦੀਆਂ ਗੱਲਾਂ ਕਰਦੇ[75] ਹਨ ।
ਜਬ ਲਗੁ[76] ਮਨ ਬੈਕੁੰਠ ਕੀ ਆਸ[77] ॥ ਤਬ ਲਗੁ[78] ਨਾਹੀ ਚਰਨ[79] ਨਿਵਾਸ[80] ॥ ੨ ॥	As long as[76] the mind cherishes hope[77] for the heaven, so long[78] one abides[80] not in the Lord's feet[79].	ਜਦ ਤਾਂਈ[76] ਚਿਤ ਅੰਦਰ ਬਹਿਸ਼ਤ ਦੀ ਉਮੈਦ[77] ਹੈ ਓਦੋਂ ਤਾਂਈ[78] ਜੀਵ ਪ੍ਰਭੂ ਦੇ ਪੈਰਾਂ[79] ਵਿਚ ਨਹੀਂ ਵਸਦਾ[80] ।
ਖਾਈ[81] ਕੋਟੁ[82] ਨ [83]ਪਰਲਪ[84] ਗਾਰਾ[85] ॥ ਨਾ ਜਾਨਉ ਬੈਕੁੰਠ ਦੁਆਰਾ[86] ॥੩॥	I know not the heaven's gate[86], nor its moat[81] and rampart[82], [83]well-plastered[84] with mud[85].	ਮੈਂ ਬਹਿਸ਼ਤ ਦੇ ਦਰਵਾਜ਼ੇ[86] ਨੂੰ ਨਹੀਂ ਜਾਣਦਾ ਨਾ ਹੀ ਇਸ ਦੀ ਖੰਦਕ[81] ਅਤੇ ਗਾਰੇ[85] ਨਾਲ ਚੰਗੀ ਤਰ੍ਹਾਂ[83] ਲਿੱਪੀ ਹੋਈ[84] ਫ਼ਸੀਲ[82] ਨੂੰ ।
ਕਹਿ ਕਮੀਰ ਅਬ[87] ਕਹੀਐ[88] ਕਾਹਿ[89] ॥ ਸਾਧ ਸੰਗਤਿ ਬੈਕੁੰਠੈ ਆਹਿ[90] ॥ ੪॥੮॥੧੬॥	Says Kabir, what[89] more can I say[88] now[87] than that the society of the saints alone is[90] the heaven ?	ਕਬੀਰ ਜੀ ਆਖਦੇ ਹਨ, ਮੈਂ ਹੁਣ[87] ਇਸ ਤੋਂ ਵਧ ਕੀ[89] ਆਖ[88] ਸਕਦਾ ਹਾਂ ਕਿ ਕੇਵਲ ਸਤਿਸੰਗਤ ਹੀ ਬਹਿਸ਼ਤ ਹੈ[90] ।

ਕਿਉ[91] ਲੀਜੈ[92] ਗਢੁ[93] ਬੰਕਾ[94] ਭਾਈ[95] ॥ ਦੋਵਰ[96] ਕੋਟ[97] ਅਰੁ[98] ਤੇਵਰ[99] ਖਾਈ[100] ॥੧॥ ਰਹਾਉ ॥	How[91] can the beauteous[94] fortress[93] be conquered[92], O brother[95], which has double[96] the ramparts[97] and[98] triple[99] the moats[100] ? Pause.	ਸੁੰਦਰ[94] ਕਿਲ੍ਹਾ[93], ਜਿਸ ਦੀਆਂ ਦੂਹਰੀਆਂ[96] ਫ਼ਸੀਲਾਂ[97] ਅਤੇ[98] ਤੀਹਰੀਆਂ[99] ਖੰਧਕਾਂ[100] ਹਨ, ਕਿਸ ਤਰ੍ਹਾਂ[91] ਫ਼ਤਹਿ ਕੀਤਾ[92] ਜਾ ਸਕਦਾ ਹੈ, ਹੇ ਵੀਰ[95] ! ਠਹਿਰਾਉ।
ਪਾਂਚ[2] ਪਚੀਸ[3] ਮੋਹ[4] ਮਦ[5] ਮਤਸਰ[6] ਆਡੀ[7] [8]ਪਰਬਲ[9] ਮਾਇਆ[10] ॥	Its mean of defence are the five[2] elements, with their twenty five[3] categories, worldly love[4], pride[5], jealousy[6] and the crooked[7] and very[8] powerful[9] mammon[10].	ਇਸ ਦੇ ਬਚਾਉ ਦੇ ਜ਼ਰੀਏ ਹਨ, ਪੰਜ[2] ਤਤ, ਆਪਣੀਆਂ ਪੰਝੀ[3] ਪ੍ਰਕਿਰਤੀਆਂ ਸਮੇਤ, ਸੰਸਾਰੀ ਮਮਤਾ[4], ਹੰਕਾਰ[5], ਈਰਖਾ[6] ਅਤੇ ਕੁਟਲ[7] ਤੇ ਪਰਮ[8] ਤਾਕਤਵਰ[9] ਮੋਹਨੀ[10]।
ਜਨ[12] ਗਰੀਬ[13] ਕੋ ਜੋਰੁ[14] ਨ ਪਹੁਚੈ[15] ਕਹਾ[16] ਕਰਉ ਰਘੁਰਾਇਆ[17] ॥੧॥	The strength[14] of the poor[13] man[12] avails[15] not, to take the fortress, what[16] should I do now, O God, the King[17] of Raghwas ?	ਕਿਲ੍ਹੇ ਨੂੰ ਲੈਣ ਲਈ, ਗਰੀਬੜੇ[13] ਬੰਦੇ[12] ਦਾ ਜ਼ੋਰ[14] ਨਹੀਂ ਚੜ੍ਹਦਾ[15], ਹੇ ਰਾਘਵਾਂ ਦੇ ਪਾਤਿਸ਼ਾਹ[17], ਵਾਹਿਗੁਰੂ ! ਹੁਣ ਮੈਂ ਕੀ[16] ਕਰਾਂ ?
ਕਾਮੁ[18] ਕਿਵਾਰੀ[19] ਦੁਖੁ[20] ਸੁਖੁ[21] ਦਰਵਾਨੀ[22] ਪਾਪੁ[23] ਪੁੰਨੁ[24] ਦਰਵਾਜਾ[25] ॥	Lust[18] is its shutters[19], woe[20] and weal[21] its gate-keepers[22] and demerits[23] and merits[24] its gates[25].	ਸ਼ਹਿਵਤ[18] ਇਸ ਦੇ ਤਖਤੇ[19] ਹਨ ਗ਼ਮੀ[20] ਤੇ ਖ਼ੁਸ਼ੀ[21] ਇਸ ਦੇ ਦਰਬਾਨ[22] ਅਤੇ ਬਦੀ[23] ਤੇ ਨੇਕੀ[24] ਇਸ ਦੇ ਬੂਹੇ[25]।
ਕ੍ਰੋਧੁ[26] ਪ੍ਰਧਾਨੁ[27] ਮਹਾ[28] ਬਡ[29] ਦੁੰਦਰ[30] ਤਹ[31] ਮਨੁ ਮਾਵਾਸੀ[32] ਰਾਜਾ ॥੨॥	The very[29] quarrelsome[30] wrath[26] is its great[28] and renowned[27] general and mind is the rebel[32] king there[31].	ਬਹੁਤ[29] ਝਗੜਾਲੂ[30] ਗੁੱਸਾ[26] ਇਸ ਦਾ ਵਡਾ[28] ਅਤੇ ਪ੍ਰਸਿੱਧ[27] ਜਰਨੈਲ ਹੈ ਅਤੇ ਆਕੀ[32] ਮਨੂਆ ਓਥੇ[31] ਪਾਤਿਸ਼ਾਹ ਹੈ।
ਸ੍ਵਾਦ[33] ਸਨਾਹ[34] ਟੋਪੁ[35] ਮਮਤਾ[36] ਕੋ [37]ਕੁਬੁਧ[38] ਕਮਾਨ[39] ਚਢਾਈ[40] ॥	The defenders have armour[34] of dainties[33], helmet[35] of worldly love[36] and bow[39] of evil[37] understanding[38] to aim[40] with.	ਰਖਵਾਲਿਆਂ ਕੋਲ ਨਿਆਮਤਾਂ[33] ਦੀ ਸੰਜੋਅ[34], ਮੋਹ[36] ਦੀ ਲੋਹੇ ਦੀ ਟੋਪੀ[35] ਅਤੇ ਨਿਸ਼ਾਨਾ ਲਾਉਣ[40] ਲਈ ਖੋਟੀ[37] ਅਕਲ[38] ਦਾ ਧਨੁਖ[39] ਹੈ।
ਤਿਸਨਾ[41] ਤੀਰ[42] ਰਹੇ[43] ਘਟ[44] ਭੀਤਰਿ[45] ਇਉ[46] ਗਢੁ ਲੀਓ ਨ ਜਾਈ[47] ॥੩॥	Covetousness[41], that abides[43] in[45] the mind[44] is the arrows[42]. This wise[46] the fortress has become impregnable[47].	ਲਾਲਚ[41] ਜੋ ਹਿਰਦੇ[44] ਅੰਦਰ[45] ਵਸਦਾ[43] ਹੈ, ਬਾਣ[42] ਹਨ। ਇਸ ਤਰੀਕੇ[46] ਨਾਲ ਕਿਲ੍ਹਾ ਅਜਿੱਤ[47] ਬਣਿਆ ਹੋਇਆ ਹੈ।
ਪ੍ਰੇਮ[48] ਪਲੀਤਾ[49] ਸੁਰਤਿ[50] ਹਵਾਈ[51] ਗੋਲਾ ਗਿਆਨੁ[52] ਚਲਾਇਆ ॥	Making Divine love[48] the fuse[49] and meditation[50] the howitzer[51], I have fired the shell of Divine knowledge[52].	ਰਬੀ ਪ੍ਰੀਤ[48] ਨੂੰ ਪਲੀਤਾ[49] ਅਤੇ ਸਿਮਰਨ[50] ਨੂੰ ਮੈਦਾਨੀ-ਤੋਪ[51] ਬਣਾ ਮੈਂ ਬ੍ਰਹਮ-ਬੋਧ[52] ਦਾ ਗੋਲਾ ਚਲਾ ਦਿੱਤਾ ਹੈ :
ਬ੍ਰਹਮ[53] ਅਗਨਿ[54] ਸਹਜੇ[55] ਪਰਜਾਲੀ[56] ਏਕਹਿ ਚੋਟ[57] ਸਿਝਾਇਆ[58] ॥੪॥	The fire[54] of the Lord[53] is lit[56] through poise[55], and with one shot[57] the fortress is captured[58].	ਪ੍ਰਭੂ[53] ਦੀ ਅੱਗ[54] ਅਡੋਲਤਾ[55] ਰਾਹੀਂ ਬਾਲੀ[56] ਹੈ ਅਤੇ ਇਕ ਹੀ ਸੱਟ[57] ਨਾਲ ਕਿਲ੍ਹਾ ਸਰ ਹੋ ਗਿਆ[58] ਹੈ।
ਸਤੁ[59] ਸੰਤੋਖੁ[60] ਲੈ[61] ਲਰਨੇ[62] ਲਾਗਾ ਤੋਰੇ[63] ਦੁਇ ਦਰਵਾਜਾ[64] ॥	Taking[61] with me truth[59] and contentment[60], I began to fight[62] and battered[63] both its gates[64].	ਸਚ[59] ਅਤੇ ਸੰਤੁਸ਼ਟਤਾ[60] ਨੂੰ ਨਾਲ ਲੈ ਕੇ[61], ਮੈਂ ਯੁੱਧ[62] ਕਰਨ ਲਗ ਪਿਆ ਅਤੇ ਇਸ ਦੇ ਦੋਨੋਂ ਫਾਟਕ[64] ਭੰਨ ਸੁਟੇ[63]।

ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ[65]ਤੇ[66] ਪਕਰਿਓ[67] ਗਢ[68] ਕੋ ਰਾਜਾ ॥੫॥

Associating with the saints and by[66] the Guru's grace[65], I captured[67] the king of the fortress[68].

ਸਤਿ ਸੰਗਤ ਕਰ ਅਤੇ ਗੁਰਾਂ ਦੀ ਦਇਆ[65] ਦੁਆਰਾ[66], ਮੈਂ ਕਿਲ੍ਹੇ[68] ਦੇ ਪਾਤਿਸ਼ਾਹ ਨੂੰ ਪਕੜ ਲਿਆ[67] ।

੧੧੬੨ 1162

ਭਗਵਤ[69]ਭੀਰਿ[70] ਸਕਤਿ[71] ਸਿਮਰਨ[72] ਕੀ ਕਟੀ[73] ਕਾਲ[74] ਭੈ[75] ਫਾਸੀ[76] ॥

Taking with me the army[70] of God's warriors[69], and through the power[71] of the Lord's meditation[72], I have snapped[73] the noose[76] of fear[75] of death[74].

ਆਪਣੇ ਨਾਲ ਭਗਵਾਨ ਦੇ ਯੋਧਿਆਂ[69] ਦੀ ਸੈਨਾ[70] ਲੈ, ਅਤੇ ਸੁਆਮੀ ਦੇ ਚਿੰਤਨ[72] ਦੀ ਸੱਤਿਆ[71] ਰਾਹੀਂ, ਮੈਂ ਮੌਤ[74] ਦੇ ਡਰ[75] ਦੀ ਫਾਹੀ[76] ਕੱਟ ਛੱਡੀ[73] ਹੈ ।

ਦਾਸੁ[77] ਕਬੀਰੁ ਚੜਿਓ[78] ਗੜ੍ਹ ਊਪਰਿ ਰਾਜੁ[79] ਲੀਓ[80] ਅਬਨਾਸੀ[81] ॥੬॥੯॥੧੭॥

Kabir, the Lord's slave[77] has mounted[78] the fortress, and obtained[80] an imperishable[81] empire[79].

ਪ੍ਰਭੂ ਦਾ ਗੋਲਾ[77] ਕਬੀਰ ਕਿਲ੍ਹੇ ਉਤੇ ਚੜ੍ਹ ਗਿਆ[78] ਹੈ ਅਤੇ ਉਸ ਨੇ ਸਦੀਵੀ ਸਥਿਰ[81] ਪਾਤਿਸ਼ਾਹੀ[79] ਪਰਾਪਤ ਕਰ ਲਈ[80] ਹੈ ।

ਗੰਗ ਗੁਸਾਇਨਿ[82] ਗਹਿਰ[83] ਗੰਭੀਰ[84] ॥

The mother[82] Ganges is deep[83] and profound[84].

ਗੰਗਾ ਮਾਈ[82] ਡੂੰਘੀ[83] ਅਤੇ ਅਗਾਧ[84] ਹੈ ।

ਜੰਜੀਰ[84]* ਬਾਂਧਿ[85] ਕਰਿ ਖਰੇ[86] ਕਬੀਰ ॥੧॥

Loaded[85] with chains[84]*, they took[86] Kabir there.

ਸੰਗਲਾਂ[84]* ਨਾਲ ਨਰੜ ਕੇ[85] ਉਹ ਕਬੀਰ ਨੂੰ ਓਥੇ ਲੈ ਗਏ[86] ।

ਮਨੁ ਨ ਡਿਗੈ[87] ਤਨੁ[88] ਕਾਹੇ ਕਉ[89] ਡਰਾਇ[90] ॥

My mind is crest fallen[87] not, why[89] should my body[88] fear[90] ?

ਮੇਰਾ ਦਿਲ ਡਿਗਿਆ[87] ਹੋਇਆ ਨਹੀਂ, ਮੇਰੀ ਦੇਹਿ[88] ਕਿਉਂ[89] ਭੈ[90] ਕਰੇ ?

ਚਰਨ[91] ਕਮਲ[92] ਚਿਤੁ[93] ਰਹਿਓ ਸਮਾਇ[94] ॥੧॥ ਰਹਾਉ ॥

My mind[93] is absorbed[94] in the Lord's lotus[92] feet[91]. Pause.

ਮੇਰਾ ਮਨ[93] ਪ੍ਰਭੂ ਦੇ ਕੰਵਲ[92] ਰੂਪੀ ਪੈਰਾਂ[91] ਅੰਦਰ ਲੀਨ ਹੋਇਆ ਹੋਇਆ[94] ਹੈ । ਠਹਿਰਾਉ ।

ਗੰਗਾ ਕੀ ਲਹਰਿ[95] ਮੇਰੀ ਟੁਟੀ ਜੰਜੀਰ ॥ ਮ੍ਰਿਗ ਛਾਲਾ[96] ਪਰ ਬੈਠੇ ਕਬੀਰ[97] ॥੨॥

My chains were broken by the waves[95] of the Ganges and I saw myself[97] seated on a deer-skin[96].

ਗੰਗਾਂ ਦੇ ਤਰੰਗਾਂ[95] ਨਾਲ ਮੇਰੇ ਸੰਗਲ ਟੁੱਟ ਭੱਜ ਗਏ ਅਤੇ ਮੈਂ ਆਪਣੇ ਆਪ[97] ਨੂੰ ਹਰਨ ਦੀ ਖੱਲ[96] ਉਤੇ ਬੈਠਾ ਦੇਖਿਆ ।

ਕਹਿ ਕੰਬੀਰ ਕੋਊ ਸੰਗ[98] ਨ ਸਾਥ[99] ॥

Says Kabir, I have no friend[98] and comrade[99].

ਕਬੀਰ ਜੀ ਆਖਦੇ ਹਨ, ਮੇਰਾ ਕੋਈ ਮਿੱਤਰ[98] ਅਤੇ ਸਾਥੀ[99] ਨਹੀਂ ।

ਜਲ[100] ਥਲ[2] ਰਾਖਨ[3] ਹੈ ਰਘੁਨਾਥ[4] ॥੩॥੧੦॥੧੮॥

God, the Lord[4] of Raghwas is my Protector[3] on water[100] and land[2].

ਰਾਘਵਾਂ ਦਾ ਸੁਆਮੀ[4], ਵਾਹਿਗੁਰੂ ਪਾਣੀ[100] ਅਤੇ ਧਰਤੀ[2] ਉਤੇ ਮੇਰਾ ਰਖਵਾਲਾ[3] ਹੈ ।

ਭੈਰਉ ਕਬੀਰ ਜੀਉ ਅਸਟਪਦੀ ਘਰੁ ੨

Bhairo Kabir ji Ashtpadis

ਭੈਰਉ ਕਬੀਰ ਜੀ ਅਸਟਪਦੀਆਂ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਅਗਮ[5] ਦੁਗਮ[6] ਗੜਿ[7] ਰਚਿਓ[8] ਬਾਸ[9] ॥ ਜਾ[10] ਮਹਿ[12] ਜੋਤਿ[13] ਕਰੇ ਪਰਗਾਸ[14] ॥	The Lord constructed[8] an unparallel[5] and unreachable[6] fortress[7] for His residence[9], wherein[10] shine[12] His[14] Light[13]	ਪ੍ਰਭੂ ਨੇ ਆਪਣੀ ਰਿਹਾਇਸ਼[9] ਲਈ ਇਕ ਬੇ-ਮਿਸਾਲ[5] ਅਤੇ ਅਪੁੱਜ[6] ਕਿਲ੍ਹਾ[7] ਬਣਾਇਆ[8] ਜਿਸ ਵਿਚ[10] ਉਸ[14] ਦਾ ਨੂਰ[13] ਚਾਨਣ ਕਰਦਾ[12] ਹੈ ।
ਬਿਜੁਲੀ[15] ਚਮਕੈ[16] ਹੋਇ ਅਨੰਦੁ[17] ॥ ਜਿਹ[18] ਪਉੜੇ[19] ਪ੍ਰਭ[20] ਬਾਲ[21] ਗੋਬਿੰਦ[22] ॥ ੧ ॥	The lightning[15] flashes[16] and bliss[17] reigns in the place[19], where[18] abides my young[21] Lord[20] Master[22].	ਜਿਥੇ[18] ਮੇਰਾ ਨੌਜਵਾਨ[21] ਸੁਆਮੀ[20] ਮਾਲਕ[22] ਵਸਦਾ ਹੈ, ਉਸ ਥਾਂ[19] ਤੇ ਦਾਮਨੀ[15] ਲਿਸ਼ਕਦੀ[16] ਹੈ ਅਤੇ ਖ਼ੁਸ਼ੀ[17] ਹੁੰਦੀ ਹੈ ।
ਇਹੁ ਜੀਉ ਰਾਮ ਨਾਮ ਲਿਵਲਾਗੈ[23] ॥ ਜਰਾ[24] ਮਰਨੁ[25] ਛੂਟੈ[26] ਭ੍ਰਮੁ[27] ਭਾਗੈ[28] ॥੧॥ ਰਹਾਉ ॥	If this soul is attuned[23] to the Lord's Name, man is released[26] from old age[24] and death[25] and his doubt[27] flees away[28]. Pause.	ਜੇਕਰ ਇਹ ਆਤਮਾ ਪ੍ਰਭੂ ਦੇ ਨਾਮ ਨੂੰ ਪਿਆਰ ਕਰਨ ਲਗ ਜਾਵੇ[23] ਤਾਂ ਬੰਦਾ ਬੁਢੇਪੇ[24] ਅਤੇ ਮੌਤ[25] ਤੋਂ ਖ਼ਲਾਸੀ ਪਾ ਜਾਂਦਾ[26] ਹੈ ਅਤੇ ਉਸ ਦਾ ਸੰਦੇਹ[27] ਦੌੜ ਜਾਂਦਾ[28] ਹੈ । ਠਹਿਰਾਉ ।
ਅਬਰਨ[29] ਬਰਨ[30] ਸਿਉ[31] ਮਨ ਹੀ ਪ੍ਰੀਤਿ[32] ॥ ਹਉਮੈ[33] ਗਾਵਨਿ[34] ਗਾਵਹਿ[35] ਗੀਤ[36] ॥	He, whose mind[31] loves[32] to know the low caste[29] and high caste[30], chants[35] the eulogies[34] and songs[36] of ego[33].	ਜਿਸ ਦਾ ਚਿਤ[31] ਨੀਵੀਂ ਜਾਤੀ[29] ਅਤੇ ਉਚੀ ਜਾਤੀ[30] ਜਾਨਣ ਨੂੰ ਪਿਆਰ ਕਰਦਾ[32] ਹੈ, ਉਹ ਹੰਕਾਰ[33] ਦੇ ਸੋਹਲੇ[34] ਅਤੇ ਗੀਤ[36] ਗਾਉਂਦਾ[35] ਹੈ ।
ਅਨਹਦ[37] ਸਬਦ[38] ਹੋਤ ਝੁਨਕਾਰ[39]॥ ਜਿਹ ਪਉੜੇ[40] ਪ੍ਰਭ ਸ੍ਰੀ[41] ਗੋਪਾਲ[42]॥੨॥	The sound[38] of the unstruck melody[37] resounds[39] at the place[40], where the Reverend Lord[41], the World-Cherisher[42] abides.	ਜਿਥੇ ਜਗਤ ਦਾ ਪਾਲਣ-ਪੋਸਣਹਾਰ[42] ਪੂਜਯ ਪ੍ਰਭੂ[41] ਵਸਦਾ ਹੈ ਉਸ ਅਸਥਾਨ[40] ਤੇ ਸੁਤੇ ਸਿਧ ਕੀਰਤਨ[37] ਦੀ ਧੁਨੀ[38] ਗੂੰਜਦੀ[39] ਹੈ ।
ਖੰਡਲ[43] ਮੰਡਲ[44] ਮੰਡਲ[45] ਮੰਡਾ[46] ॥ ਤ੍ਰਿਅ[47] ਅਸਥਾਨ[48] ਤੀਨਿ ਤ੍ਰਿਅ ਖੰਡਾ[49] ॥	He the Lord creates[46] the continents[43], worlds[44] and universes[45], and destroys[49] the three[47] worlds[48], three gods and the three qualities	ਉਹ ਪ੍ਰਭੂ ਮਹਾਂ ਦੀਪਾਂ[43], ਪੁਰੀਆਂ[44] ਅਤੇ ਆਲਮਾਂ[45] ਨੂੰ ਰਚਦਾ[46] ਹੈ ਅਤੇ ਤਿੰਨਾਂ[47] ਜਹਾਨਾਂ[48], ਤਿੰਨਾਂ ਦੇਵਤਿਆਂ ਅਤੇ ਤਿੰਨਾਂ ਹੀ ਲੱਛਣਾਂ ਨੂੰ ਨਾਸ ਕਰਦਾ[49] ਹੈ ।
ਅਗਮ[50] ਅਗੋਚਰੁ[51] ਰਹਿਆ[52] ਅਭ[53] ਅੰਤ[54] ॥	That Inaccessible[50] and Inapprehensible[51] Lord abides[52] within[54] the mind[53].	ਉਹ ਪਹੁੰਚ ਤੋਂ ਪਰੇ[50] ਅਤੇ ਸੋਚ ਸਮਝ ਤੋਂ ਉਚੇਰਾ[51] ਪ੍ਰਭੂ ਹਿਰਦੇ[53] ਅੰਦਰ[54] ਵਸਦਾ[52] ਹੈ ।
ਪਾਰੁ[55] ਨ ਪਾਵੈ ਕੋ [56]ਧਰਨੀਧਰ[57] ਮੰਤ[58] ॥੩॥	No one can find the limit[55] and the secret[58] of the Sustainer[57] of the earth[56].	ਕੋਈ ਜਣਾ ਭੀ ਧਰਤੀ[56] ਨੂੰ ਥੰਮਣਹਾਰ[57] ਦੇ ਓੜਕ[55] ਅਤੇ ਭੇਤ[58] ਨੂੰ ਨਹੀਂ ਪਾ ਸਕਦਾ ।
ਕਦਲੀ[59] ਪੁਹਪ[60] ਧੂਪ[61] ਪਰਗਾਸ[62] ॥	The Lord shines[62] in the plantain[59], flower[60] and the sun-shine[61].	ਸੁਆਮੀ ਕੇਲੇ[59], ਫੁੱਲ[60] ਅਤੇ ਧੁੱਪ[61] ਅੰਦਰ ਚਮਕਦਾ[62] ਹੈ ।
ਰਜ[63] ਪੰਕਜ[64] ਮਹਿ[65] ਲੀਓ[66] ਨਿਵਾਸ[67] ॥	He has taken[66] an abode[67] in[65] the pollen[63] of the lotus[64].	ਉਸ ਨੇ ਕੰਵਲ ਫੁੱਲ[64] ਦੀ ਧੂੜ[63] ਅੰਦਰ[65] ਵਾਸਾ[67] ਲਿਆ ਹੋਇਆ[66] ਹੈ ।

ਦੁਆਦਸ[68] ਦਲ[69] ਅਭ[70] ਅੰਤਰਿ[71] ਮੰਤ[72] ॥ ਜਹ ਪਉੜੇ[73] ਸ੍ਰੀ[74] ਕਮਲਾ[75] ਕੰਤ[76] ॥੪॥	The Lord's spell[72] is within[71] the twelve[68] petals[69] of the heart[70], in which place[73] reposes the Sire[74] spouse[76] of Lakshmi[75].	ਸੁਆਮੀ ਦਾ ਮੰਤ੍ਰ[72] ਦਿਲ[70] ਦੀਆਂ ਬਾਰਾਂ[68] ਪੰਖੜੀਆਂ[69] ਵਿਚ[71] ਹੈ ਜਿਸ ਜਗ੍ਹਾ[73] ਵਿਚ ਲਖਸ਼ਮੀ[75] ਦਾ ਮਹਾਰਾਜ[74] ਮਾਲਕ[76] ਬਿਸਰਾਮ ਕਰਦਾ ਹੈ।
ਅਰਧ[77] ਉਰਧ[78] ਮੁਖਿ[79] ਲਾਗੋ ਕਾਸੁ[80] ॥ ਸੁੰਨ[81] ਮੰਡਲ[82] ਮਹਿ[83] ਕਰਿ ਪਰਗਾਸੁ[84] ॥	The Lord, who sky-like[80] pervades the lower[77], upper[78] and middle[79] regions ; he sheds Light[84] in[83] the silent[81] realm[82] of the Tenth gate.	ਸੁਆਮੀ, ਜੋ ਅਕਾਸ਼-ਵੱਤ[80] ਹੇਠਲੇ[77], ਉਪਰਲੇ[78] ਅਤੇ ਵਿਚਕਾਰਲੇ[79] ਲੋਆਂ ਅੰਦਰ ਵਿਆਪਕ ਹੈ; ਉਹ ਹੀ ਦਸਮ ਦੁਆਰ ਦੀ ਖ਼ਾਮੋਸ਼[81] ਪੁਰੀ[82] ਅੰਦਰ[83] ਰੋਸ਼ਨੀ[84] ਕਰਦਾ ਹੈ।
ਊਹਾਂ[85] ਸੂਰਜ[90] ਨਾਹੀ ਚੰਦ ॥ਆਦਿ[86] ਨਿਰੰਜਨੁ[87] ਕਰੈ[88] ਅਨੰਦ[89] ॥੫॥	The sun[90] and the moon are not there[85], but the Primal[86] and Immaculate[87] Lord makes[88] merry[89] there.	ਓਥੇ[85] ਭਾਨ[90] ਅਤੇ ਚੰਦਰਮਾ ਨਹੀਂ ਪਰੰਤੂ ਓਥੇ ਪਰਾਪੂਰਬਲਾ[86] ਪਵਿੱਤ੍ਰ[87] ਪ੍ਰਭੂ ਮੌਜਾਂ[89] ਮਾਣਦਾ[88] ਹੈ।
ਸੋ[91] ਬ੍ਰਹਮੰਡਿ[92] ਪਿੰਡਿ[93] ਸੋ ਜਾਨੁ[94] ॥	Deem[94] thou Him[91] in the universe[92] and Him in the body[93] too.	ਤੂੰ ਉਸ[91] ਨੂੰ ਆਲਮ[92] ਅੰਦਰ ਸਮਝ[94] ਅਤੇ ਉਸ ਨੂੰ ਦੇਹਿ[93] ਅੰਦਰ ਭੀ।
ਮਾਨ ਸਰੋਵਰਿ ਕਰਿ ਇਸਨਾਨੁ[95] ॥	Bathe[95] thou in the Lord's 'Mansarovar'.	ਤੂੰ ਸੁਆਮੀ ਦੇ 'ਮਾਨਸਰੋਵਰ' ਵਿਚ ਮੱਜਨ[95] ਕਰ।
ਸੋਹੰ[96] ਸੋ ਜਾ ਕਉ[97] ਹੈ ਜਾਪ[98] ॥	Contemplate thou Him, whose[97] pass-word[98] is "He is me[96]".	ਤੂੰ ਉਸ ਦਾ ਸਿਮਰਨ ਕਰ, ਜਿਸ[97] ਦਾ ਮੰਤ੍ਰ[98] ਹੈ "ਉਹ ਮੈਂ[96] ਹੀ ਹਾਂ।"
ਜਾਕਉ[99] ਲਿਪਤ[100] ਨ ਹੋਇ[2] ਪੁੰਨ[3] ਅਰੁ[4] ਪਾਪ[5] ॥੬॥	Such is the Lord, whom[99] no filth[100] of merits[3] and[4] demerits[5] attaches[2].	ਇਹੋ ਜਿਹਾ ਹੈ ਸੁਆਮੀ, ਜਿਸ[99] ਨੂੰ ਨੇਕੀਆਂ[3] ਅਤੇ[4] ਬਦੀਆਂ[5] ਦੀ ਕੋਈ ਮੈਲ[100] ਨਹੀਂ ਚਿਮੜਦੀ[2]।
ਅਬਰਨ[6] ਬਰਨ[7] ਘਾਮ[8] ਨਹੀ ਛਾਮ[9] ॥ ਅਵਰ[10] ਨ ਪਾਈਐ ਗੁਰ ਕੀ ਸਾਮ[12] ॥	The Lord whom low caste[6], high caste[7], sun-shine[8] and shade[9] touch not, is found in the Guru's asylum[12] and no where else[10].	ਪ੍ਰਭੂ ਜਿਸ ਨੂੰ ਨੀਵੀਂ ਜਾਤੀ[6], ਉਚੀ ਜਾਤੀ[7], ਧੁਪ[8] ਅਤੇ ਛਾਂ[9] ਪੋਂਹਦੀਆਂ ਨਹੀਂ, ਗੁਰਾਂ ਦੀ ਸ਼ਰਣ[12] ਅੰਦਰ ਪਾਇਆ ਜਾਂਦਾ ਹੈ ਅਤੇ ਹੋਰ ਕਿਧਰੇ[10] ਨਹੀਂ।
ਟਾਰੀ ਨ ਟਰੈ[13] ਆਵੈ ਨ ਜਾਇ ॥ ਸੁੰਨ[14] ਸਹਜ[15] ਮਹਿ[16] ਰਹਿਓ ਸਮਾਇ[17] ॥੭॥	The attention fixed in the Lord is diverted not by diverting[13] and man is released from transmigration, and he easily[15] remains merged[17] in[16] the Lord[14].	ਸੁਆਮੀ ਅੰਦਰ ਜੁੜੀ ਹੋਈ ਬਿਰਤੀ ਹਟਾਉਣ[13] ਦੁਆਰਾ ਹਟਦੀ ਨਹੀਂ ਅਤੇ ਬੰਦਾ ਆਵਾਗਉਣ ਤੋਂ ਖ਼ਲਾਸੀ ਪਾ ਜਾਂਦਾ ਹੈ ਅਤੇ ਉਹ ਸੁਖੈਨ[15] ਹੀ ਸੁਆਮੀ[14] ਅੰਦਰ[16] ਲੀਨ ਹੋਇਆ[17] ਰਹਿੰਦਾ ਹੈ।
ਮਨ[18] ਮਧੇ[19] ਜਾਨੈ[20] ਜੇ[21] ਕੋਇ[22] ॥	If[21] any one[22] realises[20] the Lord in[19] his mind[18], he is fulfilled.	ਜੇਕਰ[21] ਕੋਈ ਜਣਾ[22] ਪ੍ਰਭੂ ਨੂੰ ਆਪਣੇ ਹਿਰਦੇ[18] ਅੰਦਰ[19] ਅਨੁਭਵ ਕਰ ਲਵੇ[20], ਉਹ ਸੰਪੂਰਨ ਹੋ ਜਾਂਦਾ ਹੈ।
ਜੋ[23] ਬੋਲੈ[24] ਸੋ[25] ਆਪਿ[26] ਹੋਇ[27] ॥	Whatever[23] he utters[24] that[25] happens[27] spontaneously[26].	ਜਿਹੜਾ ਕੁਛ[23] ਉਹ ਆਖਦਾ[24] ਹੈ,ਉਹ[25] ਖ਼ੁਦ-ਬ-ਖ਼ੁਦ[26] ਹੀ ਹੋ ਜਾਂਦਾ[27] ਹੈ।

ਜੋਤਿ[28] ਮੰਤ੍ਰਿ[29] ਮਨਿ ਅਸਥਿਰੁ[30] ਕਰੈ ॥ ਕਹਿ ਕਬੀਰ ਸੋ[31] ਪ੍ਰਾਨੀ[32] ਤਰੈ[33] ॥੮॥੧॥	Whosoever firmly fixes[30] the Lord's Light[28] and the Name[29] within his mind; says Kabir, that[31] mortal[32] swims across[33] the world-ocean.	ਜੋ ਕੋਈ ਭੀ ਪ੍ਰਭੂ ਦੇ ਪਰਕਾਸ਼[28] ਅਤੇ ਨਾਮ[29] ਨੂੰ ਆਪਣੇ ਚਿਤ ਵਿਚ ਪੱਕੀ ਤਰ੍ਹਾਂ ਟਿਕਾ ਲੈਂਦਾ[30] ਹੈ; ਕਬੀਰ ਜੀ ਆਖਦੇ ਹਨ, ਉਹ[31] ਜੀਵ[32] ਜਗਤ ਸਮੁੰਦਰ ਤੋਂ ਉਤਰ ਜਾਂਦਾ[33] ਹੈ।
ਕੋਟਿ[34] ਸੂਰ[35] ਜਾ[36] ਕੈ ਪਰਗਾਸ[37] ॥ ਕੋਟਿ ਮਹਾਦੇਵ[38] ਅਰੁ[39] ਕਬਿਲਾਸ[40] ॥	Such is my Lord, for whom[36] millions[34] of suns[35] shine[37] and who has millions of Shivas[38] and[39] Kailashas[40], where Shiva abides.	ਇਹੋ ਜਿਹਾ ਹੈ ਮੇਰਾ ਪ੍ਰਭੂ, ਜਿਸ[36] ਲਈ ਕ੍ਰੋੜਾਂ[34] ਹੀ ਸੂਰਜ[35] ਪ੍ਰਕਾਸ਼ਦੇ[37] ਹਨ ਅਤੇ ਜਿਸ ਕੋਲ ਕ੍ਰੋੜਾਂ ਹੀ ਸ਼ਿਵਜੀ[38] ਅਤੇ[39] ਕੈਲਾਸ਼[40] ਹਨ, ਜਿਥੇ ਸ਼ਿਵਜੀ ਰਹਿੰਦਾ ਹੈ।
ਦੁਰਗਾ[41] ਕੋਟਿ ਜਾ ਕੈ[42] ਮਰਦਨੁ[43] ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ[44] ॥੧॥	Such is He, whose[42] feet millions of goddesses[41] shampoo[43], and for whom millions of Brahmas utter[44] the Vedas.	ਐਸਾ ਹੈ ਉਹ, ਕ੍ਰੋੜਾਂ ਹੀ ਦੇਵੀਆਂ[41] ਜਿਸ[42] ਦੇ ਪੈਰ ਝੱਸਦੀਆਂ[43] ਹਨ, ਅਤੇ ਜਿਸ ਦੇ ਲਈ ਕ੍ਰੋੜਾਂ ਹੀ ਬ੍ਰਹਮੇ ਵੇਦ ਉਚਾਰਨ[44] ਕਰਦੇ ਹਨ।
ਜਉ[45] ਜਾਚਉ[46] ਤਉ[47] ਕੇਵਲ[48] ਰਾਮ ॥	When[45] I beg[46], then[47] beg I only[48] the Lord's Name.	ਜਦ[45] ਮੈਂ ਮੰਗਦਾ[46] ਹਾਂ, ਤਾਂ[47] ਸਿਰਫ਼[48] ਸਾਂਈਂ ਦਾ ਨਾਮ ਹੀ ਮੰਗਦਾ ਹਾਂ।
ਆਨ[49] ਦੇਵ[50] ਸਿਉ ਨਾਹੀ ਕਾਮ ॥੧॥ ਰਹਾਉ ॥	I have nothing to do with any other[49] god[50]. Pause.	ਕਿਸੇ ਹੋਰ[49] ਦੇਵਤੇ[50] ਨਾਲ ਮੇਰਾ ਕੋਈ ਕੰਮ ਨਹੀਂ। ਠਹਿਰਾਉ।
੧੧੬੩	**1163**	**੧੧੬੩**
ਕੋਟਿ ਚੰਦ੍ਰਮੇ[51] ਕਰਹਿ ਚਰਾਕ[52] ॥	Myriads of moons[51] sparkle[52] in the Lord's will.	ਕ੍ਰੋੜਾਂ ਹੀ ਚੰਦ[51] ਪ੍ਰਭੂ ਦੀ ਰਜ਼ਾ ਅੰਦਰ ਚਮਕਦੇ[52] ਹਨ।
ਸੁਰ[53] ਤੇਤੀਸਉ[54] ਜੇਵਹਿ[55] ਪਾਕ[56] ॥	Thirtythree hundred[54] thousands gods[53] partake[55] of His food[56].	ਤੇਤੀ ਸੌ[54] ਹਜ਼ਾਰਾਂ ਦੇਵਤੇ[53] ਉਸ ਦਾ ਭੋਜਨ[56] ਖਾਂਦੇ[55] ਹਨ।
ਨਵ[57] ਗ੍ਰਹ[58] ਕੋਟਿ ਠਾਢੇ[59] ਦਰਬਾਰ[60] ॥	The myriads of the groups of nine[57] stars[58] stand[59] at His door[60].	ਨੌਂ[57] ਤਾਰਿਆਂ[58] ਦੇ ਕ੍ਰੋੜਾਂ ਹੀ ਸਮੁਦਾਇ ਉਸ ਦੇ ਬੂਹੇ[60] ਤੇ ਖੜ੍ਹੇ[59] ਹਨ।
ਧਰਮ[61] ਕੋਟਿ ਜਾ ਕੈ ਪ੍ਰਤਿਹਾਰ[62] ॥੨॥	Millions of Righteous Judges[61] are His gate-keepers[62].	ਕ੍ਰੋੜਾਂ ਹੀ ਧਰਮਰਾਜੇ[61] ਉਸ ਦੇ ਦਰਬਾਨ[62] ਹਨ।
ਪਵਨ[63] ਕੋਟਿ[64] ਚਉਬਾਰੇ[65] ਫਿਰਹਿ[66] ॥	Millions of winds[63] blow[66] round Him in four[64] directions[65].	ਕ੍ਰੋੜਾਂ ਹੀ ਹਵਾਵਾਂ[63] ਉਸ ਦੇ ਉਦਾਲੇ ਚੌਹੀਂ[64] ਪਾਸੀਂ[65] ਵਗਦੀਆਂ[66] ਹਨ।
ਬਾਸਕ[67] ਕੋਟਿ ਸੇਜ[68] ਬਿਸਥਰਹਿ[69] ॥	Millions of serpents[67] spread[69] His bedding[68].	ਕ੍ਰੋੜਾਂ ਹੀ ਸਰਪ[67] ਉਸ ਦਾ ਬਿਸਤਰਾ[68] ਵਛਾਉਂਦੇ[69] ਹਨ।
ਸਮੁੰਦ[70] ਕੋਟਿ ਜਾ[71] ਕੇ ਪਾਨੀਹਾਰ[72] ॥	Millions of oceans[70] are whose[71] water-carriers[72].	ਕ੍ਰੋੜਾਂ ਹੀ ਸਮੁੰਦਰ[70] ਹਨ ਜਿਸ ਦਾ[71] ਪਾਣੀ ਭਰਨ ਵਾਲੇ[72]।
ਰੋਮਾਵਲਿ[73] ਕੋਟਿ ਅਠਾਰਹ ਭਾਰ[74] ॥੩॥	The eighteen million loads[74] of vegetation are His hair[73].	ਬਨਾਸਪਤੀ ਦੇ ਅਠਾਰਾਂ ਕ੍ਰੋੜ ਬੋਝ[74] ਉਸ ਦੇ ਰੋਮ[73] ਹਨ।
ਕੋਟਿ ਕਮੇਰ[76] ਭਰਹਿ[75]	Millions of treasurers[76] fill[75] His	ਕ੍ਰੋੜਾਂ ਹੀ ਖ਼ਜ਼ਾਨਚੀ[76] ਉਸ ਦੇ ਖ਼ਜ਼ਾਨੇ[77] ਪਰੀਪੂਰਨ[75]

ਭੰਡਾਰ[77] ॥	treasures[77].	ਕਰ ਰਹੇ ਹਨ ।
ਕੋਟਿਕ[83] ਲਖਮੀ[78] ਕਰੈ ਸੀਗਾਰ[79] ॥	Millions[83] of Lakshmis[78] decorate[79] themselves to please Him.	ਕ੍ਰੋੜਾਂ[83] ਲਕਸ਼ਮੀਆਂ[78] ਉਸ ਨੂੰ ਪ੍ਰਸੰਨ ਕਰਨ ਲਈ ਹਾਰ-ਸ਼ਿੰਗਾਰ ਲਾਉਂਦੀਆਂ[79] ਹਨ ।
ਕੋਟਿਕ ਪਾਪ[80] ਪੁੰਨ[81] ਬਹੁ[82] ਹਿਰਹਿ[84] ॥	Many[82] millions of sins[80] and virtues[81] look[84] up to Him.	ਅਨੇਕਾਂ[82] ਹੀ ਕ੍ਰੋੜ ਬਦੀਆਂ[80] ਅਤੇ ਨੇਕੀਆਂ[81] ਉਸ ਵਲ ਤਕਦੀਆਂ[84] ਹਨ ।
ਇੰਦ੍ਰ ਕੋਟਿ ਜਾ ਕੇ[87] ਸੇਵਾ[85] ਕਰਹਿ[86] ॥੪॥	Millions of Indras perform[86] whose[87] service[85].	ਕ੍ਰੋੜਾਂ ਹੀ ਇੰਦ੍ਰ ਜਿਸ ਦੀ[87] ਘਾਲ[85] ਕਮਾਉਂਦੇ[86] ਹਨ ।
ਛਪਨ ਕੋਟਿ ਜਾਕੈ ਪ੍ਰਤਿਹਾਰ[88] ॥	Fifty six millions are whose clouds[88].	ਛਪੰਜਾ ਕ੍ਰੋੜ ਹਨ, ਜਿਸ ਦੇ ਬੱਦਲ[88] ।
ਨਗਰੀ[89] ਨਗਰੀ ਖਿਅਤ[90] ਅਪਾਰ[91] ॥	In every town[89] is His infinite[91] celebrity[90].	ਹਰ ਸ਼ਹਿਰ[89] ਅੰਦਰ ਉਸ ਦੀ ਬੇਅੰਤ[91] ਕੀਰਤੀ[90] ਹੈ ।
ਲਟ[92] ਛੂਟੀ[93] ਵਰਤੈ[94] ਬਿਕਰਾਲ[95] ॥	With its loose[93] tresses[92], the dreadful[95] death works[94] before Him.	ਆਪਣੀਆਂ ਖਿਲਰੀਆਂ ਹੋਈਆਂ[93] ਬੋਦੀਆਂ[92] ਨਾਲ ਭਿਆਨਕ[95] ਮੌਤ ਉਸ ਦੇ ਮੂਹਰੇ ਕੰਮ ਕਰਦੀ[94] ਹੈ ।
ਕੋਟਿ ਕਲਾ[96] ਖੇਲੈ ਗੋਪਾਲ[97] ॥੫॥	In millions of ways[96] the Lord[97] plays.	ਕ੍ਰੋੜਾਂ ਹੀ ਤਰੀਕਿਆਂ[96] ਨਾਲ ਸੁਆਮੀ[97] ਖੇਡਦਾ ਹੈ ।
ਕੋਟਿ ਜਗ[99] ਜਾਕੈ ਦਰਬਾਰ[98] ॥ ਗੰਧ੍ਰਬ[100] ਕੋਟਿ ਕਰਹਿ ਜੈਕਾਰ[2] ॥	There are millions of gratuitous feasts[99] in His court[98], and millions of celestial singers[100] hail[2] Him.	ਉਸ ਦੀ ਦਰਗਾਹ[98] ਅੰਦਰ ਕ੍ਰੋੜਾਂ ਹੀ ਸਦਾ-ਵਰਤ[99] ਲਗੇ ਹੋਏ ਹਨ, ਅਤੇ ਕ੍ਰੋੜਾਂ ਹੀ ਸਵਰਗੀ-ਗਵੱਈਏ[100] ਉਸ ਨੂੰ ਵਾਹ ਵਾਹ ਕਰਦੇ[2] ਹਨ ।
ਬਿਦਿਆ[3] ਕੋਟਿ ਸਭੈ[4] ਗੁਨ[5] ਕਹੈ[6] ॥	Myriads of sciences[3] all[4] utter[6] His praise[5].	ਕ੍ਰੋੜਾਂ ਹੀ ਇਲਮ[3] ਸਮੂਹ[4] ਉਸ ਦਾ ਜੱਸ[5] ਉਚਾਰਦੇ[6] ਹਨ ।
ਤਊ[7] ਪਾਰਬ੍ਰਹਮ[8] ਕਾ ਅੰਤੁ[9] ਨ ਲਹੈ[10] ॥੬॥	Even then[7] they can find[10] not the end[9] of the Supreme Lord[8].	ਤਾਂ[7] ਭੀ ਉਹ ਸ਼ਰੋਮਣੀ ਸਾਹਿਬ[8] ਦੇ ਓੜਕ[9] ਨੂੰ ਨਹੀਂ ਪਾ[10] ਸਕਦੇ ।
ਬਾਵਨ[12] ਕੋਟਿ ਜਾ ਕੈ ਰੋਮਾਵਲੀ[13] ॥ ਰਾਵਨ ਸੈਨਾ[14] ਜਹ ਤੇ ਛਲੀ[15] ॥ ਸਹਸ[16] ਕੋਟਿ ਬਹੁ[17] ਕਹਤ[18] ਪੁਰਾਨ ॥ ਦੁਰਜੋਧਨ ਕਾ ਮਥਿਆ[19] ਮਾਨੁ[20] ॥੭॥	In His one hair[13] are millions of Bawan's[12] incarnations, Rama, who outmanoeuvered[15] Rawan's army[14], thousand[16] millions of Puranas, which greatly[17] extol[18] Him and Krishna, who humbled[19] the pride[20] of Duryodhan.	ਉਸ ਦੇ ਇਕ ਰੋਮ[13] ਵਿਚ ਹਨ ਕ੍ਰੋੜਾਂ ਹੀ ਬਾਵਨ[12] ਦੇ ਅਵਤਾਰ, ਰਾਮਚੰਦ੍ਰ, ਜਿਸ ਨੇ ਰਾਵਣ ਦੀ ਫ਼ੌਜ[14] ਨੀਤੀ ਨਾਲ ਹਰਾਈ[15] ਸੀ, ਹਜ਼ਾਰਾਂ[16] ਹੀ ਕ੍ਰੋੜ ਪੁਰਾਣ ਜੋ ਉਸ ਦੀ ਬਹੁਤ[17] ਹੀ ਪ੍ਰਸੰਸਾ[18] ਕਰਦੇ ਹਨ ਅਤੇ ਕ੍ਰਿਸ਼ਨ, ਜਿਸ ਨੇ ਦੁਰਯੋਧਨ ਦਾ ਹੰਕਾਰ[20] ਤੋੜਿਆ[19] ਸੀ ।
ਕੰਦ੍ਰਪ[21] ਕੋਟਿ ਜਾ ਕੈ ਲਵੈ[22] ਨ ਧਰਹਿ ॥	Millions of cupid[21] can compete[22] with Him not.	ਕ੍ਰੋੜਾਂ ਹੀ ਕਾਮ ਦੇਵ[21] ਉਸ ਦਾ ਮੁਕਾਬਲਾ[22] ਨਹੀਂ ਕਰ ਸਕਦੇ ।
ਅੰਤਰ[23]ਅੰਤਰਿ[24] ਮਨਸਾ[25] ਹਰਹਿ[26] ॥	He steals away[26] the man's[25] inmost[23] heart[24].	ਉਹ ਇਨਸਾਨ[25] ਦੇ ਐਨ ਅੰਦਰਲੇ[23] ਦਿਲ[24] ਨੂੰ ਚੁਰਾ ਲੈਂਦਾ[26] ਹੈ ।
ਕਹਿ ਕਬੀਰ ਸੁਨਿ	Says Kabir, hear Thou my	ਕਬੀਰ ਜੀ ਆਖਦੇ ਹਨ, ਹੇ ਸੰਸਾਰ[27] ਦੇ ਸੁਆਮੀ

ਸਾਰਿਗਪਾਨ[27] ॥	supplication, O God, the Lord of the world[27].	ਵਾਹਿਗੁਰੂ ! ਤੂੰ ਮੇਰੀ ਪ੍ਰਾਰਥਨਾ ਸੁਣ ।
ਦੇਹਿ[28] [29]ਅਭੈਪਦੁ[30] ਮਾਗਉ[31] ਦਾਨ[32] ॥੮॥੨॥੧੮॥੨੦॥	I ask[31] this boon[32] of Thee, bless[28] Thou me with the fearless[29] dignity[30].	ਮੈਂ ਤੇਰੇ ਕੋਲੋਂ ਇਹ ਦਾਤ[32] ਮੰਗਦਾ[31] ਹਾਂ, ਤੂੰ ਮੈਨੂੰ ਭੈ-ਰਹਿਤ[29] ਪਦਵੀ[30] ਪ੍ਰਦਾਨ ਕਰ[28] ।
ਭੈਰਉ	Bhairo	ਭੈਰਉ
ਬਾਣੀ ਨਾਮ ਦੇਉ ਜੀਉ ਕੀ ਘਰੁ ੧	Hymns of Nam Dev ji	ਨਾਮਦੇਵ ਜੀ ਦੇ ਸ਼ਬਦ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸਚੇ ਗੁਰਾਂ ਦੀ ਦਇਆ ਦੁਆਰਾ; ਉਹ ਪਾਇਆ ਜਾਂਦਾ ਹੈ ।
ਰੇ[33] ਜਿਹਬਾ[34] ਕਰਉ [35]ਸਤਖੰਡ[36] ॥ ਜਾਮਿ[37] ਨ ਉਚਰਸਿ[38] ਸ੍ਰੀ[39] ਗੋਬਿੰਦ[40] ॥੧॥	O[33] tongue[34] I will cut thee up into hundred[35] bits[36], if[37] thou utterest[38] not the Lord[39] God's[40] Name.	ਹੇ[33] ਜੀਭੇ[34] ! ਮੈਂ ਤੇਰੇ ਸੌ[35] ਟੋਟੇ[36] ਕਰ ਦੇਵਾਂਗਾ, ਜੇਕਰ[37] ਤੂੰ ਮਹਾਰਾਜ[39] ਸੁਆਮੀ[40] ਦੇ ਨਾਮ ਨੂੰ ਉਚਾਰਨ[38] ਨਹੀਂ ਕਰਦੀ ।
ਰੰਗੀਲੇ[41] ਜਿਹਬਾ ਹਰਿ ਕੈ ਨਾਇ[42] ॥	O my tongue, be thou imbued[41] with the Lord's Name[42].	ਹੇ ਮੇਰੀ ਜੀਭੇ ! ਤੂੰ ਹਰੀ ਦੇ ਨਾਮ[42] ਨਾਲ ਰੰਗੀਜਿਆ[41] ਜਾ ।
ਸੁਰੰਗ[43] ਰੰਗੀਲੇ[44] ਹਰਿ ਹਰਿ[45] ਧਿਆਇ[46] ॥੧॥ ਰਹਾਉ ॥	Meditating[46] on the Lord God[45], be thou dyed[44] with the good dye[43]. Pause.	ਸੁਆਮੀ ਵਾਹਿਗੁਰੂ[45] ਦਾ ਸਿਮਰਨ ਕਰਨ ਦੁਆਰਾ[46] ਤੂੰ ਚੰਗੇ ਰੰਗ[43] ਨਾਲ ਰੰਗੀ[44] ਜਾ । ਠਹਿਰਾਉ ।
ਮਿਥਿਆ[47] ਜਿਹਬਾ ਅਵਰੇਂ[48] ਕਾਮ[49] ॥	False[47], O my tongue, are other[48] occupations[49].	ਕੂੜੇ[47] ਹਨ ਹੇ ਮੇਰੀ ਜੀਭੇ ! ਹੋਰ[48] ਕਾਰਵਿਹਾਰ[49] ।
ਨਿਰਬਾਣ ਪਦੁ[50] ਇਕੁ[51] ਹਰਿ ਕੋ ਨਾਮੁ ॥੨॥	The Imperishable rank[50] is obtained through the Lord's Name alone[51].	ਅਬਿਨਾਸ਼ੀ ਮਰਤਬਾ[50] ਕੇਵਲ[51] ਸਾਂਈਂ ਦੇ ਨਾਮ ਰਾਹੀਂ ਹੀ ਪਰਾਪਤ ਹੁੰਦਾ ਹੈ ।
ਅਸੰਖ[52] ਕੋਟਿ ਅਨ[53] ਪੂਜਾ[54] ਕਰੀ[55] ॥ ਏਕ ਨ ਪੂਜਸਿ[56] ਨਾਮੈ ਹਰੀ ॥੩॥	The performance[55] of countless[52] millions of other[53] worships[54] equal[56] not the meditation of the One Lord's Name.	ਅਣਗਿਣਤ[52] ਕ੍ਰੋੜਾਂ ਹੋਰ[53] ਉਪਸ਼ਨਾਵਾਂ[54] ਦਾ ਕਰਨਾ[55] ਇਕ ਪ੍ਰਭੂ ਦੇ ਨਾਮ ਦੇ ਸਿਮਰਨ ਕਰਨ ਦੇ ਤੁਲ[56] ਨਹੀਂ।
ਪ੍ਰਣਵੈ[57] ਨਾਮ ਦੇਉ ਇਹੁ ਕਰਣਾ[58] ॥ ਅਨੰਤ[59] ਰੂਪ[60] ਤੇਰੇ ਨਾਰਾਇਣਾ[61] ॥੪॥੧॥	Prays[57] Nam Dev, thy occupation[58] is this that thou continue uttering, the Name. "O Lord[61], endless[59] are Thine forms[60]".	ਨਾਮ ਦੇਵ ਬਿਨੈ ਕਰਦਾ[57] ਹੈ, ਇਹ ਹੈ ਤੇਰਾ ਕੰਮ[58] ਕਿ ਤੂੰ ਨਾਮ ਦਾ ਉਚਾਰਨ ਕਰਦਾ ਰਹੁ । "ਹੇ ਸਾਂਈਂ[61] ! ਅੰਤ-ਰਹਿਤ[59] ਹਨ ਤੇਰੇ ਸਰੂਪ[60] ।"
ਪਰ[62] ਧਨ[63] ਪਰਦਾਰਾ[64] ਪਰਹਰੀ[65] ॥ ਤਾਕੈ[66]	He, who forsakes[65] another's[62] wealth[63] and another's woman[64] ;	ਜੋ ਪਰਾਈ[62] ਦੌਲਤ[63] ਅਤੇ ਪਰਾਈ ਇਸਤਰੀ[64] ਨੂੰ ਤਿਆਗ ਦਿੰਦਾ[65] ਹੈ; [68]ਮਨੁਸ਼-ਸ਼ੇਰ-ਸਰੂਪ[69] ਮੇਰਾ ਸਾਂਈਂ

ਨਿਕਟਿ[67]ਬਸੈ[68]ਨਰਹਰੀ[69]॥ ੧ ॥	near[67] him[66] abides my Lord, the [68]Man-lion[69].	ਉਸ[66] ਦੇ ਨੇੜੇ[67] ਹੀ ਵਸਦਾ[68] ਹੈ ।
ਜੋ ਨ ਭਜੰਤੇ[70] ਨਾਰਾਇਣਾ[71] ॥ ਤਿਨ[72] ਕਾ ਮੈ ਨ ਕਰਉ[72]* ਦਰਸਨਾ[73] ॥੧॥ ਰਹਾਉ ॥	They, who meditate[70] not on their Lord[71]; their[72] vision[73], I like not to have[72]*. Pause.	ਜੋ ਆਪਣੇ ਸਾਹਿਬ[71] ਦਾ ਸਿਮਰਨ[70] ਨਹੀਂ ਕਰਦੇ; ਉਹਨਾਂ[72] ਦਾ ਦੀਦਾਰ[73] ਮੈਂ ਕਰਨਾ[72]* ਨਹੀਂ ਚਾਹੁੰਦਾ। ਠਹਿਰਾਉ ।
ਜਿਨ ਕੈ ਭੀਤਰਿ[74] ਹੈ ਅੰਤਰਾ[75] ॥ ਜੈਸੇ[76] ਪਸੁ[77] ਤੈਸੇ[78] ਓਇ[79] ਨਰਾ[80] ॥ ੨॥	They, within[74] whom and the Lord is the discord[75]; as[76] are the beasts[77], so[78] are those[79] men[80].	ਉਹ, ਜਿਨ੍ਹਾਂ ਦੇ ਅਤੇ ਸੁਆਮੀ ਦੇ ਵਿਚਕਾਰ[74] ਅਣਬਣ[75] ਹੈ; ਜੇਹੋ ਜੇਹੇ[76] ਹਨ ਡੰਗਰ[77], ਉਹੋ ਜੇਹੇ[78] ਹੀ ਹਨ ਉਹ[79] ਮਨੁੱਖ[80] ।
ਪ੍ਰਣਵਤਿ[81] ਨਾਮਦੇਉ ਨਾਕਹਿ[82] ਬਿਨਾ[83] ॥ ਨਾ ਸੋਹੈ[84] ਬਤੀ [85]ਸੁਲਖਨਾ[86]॥ ੩॥੨॥	Supplicates[81] Nam Dev, a man without[83] the nose[82], does not look well[84] even with the other thirty two beauteous[85] marks[86].	ਨਾਮਦੇਵ ਬੇਨਤੀ ਕਰਦਾ[81] ਹੈ ਕਿ ਬੱਤੀ ਹੋਰ ਸੁੰਦਰ[85] ਲਛਣ[86] ਹੁੰਦਿਆਂ ਸੁੰਦਿਆਂ ਨੱਕ[82] ਦੇ ਬਗੈਰ[83] ਇਨਸਾਨ ਚੰਗਾ[84] ਨਹੀਂ ਲਗਦਾ ।
ਦੂਧੁ[87] ਕਟੋਰੈ[88] ਗਡਵੈ[89] ਪਾਨੀ[90] ॥ ਕਪਲ[91]ਗਾਇ[92] ਨਾਮੈ ਦੁਹਿ[93] ਆਨੀ[94] ॥ ੧॥	Having milked[93] the brown[91] cow[92], Nam Dev brought[94] a cup[88] of milk[87] and a jug[89] of water[90].	ਬੂਰੀ[91] ਗਊ[92] ਨੂੰ ਚੋ ਕੇ[93], ਨਾਮਦੇਵ ਇਕ ਕੌਲ[88] ਦੁਧ[87] ਦਾ ਅਤੇ ਇਕ ਗੜਵਾ[89] ਪਾਣੀ[90] ਦਾ ਲੈ ਆਇਆ[94] ।
ਦੂਧੁ ਪੀਉ ਗੋਬਿੰਦੇ[95] ਰਾਇ[96] ॥ ਦੂਧੁ ਪੀਉ ਮੇਰੋ ਮਨੁ[97] ਪਤੀਆਇ[98] ॥ ਨਾਹੀ[99] ਤ ਘਰ[100] ਕੋ ਬਾਪੁ[2] ਰਿਸਾਇ[3] ॥ ੧ ॥ ਰਹਾਉ॥	"Drink Thou milk, O my Sovereign[96] Lord[95], indrink Thou milk and my mind[97] shall be happy[98], otherwise[99] the house-lord[100], my father[2] will be cross[3] with me". Pause.	"ਤੂੰ ਦੁਧ ਪੀ ਲੈ, ਹੇ ਮੇਰੇ ਪਾਤਿਸ਼ਾਹ[95] ਪਰਮੇਸ਼ਰ[96] ! ਤੂੰ ਦੁਧ ਪੀ ਅਤੇ ਮੇਰਾ ਚਿਤ[97] ਪ੍ਰਸੰਨ[98] ਹੋਵੇਗਾ, ਨਹੀਂ ਤਾਂ[99], ਘਰ ਦਾ ਸਾਂਈ[100], ਮੇਰਾ ਪਿਤਾ[2], ਮੈਨੂੰ ਗੁੱਸੇ[3] ਹੋਵੇਗਾ ।" ਠਹਿਰਾਉ ।
ਸੋੁਇਨ[4] ਕਟੋਰੀ[5] ਅੰਮ੍ਰਿਤ[6]ਭਰੀ[7] ॥ ਲੈ[9] ਨਾਮੈ ਹਰਿ[10] ਆਗੈ ਧਰੀ[8] ॥੨॥	Taking[9] the golden[4] cup[5], Nama filled[7] it with the ambrosial[6] milk and placed[8] it before his Lord[10].	ਸੁਨਹਿਰੀ[4] ਕੌਲ[5] ਲੈ ਕੇ[9], ਨਾਮੇ ਨੇ ਇਸ ਨੂੰ ਅੰਮ੍ਰਿਤਮਈ[6] ਦੁੱਧ ਨਾਲ ਭਰਿਆ[7] ਅਤੇ ਆਪਣੇ ਸੁਆਮੀ[10] ਅਗੇ ਇਸ ਨੂੰ ਰਖ ਦਿਤਾ[8] ।
ਏਕੁ[12] ਭਗਤੁ[13] ਮੇਰੇ ਹਿਰਦੇ[14] ਬਸੈ[15] ॥	"The saint[13] alone[12] abides[15] within my mind[14]".	"ਕੇਵਲ[12] ਸਾਧੂ[13] ਹੀ ਮੇਰੇ ਚਿਤ[14] ਅੰਦਰ ਵਸਦਾ[15] ਹੈ ।"
ਨਾਮੇ ਦੇਖਿ[16] ਨਰਾਇਨੁ ਹਸੈ[17] ॥੩॥	On seeing[16] Nama, the Lord smiled[17].	ਨਾਮੇ ਨੂੰ ਵੇਖ[16] ਕੇ, ਸੁਆਮੀ ਹੱਸ ਪਿਆ[17] ।
੧੧੬੪	**1164**	**੧੧੬੪**
ਦੂਧੁ ਪੀਆਇ ਭਗਤੁ[18] ਘਰਿ ਗਇਆ ॥ ਨਾਮੇ	Making the Lord drink the milk, the devotee[18] returned home, and	ਪ੍ਰਭੂ ਨੂੰ ਦੁਧ ਪਿਲਾ ਕੇ, ਸ਼ਰਧਾਲੂ[18] ਘਰ ਨੂੰ ਮੁੜ ਆਇਆ ਅਤੇ ਇਸ ਤਰ੍ਹਾਂ ਨਾਮੇ ਨੇ ਪ੍ਰਭੂ ਦਾ ਦੀਦਾਰ[19]

ਹਰਿ ਕਾ ਦਰਸਨੁ[19] ਭਇਆ[20] ॥੪॥੩॥	thus did Nama see[20] the Lord's vision[19].	ਦੇਖ ਲਿਆ[20]।
ਮੈ ਬਉਰੀ[21] ਮੇਰਾ ਰਾਮੁ ਭਤਾਰੁ[22] ॥	I am crazy[21] and the Lord is my Spouse[22].	ਮੈਂ ਕਮਲੀ[21] ਹਾਂ ਅਤੇ ਸਾਹਿਬ ਮੇਰਾ ਕੰਤ[22] ਹੈ।
ਰਚਿ ਰਚਿ[23] ਤਾਕਉ[24] ਕਰਉ ਸਿੰਗਾਰੁ[25] ॥੧॥	For Him[24] I decorate[25] myself elaborately[23].	ਉਸ ਲਈ[24] ਮੈਂ ਆਪਣੇ ਆਪ ਨੂੰ ਬਣਾ ਸੁਆਰ[23] ਕੇ ਸ਼ਿੰਗਾਰਦੀ[25] ਹਾਂ।
ਭਲੇ[26] ਨਿੰਦਉ[27] ਭਲੇ ਨਿੰਦਉ ਭਲੇ ਨਿੰਦਉ ਲੋਗੁ[28] ॥ ਤਨੁ[29] ਮਨੁ[30] ਰਾਮ ਪਿਆਰੇ[31] ਜੋਗੁ[32] ॥ ੧॥ਰਹਾਉ॥	Slander[27] well[26], slander well, slander me well, O people[28]. My body[29] and soul[30] are for[32] my Beloved[31] Lord. Pause	ਚੰਗੀ ਤਰ੍ਹਾਂ[26] ਬੁਰੌਵੋ[27], ਚੰਗੀ ਤਰ੍ਹਾਂ ਬੁਰੌਵੋ, ਮੈਨੂੰ ਚੰਗੀ ਤਰ੍ਹਾਂ ਬੁਰੌਵੋ, ਹੇ ਲੋਕੋ[28]! ਮੇਰੀ ਦੇਹਿ[29] ਅਤੇ ਜਿੰਦੜੀ[30] ਮੇਰੇ ਪ੍ਰਭੂ ਪ੍ਰੀਤਮ[31] ਲਈ[32] ਹੈ। ਠਹਿਰਾਉ।
ਬਾਦੁ[33] ਬਿਬਾਦੁ[34] ਕਾਹੂ[35] ਸਿਉ[36] ਨ ਕੀਜੈ[37] ॥	Hold[37] thou no discussion[33] and argument[34] with[36] anyone[35].	ਤੂੰ ਕਿਸੇ[35] ਨਾਲ[36] ਭੀ ਬਹਿਸ[33] ਅਤੇ ਮੁਬਾਹਸਾ[34] ਨ ਕਰ[37]।
ਰਸਨਾ[38] ਰਾਮ ਰਸਾਇਨੁ[39] ਪੀਜੈ[40] ॥੨॥	With thy tongue[38] sap[40] thou the Lord's elixir[39].	ਆਪਣੀ ਜੀਹਭਾ[38] ਨਾਲ ਤੂੰ ਪ੍ਰਭੂ ਦੇ ਅੰਮ੍ਰਿਤ[39] ਨੂੰ ਪਾਨ ਕਰ[40]।
ਅਬ[41] ਜੀਅ[42] ਜਾਨਿ[43] ਐਸੀ[44] ਬਨਿਆਈ[45] ॥ ਮਿਲਉ ਗੁਪਾਲ ਨੀਸਾਨੁ[46] ਬਜਾਈ[47]* ॥੩॥	Now[41] I know[43] within my mind[42] that such[44] an arrangement has been[45] made, by which I shall meet Lord with the beat[47]* of drum[46].	ਹੁਣ[41] ਮੈਂ ਆਪਣੇ ਚਿਤ[42] ਅੰਦਰ ਜਾਣਦਾ[43] ਹਾਂ ਕਿ ਐਹੋ ਜੇਹਾ[44] ਪ੍ਰਬੰਧ ਬਣ ਗਿਆ[45] ਹੈ, ਜਿਸ ਦੁਆਰਾ ਮੈਂ ਆਪਣੇ ਪ੍ਰਭੂ ਨੂੰ ਵਜਦੇ[47]* ਨਗਾਰੇ[46] ਮਿਲ ਪਵਾਂਗਾ।
ਉਸਤਤਿ[47] ਨਿੰਦਾ[48] ਕਰੈ ਨਰੁ[49] ਕੋਈ ॥ ਨਾਮੇ [50]ਸ੍ਰੀਰੰਗੁ[51] ਭੇਟਲ[52] ਸੋਈ[53] ॥੪॥੪॥	Whether any one[49] praises[47] or slanders[48] me, Nama has met[52] that[53] Lord, the Lover[51] of eminence[50].	ਭਾਵੇਂ ਕਈ[49] ਮੇਰੀ ਵਡਿਆਈ[47] ਕਰੇ ਜਾਂ ਬਦਖੋਈ[48], ਨਾਮਾ ਵਡਿਆਈ[50] ਦੇ ਪਿਆਰੇ[51] ਉਸ[53] ਸੁਆਮੀ ਨੂੰ ਮਿਲ[52] ਪਿਆ ਹੈ।
ਕਬਹੂ[54] ਖੀਰਿ[55] ਖਾਡ ਘੀਉ ਨ ਭਾਵੈ[56] ॥	Sometimes[54] man likes[56] not even milk[55], sugar and ghee.	ਕਦੇ[54] ਤਾਂ ਬੰਦੇ ਨੂੰ ਦੁਧ[55], ਖੰਡ ਅਤੇ ਘਿਓ ਭੀ ਚੰਗੇ[56] ਨਹੀਂ ਲਗਦੇ।
ਕਬਹੂ ਘਰ[57] ਘਰ ਟੂਕ[58] ਮਗਾਵੈ[59] ॥	Sometimes, the Lord makes him beg[59] bread[58] from door to door[57].	ਕਦੇ ਪ੍ਰਭੂ ਉਸ ਪਾਸੋਂ ਬੂਹੇ[57] ਬੂਹੇ ਤੇ ਟੁੱਕਰ[58] ਮੰਗਵਾਉਂਦਾ[59] ਹੈ।
ਕਬਹੂ ਕੂਰਨੁ[60] ਚਨੇ[61] ਬਿਨਾਵੈ[62] ॥੧॥	Sometimes, he picks[62] up gram[61] out of husk[60].	ਕਦੇ ਉਹ ਸੂਹੜੀ[60] ਵਿਚੋਂ ਛੋਲੇ[61] ਚੁਗਦਾ[62] ਹੈ।
ਜਿਉ[63] ਰਾਮੁ ਰਾਖੈ ਤਿਉ[64] ਰਹੀਐ ਰੇ ਭਾਈ[65] ॥ ਹਰਿ ਕੀ ਮਹਿਮਾ[66] ਕਿਛੁ[67] ਕਥਨੁ[68] ਨ ਜਾਈ ॥੧॥ ਰਹਾਉ॥	As[63] the Lord makes me live, so[64] do live I, O brother[65]. The glory[66] of God can be described[68] not even a bit[67]. Pause.	ਜਿਸ ਤਰ੍ਹਾਂ[63] ਸੁਆਮੀ ਮੈਨੂੰ ਰਖਦਾ ਹੈ, ਓਸੇ ਤਰ੍ਹਾਂ[64] ਹੀ ਮੈਂ ਰਹਿੰਦਾ ਹਾਂ, ਹੇ ਵੀਰ[65]! ਵਾਹਿਗੁਰੂ ਦੀ ਪ੍ਰਭਤਾ[66] ਥੋੜੀ ਜਿੰਨੀ[67] ਭੀ ਵਰਨਣ[68] ਨਹੀਂ ਕੀਤੀ ਜਾ ਸਕਦੀ। ਠਹਿਰਾਉ।

ਕਬਹੂ ਤੁਰੇ[69] ਤੁਰੰਗ[70] ਨਚਾਵੈ[71] ॥	At times man (while riding) horses[69] and steeds[70] makes them to dance[71].	ਕਦੇ ਆਦਮੀ ਘੋੜੇ[69] ਤੇ ਕੋਤਲ[70] (ਉੱਤੇ ਚੜ੍ਹ ਕੇ ਉਨ੍ਹਾਂ ਨੂੰ) ਨਚਾਉਂਦਾ[71] ਹੈ।
ਕਬਹੂ ਪਾਇ[72] ਪਨਹੀਓ[73] ਨ ਪਾਵੈ[74] ॥੨॥	At times, he obtains[74] not shoes[73] for his feet[72].	ਕਦੇ ਉਸ ਨੂੰ ਆਪਣੇ ਪੈਰਾਂ[72] ਲਈ ਜੁੱਤੀ[73] ਭੀ ਨਹੀਂ ਮਿਲਦੀ[74]।
ਕਬਹੂ ਖਾਟੁ[75] ਸੁਪੇਦੀ[76] ਸੁਵਾਵੈ[77] ॥	Some times, the Lord makes man sleep[77] on a couch[75] with a white coverlet[76].	ਕਦੇ, ਪ੍ਰਭੂ ਇਨਸਾਨ ਨੂੰ ਚਿੱਟੀ ਚਾਦਰ[76] ਵਾਲੇ ਪਲੰਘ[75] ਤੇ ਸੁਆਲਦਾ[77] ਹੈ।
ਕਬਹੂ ਭੂਮਿ[78] ਪੈਆਰੁ[79] ਨ ਪਾਵੈ[80] ॥੩॥	Sometimes, he gets[80] not even straw[79] to lie down on the ground[78].	ਕਦੇ, ਉਸ ਨੂੰ ਧਰਤੀ[78] ਤੇ ਪੈਣ ਲਈ ਪਰਾਲੀ[79] ਭੀ ਨਹੀਂ ਮਿਲਦੀ[80]।
ਭਨਤਿ[81] ਨਾਮਦੇਉ ਇਕੁ[82] ਨਾਮੁ ਨਿਸਤਾਰੈ[83] ॥	Says[81] Nam Dev the Lord's Name alone[82] saves[83] one.	ਨਾਮਦੇਵ ਆਖਦਾ[81] ਹੈ, ਕੇਵਲ[82] ਸਾਂਈਂ ਦਾ ਨਾਮ ਹੀ ਬੰਦੇ ਦੀ ਰੱਖਿਆ ਕਰਦਾ[83] ਹੈ।
ਜਿਹ[84] ਗੁਰੁ ਮਿਲੈ ਤਿਹ[85] ਪਾਰਿ ਉਤਾਰੈ[86] ॥੪॥੫॥	He whom[84] the Guru meets ; him[85] the Lord ferries across[86] the world ocean.	ਜਿਸ ਨੂੰ[84] ਗੁਰੂ ਜੀ ਮਿਲ ਪੈਂਦੇ ਹਨ, ਉਸ ਨੂੰ[85] ਪ੍ਰਭੂ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦਾ[86] ਹੈ।
ਹਸਤ[87] ਖੇਲਤ[88] ਤੇਰੇ ਦੇਹੁਰੇ[89] ਆਇਆ ॥	In a laughing[87] and sportive[88] mood, I came to Thy temple[89], O Lord.	ਹਸੰਦੜੀ[87] ਅਤੇ ਖਿਲੰਦੜੀ[88] ਦਸ਼ਾ ਅੰਦਰ ਮੈਂ ਤੇਰੇ ਮੰਦਰ[89] ਨੂੰ ਆਇਆ, ਹੇ ਸੁਆਮੀ!
ਭਗਤਿ[90] ਕਰਤ ਨਾਮਾ ਪਕਰਿ[91] ਉਠਾਇਆ[92] ॥੧॥	Whilst Nama, was worshipping[90], he was caught hold[91] of and driven away[92].	ਜਦ ਨਾਮਾ ਉਪਾਸ਼ਨਾ ਕਰ ਰਿਹਾ[90] ਸੀ, ਉਸ ਨੂੰ ਫੜ[91] ਕੇ ਬਾਹਰ ਕਢ ਦਿਤਾ[92] ਗਿਆ।
ਹੀਨੜੀ[93] ਜਾਤ[98] ਮੇਰੀ ਜਾਦਿਮ ਰਾਇਆ[94] ॥ ਛੀਪੇ[95] ਕੇ ਜਨਮਿ[96] ਕਾਹੇ ਕਉ[97] ਆਇਆ ॥ ੧ ॥ ਰਹਾਉ ॥	A low[93] caste[98] is mine, O my Lord, the king[94] of Yadwas. Why[97] was I born[96] a calico-printer[95] ? Pause.	ਨੀਵੀਂ[93] ਹੈ ਜਾਤੀ[98] ਮੇਰੀ, ਹੇ ਮੇਰੇ ਪ੍ਰਭੂ! ਯਾਦਵਾਂ ਦੇ ਪਾਤਿਸ਼ਾਹ[94]। ਮੇਰੀ ਪੈਦਾਇਸ਼[96] ਛੀਂਬੇ[95] ਦੇ ਘਰ ਕਿਉਂ[97] ਹੋਈ ? ਠਹਿਰਾਉ।
ਲੈ[99] ਕਮਲੀ[4] ਚਲਿਓ[100] ਪਲਟਾਇ[2] ॥ ਦੇਹੁਰੈ ਪਾਛੈ[3] ਬੈਠਾ ਜਾਇ ॥ ੨ ॥	Taking[99] up his blanket[4], Nama went[100] back[2] and going behind[3] the temple sat down there.	ਆਪਣੀ ਕੰਬਲੀ[4] ਚੁਕ[99] ਕੇ ਨਾਮਾ ਪਿਛੇ[2] ਮੁੜ ਆਇਆ[100] ਅਤੇ ਮੰਦਰ ਦੇ ਪਿਛਲੇ[3] ਪਾਸੇ ਜਾ ਕੇ ਉਥੇ ਬੈਠ ਗਿਆ।
ਜਿਉ[5] ਜਿਉ ਨਾਮਾ ਹਰਿ ਗੁਣ[6] ਉਚਰੈ[7] ॥ ਭਗਤ[8] ਜਨਾਂ ਕਉ[9] ਦੇਹੁਰਾ ਫਿਰੈ[10] ॥੩॥੬॥	As[5] Nam Dev uttered[7] the Lord's praise[6], so did the temple turn[10] towards[9] the saintly person[8].	ਜਿਉਂ ਜਿਉਂ[5] ਨਾਮਦੇਵ ਪ੍ਰਭੂ ਦਾ ਜੱਸ[6] ਉਚਾਰਨ ਕਰਦਾ[7] ਸੀ, ਤਿਉਂ ਤਿਉਂ ਹੀ ਮੰਦਰ ਸੰਤ[8] ਸਰੂਪ ਪੁਰਸ਼ ਵਲ[9] ਮੁੜਦਾ[10] ਜਾਂਦਾ ਸੀ।
ਭੈਰਉ ਨਾਮਦੇਉ ਜੀਉ[12] ਘਰੁ ੨	Bhairo Nam Dev Ji[12]	ਭੈਰਉ ਨਾਮਦੇਵ ਜੀ[12]

ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਜੈਸੀ[13] ਭੂਖੇ[14] ਪ੍ਰੀਤਿ[15] ਅਨਾਜ[16] ॥ ਤ੍ਰਿਖਾਵੰਤ[17] ਜਲ[18] ਸੇਤੀ[29] ਕਾਜ[20] ॥ ਜੈਸੀ ਮੂੜ[21] ਕੁਟੰਬ[22] ਪਰਾਇਣ[23] ॥ ਐਸੀ ਨਾਮੇ ਪ੍ਰੀਤਿ[24] ਨਰਾਇਣ[25] ॥੧॥	As[13] the hungry[14] man loves[15] food[16], as the thirsty man[17] has business[20] with[19] water[18], and as a fool[21] is dedicated[23] unto his family[22]; so the Lord[25] is dear[24] unto Nama.	ਜਿਸ ਤਰ੍ਹਾਂ[13] ਭੁਖਾ[14] ਆਦਮੀ ਭੋਜਨ[16] ਨੂੰ ਪਿਆਰ ਕਰਦਾ[15] ਹੈ, ਜਿਸ ਤਰ੍ਹਾਂ ਤਿਹਾਏ ਆਦਮੀ[17] ਦਾ ਪਾਣੀ[18] ਨਾਲ[19] ਵਿਹਾਰ[20] ਹੈ ਅਤੇ ਜਿਸ ਤਰ੍ਹਾਂ ਮੂਰਖ[21] ਆਪਣੇ ਪਰਵਾਰ[22] ਦੇ ਸਮਰਪਨ ਹੋਇਆ[23] ਹੋਇਆ ਹੈ; ਏਸੇ ਤਰ੍ਹਾਂ ਹੀ ਨਾਮੇ ਨੂੰ ਪ੍ਰਭੂ[25] ਪਿਆਰਾ[24] ਹੈ।
ਨਾਮੇ ਪ੍ਰੀਤਿ[26] ਨਾਰਾਇਣ ਲਾਗੀ ॥	Nama is in love[26] with His Lord.	ਨਾਮੇ ਦਾ ਪਿਆਰ[26] ਆਪਣੇ ਪ੍ਰਭੂ ਨਾਲ ਹੈ।
ਸਹਜ ਸੁਭਾਇ[27] ਭਇਓ[28] ਬੈਰਾਗੀ[29] ॥੧॥ ਰਹਾਉ ॥	He has easily[27] become[28] detached[29]. Pause.	ਉਹ ਸੁਖੈਨ[27] ਹੀ ਉਪਰਾਮ[29] ਹੋ ਗਿਆ[28] ਹੈ। ਠਹਿਰਾਉ।
ਜੈਸੀ[30] ਪਰ[31] ਪੁਰਖਾ[32] ਰਤ[33] ਨਾਰੀ[34] ॥ ਲੋਭੀ[35] ਨਰੁ[36] ਧਨ[37] ਕਾ ਹਿਤਕਾਰੀ[38] ॥ ਕਾਮੀ[39] ਪੁਰਖ ਕਾਮਨੀ[40] ਪਿਆਰੀ ॥ ਐਸੀ[41] ਨਾਮੇ ਪ੍ਰੀਤਿ [42]ਮੁਰਾਰੀ[43] ॥ ੨ ॥	As[30] a woman[34] is involved in love[33] with another[31] person[32], as a greedy[35] man[36] loves[38] riches[37] and as a lustful man[39] loves a women[40], so[41] does Nama love his Lord, the enemy[43] of ego[42].	ਜਿਸ ਤਰ੍ਹਾਂ[30] ਇਸਤ੍ਰੀ[34] ਪਰਾਏ[31] ਪੁਰਸ਼[32] ਦੇ ਪਿਆਰ ਵਿਚ ਰੰਗੀ[33] ਹੋਵੇ, ਜਿਸ ਤਰ੍ਹਾਂ ਕਿ ਲਾਲਚੀ[35] ਆਦਮੀ[36] ਦੌਲਤ[37] ਨੂੰ ਪਿਆਰ ਕਰਦਾ[38] ਹੈ ਤੇ ਜਿਸ ਤਰ੍ਹਾਂ ਵਿਸ਼ਈ ਇਨਸਾਨ[39] ਇਸਤਰੀ[40] ਨੂੰ ਪਿਆਰ ਕਰਦਾ ਹੈ; ਇਸ ਤਰ੍ਹਾਂ[41] ਹੀ ਨਾਮਾ, ਹੰਕਾਰ[42] ਦੇ ਵੈਰੀ[43] ਆਪਣੇ ਪ੍ਰਭੂ ਨੂੰ ਪਿਆਰ ਕਰਦਾ ਹੈ।
ਸਾਈ[14] ਪ੍ਰੀਤਿ ਜਿ ਆਪੇ[45] ਲਾਏ[46] ॥ ਗੁਰ ਪਰਸਾਦੀ[47] ਦੁਬਿਧਾ[48] ਜਾਏ[49] ॥	That[44] is real love, by which the Lord attaches[46] man to Himself[45] and by which duality[48] departs[49], through the Guru's grace[47].	ਉਹ[44] ਹੀ ਅਸਲੀ ਪਿਆਰ ਹੈ, ਜਿਸ ਦੁਆਰਾ ਪ੍ਰਭੂ ਪ੍ਰਾਣੀ ਨੂੰ ਆਪਣੇ[45] ਨਾਲ ਜੋੜ ਲੈਂਦਾ[46] ਹੈ ਅਤੇ ਜਿਸ ਦੁਆਰਾ ਗੁਰਾਂ ਦੀ ਮਿਹਰ[47] ਸਦਕਾ ਦਵੈਤ-ਭਾਵ[48] ਦੂਰ ਹੋ ਜਾਂਦਾ[49] ਹੈ।
ਕਬਹੁ[50] ਨ ਤੂਟਸਿ[51] ਰਹਿਆ ਸਮਾਇ[52] ॥	Nama's love breaks[51] not ever[50] and he remains merged[52] in his Lord.	ਨਾਮੇ ਦੀ ਪਿਰਹੜੀ ਕਦੇ[50] ਭੀ ਟੁਟਦੀ[51] ਨਹੀਂ ਅਤੇ ਉਹ ਆਪਣੇ ਪ੍ਰਭੂ ਅੰਦਰ ਲੀਨ ਰਹਿੰਦਾ[52] ਹੈ।
ਨਾਮੇ ਚਿਤੁ ਲਾਇਆ[53] ਸਚਿ ਨਾਇ[54] ॥੩॥	Nama has attached[53] his mind to the True Name[54].	ਨਾਮੇ ਨੇ ਆਪਣਾ ਮਨ ਸਚੇ ਨਾਮ[54] ਨਾਲ ਜੋੜ ਲਿਆ[53] ਹੈ।
ਜੈਸੀ ਪ੍ਰੀਤਿ[55] ਬਾਰਿਕ[56] ਅਰੁ[57] ਮਾਤਾ[58] ॥ ਐਸਾ ਹਰਿ ਸੇਤੀ[59] ਮਨੁ[60] ਰਾਤਾ[61] ॥	As is the love[55] between a child[56] and[57] its mother[58], so is my soul[60] imbued[61] with[59] God.	ਜੇਹੋ ਜੇਹੀ ਮੁਹੱਬਤ[55] ਹੈ ਬੱਚੇ[56] ਅਤੇ[57] ਉਸ ਦੀ ਅੰਮੜੀ[58] ਵਿਚਕਾਰ, ਏਸੇ ਤਰ੍ਹਾਂ ਹੀ ਮੇਰੀ ਜਿੰਦੜੀ[60] ਹਰੀ ਨਾਲ[59] ਰੰਗੀ ਹੋਈ[61] ਹੈ।
ਪ੍ਰਣਵੈ[62] ਨਾਮ ਦੇਉ ਲਾਗੀ[63] ਪ੍ਰੀਤਿ[64] ॥	Supplicates[62] Nam Dev, I have imbibed[63] affection[64] for the Lord[66]	ਨਾਮ ਦੇਵ ਪ੍ਰਾਰਥਨਾ ਕਰਦਾ[62] ਹੈ, ਸ੍ਰਿਸ਼ਟੀ[65] ਦੇ ਸੁਆਮੀ[66] ਨਾਲ ਮੇਰੀ ਪਿਰਹੜੀ[64] ਪੈ ਗਈ[63] ਹੈ, ਜੋ ਕਿ

[65]ਗੋਬਿਦੁ[66] ਬਸੈ[67] ਹਮਾਰੈ ਚੀਤਿ ॥੪॥੧॥੭॥	of the universe[65], who bides[67] within my mind.	ਮੇਰੇ ਮਨ ਅੰਦਰ ਵਸਦਾ[67] ਹੈ ।
੧੧੬੫	**1165**	**੧੧੬੫**
ਘਰ ਕੀ ਨਾਰਿ[68]ਤਿਆਗੈ[69] ਅੰਧਾ[70] ॥ ਪਰ[71] ਨਾਰੀ[72] ਸਿਉ[73] ਘਾਲੈ[74] ਧੰਧਾ[75] ॥	The blind-man[70] abandons[69] the wife[68] of his home, and has[74] an affair[75] with[73] another's[71] woman[72].	ਅੰਨ੍ਹਾ[70] ਇਨਸਾਨ ਆਪਣੇ ਘਰ ਦੀ ਵਹੁਟੀ[68] ਨੂੰ ਛੱਡ ਦਿੰਦਾ[69] ਹੈ, ਅਤੇ ਹੋਰਸ[71] ਦੀ ਇਸਤ੍ਰੀ[72] ਨਾਲ[73] ਵਿਹਾਰ[75] ਪਾ ਲੈਂਦਾ[74] ਹੈ ।
ਜੈਸੇ[76] ਸਿੰਬਲੁ[77] ਦੇਖਿ ਸੂਆ[78] ਬਿਗਸਾਨਾ[79] ॥ ਅੰਤ ਕੀ ਬਾਰ[80] ਮੂਆ ਲਪਟਾਨਾ[81] ॥੧॥	He is like[76] the parrot[78], who is pleased[79] to see the tree of bombax hepta phylum[77], but at last[80] dies clinging[81] to it.	ਉਹ ਉਸ ਤੋਤੇ[78] ਵਰਗਾ[76] ਹੈ, ਜੋ ਸਿੰਮਲ ਦੇ ਰੁਖ[77] ਨੂੰ ਵੇਖ ਕੇ ਖੁਸ਼ ਹੁੰਦਾ[79] ਹੈ, ਪ੍ਰੰਤੂ ਅਖੀਰ[80] ਨੂੰ ਇਸ ਨਾਲ ਚਿਮੜ[81] ਕੇ ਮਰ ਜਾਂਦਾ ਹੈ।
ਪਾਪੀ[82] ਕਾ ਘਰੁ[83] ਅਗਨੇ[84] ਮਾਹਿ[85] ॥	The home[83] of the sinner[82] is in the midst[85] of fire[84].	ਗੁਨਾਹਗਾਰ[82] ਦਾ ਘਰ[83] ਅੱਗ[84] ਵਿਚ[85] ਹੈ ।
ਜਲਤ[86] ਰਹੈ ਮਿਟਵੈ[87] ਕਬ[88] ਨਾਹਿ॥੧॥ ਰਹਾਉ॥	It continues to burn[86] and its fire quenches[87] not ever[88]. Pause.	ਇਹ ਮਚਦਾ[86] ਰਹਿੰਦਾ ਹੈ ਅਤੇ ਇਸ ਦੀ ਅੱਗ ਕਦੇ ਭੀ[88] ਬੁਝਦੀ[87] ਨਹੀਂ । ਠਹਿਰਾਉ ।
ਹਰਿ ਕੀ ਭਗਤਿ[89] ਨ ਦੇਖੈ ਜਾਇ ॥	He goes not to see where the Lord is worshipped[89].	ਉਹ ਪ੍ਰਭੂ ਦੀ ਉਪਾਸ਼ਨਾ[89] ਹੁੰਦੀ ਵੇਖਣ ਨੂੰ ਨਹੀਂ ਜਾਂਦਾ।
ਮਾਰਗੁ[90] ਛੋਡਿ[91] ਅਮਾਰਗਿ[92] ਪਾਇ[93] ॥	He abandons[91] the Lord's path[90] and goes[93] the wrong way[92].	ਉਹ ਪ੍ਰਭੂ ਦੇ ਰਸਤੇ[90] ਨੂੰ ਤਿਆਗ[91], ਕੁਰਾਹੇ[92] ਜਾਂਦਾ[93] ਹੈ ।
ਮੂਲਹੁ[94] ਭੂਲਾ[95] ਆਵੈ ਜਾਇ[96] ॥	Forgetting[95] the Primal Lord[94], he suffers transmigration[96].	ਆਦੀ ਪ੍ਰਭੂ[94] ਨੂੰ ਭੁਲਾ[95] ਕੇ, ਉਹ ਆਵਾਗਉਣ[96] ਵਿਚ ਪੈਂਦਾ ਹੈ ।
ਅੰਮ੍ਰਿਤੁ[97]ਡਾਰਿ[98] ਲਾਦਿ[99] ਬਿਖੁ[100] ਖਾਇ ॥੨॥	He throws away[98] the Nectar-Name[97] and loads[99] and eats poison[100].	ਉਹ ਅੰਮ੍ਰਿਤਮਈ ਨਾਮ[97] ਨੂੰ ਸੁਟ ਪਾਉਂਦਾ[98] ਹੈ ਅਤੇ ਜ਼ਹਿਰ[100] ਨੂੰ ਲੱਦਦਾ[99] ਅਤੇ ਖਾਂਦਾ ਹੈ ।
ਜਿਉ[2] ਬੇਸ੍ਵਾ[3] ਕੇ ਪਰੈ[4] ਅਖਾਰਾ[5] ॥ ਕਾਪਰੁ[6] ਪਹਿਰਿ[7] ਕਰਹਿ ਸੀਗਾਰਾ[8] ॥	He is like[2] the whore[3], who when coming[4] to the dancing arena[5] wears[7] fine clothes[6] and adorns[8] herself.	ਉਹ ਉਸ ਕੰਜਰੀ[3] ਦੀ ਮਾਨੰਦ[2] ਹੈ ਜੋ ਨਾਚ-ਅਖਾੜੇ[5] ਨੂੰ ਆਉਣ[4] ਲਗੀ ਸੋਹਣੇ ਕਪੜੇ[6] ਪਾਉਂਦੀ[7] ਤੇ ਆਪਣੇ ਆਪ ਨੂੰ ਸ਼ਿੰਗਾਰਦੀ[8] ਹੈ ।
ਪੂਰੇ ਤਾਲ[9] ਨਿਹਾਲੇ[10] ਸਾਸ[12] ॥	She dances to the tune[9] and her lover is enraptured seeing[10] her breathe[12].	ਉਹ ਸੁਰ ਤਾਲ[9] ਨਾਲ ਨੱਚਦੀ ਹੈ ਅਤੇ ਉਸ ਨੂੰ ਸਾਹ[12] ਲੈਂਦਿਆਂ ਵੇਖ[10] ਉਸ ਦਾ ਆਸ਼ਕ ਬਹੁਤ ਖੁਸ਼ ਹੁੰਦਾ ਹੈ।
ਵਾ[13] ਕੇ ਗਲੇ[14] ਜਮ[15] ਕਾ ਹੈ ਫਾਸ[16] ॥੩॥	But round her[13] neck[14] is the noose[16] of the Death's courier[15].	ਪ੍ਰੰਤੂ ਉਸ[13] ਦੀ ਗਰਦਨ[14] ਦੁਆਲੇ ਮੌਤ ਦੇ ਦੂਤ[15] ਦੀ ਫਾਹੀ[16] ਹੈ ।
ਜਾ ਕੇ ਮਸਤਕਿ[17] ਲਿਖਿਓ ਕਰਮਾ[18] ॥ ਸੋ[19] ਭਜਿ[20] ਪਰਿ[21] ਹੈ ਗੁਰ ਕੀ ਸਰਨਾ[22] ॥	He on whose forehead[17] good destiny[18] is writ ; he[19] hastens[20] and enters[21] the Guru's sanctuary[22].	ਜਿਸ ਦੇ ਮਥੇ[17] ਉਤੇ ਚੰਗੀ ਪ੍ਰਾਲਭਧ[18] ਲਿਖੀ ਹੋਈ ਹੈ; ਉਹ[19] ਦੌੜ[20] ਕੇ ਗੁਰਾਂ ਦੀ ਸ਼ਰਣਾਗਤ[22] ਆ ਪੈਂਦਾ[21] ਹੈ ।

ਕਹਤ ਨਾਮਦੇਉ ਇਹੁ ਬੀਚਾਰੁ[23] ॥ ਇਨ ਬਿਧਿ[24] ਸੰਤਹੁ ਉਤਰਹੁ[25] ਪਾਰਿ ॥ ੪॥੨॥੮॥	Says Nam Dev, O saints, my deliberation[23] is this, that in this way[24] alone thou shalt be ferried across[25].	ਨਾਮਦੇਵ ਜੀ ਆਖਦੇ ਹਨ, ਹੇ ਸਾਧੂਓ ! ਇਹ ਹੈ ਮੇਰੀ ਸੋਚ ਵਿਚਾਰ[23], ਕਿ ਕੇਵਲ ਇਸ ਤਰੀਕੇ[24] ਨਾਲ ਹੀ ਤੁਹਾਡਾ ਪਾਰ ਉਤਾਰਾ[25] ਹੋਵੇਗਾ ।
ਸੰਡਾ ਮਰਕਾ ਜਾਇ ਪੁਕਾਰੇ[26] ॥ ਪੜੈ ਨਹੀ ਹਮ[27] ਹੀ ਪਚਿ ਹਾਰੇ[28] ॥	Sanda and Marka went and complained[26] to Harnakhsh, "Thy son studies not. **We[27] are dead tired[28].**	ਸੰਡੇ ਤੇ ਮਰਕੇ ਨੇ ਜਾ ਕੇ ਹਰਨਾਖਸ਼ ਕੋਲ ਸ਼ਿਕਾਇਤ ਕੀਤੀ[26], "ਤੇਰਾ ਪੁੱਤਰ ਪੜ੍ਹਦਾ ਨਹੀਂ । ਅਸੀਂ[27] ਬਿਲਕੁਲ ਹੀ ਹਾਰਹੁਟ ਗਏ[28] ਹਾਂ ।
ਰਾਮੁ ਕਹੈ[33] ਕਰ ਤਾਲ[29] ਬਜਾਵੈ[30] ਚਟੀਆ[31] ਸਭੈ ਬਿਗਾਰੇ[32] ॥੧॥	He utters[33] the Lord's Name and claps[30] his hands[29] to keep tune and has spoiled[32] all the pupils[31].	ਉਹ ਸਾਈਂ ਦਾ ਨਾਮ ਉਚਾਰਦਾ[33] ਹੈ ਅਤੇ ਸੁਰ ਤਾਲ ਅੰਦਰ ਆਪਣੇ ਹਥ[29] ਵਜਾਉਂਦਾ[30] ਹੈ ਤੇ ਉਸ ਨੇ ਸਾਰੇ ਵਿਦਿਆਰਥੀ[31] ਵਿਗਾੜ ਛੱਡੇ[32] ਹਨ ।
ਰਾਮ ਨਾਮਾ ਜਪਿਬੋ[34] ਕਰੈ ॥ ਹਿਰਦੈ[35] ਹਰਿ ਜੀ[36] ਕੋ ਸਿਮਰਨੁ[37] ਧਰੈ[38] ॥੧॥ ਰਹਾਉ ॥	The Lord's Name, he repeats[34] and within his mind[35] he has enshrined[38] the Sire[36] Lord's meditation[37]." Pause.	ਉਹ ਪ੍ਰਭੂ ਦੇ ਨਾਮ ਨੂੰ ਜਪਦਾ[34] ਹੈ ਅਤੇ ਆਪਣੇ ਮਨ[35] ਵਿਚ ਉਸ ਨੇ ਮਹਾਰਾਜ[36] ਮਾਲਕ ਦੀ ਬੰਦਗੀ[37] ਨੂੰ ਟਿਕਾ ਲਿਆ[38] ਹੈ ।" ਠਹਿਰਾਉ ।
ਬਸੁਧਾ[39] ਬਸਿ[40] ਕੀਨੀ ਸਭ ਰਾਜੇ ਬਿਨਤੀ[41] ਕਹੈ ਪਟਰਾਨੀ[42] ॥ ਪੂਤੁ ਪ੍ਰਹਿਲਾਦੁ ਕਹਿਆ[42*] ਨਹੀ ਮਾਨੈ ਤਿਨਿ[43] ਤਉ ਅਉਰੈ[44] ਠਾਨੀ[45] ॥੨॥	The chief queen[42] imploringly says[41] to Prahlad, "The king has subjugated[40] the whole earth[39], but thou O my son, Prahlad obeyest[42*] him not. He[43] has made up his mind[45] to deal with thee in another[44] way."	ਵਡੀ ਰਾਣੀ[42] ਨਿਮ੍ਰਤਾ ਨਾਲ[41] ਪ੍ਰਹਿਲਾਦ ਨੂੰ ਆਖਦੀ ਹੈ, "ਪਾਤਿਸ਼ਾਹ ਨੇ ਸਾਰੀ ਧਰਤੀ[39] ਨੂੰ ਆਪਣੇ ਅਧੀਨ ਕੀਤਾ ਹੋਇਆ[40] ਹੈ, ਪਰ ਤੂੰ ਹੇ ਮੇਰੇ ਪੁਤ੍ਰ-ਪ੍ਰਹਿਲਾਦ ! ਉਸ ਦੇ ਆਖੇ[42*] ਨਹੀਂ ਲਗਦਾ । ਉਸ[43] ਨੇ ਤੇਰੇ ਨਾਲ ਹੋਰ[44] ਹੀ ਤਰ੍ਹਾਂ ਦਾ ਸਲੂਕ ਕਰਨ ਦਾ ਇਰਾਦਾ[45] ਕੀਤਾ ਹੋਇਆ ਹੈ ।"
ਦੁਸਟ[46] ਸਭਾ[47] ਮਿਲਿ[48] ਮੰਤਰ[49] ਉਪਾਇਆ[52] ਕਰਸਹ ਅਉਧ[50] ਘਨੇਰੀ[51] ॥	The council[47] of the villians[46] met[48] and passed[52] a resolution[49] to make Prahlad's life[50] longer[51].	ਪਾਂਬਰਾਂ[46] ਦੀ ਮੰਡਲੀ[47] ਨੇ ਇਕੱਤਰ[48] ਹੋ ਪ੍ਰਹਿਲਾਦ ਦੀ ਉਮਰ[50] ਵਧੇਰੀ[51] ਕਰ ਦੇਣ ਦਾ ਮਤਾ[49] ਪਾਸ ਕਰ ਦਿੱਤਾ[52] ।
ਗਿਰਿ[53] ਤਰ[54] ਜਲ[55] ਜੁਆਲਾ[56] ਭੈ[57] ਰਾਖਿਓ[58] ਰਾਜਾ[59] ਰਾਮਿ[60] ਮਾਇਆ[61] ਫੇਰੀ[62] ॥੩॥	God[60], the King[59], transformed[62] the natural laws[61] for the sake of Prahlad, and though thrown down a mountain[53] and a tree[54], cast into water[55] and fire[56], and subjected to death's dread[57], the Lord did save[58] him.	ਵਾਹਿਗੁਰੂ[60] ਪਾਤਿਸ਼ਾਹ[59] ਨੇ ਪ੍ਰਹਿਲਾਦ ਦੀ ਖ਼ਾਤਰ, ਕਾਨੂੰਨ ਕੁਦਰਤ[61] ਬਦਲ ਦਿਤੇ[62] ਅਤੇ ਬਾਵਜੂਦ ਪਹਾੜ[53] ਤੇ ਦਰਖ਼ਤਾਂ[54] ਹੇਠਾਂ ਸੁੱਟਣ, ਪਾਣੀ[55] ਤੇ ਅੱਗ[56] ਵਿਚ ਪਾਣ ਅਤੇ ਮੌਤ ਦਾ ਡਰ[57] ਦਿਤੇ ਜਾਣ ਦੇ, ਸੁਆਮੀ ਨੇ ਉਸ ਦੀ ਰੱਖਿਆ[58] ਕੀਤੀ ।
ਕਾਢਿ[63] ਖੜਗੁ[64] ਕਾਲੁ[65] ਭੈ[66] ਕੋਪਿਓ[67] ਮੋਹਿ[68]	Burning with rage[67], Harnakhsh drew[63] his sword[64] and threatened	ਗੁੱਸੇ[67] ਨਾਲ ਲੋਹਾ ਲਾਖਾ ਹੋ, ਹਰਨਾਖਸ਼ ਨੇ ਆਪਣੀ ਤਲਵਾਰ[64] ਖਿੱਚ ਲਈ[63] ਅਤੇ ਪ੍ਰਹਿਲਾਦ ਨੂੰ ਮੌਤ[65]

ਬਤਾਉ[69] ਜੁ[70] ਤੁਹਿ[71] ਰਾਖੈ[72] ॥	Prahlad with the fear[66] of death[65] and thundred, "Tell[69] me[68], who[70] can save[72] thee[71] ?"	ਦੇ ਡਰ[66] ਦੀ ਧਮਕੀ ਦਿਤੀ ਅਤੇ ਗੱਜਿਆ, "ਮੈਨੂੰ[68] ਦੱਸ[69] ਤੈਨੂੰ[71] ਕੌਣ[70] ਬਚਾ ਸਕਦਾ[72] ਹੈ ?"
ਪੀਤ[73] [74]ਪੀਤਾਂਬਰ[75] [76]ਤ੍ਰਿਭਵਣ[77] ਧਣੀ[78] ਥੰਭ[79] ਮਾਹਿ[80] ਹਰਿ[81] ਭਾਖੈ[82] ॥੪॥	Prahlad said[82], "Orpiment[73] like [74]yellow-robed[75] God[81], the Master[78] of the three[76] worlds[77], is in[80] the pillar[79] to which I am tied".	ਪ੍ਰਹਿਲਾਦ ਨੇ ਆਖਿਆ[82], "ਹੜਤਾਲ[73] ਵਰਗੇ ਪੀਲੇ[74] ਬਸਤਰਾਂ[75] ਵਾਲਾ ਤਿੰਨਾਂ[76] ਜਹਾਨਾਂ[77] ਦਾ ਮਾਲਕ[78] ਵਾਹਿਗੁਰੂ[81] ਥੰਮ੍ਹ[79] ਵਿਚ[80] ਹੈ, ਜਿਸ ਨਾਲ ਮੈਂ ਬੰਨ੍ਹਿਆ ਹੋਇਆ ਹਾਂ।"
ਹਰਨਾਖਸੁ ਜਿਨਿ[83] ਨਖਹ[84] ਬਿਦਾਰਿਓ[85] ਸੁਰਿ[86] ਨਰ[87] ਕੀਏ ਸਨਾਥਾ[88] ॥	He, who[83] tore[85] Harnakhsh with His nails[84], proclaimed Himself the Lord[88] of gods[86] and men[87].	ਜਿਸ[83] ਨੇ ਹਰਨਾਖਸ਼ ਨੂੰ ਆਪਣੇ ਨੌਹਾਂ[84] ਨਾਲ ਪਾੜ ਸੁਟਿਆ[85] ਸੀ ਉਸ ਨੇ ਆਪਣੇ ਆਪ ਨੂੰ ਦੇਵਤਿਆਂ[86] ਤੇ ਮਨੁੱਖਾਂ[87] ਦਾ ਸੁਆਮੀ[88] ਪਰਗਟ ਕੀਤਾ ਸੀ।
ਕਹਿ[97]* ਨਾਮਦੇਉ ਹਮ[89] [90]ਨਰਹਰਿ[91] ਧਿਆਵਹਿ[92] ਰਾਮੁ[93] [94]ਅਭੈਪਦ[95] ਦਾਤਾ[96] ॥੫॥੩॥੯॥	Says[97]* Nam Dev, I[89] meditate[92] on that Lord[93], the [90]Man-lion[91], who is the Giver[96] of fearless[94] dignity[95].	ਨਾਮਦੇਵ ਜੀ ਆਖਦੇ[97]* ਹਨ, ਮੈਂ[89] ਉਸ [90]ਮਨੁਸ਼-ਸ਼ੇਰ[91], ਸੁਆਮੀ[93] ਦਾ ਸਿਮਰਨ[92] ਕਰਦਾ ਹਾਂ, ਜੋ ਡਰ-ਰਹਿਤ[94] ਮਰਤਬੇ[95] ਦਾ ਦੇਣ ਵਾਲਾ[96] ਹੈ।
ਸੁਲਤਾਨੁ[100] ਪੂਛੈ[97] ਸੁਨੁਬੇ[98] ਨਾਮਾ ॥ ਦੇਖਉ ਰਾਮ ਤੁਮ੍ਹਰੇ ਕਾਮਾ[99] ॥੧॥	The emperor[100] said[97], "Hear thou, O[98] Nama, let me see the doings[99] of thy Lord."	ਬਾਦਸ਼ਾਹ[100] ਨੇ ਆਖਿਆ[97], "ਤੂੰ ਸੁਣ ਓਇ[98] ਨਾਮਿਆ! ਵੇਖਦਾ ਹਾਂ, ਮੈਂ ਤੇਰੇ ਪ੍ਰਭੂ ਦੇ ਕੰਮ[99]।"
ਨਾਮਾ ਸੁਲਤਾਨੇ ਬਾਧਿਲਾ[2]॥ ਦੇਖਉ ਤੇਰਾ ਹਰਿ ਬੀਠੁਲਾ[3] ॥੧॥ ਰਹਾਉ ॥	The emperor had Nama arrested[2], and said, "Let me see thy Beloved[3] God. Pause.	ਬਾਦਸ਼ਾਹ ਨੇ ਨਾਮੇ ਨੂੰ ਪਕੜ ਲਿਆ[2] ਅਤੇ ਆਖਿਆ "ਵੇਖਦਾ ਹਾਂ, ਮੈਂ ਤੇਰੇ ਪਿਆਰੇ[3] ਵਾਹਿਗੁਰੂ ਨੂੰ! ਠਹਿਰਾਉ।
ਬਿਸਮਿਲਿ[4] ਗਊ[5] ਦੇਹੁ ਜੀਵਾਇ[6] ॥ ਨਾ ਤਰੁ[7] ਗਰਦਨਿ[8] ਮਾਰਉ[9] ਠਾਇ[10] ॥੨॥	Restore to life[6] this slaughtered[4] cow[5], otherswise[7] I shall strike[9] off thy head[8] on this very spot[10]."	ਇਸ ਜ਼ਿਬ੍ਹਾ[4] ਕੀਤੀ ਹੋਈ ਗਾਂ[5] ਨੂੰ ਜੀਉਂਦੀ[6] ਕਰ ਦੇ, ਨਹੀਂ ਤਾਂ[7] ਏਸੇ ਥਾਂ[10] ਤੇ ਤੇਰਾ ਸਿਰ[8] ਲਾਹ ਸੁਟਾਂਗਾ[9]।"
ਬਾਦਿਸਾਹ ਐਸੀ[12] ਕਿਉ[13] ਹੋਇ ॥ ਬਿਸਮਿਲਿ[14] ਕੀਆ ਨ ਜੀਵੈ[15] ਕੋਇ[16] ॥੩॥	Replied Nama, "O king, how[13] can it happen this wise[12] ? No man[16] can reanimate[15] the slaughtered[14] one.	ਨਾਮੇ ਨੇ ਉਤਰ ਦਿੱਤਾ, "ਹੇ ਪਾਤਿਸ਼ਾਹ ਇੰਜ[12] ਕਿਸ ਤਰ੍ਹਾਂ[13] ਹੋ ਸਕਦਾ ਹੈ ? ਕੋਈ ਜਣਾ[16] ਜ਼ਿਬ੍ਹਾ ਕੀਤੇ ਹੋਏ[14] ਨੂੰ ਸੁਰਜੀਤ[15] ਨਹੀਂ ਕਰ ਸਕਦਾ।
ਮੇਰਾ ਕੀਆ[17] ਕਛੂ ਨ ਹੋਇ ॥	By my doing[17], nothing can be done.	ਮੇਰੇ ਕਰਨ ਦੁਆਰਾ[17], ਕੁਝ ਭੀ ਨਹੀਂ ਹੋ ਸਕਦਾ।
ਕਰਿ ਹੈ ਰਾਮੁ ਹੋਇ[18] ਹੈ ਸੋਇ[19] ॥੪॥	Whatever the Lord does, that[19] alone takes place[18]."	ਜਿਹੜਾ ਕੁਛ ਪ੍ਰਭੂ ਕਰਦਾ ਹੈ, ਕੇਵਲ ਉਹ[19] ਹੀ ਹੁੰਦਾ[18] ਹੈ।"
ਬਾਦਿਸਾਹੁ ਚੜ੍ਹਿਓ[20] ਅਹੰਕਾਰਿ[21] ॥	The king flew[20] into pride[21].	ਪਾਤਿਸ਼ਾਹ ਹੰਕਾਰ[21] ਵਿਚ ਆ ਗਿਆ[20]।

ਗਜ ਹਸਤੀ[22] ਦੀਨੋ ਚਮਕਾਰਿ[23] ॥੫॥

He infuriated[23] a huge elephant[22].

ਉਸ ਨੇ ਇਕ ਵਡੇ ਹਾਥੀ[22] ਨੂੰ ਅੱਗ-ਬਗੋਲਾ[23] ਕਰ ਦਿਤਾ।

ਰੁਦਨੁ[24] ਕਰੈ ਨਾਮੇ ਕੀ ਮਾਇ[25] ॥ ਛੋਡਿ ਰਾਮੁ ਕੀ[26] ਨ ਭਜਹਿ[27] ਖੁਦਾਇ ॥੬॥

Nama's mother[25] began to wail[24] and she said, "Abandoning the God of Hindus, why[26] utterest[27] thou not the God of Muslims ?".

ਨਾਮੇ ਦੀ ਮਾਤਾ[25] ਰੋਣ ਲਗ[24] ਗਈ ਅਤੇ ਉਸ ਨੇ ਆਖਿਆ, "ਤੂੰ ਹਿੰਦੂਆਂ ਦੇ ਰਾਮ ਨੂੰ ਛੱਡ ਕੇ ਕਿਉਂ[26] ਮੁਸਲਮਾਨਾਂ ਦੇ ਖ਼ੁਦਾ ਦਾ ਉਚਾਰਨ[27] ਨਹੀਂ ਕਰਦਾ ?"

ਨਾ ਹਉ ਤੇਰਾ ਪੂੰਗੜਾ[28] ਨ ਤੂ ਮੇਰੀ ਮਾਇ ॥ ਪਿੰਡੁ[29] ਪੜੈ[30] ਤਉ[31] ਹਰਿ ਗੁਨ[32] ਗਾਇ ॥੭॥

Nama replied, "I am not thy son[28], nor thou art my mother. Even if my body[29] perishes[30], even then[31] I would sing the Lord's praise[32]."

ਨਾਮੇ ਨੇ ਉੱਤਰ ਦਿਤਾ "ਮੈਂ ਤੇਰਾ ਪੁਤ[28] ਨਹੀਂ, ਨਾ ਹੀ ਤੂੰ ਮੇਰੀ ਮਾਤਾ ਹੈਂ। ਭਾਵੇਂ ਮੇਰੀ ਦੇਹਿ[29] ਭੀ ਨਸ਼ਟ ਹੋ ਜਾਵੇ[30], ਤਾਂ[31] ਭੀ ਮੈਂ ਪ੍ਰਭੂ ਦਾ ਜੱਸ[32] ਗਾਇਨ ਕਰਦਾ ਰਹਾਂਗਾ।"

ਕਰੈ[33] ਗਜਿੰਦੁ[34] ਸੁੰਡ ਕੀ ਚੋਟ[35] ॥ ਨਾਮਾ ਉਬਰੈ[36] ਹਰਿ ਕੀ ਓਟ[37] ॥੮॥

The elephant[34] struck[33] him a blow[35] with his trunk, but Nama was saved[36] through the Lord's protection[37].

ਹਾਥੀ[34] ਉਸ ਨੂੰ ਆਪਣੀ ਸੁੰਡ ਨਾਲ ਸੱਟ[35] ਮਾਰਦਾ[33] ਸੀ, ਪ੍ਰੰਤੂ ਪ੍ਰਭੂ ਦੀ ਪਨਾਹ[37] ਰਾਹੀਂ ਨਾਮਾ ਬਚ ਗਿਆ[36]।

ਕਾਜੀ ਮੁਲਾਂ ਕਰਹਿ ਸਲਾਮੁ[38] ॥ ਇਨਿ ਹਿੰਦੂ ਮੇਰਾ ਮਲਿਆ[39] ਮਾਨੁ[40] ॥ ੯ ॥

The king said, "The Qazis and Mullas make obeisance[38] unto me, but this Hindu has trampled[39] my honour[40]."

ਬਾਦਸ਼ਾਹ ਨੇ ਆਖਿਆ, "ਕਾਜ਼ੀ ਅਤੇ ਮੁੱਲਾਂ ਮੈਨੂੰ ਬੰਦਨਾ[38] ਕਰਦੇ ਹਨ, ਪ੍ਰੰਤੂ ਇਸ ਹਿੰਦੂ ਨੇ ਮੇਰੀ ਇੱਜ਼ਤ ਆਬਰੂ[40] ਲਤਾੜ[39] ਛੱਡੀ ਹੈ।"

ਬਾਦਿਸਾਹ ਬੇਨਤੀ[41] ਸੁਨੇਹੁ ॥

The Hindus said, "Hear thou our prayer[41], O king.

ਹਿੰਦੂਆਂ ਨੇ ਆਖਿਆ, "ਤੂੰ ਸਾਡੀ ਪ੍ਰਾਰਥਨਾ[41] ਸੁਣ, ਹੇ ਪਾਤਿਸ਼ਾਹ !

ਨਾਮੇ ਸਰਭਰਿ[42] ਸੋਨਾ[43] ਲੇਹੁ[44] ॥੧੦॥

Take[44] thou Nama's weight[42] in gold[43], and release him."

ਨਾਮੇ ਦੇ ਭਾਰ[42] ਦਾ ਤੂੰ ਸੋਨਾ[43] ਲੈ ਲੈ[44], ਅਤੇ ਇਸ ਨੂੰ ਛਡ ਦੇ।"

੧੧੬੬ **1166** **੧੧੬੬**

ਮਾਲੁ[45] ਲੇਉ ਤਉ[46] ਦੋਜਕਿ[47] ਪਰਉ ॥ ਦੀਨੁ[48] ਛੋਡਿ ਦੁਨੀਆ[49] ਕਉ ਭਰਉ[50] ॥੧੧॥

Said the king, 'If I take wealth[45], then[46] I shall fall into hell[47]. Should I amass[50] worldly wealth[49] by abandoning my religion[48] ?"

ਬਾਦਸ਼ਾਹ ਨੇ ਆਖਿਆ "ਜੇਕਰ ਮੈਂ ਦੌਲਤ[45] ਲੈ ਲਵਾਂ ਤਾਂ[46] ਮੈਂ ਨਰਕ[47] ਵਿਚ ਪਵਾਂਗਾ। ਆਪਣੇ ਧਰਮ[48] ਨੂੰ ਤਿਆਗ ਕੇ ਕੀ ਮੈਂ ਸੰਸਾਰੀ ਮਾਲ-ਮੱਤਾ[49] ਇਕੱਤਰ[50] ਕਰਾਂ ?"

ਪਾਵਹੁ[51] ਬੇੜੀ[52] ਹਾਥਹੁ[53] ਤਾਲ[54] ॥ ਨਾਮਾ ਗਾਵੈ ਗੁਨ[55] ਗੋਪਾਲ[56] ॥੧੨॥

With fetters[52] on his feet[51], Nama sang the praise[55] of the Lord[56] by beating tune[54] with his hands[53].

ਪੈਰੀਂ[51] ਬੇੜੀਆਂ[52] ਲੱਗੀਆਂ ਹੋਈਆਂ ਸਮੇਤ, ਨਾਮਾ ਆਪਣੇ ਹੱਥਾਂ[53] ਨਾਲ ਸੁਰਤਾਲ ਮੇਲ[54], ਪ੍ਰਭੂ[56] ਦਾ ਜੱਸ[55] ਗਾਉਂਦਾ ਸੀ।

ਗੰਗ ਜਮੁਨ ਜਉ[57] ਉਲਟੀ[58] ਬਹੈ[59] ॥ ਤਉ[60] ਨਾਮਾ ਹਰਿ ਕਰਤਾ[61] ਰਹੈ ॥੧੩॥

Said Nam Dev, "If[57] the Ganges and the Jamna flow[59] backwards[58], even then[60] I, Nama, shall continue uttering[61] the God's Name."

ਨਾਮਦੇਵ ਨੇ ਆਖਿਆ "ਜੇਕਰ[57] ਗੰਗਾ ਅਤੇ ਜਮਨਾ ਪਿਛਲੇ ਪਾਸੇ[58] ਨੂੰ ਵਗਣ[59] ਲਗ ਜਾਣ ਤਾਂ ਭੀ[60] ਮੈਂ, ਨਾਮਾ, ਵਾਹਿਗੁਰੂ ਦੇ ਨਾਮ ਦਾ ਉਚਾਰਨ[61] ਕਰਦਾ ਰਹਾਂਗਾ।"

	N.B. Nama was given three hours to reanimate the cow, otherwise he was to suffer death.	ਨੋਟ–ਨਾਮੇ ਨੂੰ ਗਾਂ ਸੁਰਜੀਤ ਕਰਨ ਲਈ ਕੇਵਲ ਤਿੰਨ ਘੰਟੇ ਮਿਲੇ ਸਨ, ਨਹੀਂ ਤਾਂ ਉਸ ਨੂੰ ਮੌਤ ਸਹਿਣੀ ਪਏਗੀ ।
ਸਾਤ ਘਰੀ ਜਬ[62] ਬੀਤੀ[63] ਸੁਣੀ ॥ ਅਜਹੁ[64] ਨ ਆਇਓ[65] [66]ਤ੍ਰਿਭਵਣ[67] ਧਨੀ[68] ॥੧੪॥	When[62] the seven 'gharis' having elapsed[63] were heard, even by then[64], the Lord[68] of the three[66] worlds[67] had arrived[65] not.	ਜਦ[62] ਸੱਤ ਘੜੀਆਂ ਲੰਘੀਆਂ ਹੋਈਆਂ[63] ਸੁਣੀਆਂ ਗਈਆਂ, ਉਦੋਂ ਤਾਂਈ[64] ਭੀ ਤਿੰਨਾਂ[66] ਜਹਾਨਾਂ[67] ਦਾ ਸੁਆਮੀ[68] ਨਹੀਂ ਸੀ ਪੁੱਜਾ[65] ।
	N. B. A ghari is equal to 24 minutes.	ਨੋਟ–ਇਕ ਘੜੀ ੨੪ ਮਿੰਟਾਂ ਦੇ ਬਰਾਬਰ ਹੁੰਦੀ ਹੈ ।
ਪਾਖੰਤਣ[69] ਬਾਜ[70] ਬਜਾਇਲਾ[71] ॥ ਗਰੁੜ[72] ਚੜ੍ਹੇ[73] [74]ਗੋਬਿੰਦ[75] ਆਇਲਾ[76] ॥੧੫॥	Playing upon[71] the instrument[70] of wings[69], and mounted[73] on an eagle[72] the [74]World-Lord[75] came[76].	ਖੰਭਾਂ[69] ਦਾ ਵਾਜਾ[70] ਵਜਾਉਂਦਾ[71] ਹੋਇਆ ਅਤੇ ਨੀਲਕੰਠ[72] ਤੇ ਸਵਾਰ[73] ਹੋ, ਸੰਸਾਰ[74] ਦਾ ਸੁਆਮੀ[75] ਆ ਗਿਆ[76] ।
ਅਪਨੇ ਭਗਤ[77] ਪਰਿ[78] ਕੀ ਪ੍ਰਤਿਪਾਲ[79] ॥ ਗਰੁੜ ਚੜ੍ਹੇ ਆਏ [80]ਗੋਪਾਲ[81] ॥ ੧੬ ॥	God, the Cherisher[81] of the world[80], took compassion[79] on[78] His saint[77] and came mounted on an eagle.	ਜਗਤ[80] ਦੇ ਪਾਲਣਹਾਰ[81] ਵਾਹਿਗੁਰੂ ਨੇ ਆਪਣੇ ਸਾਧੂ[77] ਉਤੇ[78] ਰਹਿਮਤ[79] ਕੀਤੀ ਅਤੇ ਨੀਲਕੰਠ ਤੇ ਸਵਾਰ ਹੋ ਕੇ ਆ ਗਿਆ ।
ਕਹਹਿ[82] ਤ[83] ਧਰਣਿ[84] ਇਕੋਡੀ[85] ਕਰਉ ॥ ਕਹਹਿ ਤ ਲੇ[86] ਕਰਿ ਊਪਰਿ[87] ਧਰਉ[88] ॥ ਕਹਹਿ ਤ ਮੁਈ[89] ਗਊ ਦੇਉ ਜੀਆਇ[90] ॥੧੭॥ ਸਭੁ[91] ਕੋਈ ਦੇਖੈ ਪਤੀਆਇ[92] ॥ ੧੮॥	Uttered the Lord, "If[83] thou sayest[82], I may turn the earth[84] on its side[85]. If thou sayest, I may place[88] it upside[87] down[86]. If thou sayest, I may restore the dead[89] cow to life[90], so that everyone[91] may see and be convinced[92]."	ਪ੍ਰਭੂ ਨੇ ਫੁਰਮਾਇਆ, "ਜੇਕਰ[83] ਤੂੰ ਆਖੇਂ[82], ਮੈਂ ਧਰਤੀ[84] ਨੂੰ ਟੇਢੀ[85] ਕਰ ਦਿਆਂ । ਜੇ ਤੂੰ ਆਖੇਂ ਤਾਂ ਮੈਂ ਇਸ ਦਾ ਉਪਰਲਾ[87] ਪਾਸਾ ਹੇਠਾਂ[86] ਕਰਕੇ ਰਖ ਦਿਆਂ[88] । ਜੇ ਤੂੰ ਆਖੇਂ ਤਾਂ ਮੈਂ ਮਰੀ ਹੋਈ[89] ਗਾਂ ਨੂੰ ਜੀਉਂਦੀ[90] ਕਰ ਦਿਆਂ, ਤਾਂ ਜੋ ਹਰ ਜਣਾ[91] ਵੇਖ ਕੇ ਪਤੀਜ[92] ਜਾਵੇ ।"
ਨਾਮਾ ਪ੍ਰਣਵੈ[93] ਸੇਲ[94] ਮਸੇਲ[95] ॥	Prays[93] Nama, "My Lord, fasten[95] Thou the spancel[94] to the cow to milk it."	ਨਾਮਾ ਬੇਨਤੀ ਕਰਦਾ[93] ਹੈ, "ਹੇ ਪ੍ਰਭੂ ! ਗਾਂ ਨੂੰ ਚੋਣ ਲਈ ਤੂੰ ਇਸ ਨੂੰ ਨਿਆਣਾ[94] ਪਾ[95] ਦੇ ।"
ਗਊ ਦੁਹਾਈ[96] ਬਛਰਾ[97] ਮੇਲਿ[98] ॥੧੯॥	Putting[98] the calf[97], the cow was milked[96].	ਵੱਛਾ[97] ਛੱਡ ਕੇ[98], ਗਾਂ ਦੀ ਧਾਰ ਕੱਢ ਲਈ[96] ਗਈ ।
ਦੂਧਹਿ[99] ਦੁਹਿ[100] ਜਬ[2] ਮਟੁਕੀ[3] ਭਰੀ ॥ ਲੇ[4] ਬਾਦਿਸਾਹ ਕੇ ਆਗੇ[5] ਧਰੀ[6] ॥੨੦॥	When[2] the pitcher[3] was filled with the milked[100] milk[99], Nama took[4] and placed[6] it before[5] the emperor.	ਜਦ[2] ਚੋਏ ਹੋਏ[100] ਦੁੱਧ[99] ਨਾਲ ਮਟਕੀ[3] ਭਰ ਗਈ ਤਾਂ ਨਾਮੇ ਨੇ ਇਸ ਨੂੰ ਲੈ ਕੇ[4] ਪਾਤਿਸ਼ਾਹ ਦੇ ਮੂਹਰੇ[5] ਰਖ ਦਿਤਾ[6] ।
ਬਾਦਿਸਾਹੁ ਮਹਲ[7] ਮਹਿ[8] ਜਾਇ ॥ ਅਉਘਟ[9] ਕੀ	Thereafter, the king went into[8] his palace[7], and the hour[9] of trouble	ਫਿਰ ਪਾਤਿਸ਼ਾਹ ਆਪਣੇ ਰਾਜ ਭਵਨ[7] ਵਿਚ[8] ਚਲਿਆ ਗਿਆ ਅਤੇ ਉਸ ਤੇ ਮੁਸੀਬਤ ਦੀ ਘੜੀ[9]

ਘਟ[9] ਲਾਗੀ ਆਇ[10] ॥ ੨੧॥	came[10] upon him.	ਆ ਪੁੱਜੀ[10] ।
ਕਾਜੀ ਮੁਲਾਂ ਬਿਨਤੀ[12] ਫੁਰਮਾਇ[13] ॥ ਬਖਸੀ[14] ਹਿੰਦੂ ਮੈ ਤੇਰੀ ਗਾਇ[15] ॥ ੨੨ ॥	Through the Qazis and Mullas, the king made[13] a supplication[12], "Pardon[14] me thou, O Hindu, I am thy cow[15]."	ਕਾਜ਼ੀਆਂ ਅਤੇ ਮੁੱਲਾਂ ਦੇ ਰਾਹੀਂ ਪਾਤਿਸ਼ਾਹ ਨੇ ਪ੍ਰਾਰਥਨਾ[12] ਕੀਤੀ[13], "ਮੈਨੂੰ ਮਾਫ਼ ਕਰ[14] ਦੇ, ਤੂੰ ਹੇ ਹਿੰਦੂ ! ਮੈਂ ਤੇਰੀ ਗਾਂ[15] ਹਾਂ ।"
ਨਾਮਾ ਕਹੈ[16] ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ[17] ਮੁਝੈ[18] ਦਿਖਾਇ[19] ॥੨੩॥ ਇਸ ਪਤੀਆ ਕਾ ਇਹੈ ਪਰਵਾਨੁ[20] ॥ ਸਾਚਿ[21] ਸੀਲਿ[22] ਚਾਲਹੁ[23] ਸੁਲਤਾਨ[24] ॥੨੪॥	Said[16] Nama, "Hear thou, O king, has this miracle[17] been exhibited[19] by me[18] ? The object[20] of this miracle is that thou O emperor[24], shouldest walk[23] on the path of truth[21] and humility[22]."	ਨਾਮੇ ਨੇ ਆਖਿਆ[16], "ਤੂੰ ਸੁਣ, ਹੇ ਪਾਤਿਸ਼ਾਹ ! ਕੀ ਇਹ ਕਰਾਮਾਤ[17] ਮੈਂ[18] ਵਿਖਾਲੀ[19] ਹੈ ? ਇਸ ਕਰਾਮਾਤ ਦਾ ਇਹ ਮਨੋਰਥ[20] ਹੈ ਕਿ ਤੈਨੂੰ ਹੇ ਬਾਦਸ਼ਾਹ[24] ! ਸੱਚ[21] ਅਤੇ ਨਿਮਰਤਾ[22] ਦੇ ਰਸਤੇ ਟੁਰਨਾ[23] ਚਾਹੀਦਾ ਹੈ ।"
ਨਾਮਦੇਉ ਸਭ[25] ਰਹਿਆ ਸਮਾਇ[26] ॥	Thereafter, Nam Dev was renowned[26] all[25] over.	ਉਸ ਤੋਂ ਮਗਰੋਂ, ਨਾਮਦੇਵ ਸਾਰੇ[25] ਪ੍ਰਸਿੱਧ[26] ਹੋ ਗਿਆ ।
ਮਿਲਿ[27] ਹਿੰਦੂ ਸਭ ਨਾਮੇ ਪਹਿ ਜਾਇ ॥੨੫॥ ਜਉ[28] ਅਬ ਕੀ ਬਾਰ[29] ਨ ਜੀਵੈ ਗਾਇ ॥ ਤ[30] ਨਾਮਦੇਵ ਕਾ ਪਤੀਆ[31] ਜਾਇ[32] ॥੨੬॥	In a body[27] all the Hindus went to Nama, and said amongst themselves, "If[28] the cow had not been resurrected this time[29], then[30] people would have lost[32] faith[31] in Nam Dev."	ਸਾਰੇ ਹਿੰਦੂ ਇਕੱਠੇ ਹੋ[27] ਨਾਮੇ ਕੋਲ ਗਏ ਅਤੇ ਉਹ ਆਪੋ ਵਿਚ ਗੱਲਾਂ ਕਰਦੇ ਸਨ, "ਜੇਕਰ[28] ਇਸ ਦਫ਼ਾ[29] ਗਾਂ ਸੁਰਜੀਤ ਨਾ ਹੁੰਦੀ ਤਾਂ[30] ਨਾਮਦੇਵ ਉਤੋਂ ਲੋਕਾਂ ਦਾ ਭਰੋਸਾ[31] ਉਠ[32] ਜਾਣਾ ਸੀ ।"
ਨਾਮ ਕੀ ਕੀਰਤਿ[33] ਰਹੀ ਸੰਸਾਰਿ[34] ॥	The celebrity[33] of Nam Dev spread through the world[34].	ਨਾਮਦੇਵ ਦਾ ਜੱਸ[33] ਜਹਾਨ[34] ਅੰਦਰ ਫੈਲ ਗਿਆ ।
ਭਗਤ ਜਨਾਂ[35] ਲੇ[36] ਉਧਰਿਆ[37] ਪਾਰਿ ॥੨੭॥	Taking[36] the pious persons[35] with him, Nama ferried across[37] the world-ocean	ਪਵਿੱਤ੍ਰ ਪੁਰਸ਼ਾਂ[35] ਨੂੰ ਨਾਲ ਲੈ ਕੇ[36] ਨਾਮਾ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ[37] ।
ਸਗਲ[38] ਕਲੇਸ[39] ਨਿੰਦਕ[40] ਭਇਆ[41] ਖੇਦੁ[42] ॥ ਨਾਮੇ ਨਾਰਾਇਨ ਨਾਹੀ ਭੇਦੁ[43] ॥ ੨੮॥੧॥੧੦॥	All[38] the trouble[39] and agony[42] befell[41] the slanderer[40]. Between Nam Dev and the Lord there is no difference[43].	ਸਾਰੀ[38] ਤਕਲੀਫ਼[39] ਅਤੇ ਕਸ਼ਟ[42] ਕਲੰਕ ਲਾਉਣ ਵਾਲੇ[40] ਨੂੰ ਆ ਵਾਪਰੇ[41] । ਨਾਮਦੇਵ ਅਤੇ ਪ੍ਰਭੂ ਦੇ ਵਿਚਕਾਰ ਕੋਈ ਭਿੰਨ-ਭੇਦ[43] ਨਹੀਂ ।
ਘਰੁ੨॥ ਜਉ[44] ਗੁਰਦੇਉ[45] ਤ[46] ਮਿਲੈ [47]ਮੁਰਾਰਿ[48] ॥ ਜਉ ਗੁਰਦੇਉ ਤ ਉਤਰੈ ਪਾਰਿ[49] ॥	When[44] the Guru-God[45] is Merciful then[46] one meets with God, the Enemy[48] of ego[47]. When the Guru-God is Merciful, then one is ferried across[49].	ਜਦ[44] ਗੁਰੂ-ਪ੍ਰਮੇਸ਼ਰ[45] ਮਿਹਰਬਾਨ ਹੁੰਦਾ ਹੈ, ਤਦ[46] ਹੰਕਾਰ[47] ਦਾ ਵੈਰੀ[48], ਵਾਹਿਗੁਰੂ ਬੰਦੇ ਨੂੰ ਮਿਲ ਪੈਂਦਾ ਹੈ । ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੁੰਦੇ ਹਨ ਤਾਂ ਬੰਦਾ ਪਾਰ ਉਤਰ ਜਾਂਦਾ[49] ਹੈ ।

ਜਉ ਗੁਰਦੇਉ ਤ ਬੈਕੁੰਠ[50] ਤਰੈ[51] ॥ ਜਉ ਗੁਰਦੇਉ ਤ ਜੀਵਤ[52] ਮਰੈ[53] ॥੧॥	When the Guru-God is Merciful, then one swims over[51] to the Lord's realm[50]. When the Guru-God is merciful, then one remains dead[53] in life[52].	ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੁੰਦੇ ਹਨ ਤਦ ਜੀਵ ਬ੍ਰਹਮ ਲੋਕ[50] ਨੂੰ ਤਰ ਜਾਂਦਾ[51] ਹੈ। ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੁੰਦੇ ਹਨ ਤਦ ਜੀਵ ਜੀਉਂਦੇ[52] ਜੀ ਮਰਿਆ[53] ਰਹਿੰਦਾ ਹੈ।
ਸਤਿ[55] ਸਤਿ ਸਤਿ ਸਤਿ ਸਤਿ ਗੁਰਦੇਵ[54] ॥ ਝੂਠੁ[56] ਝੂਠੁ ਝੂਠੁ ਝੂਠੁ ਆਨ[57] ਸਭ[58] ਸੇਵ[59] ॥੧॥ ਰਹਾਉ ॥	True[55], true, true, true, true is the Divine Guru[54]. False[56], false, false, false is all[58] other[57] service[59]. Pause.	ਸੱਚੇ[55], ਸੱਚੇ, ਸੱਚੇ, ਸੱਚੇ, ਸੱਚੇ ਹਨ ਰੱਬ ਰੂਪ ਗੁਰੂ[54] ਜੀ। ਕੂੜੀ[56], ਕੂੜੀ, ਕੂੜੀ, ਕੂੜੀ ਹੈ ਹੋਰ[57] ਸਾਰੀ[58] ਟਹਿਲ ਸੇਵਾ[59]। ਠਹਿਰਾਉ।
ਜਉ ਗੁਰਦੇਉ ਤ ਨਾਮੁ ਦ੍ਰਿੜਾਵੈ[60] ॥ ਜਉ ਗੁਰਦੇਉ ਨ [61]ਦਹਦਿਸ[62] ਧਾਵੈ[63] ॥	When the Guru-God is Merciful, then he enshrines[60] the Name in Man. When the Guru-God is Merciful, one wanders[63] not in ten[61] directions[62].	ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੋ ਜਾਂਦੇ ਹਨ ਤਦ ਉਹ ਜੀਵ ਅੰਦਰ ਨਾਮ ਪੱਕਾ ਕਰ ਦਿੰਦੇ[60] ਹਨ। ਜਦ ਗੁਰੂ-ਪ੍ਰਮੇਸ਼ਰ ਜੀ ਮਿਹਰਬਾਨ ਹੋ ਜਾਂਦੇ ਹਨ, ਇਨਸਾਨ ਦਸੀਂ[61] ਪਾਸੀਂ[62] ਨਹੀਂ ਭਟਕਦਾ[63]।
ਜਉ ਗੁਰਦੇਉ ਪੰਚ[64] ਤੇ ਦੂਰਿ[65] ॥ ਜਉ ਗੁਰਦੇਉ ਨ ਮਰਿਬੋ ਝੂਰਿ[66] ॥੨॥	When the Divine Guru is Merciful, the mortal is removed afar[65] from the five[64] demons. When the Divine Guru is Merciful, he dies not regretting[66].	ਜਦ ਰੱਬ ਰੂਪ ਗੁਰੂ ਜੀ ਮਿਹਰਬਾਨ ਹੁੰਦੇ ਹਨ, ਪ੍ਰਾਣੀ ਪੰਜਾਂ[64] ਭੂਤਨਿਆਂ ਤੋਂ ਪਰੇਡੇ[65] ਹੋ ਜਾਂਦਾ ਹੈ। ਜਦ ਰੱਬ ਰੂਪ ਗੁਰੂ ਜੀ ਮਿਹਰਬਾਨ ਹੋ ਜਾਂਦੇ ਹਨ, ਉਹ ਅਫ਼ਸੋਸ ਕਰਦਾ ਹੋਇਆ[66] ਨਹੀਂ ਮਰਦਾ।
ਜਉ ਗੁਰਦੇਉ ਤ ਅੰਮ੍ਰਿਤ[67] ਬਾਨੀ[68] ॥ ਜਉ ਗੁਰਦੇਉ ਤ ਅਕਥ[69] ਕਹਾਨੀ[70] ॥	When the Divine Guru is Merciful, the one is blessed with the ambrosial[67] Gurbani[68]. When the Divine Guru is Merciful, then he utters the story[70] of Ineffable[69] Lord.	ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੋ ਜਾਂਦੇ ਹਨ, ਜੀਵ ਨੂੰ ਅੰਮ੍ਰਿਤਮਈ[67] ਗੁਰਬਾਣੀ[68] ਦੀ ਦਾਤ ਮਿਲਦੀ ਹੈ। ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੋ ਜਾਂਦੇ ਹਨ ਤਾਂ ਉਹ ਅਕਹਿ[69] ਪ੍ਰਭੂ ਦੀ ਵਾਰਤਾ[70] ਵਰਨਣ ਕਰਦਾ ਹੈ।
ਜਉ ਗੁਰਦੇਉ ਤ ਅੰਮ੍ਰਿਤ[71] ਦੇਹ[72] ॥ ਜਉ ਗੁਰਦੇਉ ਨਾਮੁ ਜਪਿ ਲੇਹਿ[73] ॥੩॥	When the Guru-God is Compassionate, then immortal[71] becomes one's body[72]. When the Guru-God is merciful, he utters[73] the Lord's Name.	ਜਦ ਗੁਰੂ-ਪ੍ਰਮੇਸ਼ਰ ਮਇਆਵਾਨ ਹੋ ਜਾਂਦੇ ਹਨ, ਤਾਂ ਜੀਵ ਦੀ ਕਾਇਆ[72] ਅਬਿਨਾਸ਼ੀ[71] ਹੋ ਜਾਂਦੀ ਹੈ। ਜਦ ਗੁਰੂ-ਪ੍ਰਮੇਸ਼ਰ ਮਇਆਵਾਨ ਹੁੰਦੇ ਹਨ ਤਾਂ ਉਹ ਪ੍ਰਭੂ ਦੇ ਨਾਮ ਦਾ ਉਚਾਰਨ ਕਰਦਾ[73] ਹੈ।
ਜਉ ਗੁਰਦੇਉ ਭਵਨ[74] ਤ੍ਰੈ[75] ਸੂਝੈ[76] ॥ ਜਉ ਗੁਰਦੇਉ ਊਚ[77] ਪਦ[78] ਬੂਝੈ[79] ॥	When man meets the Divine Guru, he sees[76] the three[75] worlds[74]. When he meets the Divine Guru he understands[79] supreme[77] dignity[78].	ਜਦ ਬੰਦਾ ਰੱਬ ਰੂਪ ਗੁਰਾਂ ਨੂੰ ਮਿਲ ਪੈਂਦਾ ਹੈ ਉਹ ਤਿੰਨਾਂ[75] ਜਹਾਨਾਂ[74] ਨੂੰ ਵੇਖ ਲੈਂਦਾ[76] ਹੈ। ਜਦ ਉਹ ਰੱਬ ਰੂਪ ਗੁਰਾਂ ਨੂੰ ਮਿਲ ਪੈਂਦਾ ਹੈ ਉਹ ਮਹਾਨ[77] ਮਰਤਬੇ[78] ਨੂੰ ਸਮਝ ਲੈਂਦਾ[79] ਹੈ।

ਜਉ ਗੁਰਦੇਉ ਤ ਸੀਸੁ[80] ਅਕਾਸਿ[81] ॥ ਜਉ ਗੁਰਦੇਉ ਸਦਾ[82] ਸਾਬਾਸਿ[83] ॥੪॥

When man meets with the Divine Guru, then his head[80] touches the sky[81]. When man meets with the Divine Guru, he is ever[82] congratulated[83].

ਜਦ ਜੀਵ ਰੱਬ ਰੂਪ ਗੁਰਾਂ ਨੂੰ ਮਿਲ ਪੈਂਦਾ ਹੈ, ਤਦ ਉਸ ਦਾ ਸਿਰ[80] ਅਸਮਾਨ[81] ਨੂੰ ਜਾ ਲਗਦਾ ਹੈ। ਜਦ ਜੀਵ ਰੱਬ ਰੂਪ ਗੁਰਾਂ ਨੂੰ ਮਿਲ ਪੈਂਦਾ ਹੈ, ਉਸ ਨੂੰ ਸਦੀਵ[82] ਹੀ ਵਧਾਈਆਂ ਮਿਲਦੀਆਂ[83] ਹਨ।

ਜਉ ਗੁਰਦੇਉ ਸਦਾ ਬੈਰਾਗੀ[84] ॥ਜਉ ਗੁਰਦੇਉ [85]ਪਰਨਿੰਦਾ[86] ਤਿਆਗੀ[87]॥

When the Divine Guru becomes compassionate, one ever remains detached[84]. When the Divine Guru is Merciful, one abandons[87] the slander[86] of others[85].

ਜਦ ਰੱਬ ਰੂਪ ਗੁਰੂ ਜੀ ਦਇਆਲ ਹੋ ਜਾਂਦੇ ਹਨ, ਪ੍ਰਾਨੀ ਹਮੇਸ਼ਾ ਨਿਰਲੇਪ[84] ਰਹਿੰਦਾ ਹੈ। ਜਦ ਰੱਬ ਰੂਪ ਗੁਰੂ ਜੀ ਦਇਆਲ ਹੁੰਦੇ ਹਨ ਤਾਂ ਪ੍ਰਾਨੀ ਹੋਰਨਾਂ[85] ਦੀ ਬਦਖੋਈ[86] ਛੱਡ ਦਿੰਦਾ[87] ਹੈ।

੧੧੬੭ 1167 ੧੧੬੭

ਜਉ ਗੁਰਦੇਉ ਬੁਰਾ[88] ਭਲਾ[89] ਏਕ[90] ॥ ਜਉ ਗੁਰਦੇਉ ਲਿਲਾਟਹਿ[91] ਲੇਖ[92] ॥੫॥

When the Divine Guru is Merciful, man deems bad[88] and good[89] alike[90]. When the Divine Guru is Merciful, he has good destiny writ[92] on his brow[91].

ਜਦ ਰਬ ਰੂਪ ਗੁਰੂ ਜੀ ਦਇਆਲ ਹੁੰਦੇ ਹਨ, ਬੰਦਾ ਮੰਦੇ[88] ਤੇ ਚੰਗੇ[89] ਨੂੰ ਇਕ ਜੈਸਾ[90] ਜਾਣਦਾ ਹੈ। ਜਦ ਰਬ ਰੂਪ ਗੁਰੂ ਜੀ ਦਇਆਲ ਹੁੰਦੇ ਹਨ ਤਾਂ ਉਸ ਦੇ ਮਥੇ[91] ਤੇ ਚੰਗੀ ਪ੍ਰਾਲਭਧ ਲਿਖੀ ਹੁੰਦੀ[92] ਹੈ।

ਜਉ ਗੁਰਦੇਉ ਕੰਧੁ[93] ਨਹੀ ਹਿਰੈ[94] ॥ ਜਉ ਗੁਰਦੇਉ ਦੇਹੁਰਾ[95] ਫਿਰੈ[96]॥

When the Guru-God is Compassionate, the body wall[93] wears[94] not off. When the Guru-God is Merciful the temple[95] turns[96] towards the mortal.

ਜਦ ਗੁਰੂ-ਪ੍ਰਮੇਸ਼ਰ ਦਇਆਲ ਹੁੰਦੇ ਹਨ ਦੇਹਿ ਕੰਧ[93] ਭੁਰਦੀ[94] ਨਹੀਂ। ਜਦ ਗੁਰੂ-ਪ੍ਰਮੇਸ਼ਰ ਦਇਆਲ ਹੁੰਦੇ ਹਨ ਤਾਂ ਮੰਦਰ[95] ਪ੍ਰਾਨੀ ਵੱਲ ਨੂੰ ਘੁੰਮ ਜਾਂਦਾ[96] ਹੈ।

ਜਉ ਗੁਰਦੇਉ ਤ ਛਾਪਰਿ[97] ਛਾਈ[98]॥ ਜਉ ਗੁਰਦੇਉ ਸਿਹਜ[99] ਨਿਕਸਾਈ[100] ॥ ੬ ॥

When the Guru-God is Compassionate, then the thatched hut[97] is built[98]. When the Guru-God is Merciful, the cot[99] comes out[100] of the water.

ਜਦ ਗੁਰੂ-ਪ੍ਰਮੇਸ਼ਰ ਦਇਆਲ ਹੁੰਦੇ ਹਨ ਤਾਂ ਛਪਰ[97] ਬੰਨ੍ਹ[98] ਦਿਤਾ ਜਾਂਦਾ ਹੈ। ਜਦ ਗੁਰੂ-ਪ੍ਰਮੇਸ਼ਰ ਦਇਆਲ ਹੋ ਜਾਂਦੇ ਹਨ ਤਾਂ ਮੰਜਾ[99] ਪਾਣੀ ਵਿਚੋਂ ਨਿਕਲ ਆਉਂਦਾ[100] ਹੈ।

ਜਉ ਗੁਰਦੇਉ ਤ ਅਠਸਠਿ[2] ਨਾਇਆ[3] ॥

When the Divine Guru is in mercy, then one is deemed to have bathed[3] in sixty eight[2] holies.

ਜਦ ਰਬ ਰੂਪ ਗੁਰੂ ਰਹਿਮਤ ਦੇ ਘਰ ਆਉਂਦੇ ਹਨ ਤਾਂ ਅਠਾਹਟ[2] ਤੀਰਥਾਂ ਦਾ ਇਸ਼ਨਾਨ[3] ਕਰ ਲਿਆ ਮੰਨਿਆ ਜਾਂਦਾ ਹੈ।

ਜਉ ਗੁਰਦੇਉ ਤਨਿ[4] ਚਕ੍ਰ[5] ਲਗਾਇਆ[6] ॥

When the Divine Guru is in mercy, one is deemed to have his body[4] impresssed[6] with the quoit[5].

ਜਦ ਈਸ਼ਵਰ ਰੂਪ ਗੁਰੂ ਮਿਹਰ ਦੇ ਘਰ ਆਉਂਦੇ ਹਨ ਤਾਂ ਬੰਦੇ ਦਾ ਆਪਣੇ ਸਰੀਰ[4] ਤੇ ਚੱਕਰ[5] ਦਾ ਲਾਉਣਾ[6] ਜਾਣ ਲਿਆ ਜਾਂਦਾ ਹੈ।

ਜਉ ਗੁਰਦੇਉ ਤ ਦੁਆਦਸ[7] ਸੇਵਾ[8] ॥

When the Divine Guru is in mercy, then man is deemed to have performed twelve[7] worships[8].

ਜਦ ਰਬ ਰੂਪ ਗੁਰੂ ਜੀ ਮਿਹਰ ਦੇ ਘਰ ਆਉਂਦੇ ਹਨ ਤਾਂ ਬੰਦੇ ਦੀਆਂ ਬਾਰਾਂ[7] ਉਪਾਸ਼ਨਾਂ[8] ਕੀਤੀਆਂ ਜਾਣ ਲਈਆਂ ਜਾਂਦੀਆਂ ਹਨ।

ਜਉ ਗੁਰਦੇਉ ਸਭੈ ਬਿਖੁ[9] ਮੇਵਾ[10] ॥੭॥	When the Divine Guru is in mercy, all the poisons[9] turn into ambrosial fruit[10].	ਜਦ ਈਸ਼ਵਰ ਸਰੂਪ ਗੁਰੂ ਜੀ ਰਹਿਮਤ ਦੇ ਘਰ ਵਸਦੇ ਹਨ, ਸਾਰੀਆਂ ਜ਼ਹਿਰਾਂ[9] ਅੰਮ੍ਰਿਤਮਈ ਫਲ[10] ਬਣ ਜਾਂਦੀਆਂ ਹਨ ।
ਜਉ ਗੁਰਦੇਉ ਤ ਸੰਸਾ[12] ਟੂਟੈ[13] ॥ ਜਉ ਗੁਰਦੇਉ ਤ ਜਮ[14] ਤੇ ਛੂਟੈ[15] ॥	When the Guru-God is Merciful, then man's doubt[12] is dispelled[13]. When the Guru-God is merciful, then he escapes[15] from the death's courier[14].	ਜਦ ਗੁਰੂ-ਪ੍ਰਮੇਸ਼ਰ ਦਇਆਲ ਹੋ ਜਾਂਦੇ ਹਨ ਤਾਂ ਜੀਵ ਦਾ ਭਰਮ[12] ਦੂਰ ਹੋ ਜਾਂਦਾ[13] ਹੈ । ਜਦ ਗੁਰੂ-ਪ੍ਰਮੇਸ਼ਰ ਦਇਆਲ ਹੋ ਜਾਂਦੇ ਹਨ ਤਾਂ ਉਹ ਮੌਤ ਦੇ ਦੂਤ[14] ਤੋਂ ਖ਼ਲਾਸੀ[15] ਪਾ ਜਾਂਦਾ ਹੈ ।
ਜਉ ਗੁਰਦੇਉ ਤ [16]ਭਉਜਲ[17] ਤਰੈ[18]॥ ਜਉ ਗੁਰਦੇਉ ਤ ਜਨਮਿ[19] ਨ ਮਰੈ ॥੮॥	When the Guru-God is Merciful, then man crosses[18] the dreadful[16] ocean[17]. When the Guru-God is Merciful, then he is born[19] not, nor does he die.	ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੁੰਦੇ ਹਨ ਤਦ ਬੰਦਾ ਭਿਆਨਕ[16] ਸਮੁੰਦਰ[17] ਤੋਂ ਪਾਰ ਹੋ ਜਾਂਦਾ[18] ਹੈ । ਜਦ ਗੁਰੂ-ਪ੍ਰਮੇਸ਼ਰ ਮਿਹਰਬਾਨ ਹੁੰਦੇ ਹਨ, ਤਦ ਉਹ ਨਾ ਜੰਮਦਾ[19] ਹੈ ਨਾ ਹੀ ਮਰਦਾ ਹੈ ।
ਜਉ ਗੁਰਦੇਉ ਅਠਦਸ[20] ਬਿਉਹਾਰ[21] ॥	When the Guru-God becomes Merciful, man understands the vocations[21] of eighteen[20] Puranas.	ਜਦ ਗੁਰੂ-ਪ੍ਰਮੇਸ਼ਰ ਦਇਆਵਾਨ ਹੁੰਦੇ ਹਨ, ਇਨਸਾਨ ਅਠਾਰਾਂ[20] ਪੁਰਾਣਾਂ ਦੇ ਕਾਰ-ਵਿਹਾਰਾਂ[21] ਨੂੰ ਸਮਝ ਲੈਂਦਾ ਹੈ ।
ਜਉ ਗੁਰਦੇਉ ਅਠਾਰਹ[22] ਭਾਰ[23] ॥	When the Guru-God is Merciful,one is deemed to worship God, with the offering of the eighteen[22] loads[23] of vegetation.	ਜਦ ਗੁਰੂ-ਪ੍ਰਮੇਸ਼ਰ ਦਇਆਵਾਨ ਹੁੰਦੇ ਹਨ, ਇਨਸਾਨ ਦਾ ਅਠਾਰਾਂ[22] ਬੋਝ[23] ਬਨਾਸਪਤੀ ਦੇ ਭੇਟਾ ਨਾਲ ਵਾਹਿਗੁਰੂ ਦਾ ਪੂਜਣਾ ਜਾਣ ਲਿਆ ਜਾਂਦਾ ਹੈ ।
ਬਿਨੁ ਗੁਰਦੇਉ[24] ਅਵਰ[25] ਨਹੀ ਜਾਈ[26] ॥	Without the Guru-God[24], there is no other[25] place[26] of rest.	ਗੁਰੂ-ਪ੍ਰਮੇਸ਼ਰ[24] ਦੇ ਬਗ਼ੈਰ ਹੋਰ[25] ਕੋਈ ਆਰਾਮ ਦੀ ਜਗ੍ਹਾ[26] ਨਹੀਂ ।
ਨਾਮਦੇਉ ਗੁਰ ਕੀ ਸਰਣਾਈ[27] ॥੯॥੧॥੨॥੧੧ ॥	Nam Dev has entered the sanctuary[27] of the Guru.	ਨਾਮਦੇਵ ਨੇ ਗੁਰਾਂ ਦੀ ਸ਼ਰਣਾਗਤ[27] ਸੰਭਾਲੀ ਹੈ ।
ਭੈਰਉ ਬਾਣੀ[28] ਰਵਿਦਾਸ ਜੀਉ[29] ਕੀ ਘਰੁ ੨	Bhairo Hymns[28] of Ravi Dass ji[29].	ਭੈਰਉ ਰਵਿਦਾਸ ਜੀ[29] ਦੇ ਸ਼ਬਦ[28]
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਬਿਨੁ ਦੇਖੇ ਉਪਜੈ[30] ਨਹੀ ਆਸਾ[31] ॥	Without seeing the Lord, the desire[31] to meet Him wells up[30] not.	ਪ੍ਰਭੂ ਨੂੰ ਵੇਖਣ ਦੇ ਬਗ਼ੈਰ ਉਸ ਨੂੰ ਮਿਲਣ ਦੀ ਚਾਹਨਾ[31] ਉਤਪੰਨ[30] ਨਹੀਂ ਹੁੰਦੀ ।
ਜੋ[32] ਦੀਸੈ ਸੋ[33] ਹੋਇ ਬਿਨਾਸਾ[34] ॥	Whatsoever[32] is seen, that[33] shall pass away[34].	ਜਿਹੜਾ ਕੁਛ ਭੀ[32] ਦਿਸਦਾ ਹੈ, ਉਹ[33] ਨਾਸ ਹੋ ਜਾਏਗਾ[34] ।

ਬਰਨ[35] ਸਹਿਤ[36] ਜੋ ਜਾਪੈ[37] ਨਾਮੁ ॥ ਸੋ[38] ਜੋਗੀ ਕੇਵਲ[39] ਨਿਹਕਾਮੁ[40] ॥੧॥	He, who utters[37] the Lord's Name with[36] praise[35], that[38] Yogi alone[39] is desire-free[40].	ਜੋ, ਪ੍ਰਭੂ ਦੇ ਨਾਮ ਦਾ ਉਪਮਾ[35] ਨਾਲ[36] ਉਚਾਰਨ[37] ਕਰਦਾ ਹੈ; ਸਿਰਫ਼[39] ਉਹ[38] ਯੋਗੀ ਹੀ ਖ਼ਾਹਿਸ਼-ਰਹਿਤ[40] ਹੈ।
ਪਰਚੈ[41] ਰਾਮੁ[42] ਰਵੈ[43] ਜਉ[44] ਕੋਈ[45]॥ ਪਾਰਸੁ[46] ਪਰਸੈ[47] ਦੁਬਿਧਾ[48] ਨ ਹੋਈ[49] ॥੧॥ ਰਹਾਉ ॥	When[44] some one[45] utters[43] the Lord's Name[42] with love[41], coming in contact[47] with God, the philosopher's stone[46], he is rid of[49] another's[48] love. Pause.	ਜਦ[44] ਕੋਈ ਜਣਾ[45] ਪਿਆਰ[41] ਨਾਲ ਪ੍ਰਭੂ ਦੇ ਨਾਮ[42] ਦਾ ਉਚਾਰਨ ਕਰਦਾ[43] ਹੈ, ਵਾਹਿਗੁਰੂ ਰਸਾਇਣ[46] ਨਾਲ ਛੁਹ[47] ਕੇ, ਉਹ ਦਵੈਤ-ਭਾਵ[48] ਤੋਂ ਛੁਟਕਾਰਾ ਪਾ ਜਾਂਦਾ[49] ਹੈ। ਠਹਿਰਾਉ।
ਸੋ ਮੁਨਿ[50] ਮਨ ਕੀ ਦੁਬਿਧਾ[51] ਖਾਇ[52] ॥	He alone is the silent sage[50], who destroys[52] his mind's duality[51].	ਕੇਵਲ ਉਹ ਹੀ ਖ਼ਾਮੋਸ਼ ਰਿਸ਼ੀ[50] ਹੈ, ਜੋ ਆਪਣੇ ਮਨੂਏ ਦੇ ਦਵੈਤ-ਭਾਵ[51] ਨੂੰ ਨਾਸ ਕਰ ਦਿੰਦਾ[52] ਹੈ।
ਬਿਨੁ[53] ਦੁਆਰੇ[54] ਤ੍ਰੈ[55] ਲੋਕ[56] ਸਮਾਇ[57] ॥	Without[53] seeking the protection of the Guru's door[54], O man, how shalt thou merge[57] in the Lord of the three[55] worlds[56]?	ਗੁਰਾਂ ਦੇ ਦਰਵਾਜ਼ੇ[54] ਦੀ ਪਨਾਹ ਲੈਣ ਦੇ ਬਗ਼ੈਰ[53], ਹੇ ਬੰਦੇ! ਤੂੰ ਕਿਸ ਤਰ੍ਹਾਂ ਤਿੰਨਾਂ[55] ਜਹਾਨਾਂ[56] ਦੇ ਸਾਈਂ ਵਿਚ ਲੀਨ[57] ਹੋਵੇਂਗਾ?
ਮਨ[58] ਕਾ ਸੁਭਾਉ[61] ਸਭੁ[59] ਕੋਈ ਕਰੈ[60] ॥	Every man[59] acts[60] according to his mind's[58] disposition[61].	ਹਰ ਇਕ ਇਨਸਾਨ[59] ਆਪਣੇ ਚਿੱਤ[58] ਦੀ ਆਦਤ[61] ਅਨੁਸਾਰ ਕੰਮ ਕਰਦਾ[60] ਹੈ।
ਕਰਤਾ[62] ਹੋਇ ਸੁ[63] ਅਨਭੈ[64] ਰਹੈ ॥੨॥	He, who is attached to the Creator-Lord[62], he[63] alone remains fear-free[64].	ਜੋ, ਸਿਰਜਣਹਾਰ-ਸੁਆਮੀ[62] ਦੇ ਨਾਲ ਜੁੜਿਆ ਹੋਇਆ ਹੈ, ਕੇਵਲ ਉਹ[63] ਹੀ ਨਿੱਡਰ[64] ਰਹਿੰਦਾ ਹੈ।
ਫਲ[65] ਕਾਰਨ[66] ਫੂਲੀ[67] ਬਨਰਾਇ[68] ॥	The vegetation[68] blossoms[67] for[66] producing fruit[65].	ਬਨਾਸਪਤੀ[68] ਫਲ[65] ਪੈਦਾ ਕਰਨ ਲਈ[66] ਪ੍ਰਫੁਲਤ[67] ਹੁੰਦੀ ਹੈ।
ਫਲੁ ਲਾਗਾ[69] ਤਬ[70] ਫੂਲੁ ਬਿਲਾਇ[71] ॥	When it fruitions[69], then[70] the flowers decay[71].	ਜਦ ਫਲ ਲੱਗ ਜਾਂਦਾ[69] ਹੈ, ਤਦ[70] ਫੁਲ ਨਾਸ ਹੋ ਜਾਂਦੇ[71] ਹਨ।
ਗਿਆਨੈ[72] ਕਾਰਨ[73] ਕਰਮ[74] ਅਭਿਆਸੁ[75] ॥	For the sake[73] of Divine knowledge[72] the religious deeds[74] are practised[75].	ਬ੍ਰਹਮ ਬੋਧ[72] ਦੀ ਖ਼ਾਤਰ[73] ਧਾਰਮਕ ਕੰਮ[74] ਕਮਾਏ ਜਾਂਦੇ[75] ਹਨ।
ਗਿਆਨੁ ਭਇਆ[76] ਤਹ[77] ਕਰਮਹ ਨਾਸੁ[78] ॥੩॥	When Divine knowledge is obtained[76], then[77] the deeds come to an end[78].	ਜਦ ਬ੍ਰਹਮ-ਬੋਧ ਪਰਾਪਤ[76] ਹੋ ਜਾਂਦਾ ਹੈ, ਤਦ[77] ਕੰਮਾਂ ਦਾ ਖ਼ਾਤਮਾ[78] ਹੋ ਜਾਂਦਾ ਹੈ।
ਘ੍ਰਿਤ[79] ਕਾਰਨ[80] ਦਧਿ[81] ਮਥੈ[82] ਸਇਆਨ[83] ॥	For[80] ghee[79], the wise people[83] churn[82] the curd[81].	ਘਿਉ[79] ਦੇ ਵਾਸਤੇ[80], ਸਿਆਣੇ ਬੰਦੇ[83] ਦਹੀਂ[81] ਨੂੰ ਰਿੜਕਦੇ[82] ਹਨ।
ਜੀਵਤ[84] ਮੁਕਤ[85] ਸਦਾ[86] ਨਿਰਬਾਨ[87] ॥	Similarly they who are blessed with gnosis, they are emancipated[85] while alive[84] and ever[86] remain detached[87].	ਏਸੇ ਤਰ੍ਹਾਂ ਜਿਨ੍ਹਾਂ ਨੂੰ ਗਿਆਨ ਦੀ ਦਾਤ ਮਿਲ ਜਾਂਦੀ ਹੈ; ਉਹ ਜੀਉਂਦੇ ਜੀ[84] ਮੁਕਤ ਹੋ ਜਾਂਦੇ[85] ਹਨ ਅਤੇ ਸਦੀਵ[86] ਹੀ ਨਿਰਲੇਪ[87] ਰਹਿੰਦੇ ਹਨ।
ਕਹਿ ਰਵਿਦਾਸ ਪਰਮ[88]	Says Ravi Dass, O luckless man[93],	ਰਵਿਦਾਸ ਜੀ ਆਖਦੇ ਹਨ, ਹੇ ਨਿਕਰਮਣ ਬੰਦੇ[93]! ਤੂੰ

ਬੈਰਾਗ[89] ॥ ਰਿਦੈ[90] ਰਾਮੁ ਕੀ[91] ਨ ਜਪਸਿ[92] ਅਭਾਗ[93] ॥੪॥੧॥	why[91] contemplatest[92] not thou the Lord in thy mind[90] with profound[88] love[89] ?	ਕਿਉਂ[91] ਆਪਣੇ ਹਿਰਦੇ[90] ਅੰਦਰ ਕਾਮਲ[88] ਪ੍ਰੀਤ[89] ਨਾਲ ਸੁਆਮੀ ਦਾ ਸਿਮਰਨ[92] ਨਹੀਂ ਕਰਦਾ !
ਨਾਮ ਦੇਵ ॥	Nam Dev.	ਨਾਮ ਦੇਵ।
ਆਉ[94] ਕਲੰਦਰ[95] ਕੇਸਵਾ[96] ॥ ਕਰਿ[97] ਅਬਦਾਲੀ[98] ਭੇਸਵਾ[99] ॥ ਰਹਾਉ ॥	Come[94] Thou, O beautifully-haired[96] God, the conjurer[95], wearing[97] the dress[99] of a saint[98]. Pause.	ਤੂੰ ਹੇ ਸੁੰਦਰ-ਕੇਸਾਂ ਵਾਲੇ[96] ਵਾਹਿਗੁਰੂ ਮਦਾਰੀ[95] ! ਸੰਤਾਂ[98] ਵਾਲੀ ਪੁਸ਼ਾਕ[99] ਪਹਿਰ[97] ਕੇ ਆ ਜਾ[94] ! ਠਹਿਰਾਉ।
ਜਿਨਿ[100] ਆਕਾਸ[2] ਕੁਲਹ[3] ਸਿਰਿ[4] ਦੀਨੀ[5] ਕਉਸੈ[6] ਸਪਤ[7] ਪਯਾਲਾ[8] ॥	Thou art the Lord, who[100] wears[5] the hat[3] of firmament[2] over thy head[4] and who hast the seven[7] underworlds[8] as Thine slippers[6].	ਤੂੰ ਉਹ ਸਾਹਿਬ ਹੈਂ ਜਿਸ[100] ਨੇ ਆਪਣੇ ਸੀਸ[4] ਉਤੇ ਅਸਮਾਨ[2] ਦਾ ਕੁੱਲਾ[3] ਪਾਇਆ ਹੋਇਆ[5] ਹੈ ਅਤੇ ਜਿਸ ਕੋਲ ਸੱਤੇ[7] ਪਾਤਾਲ[8] ਸਲੀਪਰਾਂ[6] ਵਜੋਂ ਹਨ।
ਚਮਰ[9] ਪੋਸ[10] ਕਾ ਮੰਦਰੁ[12] ਤੇਰਾ ਇਹ ਬਿਧਿ[13] ਬਨੇ[14] [15]ਗੁਪਾਲਾ[16] ॥੧॥	All the skin[9]-wearers[10] are Thy mansions[12]. In this way[13], Thou lookest beauteous[14], O the Cherisher[16] of the world[15].	ਸਾਰੇ [9]ਖੱਲ-ਪਹਿਰਣ ਵਾਲੇ[10] ਤੇਰੇ ਮਹਿਲ[12] ਹਨ। ਇਸ ਤਰੀਕੇ[13] ਨਾਲ ਤੂੰ ਸੁੰਦਰ[14] ਦਿੱਸਦਾ ਹੈਂ, ਹੇ ਸੰਸਾਰ[15] ਦੇ ਪਾਲਣ ਪੋਸਣਹਾਰ[16] !
ਛਪਨ[17] ਕੋਟਿ[18] ਕਾ ਪੇਹਨੁ[19] ਤੇਰਾ ਸੋਲਹ ਸਹਸ[20] ਇਜਾਰਾ[21] ॥	The fifty six[17] myriads[18] of clouds is Thine gown[19], and sixteen thousand[20] queens are Thy trousers[21].	ਛਪੰਜਾ[17] ਕ੍ਰੋੜ[18] ਬੱਦਲ ਤੇਰਾ ਚੋਗਾ[19] ਹਨ, ਅਤੇ ਸੋਲਾਂ ਹਜ਼ਾਰ[20] ਰਾਣੀਆਂ ਤੇਰਾ ਪਜਾਮਾ[21]।
ਭਾਰ[22] ਅਠਾਰਹ ਮੁਦਗਰੁ[23] ਤੇਰਾ ਸਹਨਕ[24] ਸਭ ਸੰਸਾਰਾ[25] ॥੨॥	The eighteen loads[22] of vegetation is Thy club[23] and the whole world[25] is Thy salver[24].	ਅਠਾਰਾਂ ਬੋਝ[22] ਬਨਾਸਪਤੀ ਤੇਰਾ ਮੁਤਕਹਰਾ[23] ਹੈ ਅਤੇ ਸਾਰਾ ਜਹਾਨ[25] ਤੇਰੀ ਥਾਲੀ[24] ਹੈ।
ਦੇਹੀ[26] ਮਹਜਿਦਿ[27] ਮਨੁ ਮਉਲਾਨਾ[28] ਸਹਜ[29] ਨਿਵਾਜ[30] ਗੁਜਾਰੈ[31] ॥	Human body[26] is the mosque[27] and mind the priest[28], who tranquilly[29] says[31] the prayer[30].	ਮਨੁਖਾ[26] ਦੇਹ ਮਸੀਤ[27] ਹੈ ਅਤੇ ਮਨੂਆ ਮੋਲਵੀ[28], ਜੋ ਸ਼ਾਂਤੀ[29] ਨਾਲ ਨਮਾਜ਼[30] ਪੜ੍ਹਦਾ[31] ਹੈ।
ਬੀਬੀ[32] ਕਉਲਾ[33] ਸਉ[34] ਕਾਇਨੁ[35] ਤੇਰਾ ਨਿਰੰਕਾਰ[36] ਆਕਾਰੈ[37] ॥੩॥	With[34] lady[32] Lakhshmi[33] Thy marriage[35] is solemnized, and through her, O Formless Lord[36] Thou seemeth to possess form[37].	ਬੇਗਮ[32] ਲਖਸ਼ਮੀ[33] ਨਾਲ[34] ਤੇਰਾ ਵਿਆਹ[35] ਹੋਇਆ ਹੋਇਆ ਹੈ ਅਤੇ ਉਸ ਦੇ ਰਾਹੀਂ, ਹੇ ਸਰੂਪ-ਰਹਿਤ ਸੁਆਮੀ[36] ! ਤੂੰ ਸਰੂਪ-ਰਹਿਤ[37] ਜਾਪਦਾ ਹੈਂ।
ਭਗਤਿ[38] ਕਰਤ ਮੇਰੇ ਤਾਲ[39] ਛਿਨਾਏ[40] ਕਿਹ[41] ਪਹਿ[42] ਕਰਉ ਪੁਕਾਰਾ[43] ॥	While I was performing Thy love-worship[38], Thou hadst my cymbals[39] snatched[40]. To[42] whom[41] should I complain[43] ?	ਜਦ ਮੈਂ ਤੇਰੀ ਪਿਆਰੀ-ਉਪਾਸ਼ਨਾ[38] ਕਰ ਰਿਹਾ ਸੀ, ਤੂੰ ਮੇਰੇ ਛੈਣੇ[39] ਖੁਹਾ ਦਿਤੇ[40]। ਮੈਂ ਕੀਹਦੇ[41] ਕੋਲ[42] ਸ਼ਿਕਾਇਤ ਕਰਾਂ[43] ?
ਨਾਮੇ ਕਾ ਸੁਆਮੀ	Nama's Lord, the Searcher of	ਦਿਲਾਂ ਦੀਆਂ ਜਾਣਨਹਾਰ[44], ਨਾਮੇ ਦਾ ਸਾਹਿਬ, ਮੁਲਕ-

ਅੰਤਰਜਾਮੀ[44] ਫਿਰੈ[45] ਸਗਲ[46] ਬੇਦੇਸਵਾ[47] ॥ ੪ ॥੧॥

hearts[44], though country-less[47], is walking[45] around every[46] where.

ਰਹਿਤ[47] ਹੋਣ ਦੇ ਬਾਵਜੂਦ, ਹਰ ਥਾਂ[46] ਰਟਨ[45] ਕਰ ਰਿਹਾ ਹੈ।

੧੧੬੮
ਰਾਗੁ ਬਸੰਤੁ
ਮਹਲਾ ੧ ਘਰੁ ੧
ਚਉਪਦੇ ਦੁਤੁਕੇ

1168
Rag Basant
Ist Guru
Chaupadas Dotakes

੧੧੬੮
ਰਾਗੁ ਬਸੰਤੁ
ਪਹਿਲੀ ਪਾਤਿਸ਼ਾਹੀ
ਚਉਪਦੇ ਦੋਤੁਕੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God, True is His Name, Creative His personality and Immortal His form. He is Fearless, Sans enmity, Unborn and Self-illumined. By the Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਹੈ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਡਰ-ਰਹਿਤ, ਦੁਸ਼ਮਨੀ ਦੇ ਬਗੈਰ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਮਾਹਾ[48] ਮਾਹ[49] ਮੁਮਾਰਖੀ[50] ਚੜਿਆ[51] ਸਦਾ[52] ਬਸੰਤੁ[53] ॥

Amongst months[48], auspicious[50] is the month[49], when the spring season[53] ever[52] begins[51].

ਮਹੀਨਿਆਂ[48] ਵਿਚ ਮੁਬਾਰਕ[50] ਹੈ ਉਹ ਮਹੀਨਾ[49], ਜਦ ਕਿ ਮੌਸਮ ਬਹਾਰ[53] ਹਮੇਸ਼ਾ[52] ਚੜ੍ਹਦਾ[51] ਹੈ।

ਪਰਫੜੁ[54] ਚਿਤ[55] ਸਮਾਲਿ[56] ਸੋਇ[57] ਸਦਾ[60] ਸਦਾ [58]ਗੋਬਿੰਦੁ[59] ॥੧॥

Ever[60], ever bloom[54] thou, O my Soul[55], by remembering[56] that[57] Lord[59] of the world[58].

ਉਸ[57] ਸੰਸਾਰ[58] ਦੇ ਸੁਆਮੀ[59] ਦਾ ਸਿਮਰਨ[56] ਕਰਨ ਦੁਆਰਾ ਤੂੰ ਹਮੇਸ਼ਾ[60], ਹਮੇਸ਼ਾ ਪ੍ਰਫੁਲਤ[54] ਹੋ, ਹੇ ਮੇਰੀ ਜਿੰਦੜੀਏ[55]!

ਭੋਲਿਆ[61] ਹਉਮੈ[62] ਸੁਰਤਿ[63] ਵਿਸਾਰਿ[64] ॥

O ignorant man[61], forget[64] thou thy haughty[62] intellect[63].

ਹੇ ਬੇਸਮਝ ਬੰਦੇ[61]! ਤੂੰ ਆਪਣੀ ਆਕੜ-ਖ਼ਾਂ[62] ਅਕਲ[63] ਨੂੰ ਭੁੱਲ ਜਾ[64]।

ਹਉਮੈ[65] ਮਾਰਿ[66] ਬੀਚਾਰਿ[67] ਮਨ[68] ਗੁਣ[69] ਵਿਚਿ[70] ਗੁਣੁ[71] ਲੈ[72] ਸਾਰਿ[73] ॥੧॥ ਰਹਾਉ ॥

Still[66] thou thy ego[65], meditate[67] on God in thy heart[68], and within[70] thy mind gather[72] thou the virtues[69] of the sublime[73] virtuous[71] Lord. Pause.

ਤੂੰ ਆਪਣੀ ਹੰਗਤਾ[65] ਨੂੰ ਮੇਟ[66] ਦੇ, ਆਪਣੇ ਦਿਲ[68] ਵਿਚ ਵਾਹਿਗੁਰੂ ਦਾ ਸਿਮਰਨ[67] ਕਰ ਅਤੇ ਆਪਣੇ ਹਿਰਦੇ ਅੰਦਰ[70] ਤੂੰ ਸਰੇਸ਼ਟ[73] ਗੁਣਵਾਨ[71] ਪ੍ਰਭੂ ਦੀਆਂ ਨੇਕੀਆਂ[69] ਇਕੱਤਰ[72] ਕਰ। ਠਹਿਰਾਉ।

ਕਰਮ[74] ਪੇਡੁ[75] ਸਾਖਾ[76] ਹਰੀ[77] ਧਰਮੁ[78] ਫੁਲੁ[79] ਫਲੁ[80] ਗਿਆਨੁ[81] ॥

The virtuous deeds[74] are the tree[75], God's Name[77] its branches[76], faith[78] its flowers[79] and the Divine knowledge[81] its fruit[80].

ਨੇਕ ਅਮਲ[74] ਬ੍ਰਿਛ[75] ਹਨ, ਰਬ ਦਾ ਨਾਮ[77] ਇਸ ਦੀਆਂ ਟਹਿਣੀਆਂ[76], ਸਿਦਕ ਭਰੋਸਾ[78] ਇਸ ਦੇ ਪੁਸ਼ਪ[79] ਅਤੇ ਬ੍ਰਹਮ ਬੀਚਾਰ[81] ਇਸ ਦਾ ਫਲ-ਮੇਵਾ[80]।

ਪਤ[82] ਪਰਾਪਤਿ[83] ਛਾਵ[84] ਘਣੀ[85] ਚੂਕਾ[86] ਮਨ ਅਭਿਮਾਨੁ[87] ॥੨॥

Attainment[83] of God are its leaves[82], and effacing[86] of mind's ego[87] its dense[85] shade[84].

ਵਾਹਿਗੁਰੂ ਦੀ ਪਰਾਪਤੀ[83] ਇਸ ਦੇ ਪੱਤੇ[82] ਹਨ ਅਤੇ ਚਿਤ ਦੀ ਹੰਗਤਾ[87] ਨੂੰ ਮਾਰਣਾ[86] ਇਸ ਦੀ ਸੰਘਣੀ[85] ਛਾਂ[84]।

ਅਖੀ[88] ਕੁਦਰਤਿ[89] ਕੰਨੀ[90] ਬਾਣੀ[91] ਮੁਖਿ[92] ਆਖਣੁ[93] ਸਚੁ ਨਾਮੁ[94] ॥	Whosoever sees the Lord's Omnipotence[89] with his eyes[88], hears the Guru's word[91] with his ears[90] and utters[93] the True Name[94] with his mouth[92] ;	ਜੋ ਕੋਈ ਆਪਣੇ ਨੇਤ੍ਰਾਂ[88] ਨਾਲ ਪ੍ਰਭੂ ਦੀ ਅਪਾਰ ਸ਼ਕਤੀ[89] ਨੂੰ ਵੇਖਦਾ ਹੈ,ਆਪਣੇ ਕੰਨਾਂ[90] ਨਾਲ ਗੁਰਬਾਣੀ[91] ਸੁਣਦਾ ਹੈ ਅਤੇ ਆਪਣੇ ਮੂੰਹ[92] ਨਾਲ ਸਤਿਨਾਮ[94] ਦਾ ਉਚਾਰਨ ਕਰਦਾ[93] ਹੈ;
ਪਤਿ[95] ਕਾ ਧਨੁ[96] ਪੂਰਾ[97] ਹੋਆ ਲਾਗਾ[98] ਸਹਜਿ[99] ਧਿਆਨੁ[100] ॥੩॥	He obtains the full[97] wealth[96] of honour[95], and his attention[100] is easily[99] fixed[98] on the Lord.	ਉਸ ਨੂੰ ਇਜ਼ਤ ਆਬਰੂ[95] ਦੀ ਮੁਕੰਮਲ[97] ਦੌਲਤ[96] ਮਿਲ ਜਾਂਦੀ ਹੈ ਅਤੇ ਉਸ ਦੀ ਬਿਰਤੀ[100] ਸੁਖੈਨ[99] ਹੀ ਸਾਂਈਂ ਨਾਲ ਜੁੜ ਜਾਂਦੀ[98] ਹੈ।
ਮਾਹਾ[2] ਰੁਤੀ[3] ਆਵਣਾ[4] ਵੇਖਹੁ[5] ਕਰਮ[6] ਕਮਾਇ[7] ॥	The months[2] and seasons[3] continue coming[4]. See[5], that thou doest[7] the pious deeds[6].	ਮਹੀਨੇ[2] ਤੇ ਮੌਸਮ[3] ਆਉਂਦੇ[4] ਰਹਿੰਦੇ ਹਨ। ਦੇਖ[5] ! ਤੂੰ ਨੇਕ ਅਮਲਾਂ[6] ਦੀ ਕਮਾਈ[7] ਕਰ।
ਨਾਨਕ ਹਰੇ[8] ਨ ਸੂਕਹੀ[9] ਜਿ[10] ਗੁਰਮੁਖਿ[12] ਰਹੇ ਸਮਾਇ[13] ॥੪॥੧॥	Nanak, they, who[10] by the Guru's grace[12] remain merged[13] in God, wither[9] not and remain green[8].	ਨਾਨਕ, ਜੋ[10] ਗੁਰਾਂ ਦੀ ਦਇਆ[12] ਦੁਆਰਾ ਹਰੀ ਅੰਦਰ ਲੀਨ[13] ਰਹਿੰਦੇ ਹਨ, ਉਹ ਸੁਕਦੇ[9] ਨਹੀਂ ਅਤੇ ਸਰਸਬਜ਼[8] ਰਹਿੰਦੇ ਹਨ।
ਮਹਲਾ ੧ ਬਸੰਤੁ ॥	Ist Guru Basant.	ਪਹਿਲੀ ਪਾਤਿਸ਼ਾਹੀ ਬਸੰਤ।
ਰੁਤਿ[14] ਆਈ[15] ਲੇ ਸਰਸ[16] ਬਸੰਤ[17] ਮਾਹਿ[18] ॥	The months[18] of the delightful[16] spring[17] season[14] have come[15].	ਅਨੰਦ-ਦਾਇਕ[16] ਮੌਸਮ[14] ਬਹਾਰ[17] ਦੇ ਮਹੀਨੇ[18] ਆ ਗਏ[15] ਹਨ।
ਰੰਗਿ[19] ਰਾਤੇ[20] ਰਵਹਿ[21] ਸਿ ਤੇਰੈ ਚਾਇ[22] ॥	They, who are imbued[20] with Thy love[19], O Lord, utter[21] Thine Name with joy[22]	ਜੋ ਤੇਰੀ ਪ੍ਰੀਤ[19] ਨਾਲ ਰੰਗੀਜੇ[20] ਹਨ, ਹੇ ਪ੍ਰਭੂ ! ਉਹ ਖ਼ੁਸ਼ੀ[22] ਨਾਲ ਤੇਰੇ ਨਾਮ ਦਾ ਉਚਾਰਨ[21] ਕਰਦੇ ਹਨ।
ਕਿਸੁ ਪੂਜ ਚੜਾਵਉ[23] ਲਗਉ[24] ਪਾਇ[25] ॥੧॥	Without Thee, whom else should I worship[23], and at whose feet[25] should I fall[24] ?	ਤੇਰੇ ਬਗੈਰ, ਮੈਂ ਹੋਰ ਕਿਸ ਦੀ ਉਪਾਸ਼ਨਾ[23] ਕਰਾਂ, ਅਤੇ ਕੀਹਦੇ ਪੈਰੀਂ[25] ਪਵਾਂ[24] ?
ਤੇਰਾ ਦਾਸਨਿ ਦਾਸਾ[26] ਕਹਉ[27] ਰਾਇ[28] ॥	My King[28], I am said[27] to be the slave of Thine slaves[26].	ਮੇਰੇ ਪਾਤਿਸ਼ਾਹ[28] ! ਮੈਂ ਤੇਰੇ ਗੋਲਿਆਂ ਦਾ ਗੋਲਾ[26] ਆਖਿਆ ਜਾਂਦਾ[27] ਹਾਂ।
ਜਗ[29] ਜੀਵਨ[30] ਜੁਗਤਿ[31] ਨ ਮਿਲੈ ਕਾਇ[32] ॥੧॥ ਰਹਾਉ ॥	O my Master, the Life[30] of the world[29], Thou art not met with by any other[32] device[31]. Pause.	ਹੇ ਜਗਤ[29] ਦੀ ਜਿੰਦ-ਜਾਨ[30] ਮੇਰੇ ਮਾਲਕ ! ਤੂੰ ਹੋਰ[32] ਕਿਸੇ ਢੰਗ[31] ਨਾਲ ਨਹੀਂ ਮਿਲਦਾ। ਠਹਿਰਾਉ।
ਤੇਰੀ ਮੂਰਤਿ[33] ਏਕਾ ਬਹੁਤੁ[34] ਰੂਪ[35] ॥	Thou hast one personality[33], but many[34] forms[35].	ਤੇਰੀ ਇਕ ਵਿਅਕਤੀ[33] ਹੈ, ਪ੍ਰੰਤੂ ਘਣੇਰੇ[34] ਸਰੂਪ[35]।
ਕਿਸੁ ਪੂਜ ਚੜਾਵਉ[36] ਦੇਉ[37] ਧੂਪ[38] ॥	Which of Thine forms should I worship[36], and burn[37] incense[38] before.	ਤੇਰੇ ਸਰੂਪਾਂ ਵਿਚੋਂ ਮੈਂ ਕੀਹਦੀ ਉਪਾਸ਼ਨਾ[36] ਕਰਾਂ ਅਤੇ ਕੀਹਦੇ ਮੂਹਰੇ ਹੋਮ ਸਮਗਰੀ[38] ਧੁਖਾਵਾਂ[37] !
ਤੇਰਾ ਅੰਤੁ[38]*ਨ ਪਾਇਆ[39] ਕਹਾ[40] ਪਾਇ[41] ॥	No one has found[39] Thine limit[38]*, O Lord. How[40] can any one find[41] *it* ?	ਕਿਸੇ ਨੂੰ ਭੀ ਤੇਰੇ ਓੜਕ[38]* ਦਾ ਪਤਾ[39] ਨਹੀਂ ਲੱਗਾ। ਕੋਈ ਜਣਾ ਕਿਸ ਤਰ੍ਹਾਂ[40] ਇਸ ਨੂੰ ਪਾ ਸਕਦਾ[41] ਹੈ ?

ਤੇਰਾ ਦਾਸਨਿ ਦਾਸਾ[42] ਕਹਉ[43] ਰਾਇ[44] ॥੨॥	I call[43] myself the servant[42] of Thine servants, O my Sovereign[44].	ਮੈਂ ਆਪਣੇ ਆਪ ਨੂੰ ਤੇਰਿਆਂ ਨੌਕਰਾਂ ਦਾ ਨੌਕਰ[42] ਆਖਦਾ[43] ਹਾਂ, ਹੇ ਮੇਰੇ ਸੁਲਤਾਨ[44] !
ਤੇਰੇ ਸਠਿ[45] ਸੰਬਤ[46] ਸਭਿ ਤੀਰਥਾ[47] ॥	Sixty[45] (all) years[46] and all the pilgrim stations[47] are made by Thee.	ਸੱਠ[45] (ਸਮੂਹ) ਸਾਲ[46] ਅਤੇ ਸਾਰੇ ਧਰਮ ਅਸਥਾਨ[47] ਤੂੰ ਹੀ ਰਚੇ ਹਨ।
ਤੇਰਾ ਸਚੁ ਨਾਮੁ ਪਰਮੇਸਰਾ[48] ॥	True is Thy Name, O Supreme[48] Lord.	ਸੱਚਾ ਹੈ ਤੇਰਾ ਨਾਮ, ਹੇ ਸ਼ਰੋਮਣੀ ਸਾਹਿਬ[48]।
ਤੇਰੀ ਗਤਿ[49] ਅਵਿਗਤਿ[50] ਨਹੀ ਜਾਣੀਐ ॥	O Eternal Lord[50], Thy state[49] can be known not.	ਹੇ ਅਮਰ ਪ੍ਰਭੂ[50] ! ਤੇਰੀ ਅਵਸਥਾ[49] ਜਾਣੀ ਨਹੀਂ ਜਾ ਸਕਦੀ।
[51]ਅਣਜਾਣਤ[52] ਨਾਮੁ ਵਖਾਣੀਐ[53] ॥੩॥	Even though man knows[52] Thee not[51], still he ought to utter[53] Thy Name, O Lord.	ਭਾਵੇਂ ਇਨਸਾਨ ਤੈਨੂੰ ਜਾਣਦਾ[52] ਨਹੀਂ[51], ਤਾਂ ਭੀ ਉਸ ਨੂੰ ਤੇਰੇ ਨਾਮ ਦਾ ਉਚਾਰਨ[53] ਕਰਨਾ ਉਚਿਤ ਹੈ, ਹੇ ਪ੍ਰਭੂ !
ਨਾਨਕੁ ਵੇਚਾਰਾ[54] ਕਿਆ[55] ਕਹੈ ॥	What[55] can poor[54] Nanak say ?	ਗਰੀਬੜਾ[54] ਨਾਨਕ ਕੀ[55] ਕਹਿ ਸਕਦਾ ਹੈ ?
ਸਭੁ ਲੋਕੁ ਸਲਾਹੇ[56] ਏਕਸੈ[57] ॥	All the men praise[56] but the One[57] Lord.	ਸਾਰੇ ਜੀਵ ਕੇਵਲ ਇਕ[57] ਸੁਆਮੀ ਦੀ ਹੀ ਸਿਫ਼ਤ[56] ਕਰਦੇ ਹਨ।
ਸਿਰੁ[58] ਨਾਨਕ ਲੋਕਾ[59] ਪਾਵ[60] ਹੈ ॥	Nanak places his head[58] on the feet[60] of such persons[59].	ਨਾਨਕ ਇਹੋ ਜਿਹੇ ਪੁਰਸ਼ਾਂ[59] ਦੇ ਪੈਰਾਂ[60] ਤੇ ਆਪਣਾ ਸੀਸ[58] ਰਖਦਾ ਹੈ।
ਬਲਿਹਾਰੀ[61] ਜਾਉ ਜੇਤੇ[62] ਤੇਰੇ ਨਾਵ ਹੈ ॥੪॥੨॥	I am a sacrifice[61] unto Thine Names, as many as[62] they are, O Lord.	ਮੈਂ ਜਿੰਨੇ ਭੀ[62] ਤੇਰੇ ਨਾਮ ਹਨ, ਉਨ੍ਹਾਂ ਉਤੋਂ ਕੁਰਬਾਨ[61] ਜਾਂਦਾ ਹਾਂ ਹੇ ਸੁਆਮੀ !
੧੧੬੯	**1169**	**੧੧੬੯**
ਬਸੰਤ ਮਹਲਾ ੧ ॥	Basant Ist Guru.	ਬਸੰਤ ਪਹਿਲੀ ਪਾਤਿਸ਼ਾਹੀ।
ਸੁਇਨੇ ਕਾ ਚਉਕਾ[63] ਕੰਚਨ[64] ਕੁਆਰ[65] ॥	Cooking place[63] is of gold, and of gold[64] are the vessels[65].	ਚੌਕਾ[63] ਸੋਨੇ ਦਾ ਹੈ ਅਤੇ ਸੋਨੇ[64] ਦੇ ਹੀ ਹਨ ਬਰਤਨ[65]।
ਰੁਪੇ[66] ਕੀਆ ਕਾਰਾ[67] ਬਹੁਤੁ[68] ਬਿਸਥਾਰੁ[69] ॥	The silver[66] lines[67] of the square are extended[69] afar[68].	ਵਲਗਣ ਦੀਆਂ ਚਾਂਦੀ[66] ਦੀਆਂ ਲਹਿਰਾਂ[67] ਦੂਰ ਤਾਂਈਂ[68] ਫੈਲੀਆਂ ਹੋਈਆਂ[69] ਹਨ।
ਗੰਗਾ[70] ਕਾ ਉਦਕੁ[71] ਕਰੰਤੇ[72] ਕੀ ਆਗਿ[73] ॥	The water[71] is of the Ganges[70] and the fire[73] from the fire wood of carissa carandas tree[72].	ਪਾਣੀ[71] ਸੁਰਸਰੀ[70] ਦਾ ਹੈ ਅਤੇ ਅੱਗ[73] ਯਜਨਾ ਰੁਖ[72] ਦੀ ਲੱਕੜ ਦੀ।
ਗਰੁੜਾ[74] ਖਾਣਾ[75] ਦੁਧ ਸਿਉ ਗਾਡਿ[76] ॥੧॥ ਰਹਾਉ ॥	The food[75] is of the fine rice[74] boiled[76] in milk. Pause.	ਖ਼ੁਰਾਕ[75] ਦੁਧ ਵਿਚ ਉਬਲੇ[76] ਹੋਏ ਵਧੀਆ ਚੌਲਾਂ[74] ਦੀ ਹੈ। ਠਹਿਰਾਉ।
ਰੇ ਮਨ[77] ਲੇਖੈ[78] ਕਬਹੂ[79] ਨਾ ਪਾਇ ॥ ਜਾਮਿ[80] ਨ ਭੀਜੈ[81] ਸਾਚ ਨਾਇ ॥੧॥ ਰਹਾਉ ॥	O my soul[77], these are not at all[79] of any account[78], until[80] thou art saturated[81] not with the True Name. Pause.	ਹੇ ਮੇਰੀ ਜਿੰਦੇ[77] ! ਇਹ ਕਦਾਚਿਤ[79] ਕਿਸੇ ਹਿਸਾਬ[78] ਵਿਚ ਨਹੀਂ, ਜਦ ਤਾਂਈਂ[80] ਤੂੰ ਸੱਚੇ ਨਾਮ ਅੰਦਰ ਨਹੀਂ ਭਿਜਦੀ[81]। ਠਹਿਰਾਉ।

ਦਸ[82] ਅਠ ਲੀਖੇ[83] ਹੋਵਹਿ ਪਾਸਿ[84] ॥	Though man may have with[84] him eighteen[82] Puranas written[83] in his hand,	ਭਾਵੇਂ ਆਦਮੀ ਕੋਲ[84] ਆਪਣੇ ਹਥ ਨਾਲ ਲਿਖੇ ਹੋਏ[83] ਅਠਾਰਾਂ[82] ਪੁਰਾਣ ਹੋਣ,
ਚਾਰੇ ਬੇਦ ਮੁਖਾਗਰ[85] ਪਾਠਿ[86] ॥ ਪੁਰਬੀ[87] ਨਾਵੈ[88] ਵਰਨਾਂ[89] ਕੀ ਦਾਤਿ[90] ॥	Though he may recite[86] by heart[85] the four Vedas, though he may bathe[88] on the festivals[87], and give alms[90] according to the caste[89],	ਭਾਵੇਂ ਉਹ ਚਾਰੇ ਵੇਦ ਮੂੰਹ ਜ਼ਬਾਨੀ[85] ਪੜ੍ਹਦਾ[86] ਹੋਵੇ, ਭਾਵੇਂ ਉਹ ਤਿਉਹਾਰਾਂ[87] ਦੇ ਸਮਿਆਂ ਤੇ ਇਸ਼ਨਾਨ[88] ਕਰਦਾ ਹੋਵੇ ਅਤੇ ਜ਼ਾਤੀ[89] ਅਨੁਸਾਰ ਪੁੰਨ-ਦਾਨ[90] ਕਰਦਾ ਹੋਵੇ,
ਵਰਤ[91] ਨੇਮ[92] ਕਰੇ ਦਿਨ ਰਾਤਿ ॥੨॥	Though he may observe fasts[91] and day and night perform religious ceremonies[92],	ਭਾਵੇਂ ਉਹ ਉਪਹਾਸ[91] ਰਖਦਾ ਹੋਵੇ ਅਤੇ ਦਿਨ ਤੇ ਰੈਣ ਧਾਰਮਕ ਸੰਸਕਾਰ[92] ਕਰਦਾ ਹੋਵੇ,
ਕਾਜੀ ਮੁਲਾਂ ਹੋਵਹਿ[93] ਸੇਖ ॥ ਜੋਗੀ ਜੰਗਮ[94] ਭਗਵੇ[95] ਭੇਖ[96] ॥	Though he may be[93] a Qazi, a Mulla or a Shaikh, though he may be a Yogi, a wandering sage[94] or an hermit of ochre-coloured[95] dress[96] and	ਭਾਵੇਂ ਉਹ ਕਾਜ਼ੀ, ਮੁੱਲਾਂ ਜਾਂ ਸ਼ੇਖ ਹੋਵੇ[93], ਭਾਵੇਂ ਉਹ ਯੋਗੀ ਹੋਵੇ, ਰਮਤਾ ਰਿਸ਼ੀ[94] ਜਾਂ ਗੇਰੂ-ਰੰਗੇ[95] ਬਸਤਰਾਂ[96] ਵਾਲਾ ਸਾਧੂ ਅਤੇ
ਕੋ[97] ਗਿਰਹੀ[98] ਕਰਮਾ[99] ਕੀ ਸੰਧਿ[100] ॥	Though some one[97] be a householder[98] and the performer[100] of religious rites[99],	ਭਾਵੇਂ ਕੋਈ ਜਣਾ[97] ਗ੍ਰਿਹਸਥੀ[98] ਅਤੇ ਧਾਰਮਕ ਕਰਮ[99] ਕਾਂਡ ਕਰਨ ਵਾਲਾ[100] ਹੋਵੇ,
ਬਿਨੁ ਬੂਝੇ[2] ਸਭ ਖੜੀਅਸਿ[3] ਬੰਧਿ[4] ॥੩॥	But without knowing[2] the Lord, all are bound down[4] and driven along[3] by the Yama.	ਪ੍ਰੰਤੂ ਪ੍ਰਭੂ ਨੂੰ ਜਾਣਨ[2] ਦੇ ਬਗ਼ੈਰ ਸਾਰਿਆਂ ਨੂੰ ਯਮ ਨਰੜ ਕੇ[4] ਲੈ ਜਾਂਦਾ[3] ਹੈ।
ਜੇਤੇ[5] ਜੀਅ[6] ਲਿਖੀ ਸਿਰਿ[7] ਕਾਰ[8] ॥	As many as[5] are the beings[6], on the head[7] of so many are writ their tasks[8].	ਜਿੰਨੇ ਭੀ[5] ਜੀਵ[6] ਹਨ, ਉਨ੍ਹਾਂ ਸਾਰਿਆਂ ਦੇ ਸਿਰ[7] ਉਤੇ ਉਹਨਾਂ ਦੇ ਕਾਰ-ਵਿਹਾਰ[8] ਲਿਖੇ ਹੋਏ ਹਨ।
ਕਰਣੀ[9] ਉਪਰਿ ਹੋਵਗਿ ਸਾਰ[10] ॥	According to their deeds[9], they shall be judged[10].	ਉਹਨਾਂ ਦੇ ਅਮਲਾਂ[9] ਅਨੁਸਾਰ ਉਹਨਾਂ ਦਾ ਫ਼ੈਸਲਾ[10] ਹੋਵੇਗਾ।
ਹੁਕਮੁ[12] ਕਰਹਿ[13] ਮੂਰਖ[14] ਗਾਵਾਰ[15] ॥	The foolish[14] and ignorant[15] ones issue[13] orders[12].	ਬੇਵਕੂਫ਼[14] ਅਤੇ ਬੇਸਮਝ[15] ਬੰਦੇ ਫ਼ੁਰਮਾਨ[12] ਜਾਰੀ[13] ਕਰਦੇ ਹਨ।
ਨਾਨਕ ਸਾਚੇ[16] ਕੇ ਸਿਫਤਿ[17] ਭੰਡਾਰ[18] ॥੪॥੩॥	Nanak, the True One[16] is the owner of the treasures[18] of praises[17].	ਨਾਨਕ, ਸਤਿਪੁਰਖ[16] ਸਿਫ਼ਤ ਸ਼ਲਾਘਾ[17] ਦੇ ਖ਼ਜ਼ਾਨਿਆਂ[18] ਦਾ ਮਾਲਕ ਹੈ।
ਬਸੰਤੁ ਮਹਲਾ ੩ ਤੀਜਾ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਬਸਤ੍ਰ[19] ਉਤਾਰਿ[20] ਦਿਗੰਬਰੁ[21] ਹੋਗੁ[22] ॥	What is it, if a man becomes[22] naked[21] by taking off[20] his clothes[19]?	ਕੀ ਹੋਇਆ, ਜੇਕਰ ਆਪਣੇ ਕਪੜੇ[19] ਲਾਹ ਕੇ[20] ਆਦਮੀ ਨੰਗਾ[21] ਹੋ ਬਹਿੰਦਾ[22] ਹੈ ?
ਜਟਾ[23] ਧਾਰਿ[24] ਕਿਆ[25]	Wearing[24] matted hair[23], how[25] can	ਵਾਲਾਂ ਦੀਆਂ ਲਿਟਾਂ[23] ਧਾਰਨ[24] ਕਰਨ ਦੁਆਰਾ, ਉਹ

ਕਮਾਵੈ[26] ਜੋਗੁ ॥	he practise[26] Yog ?	ਯੋਗ ਕਿਸ ਤਰ੍ਹਾਂ[25] ਕਮਾ[26] ਸਕਦਾ ਹੈ ?
ਮਨੁ ਨਿਰਮਲੁ[27] ਨਹੀ ਦਸਵੈ[28] ਦੁਆਰ ॥	What avails it to hold the breath within the tenth gate[28], if the mind is not pure[27] ?	ਸੁਆਸ ਨੂੰ ਦਸਮੇ ਦੁਆਰੇ[28] ਰੋਕਣ ਦਾ ਕੀ ਫ਼ਾਇਦਾ ਹੈ, ਜੇਕਰ ਮਨੂਆ ਪਵਿੱਤਰ[27] ਨਹੀਂ ?
ਭ੍ਰਮਿ[29] ਭ੍ਰਮਿ ਆਵੈ[30] ਮੂੜਾ[31] ਵਾਰੋ ਵਾਰ[32] ॥੧॥	The foolish person[31] wanders[29], wanders and enters[30] into transmigration again and again[32].	ਮੂਰਖ ਪੁਰਸ਼[31] ਭਟਕਦਾ[29], ਭਟਕਦਾ ਹੈ ਅਤੇ ਮੁੜ ਮੁੜ[32] ਕੇ ਆਵਾਗਉਣ ਵਿਚ ਪੈਂਦਾ[30] ਹੈ ।
ਏਕੁ ਧਿਆਵਹੁ[33] ਮੂੜ੍ਹ[34] ਮਨਾ[35] ॥ ਪਾਰਿ ਉਤਰਿ[36] ਜਾਹਿ ਇਕ ਖਿਨਾਂ[37] ॥੧॥ ਰਹਾਉ ॥	O my silly[34] soul[35], contemplate[33] thou the One Lord alone, and thou shalt cross over[36] in an instant[37]. Pause.	ਹੇ ਮੇਰੀ ਮੂਰਖ[34] ਜਿੰਦੜੀਏ[35]! ਤੂੰ ਕੇਵਲ ਇਕ ਸੁਆਮੀ ਦਾ ਸਿਮਰਨ[33] ਕਰ ਅਤੇ ਤੇਰਾ ਇਕ ਨਿਮਖ[37] ਵਿਚ ਪਾਰ ਉਤਾਰਾ[36] ਹੋ ਜਾਵੇਗਾ । ਠਹਿਰਾਉ ।
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ[38] ॥ ਨਾਦੀ[39] ਬੇਦੀ[40] ਪੜ੍ਹਹਿ[41] ਪੁਰਾਣ ॥ ਪਾਖੰਡ[42] ਦ੍ਰਿਸਟਿ[43] ਮਨਿ[44] ਕਪਟੁ[45] ਕਮਾਹਿ[46] ॥	They, who expound[38] 27 Simirtis and 6 Shashtras, and the pipers[39] and reciters[40], who read[41] 18 Puranas, but if their eye[43] and mind[44] practise[46] hypocrisy[42] and deception[45] ;	ਜੋ ੨੭ ਸਿਮਰਤੀਆਂ ਤੇ ੬ ਸ਼ਾਸਤਰਾਂ ਦੀ ਵਿਆਖਿਆ ਕਰਦੇ[38] ਹਨ ਅਤੇ ਬੰਸਰੀ ਵਜਾਣ ਵਾਲੇ[39] ਤੇ ਪਾਠੀ[40] ਜੋ ੧੮ ਪੁਰਾਣਾਂ ਨੂੰ ਵਾਚਦੇ[41] ਹਨ, ਪ੍ਰੰਤੂ ਜੇਕਰ ਉਨ੍ਹਾਂ ਦੀ ਅੱਖ[43] ਤੇ ਚਿੱਤ[44] ਦੰਭ[42] ਅਤੇ ਖੋਟ[45] ਕਮਾਉਂਦੇ[46] ਹਨ;
ਤਿਨ ਕੈ[48] ਰਮਈਆ[47] ਨੇੜਿ[49] ਨਾਹਿ ॥	The Pervading Gcd[47] comes not near[49] them[48].	ਵਿਆਪਕ ਵਾਹਿਗੁਰੂ[47] ਉਨ੍ਹਾਂ[48] ਦੇ ਨਜ਼ਦੀਕ ਨਹੀਂ[49] ਜਾਂਦਾ ।
ਜੇ ਕੋ[50] ਐਸਾ[51] ਸੰਜਮੀ[52] ਹੋਇ ॥ ਕ੍ਰਿਆ[53] ਵਿਸੇਖ[54] ਪੂਜਾ[55] ਕਰੇਇ[56] ॥ ਅੰਤਰਿ[57] ਲੋਭੁ[58] ਮਨੁ ਬਿਖਿਆ[59] ਮਾਹਿ[60] ॥	If[50] there be such[51] a practiser of self-control[52], who performs[56] good[54] deed[53] and worship[55], but if within[57] him is avarice[58] and his mind is engrossed in[60] sins[59];	ਜੇਕਰ[50] ਕੋਈ ਇਹੋ ਜਿਹਾ[51] ਸਵੈ-ਜ਼ਬਤ[52] ਕਮਾਉਣ ਵਾਲਾ ਹੋਵੇ, ਜੋ ਚੰਗੇ[54] ਕਰਮ[53] ਅਤੇ ਉਪਾਸ਼ਨਾ[55] ਕਰਦਾ[56] ਹੈ, ਪ੍ਰੰਤੂ ਜੇਕਰ ਉਸ ਦੇ ਅੰਦਰ[57] ਲਾਲਚ[58] ਹੈ ਅਤੇ ਉਸ ਦਾ ਚਿਤ ਪਾਪਾਂ[59] ਅੰਦਰ[60] ਖਚਤ ਹੈ;
ਓਇ ਨਿਰੰਜਨੁ[61] ਕੈਸੇ[62] ਪਾਹਿ[63] ॥੩॥	How[62] can he obtain[63] the Immaculate Lord[61] ?	ਉਹ ਪਵਿੱਤ੍ਰ ਪ੍ਰਭੂ[61] ਨੂੰ ਕਿਸ ਤਰ੍ਹਾਂ[62] ਪਾ ਸਕਦਾ[63] ਹੈ ?
ਕੀਤਾ[64] ਹੋਆ ਕਰੇ[65] ਕਿਆ[66] ਹੋਇ[67] ॥ ਜਿਸ[68] ਨੋ ਆਪਿ[69] ਚਲਾਏ[70] ਸੋਇ[71] ॥	What[66] can be done[67] by the doing[65] of the created[64] one, whom[68] He[71], the Lord, of Himself[69], drives[70].	ਰਚੇ ਹੋਏ[64] ਦੇ ਕਰਨ ਦੁਆਰਾ[65] ਕੀ[66] ਹੋ ਸਕਦਾ[67] ਹੈ, ਜਿਸ ਨੂੰ[68] ਕਿ ਉਹ[71] ਸੁਆਮੀ ਖੁਦ[69] ਹੀ ਚਲਾਉਂਦਾ[70] ਹੈ ।
ਨਦਰਿ[72] ਕਰੇ[73] ਤਾਂ[74] ਭਰਮੁ[75] ਚੁਕਾਏ[76] ॥	If the Lord shows[73] mercy[72], then[74] does He dispel[76] man's doubt[75].	ਜੇਕਰ ਸੁਆਮੀ ਮਿਹਰ[72] ਧਾਰੇ[73], ਤਦ[74] ਉਹ ਬੰਦੇ ਦਾ ਸੰਦੇਹ[75] ਦੂਰ ਕਰ ਦਿੰਦਾ[76] ਹੈ ।
ਹੁਕਮੈ[77] ਬੂਝੈ[78] ਤਾਂ ਸਾਚਾ[79] ਪਾਏ ॥੪॥	When man realises[78] His will[77], then obtains he the True Lord[79].	ਜਦ ਬੰਦਾ ਉਸ ਦੀ ਰਜ਼ਾ[77] ਨੂੰ ਅਨੁਭਵ ਕਰ ਲੈਂਦਾ[78] ਹੈ, ਤਦ ਉਹ ਸੱਚੇ ਸੁਆਮੀ[79] ਨੂੰ ਪਾ ਲੈਂਦਾ ਹੈ ।

ਜਿਸ ਜੀਉ[80] ਅੰਤਰੁ[81] ਮੈਲਾ[82] ਹੋਇ ॥ ਤੀਰਥ[83] ਭਵੈ[84] ਦਿਸੰਤਰ[85] ਲੋਇ[86]॥	He whose mind[80] is filthy[82] from within[81], of what avail is his wandering[84] on the holies[83] of the countries[85] of the world[86] ?	ਜਿਸ ਦੀ ਆਤਮਾ[80] ਅੰਦਰੋਂ[81] ਪਲੀਤ[82] ਹੈ; ਉਸ ਨੂੰ ਜਹਾਨ[86] ਦੇ ਮੁਲਕਾਂ[85] ਦੇ ਧਰਮ ਅਸਥਾਨ[83] ਤੇ ਫਿਰਨ[84] ਦਾ ਕੀ ਫ਼ਾਇਦਾ ਹੈ ?
ਨਾਨਕ ਮਿਲੀਐ ਸਤਿਗੁਰ ਸੰਗ[87]॥ਤਉ[88] [89]ਭਵਜਲ[90] ਕੇ ਤੂਟਸਿ[91] ਬੰਧ[92] ॥੫॥੪॥	Nanak, when man meets with the society[87] of the True Guru, it is then[88] that his bonds[92] of the terrible[89] world-ocean[90] are loosed[91].	ਨਾਨਕ, ਜਦ ਜੀਵ ਸਚੇ ਗੁਰਾਂ ਦੀ ਸੰਗਤ[87] ਨਾਲ ਜੁੜ ਜਾਂਦਾ ਹੈ ਤਦ[88] ਉਸ ਦੇ ਭਿਆਨਕ[89] ਸੰਸਾਰ ਸਮੁੰਦਰ[90] ਦੇ ਜੂੜ[92] ਵਢੇ ਜਾਂਦੇ[91] ਹਨ।
ਬਸੰਤੁ ਮਹਲਾ ੧ ॥	Basant Ist Guru.	ਬਸੰਤ ਪਹਿਲੀ ਪਾਤਿਸ਼ਾਹੀ।
ਸਗਲ[93] ਭਵਨ[94] ਤੇਰੀ ਮਾਇਆ[95] ਮੋਹ[96] ॥	Thy mammon[95], O Lord, has bewitched[96] all[93] the worlds[94].	ਤੇਰੀ ਮੋਹਨੀ[95] ਨੇ ਹੇ ਪ੍ਰਭੂ ! ਸਾਰਿਆਂ[93] ਜਹਾਨਾਂ[94] ਨੂੰ ਮੋਹਿਤ ਕਰ ਲਿਆ[96] ਹੈ।
ਮੈ ਅਵਰੁ[97] ਨ ਦੀਸੈ[98] ਸਰਬ[99] ਤੋਹ[100] ॥	I see[98] not another[97], everywhere[99] Thou[100] art.	ਮੈਨੂੰ ਹੋਰ ਕੋਈ[97] ਨਹੀਂ ਦਿਸਦਾ[98], ਸਾਰੇ ਥਾਈਂ[99] ਤੂੰ ਹੀ[100] ਹੈਂ।
ਤੂ ਸੁਰਿ[2] ਨਾਥਾ[3] ਦੇਵਾ[4] ਦੇਵ[5] ॥	Thou art the Lord[5] of the great[2] Yogis[3] and gods[4].	ਤੂੰ ਵਡਿਆਂ[2] ਯੋਗੀਆਂ[3] ਅਤੇ ਦੇਵਤਿਆਂ[4] ਦਾ ਸੁਆਮੀ[5] ਹੈਂ।
ਹਰਿ ਨਾਮੁ ਮਿਲੈ[6] ਗੁਰ ਚਰਨ[7] ਸੇਵ[8] ॥੧॥	Serving[8] the Guru's feet[7], God's Name is obtained[6].	ਗੁਰਾਂ ਦੇ ਪੈਰਾਂ[7] ਦੀ ਘਾਲ ਕਮਾਉਣ ਦੁਆਰਾ[8], ਵਾਹਿਗੁਰੂ ਦਾ ਨਾਮ ਪਰਾਪਤ ਹੋ ਜਾਂਦਾ[6] ਹੈ।
ਮੇਰੇ ਸੁੰਦਰ[9] ਗਹਿਰ[10] ਗੰਭੀਰ[12] ਲਾਲ[13] ॥ ਗੁਰਮੁਖਿ[14] ਰਾਮ ਨਾਮ ਗੁਨ[15] ਗਾਏ ਤੂ ਅਪਰੰਪਰੁ[16] ਸਰਬ[17] ਪਾਲ[18] ॥੧॥ ਰਹਾਉ ॥	O my beauteous[9] deep[10] and unfathomable[12] Beloved[13] Lord, Thou art Infinite[16] and the cherisher[18] of all[17]. By the Guru's grace[14], sing I Thine praises[15]. Pause.	ਹੇ ਮੇਰੇ ਸੋਹਣੇ ਸੁਨੱਖੇ[9], ਡੂੰਘੇ[10] ਅਤੇ ਬੇਥਾਹ[12] ਪਿਆਰੇ[13] ਪ੍ਰਭੂ ! ਤੂੰ ਬੇਅੰਤ[16] ਅਤੇ ਸਾਰਿਆਂ[17] ਦਾ ਪਾਲਣ-ਪੋਸਣਹਾਰ[18] ਹੈਂ। ਗੁਰਾਂ ਦੀ ਦਇਆ[14] ਦੁਆਰਾ, ਮੈਂ ਤੇਰੀ ਮਹਿਮਾਂ[15] ਗਾਇਨ ਕਰਦਾ ਹਾਂ। ਠਹਿਰਾਉ।
ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ[19] ॥	Without the saint, God's association[19] is obtained not.	ਸੰਤ ਦੇ ਬਗੈਰ ਹਰੀ ਦੀ ਸੰਗਤ[19] ਪਰਾਪਤ ਨਹੀਂ ਹੁੰਦੀ।
ਬਿਨੁ ਗੁਰ ਮੈਲ[20] ਮਲੀਨ[21] ਅੰਗੁ[22] ॥	Without the Guru, man's mind[22] remains filthy[21] with filth[20].	ਗੁਰਾਂ ਦੇ ਬਾਝੋਂ, ਜੀਵ ਦਾ ਹਿਰਦਾ[22] ਗੰਦਗੀ[20] ਨਾਲ ਗੰਦਾ[21] ਰਹਿੰਦਾ ਹੈ।
ਬਿਨੁ ਹਰਿ ਨਾਮ ਨ ਸੁਧੁ[23] ਹੋਇ ॥	Without God's Name, one becomes not pure[23].	ਰੱਬ ਦੇ ਨਾਮ ਦੇ ਬਾਝੋਂ ਬੰਦਾ ਪਵਿੱਤਰ[23] ਨਹੀਂ ਹੁੰਦਾ।
ਗੁਰ ਸਬਦਿ[24] ਸਲਾਹੇ[25] ਸਾਚਾ[26] ਸੋਇ[27] ॥੨॥	Through the Guru's word[24], the mortal sings the praise[25] of that[27] True Lord[26].	ਗੁਰਾਂ ਦੀ ਬਾਣੀ[24] ਰਾਹੀਂ, ਪ੍ਰਾਣੀ ਉਸ[27] ਸਚੇ ਸੁਆਮੀ[26] ਦਾ ਜੱਸ[25] ਗਾਇਨ ਕਰਦਾ ਹੈ।
ਜਾ ਕਉ ਤੂ ਰਾਖਹਿ[28] ਰਖਨਹਾਰ[29] ॥ ਸਤਿਗੁਰੂ	O saviour[29] Lord, he whom Thou savest[28]; him Thou leadest[30] on to	ਹੇ ਰੱਖਿਅਕ[29] ਪ੍ਰਭੂ ! ਜਿਸ ਦੀ ਤੂੰ ਰੱਖਿਆ ਕਰਦਾ[28] ਹੈਂ; ਉਸ ਨੂੰ ਤੂੰ ਸਚੇ ਗੁਰਾਂ ਨਾਲ ਮਿਲਾ[30] ਦਿੰਦਾ ਹੈਂ ਅਤੇ

ਮਿਲਾਵਹਿ[30] ਕਰਹਿ ਸਾਰ[31] ॥	the True Guru, and this wise Thou takest care[31] of him.	ਇਸ ਤਰ੍ਹਾਂ ਤੂੰ ਉਸ ਦੀ ਸੰਭਾਲ ਕਰਦਾ[31] ਹੈਂ ।
ਬਿਖੁ[32] ਹਉਮੈ[33] ਮਮਤਾ[34] ਪਰਹਰਾਇ[35] ॥	Thou purgest[35] him of the poisonous[32] pride[33] and worldly love[34].	ਤੂੰ ਉਸ ਦਾ ਜ਼ਹਿਰੀਲਾ[32] ਹੰਕਾਰ[33] ਅਤੇ ਸੰਸਾਰੀ ਮੋਹ[34] ਨਵਿਰਤ ਕਰ ਦਿੰਦਾ[35] ਹੈਂ ।
ਸਭਿ ਦੂਖ[36] ਬਿਨਾਸੇ[37] ਰਾਮ[38] ਰਾਇ[39] ॥੩॥	Through Thee, O Sovereign[39] Lord[38], all his sufferings[36] are dispelled[37].	ਤੇਰੇ ਰਾਹੀਂ, ਹੇ ਪਾਤਿਸ਼ਾਹ[39] ਪਰਮੇਸ਼ਰ[38] ! ਉਸ ਦੇ ਸਾਰੇ ਦੁਖੜੇ[36] ਦੂਰ ਹੋ ਜਾਂਦੇ[37] ਹਨ ।
ਊਤਮ[40] ਗਤਿ[11] ਮਿਤਿ[42] ਹਰਿਗੁਨ[43] ਸਰੀਰ[44] ॥	Sublime[40] becomes man's state[41] and condition[42], if he cultivates God's virtues[43] in his body[44].	ਜੇਕਰ ਉਹ ਆਪਣੀ ਦੇਹਿ[44] ਅੰਦਰ ਰੱਬ ਦੀਆਂ ਨੇਕੀਆਂ[43] ਕਾਸ਼ਤ ਕਰ ਲਵੇ, ਤਾਂ ਬੰਦੇ ਦੀ ਦਸ਼ਾ[41] ਤੇ ਹਾਲਤ[42] ਸ੍ਰੇਸ਼ਟ[40] ਹੋ ਜਾਂਦੀ ਹੈ ।
ਗੁਰਮਤਿ[45] ਪ੍ਰਗਟੇ[46] ਰਾਮ ਨਾਮ ਹੀਰ[47] ॥	By the Guru's instruction[45], the gem[47] of the Lord's Name becomes manifest[46].	ਗੁਰਾਂ ਦੇ ਉਪਦੇਸ਼ ਦੁਆਰਾ[45], ਸਾਂਈਂ ਦੇ ਨਾਮ ਦਾ ਹੀਰਾ[47] ਜ਼ਾਹਰ ਹੋ ਜਾਂਦਾ[46] ਹੈ ।
ਲਿਵ[48] ਲਾਗੀ ਨਾਮਿ ਤਜਿ[49] ਦੂਜਾ[50] ਭਾਉ ॥	Then one is attuned[48] to the Lord's Name and is rid of[49] another's love[50].	ਤਦ ਇਨਸਾਨ ਦਾ ਪ੍ਰਭੂ ਦੇ ਨਾਮ ਨਾਲ ਪਿਆਰ ਪੈ ਜਾਂਦਾ[48] ਹੈ ਤੇ ਉਹ ਦਵੈਤ-ਭਾਵ[50] ਤੋਂ ਖਲਾਸੀ ਪਾ ਜਾਂਦਾ[49] ਹੈ ।
੧੧੭੦	**1170**	**੧੧੭੦**
ਜਨ[51] ਨਾਨਕ ਹਰਿ ਗੁਰੁ[52] ਗੁਰ ਮਿਲਾਉ ॥੪॥੫॥	O God, make Thou slave[51] Nanak meet the great[52] Guru.	ਹੇ ਵਾਹਿਗੁਰੂ ! ਤੂੰ ਗੋਲੇ[51] ਨਾਨਕ ਨੂੰ ਵਿਸ਼ਾਲ[52] ਗੁਰਾਂ ਨਾਲ ਮਿਲਾ ਦੇ ।
ਬਸੰਤੁ ਮਹਲਾ ੧ ॥	Basant Ist Guru.	ਬਸੰਤ ਪਹਿਲੀ ਪਾਤਿਸ਼ਾਹੀ ।
ਮੇਰੀ ਸਖੀ[53] ਸਹੇਲੀ[54] ਸੁਨਹੁ ਭਾਇ[55] ॥	O my mates[53] and friends[54], listen to me with love[55].	ਹੇ ਮੇਰੀਓ ਸਹੀਓ[53] ਅਤੇ ਸਜਣੀਓ[54] ! ਮੇਰੀ ਗੱਲ ਪਿਆਰ[55] ਨਾਲ ਸੁਣੋ ।
ਮੇਰਾ ਪਿਰੁ[56] ਰੀਸਾਲੂ[57] ਸੰਗਿ[58] ਸਾਇ[59] ॥	He[59], my Beauteous[57] Spouse[56] is ever with[58] me.	ਉਹ[59], ਮੇਰਾ ਸੁੰਦਰ[57] ਕੰਤ[56] ਸਦਾ ਮੇਰੇ ਅੰਗ ਸੰਗ[58] ਹੈ ।
ਓਹੁ ਅਲਖੁ[60] ਨ ਲਖੀਐ[61] ਕਹਹੁ[62] ਕਾਇ[63] ॥	He is Unseeable[60] and can be seen[61] not. How[63] can I narrate[62] Him ?	ਉਹ ਅਦ੍ਰਿਸ਼ਟ[60] ਹੈ ਅਤੇ ਵੇਖਿਆ[61] ਨਹੀਂ ਜਾ ਸਕਦਾ । ਮੈਂ ਉਸ ਨੂੰ ਕਿਸ ਤਰ੍ਹਾਂ[63] ਵਰਣਨ[62] ਕਰ ਸਕਦੀ ਹਾਂ ?
ਗੁਰਿ ਸੰਗਿ ਦਿਖਾਇਓ ਰਾਮ[64] ਰਾਇ[65] ॥੧॥	The Sovereign[65] Lord[64], the Guru has shown me with me.	ਪਾਤਿਸ਼ਾਹ[65] ਪ੍ਰਮੇਸ਼ਰ[64] ਨੂੰ ਗੁਰਾਂ ਨੇ ਮੇਰੇ ਨਾਲ ਹੀ ਵਿਖਾਲ ਦਿਤਾ ਹੈ ।
ਮਿਲੁ ਸਖੀ ਸਹੇਲੀ ਹਰਿ ਗੁਨ[66] ਬਨੇ[67] ॥	Meeting with my mates and friends, I am adorned[67] by singing God's praise[66].	ਆਪਣੀਆਂ ਸਹੇਲੀਆਂ ਅਤੇ ਸਜਣੀਆਂ ਨਾਲ ਮਿਲ ਕੇ, ਮੈਂ ਵਾਹਿਗੁਰੂ ਦਾ ਜੱਸ[66] ਗਾਉਣ ਦੁਆਰਾ ਸ਼ਸ਼ੋਭਤ ਹੋ ਗਈ[67] ਹਾਂ ।
ਹਰਿ ਪ੍ਰਭ[68] ਸੰਗਿ[69] ਖੇਲਹਿ ਵਰ[70] ਕਾਮਨਿ[71] ਗੁਰਮੁਖਿ[72] ਖੋਜਤ[73] ਮਨ ਮਨੇ[74] ॥੧॥ਰਹਾਉ ॥	The sublime[70] brides[71] play with[69] their Lord Master[68]. Searching[73] within, by the Guru's grace[72], their mind is propitiated[74]. Pause.	ਸ੍ਰੇਸ਼ਟ[70] ਪਤਨੀਆਂ[71] ਆਪਣੇ ਸੁਆਮੀ ਮਾਲਕ[68] ਨਾਲ[69] ਖੇਡਦੀਆਂ ਹਨ । ਗੁਰਾਂ ਦੀ ਦਇਆ[72] ਦੁਆਰਾ, ਆਪਣੇ ਅੰਦਰ ਨੂੰ ਭਾਲ[73], ਉਨ੍ਹਾਂ ਦਾ ਚਿਤ ਪ੍ਰਸੰਨ ਹੋ ਜਾਂਦਾ[74] ਹੈ । ਠਹਿਰਾਉ ।

ਮਨਮੁਖੀ[75] ਦੁਹਾਗਣਿ[76] ਨਾਹਿ ਭੇਉ[77] ॥ ਓਹੁ ਘਟਿ ਘਟਿ[78] ਰਾਵੈ[79] ਸਰਬ[80] ਪ੍ਰੇਉ[81] ॥	The separated[76] egocentrics[75] know not this mystery[77], that He, the Lord[81] of all[80] makes merry[79] in all hearts[78].	ਵਿਛੜੀਆਂ[76] ਹੋਈਆਂ ਮਨਮਤੀਆਂ[75] ਇਸ ਭੇਤ[77] ਨੂੰ ਨਹੀਂ ਜਾਣਦੀਆਂ, ਕਿ ਉਹ ਸਾਰਿਆਂ[80] ਦਾ ਸੁਆਮੀ[81] ਸਾਰਿਆਂ ਦਿਲਾਂ[78] ਅੰਦਰ ਅਨੰਦ ਮਾਣ ਰਿਹਾ[79] ਹੈ।
ਗੁਰਮੁਖਿ[82] ਥਿਰੁ[83] ਚੀਨੈ[84] ਸੰਗਿ ਦੇਉ[85] ॥	Seeing[84] God[85] with him, the Guruward[82] is rendered everstable[83].	ਵਾਹਿਗੁਰੂ[85] ਨੂੰ ਆਪਣੇ ਨਾਲ ਵੇਖ[84], ਗੁਰੂ-ਅਨੁਸਾਰੀ[82] ਸਦੀਵੀ ਸਥਿਰ[83] ਹੋ ਜਾਂਦਾ ਹੈ।
ਗੁਰਿ ਨਾਮੁ ਦ੍ਰਿੜਾਇਆ[86] ਜਪੁ[87] ਜਪੇਉ[88] ॥੨॥	The Guru has implanted[86] the Name within me, and I contemplate[87] and remember[88] it.	ਗੁਰਾਂ ਨੇ ਮੇਰੇ ਅੰਦਰ ਨਾਮ ਪੱਕਾ ਕੀਤਾ[86] ਹੈ, ਅਤੇ ਮੈਂ ਇਸ ਦਾ ਆਰਾਧਨ[87] ਤੇ ਸਿਮਰਨ[88] ਕਰਦਾ ਹਾਂ।
ਬਿਨੁ ਗੁਰ ਭਗਤਿ[89] ਨ ਭਾਉ[90] ਹੋਇ[91] ॥	Without the Guru, the love[90] for God's service[89] wells up[91] not within the mortal.	ਗੁਰਾਂ ਦੇ ਬਗੈਰ, ਪ੍ਰਾਣੀ ਦੇ ਅੰਦਰ ਵਾਹਿਗੁਰੂ ਦੀ ਸੇਵਾ[89] ਦਾ ਪਿਆਰ[90] ਉਤਪੰਨ[91] ਨਹੀਂ ਹੁੰਦਾ।
ਬਿਨੁ ਗੁਰ ਸੰਤ ਨ ਸੰਗੁ[92] ਦੇਇ[93] ॥	Without the Guru, the Lord blesses[93] not man with the saints' association[92].	ਗੁਰਾਂ ਦੇ ਬਗੈਰ, ਪ੍ਰਭੂ ਪ੍ਰਾਣੀ ਨੂੰ ਸਾਧੂਆਂ ਦੀ ਸੰਗਤ[92] ਪਰਦਾਨ[93] ਨਹੀਂ ਕਰਦਾ।
ਬਿਨੁ ਗੁਰ ਅੰਧੁਲੇ[94] ਧੰਧ[95] ਰੋਇ[96] ॥	Without the Guru, the blind[94] one wails[96] in worldly pursuits[95].	ਗੁਰਾਂ ਦੇ ਬਾਝੋਂ, ਅੰਨ੍ਹਾ[94] ਇਨਸਾਨ ਸੰਸਾਰੀ ਧੰਦਿਆਂ[95] ਅੰਦਰ ਰੋਂਦਾ[96] ਹੈ।
ਮਨੁ[97] ਗੁਰਮੁਖਿ[98] ਨਿਰਮਲੁ[99] ਮਲੁ[100] ਸਬਦਿ[2] ਖੋਇ[3] ॥੩॥	Washing off[3] filth[100] by the supreme Guru's[98] instruction[2], man[97] is rendered immaculate[99].	ਮੁਖੀ ਗੁਰਾਂ[98] ਦੇ ਉਪਦੇਸ਼[2] ਦੁਆਰਾ, ਗਿਲਾਜ਼ਤ[100] ਨੂੰ ਧੋ ਕੇ[3] ਇਨਸਾਨ[97] ਪਵਿੱਤਰ[99] ਹੋ ਜਾਂਦਾ ਹੈ।
ਗੁਰਿ ਮਨੁ[4] ਮਾਰਿਓ[5] ਕਰਿ ਸੰਜੋਗੁ[6] ॥	Meeting[6] with the Guru, man stills[5] his mind[4].	ਗੁਰਾਂ ਨਾਲ ਮਿਲ ਕੇ[6], ਬੰਦਾ ਆਪਣੇ ਮਨੂਏ[4] ਨੂੰ ਜਿੱਤ ਲੈਂਦਾ[5] ਹੈ।
[7]ਅਹਿਨਿਸਿ[8] ਰਾਵੇ[9] ਭਗਤਿ[10] ਜੋਗੁ ॥	Day[7] and night[8] he revels[9] in the Yoga of Lord's love-worship[10].	ਤਾਂ ਦਿਨ[7] ਤੇ ਰੈਣ[8] ਉਹ ਸੁਆਮੀ ਦੀ ਪਿਆਰੀ ਉਪਾਸ਼ਨਾ[10] ਦੇ ਯੋਗ ਅੰਦਰ ਮੌਜਾਂ ਮਾਣਦਾ[9] ਹੈ।
ਗੁਰ ਸੰਤ ਸਭਾ[12] ਦੁਖੁ[13] ਮਿਟੈ[14] ਰੋਗੁ[15] ॥	Associating[12] with the saint-Guru, miseries[13] and maladies[15] are ended[14].	ਸਾਧੂ-ਗੁਰਾਂ ਦੀ ਸੰਗਤ ਕਰਨ ਦੁਆਰਾ[12], ਦੁਖੜੇ[13] ਅਤੇ ਬੀਮਾਰੀਆਂ[15] ਦੂਰ ਹੋ ਜਾਂਦੀਆਂ[14] ਹਨ।
ਜਨ[16] ਨਾਨਕ ਹਰਿ ਵਰੁ[17] ਸਹਜ[18] ਜੋਗੁ[19] ॥੪॥੬॥	Servant[16] Nanak has easily[18] met[19] his God, the Spouse[17].	ਨੌਕਰ[16] ਨਾਨਕ ਸੁਖੈਨ[18] ਹੀ ਆਪਣੇ ਵਾਹਿਗੁਰੂ ਕੰਤ[17] ਨੂੰ ਮਿਲ ਪਿਆ[19] ਹੈ।
ਬਸੰਤੁ ਮਹਲਾ ੧ ॥	**Basant Ist Guru.**	ਬਸੰਤ ਪਹਿਲੀ ਪਾਤਿਸ਼ਾਹੀ।
ਆਪੇ ਕੁਦਰਤਿ[20] ਕਰੇ[21] ਸਾਜਿ[22] ॥	By His might[20], the Lord Himself has made[21] the make[22].	ਆਪਣੀ ਸ਼ਕਤੀ[20] ਦੁਆਰਾ, ਸਾਂਈਂ ਨੇ ਖ਼ੁਦ ਹੀ ਬਨਾਵਟ[22] ਬਣਾਈ[21] ਹੈ।
ਸਚੁ[23] ਆਪਿ ਨਿਬੇੜੇ[24] ਰਾਜੁ ਰਾਜਿ[25] ॥	The King of Kings[25], of Himself administers[24] true justice[23].	ਰਾਜਿਆਂ ਦਾ ਰਾਜਾ[25], ਆਪੇ ਹੀ ਸੱਚਾ ਨਿਆਂ[23] ਕਰਦਾ[24] ਹੈ।
ਗੁਰਮਤਿ[26] ਊਤਮ[27] ਸੰਗਿ ਸਾਥਿ[28] ॥ ਹਰਿ ਨਾਮੁ	Whosoever by the Guru's sublime[27] instruction[26], realises the Lord with[28]	ਜੋ ਕੋਈ ਭੀ ਗੁਰਾਂ ਦੇ ਸਰੇਸ਼ਟ[27] ਉਪਦੇਸ਼[26] ਦੁਆਰਾ, ਸੁਆਮੀ ਨੂੰ ਆਪਣੇ ਅੰਗ ਸੰਗ[28] ਅਨੁਭਵ ਕਰਦਾ ਹੈ; ਉਹ

ਰਸਾਇਣੁ[29] ਸਹਜਿ[30] ਆਥਿ[31] ॥੧॥	him; he easily[30] acquires the wealth[31] of God's Name, the home of elixir[29].	ਅੰਮ੍ਰਿਤ[29] ਦੇ ਘਰ, ਵਾਹਿਗੁਰੂ ਦੇ ਨਾਮ ਦੀ ਦੌਲਤ[31] ਨੂੰ ਸੁਖੈਨ[30] ਹੀ ਪਾ ਲੈਂਦਾ ਹੈ।
ਮਤ[32] ਬਿਸਰਸਿ[33] ਰੇ[34] ਮਨ[35] ਰਾਮ[36] ਬੋਲਿ[37] ॥	O[34] my soul[35], utter[37] thou the Lord's Name[36], and forget[33] it not[32].	ਹੇ[34] ਮੇਰੀ ਜਿੰਦੜੀਏ[35]! ਤੂੰ ਪ੍ਰਭੂ ਦੇ ਨਾਮ[36] ਦਾ ਉਚਾਰਨ[37] ਕਰ ਅਤੇ ਇਸ ਨੂੰ ਨਾ[32] ਭੁਲਾ[33]।
ਅਪਰੰਪਰੁ[38] ਅਗਮ[39] ਅਗੋਚਰੁ[40] ਗੁਰਮੁਖਿ[41] ਹਰਿ ਆਪਿ[42] ਤੁਲਾਏ[43]* ਅਤੁਲੁ[43] ਤੋਲਿ[44] ॥੧॥ ਰਹਾਉ ॥	God is Inaccessible[39], Inapprehensible[40] and yonder of the yond[38]. By the Guru's grace[41], the Lord, whose weight[44] is inestimable[43] causes Himself[42] to be weighed[43]*. Pause.	ਵਾਹਿਗੁਰੂ ਅਪੁਜ[39], ਅਗਾਧ[40] ਅਤੇ ਪਰੇ ਤੋਂ ਪਰੇ[38] ਹੈ। ਗੁਰਾਂ ਦੀ ਦਇਆ ਦੁਆਰਾ[41], ਸੁਆਮੀ, ਜਿਸ ਦਾ ਭਾਰ[44] ਅਮਾਪ[43] ਹੈ ਆਪਣੇ ਆਪ[42] ਨੂੰ ਜੁਖਵਾ ਦਿੰਦਾ[43]* ਹੈ। ਠਹਿਰਾਉ।
ਗੁਰ ਚਰਨ[45] ਸਰੇਵਹਿ[46] ਗੁਰਸਿਖ[47] ਤੋਰ[48] ॥	The Guru's disciples[47] of Thine[48], O Lord, serve[46] the Guru's feet[45].	ਹੇ ਸੁਆਮੀ! ਤੇਰੇ[48] ਗੁਰਾਂ ਦੇ ਮੁਰੀਦ[47] ਗੁਰਾਂ ਦੇ ਪੈਰਾਂ[45] ਦੀ ਟਹਿਲ ਸੇਵਾ ਕਰਦੇ[46] ਹਨ।
ਗੁਰ ਸੇਵ[52] ਤਰੇ[49] ਤਜਿ[50] ਮੇਰ ਤੋਰ[51] ॥	Abandoning[50] the distinction of mine and thine[51] they ferry across[49] by serving[52] the Guru.	ਮੇਰੇ ਅਤੇ ਤੇਰੇ[51] ਦੇ ਫ਼ਰਕ ਨੂੰ ਤਿਲਾਂਜਲੀ[50] ਦੇ ਗੁਰਾਂ ਦੀ ਟਹਿਲ ਕਮਾਉਣ[52] ਦੁਆਰਾ ਉਹ ਪਾਰ ਉਤਰ ਜਾਂਦੇ[49] ਹਨ।
ਨਰ[53] ਨਿੰਦਕ[54] ਲੋਭੀ[55] ਮਨਿ[56] ਕਠੋਰ[57] ॥	The slanderous[54] and avaricious[55] persons[53] are [57]stone-hearted[56].	ਕਲੰਕ ਲਾਉਣ ਵਾਲੇ[54] ਅਤੇ ਲਾਲਚੀ[55] ਪੁਰਸ਼[53] [57]ਪੱਥਰ-ਦਿਲ[56] ਹੁੰਦੇ ਹਨ।
ਗੁਰ ਸੇਵ[58] ਨ ਭਾਈ[59] ਸਿ[60] ਚੋਰ[61] ਚੋਰ ॥੨॥	They[60] who love[59] not the Guru's service[58], are the thieves of the thieves[61].	ਜੋ ਗੁਰਾਂ ਦੀ ਟਹਿਲ ਸੇਵਾ[58] ਨੂੰ ਪਿਆਰ[59] ਨਹੀਂ ਕਰਦੇ ਉਹ[60] ਤਸਕਰਾਂ ਦੇ ਤਸਕਰ[61] ਹਨ।
ਗੁਰੁ ਤੁਠਾ[62] ਬਖਸੇ[63] ਭਗਤਿ ਭਾਉ[64] ॥	Being pleased[62], the Guru blesses[63] one with the Lord's loving-worship[64].	ਪ੍ਰਸੰਨ ਹੋ[62], ਗੁਰੂ ਜੀ ਜੀਵ ਨੂੰ ਪ੍ਰਭੂ ਦੀ ਪਿਆਰੀ-ਉਪਾਸ਼ਨਾ[64] ਪਰਦਾਨ ਕਰਦੇ[63] ਹਨ।
ਗੁਰਿ ਤੁਠੈ[65] ਪਾਈਐ ਹਰਿ ਮਹਲਿ[66] ਠਾਉ[67] ॥	When the Guru is merciful[65], man obtains a seat[67] in the Lord's mansion[66].	ਜਦ ਗੁਰੂ ਜੀ ਮਿਹਰਬਾਨ[65] ਹੋ ਜਾਂਦੇ ਹਨ, ਬੰਦੇ ਨੂੰ ਸੁਆਮੀ ਦੇ ਮੰਦਰ[66] ਅੰਦਰ ਟਿਕਾਣਾ[67] ਮਿਲ ਜਾਂਦਾ ਹੈ।
ਪਰਹਰਿ[68] ਨਿੰਦਾ[69] ਹਰਿ ਭਗਤਿ[70] ਜਾਗੁ[71] ॥	Forsake[68] thou slandering[69] others, and be wakeful[71] in the Lord's meditation[70].	ਤੂੰ ਹੋਰਨਾਂ ਦੀ ਬਦਖੋਈ[69] ਕਰਨੀ ਛੱਡ[68] ਦੇ ਅਤੇ ਸੁਆਮੀ ਦੇ ਸਿਮਰਨ[70] ਅੰਦਰ ਜਾਗਦਾ[71] ਰਹੋ।
ਹਰਿ ਭਗਤਿ ਸੁਹਾਵੀ[72] ਕਰਮਿ[73] ਭਾਗੁ[74] ॥੩॥	Beauteous[72] is God's meditation. By His grace[73], one obtains share[74] in it.	ਸੁੰਦਰ[72] ਹੈ ਵਾਹਿਗੁਰੂ ਦਾ ਸਿਮਰਨ। ਉਸ ਦੀ ਦਇਆ[73] ਦੁਆਰਾ ਜੀਵ ਨੂੰ ਇਸ ਵਿਚ ਹਿੱਸਾ[74] ਪਰਾਪਤ ਹੁੰਦਾ ਹੈ।
ਗੁਰੁ ਮੇਲਿ[75] ਮਿਲਾਵੈ[76] ਕਰੈ[77] ਦਾਤਿ[78] ॥	Giving[77] the gift[78] of God's Name, the Guru unites[76] man in His union[75].	ਵਾਹਿਗੁਰੂ ਦੇ ਨਾਮ ਦਾ ਦਾਨ[78] ਦੇ ਕੇ[77], ਗੁਰੂ ਜੀ ਇਨਸਾਨ ਨੂੰ ਉਸ ਦੇ ਮਿਲਾਪ[75] ਅੰਦਰ ਮਿਲਾ ਦਿੰਦੇ[76] ਹਨ।

ਗੁਰ ਸਿਖ ਪਿਆਰੇ[79] ਦਿਨਸੁ[80] ਰਾਤਿ[81] ॥	His Sikhs, the Guru loves[79] day[80] and night[81].	ਆਪਣੇ ਸਿੱਖਾਂ ਨੂੰ ਗੁਰੂ ਜੀ ਦਿਨ[80] ਤੇ ਰੈਣ[81] ਪਿਆਰ ਕਰਦੇ[79] ਹਨ।
ਫਲੁ[82] ਨਾਮੁ ਪਰਾਪਤਿ[83] ਗੁਰੁ ਤੁਸਿ[84] ਦੇਇ[85] ॥	The Sikh obtains[83] the fruit[82] of God's Name, when becoming merciful[84], the Guru blesses[85] him with it.	ਸਿੱਖ ਰੱਬ ਦੇ ਨਾਮ ਦੇ ਮੇਵੇ[82] ਨੂੰ ਪਾ ਲੈਂਦਾ[83] ਹੈ, ਜਦ ਮਿਹਰਬਾਨ[84] ਹੋ ਕੇ, ਗੁਰੂ ਜੀ ਉਸ ਨੂੰ ਇਸ ਦੀ ਦਾਤ ਦਿੰਦੇ[85] ਹਨ।
ਕਹੁ ਨਾਨਕ ਪਾਵਹਿ[86] ਵਿਰਲੇ ਕੇਇ[87] ॥੪॥੭॥	Says Nanak, rare is the one[87], who obtains[86] the Name-fruit.	ਗੁਰੂ ਜੀ ਆਖਦੇ ਹਨ, ਕੋਈ ਟਾਂਵਾਂ ਟਾਂਵਾਂ ਜਣਾ[87] ਹੀ, ਨਾਮ ਦੇ ਮੇਵੇ ਨੂੰ ਪਰਾਪਤ ਕਰਦਾ[86] ਹੈ।
ਬਸੰਤੁ ਮਹਲਾ ੩ ਇਕ ਤੁਕਾ ॥	Basant 3rd Guru Ik-tuka.	ਬਸੰਤ ਤੀਜੀ ਪਾਤਿਸ਼ਾਹੀ ਇਕ ਤੁਕਾ।
ਸਾਹਿਬ[88] ਭਾਵੈ[89] ਸੇਵਕੁ[90] ਸੇਵਾ[91] ਕਰੈ ॥	If the Lord[88] wills[89], the Lord's slave[90] serves[91] Him.	ਜੇਕਰ ਸੁਆਮੀ[88] ਨੂੰ ਚੰਗਾ ਲੱਗੇ[89], ਸੁਆਮੀ ਦਾ ਗੋਲਾ[90] ਉਸ ਦੀ ਟਹਿਲ ਕਮਾਉਂਦਾ[91] ਹੈ।
ਜੀਵਤੁ[92] ਮਰੈ ਸਭਿ ਕੁਲ[93] ਉਧਰੈ[94] ॥੧॥	He remains dead in life[92] and emancipates[94] his entire lineage[93].	ਉਹ ਜੀਉਂਦੇ ਜੀ[92] ਮਰਿਆ ਰਹਿੰਦਾ ਹੈ ਅਤੇ ਆਪਣੀ ਸਾਰੀ ਵੰਸ਼[93] ਦਾ ਪਾਰ ਉਤਾਰਾ ਕਰ ਦਿੰਦਾ[94] ਹੈ।
ਤੇਰੀ ਭਗਤਿ[95] ਨ ਛੋਡਉ[96] ਕਿਆ[97] ਕੋ ਹਸੈ[98] ॥ ਸਾਚੁ ਨਾਮੁ ਮੇਰੈ ਹਿਰਦੈ[99] ਵਸੈ[100] ॥੧॥ਰਹਾਉ ॥	I forsake[96] not Thy meditation[95], O Lord, what[97] if people laugh[98] at me. Thine True Name is enshrined[100] within my mind[99]. Pause.	ਮੈਂ ਤੇਰੀ ਬੰਦਗੀ[95] ਨੂੰ ਨਹੀਂ ਤਿਆਗਦਾ[96] ਹੇ ਪ੍ਰਭੂ! ਕੀ[97] ਹੋਇਆ ਜੇ ਲੋਕ ਮੇਰੀ ਹਾਸੀ ਉਡਾਉਂਦੇ[98] ਹਨ। ਤੇਰਾ ਸੱਚਾ ਨਾਮ ਮੇਰੇ ਅੰਤਹਕਰਨ[99] ਵਿਚ ਨਿਵਾਸ ਰਖਦਾ[100] ਹੈ। ਠਹਿਰਾਉ।
ਜੈਸੇ[2] ਮਾਇਆ[3] ਮੋਹਿ[4] ਪ੍ਰਾਣੀ[5] ਗਲਤੁ[6] ਰਹੈ ॥ ਤੈਸੇ[7] ਸੰਤ ਜਨ[8] ਰਾਮ ਨਾਮ ਰਵਤ[9] ਰਹੈ ॥੨॥	As[2] the mortal[5] remains engrossed[6] in the love[4] of the worldly valuables[3] so[7] remains the saintly person[8] absorbed[9] in the Lord's Name.	ਜਿਸ ਤਰ੍ਹਾਂ[2] ਫ਼ਾਨੀ ਬੰਦਾ[5] ਸੰਸਾਰੀ ਪਦਾਰਥਾਂ[3] ਦੀ ਮਮਤਾ[4] ਅੰਦਰ ਖਚਤ ਰਹਿੰਦਾ[6] ਹੈ, ਏਸੇ ਤਰ੍ਹਾਂ[7] ਹੀ ਨੇਕ ਪੁਰਸ਼[8] ਸੁਆਮੀ ਦੇ ਨਾਮ ਅੰਦਰ ਲੀਨ ਹੋਇਆ ਰਹਿੰਦਾ[9] ਹੈ।
ਮੈ ਮੂਰਖ[10] ਮੁਗਧ[12] ਊਪਰਿ ਕਰਹੁ[13] ਦਇਆ[14] ॥ ਤਉ ਸਰਣਾਗਤਿ[15] ਰਹਉ[16] ਪਇਆ ॥੩॥	On me, the unwise[10] and ignorant[12] one, O Lord take[13] Thou pity[14] that I may ever abide[16] in Thy refuge[15].	ਮੈਂ ਕਮ ਅਕਲ[10] ਅਤੇ ਬੇਸਮਝ[12] ਉਤੇ, ਹੇ ਸੁਆਮੀ, ਤੂੰ ਆਪਣੀ ਮਿਹਰ[14] ਧਾਰ[13], ਤਾਂ ਜੋ ਮੈਂ ਸਦਾ ਹੀ ਤੇਰੀ ਸ਼ਰਣ[15] ਤਾਬੇ ਟਿਕਿਆ[16] ਰਹਾਂ।
ਕਹਤੁ ਨਾਨਕੁ ਸੰਸਾਰ[17] ਕੇ ਨਿਹਫਲ[18] ਕਾਮਾ[19] ॥ ਗੁਰ ਪ੍ਰਸਾਦਿ[20] ਕੋ[21] ਪਾਵੈ[22] ਅੰਮ੍ਰਿਤ[23] ਨਾਮਾ ॥੪॥੮॥	Says Nanak, fruitless[18] are the worldly[17] affairs[19]. By the Guru's grace[20], some rare one[21] is blessed[22] with the Nectar-Name[23].	ਗੁਰੂ ਜੀ ਆਖਦੇ ਹਨ, ਨਿਸਫਲ[18] ਹਨ ਸੰਸਾਰੀ[17] ਧੰਦੇ[19]। ਗੁਰਾਂ ਦੀ ਦਇਆ[20] ਦੁਆਰਾ, ਕੋਈ ਵਿਰਲਾ ਜਣਾ[21] ਹੀ ਨਾਮ ਦੇ ਸੁਧਾਰਸ[23] ਨੂੰ ਪਰਾਪਤ[22] ਹੁੰਦਾ ਹੈ।
੧੧੭੧	1171	੧੧੭੧
ਮਹਲਾ ੧ ਬਸੰਤੁ ਹਿੰਡੋਲ ਘਰੁ ੨	Ist Guru Basant. Hindol	ਪਹਿਲੀ ਪਾਤਿਸ਼ਾਹੀ ਬਸੰਤ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਸਾਲਗ੍ਰਾਮ[24] ਬਿਪ[25] ਪੂਜਿ[26] ਮਨਾਵਹੁ[27] [28]ਸੁਕ੍ਰਿਤੁ[29] ਤੁਲਸੀ[30] ਮਾਲਾ[31] ॥

O Brahman[25], thou worshippest[26] and propitiatest[27] the stone-god[24] and deemest it a good[28] act[29] to wear the rosary[31] of sweet basil[30].

ਹੇ ਬ੍ਰਹਮਣ[25]! ਤੂੰ ਪੱਥਰ ਦੇ ਦੇਵ[24] ਦੀ ਉਪਾਸ਼ਨਾ ਕਰ[26] ਕੇ ਉਸ ਨੂੰ ਖ਼ੁਸ਼ ਕਰਦਾ[27] ਹੈਂ ਅਤੇ ਨਿਆਜ਼ਬੋ[30] ਦੀ ਜਪਨੀ[31] ਧਾਰਨ ਕਰਨ ਨੂੰ ਚੰਗਾ[28] ਕਰਮ[29] ਜਾਣਦਾ ਹੈਂ।

ਰਾਮ ਨਾਮੁ ਜਪਿ[32] ਬੇੜਾ[33] ਬਾਧਹੁ[34] ਦਇਆ[35] ਕਰਹੁ ਦਇਆਲਾ[36] ॥

Build[34] thou the boat[33] of the meditation[32] of the Lord's Name and pray, "O Merciful Master[36], Take Thou pity[35] on me."

ਤੂੰ ਸੁਆਮੀ ਦੇ ਨਾਮ ਸਿਮਰਨ[32] ਦਾ ਜਹਾਜ਼[33] ਬਣਾ[34] ਅਤੇ ਅਰਦਾਸ ਕਰ, "ਹੇ ਮਿਹਰਬਾਨ ਮਾਲਕ[36]! ਤੂੰ ਮੇਰੇ ਉਤੇ ਤਰਸ[35] ਕਰ।"

ਕਾਹੇ[37] ਕਲਰਾ[38] ਸਿੰਚਹੁ[39] ਜਨਮੁ[40] ਗਵਾਵਹੁ[41] ॥

Why[37] irrigatest[39] thou the field of saltpeter[38] and thus wastest[41] thy human life[40]?

ਤੂੰ ਕਿਉਂ[37] ਸ਼ੋਰੇ ਵਾਲੇ ਖੇਤ[38] ਨੂੰ ਸਿੰਜਦਾ[39] ਹੈਂ ਅਤੇ ਇਸ ਤਰ੍ਹਾਂ ਆਪਣਾ ਮਨੁੱਖਾ ਜੀਵਨ[40] ਗੁਆਉਂਦਾ[41] ਹੈਂ?

ਕਾਚੀ[42] ਢਹਿਗ[43] ਦਿਵਾਲ[44] ਕਾਹੇ[45] ਗਚੁ[46] ਲਾਵਹੁ[47] ॥੧॥ ਰਹਾਉ ॥

The wall[44] of mud[42] shall surely fall[43]. Why[45] plasterest[47] it thou with lime[46]? Pause.

ਗਾਰੇ[42] ਦੀ ਕੰਧ[44] ਨਿਸਚਿਤ ਹੀ ਡਿਗ[43] ਪਏਗੀ। ਤੂੰ ਇਸ ਨੂੰ ਕਿਉਂ[45] ਚੂਨੇ[46] ਨਾਲ ਲਿਪਦਾ[47] ਹੈਂ? ਠਹਿਰਾਉ।

ਕਰ[48] ਹਰਿਹਟ[49] ਮਾਲ[50] ਟਿੰਡ[51] ਪਰੋਵਹੁ[52] ਤਿਸੁ ਭੀਤਰਿ[53] ਮਨੁ ਜੋਵਹੁ[54] ॥

Make[48] God thy well[49], string[52] to its chains[50] the buckets[51] of His Name and yoke[54] thy mind as an ox thereto[53].

ਵਾਹਿਗੁਰੂ ਨੂੰ ਆਪਣਾ ਖੂਹ[49] ਬਣਾ[48], ਇਸ ਦੀ ਮਾਲ੍ਹ[50] ਨਾਲ ਤੂੰ ਉਸ ਦੇ ਨਾਮ ਦੀਆਂ ਟਿੰਡਾਂ[51] ਬੰਨ੍ਹ[52] ਅਤੇ ਆਪਣੇ ਮਨੂਏ ਨੂੰ ਉਸ ਨਾਲ[53] ਬਲਦ ਵਜੋਂ ਜੋੜ[54]।

ਅੰਮ੍ਰਿਤੁ[55] ਸਿੰਚਹੁ[56] ਭਰਹੁ[57] ਕਿਆਰੇ[58] ਤਉ[59] ਮਾਲੀ[60] ਕੇ ਹੋਵਹੁ[61] ॥੨॥

Irrigate[56], thou with Nectar[55] and fill[57] the small plots[58] therewith. Then[59] shalt thou belong[61] to the Gardener[60].

ਤੂੰ ਸੁਧਾਰਸ[55] ਨਾਲ ਸਿੰਜ[56] ਅਤੇ ਉਸ ਨਾਲ ਖੱਤੀਆਂ[58] ਨੂੰ ਭਰ ਲੈ[57]। ਤਦ[59] ਹੀ ਤੂੰ ਬਾਗਬਾਨ[60] ਦੀ ਮਲਕੀਅਤ[61] ਹੋ ਜਾਏਂਗਾ।

ਕਾਮੁ[62] ਕ੍ਰੋਧੁ[63] ਦੁਇ[64] ਕਰਹੁ[65] ਬਸੋਲੇ[66] ਗੋਡਹੁ[67] ਧਰਤੀ[68] ਭਾਈ[69] ॥

Make[65] both[64] lust[62] and wrath[63] thy hand-hoes[66] and therewith loosen[67] thy farm[68], O brother[69].

ਵਿਸ਼ੇ ਭੋਗ[62] ਤੇ ਗੁੱਸੇ[63] ਦੋਹਾਂ[64] ਨੂੰ ਆਪਣੇ ਖੁਰਪੇ[66] ਬਣਾ[65] ਤੇ ਉਨ੍ਹਾਂ ਨਾਲ ਆਪਣੀ ਪੈਲੀ[68] ਨੂੰ ਗੋਡ[67], ਹੇ ਵੀਰ[69]!

ਜਿਉ[70] ਗੋਡਹੁ[74] ਤਿਉ[71] ਤੁਮ੍ਹ ਸੁਖ[75] ਪਾਵਹੁ ਕਿਰਤੁ[72] ਨ ਮੇਟਿਆ[73] ਜਾਈ ॥੩॥

The more[70] thou hoest[74], the more[71] the peace[75], thou shalt obtain. The deeds done[72] can be effaced[73] not.

ਜਿੰਨੀ ਬਹੁਤੀ[70] ਤੂੰ ਗੋਡੀ[74] ਕਰੇਂਗਾ, ਓਨਾ ਬਹੁਤਾ[71] ਤੂੰ ਆਰਾਮ[75] ਪਾਵੇਂਗਾ। ਕੀਤੇ ਹੋਏ ਕਰਮ[72] ਮੇਸੇ ਨਹੀਂ[73] ਜਾ ਸਕਦੇ।

ਬਗੁਲੇ[76] ਤੇ ਫੁਨਿ[77] ਹੰਸੁਲਾ[78] ਹੋਵੈ ਜੇ[79] ਤੂ ਕਰਹਿ[80] ਦਇਆਲਾ[81] ॥

If[79] Thou so blesseth[80], O Merciful Master[81], the crane[76] is again[77] transformed into the swan[78].

ਜੇਕਰ[79] ਤੂੰ ਐਸੀ ਬਖ਼ਸ਼ਸ਼[80] ਕਰੇਂ ਹੇ ਮਿਹਰਬਾਨ[81] ਮਾਲਕ! ਤਾਂ ਬਗ[76] ਮੁੜ ਕੇ[77] ਹੰਸ[78] ਹੋ ਜਾਂਦਾ ਹੈ।

ਪ੍ਰਣਵਤਿ[82] ਨਾਨਕੁ ਦਾਸਨਿ ਦਾਸਾ[83] ਦਇਆ[84] ਕਰਹੁ[86] ਦਇਆਲਾ[85] ॥੪॥੧॥੯॥	Prays[82] Nanak, the slave[83] of Thine slave, O my Merciful Master[85], have[86] Thou mercy[84] upon me.	ਤੇਰਿਆਂ ਗੋਲਿਆਂ ਦਾ ਗੋਲਾ[83] ਨਾਨਕ ਪ੍ਰਾਰਥਨਾ ਕਰਦਾ[82] ਹੈ, ਹੇ ਮਿਹਰਬਾਨ ਮਾਲਕ[85], ਤੂੰ ਮੇਰੇ ਉਤੇ ਮਿਹਰ[84] ਧਾਰ[86] ।
ਬਸੰਤੁ ਮਹਲਾ ੧ ਹਿੰਡੋਲ ॥	Basant Ist Guru Hindol.	ਬਸੰਤ ਪਹਿਲੀ ਪਾਤਿਸ਼ਾਹੀ ਹਿੰਡੋਲ ।
ਸਾਹੁਰੜੀ[86*] ਵਥੁ[87] ਸਭੁ[88] ਕਿਛੁ ਸਾਝੀ[92] ਪੇਵਕੜੈ[89] ਧਨ[90] ਵਖੇ[91] ॥	In her Husband's House[86*], the articles[87] jointly[92] belong to all[88], but in this world[89], the bride[90] owns them separately[91].	ਉਸ ਦੇ ਖਸਮ ਦੇ ਘਰ[86*] ਵਿਚ, ਵਸਤੂਆਂ[87] ਸਾਰਿਆਂ[88] ਦੀ ਸਾਂਝੀ[92] ਮਲਕੀਅਤ ਹਨ, ਪ੍ਰੰਤੂ ਇਸ ਜਹਾਨ[89] ਵਿਚ ਪਤਨੀ[90] ਦੀ ਉਹ ਵਖਰੀ[91] ਮਲਕੀਅਤ ਹਨ ।
ਆਪਿ ਕੁਚਜੀ[93] ਦੋਸੁ[94] ਨ ਦੇਊ ਜਾਣਾ ਨਾਹੀ ਰਖੇ[95] ॥੧॥	She herself is ill-intellected[93]. How can she blame[94] others ? She knows not how to preserve[95] her articles.	ਉਹ ਖ਼ੁਦ ਬੇ-ਸ਼ਊਰੀ[93] ਹੈ । ਹੋਰ ਕਿਸੇ ਤੇ ਉਹ ਦੂਸ਼ਨ[94] ਕਿਸ ਤਰ੍ਹਾਂ ਲਾ ਸਕਦੀ ਹੈ ? ਉਹ ਆਪਣੀਆਂ ਵਸਤੂਆਂ ਨੂੰ ਸੰਭਾਲਣਾ[95] ਨਹੀਂ ਜਾਣਦੀ ।
ਮੇਰੇ ਸਾਹਿਬਾ ਹਉ ਆਪੇ ਭਰਮਿ[96] ਭੁਲਾਣੀ[97] ॥	My Lord, I myself am straying[97] in doubt[96].	ਮੇਰੇ ਸਾਂਈਂ, ਮੈਂ ਖ਼ੁਦ ਹੀ ਸੰਦੇਹ[96] ਅੰਦਰ ਭੁੱਲੀ ਫਿਰਦੀ[97] ਹਾਂ ।
ਅਖਰ[98] ਲਿਖੇ ਸੇਈ[99] ਗਾਵਾ[100] ਅਵਰ[2] ਨ ਜਾਣਾ ਬਾਣੀ[3] ॥੧॥ ਰਹਾਉ ॥	I sing[100] the[99] word[98] writ by the Guru. I know not another[2] sermon[3]. Pause.	ਮੈਂ ਗੁਰਾਂ ਦੀ ਉਸ[99] ਲਿਖੀ ਹੋਈ ਬਾਣੀ[98] ਨੂੰ ਗਾਇਨ ਕਰਦਾ[100] ਹਾਂ । ਮੈਂ ਹੋਰ ਕਿਸੇ[2] ਭਜਨ[3] ਨੂੰ ਨਹੀਂ ਜਾਣਦਾ । ਠਹਿਰਾਉ ।
ਕਢਿ ਕਸੀਦਾ[4] ਪਹਿਰਹਿ[5] ਚੋਲੀ[6] ਤਾਂ[7] ਤੁਮ੍ ਜਾਣਹੁ[8] ਨਾਰੀ[9] ॥	If thou wear[5] the Name embroidered[4] over-all[6], then[7] alone thou shalt be known[8] the Lord's bride[9].	ਜੇਕਰ ਤੂੰ ਨਾਮ ਦੇ ਬੇਲ ਬੂਟਿਆਂ[4] ਨਾਲ ਕੱਢਿਆ ਹੋਇਆ ਚੋਗਾ[6] ਪਹਿਨੇਂਗੀ[5], ਕੇਵਲ ਤਦ[7] ਹੀ ਤੂੰ ਪ੍ਰਭੂ ਦੀ ਪਤਨੀ[9] ਜਾਣੀ ਜਾਵੇਂਗੀ[8] ।
ਜੇ ਘਰੁ ਰਾਖਹਿ[10] ਬੁਰਾ[12] ਨ ਚਾਖਹਿ[13] ਹੋਵਹਿ ਕੰਤ[14] ਪਿਆਰੀ[15] ॥੨॥	If thou preservest[10] thy home and tastest[13] not sins[12], then thou shalt be the beloved[15] of thy spouse[14].	ਜੇਕਰ ਤੂੰ ਆਪਣੇ ਗ੍ਰਹਿ ਨੂੰ ਸੰਭਾਲ[10] ਕੇ ਰਖੇਂ ਅਤੇ ਪਾਪਾਂ[12] ਦੇ ਸੁਆਦ ਨ ਮਾਣੇਂ[13], ਤਦ ਤੂੰ ਆਪਣੇ ਪਤੀ[14] ਦੀ ਦਿਲਬਰ[15] ਹੋ ਜਾਏਂਗੀ ।
ਜੇ ਤੂੰ ਪੜਿਆ[16] ਪੰਡਿਤੁ ਬੀਨਾ[17] ਦੁਇ ਅਖਰ[18] ਦੁਇ ਨਾਵਾ[19] ॥	If thou art the literate[16] and wise[17] Brahman, then make thou the boat[19] of the two, only two letters[18] of God.	ਜੇਕਰ ਤੂੰ ਵਿਦਵਾਨ[16] ਅਤੇ ਸਿਆਣਾ[17] ਬ੍ਰਾਹਮਣ ਹੈਂ, ਤਾਂ ਤੂੰ ਰੱਬ ਦੇ, ਦੋ ਅੱਖਰਾਂ, ਕੇਵਲ ਦੋ ਅੱਖਰਾਂ[18] ਦੀ ਨਉਕਾ[19] ਬਣਾ ।
ਪ੍ਰਣਵਤਿ[20] ਨਾਨਕ ਏਕੁ ਲੰਘਾਏ[21] ਜੇਕਰਿ ਸਚਿ[22] ਸਮਾਵਾਂ[23] ॥੩॥੨॥੧੦॥	Prays[20] Nanak, if thou art merged[23] in the True Name[22], the One Lord shall ferry[21] thee across.	ਗੁਰੂ ਜੀ ਬੇਨਤੀ ਕਰਦੇ[20] ਹਨ, ਜੇਕਰ ਤੂੰ ਸੱਚੇ ਨਾਮ[22] ਅੰਦਰ ਲੀਨ ਹੋਇਆ ਹੋਇਆ[23] ਹੈਂ ਤਾਂ ਅਦੁੱਤੀ ਪ੍ਰਭੂ ਤੈਨੂੰ ਪਾਰ ਕਰ[21] ਦੇਵੇਗਾ ।
ਬਸੰਤ ਹਿੰਡੋਲ ਮਹਲਾ ੧ ॥	Basant Hindol Ist Guru.	ਬਸੰਤ ਹਿੰਡੋਲ ਪਹਿਲੀ ਪਾਤਿਸ਼ਾਹੀ ।
ਰਾਜਾ[24] ਬਾਲਕੁ[25] ਨਗਰੀ[26] ਕਾਚੀ[27] ਦੁਸਟਾ[28] ਨਾਲਿ ਪਿਆਰੋ[29] ॥	The city[26] is frail[27] and the king[24] is a boy[25] who loves[29] the wicked[28].	ਸ਼ਹਿਰ[26] ਕਮਜ਼ੋਰ[27] ਹੈ ਤੇ ਬਾਦਸ਼ਾਹ[24] ਬੱਚਾ[25] ਹੈ, ਜਿਸ ਦੀ ਲੰਡਰਾਂ-ਲੁੱਚੜਾਂ[28] ਨਾਲ ਮੁਹੱਬਤ[29] ਹੈ ।
ਦੁਇ[30] ਮਾਈ[31] ਦੁਇ	He reads[33] of his two[30] mothers[31]	ਉਹ ਆਪਣੀਆਂ ਦੋ[30] ਅੰਮੜੀਆਂ[31] ਤੇ ਦੋ ਬਾਬਲਾਂ[32]

ਬਾਪਾ[32] ਪੜੀਅਹਿ[33] ਪੰਡਿਤ ਕਰਹੁ ਬੀਚਾਰੋ[34]॥ ੧॥	and two fathers[32]. O Pandit, reflect[34] thou on this.	ਬਾਰੇ ਪੜ੍ਹਦਾ[33] ਹੈ। ਹੇ ਪੰਡਤ ! ਤੂੰ ਇਸ ਦੀ ਸੋਚ ਵਿਚਾਰ[34] ਕਰ।
ਸੁਆਮੀ[35] ਪੰਡਿਤਾ ਤੁਮ੍ ਦੇਹੁ ਮਤੀ[36] ॥	O sire[35] pandit, instruct[36] thou me.	ਹੇ ਪੰਡਤ ਸਾਹਿਬ[35] ! ਤੂੰ ਮੈਨੂੰ ਸਿਖ-ਮਤ[36] ਦੇ।
ਕਿਨ[37] ਬਿਧਿ[38] ਪਾਵਉ ਪ੍ਰਾਨ[39] ਪਤੀ[40] ॥ ੧ ॥ ਰਹਾਉ ॥	What[37] is the way[38], by which I can attain unto the Lord[40] of Life[39] ? Pause.	ਉਹ ਕਿਹੜਾ[37] ਤਰੀਕਾ[38] ਹੈ, ਜਿਸ ਦੁਆਰਾ ਮੈਂ ਜਿੰਦ-ਜਾਨ[39] ਦੇ ਸੁਆਮੀ[40] ਨੂੰ ਪਰਾਪਤ ਹੋ ਸਕਦਾ ਹਾਂ ? ਠਹਿਰਾਉ।
ਭੀਤਰਿ[41] ਅਗਨਿ[42] ਬਨਾਸਪਤਿ[43] ਮਉਲੀ[44] ਸਾਗਰੁ[45] ਪੰਡੈ[46] ਪਾਇਆ[47] ॥	The vegetation[43] flowers[44], though within[41] it is fire[42] and the ocean[45] is bound[47] as if in a bundle[46].	ਨਬਾਤਾਤ[43] ਪ੍ਰਫੁਲਤ[44] ਹੋ ਰਹੀ ਹੈ, ਭਾਵੇਂ ਇਸ ਦੇ ਅੰਦਰ[41] ਅੱਗ[42] ਹੈ ਤੇ ਸਮੁੰਦਰ[45] ਪੰਡ[46] ਵਿਚ ਬੱਝੇ ਹੋਏ[47] ਦੀ ਤਰ੍ਹਾਂ ਹੈ।
ਚੰਦੁ[48] ਸੂਰਜੁ[49] ਦੁਇ[53] ਘਰ[50] ਹੀ ਭੀਤਰਿ[51] ਐਸਾ ਗਿਆਨੁ[52] ਨ ਪਾਇਆ ॥ ੨ ॥	The sun[49] and the moon[48] both[53] abide in[51] the same sky home[50]. Thou hast obtained not such knowledge[52].	ਸੂਰਜ[49] ਅਤੇ ਚੰਦਰਮਾ[48] ਦੋਨੋਂ[53] ਅਸਮਾਨ ਦੇ ਉਸੇ ਹੀ ਧਾਮ[50] ਅੰਦਰ[51] ਵਸਦੇ ਹਨ। ਤੈਨੂੰ ਐਹੋ ਜੇਹੀ ਗਿਆਤ[52] ਪਰਾਪਤ ਨਹੀਂ ਹੋਈ।
ਰਾਮ[53]*ਰਵੰਤਾ[54] ਜਾਣੀਐ[55] ਇਕ ਮਾਈ[56] ਭੋਗੁ ਕਰੇਇ[57] ॥	Whosoever eats[57] up the one mammon[56] ; he deems[55] the Lord[53]* pervading[54] all over.	ਜੋ ਕੋਈ ਇਕ ਮਾਇਆ[56] ਨੂੰ ਖਾ ਜਾਂਦਾ[57] ਹੈ; ਉਹ ਸੁਆਮੀ[53]* ਨੂੰ ਸਾਰੇ ਵਿਆਪਕ[54] ਜਾਣਦਾ[55] ਹੈ।
ਤਾਕੇ[58] ਲਖਣ[59] ਜਾਣੀਅਹਿ[60] ਖਿਮਾ[61] ਧਨੁ[62] ਸੰਗ੍ਰਹੇਇ[63] ॥੩॥	Know[60] that the attribute[59] of such[58] a man is that he amasses[63] the wealth[62] of compassion[61].	ਜਾਣ ਲੈ[60] ਕਿ ਐਹੋ ਜੇਹੇ[58] ਇਨਸਾਨ ਦਾ ਲਛਣ[59] ਇਹ ਹੈ ਕਿ ਉਹ ਰਹਿਮਤ[61] ਦੀ ਦੌਲਤ[62] ਨੂੰ ਇਕੱਤਰ ਕਰਦਾ[63] ਹੈ।
ਕਹਿਆ[64] ਸੁਣਹਿ[69] ਨ ਖਾਇਆ[65] ਮਾਨਹਿ[66] ਤਿਨ੍ਾਹੀ[67] ਸੇਤੀ ਵਾਸਾ[68] ॥	The mind lives[68] with those[67] who listen[69] not to advice[64] and admit[66] not what they eat[65].	ਮਨ ਉਨ੍ਹਾਂ[67] ਨਾਲ ਵਸਦਾ[68] ਹੈ ਜੋ ਨਸੀਹਤ[64] ਨੂੰ ਨਹੀਂ ਸੁਣਦੇ[69] ਅਤੇ ਖਾਧੇ ਪੀਤੇ[65] ਨੂੰ ਨਹੀਂ ਮੰਨਦੇ[66]।
ਪ੍ਰਣਵਤਿ[70] ਨਾਨਕੁ ਦਾਸਨਿ ਦਾਸਾ[71] ਖਿਨੁ[72] ਤੋਲਾ[73] ਖਿਨੁ ਮਾਸਾ[74] ॥੪॥੩॥ ੧੧ ॥	Prays[70] Nanak, the slave[71] of the Lord's slave, such is the mind that in a moment[72], it is great[73] and in another moment small[74].	ਸੁਆਮੀ ਦੇ ਗੋਲਿਆਂ ਦਾ ਗੋਲਾ[71] ਨਾਨਕ ਬਿਨੈ ਕਰਦਾ[70] ਹੈ, ਐਹੋ ਜੇਹਾ ਹੈ ਮਨ ਕਿ ਇਕ ਮੁਹਤ[72] ਵਿਚ ਇਹ ਵੱਡਾ[73] ਹੋ ਜਾਂਦਾ ਹੈ ਤੇ ਇਕ ਮੁਹਤ ਵਿਚ ਛੋਟਾ[74]।
ਬਸੰਤੁ ਹਿੰਡੋਲ ਮਹਲਾ ੧ ॥	Basant Hindol Ist Guru.	ਬਸੰਤ ਹਿੰਡੋਲ ਪਹਿਲੀ ਪਾਤਿਸ਼ਾਹੀ।
ਸਾਚਾ ਸਾਹੁ[75] ਗੁਰੂ ਸੁਖਦਾਤਾ[76] ਹਰਿ ਮੇਲੇ ਭੁਖ[77] ਗਵਾਏ[78]॥	The Guru is the peace-giving[76] true banker[75], who unites man with God and satiates[78] his hunger[77].	ਗੁਰੂ ਜੀ ਆਰਾਮ-ਬਖਸ਼ਣਹਾਰ[76] ਸੱਚੇ ਸ਼ਾਹੂਕਾਰ[75] ਹਨ, ਜੋ ਜੀਵ ਨੂੰ ਵਾਹਿਗੁਰੂ ਨਾਲ ਮਿਲਾ ਦਿੰਦੇ ਹਨ ਅਤੇ ਉਸ ਦੀ ਖੁਧਿਆ[77] ਨਵਿਰਤ ਕਰ ਦਿੰਦੇ[78] ਹਨ।
ਕਰਿ[79] ਕ੍ਰਿਪਾ[80] ਹਰਿ ਭਗਤਿ[81] ਦ੍ਰਿੜਾਏ[82]	Showering[79] his benediction[80], he implants[82] God's loving worship[81]	ਆਪਣੀ ਮਿਹਰ[80] ਧਾਰ ਕੇ[79], ਉਹ ਬੰਦੇ ਦੇ ਅੰਦਰ ਵਾਹਿਗੁਰੂ ਦੀ ਪਿਆਰੀ ਉਪਾਸ਼ਨਾ[81] ਪੱਕੀ ਕਰ ਦਿੰਦੇ[82]

ਅਨਦਿਨੁ[83] ਹਰਿ ਗੁਣ[84] ਗਾਏ[85] ॥੧॥

ਮਤ[86]ਭੂਲਹਿ[87] ਰੇ[88] ਮਨ[89] ਚੇਤਿ[90] ਹਰੀ ॥
ਬਿਨੁ ਗੁਰ ਮੁਕਤਿ[91] ਨਾਹੀ ਤ੍ਰੈ[92] ਲੋਈ[93]
ਗੁਰਮੁਖਿ[94] ਪਾਈਐ ਨਾਮੁ ਹਰੀ ॥ ੧ ॥ਰਹਾਉ ॥

in man, and he then night and day[83] sings[85] God's praise[84].

O[88] my soul[89], meditate[90] thou on thy Lord, and forget[87] Him not[86]. Without the Guru, one is emancipated[91] not any where in the three[92] worlds[93]. By the Guru's grace[94], the Lord's Name is attained. Pause.

ਹਨ ਅਤੇ ਤਦ ਉਹ ਰੈਣ ਦਿਨ[83] ਰੱਬ ਦਾ ਜੱਸ[84] ਗਾਇਨ ਕਰਦਾ[85] ਹੈ।

ਹੇ[88] ਮੇਰੀ ਜਿੰਦੜੀਏ[89] ! ਤੂੰ ਆਪਣੇ ਸੁਆਮੀ ਦਾ ਸਿਮਰਨ[90] ਕਰ ਅਤੇ ਉਸ ਨੂੰ ਭੁਲਾ[87] ਨਾ[86]। ਗੁਰਾਂ ਦੇ ਬਾਝੋਂ, ਤਿੰਨਾ[92] ਜਹਾਨਾਂ[93] ਵਿਚ ਬੰਦਾ ਕਿਧਰੇ ਭੀ ਮੁਕਤ ਨਹੀਂ ਹੁੰਦਾ[91]। ਗੁਰਾਂ ਦੀ ਦਇਆ[94] ਦੁਆਰਾ, ਪ੍ਰਭੂ ਦਾ ਨਾਮ ਪਰਾਪਤ ਹੁੰਦਾ ਹੈ। ਠਹਿਰਾਉ।

੧੧੭੨ / 1172

ਬਿਨੁ ਭਗਤੀ[95] ਨਹੀ ਸਤਿਗੁਰੁ ਪਾਈਐ ਬਿਨੁ ਭਾਗਾ[96] ਨਹੀ ਭਗਤਿ[97] ਹਰੀ ॥

Without devotion[95] the True Guru is obtained not, and without destiny[96] one is blessed not with the Lord's loving-adoration[97].

ਸ਼ਰਧਾ-ਅਨੁਰਾਗ[95] ਦੇ ਬਗੈਰ ਸੱਚੇ ਗੁਰੂ ਪਾਏ ਨਹੀਂ ਜਾਂਦੇ ਅਤੇ ਪ੍ਰਾਲਬਧ[96] ਦੇ ਬਗੈਰ ਪ੍ਰਭੂ ਦੀ ਪਿਆਰੀ-ਉਪਾਸ਼ਨਾ[97] ਦੀ ਦਾਤ ਨਹੀਂ ਮਿਲਦੀ।

ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ[98] ਮਿਲੈ ਹਰਿ ਨਾਮੁ ਹਰੀ ॥੨॥

Without good fortune, saints' society is acquired not and through the Lord's grace[98] the Lord's Name is obtained.

ਚੰਗੀ ਕਿਸਮਤ ਦੇ ਬਾਝੋਂ ਸਤਿਸੰਗਤ ਪਰਾਪਤ ਨਹੀਂ ਹੁੰਦੀ ਅਤੇ ਪ੍ਰਭੂ ਦੀ ਰਹਿਮਤ[98] ਰਾਹੀਂ ਹੀ ਸੁਆਮੀ ਦਾ ਨਾਮ ਪਾਇਆ ਜਾਂਦਾ ਹੈ।

ਘਟਿ[99] ਘਟਿ ਗੁਪਤੁ[100] ਉਪਾਏ[2] ਵੇਖੈ ਪਰਗਟੁ[3] ਗੁਰਮੁਖਿ[4] ਸੰਤ[5] ਜਨਾ ॥

God creates[2] and beholds all and is hidden[100] within every heart[99]. By the Guru's grace[4], He becomes manifest[3] in the pious persons[5].

ਵਾਹਿਗੁਰੂ ਸਾਰਿਆਂ ਨੂੰ ਰਚਦਾ[2] ਅਤੇ ਵੇਖਦਾ ਹੈ ਅਤੇ ਹਰ ਦਿਲ[99] ਅੰਦਰ ਲੁਕਿਆ ਹੋਇਆ[100] ਹੈ। ਗੁਰਾਂ ਦੀ ਦਇਆ[4] ਦੁਆਰਾ, ਉਹ ਪਵਿੱਤ੍ਰ ਪੁਰਸ਼ਾਂ[5] ਅੰਦਰ ਜ਼ਾਹਰ ਹੋ ਜਾਂਦਾ[3] ਹੈ।

ਹਰਿ ਹਰਿ[6] ਕਰਹਿ[7] ਸੁ ਹਰਿ ਰੰਗਿ[8] ਭੀਨੇ[9] ਹਰਿ ਜਲੁ[10] ਅੰਮ੍ਰਿਤ[12] ਨਾਮੁ ਮਨਾ ॥੩॥

They, who utter[7] the Lord's Name[6] are drenched[9] with the Lord's love[8], and their mind is irrigated with the ambrosial[12] water[10] of God's Name.

ਜੋ ਪ੍ਰਭੂ ਦੇ ਨਾਮ[6] ਦਾ ਉਚਾਰਨ ਕਰਦੇ[7] ਹਨ, ਉਹ ਪ੍ਰਭੂ ਦੇ ਪਿਆਰ[8] ਨਾਲ ਤਰੋ-ਤਰ ਹੋ ਜਾਂਦੇ[9] ਹਨ ਅਤੇ ਉਹਨਾਂ ਦਾ ਚਿੱਤ ਹਰੀ ਦੇ ਨਾਮ ਦੇ ਅੰਮ੍ਰਿਤ-ਮਈ[12] ਪਾਣੀ[10] ਨਾਲ ਸਿੰਜਿਆ ਜਾਂਦਾ ਹੈ।

ਜਿਨ ਕਉ ਤਖਤਿ[13] ਮਿਲੈ[18] ਵਡਿਆਈ[14] ਗੁਰਮੁਖਿ[15] ਸੇ[16] ਪਰਧਾਨ[17] ਕੀਏ[19] ॥

They, who are blessed[18] with the glory[14] of a seat on the Lord's throne[13]; by the Guru's grace[15], they[16] are rendered[19] supreme[17].

ਜਿਨ੍ਹਾਂ ਨੂੰ ਪ੍ਰਭੂ ਦੇ ਰਾਜ ਸਿੰਘਾਸਨ[13] ਤੇ ਟਿਕਾਣਾ ਮਿਲਣ ਦੀ ਪ੍ਰਭਤਾ[14] ਪ੍ਰਾਪਤ ਹੋ ਜਾਂਦੀ[18] ਹੈ;ਗੁਰਾਂ ਦੀ ਦਇਆ[15] ਦੁਆਰਾ, ਉਹ[16] ਮੁਖੀ[17] ਹੋ ਜਾਂਦੇ[19] ਹਨ।

ਪਾਰਸੁ[20] ਭੇਟਿ[21] ਭਏ[22] ਸੇ[23] ਪਾਰਸ ਨਾਨਕ ਹਰਿ[24] ਗੁਰ ਸੰਗਿ[25] ਥੀਏ[26] ॥੪॥੪॥੧੨॥

Meeting[21] with the philosopher's[20] stone, they[23] themselves are transmuted[22] into philosopher's stone and become[26] the comrades[25] of the Divine Guru[24].

ਰਸਾਇਣ[20] ਨਾਲ ਮਿਲ ਕੇ[21], ਉਹ[23] ਖੁਦ ਰਸਾਇਣ ਹੋ ਜਾਂਦੇ[22] ਹਨ ਅਤੇ ਰੱਬ ਰੂਪ[24] ਗੁਰਾਂ ਦੇ ਸਾਥੀ[25] ਹੋ ਜਾਂਦੇ ਹਨ।

ਬਸੰਤੁ ਮਹਲਾ ੩ ਘਰੁ ੧ ਦੁਤੁਕੇ	Basant 3rd Guru Do-tukey.	ਬਸੰਤੁ ਤੀਜੀ ਪਾਤਿਸ਼ਾਹੀ ਦੋ ਤੁਕੇ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਮਾਹਾ[27] ਰੁਤੀ[28] ਮਹਿ[29] ਸਦ[30] ਬਸੰਤੁ[31] ॥	In[29] all the months[27] and seasons[28], the Lord is ever[30] in bloom[31].	ਸਾਰਿਆਂ ਮਹੀਨਿਆਂ[27] ਅਤੇ ਮੌਸਮਾਂ[28] ਅੰਦਰ[29], ਪ੍ਰਭੂ ਸਦੀਵ[30] ਹੀ ਪ੍ਰਫੁਲਤਾ[31] ਰਹਿੰਦਾ ਹੈ।
ਜਿਤੁ ਹਰਿਆ[32] ਸਭੁ ਜੀਅ ਜੰਤੁ[33] ॥	It is through Him, that all the creatures[33], are reverdured[32].	ਉਸ ਦੇ ਰਾਹੀਂ ਹੀ, ਸਮੂੰਹ ਜੀਵ ਜੰਤੂ[33] ਹਰੇ ਭਰੇ ਹੁੰਦੇ[32] ਹਨ।
ਕਿਆ[34] ਹਉ[35] ਆਖਾ[36] ਕਿਰਮ[37] ਜੰਤੁ[38] ॥	What[34] can I[35], a worm[37] like creature[38] say[36] ?	ਮੈਂ[35] ਕੀੜੇ[37] ਵਰਗਾ ਜੀਵ[38] ਕੀ[34] ਕਹਿ ਸਕਦਾ[36] ਹਾਂ ?
ਤੇਰਾ ਕਿਨੈ ਨ ਪਾਇਆ[39] ਆਦਿ[40] ਅੰਤੁ[41] ॥੧॥	No one has found[39] Thy beginning[40] and end[41], O my Lord.	ਕਿਸੇ ਜਣੇ ਨੂੰ ਭੀ ਤੇਰੇ ਅਰੰਭ[40] ਅਤੇ ਅਖੀਰ[41] ਦਾ ਪਤਾ[39] ਨਹੀਂ ਲੱਗਾ, ਹੇ ਮੇਰੇ ਸੁਆਮੀ !
ਤੈ ਸਾਹਿਬ ਕੀ ਕਰਹਿ ਸੇਵ[41*] ॥ ਪਰਮ[42] ਸੁਖ[43] ਪਾਵਹਿ ਆਤਮ[44] ਦੇਵ[45] ॥ ੧॥ ਰਹਾਉ ॥	They who perform Thy service[41*] O Lord ! they obtain the supreme[42] peace[43] and their soul[44] is illumined[45]. Pause.	ਜੋ ਤੇਰੀ ਘਾਲ[41*] ਕਮਾਉਂਦੇ ਹਨ, ਹੇ ਸੁਆਮੀ ! ਉਹ ਮਹਾਨ[42] ਆਰਾਮ[43] ਪਾਉਂਦੇ ਹਨ ਅਤੇ ਉਹਨਾਂ ਦੀ ਆਤਮਾ[44] ਰੋਸ਼ਨ ਹੋ ਜਾਂਦੀ[45] ਹੈ। ਠਹਿਰਾਉ।
ਕਰਮੁ[46] ਹੋਵੈ ਤਾਂ[47] ਸੇਵਾ ਕਰੇ ॥ ਗੁਰਪਰਸਾਦੀ[48] ਜੀਵਤ[49] ਮਰੇ ॥	If the Lord is merciful[46], then[47] man performs His service and by the Guru's grace[48], remains dead in life[49].	ਜੇਕਰ ਮਾਲਕ ਮਇਆਵਾਨ[46] ਹੋਵੇ, ਤੇਦ[47] ਬੰਦਾ ਉਸ ਦੀ ਟਹਿਲ ਕਰਦਾ ਹੈ ਅਤੇ ਗੁਰਾਂ ਦੀ ਦਇਆ[48] ਦੁਆਰਾ, ਜੀਊਂਦੇ[49] ਜੀ ਮਰਿਆ ਰਹਿੰਦਾ ਹੈ।
ਅਨਦਿਨੁ[50] ਸਾਚੁ ਨਾਮੁ ਉਚਰੈ[51] ॥ ਇਨ ਬਿਧਿ[52] ਪ੍ਰਾਣੀ[53] ਦੁਤਰੁ[54] ਤਰੈ[55] ॥ ੨ ॥	Night and day[50], man[53] utters[51] the True Name, and in this way[52] crosses[55] the impassable[54] world ocean.	ਰੈਣ ਤੇ ਦਿਨ[50], ਬੰਦਾ[53] ਸਤਿਨਾਮ ਦਾ ਜਾਪ ਕਰਦਾ[51] ਹੈ, ਤੇ ਇਸ ਤਰ੍ਹਾਂ[52] ਨਾ-ਤਰੇ ਜਾਣ ਵਾਲੇ[54] ਜਗ ਸਮੁੰਦਰ ਤੋਂ ਪਾਰ ਹੋ ਜਾਂਦਾ[55] ਹੈ।
ਬਿਖੁ[56] ਅੰਮ੍ਰਿਤੁ[57] ਕਰਤਾਰਿ[58] ਉਪਾਏ[59] ॥	Poison[56] and nectar[57], the Creator[58] has created[59].	ਜ਼ਹਿਰ[56] ਤੇ ਆਬਿ-ਹਿਯਾਤ[57], ਰਚਨਹਾਰ[58] ਨੇ ਰਚੇ[59] ਹਨ।
ਸੰਸਾਰ ਬਿਰਖ[60] ਕਉ ਦੁਇ ਫਲ[61] ਲਾਏ ॥	To the world-plant[60], He has attached two fruits[61].	ਜਗਤ ਦੇ ਬ੍ਰਿਛ[60] ਨੂੰ, ਉਸ ਨੇ ਦੋ ਮੇਵੇ[61] ਲਾ ਦਿੱਤੇ ਹਨ।
ਆਪੇ ਕਰਤਾ ਕਰੇ[62] ਕਰਾਏ[63] ॥	The Creator Himself is the Doer[62] and Cause[63].	ਕਰਤਾਰ ਆਪ ਹੀ ਕਰਨ ਵਾਲਾ[62] ਤੇ ਕਰਾਉਣ ਵਾਲਾ[63] ਹੈ।
ਜੋ ਤਿਸੁ ਭਾਵੈ[64] ਤਿਸੈ[65] ਖਵਾਏ[66] ॥੩॥	He whom he likes[64]; He feeds[66] him[65].	ਜੋ ਉਸ ਨੂੰ ਚੰਗਾ ਲਗਦਾ[64] ਹੈ; ਉਸ[65] ਨੂੰ ਹੀ ਉਹ ਖੁਆਲਦਾ[66] ਹੈ।
ਨਾਨਕ ਜਿਸ ਨੋ ਨਦਰਿ[67]	On whomsoever the Lord casts[68]	ਜਿਸ ਕਿਸੇ ਤੇ ਸੁਆਮੀ ਆਪਣੀ ਮਿਹਰ ਦੀ ਨਜ਼ਰ[67]

ਕਰੇਇ[68] ॥ ਅੰਮ੍ਰਿਤ ਨਾਮੁ ਆਪੇ ਦੇਇ[69] ॥	His gracious glance[67]; He, of Himself blesses[69] him with the Nectar-Name.	ਧਾਰਦਾ[68] ਹੈ; ਉਸ ਨੂੰ ਉਹ ਖ਼ੁਦ ਹੀ ਅੰਮ੍ਰਿਤਮਈ ਨਾਮ ਬਖ਼ਸ਼ ਦਿੰਦਾ[69] ਹੈ।
ਬਿਖਿਆ[70] ਕੀ ਬਾਸਨਾ[71] ਮਨਹਿ[72] ਕਰੇਇ ॥	His desire[71] for sins[70], the Lord effaces[72].	ਉਸ ਦੀ ਪਾਪਾਂ[70] ਦੀ ਖ਼ਾਹਿਸ਼[71] ਨੂੰ ਸਾਂਈਂ ਮੇਟ ਦਿੰਦਾ[72] ਹੈ।
ਅਪਣਾ ਭਾਣਾ[73] ਆਪਿ ਕਰੇਇ[74] ॥੪॥੧॥	His will[73], the Lord, of Himself carries out[74].	ਆਪਣੀ ਰਜ਼ਾ[73] ਨੂੰ, ਪ੍ਰਭੂ ਆਪੇ ਹੀ ਅਮਲ ਵਿਚ ਲਿਆਉਂਦਾ[74] ਹੈ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਰਾਤੇ[75] ਸਾਚਿ ਹਰਿ ਨਾਮਿ ਨਿਹਾਲਾ[76] ॥	Happy[76] are they, who are imbued[75] with the Lord's True Name.	ਖ਼ੁਸ਼[76] ਹਨ ਉਹ, ਜੋ ਪ੍ਰਭੂ ਦੇ ਸੱਚੇ ਨਾਮ ਨਾਲ ਰੰਗੀਜੇ[75] ਹਨ।
ਦਇਆ[77] ਕਰਹੁ ਪ੍ਰਭ ਦੀਨ[78] ਦਇਆਲਾ[79] ॥	O Merciful[79] Lord of the poor[78], take Thou pity[77] on me.	ਹੇ ਗ਼ਰੀਬਾਂ[78] ਦੇ ਮਇਆਵਾਨ[79] ਮਾਲਕ! ਤੂੰ ਮੇਰੇ ਉਤੇ ਤਰਸ[77] ਕਰ।
ਤਿਸੁ[80] ਬਿਨੁ[81] ਅਵਰੁ ਨਹੀ ਮੈ ਕੋਇ ॥	Without[81] Him[80], I lean not on another.	ਉਸ[80] ਦੇ ਬਾਝੋਂ[81], ਮੈਨੂੰ ਹੋਰ ਕਿਸੇ ਦਾ ਆਸਰਾ ਨਹੀਂ।
ਜਿਉ[82] ਭਾਵੈ[83] ਤਿਉ[84] ਰਾਖੈ ਸੋਇ[85] ॥੧॥	As[82] He wills[83], so[84] does He[85] keep me.	ਜਿਸ ਤਰ੍ਹਾਂ[82] ਉਸ ਨੂੰ ਭਾਉਂਦਾ[83] ਹੈ, ਉਸੇ ਤਰ੍ਹਾਂ[84] ਹੀ ਉਹ[85] ਮੈਨੂੰ ਰਖਦਾ ਹੈ।
ਗੁਰ ਗੋਪਾਲ[86] ਮੇਰੈ ਮਨਿ ਭਾਏ[87] ॥	The Guru-God[86] is pleasing[87] unto my mind.	ਗੁਰੂ-ਪ੍ਰਮੇਸ਼ਰ[86] ਮੇਰੇ ਚਿਤ ਨੂੰ ਚੰਗਾ ਲਗਦਾ[87] ਹੈ।
ਰਹਿ ਨ ਸਕਉ ਦਰਸਨ[88] ਦੇਖੇ ਬਿਨੁ ਸਹਜਿ[89] ਮਿਲਉ[90] ਗੁਰੁ ਮੇਲਿ[91] ਮਿਲਾਏ[92] ॥੧॥ ਰਹਾਉ ॥	I can live not without seeing the Lord's vision[88]. If the Guru unites[92] me in the Lord's union[91], I shall easily[89] meet[90] with Him. Pause.	ਪ੍ਰਭੂ ਦਾ ਦੀਦਾਰ[88] ਵੇਖਣ ਦੇ ਬਗੈਰ ਮੈਂ ਰਹਿ ਨਹੀਂ ਸਕਦਾ। ਜੇਕਰ ਗੁਰੂ ਜੀ ਮੈਨੂੰ ਸੁਆਮੀ ਦੇ ਮਿਲਾਪ[91] ਅੰਦਰ ਮਿਲਾ[92] ਦੇਣ, ਮੈਂ ਸੁਖੈਨ[89] ਹੀ ਉਸ ਨੂੰ ਮਿਲ ਪਵਾਂਗਾ[90]। ਠਹਿਰਾਉ।
ਇਹੁ ਮਨੁ[96] ਲੋਭੀ[93] ਲੋਭਿ[94] ਲੁਭਾਨਾ[95] ॥	This greedy[93] soul[96] is begoiled[95] by avarice[94].	ਇਹ ਲਾਲਚੀ[93] ਆਤਮਾ[96] ਤਮ੍ਹਾ[94] ਦੀ ਬਹਿਕਾਈ ਹੋਈ[95] ਹੈ।
ਰਾਮ[98] ਬਿਸਾਰਿ[97] ਬਹੁਰਿ[99] ਪਛੁਤਾਨਾ[100] ॥	Forgetting[97] the Lord[98] it ultimately[99] regrets[100].	ਪ੍ਰਭੂ[98] ਨੂੰ ਭੁਲਾ ਕੇ[97] ਇਹ ਅਖ਼ੀਰ[99] ਨੂੰ ਪਛਤਾਉਂਦੀ[100] ਹੈ।
ਬਿਛੁਰਤ[2] ਮਿਲਾਇ[3] ਗੁਰ ਸੇਵ[4] ਰਾਂਗੇ[5] ॥	The separated[2] souls, which are imbued[5] with the Guru's service[4]; them the Lord unites[3] with Himself.	ਵਿਛੁੰਨੀਆਂ ਹੋਈਆਂ[2] ਰੂਹਾਂ, ਜੋ ਗੁਰਾਂ ਦੀ ਸੇਵਾ ਟਹਿਲ[4] ਨਾਲ ਰੰਗੀਜ ਜਾਂਦੀਆਂ[5] ਹਨ; ਉਨ੍ਹਾਂ ਨੂੰ ਸੁਆਮੀ ਆਪਣੇ ਨਾਲ ਮਿਲਾ ਲੈਂਦਾ[3] ਹੈ।
ਹਰਿ ਨਾਮੁ ਦੀਓ[6] ਮਸਤਕਿ[7] [8]ਵਡਭਾਗੇ[9] ॥੨॥	They who have good[8] destiny[9] writ on their brow[7]; them the Guru blesses[6] with the God's Name.	ਜਿਨ੍ਹਾਂ ਦੇ ਮੱਥੇ[7] ਉਤੇ ਭਾਰੇ[8] ਭਾਗ[9] ਲਿਖੇ ਹੋਏ ਹਨ; ਉਨ੍ਹਾਂ ਨੂੰ ਗੁਰੂ ਜੀ ਰੱਬ ਦੇ ਨਾਮ ਦੀ ਦਾਤ ਦਿੰਦੇ[6] ਹਨ।
ਪਉਣ[10] ਪਾਣੀ[12] ਕੀ ਇਹ ਦੇਹ[13] ਸਰੀਰਾ[14] ॥	This frame[13] of the body[14] is built of the air[10] and water[12].	ਇਹ ਜਿਸਮ[14] ਦਾ ਢਾਂਚਾ[13] ਹਵਾ[10] ਅਤੇ ਜਲ[12] ਦਾ ਬਣਿਆ ਹੋਇਆ ਹੈ।

ਹਉਮੈ[15] ਰੋਗੁ[16] ਕਠਿਨ[17] ਤਨਿ[18] ਪੀਰਾ[19] ॥	The body[18] is gripped with the pain[19] of the severe[17] malady[16] of self-conceit[15].	ਸਰੀਰ[18] ਸਵੈ-ਹੰਗਤਾ[15] ਦੀ ਸਖ਼ਤ[17], ਬੀਮਾਰੀ[16] ਦੀ ਪੀੜਾ[19] ਨਾਲ ਪਕੜਿਆ ਹੋਇਆ ਹੈ।
ਗੁਰਮੁਖਿ[20] ਰਾਮ ਨਾਮ ਦਾਰੂ[21] ਗੁਣ[22]ਗਾਇਆ[23]॥ ਕਰਿ ਕਿਰਪਾ[24] ਗੁਰਿ ਰੋਗੁ[25] ਗਵਾਇਆ[26] ॥੩॥	By the Guru's grace[20], I have taken the medicine[21] of singing[23] the praise[22] of the Lord's Name, and the Guru, in his mercy[24] has rid[26]me of malady[25].	ਗੁਰਾਂ ਦੀ ਦਇਆ[20] ਦੁਆਰਾ, ਮੈਂ ਪ੍ਰਭੂ ਦੇ ਨਾਮ ਦਾ ਜੱਸ[22] ਗਾਇਨ ਕਰਨ[23] ਦੀ ਦਵਾਈ[21] ਲਈ ਹੈ ਅਤੇ ਗੁਰਾਂ ਨੇ ਮਿਹਰ[24] ਧਾਰ ਕੇ ਮੇਰੀ ਬੀਮਾਰੀ[25] ਕਟ ਦਿੱਤੀ[26] ਹੈ।
ਚਾਰਿ ਨਦੀਆ[27] ਅਗਨੀ[28] ਤਨਿ[29] ਚਾਰੇ ॥	The four evils (of cruelty, love, avarice and wrath) are the four streams[27] of fire[28] in the body[29].	(ਬੇ-ਰਹਿਮੀ, ਮੋਹ, ਲੋਭ ਤੇ ਗੁੱਸੇ), ਚਾਰ ਬਦੀਆਂ ਦੀਆਂ ਚਾਰੇ ਅੱਗ[28] ਦੇ ਦਰਿਆ[27] ਸਰੀਰ[29] ਵਿਚ ਹਨ।
ਤ੍ਰਿਸਨਾ[30] ਜਲਤ[31] ਜਲੇ[33] ਅਹੰਕਾਰੇ[32] ॥	Man burns[31] in desire[30] and burns[33] he in ego[32] as well.	ਬੰਦਾ ਖ਼ਾਹਿਸ਼[30] ਅੰਦਰ ਸੜਦਾ[31] ਹੈ ਅਤੇ ਸੜਦਾ[33] ਹੈ ਉਹ ਹੰਗਤਾ[32] ਅੰਦਰ ਭੀ।
ਗੁਰਿਰਾਖੇ[34] [35]ਵਡਭਾਗੀ[36] ਤਾਰੇ[37] ॥	Very[35] fortunate[36] are they whom the Guru saves[34]and ferries across[37].	ਭਾਰੇ[35] ਨਸੀਬਾਂ[36] ਵਾਲੇ ਹਨ ਉਹ ਜਿਨ੍ਹਾਂ ਨੂੰ ਗੁਰੂ ਜੀ ਬਚਾਉਂਦੇ[34] ਅਤੇ ਪਾਰ ਉਤਾਰਦੇ[37] ਹਨ।
ਜਨ[38] ਨਾਨਕ ਉਰਿ[39] ਹਰਿ ਅੰਮ੍ਰਿਤੁ[40] ਧਾਰੇ[41] ॥ ੪॥੨॥	Such slaves[38], O Nanak, enshrine[41] the God's Nectar-Name[40] within their mind[39].	ਐਹੋ ਜੇਹੇ ਗੋਲੇ[38], ਹੇ ਨਾਨਕ! ਵਾਹਿਗੁਰੂ ਦੇ ਅੰਮ੍ਰਿਤਮਈ ਨਾਮ[40] ਨੂੰ ਆਪਣੇ ਹਿਰਦੇ[39] ਅੰਦਰ ਟਿਕਾਉਂਦੇ[41] ਹਨ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਹਰਿ ਸੇਵੇ[42] ਸੋ[43] ਹਰਿ ਕਾ ਲੋਗੁ[44] ॥	Whosoever serves[42] God ; he[43] alone is the God's man[44].	ਜੋ ਕੋਈ ਭੀ ਵਾਹਿਗੁਰੂ ਦੀ ਘਾਲ ਕਮਾਉਂਦਾ[42] ਹੈ; ਕੇਵਲ ਉਹ ਹੀ[43] ਵਾਹਿਗੁਰੂ ਦਾ ਬੰਦਾ[44] ਹੈ।
ਸਾਚੁ ਸਹਜੁ[45] ਕਦੇ[46] ਨ ਹੋਵੈ[47] ਸੋਗੁ[48] ॥	He abides in truth and poise[45] and comes[47] not to grief[48] ever[46].	ਉਹ ਸੱਚ ਅਤੇ ਅਡੋਲਤਾ[45] ਅੰਦਰ ਵਸਦਾ ਹੈ ਅਤੇ ਉਸ ਨੂੰ ਕਦਾਚਿਤ[46] ਰੰਜ ਗ਼ਮ[48] ਨਹੀਂ ਵਿਆਪਦਾ[47]।
ਮਨਮੁਖ[49] ਮੁਏ[50] ਨਾਹੀ ਹਰਿ ਮਨ ਮਾਹਿ[51] ॥	The egocentrics[49] are dead[50] for within[51] their mind they contemplate not the Lord.	ਆਪ-ਹੁਦਰੇ[49] ਮੁਰਦਾ[50] ਹਨ ਕਿਉਂ ਜੋ ਆਪਣੇ ਹਿਰਦੇ ਅੰਦਰ[51] ਉਹ ਸੁਆਮੀ ਦਾ ਸਿਮਰਨ ਨਹੀਂ ਕਰਦੇ।
ਮਰਿ ਮਰਿ ਜੰਮਹਿ[52] ਭੀ ਮਰਿ ਜਾਹਿ[53] ॥੧॥	They die, suffer transmigration[52] and perish[53] again.	ਉਹ ਮਰ ਜਾਂਦੇ ਹਨ, ਆਵਾਗਉਣ[52] ਵਿਚ ਪੈਂਦੇ ਹਨ ਅਤੇ ਮੁੜ ਬਿਨਸ[53] ਜਾਂਦੇ ਹਨ।
੧੧੭੩	1173	੧੧੭੩
ਸੇ[55] ਜਨ[54] ਜੀਵੇ ਜਿਨ ਹਰਿ ਮਨ ਮਾਹਿ ॥	Those[55] persons[54] alone live, who cherish God in their mind.	ਕੇਵਲ ਉਹ[55] ਪੁਰਸ਼[54] ਹੀ ਜੀਉਂਦੇ ਹਨ ਜੋ ਆਪਣੇ ਹਿਰਦੇ ਅੰਦਰ ਵਾਹਿਗੁਰੂ ਨੂੰ ਟਿਕਾਉਂਦੇ ਹਨ।
ਸਾਚੁ[56] ਸਮ੍ਹਾਲਹਿ[57] ਸਾਚਿ ਸਮਾਹਿ[58] ॥੧॥ ਰਹਾਉ ॥	They remember[57] the True Lord[56], and in the True Lord merge[58] they. Pause.	ਉਹ ਸੱਚੇ ਸਾਹਿਬ[56] ਦਾ ਸਿਮਰਨ ਕਰਦੇ[57] ਹਨ ਅਤੇ ਸੱਚੇ ਸਾਹਿਬ ਅੰਦਰ ਹੀ ਲੀਨ ਹੋ ਜਾਂਦੇ[58] ਹਨ। ਠਹਿਰਾਉ।
ਹਰਿ ਨ ਸੇਵਹਿ[59] ਤੇ ਹਰਿ	They, who serve[59] not God, are	ਉਹ ਹਰੀ ਦੀ ਟਹਿਲ ਨਹੀਂ ਕਮਾਉਂਦੇ[59] ਅਤੇ ਹਰੀ

ਤੇ ਦੂਰਿ[60] ॥ ਦਿਸੰਤਰ[61] ਭਵਹਿ[62] ਸਿਰਿ[63] ਪਾਵਹਿ ਧੂਰਿ[64] ॥	removed from God[60]. In vain wander[62] they abroad[61] and throw dust[64] upon their head[63].	ਤੋਂ ਦੁਰੇਡੇ[60] ਹਨ। ਬੇਫ਼ਾਇਦਾ ਹੀ ਉਹ ਪ੍ਰਦੇਸਾਂ[61] ਅੰਦਰ ਭਟਕਦੇ[62] ਹਨ ਅਤੇ ਆਪਣੇ ਸਿਰ[63] ਤੇ ਖੇਹ[64] ਪਾਉਂਦੇ ਹਨ।
ਹਰਿ ਆਪੇ[65] ਜਨ[66] ਲੀਏ ਲਾਇ[67] ॥	His servants[66], God yokes[67] to His[65] service.	ਆਪਣਿਆਂ ਦਾਸਾਂ[66] ਨੂੰ, ਵਾਹਿਗੁਰੂ ਆਪਣੀ[65] ਸੇਵਾ ਵਿਚ ਜੋੜ ਲੈਂਦਾ[67] ਹੈ।
ਤਿਨ ਸਦਾ[68] ਸੁਖੁ[69] ਹੈ ਤਿਲੁ[70] ਨ ਤਮਾਇ[71] ॥੨॥	They ever[68] abide in bliss[69] and have not even an iota[70] of avarice[71].	ਉਹ ਹਮੇਸ਼ਾਂ[68] ਖ਼ੁਸ਼ੀ[69] ਅੰਦਰ ਵਸਦੇ ਹਨ ਅਤੇ ਉਹਨਾਂ ਨੂੰ ਇਕ ਭੋਰਾ ਭਰ[70] ਭੀ ਲਾਲਚ[71] ਨਹੀਂ।
ਨਦਰਿ[72] ਕਰੇ ਚੂਕੈ[73] ਅਭਿਮਾਨੁ[74] ॥	When God shows mercy[72], man is rid[73] of his ego[74]	ਜਦ ਵਾਹਿਗੁਰੂ ਮਿਹਰ[72] ਧਾਰਦਾ ਹੈ, ਬੰਦੇ ਦੀ ਹੰਗਤਾ[74] ਦੂਰ ਹੋ ਜਾਂਦੀ[73] ਹੈ।
ਸਾਚੀ ਦਰਗਹ[75] ਪਾਵੈ ਮਾਨੁ[76] ॥	He, then obtains honour[76] in the True Court[75].	ਤਦ ਉਹ ਸੱਚੇ ਦਰਬਾਰ[75] ਅੰਦਰ ਪਤਿ ਆਬਰੂ[76] ਪਾਉਂਦਾ ਹੈ।
ਹਰਿ ਜੀਉ[77] ਵੇਖੈ ਸਦ ਹਜੂਰਿ[78] ॥ ਗੁਰ ਕੈ ਸਬਦਿ[79] ਰਹਿਆ ਭਰਪੂਰਿ[80] ॥੩॥	He sees the Sire Lord[77] ever close at hand[78], and through the Guru's instruction[79], he realises the Lord fully filling[80] all.	ਉਹ ਮਹਾਰਾਜ ਮਾਲਕ[77] ਨੂੰ ਹਮੇਸ਼ਾ ਹੀ ਅੰਗ ਸੰਗ[78] ਵੇਖਦਾ ਹੈ ਅਤੇ ਗੁਰਾਂ ਦੇ ਉਪਦੇਸ਼[79] ਰਾਹੀਂ, ਉਹ ਸੁਆਮੀ ਨੂੰ ਸਾਰੇ ਪਰੀਪੂਰਨ ਹੋਇਆ[80] ਅਨੁਭਵ ਕਰਦਾ ਹੈ।
ਜੀਅ ਜੰਤ[81] ਕੀ ਕਰੇ ਪ੍ਰਤਿਪਾਲ[82] ॥	All the sentient beings[81], the Lord sustains[82].	ਸਾਰੇ ਪ੍ਰਾਣਧਾਰੀਆਂ[81] ਦੀ ਪ੍ਰਭੂ ਪਾਲਣਾ-ਪੋਸਣਾ ਕਰਦਾ[82] ਹੈ।
ਗੁਰ ਪਰਸਾਦੀ[83] ਸਦ ਸਮ੍ਹਾਲ[84] ॥	By the Guru's grace[83], ever cherish[84] thou Him.	ਗੁਰਾਂ ਦੀ ਦਇਆ[83] ਦੁਆਰਾ, ਤੂੰ ਹਮੇਸ਼ਾ ਉਸ ਦਾ ਸਿਮਰਨ[84] ਕਰ।
ਦਰਿ[85] ਸਾਚੈ ਪਤਿ[86] ਸਿਉ[87] ਘਰਿ ਜਾਇ ॥	The servant of the True court[85] goes home with[87] honour[86].	ਸੱਚੇ ਦਰਬਾਰ[85] ਦਾ ਸੇਵਕ ਇੱਜ਼ਤ[86] ਨਾਲ[87] ਆਪਣੇ ਗ੍ਰਹਿ ਨੂੰ ਜਾਂਦਾ ਹੈ।
ਨਾਨਕ ਨਾਮਿ ਵਡਾਈ[88] ਪਾਇ[89] ॥੪॥੩॥	Through the Lord's Name, O Nanak, he is blessed[89] with glory[88].	ਪ੍ਰਭੂ ਦੇ ਨਾਮ ਦੇ ਰਾਹੀਂ, ਹੇ ਨਾਨਕ! ਉਸ ਨੂੰ ਪ੍ਰਭਤਾ[88] ਦੀ ਦਾਤ ਪਰਾਪਤ ਹੁੰਦੀ[89] ਹੈ।
ਬਸੰਤੁ ਮਹਲਾ ੩	Basant 3rd Guru	ਬਸੰਤ ਤੀਜੀ ਪਾਤਿਸ਼ਾਹੀ।
ਅੰਤਰਿ[90] ਪੂਜਾ[91] ਮਨ[92] ਤੇ ਹੋਇ ॥ ਏਕੋ[93] ਵੇਖੈ ਅਉਰੁ[94] ਨ ਕੋਇ ॥	He, who in[90] his mind[92] worships[91] his Lord, sees Him alone[93] and none else[94].	ਜੋ ਆਪਣੇ ਚਿਤ[92] ਅੰਦਰ[90] ਆਪਣੇ ਪ੍ਰਭੂ ਦੀ ਉਪਾਸ਼ਨਾ ਕਰਦਾ[91] ਹੈ, ਉਹ ਕੇਵਲ[93] ਉਸ ਨੂੰ ਹੀ ਵੇਖਦਾ ਹੈ, ਹੋਰ ਕਿਸੇ[94] ਨੂੰ ਨਹੀਂ।
ਦੂਜੈ[95] ਲੋਕੀ[96] ਬਹੁਤੁ[97] ਦੁਖੁ[98] ਪਾਇਆ ॥	Attached to duality[95], people[96] suffer[98] terribly[97].	ਦਵੈਤ-ਭਾਵ[95] ਨਾਲ ਜੁੜ ਕੇ, ਬੰਦੇ[96] ਬੜੀ ਤਕਲੀਫ਼[97] ਉਠਾਉਂਦੇ[98] ਹਨ।
ਸਤਿਗੁਰਿ ਮੈਨੋ ਏਕੁ ਦਿਖਾਇਆ[99] ॥੧॥	The True Guru has shown[99] me the One Lord.	ਸੱਚੇ ਗੁਰਾਂ ਨੇ ਮੈਨੂੰ ਇਕ ਸੁਆਮੀ ਵਿਖਾਲ ਦਿੱਤਾ[99] ਹੈ।
ਮੇਰਾ ਪ੍ਰਭੁ ਮਉਲਿਆ[100] ਸਦ ਬਸੰਤੁ[2] ॥	My Lord ever abides in bloom[100] and bliss[2].	ਮੇਰਾ ਮਾਲਕ ਹਮੇਸ਼ਾ ਖਿੜਾਉ[100] ਅਤੇ ਖ਼ੁਸ਼ੀ[2] ਅੰਦਰ ਵਸਦਾ ਹੈ।
ਇਹੁ ਮਨੁ ਮਉਲਿਆ[3]	This mind flowers[3] by hymning[7] the	ਆਲਮ[5] ਦੇ ਸੁਆਮੀ[6] ਦੀ ਸਿਫ਼ਤ[4] ਗਾਇਨ ਕਰਨ[7]

ਗਾਇ[7] ਗੁਣ[4] [5]ਗੋਬਿੰਦ[6] ॥ ੧ ॥ ਰਹਾਉ ॥	praise[4] of the Lord[6] of the universe[5]. Pause.	ਦੁਆਰਾ ਇਹ ਮਨੂਆ ਪ੍ਰਫੁਲਤ ਹੁੰਦਾ[3] ਹੈ। ਠਹਿਰਾਉ।
ਗੁਰ ਪੂਛਹੁ[8] ਤੁਮ੍ ਕਰਹੁ ਬੀਚਾਰੁ[9] ॥ ਤਾਂ[10] ਪ੍ਰਭ ਸਾਚੇ ਲਗੈ ਪਿਆਰੁ[12] ॥	If thou consultest[8] the Guru and reflectest[9] thereon, then[10] shalt thou love[12] thy True Lord.	ਜੇਕਰ ਤੂੰ ਗੁਰਾਂ ਤੋਂ ਸਿਖਮਤ[8] ਲੈ, ਉਸ ਨੂੰ ਸੋਚੇਂ ਸਮਝੇਂ[9], ਤਦ[10] ਤੇਰਾ ਆਪਣੇ ਸੱਚੇ ਸੁਆਮੀ ਨਾਲ ਪ੍ਰੇਮ[12] ਪੈ ਜਾਵੇ।
ਆਪੁ[13] ਛੋਡਿ[19] ਹੋਹਿ[15] ਦਾਸਤ[14] ਭਾਇ[16] ॥ਤਉ[17] ਜਗਜੀਵਨੁ[18] ਵਸੈ ਮਨਿ ਆਇ ॥੨॥	Abandon[19] thy self-conceit[13], and entertain[15] thou the sentiments[16] of a slave[14], then[17] shall God, the life of the world[18], come and abide in thy mind.	ਤੂੰ ਆਪਣੀ ਸਵੈ-ਹੰਗਤਾ[13] ਛੱਡ[19] ਦੇ ਤੇ ਗੋਲੇ[14] ਵਾਲੇ ਜਜ਼ਬੇ[16] ਧਾਰਨ[15] ਕਰ ਲੈ, ਤਦ[17] ਜਗਤ ਦੀ ਜਿੰਦ-ਜਾਨ[18] ਪ੍ਰਭੂ ਤੇਰੇ ਚਿਤ ਵਿਚ ਟਿਕ ਜਾਵੇਗਾ।
ਭਗਤਿ[20] ਕਰੇ ਸਦ[21] ਵੇਖੈ ਹਜੂਰਿ[22] ॥	One ought to embrace the Lord's meditation[20] and ever[21] see Him just near[22].	ਬੰਦੇ ਨੂੰ ਸਾਂਈਂ ਦਾ ਸਿਮਰਨ[20] ਕਰਨਾ ਅਤੇ ਉਸ ਨੂੰ ਹਮੇਸ਼ਾ[21] ਐਨ ਨੇੜੇ[22] ਦੇਖਣਾ ਚਾਹੀਦਾ ਹੈ।
ਮੇਰਾ ਪ੍ਰਭੁ ਸਦ ਰਹਿਆ ਭਰਪੂਰਿ[23] ॥	My Master is ever fully filling[23] all.	ਮਰਾ ਮਾਲਕ ਸਦੀਵ ਹੀ ਸਾਰਿਆਂ ਨੂੰ ਪਰੀਪੂਰਨ[23] ਕਰ ਰਿਹਾ ਹੈ।
ਇਸੁ ਭਗਤੀ[24] ਕਾ ਕੋਈ[25] ਜਾਣੈ ਭੇਉ[26] ॥	Some rare one[25] knows the mystery[26] of this loving-worship[24] of God.	ਕੋਈ ਵਿਰਲਾ ਜਣਾ[25] ਹੀ ਪ੍ਰਭੂ ਦੀ ਇਸ ਪਿਆਰੀ ਉਪਾਸ਼ਨਾ[24] ਦੇ ਭੇਤ[26] ਨੂੰ ਜਾਣਦਾ ਹੈ।
ਸਭੁ ਮੇਰਾ ਪ੍ਰਭੁ ਆਤਮ[27] ਦੇਉ[28] ॥੩॥	My Lord is the Illuminator[28] of all the souls[27].	ਮੇਰਾ ਮਾਲਕ ਸਾਰੀਆਂ ਆਤਮਾਵਾਂ[27] ਨੂੰ ਰੌਸ਼ਨ ਕਰਨ ਵਾਲਾ[28] ਹੈ।
ਆਪੇ ਸਤਿਗੁਰੁ ਮੇਲਿ[29] ਮਿਲਾਏ[30] ॥	The True Guru, of Himself, unites[30] man in the Lord's union[29].	ਸੱਚੇ ਗੁਰੂ ਜੀ, ਖ਼ੁਦ ਹੀ ਬੰਦੇ ਨੂੰ ਪ੍ਰਭੂ ਦੇ ਮਿਲਾਪ[29] ਅੰਦਰ ਮਿਲਾ ਦਿੰਦੇ[30] ਹਨ।
ਜਗ ਜੀਵਨ[31] ਸਿਉ[32] ਆਪਿ ਚਿਤੁ[33] ਲਾਏ[34] ॥	Of himself, the Guru attaches[34] his mind[33] to[32] the Lord, the Life of the world[31].	ਆਪੇ ਹੀ ਗੁਰੂ ਜੀ, ਉਸ ਦੇ ਮਨ[33] ਨੂੰ ਜਗ ਦੀ ਜਿੰਦ-ਜਾਨ[31] ਪ੍ਰਭੂ ਨਾਲ[32] ਜੋੜ ਦਿੰਦੇ[34] ਹਨ।
ਮਨੁ[35] ਤਨੁ[36] ਹਰਿਆ[37] ਸਹਜਿ[38] ਸੁਭਾਏ ॥	His soul[35] and body[36] are spontaneously[38] reverdured[37].	ਉਸ ਦੀ ਆਤਮਾ[35] ਤੇ ਦੇਹਿ[36] ਸੁਤੇ ਸਿਧ[38] ਹੀ ਹਰੇ ਭਰੇ[37] ਹੋ ਜਾਂਦੇ ਹਨ।
ਨਾਨਕ ਨਾਮਿ ਰਹੇ ਲਿਵ[39] ਲਾਇ[40] ॥੪॥੪॥	Nanak, he remains absorbed[40] in the love[39] of the Lord's Name.	ਨਾਨਕ, ਉਹ ਪ੍ਰਭੂ ਦੇ ਨਾਮ ਦੇ ਪਿਆਰ[39] ਅੰਦਰ ਲੀਨ[40] ਹੋਇਆ ਰਹਿੰਦਾ ਹੈ।
ਬਸੰਤੁ ਮਹਲਾ ੩ ॥	Basant 3rd Guru	ਬਸੰਤ ਤੀਜੀ ਪਾਤਿਸ਼ਾਹੀ।
ਭਗਤਿ ਵਛਲੁ[41] ਹਰਿ ਵਸੈ[42] ਮਨਿ ਆਇ ॥ ਗੁਰ ਕਿਰਪਾ ਤੇ[43] ਸਹਜ ਸੁਭਾਇ[44] ॥	By[43] the Guru's grace[42], God, the Lover of His saints[41], easily[44] comes and abides[45] in the man's mind.	ਗੁਰਾਂ ਦੀ ਦਇਆ[42] ਦੁਆਰਾ[43], ਆਪਣੇ ਸੰਤਾਂ ਦਾ ਪਿਆਰਾ[41] ਵਾਹਿਗੁਰੂ, ਸੁਖੈਨ ਹੀ[44] ਆ ਕੇ ਇਨਸਾਨ ਦੇ ਚਿਤ ਅੰਦਰ ਟਿਕ ਜਾਂਦਾ[45] ਹੈ।
ਭਗਤਿ[45] ਕਰੇ ਵਿਚਹੁ[46] ਆਪੁ[47] ਖੋਇ[48] ॥ ਤਦ[49]	Eradicating[48] ego[47] from within[46] bim, when man worships[45] Him,	ਆਪਣੇ ਅੰਦਰੋਂ[46] ਹੰਗਤਾ[47] ਨੂੰ ਮਾਰ ਕੇ[48] ਜਦ ਬੰਦਾ ਉਸ ਦੀ ਪੂਜਾ ਕਰਦਾ[45] ਹੈ, ਤਾਂ[49] ਉਹ ਸੱਚੇ ਸੁਆਮੀ[50]

ਹੀ ਸਾਚਿ[50] ਮਿਲਾਵਾ[51] ਹੋਇ ॥੧॥	then[49] meets[51] he with the True Lord[50].	ਨੂੰ ਮਿਲ ਪੈਂਦਾ[51] ਹੈ ।
ਭਗਤ[52] ਸੋਹਹਿ[53] ਸਦਾ ਹਰਿ ਪ੍ਰਭੁ[54] ਦੁਆਰਿ[55] ॥	His saints[52] ever look beauteous[53] at the Lord God's[54] door[55].	ਉਸ ਦੇ ਸੰਤ[52], ਸੁਆਮੀ ਵਾਹਿਗੁਰੂ[54] ਦੇ ਬੂਹੇ[55] ਤੇ ਹਮੇਸ਼ਾ ਸੁੰਦਰ ਲਗਦੇ[53] ਹਨ ।
ਗੁਰ ਕੈ ਹੇਤਿ[56] ਸਾਚੈ[57] ਪ੍ਰੇਮ[58] ਪਿਆਰਿ[59] ॥੧॥ ਰਹਾਉ ॥	By loving[56] the Guru, they cultivate love[58] and affection[59] for the True Lord[57]. Pause.	ਗੁਰਾਂ ਨਾਲ ਪਿਆਰ ਕਰਨ[56] ਦੁਆਰਾ, ਉਨ੍ਹਾਂ ਦੀ ਸੱਚੇ ਸੁਆਮੀ[57] ਨਾਲ ਪ੍ਰੀਤ[58] ਤੇ ਪਿਰਹੜੀ[59] ਪੈ ਜਾਂਦੀ ਹੈ । ਠਹਿਰਾਉ ।
ਭਗਤਿ[60] ਕਰੇ ਸੋ[61] ਜਨੁ[62] ਨਿਰਮਲੁ[63] ਹੋਇ ॥ ਗੁਰ ਸਬਦੀ[64] ਵਿਚਹੁ[65] ਹਉਮੈ[66] ਖੋਇ[67] ॥	The[61] mortal[62] who serves[60] the Lord becomes pure[63] and through the Guru's instruction[64], banishes[67] his self-conceit[66] from within[65] himself.	ਜਿਹੜਾ[61] ਜੀਵ[62] ਸੁਆਮੀ ਦੀ ਸੇਵਾ ਕਰਦਾ[60] ਹੈ, ਉਹ ਪਵਿੱਤਰ[63] ਹੋ ਜਾਂਦਾ ਹੈ ਤੇ ਗੁਰਾਂ ਦੇ ਉਪਦੇਸ਼[64] ਰਾਹੀਂ, ਆਪਣੀ ਸਵੈ-ਹੰਗਤਾ[66] ਆਪਣੇ ਅੰਦਰੋਂ[65] ਦੂਰ ਕਰ ਦਿੰਦਾ[67] ਹੈ ।
ਹਰਿ ਜੀਉ[68] ਆਪਿ ਵਸੈ[69] ਮਨਿ ਆਇ ॥ ਸਦਾ[70] ਸਾਂਤਿ[71] ਸੁਖਿ[72] ਸਹਜਿ[73] ਸਮਾਇ[74] ॥੨॥	The Venerable[68] Lord Himself comes to abide[69] in his mind and he ever[70] remains merged[74] in tranquillity[71], peace[72] and poise[73].	ਪੂਜਨੀਯ[68] ਪ੍ਰਭੂ ਖ਼ੁਦ ਆ ਕੇ ਉਸ ਦੇ ਚਿੱਤ ਵਿਚ ਟਿਕ ਜਾਂਦਾ[69] ਹੈ ਅਤੇ ਉਹ ਸਦੀਵ[70] ਹੀ ਸ਼ਾਂਤੀ[71], ਆਰਾਮ[72] ਤੇ ਅਡੋਲਤਾ[73] ਅੰਦਰ ਲੀਨ ਹੋਇਆ[74] ਰਹਿੰਦਾ ਹੈ ।
ਸਾਚਿ ਰਤੇ[75] ਤਿਨ[76] ਸਦ ਬਸੰਤ[77] ॥	They[76], who are imbued[75] with truth are ever in bliss[77].	ਜੋ ਸੱਚ ਨਾਲ ਰੰਗੀਜੇ[75] ਹਨ ਉਹ[76] ਹਮੇਸ਼ਾ ਖ਼ੁਸ਼ੀ[77] ਅੰਦਰ ਹਨ ।
ਮਨੁ[78] ਤਨੁ[79] ਹਰਿਆ[80] ਰਵਿ[81] ਗੁਣ[82] ਗੁਵਿੰਦ[83] ॥	Uttering[81] the Lord's[83] praise[82], their soul[78] and body[79] become green[80].	ਪ੍ਰਭੂ[83] ਦਾ ਜੱਸ[82] ਉਚਾਰਨ ਕਰਨ[81] ਦੁਆਰਾ, ਉਹਨਾਂ ਦੀ ਆਤਮਾ[78] ਤੇ ਦੇਹਿ[79] ਸਰਸਬਜ਼ ਹੋ ਜਾਂਦੇ[80] ਹਨ ।
ਬਿਨੁ ਨਾਵੈ ਸੂਕਾ[84] ਸੰਸਾਰੁ[85] ॥	Without the Name altogether dry[84] is the world[85].	ਨਾਮ ਦੇ ਬਗ਼ੈਰ ਸੁੱਕੀ ਸੜੀ[84] ਹੋਈ ਹੈ ਦੁਨੀਆਂ[85] ।
ਅਗਨਿ[86] ਤ੍ਰਿਸਨਾ[87] ਜਲੈ[88] ਵਾਰੋ ਵਾਰ[89] ॥੩॥	In the fire[86] of desire[87], it burns[88] over and over again[89]	ਖ਼ਾਹਿਸ਼[87] ਦੀ ਅੱਗ[86] ਵਿਚ ਇਹ ਮੁੜ ਮੁੜ[89] ਕੇ ਮਚਦੀ[88] ਹੈ ।
ਸੋਈ[90] ਕਰੇ ਜਿ[91] ਹਰਿ ਜੀਉ[92] ਭਾਵੈ[93] ॥ ਸਦਾ ਸੁਖੁ ਸਰੀਰਿ[94] ਭਾਣੈ[95] ਚਿਤੁ ਲਾਵੈ[96] ॥	If man does only that[90] which[91] pleases[93] the Sire Lord[92], then his body[94] ever abides in peace, and his mind remains attached[96] to the Lord's will[95].	ਜੇਕਰ ਇਨਸਾਨ ਕੇਵਲ ਓਹੋ[90] ਕੁਛ ਕਰੇ, ਜਿਹੜਾ[91] ਮਹਾਰਾਜ ਮਾਲਕ[92] ਨੂੰ ਚੰਗਾ ਲਗਦਾ[93] ਹੈ, ਤਾਂ ਉਸ ਦੀ ਦੇਹਿ[94] ਹਮੇਸ਼ਾ ਆਰਾਮ ਅੰਦਰ ਵਸਦੀ ਹੈ, ਅਤੇ ਉਸ ਦਾ ਮਨ ਸੁਆਮੀ ਦੀ ਰਜ਼ਾ[95] ਨਾਲ ਜੁੜਿਆ ਰਹਿੰਦਾ[96] ਹੈ ।
ਅਪਣਾ ਪ੍ਰਭੁ ਸੇਵੇ[97] ਸਹਜਿ ਸੁਭਾਇ[98] ॥ ਨਾਨਕ ਨਾਮੁ ਵਸੈ[99] ਮਨਿ ਆਇ[100] ॥੪॥੫॥	He effortlessly[98] serves[97] his Lord, and the Name comes[100] to abide[99] within his mind, O Nanak.	ਉਹ ਨਿਰਯਤਨ[98] ਹੀ ਆਪਣੇ ਸਾਂਈਂ ਦੀ ਸੇਵਾ ਕਮਾਉਂਦਾ[97] ਹੈ, ਅਤੇ ਨਾਮ ਆ ਕੇ[100] ਉਸ ਦੇ ਚਿੱਤ ਅੰਦਰ ਟਿਕ ਜਾਂਦਾ[99] ਹੈ, ਹੇ ਨਾਨਕ !
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਮਾਇਆ[2] ਮੋਹੁ[3] ਸਬਦਿ[4]	By the Lord's Name[4], the love[3] of	ਸਾਂਈਂ ਦੇ ਨਾਮ[4] ਦੁਆਰਾ, ਦੌਲਤ[2] ਦੀ ਲਗਨ[3] ਮੱਚ

ਜਲਾਏ[5] ॥	riches[2] is burnt[5].	ਜਾਂਦੀ[5] ਹੈ।
ਮਨੁ[6] ਤਨੁ[7] ਹਰਿਆ[8] ਸਤਿਗੁਰ ਭਾਏ[9] ॥	Through the love[9] of the True Guru, the soul[6] and body[7] are reverdured[8].	ਸੱਚੇ ਗੁਰਾਂ ਦੀ ਪ੍ਰੀਤ[9] ਰਾਹੀਂ ਜਿੰਦੜੀ[6] ਅਤੇ ਦੇਹ[7] ਹਰੇ ਭਰੇ[8] ਹੋ ਜਾਂਦੇ ਹਨ।
ਸਫਲਿਉ[10] ਬਿਰਖੁ[12] ਹਰਿ ਕੈ ਦੁਆਰਿ[15] ॥ ਸਾਚੀ ਬਾਨੀ[13] ਨਾਮ ਪਿਆਰਿ[14]॥ ੧ ॥	At the God's door[15], the tree[12] of man's soul fruitions[10] and his mind loves[14] the true word of the Guru[13] and the Lord's Name.	ਵਾਹਿਗੁਰੂ ਦੇ ਦਰ[15] ਉਤੇ, ਬੰਦੇ ਦੀ ਆਤਮਾ ਦਾ ਬਿਰਛ[12] ਫਲ ਲੈ ਆਉਂਦਾ[10] ਹੈ ਅਤੇ ਉਸ ਦਾ ਮਨ ਸੱਚੀ ਗੁਰਬਾਣੀ[13] ਅਤੇ ਪ੍ਰਭੂ ਦੇ ਨਾਲ ਮੁਹੱਬਤ[14] ਕਰਨ ਲਗ ਜਾਂਦਾ ਹੈ।
੧੧੭੪	**1174**	**੧੧੭੪**
ਏ ਮਨ[21] ਹਰਿਆ[16] ਸਹਜ ਸੁਭਾਇ[17] ॥ ਸਚ ਫਲੁ[18] ਲਾਗੈ[19] ਸਤਿਗੁਰ ਭਾਇ[20] ॥੧॥ਰਹਾਉ ॥	Loving[20] the True Guru, this soul[21] is easily[17] reverdured[16] and comes to bear[19] the true fruit[18]. Pause	ਸੱਚੇ ਗੁਰਾਂ ਨੂੰ ਪਿਆਰ ਕਰਨ ਦੁਆਰਾ[20] ਇਹ ਆਤਮਾ[21] ਸੁਖੈਨ[17] ਹੀ ਸਰਸਬਜ਼[16] ਹੋ ਜਾਂਦੀ ਹੈ ਅਤੇ ਇਸ ਨੂੰ ਸੱਚਾ ਮੇਵਾ[18] ਲੱਗ ਆਉਂਦਾ[19] ਹੈ। ਠਹਿਰਾਉ।
ਆਪੇ ਨੇੜੈ[22] ਆਪੇ ਦੂਰਿ[23] ॥	Of Himself the Lord is near[22] and of Himself afar[23].	ਖ਼ੁਦ ਸੁਆਮੀ ਨਜ਼ਦੀਕ[22] ਹੈ ਤੇ ਖ਼ੁਦ ਹੀ ਦੁਰੇਡੇ[23]।
ਗੁਰ ਕੈ ਸਬਦਿ[24] ਵੇਖੈ ਸਦ ਹਜੂਰਿ[25] ॥	By Guru's instruction[24] one sees Him ever present[25].	ਗੁਰਾਂ ਦੇ ਉਪਦੇਸ਼[24] ਦੁਆਰਾ ਜੀਵ ਉਸ ਨੂੰ ਹਮੇਸ਼ਾ ਅੰਗ ਸੰਗ[25] ਦੇਖਦਾ ਹੈ।
ਛਾਵ[26] ਘਣੀ[27] ਫੂਲੀ[28] ਬਨਰਾਇ[29] ॥	The vegetation[29] has flowered[28], and gives dense[27] shade[26].	ਬਨਾਸਪਤੀ[29] ਪ੍ਰਫੁਲਤ[28] ਹੋ ਗਈ ਹੈ ਅਤੇ ਸੰਘਣੀ[27] ਛਾਂ[26] ਦਿੰਦੀ ਹੈ।
ਗੁਰਮੁਖਿ[30] ਬਿਗਸੈ[31] ਸਹਜਿ ਸੁਭਾਇ[32] ॥੨॥	By the Guru's grace[30], one blossoms forth[31] spontaneously[32].	ਗੁਰਾਂ ਦੀ ਦਇਆ ਦੁਆਰਾ[30], ਜੀਵ ਆਪਣੇ ਆਪ[32] ਹੀ ਪ੍ਰਫੁਲਤ ਹੋ ਜਾਂਦਾ[31] ਹੈ।
ਅਨਦਿਨੁ[33] ਕੀਰਤਨੁ[34] ਕਰਹਿ ਦਿਨ ਰਾਤਿ[35] ॥ ਸਤਿਗੁਰਿ ਗਵਾਈ[36] ਵਿਚਹੁ[37] ਜੂਠਿ[38] ਭਰਾਂਤਿ[39] ॥	The True Guru drives out[36] sin[38] and doubt[39] from within[37] him, who night[33] and day ever[35] hymns God's praise[34].	ਸੱਚੇ ਗੁਰੂ ਜੀ ਉਸ ਦੇ ਅੰਦਰੋਂ[37] ਪਾਪ[38] ਅਤੇ ਭਰਮ[39] ਕੱਢ ਦਿੰਦੇ[36] ਹਨ, ਜੋ ਰੈਣ[33] ਤੇ ਦਿਨ ਹਮੇਸ਼ਾ[35] ਹੀ ਵਾਹਿਗੁਰੂ ਦੀ ਕੀਰਤੀ[34] ਗਾਇਨ ਕਰਦਾ ਹੈ।
ਪਰਪੰਚ[40] ਵੇਖਿ ਰਹਿਆ ਵਿਸਮਾਦੁ[41] ॥	Seeing the Lord's creation[40], I am wonder-struck[41].	ਪ੍ਰਭੂ ਦੀ ਰਚਨਾ[40] ਦੇਖ, ਮੈਂ ਹੈਰਾਨ[41] ਹੋ ਰਿਹਾ ਹਾਂ।
ਗੁਰਮੁਖਿ[42] ਪਾਈਐ[43] ਨਾਮ ਪ੍ਰਸਾਦੁ[44] ॥੩॥	By the grace[44] of the Supreme Guru[42] the Lord's Name is obtained[43].	ਮੁਖੀ ਗੁਰਾਂ[42] ਦੀ ਦਇਆ[44] ਦੁਆਰਾ, ਪ੍ਰਭੂ ਦਾ ਨਾਮ ਪਰਾਪਤ ਹੁੰਦਾ[43] ਹੈ।
ਆਪੇ ਕਰਤਾ[45] ਸਭਿ ਰਸ[46] ਭੋਗ[47] ॥	The Creator[45], Himself enjoys[47] all the dainties[46].	ਕਰਤਾਰ[45] ਆਪ ਹੀ ਸਾਰੀਆਂ ਨਿਆਮਤਾਂ[46] ਮਾਣਦਾ[47] ਹੈ।
ਜੋ ਕਿਛੁ[48] ਕਰੇ ਸੋਈ[49] ਪਰੁ[50] ਹੋਗ[51] ॥	Whatever[48] the Lord does that[49] definitely[50] comes to pass[51].	ਜਿਹੜਾ ਕੁਝ[48] ਸੁਆਮੀ ਕਰਦਾ ਹੈ, ਉਹ[49] ਅਵੱਸ਼[50] ਹੀ ਹੋ ਆਉਂਦਾ[51] ਹੈ।

ਵਡਾ[52] ਦਾਤਾ[53] ਤਿਲੁ[54] ਨ ਤਮਾਇ[55] ॥	The Lord is the Great[52] Giver[53] and has not even an iota[54] of avarice[55].	ਪ੍ਰਭੂ ਭਾਰਾ[52] ਦਾਤਾਰ[53] ਹੈ ਅਤੇ ਉਸ ਨੂੰ ਭੋਰਾ ਭਰ[54] ਭੀ ਤਮ੍ਹਾਂ[55] ਨਹੀਂ ।
ਨਾਨਕ ਮਿਲੀਐ ਸਬਦੁ[56] ਕਮਾਇ[57] ॥੪॥੬॥	Practising[57] the Name[56] O Nanak, one meets with his God.	ਨਾਮ[56] ਦੀ ਕਮਾਈ ਕਰਨ ਦੁਆਰਾ[57], ਹੇ ਨਾਨਕ ! ਜੀਵ ਆਪਣੇ ਵਾਹਿਗੁਰੂ ਨਾਲ ਮਿਲ ਜਾਂਦਾ ਹੈ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਪੂਰੈ[58] ਭਾਗਿ[59] ਸਚੁ ਕਾਰ[60] ਕਮਾਵੈ[61] ॥	Through perfect[58] destiny[59] one does[61] true deeds[60].	ਪੂਰਨ[58] ਪ੍ਰਾਲਬਧ[59] ਰਾਹੀਂ ਬੰਦਾ ਸੱਚੇ ਕੰਮ[60] ਕਰਦਾ[61] ਹੈ ।
ਏਕੋ ਚੇਤੈ[62] ਫਿਰਿ[63] ਜੋਨਿ[65] ਨ ਆਵੈ[64] ॥	Remembering[62] the One Lord, man enters[64] not into existences[65] again[63],	ਇਕ ਸੁਆਮੀ ਦਾ ਸਿਮਰਨ ਕਰਨ ਦੁਆਰਾ[62], ਇਨਸਾਨ ਮੁੜ[63] ਕੇ ਜੂਨੀਆਂ[65] ਅੰਦਰ ਨਹੀਂ ਪੈਂਦਾ[64] ।
ਸਫਲ[66] ਜਨਮੁ[67] ਇਸੁ ਜਗ ਮਹਿ[68] ਆਇਆ[69] ॥ ਸਾਚਿ ਨਾਮਿ ਸਹਜਿ[70] ਸਮਾਇਆ[71] ॥੧॥	In[68] this world, fruitful[66] is the advent[69] and life[67] of him, who naturally[70] remains merged[71] in the True Name.	ਇਸ ਜਹਾਨ ਵਿਚ[68] ਫਲਦਾਇਕ[66] ਹੈ ਆਗਮਨ[69] ਤੇ ਜੀਵਨ[67] ਉਸ ਦਾ ਜੋ ਸੁਭਾਵਿਕ[70] ਹੀ ਸਤਿਨਾਮ ਅੰਦਰ ਲੀਨ ਰਹਿੰਦਾ[71] ਹੈ ।
ਗੁਰਮੁਖਿ[71]* ਕਾਰ[72] ਕਰਹੁ[73] ਲਿਵਲਾਇ[74] ॥	By the Guru's grace[71]*, lovingly[74] perform[73] thou the Lord's service[72].	ਗੁਰਾਂ ਦੀ ਦਇਆ[71]* ਦੁਆਰਾ ਤੂੰ ਪ੍ਰੇਮ ਨਾਲ[74] ਪ੍ਰਭੂ ਦੀ ਸੇਵਾ[72] ਕਮਾ[73] ।
ਹਰਿ ਨਾਮੁ ਸੇਵਹੁ[75] ਵਿਚਹੁ[76] ਆਪੁ[77] ਗਵਾਇ[78] ॥੧॥ ਰਹਾਉ ॥	Eradicating[78] ego[77] from within[76] thee, worship[75] thou the God's Name. Pause.	ਆਪਣੇ ਅੰਦਰੋਂ[76] ਹੰਕਾਰ[77] ਨੂੰ ਗੁਆ ਕੇ[78] ਤੂੰ ਪ੍ਰਭੂ ਦੇ ਨਾਮ ਦੀ ਉਪਾਸ਼ਨਾ[75] ਕਰ । ਠਹਿਰਾਉ ।
ਤਿਸੁ[85] ਜਨ[79] ਕੀ ਹੈ ਸਾਚੀ ਬਾਣੀ[80] ॥ ਗੁਰ ਕੈ ਸਬਦਿ[81] ਜਗ[82] ਮਾਹਿ[83] ਸਮਾਣੀ[84] ॥	True is the speech[80] of such[85] a man[79], and being in accord with the Guru's teaching[81], it gets currency[84] throughout[83] the world[82].	ਸੱਚੀ ਹੈ ਬੋਲ ਬਾਣੀ[80] ਐਸੇ[85] ਪੁਰਸ਼[79] ਦੀ ਅਤੇ ਗੁਰਾਂ ਦੇ ਉਪਦੇਸ਼[81] ਦੇ ਅਨੁਕੂਲ ਹੋਣ ਕਰ ਕੇ, ਇਹ ਜਹਾਨ[82] ਅੰਦਰ[83] ਪ੍ਰਚੱਲਤ[84] ਹੋ ਜਾਂਦੀ ਹੈ ।
ਚਹੁ ਜੁਗ ਪਸਰੀ[85]* ਸਾਚੀ ਸੋਇ[86] ॥	His true glory[86] is spreading[85]* in the four ages.	ਉਸ ਦੀ ਸੱਚੀ ਸੋਭਾ[86] ਚੌਹਾਂ ਹੀ ਯੁਗਾਂ ਵਿਚ ਫੈਲ[85]* ਰਹੀ ਹੈ ।
ਨਾਮਿ ਰਤਾ[87] ਜਨੁ[88] ਪਰਗਟੁ[89] ਹੋਇ ॥੨॥	Imbued[87] with the Name, God's slave[88] becomes renowned[89].	ਨਾਮ ਨਾਲ ਰੰਗਿਆ ਹੋਇਆ[87] ਰੱਬ ਦਾ ਗੋਲਾ[88] ਪਰਸਿੱਧ[89] ਹੋ ਜਾਂਦਾ ਹੈ ।
ਇਕਿ[91] ਸਾਚੈ ਸਬਦਿ[92] ਰਹੇ ਲਿਵ[93] ਲਾਇ[94] ॥	Some[91] remain merged[94] in the love[93] of the True Name[92].	ਕਈ[91] ਸੱਚੇ ਨਾਮ[92] ਦੀ ਪ੍ਰੀਤ[93] ਅੰਦਰ ਲੀਨ ਰਹਿੰਦੇ[94] ਹਨ ।
ਸੇ[95] ਜਨ[96] ਸਾਚੇ ਸਾਚੈ[97] ਭਾਇ[98] ॥	True are the[95] persons[96] who love[98] the True Lord[97].	ਸੱਚੇ ਹਨ ਉਹ[95] ਪੁਰਸ਼[96], ਜੋ ਸੱਚੇ ਪ੍ਰਭੂ[97] ਨੂੰ ਪਿਆਰ[98] ਕਰਦੇ ਹਨ ।
ਸਾਚੁ ਧਿਆਇਨਿ[99] ਦੇਖਿ ਹਜੂਰਿ[100] ॥	Seeing the True Lord just near[100], they contemplate[99] Him.	ਸੱਚੇ ਸਾਂਈਂ ਨੂੰ ਐਨ ਲਾਗੇ[100] ਵੇਖ, ਉਹ ਉਸ ਦਾ ਚਿੰਤਨ ਕਰਦੇ[99] ਹਨ ।
ਸੰਤ ਜਨਾ[2] ਕੀ ਪਗ[5] ਪੰਕਜ[3] ਧੂਰਿ[4] ॥੩॥	They deem themselves the dust[4] of the lotus[3] feet[5] of the saintly persons[2].	ਉਹ ਆਪਣੇ ਆਪ ਨੂੰ ਸਾਧ-ਸਰੂਪ ਪੁਰਸ਼ਾਂ[2] ਦੇ ਕੰਵਲ[3] ਰੂਪੀ ਪੈਰਾਂ[5] ਦੀ ਧੂੜ[4] ਖਿਆਲ ਕਰਦੇ ਹਨ ।

ਏਕੋ ਕਰਤਾ[6] ਅਵਰੁ[7] ਨ ਕੋਇ ॥	There is but One Creator-Lord[6]. There is not another[7].	ਕੇਵਲ ਇਕੋ ਹੀ ਸਿਰਜਣਹਾਰ[6] ਸੁਆਮੀ ਹੈ। ਹੋਰ ਕੋਈ[7] ਨਹੀਂ।
ਗੁਰ ਸਬਦੀ[8] ਮੇਲਾਵਾ[9] ਹੋਇ ॥	Through the Guru's word[8], one is united[9] with God.	ਗੁਰਾਂ ਦੀ ਬਾਣੀ[8] ਰਾਹੀਂ, ਜੀਵ ਹਰੀ ਨਾਲ ਮਿਲ ਜਾਂਦਾ[9] ਹੈ।
ਜਿਨਿ ਸਚੁ ਸੇਵਿਆ[10] ਤਿਨਿ[12] ਰਸੁ[13] ਪਾਇਆ ॥	Whosoever serves[10] the True Lord ; He[12] obtains bliss[13].	ਜੋ ਕੋਈ ਸਚੇ ਸਾਂਈ ਦੀ ਘਾਲ ਕਮਾਉਂਦਾ[10] ਹੈ, ਉਹ[12] ਖ਼ੁਸ਼ੀ[13] ਨੂੰ ਪ੍ਰਾਪਤ ਹੋ ਜਾਂਦਾ ਹੈ।
ਨਾਨਕ ਸਹਜੇ[14] ਨਾਮਿ ਸਮਾਇਆ[15] ॥੪॥੮॥	Nanak, he is easily[14] absorbed[15] in the Lord's Name.	ਨਾਨਕ ਉਹ ਸੁਖੈਨ[14] ਹੀ ਸਾਹਿਬ ਦੇ ਨਾਮ ਅੰਦਰ ਲੀਨ ਹੋ ਜਾਂਦਾ[15] ਹੈ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਭਗਤਿ[16] ਕਰਹਿ ਜਨ[17] ਦੇਖਿ ਹਜੂਰਿ[18] ॥ ਸੰਤ ਜਨਾ[22] ਕੀ ਪਗ[19] ਪੰਕਜ[20] ਧੂਰਿ[21] ॥	Seeing the Lord just present[18], His slave[17] performs His service[16] and deems himself the dust[21] of the lotus[20] feet[19] of the saintly persons[22].	ਸਾਹਿਬ ਨੂੰ ਐਨ ਹਾਜ਼ਰ-ਨਾਜ਼ਰ[18] ਵੇਖ, ਉਸ ਦਾ ਗੋਲਾ[17] ਉਸ ਦੀ ਘਾਲ[16] ਕਮਾਉਂਦਾ ਹੈ ਅਤੇ ਆਪਣੇ ਆਪ ਨੂੰ ਸਾਧੂ ਪੁਰਸ਼ਾਂ[22] ਦੇ ਕੰਵਲ[20] ਪੈਰਾਂ[19] ਦੀ ਧੂੜ[21] ਖ਼ਿਆਲ ਕਰਦਾ ਹੈ।
ਹਰਿ ਸੇਤੀ ਸਦ ਰਹਹਿ ਲਿਵ[23] ਲਾਇ ॥ ਪੂਰੈ[24] ਸਤਿਗੁਰਿ ਦੀਆ[25] ਬੁਝਾਇ[26] ॥੧॥	They, who ever remain attached with God in love[23]; unto them the Perfect[24] True Guru imparts[25] understanding[26].	ਜੋ ਪ੍ਰੇਮ[23] ਅੰਦਰ ਹਮੇਸ਼ਾ ਵਾਹਿਗੁਰੂ ਨਾਲ ਜੁੜੇ ਰਹਿੰਦੇ ਹਨ; ਪੂਰਨ[24] ਸਚੇ ਗੁਰਦੇਵ ਜੀ ਉਨ੍ਹਾਂ ਨੂੰ ਗਿਆਤ[26] ਦਰਸਾ ਦਿੰਦੇ[25] ਹਨ।
ਦਾਸਾ ਕਾ ਦਾਸੁ[27] ਵਿਰਲਾ[28] ਕੋਈ ਹੋਇ[29] ॥	Some rare[28] one becomes[29] the slave[27] of the Lord's slaves.	ਕੋਈ ਇਕ ਅੱਧਾ[28] ਹੀ ਸਾਈਂ ਦੇ ਗੋਲਿਆਂ ਦਾ ਗੋਲਾ[27] ਬਣਦਾ[29] ਹੈ।
ਊਤਮ[30] ਪਦਵੀ[31] ਪਾਵੈ ਸੋਇ[32] ॥੧॥ ਰਹਾਉ ॥	He[32] attains into the supreme[30] status[31] Pause.	ਉਹ[32] ਸਰੇਸ਼ਟ[30] ਮਰਤਬੇ[31] ਨੂੰ ਪਰਾਪਤ ਹੋ ਜਾਂਦਾ ਹੈ। ਠਹਿਰਾਉ।
ਏਕੋ ਸੇਵਹੁ[33] ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ[34] ਸੁਖੁ[35] ਹੋਇ ॥	Serve[33] thou thy One Lord and none else, by serving whom lasting[34] peace[35] is procured.	ਤੂੰ ਆਪਣੇ ਇਕ ਪ੍ਰਭੂ ਦੀ ਘਾਲ[33] ਕਮਾ ਤੇ ਹੋਰ ਕਿਸੇ ਦੀ ਭੀ ਨਹੀਂ, ਜਿਸ ਦੀ ਸੇਵਾ ਕਰਨ ਨਾਲ ਸਦੀਵੀ[34] ਆਰਾਮ[35] ਪਰਾਪਤ ਹੋ ਜਾਂਦਾ ਹੈ।
ਨਾ ਓਹੁ[36] ਮਰੈ ਨ ਆਵੈ ਜਾਇ ॥	He[36], the Lord dies not, nor comes and goes He.	ਉਹ[36] ਪ੍ਰਭ ਮਰਦਾ ਨਹੀਂ, ਨਾ ਹੀ ਉਹ ਆਉਂਦਾ ਤੇ ਜਾਂਦਾ ਹੈ।
ਤਿਸੁ ਬਿਨੁ ਅਵਰੁ[37] ਸੇਵੀ ਕਿਉ ਮਾਇ[38] ॥੨॥	Without Him, why should I serve another[37], O mother[38] ?	ਉਸ ਦੇ ਬਾਝੋਂ, ਮੈਂ ਹੋਰ ਕਿਸੇ[37] ਦੀ ਕਿਉਂ ਟਹਿਲ ਕਰਾਂ, ਹੇ ਮਾਤਾ[38] ?
ਸੇ ਜਨ ਸਾਚੇ ਜਿਨੀ[39] ਸਾਚੁ ਪਛਾਣਿਆ[40] ॥ ਆਪੁ[41] ਮਾਰਿ[42] ਸਹਜੇ[43] ਨਾਮਿ ਸਮਾਣਿਆ[44] ॥	True are the persons[39], who realise[40] their True Lord. Silencing[42] their self-conceit[41], they easily[43] merge[44] in the Name.	ਸਚੇ ਹਨ ਉਹ ਪੁਰਸ਼[39], ਜੋ ਸਚੇ ਸੁਆਮੀ ਨੂੰ ਅਨੁਭਵ ਕਰਦੇ[40] ਹਨ। ਆਪਣੀ ਸਵੈ-ਹੰਗਤਾ[41] ਨੂੰ ਮੇਟ ਕੇ[42] ਉਹ ਸੁਖੈਨ[43] ਹੀ ਨਾਮ ਵਿਚ ਲੀਨ ਹੋ ਜਾਂਦੇ[44] ਹਨ।
ਗੁਰਮੁਖਿ[45] ਨਾਮੁ ਪਰਾਪਤਿ[46] ਹੋਇ ॥	By the Guru's grace[45], the Name is gathered[46].	ਗੁਰਾਂ ਦੀ ਦਇਆ[45] ਦੁਆਰਾ, ਨਾਮ ਪਾਇਆ ਜਾਂਦਾ[46] ਹੈ।

ਮਨੁ[47] ਨਿਰਮਲੁ[48] ਨਿਰਮਲ[49] ਸਚੁ ਸੋਇ[50] ॥ ੩॥	Immaculate[48] becomes such man's soul[47] and stainless[49] and true becomes his repute[50].	ਪਵਿੱਤਰ[48] ਹੋ ਜਾਂਦੀ ਹੈ ਐਸੇ ਪੁਰਸ਼ ਦੀ ਆਤਮਾ[47] ਅਤੇ ਬੇਦਾਗ[49] ਤੇ ਸੱਚੀ ਹੋ ਜਾਂਦੀ ਹੈ ਉਸ ਦੀ ਸ਼ੁਹਰਤ[50] ।
ਜਿਨਿ ਗਿਆਨੁ[51] ਕੀਆ[52] ਤਿਸੁ[53] ਹਰਿ ਤੂ ਜਾਣੁ[54] ॥ ਸਾਚ ਸਬਦਿ[55] ਪ੍ਰਭੁ ਏਕੁ ਸਿਞਾਣੁ[56] ॥	Know[54] thou that[53] God of thine, who has made[52] thee a man of understanding[51], and realise[56] thou the one Lord through the Guru's true instruction[55].	ਤੂੰ ਉਸ[53] ਆਪਣੇ ਵਾਹਿਗੁਰੂ ਦੀ ਸਿੰਞਾਣ[54] ਕਰ, ਜਿਸ ਨੇ ਤੈਨੂੰ ਗਿਆਨਵਾਨ[51] ਬਣਾਇਆ[52] ਹੈ ਅਤੇ ਗੁਰਾਂ ਦੇ ਸਚੇ ਉਪਦੇਸ਼[55] ਰਾਹੀਂ ਤੂੰ ਇਕ ਸੁਆਮੀ ਨੂੰ ਹੀ ਅਨੁਭਵ[56] ਕਰ ।
ਹਰਿ ਰਸੁ[57] ਚਾਖੈ[58] ਤਾਂ[59] ਸੁਧਿ[60] ਹੋਇ ॥	When man tastes[58] God's elixir[57], then[59] becomes he immaculate[60].	ਜਦ ਇਨਸਾਨ ਵਾਹਿਗੁਰੂ ਦੇ ਅੰਮ੍ਰਿਤ[57] ਨੂੰ ਚਖਦਾ[58] ਹੈ, ਤਦ[59] ਹੀ ਉਹ ਪਵਿੱਤਰ[60] ਹੁੰਦਾ ਹੈ ।
ਨਾਨਕ ਨਾਮਿ ਰਤੇ[61] ਸਚੁ ਸੋਇ[62] ॥੪॥੮॥	Nanak, true is the glory[62] of those, who are imbued[61] with the Name.	ਨਾਨਕ, ਸੱਚੀ ਹੈ ਸ਼ੋਭਾ[62] ਉਨ੍ਹਾਂ ਦੀ ਜੋ ਨਾਮ ਨਾਲ ਰੰਗੀਜੇ[61] ਹਨ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਨਾਮਿ ਰਤੇ ਕੁਲਾਂ[63] ਕਾ ਕਰਹਿ ਉਧਾਰੁ[64] ॥	They, who are imbued with the Name, emancipate[64] their generations[63].	ਜੋ ਨਾਮ ਨਾਲ ਰੰਗੇ ਹਨ ਉਹ ਆਪਣੀਆਂ ਪੀੜ੍ਹੀਆਂ[63] ਦਾ ਪਾਰ ਉਤਾਰਾ ਕਰ ਦਿੰਦੇ[64] ਹਨ ।
ਸਾਚੀ ਬਾਣੀ[65] ਨਾਮ ਪਿਆਰੁ[66] ॥	True is their speech[65] for they love[66] the Name.	ਸੱਚੀ ਹੈ ਉਨ੍ਹਾਂ ਦੀ ਬੋਲਬਾਣੀ[65] ਕਿਉਂ ਜੋ ਉਹ ਨਾਮ ਨਾਲ ਪ੍ਰੇਮ ਕਰਦੇ[66] ਹਨ ।
ਮਨਮੁਖ[67] ਭੂਲੇ[68] ਕਾਹੇ[69] ਆਏ ॥	Why[69] have the straying[68] egocentrics[67] come into the world ?	ਕੁਰਾਹੇ ਪਏ ਹੋਏ[68] ਮਨਮਤੀਏ[67] ਕਿਉਂ[69] ਸੰਸਾਰ ਵਿਚ ਆਏ ਹਨ ?
ਨਾਮਹੁ ਭੂਲੇ[70] ਜਨਮੁ[71] ਗਵਾਏ[72] ॥੧॥	Forgetting[70] the Name, they lose[72] their human life[71].	ਨਾਮ ਨੂੰ ਭੁਲਾ ਕੇ[70], ਉਹ ਆਪਣੇ ਮਨੁਖਾ ਜੀਵਨ[71] ਨੂੰ ਗੁਆ ਲੈਂਦੇ[72] ਹਨ ।
ਜੀਵਤ[73] ਮਰੈ ਮਰਿ[74] ਮਰਣੁ[75] ਸਵਾਰੈ[76] ॥	He who dies in life[73] ; by so dying[74], he embellishes[76] his death[75].	ਜੋ ਜੀਉਂਦੇ ਜੀ[73] ਮਰ ਜਾਂਦਾ ਹੈ, ਐਸ ਤਰ੍ਹਾਂ ਮਰਨ[74] ਦੁਆਰਾ, ਉਹ ਆਪਣੀ ਮੌਤ[75] ਨੂੰ ਸ਼ਸ਼ੋਭਤ ਕਰ ਲੈਂਦਾ[76] ਹੈ।
੧੧੭੫	1175	੧੧੭੫
ਗੁਰ ਕੈ ਸਬਦਿ[77] ਸਾਚੁ[78] ਉਰ[79] ਧਾਰੈ[80] ॥੧॥ ਰਹਾਉ ॥	By the Guru's gospel[77], he enshrines[80] the True Name[78] in his heart[79]. Pause.	ਗੁਰਾਂ ਦੇ ਉਪਦੇਸ਼[77] ਦੁਆਰਾ, ਉਹ ਸੱਚੇ ਨਾਮ[78] ਨੂੰ ਆਪਣੇ ਦਿਲ[79] ਅੰਦਰ ਟਿਕਾ ਲੈਂਦਾ[80] ਹੈ ।
ਗੁਰਮੁਖਿ[81] ਸਚੁ ਭੋਜਨੁ[82] ਪਵਿਤੁ[83] ਸਰੀਰਾ[84] ॥ ਮਨੁ ਨਿਰਮਲੁ[85] ਸਦ ਗੁਣੀ[86] ਗਹੀਰਾ[87] ॥	Truth is the food[82] of the Guru-ward[81] and pure[83] is his body[84]. His mind is immaculate[85] and he is ever an ocean[87] of virtues[86].	ਸੱਚ ਹੈ ਗੁਰੂ-ਅਨੁਸਾਰੀ[81] ਦਾ ਖਾਣਾ[82] ਅਤੇ ਪਾਵਨ[83] ਹੈ ਉਸ ਦੀ ਦੇਹਿ[84] । ਉਸ ਦਾ ਹਿਰਦਾ ਪਵਿੱਤ੍ਰ[85] ਹੈ ਅਤੇ ਉਹ ਸਦੀਵ ਹੀ ਨੇਕੀਆਂ[86] ਦਾ ਸਮੁੰਦਰ[87] ਹੈ ।
ਜੰਮੈ[88] ਮਰੈ[89] ਨ ਆਵੈ ਜਾਇ[90] ॥	He comes[88] and goes[89] not, nor suffers he transmigration[90].	ਉਹ ਆਉਂਦਾ[88] ਤੇ ਜਾਂਦਾ[89] ਨਹੀਂ, ਨਾ ਹੀ ਉਹ ਆਵਾਗਉਣ[90] ਵਿਚ ਪੈਂਦਾ ਹੈ ।
ਗੁਰ ਪਰਸਾਦੀ[91] ਸਾਚਿ[92]	By the Guru's grace[91], he merges[93]	ਗੁਰਾਂ ਦੀ ਮਿਹਰ[91] ਸਦਕਾ, ਉਹ ਸੱਚੇ ਸਾਂਈਂ[92] ਅੰਦਰ

ਸਮਾਇ[93] ॥੨॥	in the True Lord[92].	ਲੀਨ ਹੋ ਜਾਂਦਾ[93] ਹੈ ।
ਸਾਚਾ[94] ਸੇਵਹੁ[95] ਸਾਚੁ ਪਛਾਣੈ[96] ॥ ਗੁਰ ਕੈ ਸਬਦਿ[97] ਹਰਿ ਦਰਿ[98] ਨੀਸਾਣੈ[99] ॥	If man serves[95] the True Lord[94], and the True Lord he realises[96]; then through the Guru's word[97] he goes to the God's court[98] with flying colours[99].	ਜੇਕਰ ਜੀਵ ਸਚੇ ਸਾਹਿਬ[94] ਨੂੰ ਸੇਂਵਦਾ[95] ਅਤੇ ਸਚੇ ਸਾਹਿਬ ਨੂੰ ਹੀ ਅਨੁਭਵ ਕਰਦਾ[96] ਹੈ; ਤਦ ਗੁਰਾਂ ਦੀ ਬਾਣੀ[97] ਰਾਹੀਂ ਉਹ ਝੰਡੇ ਝੁਲਾਉਂਦਾ[99] ਵਾਹਿਗੁਰੂ ਦੇ ਦਰਬਾਰ ਨੂੰ ਜਾਂਦਾ[98] ਹੈ ।
ਦਰਿ ਸਾਚੈ ਸਚੁ ਸੋਭਾ[100] ਹੋਇ ॥ ਨਿਜ[2] ਘਰਿ ਵਾਸਾ[3] ਪਾਵੈ ਸੋਇ[4] ॥੩॥	In the True court, he obtains true glory[100] and he[4] acquires an abode[3] in 'His own[2] Home'.	ਸੱਚੀ ਦਰਗਾਹ ਅੰਦਰ, ਉਸ ਨੂੰ ਸਚੀ ਪ੍ਰਭਤਾ[100] ਪ੍ਰਾਪਤ ਹੁੰਦੀ ਹੈ ਅਤੇ ਉਹ[4] ਆਪਣੇ ਨਿਜ[2] ਦੇ ਗ੍ਰਹਿ ਅੰਦਰ ਵਸੇਬਾ[3] ਪਾ ਲੈਂਦਾ ਹੈ ।
ਆਪਿ ਅਭੁਲੁ[5] ਸਚਾ ਸਚੁ[6] ਸੋਇ[7] ॥	He[7], the Truest of the true[6], of Himself is Infallible[5].	ਉਹ[7] ਸਚਿਆਰਾਂ ਦਾ ਪਰਮ ਸਚਿਆਰ[6], ਖ਼ੁਦ ਅਚੂਕ[5] ਹੈ ।
ਹੋਰਿ ਸਭਿ ਭੂਲਹਿ[8] ਦੂਜੈ[9] ਪਤਿ[10] ਖੋਇ[12] ॥	All others go astray[8] and lose[12] their honour[10] in duality[9].	ਹੋਰ ਸਾਰੇ ਭੁਲਦੇ[8] ਹਨ ਅਤੇ ਦਵੈਤ-ਭਾਵ[9] ਅੰਦਰ ਆਪਣੀ ਇਜ਼ਤ ਆਬਰੂ[10] ਗੁਆ ਲੈਂਦੇ[12] ਹਨ ।
ਸਾਚਾ[13] ਸੇਵਹੁ[14] ਸਾਚੀ ਬਾਣੀ[15] ॥	Through the True word[15], serve[14] thou the True Lord[13].	ਸੱਚੀ ਗੁਰਬਾਣੀ[15] ਦੇ ਰਾਹੀਂ, ਤੂੰ ਸੱਚੇ ਸਾਹਿਬ[13] ਦੀ ਘਾਲ ਕਮਾ[14] ।
ਨਾਨਕ ਨਾਮੇ ਸਾਚਿ ਸਮਾਣੀ[16] ॥੪॥੯॥	Nanak, contemplating the Name one merges[16] in the True Lord.	ਨਾਨਕ ਨਾਮ ਦਾ ਆਰਾਧਨ ਕਰਨ ਦੁਆਰਾ ਇਨਸਾਨ ਸੱਚੇ ਸੁਆਮੀ ਅੰਦਰ ਲੀਨ ਹੋ ਜਾਂਦਾ[16] ਹੈ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਬਿਨੁ ਕਰਮਾ[17] ਸਭ ਭਰਮਿ[18] ਭੁਲਾਈ[19] ॥	Without God's grace[17], all go astray[19] in doubt[18].	ਵਾਹਿਗੁਰੂ ਦੀ ਮਿਹਰ[17] ਦੇ ਬਾਝੋਂ, ਸਾਰੇ ਹੀ ਸੰਦੇਹ[18] ਅੰਦਰ ਭੁਲੇ ਫਿਰਦੇ[19] ਹਨ ।
ਮਾਇਆ[20] ਮੋਹਿ[21] ਬਹੁਤੁ[22] ਦੁਖੁ ਪਾਈ[23] ॥	Through love[21] of riches[20], man suffers[23] a great pain[22].	ਧਨ-ਦੌਲਤ[20] ਦੀ ਲਗਨ[21] ਰਾਹੀਂ, ਬੰਦਾ ਘਣੇਰੀ ਤਕਲੀਫ਼[22] ਭੋਗਦਾ[23] ਹੈ ।
ਮਨਮੁਖ[24] ਅੰਧੇ[25] ਠਉਰ[26] ਨ ਪਾਈ ॥	The blind[25] egocentric[24] finds no place[26] of rest.	ਅੰਨ੍ਹੇ[25] ਆਪ-ਹੁਦਰੇ[24] ਨੂੰ ਕੋਈ ਭੀ ਆਰਾਮ ਦੀ ਥਾਂ[26] ਨਹੀਂ ਮਿਲਦੀ ।
ਬਿਸਟਾ[27] ਕਾ ਕੀੜਾ[28] ਬਿਸਟਾ ਮਾਹਿ[29] ਸਮਾਈ[30] ॥੧॥	He is the worm[28] of ordure[27] and putrifies[30] in[29] ordure.	ਉਹ ਗੰਦਗੀ[27] ਦਾ ਕਿਰਮ[28] ਹੈ ਅਤੇ ਗੰਦਗੀ ਅੰਦਰ[29] ਹੀ ਗਲ ਸੜ ਜਾਂਦਾ[30] ਹੈ ।
ਹੁਕਮੁ[31] ਮੰਨੇ[32] ਸੋ[33] ਜਨੁ[34] ਪਰਵਾਣੁ[35] ॥	Whosoever obeys[32] the Lord's will[31]; that[33] man[34] becomes acceptable[35].	ਜੋ ਕੋਈ ਪ੍ਰਭੂ ਦੀ ਰਜ਼ਾ[31] ਨੂੰ ਮੰਨਦਾ[32] ਹੈ, ਉਹ[33] ਪੁਰਸ਼[34] ਕਬੂਲ[35] ਪੈ ਜਾਂਦਾ ਹੈ ।
ਗੁਰ ਕੈ ਸਬਦਿ[36] ਨਾਮਿ ਨੀਸਾਣੁ[37] ॥੧॥ ਰਹਾਉ ॥	By the Guru's instruction[36], he is blessed with the Name's standard[37]. Pause.	ਗੁਰਾਂ ਦੇ ਉਪਦੇਸ਼[36] ਦੁਆਰਾ, ਉਸ ਨੂੰ ਨਾਮ ਦਾ ਝੰਡਾ[37] ਪ੍ਰਾਪਤ ਹੋ ਜਾਂਦਾ ਹੈ । ਠਹਿਰਾਉ ।
ਸਾਚਿ[38] ਰਤੇ[39] ਜਿਨਾ ਧੁਰਿ[40] ਲਿਖਿ[41] ਪਾਇਆ ॥	They, who are so [40]pre-destined[41], get imbued[39] with the True Name[38].	ਜਿਨ੍ਹਾਂ ਦੇ ਭਾਗਾਂ ਵਿਚ ਮੁਢਲੀ[40] ਐਸੀ ਲਿਖਤਾਕਾਰ[41] ਹੈ, ਉਹ ਸਚੇ ਨਾਮ[38] ਨਾਲ ਰੰਗੇ ਜਾਂਦੇ[39] ਹਨ ।
ਹਰਿ ਕਾ ਨਾਮੁ ਸਦਾ ਮਨਿ	God's Name is ever pleasing[42] to	ਰੱਬ ਦਾ ਨਾਮ ਹਮੇਸ਼ਾਂ ਉਨ੍ਹਾਂ ਦੇ ਚਿਤ ਨੂੰ ਚੰਗਾ

ਭਾਇਆ[42] ॥	their mind.	ਲਗਦਾ[42] ਹੈ।
ਸਤਿਗੁਰ ਕੀ ਬਾਣੀ ਸਦਾ[43] ਸੁਖੁ ਹੋਇ॥ ਜੋਤੀ[44] ਜੋਤਿ[45] ਮਿਲਾਏ[46] ਸੋਇ[47] ॥੨॥	By the True Guru's word, eternal[43] peace is procured. Through it man's soul[45] merges[46] in that[47] supreme soul[44].	ਸਚੇ ਗੁਰਾਂ ਦੀ ਬਾਣੀ ਦੁਆਰਾ, ਕਾਲ ਸਦੀਵੀ[43] ਆਰਾਮ ਪ੍ਰਾਪਤ ਹੋ ਜਾਂਦਾ ਹੈ। ਇਸ ਦੇ ਰਾਹੀਂ ਜੀਵ ਦੀ ਆਤਮਾ[45] ਉਸ[47] ਪਰਮ ਆਤਮਾ[44] ਅੰਦਰ ਲੀਨ ਹੋ ਜਾਂਦੀ[46] ਹੈ।
ਏਕੁ[48] ਨਾਮੁ ਤਾਰੇ[49] ਸੰਸਾਰੁ[50] ॥	The Name alone[48] emancipates[49] the world[50].	ਕੇਵਲ[48] ਨਾਮ ਹੀ ਜਗਤ[50] ਦਾ ਪਾਰ ਉਤਾਰਾ ਕਰਦਾ[49] ਹੈ।
ਗੁਰ ਪਰਸਾਦੀ[51] ਨਾਮ ਪਿਆਰੁ[52] ॥	By the Guru's grace[51], one loves[52] the Name.	ਗੁਰਾਂ ਦੀ ਦਇਆ[51] ਦੁਆਰਾ, ਬੰਦੇ ਦਾ ਨਾਮ ਨਾਲ ਪ੍ਰੇਮ ਪੈ ਜਾਂਦਾ[52] ਹੈ।
ਬਿਨੁ ਨਾਮੈ ਮੁਕਤਿ[53] ਕਿਨੈ ਨ ਪਾਈ ॥	Without the Name, no one obtains emancipation[53].	ਨਾਮ ਦੇ ਬਾਝੋਂ, ਕਿਸੇ ਨੂੰ ਭੀ ਕਲਿਆਣ[53] ਪ੍ਰਾਪਤ ਨਹੀਂ ਹੁੰਦੀ।
ਪੂਰੇ[54] ਗੁਰ[55] ਤੇ ਨਾਮੁ ਪਲੈ ਪਾਈ[56] ॥੩॥	Through[55] the Perfect[54] Guru, the mortal is blessed[56] with the Lord's Name.	ਪੂਰਨ[54] ਗੁਰਾਂ ਦੇ ਰਾਹੀਂ[55] ਹੀ, ਪ੍ਰਾਣੀ ਨੂੰ ਪ੍ਰਭੂ ਦੇ ਨਾਮ ਦੀ ਦਾਤ ਪ੍ਰਦਾਨ ਹੁੰਦੀ[56] ਹੈ।
ਸੋ[57] ਬੂਝੈ[58] ਜਿਸੁ ਆਪਿ ਬੁਝਾਏ[59] ॥	He[57] alone understands[58], whom the Lord, of Himself, instructs[59].	ਕੇਵਲ ਉਹ[57] ਹੀ ਸਮਝਦਾ[58] ਹੈ ਜਿਸ ਨੂੰ ਸੁਆਮੀ ਖੁਦ ਦਰਸਾਉਂਦਾ[59] ਹੈ।
ਸਤਿਗੁਰ ਸੇਵਾ[60] ਨਾਮੁ ਦ੍ਰਿੜ੍ਹਾਏ[61] ॥	Through the True Guru's service[60], the Name is implanted[61] within the mortal.	ਸਚੇ ਗੁਰਾਂ ਦੀ ਚਾਕਰੀ[60] ਰਾਹੀਂ, ਪ੍ਰਾਣੀ ਦੇ ਅੰਦਰ ਨਾਮ ਪੱਕਾ ਹੋ ਜਾਂਦਾ[61] ਹੈ।
ਜਿਨ ਇਕੁ ਜਾਤਾ[64] ਸੇ[62] ਜਨ[63] ਪਰਵਾਣੁ[65] ॥	They who know[64] the One Lord; approved[65] are those[62] persons[63].	ਜੋ ਇਕ ਸੁਆਮੀ ਨੂੰ ਜਾਣਦੇ[64] ਹਨ; ਪ੍ਰਮਾਣੀਕ[65] ਹਨ ਉਹ[62] ਪੁਰਸ਼[63]।
ਨਾਨਕ ਨਾਮਿ ਰਤੇ[66] ਦਰਿ[67] ਨੀਸਾਣੁ[68] ॥੪॥੧੦॥	Nanak, they who are imbued[66] with the Name, go to the Lord's court[67] flying the Name-standard[68], O Nanak.	ਨਾਨਕ ਜੋ ਨਾਮ ਨਾਲ ਰੰਗੀਜੇ[66] ਹਨ, ਉਹ ਨਾਮ ਦਾ ਝੰਡਾ[68] ਲਹਿਰਾਉਂਦੇ ਹੋਏ ਪ੍ਰਭੂ ਦੇ ਦਰਬਾਰ[67] ਨੂੰ ਜਾਂਦੇ ਹਨ, ਹੇ ਨਾਨਕ!
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਕ੍ਰਿਪਾ[69] ਕਰੇ[70] ਸਤਿਗੁਰੂ ਮਿਲਾਏ ॥	Showing[70] His mercy[69] the Lord leads man on to the True Guru.	ਆਪਣੀ ਮਿਹਰ[69] ਧਾਰ[70], ਪ੍ਰਭੂ ਜੀਵ ਨੂੰ ਸਚੇ ਗੁਰਾਂ ਨਾਲ ਮਿਲਾ ਦਿੰਦਾ ਹੈ।
ਆਪੇ ਆਪਿ[71] ਵਸੈ[72] ਮਨਿ ਆਇ ॥	Of Himself[71], the Lord comes to bide[72] in man's mind.	ਖੁਦ[71] ਹੀ ਆ ਕੇ ਪ੍ਰਭੂ ਜੀਵ ਦੇ ਚਿਤ ਅੰਦਰ ਟਿਕ ਜਾਂਦਾ[72] ਹੈ।
ਨਿਹਚਲ[73] ਮਤਿ[74] ਸਦਾ[75] ਮਨ ਧੀਰ[76] ॥ ਹਰਿ ਗੁਣ[77] ਗਾਵੈ ਗੁਣੀ[78] ਗਹੀਰ[79] ॥੧॥	Moveless[73] becomes the intellect[74] and ever[75] fortitudious[76] the mind of him who sings the praise[77] of God, the ocean[79] of virtues[78].	ਅਹਿਲ[73] ਹੋ ਜਾਂਦੀ ਹੈ ਅਕਲ[74] ਅਤੇ ਸਦੀਵੀ[75] ਧੀਰਜਵਾਨ[76] ਉਸ ਦਾ ਮਨੂਆ, ਜੋ ਨੇਕੀਆਂ[78] ਦੇ ਸਮੁੰਦਰ[79] ਵਾਹਿਗੁਰੂ ਦਾ ਜੱਸ[77] ਗਾਇਨ ਕਰਦਾ ਹੈ।
ਨਾਮਹੁ ਭੂਲੇ[80] ਮਰਹਿ	They, who forget[80] the Name, die	ਜੋ ਨਾਮ ਨੂੰ ਭੁਲਾਉਂਦੇ[80] ਹਨ ਉਹ ਜ਼ਹਿਰ[81] ਖਾ ਕੇ ਮਰ

ਬਿਖੁ[81] ਖਾਇ ॥ ਬ੍ਰਿਥਾ[82] ਜਨਮੁ[83] ਫਿਰਿ[82] ਆਵਹਿ ਜਾਇ ॥੧॥ ਰਹਾਉ ॥	of taking poison[81]. In vain[82] is their life[83] and they continue coming and going again and again[84]. Pause.	ਜਾਂਦੇ ਹਨ। ਵਿਅਰਥ[82] ਹੈ ਉਨ੍ਹਾਂ ਦਾ ਜੀਵਨ[83] ਅਤੇ ਉਹ ਮੁੜ ਮੁੜ ਕੇ[81] ਆਉਂਦੇ ਤੇ ਜਾਂਦੇ ਰਹਿੰਦੇ ਹਨ। ਠਹਿਰਾਉ।
ਬਹੁ[85] ਭੇਖ[86] ਕਰਹਿ[87] ਮਨਿ ਸਾਂਤਿ[88] ਨ ਹੋਇ ॥	Wearing[87] many[85] religious garbs[86], the soul is tranquillised[88] not.	ਘਣੇਰੇ[85] ਧਾਰਮਕ ਭੇਸ[86] ਧਾਰਨ[87] ਕਰਨ ਦੁਆਰਾ, ਆਤਮਾਂ ਠੰਢੀ ਠਾਰ[88] ਨਹੀਂ ਹੁੰਦੀ।
ਬਹੁ ਅਭਿਮਾਨਿ[89] ਅਪਣੀ ਪਤਿ[90] ਖੋਇ[91] ॥	Through excessive ego[89], one loses[91] one's honour[90].	ਬਹੁਤੇ ਹੰਕਾਰ[89] ਦੇ ਰਾਹੀਂ, ਆਦਮੀ ਆਪਣੀ ਇਜ਼ਤ[90] ਗੁਆ ਲੈਂਦਾ[91] ਹੈ।
ਸੇ[92] ਵਡਭਾਗੀ[93] ਜਿਨ ਸਬਦੁ[94] ਪਛਾਣਿਆ[95] ॥ ਬਾਹਰਿ[96] ਜਾਦਾ ਘਰ ਮਹਿ[97] ਆਣਿਆ[98] ॥੨॥	Very lucky[93] are they[92] who realise[95] their Lord's Name[94] and bring[98] into[97] home their outgoing[96] mind.	ਭਾਰੇ ਨਸੀਬਾਂ ਵਾਲੇ[93] ਹਨ ਉਹ[92] ਜੋ ਪ੍ਰਭੂ ਦੇ ਨਾਮ[94] ਨੂੰ ਅਨੁਭਵ ਕਰਦੇ[95] ਹਨ ਤੇ ਆਪਣੇ ਬਾਹਰ-ਫਿਰਦੇ[96] ਮਨ ਨੂੰ ਘਰ ਵਿਚ[97] ਲੈ ਆਉਂਦੇ[98] ਹਨ।
ਘਰ ਮਹਿ ਵਸਤੁ[99] ਅਗਮ[100] ਅਪਾਰਾ[2] ॥	Within the house is an inaccessible[100] and infinite[2] commodity[99].	ਧਾਮ ਦੇ ਅੰਦਰ ਹੀ ਅਪੁੱਜ[100] ਅਤੇ ਅਨੰਤ[2] ਵਸਤੂ[99] ਹੈ।
ਗੁਰਮਤਿ[3] ਖੋਜਹਿ[4] ਸਬਦਿ[5] ਬੀਚਾਰਾ[6] ॥	They who find[4] it, by Guru's gospel[3], ponder[6] on the Name[5].	ਜੋ ਗੁਰਾਂ ਦੇ ਉਪਦੇਸ਼[3] ਰਾਹੀਂ ਇਸ ਨੂੰ ਲੱਭ ਲੈਂਦੇ[4] ਹਨ, ਉਹ ਨਾਮ[5] ਦਾ ਚਿੰਤਨ ਕਰਦੇ[6] ਹਨ।
ਨਾਮੁ ਨਵ[7] ਨਿਧਿ[8] ਪਾਈ ਘਰ ਹੀ ਮਾਹਿ[9] ॥ ਸਦਾ ਰੰਗਿ[10] ਰਾਤੇ[12] ਸਚਿ ਸਮਾਹਿ[13] ॥੩॥	They, who attain unto the nine[7] treasures[8] of the Name in[9] their very home, ever dyed[12] with the Lord's love[10] and merge[13] in truth.	ਜੋ ਆਪਣੇ ਧਾਮ ਅੰਦਰ[9] ਹੀ ਨਾਮ ਦੇ ਨੌ[7] ਖ਼ਜ਼ਾਨਿਆਂ[8] ਨੂੰ ਪਾ ਲੈਂਦੇ ਹਨ, ਉਹ ਹਮੇਸ਼ਾ ਪ੍ਰਭੂ ਦੇ ਪ੍ਰੇਮ[10] ਨਾਲ ਰੰਗੇ ਰਹਿੰਦੇ[12] ਹਨ ਅਤੇ ਸਚ ਵਿਚ ਲੀਨ ਹੋ ਜਾਂਦੇ[13] ਹਨ।
ਆਪਿ[14] ਕਰੇ ਕਿਛੁ ਕਰਣੁ ਨ ਜਾਇ ॥	God, of himself[14], does all. Of oneself, one can do not a thing.	ਵਾਹਿਗੁਰੂ, ਖ਼ੁਦ[14] ਹੀ, ਸਾਰਾ ਕੁਛ ਕਰਦਾ ਹੈ। ਆਪਣੇ ਆਪ, ਇਨਸਾਨ ਕੁਛ ਭੀ ਨਹੀਂ ਕਰ ਸਕਦਾ।
ਆਪੇ ਭਾਵੈ[15] ਲਏ ਮਿਲਾਇ ॥	When the Lord wills[15] He blends man with Himself.	ਜਦ ਪ੍ਰਭੂ ਨੂੰ ਭਾਉਂਦਾ[15] ਹੈ, ਉਹ ਬੰਦੇ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।
ਤਿਸ[16] ਤੇ ਨੇੜੈ[17] ਨਾਹੀ ਕੋ ਦੂਰਿ[18] ॥	All are near[17] Him[16] and none is far[18].	ਸਾਰੇ ਹੀ ਉਸ[16] ਦੇ ਨਜ਼ਦੀਕ[17] ਹਨ, ਤੇ ਕੋਈ ਭੀ ਦੁਰੇਡੇ[18] ਨਹੀਂ।
ਨਾਨਕ ਨਾਮਿ ਰਹਿਆ ਭਰਪੂਰਿ[19] ॥੪॥੧੧॥	Nanak, the Lord's Name is fully pervading[19] everywhere.	ਨਾਨਕ, ਸੁਆਮੀ ਦਾ ਨਾਮ ਸਾਰੇ ਹੀ ਪਰੀਪੂਰਨ ਹੋ ਰਿਹਾ[19] ਹੈ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਗੁਰ ਸਬਦੀ[20] ਹਰਿ ਚੇਤਿ[21] ਸੁਭਾਇ[22] ॥ ਰਾਮ ਨਾਮੁ ਰਸਿ[23] ਰਹੈ ਅਘਾਇ[24] ॥	Through the Guru's gospel[20], contemplate[21] thou the God with love[22], and with the elixir[23] of the Lord's Name, thou shalt remain sated[24].	ਗੁਰਾਂ ਦੇ ਉਪਦੇਸ਼[20] ਰਾਹੀਂ, ਤੂੰ ਪਿਆਰ[22] ਨਾਲ ਆਪਣੇ ਵਾਹਿਗੁਰੂ ਦਾ ਸਿਮਰਨ[21] ਕਰ ਅਤੇ ਪ੍ਰਭੂ ਦੇ ਨਾਮ ਦੇ ਅੰਮ੍ਰਿਤ[23] ਨਾਲ, ਤੂੰ ਰੱਜਿਆ[24] ਰਹੇਂਗਾ।
ਕੋਟ[25] ਕੋਟੰਤਰ ਕੇ ਪਾਪ[26]	Thy sins[26] of millions[25] over	ਤੇਰੇ ਕ੍ਰੋੜਾਂ[25] ਉਤੇ ਕ੍ਰੋੜਾਂ ਜਨਮਾਂ ਦੇ ਪਾਪ[26] ਸੜ-

ਜਲਿ[27] ਜਾਹਿ ॥	millions of births shall be burnt down[27].	ਬਲ[27] ਜਾਣਗੇ ।
ਜੀਵਤ ਮਰਹਿ ਹਰਿ ਨਾਮਿ ਸਮਾਹਿ[28] ॥੧॥	Remaining dead in life, thou shalt merge[28] in the Lord's Name.	ਜੀਉਂਦੇ ਜੀ ਮਰ ਰਹਿਣ ਦੁਆਰਾ, ਤੂੰ ਪ੍ਰਭੂ ਦੇ ਨਾਮ ਅੰਦਰ ਲੀਨ[28] ਹੋ ਜਾਵੇਂਗਾ ।
ਹਰਿ ਕੀ ਦਾਤਿ[29] ਹਰਿ ਜੀਉ[30] ਜਾਣੈ ॥	The Lord's bounties[29] the Sire Lord[30] Himself knows.	ਸਾਂਈਂ ਦੀਆਂ ਬਖ਼ਸ਼ਸ਼ਾਂ[29] ਨੂੰ ਮਹਾਰਾਜ[30] ਸਾਂਈਂ ਖ਼ੁਦ ਹੀ ਜਾਣਦਾ ਹੈ ।
ਗੁਰ ਕੈ ਸਬਦਿ[31] ਇਹੁ ਮਨੁ[32] ਮਉਲਿਆ[33] ਹਰਿ ਗੁਣ[34] ਦਾਤਾ[35] ਨਾਮੁ ਵਖਾਣੈ[36] ॥੧॥ ਰਹਾਉ ॥	This soul[32] blossoms[33] through the Guru's instruction[31] and utters[36] the Name of God, the Giver[35] of virtues[34]. Pause.	ਗੁਰਾਂ ਦੇ ਉਪਦੇਸ[31] ਰਾਹੀਂ ਇਹ ਆਤਮਾ[32] ਪ੍ਰਫੁਲਤ[33] ਹੋ ਜਾਂਦੀ ਹੈ ਅਤੇ ਨੇਕੀਆਂ[34] ਬਖ਼ਸ਼ਣਹਾਰ[35] ਵਾਹਿਗੁਰੂ ਦੇ ਨਾਮ ਦਾ ਉਚਾਰਨ[36] ਕਰਦੀ ਹੈ । ਠਹਿਰਾਉ ।
੧੧੭੬	**1176**	**੧੧੭੬**
ਭਗਵੈ[37] ਵੇਸਿ[38] ਭ੍ਰਮਿ[39] ਮੁਕਤਿ[40] ਨ ਹੋਇ ॥	Wandering[39] by wearning ochre-coloured[37] robes[38] one is emancipated[40] not.	ਗੇਰੂਏ[37] ਰੰਗੇ ਬਸਤ੍ਰ[38] ਪਾ ਕੇ ਰਟਨ[39] ਕਰਨ ਦੁਆਰਾ ਬੰਦੇ ਦੀ ਕਲਿਆਣ[40] ਨਹੀਂ ਹੁੰਦੀ ।
ਬਹੁ[41] ਸੰਜਮਿ[42] ਸਾਂਤਿ[43] ਨ ਪਾਵੈ ਕੋਇ ॥	Through great[41] self-mortification[42], no one obtains peace[43] of mind.	ਭਾਰੀ[41] ਸਵੈ-ਰਿਆਜ਼ਤ[42] ਦੇ ਰਾਹੀਂ ਕਿਸੇ ਨੂੰ ਭੀ ਮਨ ਦੀ ਸ਼ਾਂਤੀ[43] ਪ੍ਰਾਪਤ ਨਹੀਂ ਹੁੰਦੀ ।
ਗੁਰਮਤਿ ਨਾਮੁ[44] ਪਰਾਪਤਿ[45] ਹੋਇ ॥	By the Guru's instruction[44], one is blessed[45] with the Name.	ਗੁਰਾਂ ਦੇ ਉਪਦੇਸ਼[44] ਦੁਆਰਾ, ਨਾਮ ਦੀ ਦਾਤ[45] ਮਿਲਦੀ ਹੈ ।
[46]ਵਡਭਾਗੀ[47] ਹਰਿ ਪਾਵੈ[48] ਸੋਇ[49] ॥੨॥	Very[46] fortunate[47] is he[49], who attains[48] unto his Lord.	ਭਾਰੇ[46] ਨਸੀਬਾਂ ਵਾਲਾ[47] ਹੈ ਉਹ[49], ਜੋ ਆਪਣੇ ਪ੍ਰਭੂ ਨੂੰ ਪਾ ਲੈਂਦਾ[48] ਹੈ ।
ਕਲਿ ਮਹਿ ਰਾਮ ਨਾਮਿ ਵਡਿਆਈ[50] ॥ ਗੁਰ ਪੂਰੈ[51] ਤੇ ਪਾਇਆ ਜਾਈ ॥	In the Dark age, magnificence[50] lies in the Name of the Lord, who is obtained through the Perfect[51] Guru.	ਕਲਜੁਗ ਅੰਦਰ, ਬਜ਼ੁਰਗੀ[50] ਪ੍ਰਭੂ ਦੇ ਨਾਮ ਅੰਦਰ ਹੈ, ਜੋ ਪੂਰਨ[51] ਗੁਰਾਂ ਦੇ ਰਾਹੀਂ ਪਰਾਪਤ ਹੁੰਦਾ ਹੈ ।
ਨਾਮਿ ਰਤੇ[51]* ਸਦਾ[52] ਸੁਖੁ[53] ਪਾਈ ॥	Imbued[51]* with the Name, one is ever[52] in bliss[53]	ਨਾਮ ਨਾਲ ਰੰਗੀਜਣ[51]* ਦੁਆਰਾ ਬੰਦਾ ਹਮੇਸ਼ਾਂ[52] ਖ਼ੁਸ਼ੀ[53] ਅੰਦਰ ਰਹਿੰਦਾ ਹੈ ।
ਬਿਨੁ ਨਾਮੈ ਹਉਮੈ[54] ਜਲਿ[55] ਜਾਈ ॥੩॥	Without the Name, he is burnt[55] to ashes in ego[54].	ਨਾਮ ਦੇ ਬਗੈਰ, ਉਹ ਹੰਕਾਰ[54] ਅੰਦਰ ਸੜ ਕੇ ਸੁਆਹ ਹੋ ਜਾਂਦਾ[55] ਹੈ ।
ਵਡਭਾਗੀ[56] ਹਰਿ ਨਾਮੁ ਬੀਚਾਰਾ[57] ॥ ਛੂਟੈ[58] ਰਾਮ ਨਾਮਿ ਦੁਖੁ ਸਾਰਾ[59] ॥	The very fortunate ones[56] meditate[57] on the God's Name and through the Lord's Name, all[59] the sorrows are ended[58].	ਭਾਰੇ ਨਸੀਬਾਂ ਵਾਲੇ[56] ਵਾਹਿਗੁਰੂ ਦੇ ਨਾਮ ਦਾ ਸਿਮਰਨ[57] ਕਰਦੇ ਹਨ ਅਤੇ ਸੁਆਮੀ ਦੇ ਨਾਮ ਰਾਹੀਂ ਉਹਨਾਂ ਦੇ ਸਾਰੇ[59] ਦੁਖੜੇ ਦੂਰ ਹੋ ਜਾਂਦੇ[58] ਹਨ ।
ਹਿਰਦੈ[60] ਵਸਿਆ[61] ਸੁ[62] ਬਾਹਰਿ ਪਾਸਾਰਾ[63] ॥	He[62], who abides[61] in the mind[60], is pervading also the world[63] without.	ਜੋ ਮਨ[60] ਅੰਦਰ ਵਸਦਾ[61] ਹੈ ਉਹੀ[62] ਬਾਹਰ ਸੰਸਾਰ[63] ਅੰਦਰ ਵਿਆਪਕ ਹੋ ਰਿਹਾ ਹੈ ।

ਨਾਨਕ ਜਾਣੈ ਸਭੁ[64] ਉਪਾਵਣਹਾਰਾ[65] ॥੪॥੧੨॥	Nanak, it is the Creator-Lord[65], who knows everything[64].	ਨਾਨਕ, ਸਿਰਜਣਹਾਰ-ਸੁਆਮੀ[65] ਸਾਰਾ ਕੁਝ[64] ਜਾਣਦਾ ਹੈ।
ਬਸੰਤੁ ਮਹਲਾ ੩ ਇਕ ਤੁਕੇ ॥	Basant 3rd Guru Ik-tukey.	ਬਸੰਤ ਤੀਜੀ ਪਾਤਿਸ਼ਾਹੀ ਇਕ ਤੁਕੇ।
ਤੇਰਾ ਕੀਆ[66] ਕਿਰਮ[67] ਜੰਤੁ[68] ॥	The wormy[67] mortal[68] is created[66] by Thee, O Lord.	ਕੀੜੇ ਵਰਗਾ[67] ਜੀਵ[68] ਤੂੰ ਹੀ ਰਚਿਆ[66] ਹੈ, ਹੇ ਸੁਆਮੀ !
ਦੇਹਿ[69] ਤ[71] ਜਾਪੀ[70] ਆਦਿ[72] ਮੰਤੁ[73] ॥੧॥	If Thou blesseth[69], then[71] utter[70] I Thy Primal[72] Name[73].	ਜੇਕਰ ਤੂੰ ਦੇਵੇਂ[69], ਤਾਂ[71] ਹੀ ਮੈਂ ਤੇਰੇ ਆਦੀ[72] ਨਾਮ[73] ਨੂੰ ਉਚਾਰਦਾ[70] ਹਾਂ।
ਗੁਣ[74] ਆਖਿ[75] ਵੀਚਾਰੀ[76] ਮੇਰੀ ਮਾਇ[77] ॥	I utter[75] and reflect[76] upon the virtues[74] of my Master, O my mother[77].	ਹੇ ਮੇਰੀ ਮਾਤਾ[77] ! ਮੈਂ ਆਪਣੇ ਮਾਲਕ ਦੀਆਂ ਨੇਕੀਆਂ[74] ਨੂੰ ਉਚਾਰਦੀ[75] ਅਤੇ ਸੋਚਦੀ ਸਮਝਦੀ[76] ਹਾਂ।
ਹਰਿ ਜਪਿ[78] ਹਰਿ ਕੈ ਲਗਉ[79] ਪਾਇ[80] ॥੧॥ ਰਹਾਉ ॥	I contemplate[78] my God, and to God's feet[80] repair[79] I. Pause.	ਮੈਂ ਵਾਹਿਗੁਰੂ ਦਾ ਸਿਮਰਨ ਕਰਦਾ[78] ਹਾਂ ਅਤੇ ਮੈਂ ਵਾਹਿਗੁਰੂ ਦੇ ਪੈਰੀਂ[80] ਹੀ ਪੈਂਦਾ[79] ਹਾਂ। ਠਹਿਰਾਉ।
ਗੁਰ ਪ੍ਰਸਾਦਿ[81] ਲਾਗੇ[82] ਨਾਮ ਸੁਆਦਿ[83] ॥	By the Guru's grace[81], I am attached[82] to the relish[83] of the Lord's Name.	ਗੁਰਾਂ ਦੀ ਦਇਆ ਦੁਆਰਾ[81], ਮੈਂ ਪ੍ਰਭੂ ਦੇ ਨਾਮ ਦੇ ਰਸ[83] ਨਾਲ ਜੁੜਿਆ ਹੋਇਆ[82] ਹਾਂ।
ਕਾਹੇ[84] ਜਨਮੁ[85] ਗਵਾਵਹੁ[88] ਵੈਰਿ[86] ਵਾਦਿ[87] ॥੨॥	Why[84] wastest[88] thou thy life[85] through enmity[86] and strife[87] ?	ਦੁਸ਼ਮਨੀ[86] ਅਤੇ ਬਖੇੜੇ[87] ਰਾਹੀਂ ਤੂੰ ਆਪਣੇ ਜੀਵਨ[85] ਨੂੰ ਕਿਉਂ[84] ਨਸ਼ਟ[88] ਕਰਦਾ ਹੈਂ ?
ਗੁਰਿ ਕਿਰਪਾ[89] ਕੀਨੀ[90] ਚੂਕਾ[91] ਅਭਿਮਾਨੁ[92] ॥ ਸਹਜ[93] ਭਾਇ ਪਾਇਆ[94] ਹਰਿ ਨਾਮੁ ॥੩॥	When the Guru showed[90] mercy[89] unto me, then was my ego[92] dispelled[91], and I easily[93] obtained[94] the Lord's Name.	ਜਦ ਗੁਰਾਂ ਨੇ ਮੇਰੇ ਉਤੇ ਮਿਹਰ[89] ਧਾਰੀ[90], ਤਦ ਮੇਰਾ ਹੰਕਾਰ[92] ਦੂਰ ਹੋ ਗਿਆ[91] ਅਤੇ ਮੈਨੂੰ ਸੁਖੈਨ[93] ਹੀ ਪ੍ਰਭੂ ਦਾ ਨਾਮ ਪਰਾਪਤ ਹੋ ਗਿਆ[94]।
ਊਤਮੁ[95] ਊਚਾ[96] ਸਬਦ[97] ਕਾਮੁ[98] ॥ ਨਾਨਕੁ ਵਖਾਣੈ[99] ਸਾਚੁ ਨਾਮੁ ॥੪॥੧॥੧੩॥	Sublime[95] and lofty[96] is the avocation[98] of the Name's[97] contemplation. Nanak ever utters[99] the Lord's True Name.	ਸਰੇਸ਼ਟ[95] ਅਤੇ ਬੁਲੰਦ[96] ਹੈ ਨਾਮ[97] ਦੇ ਸਿਮਰਨ ਦਾ ਕਾਰ-ਵਿਹਾਰ[98]। ਨਾਨਕ ਸਦੀਵ ਹੀ ਸੁਆਮੀ ਦੇ ਸਚੇ ਨਾਮ ਦਾ ਉਚਾਰਨ ਕਰਦਾ[99] ਹੈ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ।
ਬਨਸਪਤਿ[2] ਮਉਲੀ[3] ਚੜਿਆ[4] ਬਸੰਤੁ[5] ॥	The spring[5] season has come[4] and the vegetation[2] is in bloom[3].	ਬਹਾਰ[5] ਦੀ ਰੁੱਤ ਆ[4] ਗਈ ਹੈ ਅਤੇ ਨਬਾਤਾਤ[2] ਖਿੜਾਉ[3] ਅੰਦਰ ਹੈ।
ਇਹੁ ਮਨੁ[6] ਮਉਲਿਆ[7] ਸਤਿਗੁਰੂ ਸੰਗਿ[8] ॥੧॥	This soul[6] flowers[7] in the association[8] of the True Guru.	ਇਹ ਆਤਮਾ[6] ਸੱਚੇ ਗੁਰਾਂ ਦੀ ਸੰਗਤ[8] ਅੰਦਰ ਪ੍ਰਫੁਲਤ ਹੁੰਦੀ[7] ਹੈ।
ਤੁਮ੍ ਸਾਚੁ[9] ਧਿਆਵਹੁ[10] ਮੁਗਧ[12] ਮਨਾ[13] ॥	Contemplate[10] thou the True Lord[9], O my silly[12] soul[13].	ਤੂੰ ਸੱਚੇ ਸਾਂਈਂ[9] ਦਾ ਸਿਮਰਨ[10] ਕਰ, ਹੇ ਮੇਰੀ ਮੂਰਖ[12] ਜਿੰਦੜੀਏ[13]!

ਤਾਂ[14] ਸੁਖੁ[15] ਪਾਵਹੁ ਮੇਰੇ ਮਨਾ ॥੧॥ ਰਹਾਉ ॥	Then[14] alone shalt thou obtain peace[15], O my soul. Pause.	ਕੇਵਲ ਤਦ ਹੀ[14] ਤੈਨੂੰ ਆਰਾਮ[15] ਪਰਾਪਤ ਹੋਵੇਗਾ, ਹੇ ਮੇਰੀ ਜਿੰਦੜੀਏ ! ਠਹਿਰਾਉ ।
ਇਤੁ ਮਨਿ[16] ਮਉਲਿਐ[17] ਭਇਆ ਅਨੰਦੁ[18] ॥ ਅੰਮ੍ਰਿਤੁ[19]ਫਲੁ[20]ਪਾਇਆ[21] ਨਾਮੁ [22]ਗੋਬਿੰਦ[23] ॥੨॥	With the blooming[17] of this mind[16], I am in bliss[18], and I am blessed[21] with the ambrosial[19] fruit[20] of the Name of the [22]World-Lord[23].	ਇਸ ਚਿਤ[16] ਦੇ ਖਿੜ ਜਾਣ[17] ਨਾਲ, ਮੈਂ ਖੁਸ਼ੀ[18] ਵਿਚ ਹਾਂ, ਅਤੇ ਮੈਨੂੰ ਆਲਮ[22] ਦੇ ਮਾਲਕ[23] ਦੇ ਨਾਮ ਦੇ ਸੁਧਾ ਸਰੂਪ[19] ਮੇਵੇ[20] ਦੀ ਦਾਤ ਮਿਲ ਗਈ[21] ਹੈ ।
ਏਕੋ ਏਕੁ[24] ਸਭੁ[27] ਆਖਿ[25] ਵਖਾਣੈ[26] ॥	Every one[27] says[25] and utters[26], "He, the Lord, is but One[24]".	ਹਰ ਕੋਈ[27] ਕਹਿੰਦਾ[25] ਤੇ ਉਚਾਰਦਾ[26] ਹੈ, "ਉਹ ਸੁਆਮੀ ਕੇਵਲ ਇਕ[24] ਹੈ" ।
ਹੁਕਮੁ[27*] ਬੂਝੈ[28] ਤਾਂ[29] ਏਕੋ[30] ਜਾਣੈ[31] ॥੩॥	If man understands[28] His will[27*], then[29] alone can he realise[31] the One Lord[30].	ਜੇਕਰ ਇਨਸਾਨ ਉਸ ਦੀ ਰਜ਼ਾ[27*] ਨੂੰ ਸਮਝ ਲਵੇ[28] ਕੇਵਲ ਤਦ[29] ਹੀ ਉਹ ਇਕ ਸੁਆਮੀ[30] ਨੂੰ ਅਨੁਭਵ[31] ਕਰ ਸਕਦਾ ਹੈ ।
ਕਹਤ ਨਾਨਕੁ ਹਉਮੈ[32] ਕਹੈ[33] ਨ ਕੋਇ ॥ ਆਖਣੁ[34] ਵੇਖਣੁ[35] ਸਭੁ[36] ਸਾਹਿਬ[37] ਤੇ ਹੋਇ ॥੪॥੨॥੧੪॥	Says Nanak, through ego[32], no one can say[33] what the Lord is like. Uttering[34] and seeing[35] Him is all[36] through[37] the Lord's grace.	ਗੁਰੂ ਜੀ ਆਖਦੇ ਹਨ, ਹੰਗਤਾ[32] ਦੇ ਰਾਹੀਂ, ਕੋਈ ਨਹੀਂ ਆਖ[33] ਸਕਦਾ ਕਿ ਸੁਆਮੀ ਕੇਹੋ ਜੇਹਾ ਹੈ । ਉਸ ਦਾ ਉਚਾਰਨ[34] ਅਤੇ ਦੇਖਣ[35] ਸਮੂਹ[36] ਸੁਆਮੀ ਦੀ ਮਿਹਰ ਰਾਹੀਂ[37] ਹੀ ਹੈ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਸਭਿ ਜੁਗ ਤੇਰੇ ਕੀਤੇ[38] ਹੋਏ[39] ॥	Created[38] by Thee, O God, all the ages have come into being[39].	ਤੇਰੇ ਰਚੇ ਹੋਏ[38], ਹੇ ਸੁਆਮੀ ! ਸਾਰੇ ਯੁਗ ਹੋਂਦ ਵਿਚ ਆਏ[39] ਹਨ ।
ਸਤਿਗੁਰੁ ਭੇਟੈ[40] ਮਤਿ[41] ਬੁਧਿ[42] ਹੋਏ[43] ॥੧॥	Meeting[40] with the True Guru, man's intellect[41] and undrstading[42] are awakened[43].	ਸੱਚੇ ਗੁਰਾਂ ਨਾਲ ਮਿਲਣ ਦੁਆਰਾ[40], ਇਨਸਾਨ ਦੀ ਅਕਲ[41] ਅਤੇ ਸਮਝ[42] ਜਾਗ ਉਠਦੀਆਂ[43] ਹਨ ।
ਹਰਿ ਜੀਉ[44] ਆਪੇ[45] ਲੈਹੁ ਮਿਲਾਇ ॥ ਗੁਰ ਕੈ ਸਬਦਿ[46] ਸਚ ਨਾਮਿ ਸਮਾਇ[47] ॥੧॥ ਰਹਾਉ॥	My Sire[44] God, unite Thou me with Thyself[45], and merge[47] me in the True Name, through the Guru's word[46]. Pause.	ਮੇਰੇ ਮਹਾਰਾਜ[44] ਵਾਹਿਗੁਰੂ ! ਤੂੰ ਮੈਨੂੰ ਆਪਣੇ[45] ਨਾਲ ਮਿਲਾ ਲੈ ਅਤੇ ਗੁਰਾਂ ਦੀ ਬਾਣੀ[46] ਰਾਹੀਂ ਮੈਨੂੰ ਸਤਿਨਾਮ ਅੰਦਰ ਲੀਨ[47] ਕਰ ਲੈ । ਠਹਿਰਾਉ ।
ਮਨਿ ਬਸੰਤੁ[48] ਹਰੇ[49] ਸਭਿ ਲੋਇ[50] ॥	When there is bliss[48] in the mind, all the men[50] seem reverdured[49].	ਜਦ ਚਿਤ ਅੰਦਰ ਖੁਸ਼ੀ[48] ਹੈ, ਸਾਰੇ ਲੋਕੀ[50] ਸਰਸਬਜ਼[49] ਮਲੂਮ ਹੁੰਦੇ ਹਨ ।
ਫਲਹਿ[51] ਫੁਲੀਅਹਿ[52] ਰਾਮ ਨਾਮਿ ਸੁਖੁ[53] ਹੋਇ ॥੨॥	Through the Lord's Name, one fruitions[51], flowers[52] and is ever in bliss[53].	ਸੁਆਮੀ ਦੇ ਨਾਮ ਦੇ ਰਾਹੀਂ, ਇਨਸਾਨ ਫਲਦਾ[51], ਫੁਲਦਾ[52] ਅਤੇ ਸਦਾ ਖੁਸ਼ੀ[53] ਵਿਚ ਰਹਿੰਦਾ ਹੈ ।
ਸਦਾ ਬਸੰਤੁ[54] ਗੁਰ ਸਬਦੁ[55] ਵੀਚਾਰੇ[56] ॥ ਰਾਮ ਨਾਮੁ ਰਾਖੈ [57]ਉਰਧਾਰੇ[58] ॥੩॥	Ever happy[54] is he, who reflects[56] on the Guru's word[55], and enshrines[58] the Lord's Name in his mind[57].	ਸਦੀਵ ਹੀ ਪ੍ਰਸੰਨ[54] ਹੈ ਉਹ, ਜੋ ਗੁਰਬਾਣੀ[55] ਨੂੰ ਸੋਚਦਾ ਸਮਝਦਾ[56] ਅਤੇ ਸੁਆਮੀ ਦੇ ਨਾਮ ਨੂੰ ਆਪਣੇ ਚਿਤ[57] ਅੰਦਰ ਟਿਕਾਉਂਦਾ[58] ਹੈ ।
ਮਨਿ[59] ਬਸੰਤੁ[60] ਤਨੁ[61]	When there is spring[60]in the mind[59],	ਜਦ ਚਿਤ[59] ਅੰਦਰ ਬਹਾਰ[60] ਹੁੰਦੀ ਹੈ, ਦੇਹਿ[61] ਅਤੇ

ਮਨੁ[62] ਹਰਿਆ[63] ਹੋਇ ॥	the body[61] and soul[62] are reverdured[63].	ਜਿੰਦੜੀ[62] ਹਰੇ ਭਰੇ ਹੋ ਜਾਂਦੇ[63] ਹਨ ।
ਨਾਨਕ ਇਹੁ ਤਨੁ ਬਿਰਖੁ[64] ਰਾਮ ਨਾਮੁ ਫਲੁ[65] ਪਾਏ[66] ਸੋਇ[67] ॥੪॥੩॥੧੫॥	Nanak this body is the tree[64] and it[67] bears[66] the fruit[65] of the Lord's Name.	ਨਾਨਕ ਇਹ ਸਰੀਰ ਇਕ ਬਿਰਛ[64] ਹੈ ਅਤੇ ਇਸ[67] ਨੂੰ ਪ੍ਰਭੂ ਦੇ ਨਾਮ ਦਾ ਮੇਵਾ[65] ਲਗਦਾ[66] ਹੈ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਤਿਨ ਬਸੰਤੁ[68] ਜੋ ਹਰਿ ਗੁਣ[69] ਗਾਇ[70] ॥	For them alone is the spring season[68], who hymn[70] the God's praise[69].	ਕੇਵਲ ਉਨ੍ਹਾਂ ਲਈ ਹੀ ਬਹਾਰ[68] ਰੁਤ ਹੈ ਜੋ ਵਾਹਿਗੁਰੂ ਦੀ ਮਹਿਮਾ[69] ਗਾਇਨ ਕਰਦੇ[70] ਹਨ ।
ਪੂਰੈ[71] ਭਾਗਿ[72] ਹਰਿ ਭਗਤਿ[73] ਕਰਾਇ ॥੧॥	Through perfect[71] good fortune[72] God's devotional-worship[73] is performed.	ਪੂਰਨ[71] ਚੰਗੇ ਨਸੀਬਾਂ[72] ਰਾਹੀਂ ਵਾਹਿਗੁਰੂ ਦੀ ਪ੍ਰੇਮ-ਮਈ ਉਪਾਸ਼ਨਾ[73] ਕੀਤੀ ਜਾਂਦੀ ਹੈ ।
ਇਸੁ ਮਨ ਕਉ ਬਸੰਤ[74] ਕੀ ਲਗੈ ਨ ਸੋਇ[75] ॥	This mind has no intelligence[75] of the Divine bliss[74].	ਇਸ ਮਨੂਏ ਨੂੰ ਈਸ਼ਵਰੀ ਅਨੰਦ[74] ਦੀ ਖ਼ਬਰ[75] ਤਕ ਨਹੀਂ ।
ਇਹੁ ਮਨੁ ਜਲਿਆ[76] ਦੂਜੈ[77] ਦੋਇ[78] ॥੧॥ ਰਹਾਉ ॥	This mind is burnt[76] by double mindedness[77] and duality[78]. Pause.	ਇਸ ਮਨੂਏ ਨੂੰ ਦੁਚਿਤੇਪਣ[77] ਅਤੇ ਦਵੈਤ-ਭਾਵ[78] ਨੇ ਸਾੜ ਸੁੱਟਿਆ[76] ਹੈ । ਠਹਿਰਾਉ ।
ਇਹੁ ਮਨੁ ਧੰਧੈ[79] ਬਾਂਧਾ[80] ਕਰਮ[81] ਕਮਾਇ ॥	Involved[80] in worldly affairs[79], this mind does evil deeds[81].	ਸੰਸਾਰੀ ਵਿਹਾਰਾਂ[79] ਅੰਦਰ ਜਕੜਿਆ[80] ਹੋਇਆ ਇਹ ਮਨੂਆ ਮੰਦੇ ਅਮਲ[81] ਕਰਦਾ ਹੈ ।
ਮਾਇਆ ਮੂਠਾ[82] ਸਦਾ ਬਿਲਲਾਇ[83] ॥੨॥	Beguiled[82] by mammon, it ever bewails[83].	ਮੋਹਨੀ ਦਾ ਠੱਗਿਆ ਹੋਇਆ[82], ਇਹ ਹਮੇਸ਼ਾ ਵਿਰਲਾਪ ਕਰਦਾ[83] ਹੈ ।
ਇਹੁ ਮਨੁ ਛੂਟੈ[84] ਜਾਂ[85] ਸਤਿਗੁਰੁ ਭੇਟੈ[86] ॥	This mind is released[84], when[85] it meets[86] with the True Guru.	ਜਦ ਸੱਚੇ[85] ਗੁਰਾਂ ਨਾਲ ਮਿਲ ਜਾਂਦਾ[86] ਹੈ ਤਾਂ ਇਹ ਮਨੂਆ ਬੰਦਖਲਾਸ ਹੋ ਜਾਂਦਾ[84] ਹੈ ।
[87]ਜਮਕਾਲ[88] ਕੀ ਫਿਰਿ[89] ਆਵੈ ਨ ਫੇਟੈ[90] ॥੩॥	It then[89] comes not under the blow[90] of the myrmidon[87] of death[88].	ਇਹ ਤਦ[89] ਮੌਤ[88] ਦੇ ਫ਼ਰਿਸ਼ਤੇ[87] ਦੀ ਮਾਰ[90] ਹੇਠਾਂ ਨਹੀਂ ਆਉਂਦਾ ।
੧੧੭੭	1177	੧੧੭੭
ਇਹੁ ਮਨੁ ਛੂਟਾ[91] ਗੁਰਿ ਲੀਆ ਛਡਾਇ[92] ॥	This mind is released[91], when the Guru emancipates[92] it.	ਜਦ ਗੁਰੂ ਜੀ ਇਸ ਨੂੰ ਬੰਦਖ਼ਲਾਸ ਕਰਾਉਂਦੇ[92] ਹਨ, ਤਦ ਇਹ ਮਨੂਆ ਖ਼ਲਾਸੀ ਪਾ ਜਾਂਦਾ[91] ਹੈ ।
ਨਾਨਕ ਮਾਇਆ[93] ਮੋਹੁ[94] ਸਬਦਿ[95] ਜਲਾਇ[96] ॥੪॥੪॥੧੬॥	Nanak, the love[94] of the worldly valuable[93] is burnt[96] through the Lord's Name[95].	ਨਾਨਕ ਸੁਆਮੀ ਦੇ ਨਾਮ[95] ਦੇ ਰਾਹੀਂ, ਸੰਸਾਰੀ ਪਦਾਰਥਾਂ[93] ਦੀ ਲਗਨ[94] ਸੜ ਜਾਂਦੀ[96] ਹੈ ।
ਬਸੰਤੁ ਮਹਲਾ ੩ ॥	Basant 3rd Guru.	ਬਸੰਤ ਤੀਜੀ ਪਾਤਿਸ਼ਾਹੀ ।
ਬਸੰਤੁ ਚੜਿਆ[97] ਫੂਲੀ[98] ਬਨਰਾਇ[99] ॥	With the coming[97] of spring, the vegetation[99] flowers[98].	ਬਹਾਰ ਦੇ ਆਉਣ[97] ਨਾਲ ਬਨਾਸਪਤੀ[99] ਪ੍ਰਫੁਲਤ ਹੋ ਜਾਂਦੀ[98] ਹੈ ।
ਏਹਿ ਜੀਅ ਜੰਤ[100] ਫੂਲਹਿ	These sentient beings[100] bloom only	ਇਹ ਪ੍ਰਾਣਧਾਰੀ[100] ਕੇਵਲ ਉਦੋਂ ਹੀ ਪ੍ਰਫੁਲਤ ਹੁੰਦੇ

ਹਰਿ ਚਿਤੁ[2] ਲਾਇ[3] ॥੧॥	when they fix[3] their mind[2] on the Lord.	ਹਨ ਜਦ ਇਹ ਆਪਣੇ ਮਨ[2] ਨੂੰ ਪ੍ਰਭੂ ਨਾਲ ਜੋੜਦੇ[3] ਹਨ।
ਇਨ ਬਿਧਿ[4] ਇਹੁ ਮਨੁ ਹਰਿਆ[5] ਹੋਇ ॥	In this way[4], this mind becomes green[5].	ਇਸ ਤਰੀਕੇ[4] ਨਾਲ ਇਹ ਮਨੂਆ ਸਰਸਬਜ਼[5] ਹੋ ਜਾਂਦਾ ਹੈ।
ਹਰਿ ਹਰਿ[6] ਨਾਮੁ ਜਪੈ[7] ਦਿਨੁ ਰਾਤੀ ਗੁਰਮੁਖਿ[8] ਹਉਮੈ[9] ਕਢੈ[10] ਧੋਇ[12] ॥੧॥ ਰਹਾਉ ॥	Uttering[7] the Lord God's[6] Name day and night, by the Guru's grace[8], self-conceit[9] is removed[10] and washed off[12]. Pause.	ਗੁਰਾਂ ਦੀ ਦਇਆ[8] ਦੁਆਰਾ, ਦਿਨ ਤੇ ਰੈਣ ਸੁਆਮੀ ਵਾਹਿਗੁਰੂ[6] ਦੇ ਨਾਮ ਦਾ ਉਚਾਰਨ ਕਰਨ[7] ਦੁਆਰਾ, ਸਵੈ-ਹੰਗਤਾ[9] ਧੋਤੀ ਜਾ ਕੇ[12] ਦੂਰ ਹੋ ਜਾਂਦੀ[10] ਹੈ। ਠਹਿਰਾਉ।
ਸਤਿਗੁਰ ਬਾਣੀ[13] ਸਬਦੁ[14] ਸੁਣਾਏ[15] ॥	The True Guru utters[15] the Word[13] and the Name[14].	ਸਚੇ ਗੁਰੂ ਗੁਰਬਾਣੀ[13] ਅਤੇ ਨਾਮ[14] ਦਾ ਉਚਾਰਨ ਕਰਦੇ[15] ਹਨ।
ਇਹੁ ਜਗੁ[16] ਹਰਿਆ[17] ਸਤਿਗੁਰ ਭਾਏ[18] ॥੨॥	This world[16] flowers[17] with love[18], through the True Guru.	ਸੱਚੇ ਗੁਰਾਂ ਦੇ ਰਾਹੀਂ, ਪਿਆਰ[18] ਨਾਲ ਇਹ ਸੰਸਾਰ[16] ਪ੍ਰਫੁਲਤ ਹੁੰਦਾ[17] ਹੈ।
ਫਲ[19] ਫੂਲ[20] ਲਾਗੇ ਜਾਂ[21] ਆਪੇ ਲਾਏ[22] ॥	The mortal flowers[20] and fruitions[19], when[21] the Lord, of Himself, so wills[22].	ਜਦ[21] ਖ਼ੁਦ ਪ੍ਰਭੂ ਦੀ ਐਸੀ ਰਜ਼ਾ[22] ਹੁੰਦੀ ਹੈ ਤਾਂ ਪ੍ਰਾਣੀ ਫੁਲਦਾ[20] ਤੇ ਫਲਦਾ[19] ਹੈ।
ਮੂਲਿ[23] ਲਗੈ[24] ਤਾਂ[25] ਸਤਿਗੁਰੁ ਪਾਏ[26] ॥੩॥	When man finds[26] the True Guru, then[25] alone he attaches[24] himself to God, the Root[23] of everything.	ਜਦ ਇਨਸਾਨ ਸੱਚੇ ਗੁਰਾਂ ਨੂੰ ਪਾ ਲੈਂਦਾ[26] ਹੈ, ਕੇਵਲ ਤਦ[25] ਹੀ ਉਹ ਆਪਣੇ ਆਪ ਨੂੰ ਹਰ ਸ਼ੈ ਦੀ ਜੜ੍ਹ[23], ਵਾਹਿਗੁਰੂ ਨਾਲ ਜੋੜਦਾ[24] ਹੈ।
ਆਪਿ ਬਸੰਤੁ[27] ਜਗਤੁ[28] ਸਭੁ ਵਾੜੀ[29] ॥	The Lord, of Himself is the spring season[27] and the world[28] is His garden[29].	ਸਾਹਿਬ ਖ਼ੁਦ ਮੌਸਮ ਬਹਾਰ[27] ਹੈ ਤੇ ਸਾਰਾ ਜੱਗ[28] ਉਸ ਦਾ ਬਗੀਚਾ[29] ਹੈ।
ਨਾਨਕ ਪੂਰੈ[30] ਭਾਗਿ[31] ਭਗਤਿ[32] ਨਿਰਾਲੀ[33] ॥੪॥੫॥੧੭॥	Nanak, by perfect[30] good fortune[31], the Lord's singular[33] service[32] is performed.	ਨਾਨਕ, ਪੂਰਨ[30] ਚੰਗੀ ਪ੍ਰਾਲਭਧ[31] ਦੁਆਰਾ, ਪ੍ਰਭੂ ਦੀ ਅਲੌਕਿਕ[33] ਸੇਵਾ[32] ਕੀਤੀ ਜਾਂਦੀ ਹੈ।
ਬਸੰਤੁ ਹਿੰਡੋਲ ਮਹਲਾ ੩ ਘਰੁ ੨	**Basant Hindol. 3rd Guru**	**ਬਸੰਤ ਹਿੰਡੋਲ ਤੀਜੀ ਪਾਤਿਸ਼ਾਹੀ।**
੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਗੁਰ ਕੀ ਬਾਣੀ[34] ਵਿਟਹੁ[35] ਵਾਰਿਆ[36] ਭਾਈ[37] ਗੁਰ ਸਬਦ[38] ਵਿਟਹੁ ਬਲਿ ਜਾਈ ॥	Unto[35] the Guru's Gurbani[34], I am sacrifice[36], O brother[37], and unto the Guru's gospel[38] I am devoted.	ਗੁਰਾਂ ਦੀ ਗੁਰਬਾਣੀ[34] ਉਤੋਂ[35], ਮੈਂ ਕੁਰਬਾਨ[36] ਜਾਂਦਾ ਹਾਂ, ਹੇ ਵੀਰ[37]! ਅਤੇ ਗੁਰਾਂ ਦੇ ਉਪਦੇਸ਼[38] ਉਤੋਂ ਮੈਂ ਸਦਕੇ ਹਾਂ।
ਗੁਰੁ ਸਾਲਾਹੀ[39] ਸਦ ਅਪਣਾ ਭਾਈ ਗੁਰ	I ever praise[39] my Guru, O my brother, and fix[41] my mind in the	ਮੈਂ ਸਦੀਵ ਹੀ ਆਪਣੇ ਗੁਰਾਂ ਦਾ ਜੱਸ ਕਰਦਾ[39] ਹਾਂ, ਮੇਰੇ ਵੀਰ! ਅਤੇ ਗੁਰਾਂ ਦੇ ਚਰਨਾਂ[40] ਨਾਲ ਆਪਣੇ ਮਨ

ਚਰਣੀ[40] ਚਿਤੁ ਲਾਈ[41] ॥ ੧॥	Guru's feet[40].	ਨੂੰ ਜੋੜਦਾ[41] ਹਾਂ।
ਮੇਰੇ ਮਨ[42] ਰਾਮ ਨਾਮਿ ਚਿਤੁ[43] ਲਾਇ ॥	O my soul[42], fix thou thy mind[43] on the Lord's Name.	ਹੇ ਮੇਰੀ ਜਿੰਦੇ[42] ! ਤੂੰ ਆਪਣ ਮਨ[43] ਨੂੰ ਪ੍ਰਭੂ ਦੇ ਨਾਲ ਜੋੜ ।
ਮਨੁ[44] ਤਨੁ[45] ਤੇਰਾ ਹਰਿਆ[46] ਹੋਵੈ ਇਕੁ ਹਰਿ ਨਾਮਾ ਫਲੁ[47] ਪਾਇ[18] ॥ ੧॥ਰਹਾਉ ॥	Obtaining[48] the fruit[47] of the Name of one God, thy mind[44] and body[45] shall be refreshed[46]. Pause.	ਇਕ ਵਾਹਿਗੁਰੂ ਦੇ ਨਾਮ ਦਾ ਮੇਵਾ[47] ਪਰਾਪਤ ਕਰਨ[48] ਦੁਆਰਾ, ਤੇਰਾ ਚਿਤ[44] ਅਤੇ ਸਰੀਰ[45] ਤਰੋ-ਤਾਜ਼ਾ[46] ਹੋ ਜਾਣਗੇ । ਠਹਿਰਾਉ ।
ਗੁਰਿ ਰਾਖੇ[49] ਸੇ[50] ਉਬਰੇ[51] ਭਾਈ	They[50], whom the Guru saves[49], are delivered[51], O brother,	ਜਿਨ੍ਹਾਂ ਨੂੰ ਗੁਰੂ ਜੀ ਬਚਾਉਂਦੇ[49] ਹਨ, ਉਹ[50] ਨਜਾਤ ਪਾ ਜਾਂਦੇ[51] ਹਨ, ਹੇ ਵੀਰ !
ਹਰਿ ਰਸੁ[52] ਅੰਮ੍ਰਿਤੁ[53] ਪੀਆਇ[54] ॥	They indrink[54] God's sweet[52] Nectar[53].	ਉਹ ਵਾਹਿਗੁਰੂ ਦਾ ਮਿੱਠਾ[52] ਆਬਿ-ਹਿਯਾਤ[53] ਪਾਨ ਕਰਦੇ[54] ਹਨ ।
ਵਿਚਹੁ[55] ਹਉਮੈ[56] ਦੁਖੁ[57] ਉਠਿ[58] ਗਇਆ ਭਾਈ[59] ਸੁਖੁ[60] ਵੁਠਾ[61] ਮਨਿ ਆਇ ॥੨॥	From within[55] them, the disease[57] of ego[56] is banished[58] and peace[60] comes to abide[61] in their mind, O brother[59].	ਉਨ੍ਹਾਂ ਦੇ ਅੰਦਰੋਂ[55] ਹੰਗਤਾ[56] ਦੀ ਬੀਮਾਰੀ[57] ਦੂਰ ਹੋ ਜਾਂਦੀ[58] ਹੈ ਅਤੇ ਠੰਢ-ਚੈਨ[60] ਆ ਕੇ ਉਨ੍ਹਾਂ ਦੇ ਚਿਤ ਵਿਚ ਟਿਕ ਜਾਂਦੀ[61] ਹੈ, ਹੇ ਵੀਰ[59] !
ਧੁਰਿ[62] ਆਪੇ ਜਿਨਾ ਨੋ ਬਖਸਿਓਨੁ[63] ਭਾਈ ਸਬਦੇ[64] ਲਇਅਨੁ ਮਿਲਾਇ[65] ॥	They, whom the Lord[62], Himself forgives[63], O brother, them He unites[65] with His Name[64].	ਜਿਨ੍ਹਾਂ ਨੂੰ ਪ੍ਰਭੂ[62] ਖ਼ੁਦ ਮਾਫ਼ ਕਰ ਦਿੰਦਾ[63] ਹੈ, ਹੇ ਵੀਰ ! ਉਨ੍ਹਾਂ ਨੂੰ ਉਹ ਆਪਣੇ ਨਾਮ[64] ਨਾਲ ਜੋੜ ਲੈਂਦਾ[65] ਹੈ ।
ਧੂੜਿ[66] ਤਿਨਾ[67] ਕੀ ਅਘੁਲੀਐ[68] ਭਾਈ ਸਤ ਸੰਗਤਿ[69] ਮੇਲਿ[70] ਮਿਲਾਇ[71] ॥੩॥	They, who unite[71] in the union[70] of the saints' society[69] ; through the dust[66] of their[67] feet, one is emancipated[68], O brother.	ਜੋ ਸਾਧ ਸੰਗਤ[69] ਦੇ ਮਿਲਾਪ[70] ਅੰਦਰ ਮਿਲਦੇ[71] ਹਨ, ਉਨ੍ਹਾਂ[67] ਦੇ ਪੈਰਾਂ ਦੀ ਖ਼ਾਕ[66] ਰਾਹੀਂ ਜੀਵ ਮੁਕਤ ਹੋ ਜਾਂਦਾ[68] ਹੈ, ਹੇ ਵੀਰ !
ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ[72] ਕੀਆ ਸਭੁ[73] ਕੋਇ ॥	He,who reverdures[72] all[73], O brother; He Himself does and causes to be done everything.	ਜੋ ਸਾਰਿਆਂ[73] ਨੂੰ ਸਰਸਬਜ਼ ਕਰਦਾ[72] ਹੈ, ਹੇ ਵੀਰ ! ਉਹ ਖ਼ੁਦ ਹੀ ਸਭ ਕਿਛ ਕਰਦਾ ਤੇ ਕਰਾਉਂਦਾ ਹੈ ।
ਨਾਨਕ ਮਨਿ ਤਨਿ ਸੁਖੁ[74] ਸਦ ਵਸੈ ਭਾਈ ਸਬਦਿ[75] ਮਿਲਾਵਾ[76] ਹੋਇ ॥੪॥੧॥ ੧੮॥੧੨॥੧੮॥੩੦॥	Nanak, in their mind and body, peace[74] is ever enshrined and through the Guru's word[75], they meet[76] with their Lord.	ਨਾਨਕ ਉਨ੍ਹਾਂ ਦੇ ਹਿਰਦੇ ਅਤੇ ਸਰੀਰ ਅੰਦਰ ਹਮੇਸ਼ਾ ਠੰਢ-ਚੈਨ[74] ਨਿਵਾਸ ਰਖਦੀ ਹੈ ਅਤੇ ਗੁਰਾਂ ਦੀ ਬਾਣੀ[75] ਰਾਹੀਂ, ਉਹ ਆਪਣੇ ਪ੍ਰਭੂ ਨਾਲ ਮਿਲ ਜਾਂਦੇ[76] ਹਨ ।
ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ	Rag Basant 4th Guru Ik-tukey	ਰਾਗ ਬਸੰਤ ਚੌਥੀ ਪਾਤਿਸ਼ਾਹੀ ਇਕ ਤੁਕੇ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਜਿਉ[77] ਪਸਰੀ[78] ਸੂਰਜ[79] ਕਿਰਣਿ[80] ਜੋਤਿ[81] ॥ ਤਿਉ[82] ਘਟਿ ਘਟਿ[83] ਰਮਈਆ[84] ਓਤਿ[85] ਪੋਤਿ[86] ॥੧॥	As[77] the light[81] of the sun's[79] rays[80] is diffused[78], so[82] the Lord[84] is contained in every heart[83] like warp[85] and woof[86].	ਜਿਸ[77] ਤਰ੍ਹਾਂ ਸੂਰਜ[79] ਦੀਆਂ ਸੁਆਵਾਂ[80] ਦਾ ਚਾਨਣ[81] ਫੈਲਿਆ ਹੋਇਆ[78] ਹੈ, ਏਸੇ ਤਰ੍ਹਾਂ[82] ਹੀ ਤਾਣੇ[85] ਅਤੇ ਪੇਟੇ[86] ਦੀ ਮਾਨੰਦ ਸੁਆਮੀ[84] ਹਰ ਦਿਲ[83] ਅੰਦਰ ਸਮਾ ਰਿਹਾ ਹੈ।
ਏਕੋ ਹਰਿ ਰਵਿਆ[87] ਸ੍ਰਬ[88] ਥਾਇ[89] ॥	The One Lord is pervading[87] all[88] the places[89].	ਇਕ ਪ੍ਰਭੂ ਹੀ ਸਾਰਿਆਂ[88] ਥਾਵਾਂ[89] ਵਿਚ ਵਿਆਪਕ ਹੋ ਰਿਹਾ[87] ਹੈ।
ਗੁਰ ਸਬਦੀ[90] ਮਿਲੀਐ ਮੇਰੀ ਮਾਇ[91] ॥੧॥ਰਹਾਉ॥	Through the Guru's word[90], one meets with one's Lord's, O my mother[91]. Pause.	ਗੁਰਾਂ ਦੀ ਬਾਣੀ[90] ਰਾਹੀਂ, ਮਨੁੱਖ ਆਪਣੇ ਮਾਲਕ ਨੂੰ ਮਿਲ ਪੈਂਦਾ ਹੈ, ਮੇਰੀ ਮਾਤਾ[91]! ਠਹਿਰਾਉ।
ਘਟ[92] ਘਟ ਅੰਤਰਿ[93] ਏਕੋ ਹਰਿ ਸੋਇ[94] ॥	In[93] all the hearts[92], He[94], the one God, is.	ਸਾਰਿਆਂ[92] ਦਿਲਾਂ ਅੰਦਰ[93] ਉਹ[94] ਇਕ ਵਾਹਿਗੁਰੂ ਹੀ ਹੈ।
ਗੁਰਿ ਮਿਲਿਐ ਇਕੁ[96] ਪ੍ਰਗਟੁ[95] ਹੋਇ ॥੨॥	Meeting with the Guru, the unique Lord[96] becomes manifest[95].	ਗੁਰਾਂ ਨਾਲ ਮਿਲਣ ਦੁਆਰਾ, ਅਦੁੱਤੀ ਪ੍ਰਭੂ[96] ਪਰਤੱਖ[95] ਹੋ ਜਾਂਦਾ ਹੈ।
ਏਕੋਏਕੁ ਰਹਿਆ ਭਰਪੂਰਿ[97] ॥	The One Lord is fully filling[97] all.	ਇਕ ਸੁਆਮੀ ਹੀ ਸਾਰਿਆਂ ਨੂੰ ਪਰੀਪੂਰਨ[97] ਕਰ ਰਿਹਾ ਹੈ।
ਸਾਕਤ[98] ਨਰ[99] ਲੋਭੀ[100] ਜਾਣਹਿ[2] ਦੂਰਿ ॥੩॥	The apostate[98] and avaricious[100] persons[99] think[2] the Lord far.	ਅਧਰਮੀ[98] ਅਤੇ ਲਾਲਚੀ[100] ਪੁਰਸ਼[99] ਪ੍ਰਭੂ ਨੂੰ ਦੁਰੇਡੇ ਖਿਆਲ ਕਰਦੇ[2] ਹਨ।
ਏਕੋ ਏਕੁ ਵਰਤੈ[3] ਹਰਿ[4] ਲੋਇ[5] ॥	The One Lord is pervading[3] in every[4] universe[5].	ਇਕ ਪ੍ਰਭੂ ਹੀ ਹਰ ਇਕ[4] ਆਲਮ[5] ਅੰਦਰ ਰਮ ਰਿਹਾ[3] ਹੈ।
ਨਾਨਕ ਹਰਿ ਏਕੋ ਕਰੇ ਸੁ[6] ਹੋਇ ॥੪॥੧॥	Nanak, whatever the Lord does; that[6] alone come to pass.	ਨਾਨਕ, ਜਿਹੜਾ ਕੁਝ ਇਕ ਪ੍ਰਭੂ ਕਰਦਾ ਹੈ, ਕੇਵਲ ਉਹ[6] ਹੀ ਹੁੰਦਾ ਹੈ।
ਬਸੰਤੁ ਮਹਲਾ ੪ ॥	Basant 4th Guru.	ਬਸੰਤੁ ਚੌਥੀ ਪਾਤਿਸ਼ਾਹੀ।
ਰੈਨਿ[9] ਦਿਨਸੁ[7] ਦੁਇ[8] ਸਦੇ[10] ਪਏ[12] ॥	Night[9] and day[7] are the two[8] calls[10], which the Death makes[12].	ਰਾਤ[9] ਅਤੇ ਦਿਨ[7] ਦੋ[8] ਹਾਕਾਂ[10] ਹਨ ਜੋ ਮੌਤ ਮਾਰਦੀ[12] ਹੈ।
ਮਨ[13] ਹਰਿ ਸਿਮਰਹੁ[14] ਅੰਤਿ[15] ਸਦਾ[16] ਰਖਿ[17] ਲਏ ॥੧॥	O my soul[13], contemplate[14] thou thy Lord, who ever[16] saves[17] one in the end[15].	ਹੇ ਮੇਰੀ ਜਿੰਦੇ[13]! ਤੂੰ ਆਪਣੇ ਸੁਆਮੀ ਦਾ ਆਰਾਧਨ[14] ਕਰ। ਜੋ ਸਦੀਵ[16] ਹੀ ਜੀਵ ਦੀ ਅਖ਼ੀਰ[15] ਨੂੰ ਰੱਖਿਆ ਕਰਦਾ[17] ਹੈ।
ਹਰਿ ਹਰਿ[18] ਚੇਤਿ[19] ਸਦਾ ਮਨ ਮੇਰੇ ॥	O my mind, ever meditate[19] thou on thy Lord Master[18].	ਹੇ ਮੇਰੇ ਮਨੂਏ! ਤੂੰ ਹਮੇਸ਼ਾ ਹੀ ਆਪਣੇ ਸੁਆਮੀ ਮਾਲਕ[18] ਦਾ ਸਿਮਰਨ ਕਰ[19]।
ਹਰਿ ਭਗਤਿ ਹੀਨ[26] ਉਦਿਆਨ[27] ਥਾਨੁ[28] ॥	Wilderness[27] is the place[28], where God's devotee abides not[26].	ਉਜਾੜ[27] ਹੈ ਉਹ ਜਗ੍ਹਾ[28] ਜਿਥੇ ਵਾਹਿਗੁਰੂ ਦਾ ਵੈਰਾਗੀ ਵਸਦਾ ਨਹੀਂ[26]।
ਗੁਰ ਪ੍ਰਸਾਦਿ[29] ਘਟਿ ਘਟਿ[30] ਪਛਾਨੁ[31] ॥ ੨ ॥	By the Guru's grace[29], realise[31] thou the Lord in all the hearts[30].	ਗੁਰਾਂ ਦੀ ਦਇਆ[29] ਦੁਆਰਾ ਤੂੰ ਪ੍ਰਭੂ ਨੂੰ ਸਾਰਿਆਂ ਦਿਲਾਂ[30] ਅੰਦਰ ਅਨੁਭਵ[31] ਕਰ।
ਹਰਿ ਕੀਰਤਨ[32] ਰਸ[33] ਭੋਗ[34] ਰੰਗੁ[35] ॥	Sing thou the praise[32] of thy God, and enjoy[34] the Nectar[33] of His love[35]	ਤੂੰ ਆਪਣੇ ਵਾਹਿਗੁਰੂ ਦਾ ਜੱਸ[32] ਗਾਇਨ ਕਰ, ਅਤੇ ਉਸ ਦੇ ਪਿਆਰ[35] ਦੇ ਅੰਮ੍ਰਿਤ[33] ਦਾ ਅਨੰਦ[34] ਲੈ।
ਮਨ[36] ਪਾਪ[37] ਕਰਤ ਤੂ ਸਦਾ ਸੰਗੁ[38] ॥	O man[36], ever hesitate[38] thou to commit sin[37].	ਹੇ ਬੰਦੇ[36]! ਗੁਨਾਹ[37] ਕਰਨ ਤੋਂ ਤੂੰ ਹਮੇਸ਼ਾ ਹੀ ਪਿਛੇ ਹਟ[38]।
ਨਿਕਟਿ[39] ਪੇਖੁ[40] ਪ੍ਰਭੁ ਕਰਣਹਾਰ[41] ॥ ਈਤ[42] ਊਤ[43] ਪ੍ਰਭ ਕਾਰਜ[44] ਸਾਰ[45] ॥੩॥	See[40] thou thy Creator-Lord[41] near[39] thee, and here[42] and hereafter[43], the Lord shall arrange[45] thy affairs[44].	ਤੂੰ ਆਪਣੇ ਸਿਰਜਨਹਾਰ ਸੁਆਮੀ[41] ਨੂੰ ਆਪਣੇ ਨੇੜੇ[39] ਹੀ ਵੇਖ[40] ਅਤੇ ਏਥੇ[42] ਤੇ ਓਥੇ[43], ਸੁਆਮੀ ਤੇਰੇ ਕੰਮ-ਕਾਜ[44] ਰਾਸ[45] ਕਰ ਦੇਵੇਗਾ।
ਚਰਨ[46] ਕਮਲ[47] ਸਿਉ[48] ਲਗੋ[49] ਧਿਆਨੁ[50] ॥	With[48] the Lord's lotus[47] feet[46] my attention[50] is fixed[49].	ਪ੍ਰਭੂ ਦੇ ਕੰਵਲ[47] ਰੂਪੀ ਪੈਰਾਂ[46] ਨਾਲ[48] ਮੇਰੀ ਬਿਰਤੀ[50] ਜੁੜੀ ਹੋਈ[49] ਹੈ।
ਕਰਿ[51] ਕਿਰਪਾ[52] ਪ੍ਰਭਿ ਕੀਨੋ[53] ਦਾਨੁ[54] ॥	Showering[51] His benediction[52], the Lord has blest[53] me with this gift[54].	ਆਪਣੀ ਰਹਿਮਤ[52] ਧਾਰ ਕੇ[51], ਸੁਆਮੀ ਨੇ ਮੈਨੂੰ ਇਹ ਦਾਤ[54] ਬਖਸ਼ੀ[53] ਹੈ।
ਤੇਰਿਆ ਸੰਤ ਜਨਾ[55] ਕੀ ਬਾਛਉ[56] ਧੂਰਿ[57] ॥	I long for[56] the dust[57] of Thine saints'[55] feet.	ਮੈਂ ਤੇਰੇ ਸਾਧੂਆਂ[55] ਦੇ ਪੈਰਾਂ ਦੀ ਖ਼ਾਕ[57] ਦੀ ਚਾਹਨਾ ਕਰਦਾ[56] ਹਾਂ।
ਜਪਿ[58] ਨਾਨਕ ਸੁਆਮੀ ਸਦ[60] ਹਜੂਰਿ[59] ॥੪॥੧੧॥	Abiding ever[60] in His presence[59], Nanak meditates[58] on his Lord.	ਸਦੀਵ[60] ਹੀ ਉਸ ਦੀ ਹਜ਼ੂਰੀ[59] ਅੰਦਰ ਵਸਦਾ ਹੋਇਆ, ਨਾਨਕ ਆਪਣੇ ਸਾਹਿਬ ਦਾ ਸਿਮਰਨ ਕਰਦਾ[58] ਹੈ।
ਬਸੰਤੁ ਮਹਲਾ ੫ ॥	Basant 5th Guru.	ਬਸੰਤੁ ਪੰਜਵੀਂ ਪਾਤਿਸ਼ਾਹੀ।
ਸਚੁ ਪਰਮੇਸਰੁ[61] ਨਿਤ[62] ਨਵਾ[63] ॥	My True Lord[61] is ever[62] brand-new[63].	ਮੇਰਾ ਸੱਚਾ ਸੁਆਮੀ[61] ਸਦਾ[62] ਨਵਾਂ-ਨੁੱਕ[63] ਹੈ।

ਗੁਰ ਕਿਰਪਾ[64] ਤੇ ਨਿਤ ਚਵਾ[65] ॥	By the Guru's grace[64], I ever utter[65] His Name.	ਗੁਰਾਂ ਦੀ ਦਇਆ[64] ਦੁਆਰਾ, ਮੈਂ ਸਦਾ ਉਸ ਦੇ ਨਾਮ ਨੂੰ ਉਚਾਰਦਾ[65] ਹਾਂ।
ਪ੍ਰਭ ਰਖਵਾਲੇ[66] ਮਾਈ[67] ਬਾਪ[68]॥ ਜਾਕੈ[69] ਸਿਮਰਣਿ[70] ਨਹੀ ਸੰਤਾਪ[71] ॥੧॥	The Lord is my Protector[66], my Mother[67] and Father[68], through whose[69] meditation[70] one comes not to grief[71]	ਪ੍ਰਭੂ ਮੇਰਾ ਰਾਖਾ[66], ਮੇਰੀ ਮਾਤਾ[67] ਅਤੇ ਪਿਉ[68] ਹੈ, ਜਿਸ ਦੀ[69] ਬੰਦਗੀ[70] ਰਾਹੀਂ ਬੰਦੇ ਨੂੰ ਰੰਜ-ਗ਼ਮ[71] ਨਹੀਂ ਵਿਆਪਦਾ।
ਖਸਮੁ[72] ਧਿਆਈ[73] ਇਕ ਮਨਿ[74] ਇਕ ਭਾਇ[75] ॥	With single mind[74] and even affection[75], contemplate[73] I my Master[72].	ਇਕ ਚਿਤ[74] ਤੇ ਇਕ ਸਾਰ ਪਿਆਰ[75] ਨਾਲ, ਮੈਂ ਆਪਣੇ ਮਾਲਕ[72] ਨੂੰ ਯਾਦ ਕਰਦਾ[73] ਹਾਂ।
ਗੁਰ ਪੂਰੇ[76] ਕੀ ਸਦਾ ਸਰਣਾਈ[77] ਸਾਚੈ ਸਾਹਿਬਿ ਰਖਿਆ ਕੰਠਿ[78] ਲਾਇ[79] ॥ ੧॥ ਰਹਾਉ ॥	I seek ever the refuge[77] of my Perfect[76] Guru and the True Lord keeps me clasped[79] to His bosom[78]. Pause.	ਮੈਂ ਹਮੇਸ਼ਾ ਆਪਣੇ ਪੂਰਨ[76] ਗੁਰਾਂ ਦੀ ਪਨਾਹ[77] ਲੋੜਦਾ ਹਾਂ ਅਤੇ ਸੱਚਾ ਸੁਆਮੀ ਮੈਨੂੰ ਆਪਣੀ ਛਾਤੀ[78] ਨਾਲ ਲਾਈ ਰਖਦਾ[79] ਹੈ। ਠਹਿਰਾਉ।
ਅਪਣੇ ਜਨ[80] ਪ੍ਰਭਿ ਆਪਿ ਰਖੇ[81] ॥	His slave[80], the Lord Himself saves[81].	ਆਪਣੇ ਗੋਲਿਆਂ[80] ਦੀ ਸੁਆਮੀ ਆਪੇ ਹੀ ਰੱਖਿਆ ਕਰਦਾ[81] ਹੈ।
ਦੁਸਟ[82] ਦੂਤ[83] ਸਭਿ ਭ੍ਰਮਿ[81] ਥਕੇ[85] ॥	The demons[82] and enemies[83], all have grown weary[85] of struggling[84] with him.	ਭੂਤਨੇ[82] ਤੇ ਵੈਰੀ[83], ਉਸ ਨਾਲ ਜੂਝਦੇ[84], ਸਭ ਹਾਰ ਹੁਟ[85] ਜਾਂਦੇ ਹਨ।
ਬਿਨੁ ਗੁਰ ਸਾਚੇ ਨਹੀ ਜਾਇ[86] ॥ ਦੁਖੁ[87] ਦੇਸ[88] ਦਿਸੰਤਰਿ[89] ਰਹੇ[90] ਧਾਇ[91] ॥੨॥	Without the True Guru, there is no other place[86] of rest, though men may grow weary[90] of wandering[91] in the country[88] and abroad[89], but they gather nothing but pain[87].	ਸੱਚੇ ਗੁਰਾਂ ਦੇ ਬਾਝੋਂ, ਹੋਰ ਕੋਈ ਆਰਾਮ ਦਾ ਟਿਕਾਣਾ[86] ਨਹੀਂ, ਭਾਵੇਂ ਬੰਦੇ ਮੁਲਕ[88] ਅਤੇ ਪਰਦੇਸ[89] ਅੰਦਰ ਭਟਕਦੇ[91] ਹਾਰ ਹੁਟ[90] ਜਾਣ, ਪਰ ਉਹਨਾਂ ਦੇ ਪੱਲੇ ਨਿਰੋਲ ਤਕਲੀਫ਼[87] ਹੀ ਪੈਂਦੀ ਹੈ।
ਕਿਰਤੁ[92] ਓਨ੍ਹਾ ਕਾ ਮਿਟਸਿ[93] ਨਾਹਿ ॥	The writ of their past deeds[92] can be erased[93] not.	ਉਨ੍ਹਾਂ ਦੇ ਪੂਰਬਲੇ ਕਰਮਾਂ[92] ਦੀ ਲਿਖਤਾਕਾਰ ਮੇਸੀ[93] ਨਹੀਂ ਜਾ ਸਕਦੀ।
ਓਇ ਅਪਣਾ ਬੀਜਿਆ ਆਪਿ ਖਾਹਿ ॥	They themselves eat what they have sown.	ਜਿਹੜਾ ਕੁਛ ਉਨ੍ਹਾਂ ਬੀਜਿਆ ਹੈ, ਉਸ ਨੂੰ ਉਹ ਆਪੇ ਹੀ ਖਾਂਦੇ ਹਨ।
ਜਨ[94] ਕਾ ਰਖਵਾਲਾ[95] ਆਪਿ ਸੋਇ[96] ॥	He[96], the Lord, Himself is the saviour[95] of His slave[94].	ਉਹ[96] ਸਾਹਿਬ ਖ਼ੁਦ ਹੀ ਆਪਣੇ ਗੋਲੇ[94] ਦਾ ਰਾਖਾ[95] ਹੈ।
ਜਨ ਕਉ ਪਹੁਚਿ[97] ਨ ਸਕਸਿ ਕੋਇ ॥੩॥	No one can equal[97] the Lord's slave.	ਕੋਈ ਜਣਾ ਸੁਆਮੀ ਦੇ ਗੋਲੇ ਦੀ ਬਰਾਬਰੀ[97] ਨਹੀਂ ਕਰ ਸਕਦਾ।
ਪ੍ਰਭਿ ਦਾਸ[98] ਰਖੇ[99] ਕਰਿ ਜਤਨੁ[100] ਆਪਿ ॥	Making effort[100], the Lord, of Himself protects[99] His attendant[98].	ਉਪਰਾਲਾ[100] ਧਾਰ, ਪ੍ਰਭੂ ਆਪੇ ਹੀ ਆਪਣੇ ਸੇਵਕ[98] ਦੀ ਰੱਖਿਆ ਕਰਦਾ[99] ਹੈ।
ਅਖੰਡੁ[2] ਪੂਰਨ[3] ਜਾਕਾ[4] ਪ੍ਰਤਾਪੁ[5] ॥	Such is the Lord, whose[4] glory[5] is unfailing[2] and perfect[3].	ਐਸਾ ਹੈ ਸਾਹਿਬ, ਜਿਸ ਦੀ[4] ਪ੍ਰਭਤਾ[5] ਅਟੱਲ[2] ਅਤੇ ਪੂਰੀ[3] ਹੈ।

ਗੁਣ[6] [7]ਗੋਬਿੰਦ[8] ਨਿਤ[9] ਰਸਨ[10] ਗਾਇ ॥
The praises[6] of the [7]World-Lord[8], sing thou ever[9] with thy tongue[10].
ਸ੍ਰਿਸ਼ਟੀ[7] ਦੇ ਸੁਆਮੀ[8] ਦੀਆਂ ਸਿਫਤਾਂ[6], ਤੂੰ ਹਮੇਸ਼ਾਂ[9] ਹੀ ਆਪਣੀ ਜਿਹਭਾ[10] ਨਾਲ ਗਾਇਨ ਕਰ ।

ਨਾਨਕੁ ਜੀਵੈ ਹਰਿ ਚਰਣ[12] ਧਿਆਇ[13] ॥੪॥੧੨॥
Nanak lives by meditating[13] on the God's feet[12].
ਨਾਨਕ ਵਾਹਿਗੁਰੂ ਦੇ ਪੈਰਾਂ[12] ਦਾ ਆਰਾਧਨ[13] ਕਰਨ ਦੁਆਰਾ ਜੀਊਂਦਾ ਹੈ ।

ਬਸੰਤੁ ਮਹਲਾ ੫ ॥
Basant 5th Guru.
ਬਸੰਤ ਪੰਜਵੀਂ ਪਾਤਿਸ਼ਾਹੀ ।

ਗੁਰ ਚਰਣ[14] ਸਰੇਵਤ[15] ਦੁਖੁ[16] ਗਇਆ[17] ॥
Contemplating[15] the Guru's feet[14], one is rid of[17] one's grief[16].
ਗੁਰਾਂ ਦੇ ਪੈਰਾਂ[14] ਦਾ ਸਿਮਰਨ[15] ਕਰਨ ਦੁਆਰਾ, ਬੰਦਾ ਆਪਣੇ ਰੰਜ-ਗ਼ਮ[16] ਤੋਂ ਖ਼ਲਾਸੀ ਪਾ ਜਾਂਦਾ[17] ਹੈ।

ਪਾਰਬ੍ਰਹਮਿ[18] ਪ੍ਰਭਿ ਕਰੀ[19] ਮਇਆ[20] ॥
The Transcendent[18] Lord has shown[19] mercy[20] unto me.
ਪ੍ਰਮ[18] ਪ੍ਰਭੂ ਨੇ ਮੇਰੇ ਉਤੇ ਮਿਹਰ[20] ਧਾਰੀ[19] ਹੈ ।

ਸਰਬ ਮਨੋਰਥ[21] ਪੂਰਨ[22] ਕਾਮ[23] ॥
All my desires[21] and tasks[23] are accomplished[22].
ਮੇਰੀਆਂ ਸਾਰੀਆਂ ਖ਼ਾਹਿਸ਼ਾਂ[21] ਤੇ ਕਾਰਜ[23] ਪੂਰੇ ਹੋ ਗਏ[22] ਹਨ ।

ਜਪਿ[24] ਜੀਵੈ ਨਾਨਕੁ ਰਾਮ ਨਾਮ ॥੧॥
Nanak lives by uttering[24] the Lord's Name.
ਨਾਨਕ ਪ੍ਰਭੂ ਦੇ ਨਾਮ ਦਾ ਉਚਾਰਨ[24] ਕਰ ਕੇ ਜੀਊਂਦਾ ਹੈ ।

ਸਾ[25] ਰੁਤਿ[26] ਸੁਹਾਵੀ[27] ਜਿਤੁ ਹਰਿ ਚਿਤਿ[28] ਆਵੈ ॥
Beauteous[27] is the[25] season[26], when the Lord is meditated upon[28].
ਸੁੰਦਰ[27] ਹੈ ਉਹ[25] ਮੌਸਮ[26], ਜਦ ਸੁਆਮੀ ਸਿਮਰਿਆ[28] ਜਾਂਦਾ ਹੈ ।

ਬਿਨੁ ਸਤਿਗੁਰ ਦੀਸੈ[29] ਬਿਲਲਾਂਤੀ[30] ਸਾਕਤੁ[31] ਫਿਰਿ[32] ਫਿਰਿ ਆਵੈ ਜਾਵੈ ॥੧॥ ਰਹਾਉ ॥
Without the True Guru, the world is seen[29] wailing[30]. The mammon-worshipper[31] comes and goes again and again[32]. Pause.
ਸੱਚੇ ਗੁਰਾਂ ਦੇ ਬਗ਼ੈਰ ਦੁਨੀਆਂ ਵਿਲਕਦੀ[30] ਵੇਖੀ[29] ਜਾਂਦੀ ਹੈ । ਮਾਇਆ ਦਾ ਪੁਜਾਰੀ[31] ਮੁੜ ਮੁੜ[32] ਕੇ ਆਉਂਦਾ ਤੇ ਜਾਂਦਾ ਹੈ । ਠਹਿਰਾਉ ।

੧੧੮੪ 1184 ੧੧੮੪

ਸੇ[33] ਧਨਵੰਤ[34] ਜਿਨ ਹਰਿ ਪ੍ਰਭੁ[35] ਰਾਸਿ[36] ॥
They[33] alone are rich[34], who possess the capital[36] of the God's Name[35].
ਕੇਵਲ ਉਹ[33] ਹੀ ਧਨਾਢ[34] ਹਨ, ਜਿਨ੍ਹਾਂ ਦੇ ਪੱਲੇ ਵਾਹਿਗੁਰੂ ਦੇ ਨਾਮ[35] ਦੀ ਪੂੰਜੀ[36] ਹੈ ।

ਕਾਮ[37] ਕ੍ਰੋਧ[38] ਗੁਰ ਸਬਦਿ[39] ਨਾਸਿ[40] ॥
Through the Guru's word[39], their lust[37] and wrath[38] are destroyed[40].
ਗੁਰਾਂ ਦੀ ਬਾਣੀ[39] ਰਾਹੀਂ ਉਨ੍ਹਾਂ ਦੀ ਕਾਮਚੇਸ਼ਟਾ[37] ਅਤੇ ਗੁੱਸਾ[38] ਨਸ਼ਟ ਹੋ ਜਾਂਦੇ[40] ਹਨ ।

ਭੈ[41] ਬਿਨਸੇ[42] ਨਿਰਭੈ[43] ਪਦੁ[44] ਪਾਇਆ ॥
Their fear[41] is dispelled[42] and they attain to the fearless[43] status[44].
ਉਨ੍ਹਾਂ ਦਾ ਡਰ[41] ਨਵਿਰਤ ਹੋ ਜਾਂਦਾ[42] ਹੈ ਅਤੇ ਉਹ ਭੈ-ਰਹਿਤ[43] ਪਦਵੀ[44] ਨੂੰ ਪਾ ਲੈਂਦੇ ਹਨ ।

ਗੁਰ ਮਿਲਿ ਨਾਨਕਿ ਖਸਮੁ[45] ਧਿਆਇਆ[46] ॥੨॥
Meeting with the Guru, Nanak meditates[46] on his Lord[45].
ਗੁਰਾਂ ਨਾਲ ਮਿਲ ਕੇ ਨਾਨਕ ਆਪਣੇ ਸੁਆਮੀ[45] ਦਾ ਸਿਮਰਨ ਕਰਦਾ[46] ਹੈ ।

ਸਾਧ ਸੰਗਤਿ ਪ੍ਰਭਿ ਕੀਓ ਨਿਵਾਸ[47] ॥
The Lord abides[47] in the saints' congregation.
ਸਾਹਿਬ ਸਤਿਸੰਗਤ ਅੰਦਰ ਵਸਦਾ[47] ਹੈ ।

ਹਰਿ ਜਪਿ[48] ਜਪਿ ਹੋਈ ਪੂਰਨ[49] ਆਸ[50] ॥
Contemplating[48],contemplating God one's hopes[50] are fulfilled[49].
ਵਾਹਿਗੁਰੂ ਦਾ ਸਿਮਰਨ[48], ਸਿਮਰਨ ਕਰਨ ਦੁਆਰਾ ਜੀਵ ਦੀਆਂ ਉਮੈਦਾਂ[50] ਪੂਰੀਆਂ ਹੋ ਜਾਂਦੀਆਂ[49] ਹਨ ।

ਜਲਿ[51] ਥਲਿ[52] ਮਹੀਅਲਿ[53] ਰਵਿ ਰਹਿਆ[54] ॥
The Lord is contained[54] in water[51], dry-land[52] and the firmament[53].
ਸੁਆਮੀ ਪਾਣੀ[51], ਸੁੱਕੀ ਧਰਤੀ[52] ਅਤੇ ਆਕਾਸ਼[53] ਅੰਦਰ ਰਮ ਰਿਹਾ[54] ਹੈ ।

ਗੁਰ ਮਿਲਿ ਨਾਨਕਿ ਹਰਿ ਹਰਿ[55]ਕਹਿਆ[56] ॥੩॥	Meeting with the Guru, Nanak utters[56] the God's Name[55].	ਗੁਰਾਂ ਨਾਲ ਮਿਲ ਕੇ, ਨਾਨਕ ਵਾਹਿਗੁਰੂ ਦੇ ਨਾਮ[55] ਦਾ ਉਚਾਰਨ ਕਰਦਾ[56] ਹੈ।
ਅਸਟ[57]ਸਿਧਿ[58]ਨਵਨਿਧਿ[59] ਏਹ ॥ ਕਰਮ[60] ਪਰਾਪਤਿ[61] ਜਿਸੁ[62] ਨਾਮੁ ਦੇਹ[63] ॥	Whosoever[62] is the recipient[61] of Thy grace[60], him Thou givest[63] thy Name ; for him this Name is the eight[57] supernatural powers[58] and also the nine treasures[59].	ਜੋ ਕੋਈ ਭੀ[62] ਤੇਰੀ ਮਿਹਰ[60] ਦਾ ਪਾਤ੍ਰ[61] ਹੈ, ਉਸ ਨੂੰ ਤੂੰ ਆਪਣਾ ਨਾਮ ਬਖ਼ਸ਼ਦਾ[63] ਹੈਂ; ਉਸ ਲਈ ਇਹ ਨਾਮ ਹੀ ਅੱਠ[57] ਕਰਾਮਾਤੀ ਸ਼ਕਤੀਆਂ[58] ਹੈ ਤੇ ਇਹ ਹੀ ਨੌਂ ਖ਼ਜ਼ਾਨੇ[59]।
ਪ੍ਰਭ ਜਪਿ[64] ਜਪਿ ਜੀਵਹਿ ਤੇਰੇ ਦਾਸ[65] ॥	O Lord, Thy slaves[65] live by contemplating[64] and remembering Thee.	ਹੇ ਸੁਆਮੀ ! ਤੇਰੇ ਗੋਲੇ[65] ਤੇਰਾ ਆਰਾਧਨ[64] ਅਤੇ ਸਿਮਰਨ ਕਰਨ ਦੁਆਰਾ ਜੀਉਂਦੇ ਹਨ।
ਗੁਰਮਿਲਿ ਨਾਨਕ ਕਮਲ[66] ਪ੍ਰਗਾਸਿ[67] ॥੪॥੧੩॥	Meeting with the Guru, O Nanak, the heart-lotus[66] blossoms[67].	ਗੁਰਾਂ ਨਾਲ ਮਿਲਣ ਦੁਆਰਾ, ਹੇ ਨਾਨਕ ! ਦਿਲ ਕੰਵਲ[66] ਖਿੜ ਜਾਂਦਾ[67] ਹੈ।
ਬਸੰਤੁ ਮਹਲਾ ੫ ॥ ਘਰੁ ੧ ਇਕ ਤੁਕੇ	Basant 5th Guru. Ik-tukey	ਬਸੰਤ ਪੰਜਵੀਂ ਪਾਤਿਸ਼ਾਹੀ ਇਕ ਤੁਕੇ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਸਗਲ ਇਛਾ[68] ਜਪਿ[69] ਪੁੰਨੀਆ[70] ॥ ਪ੍ਰਭਿ ਮੇਲੇ ਚਿਰੀ[71] ਵਿਛੁੰਨਿਆ[72] ॥੧॥	Contemplating[69] the Lord, all aspirations[68] are fulfilled[70] and the mortal meets with his Lord, after a long[71] separation[72].	ਸੁਆਮੀ ਦਾ ਸਿਮਰਨ[69] ਕਰਨ ਦੁਆਰਾ, ਸਾਰੀਆਂ ਕਾਮਨਾਂ[68] ਪੂਰੀਆਂ ਹੋ ਜਾਂਦੀਆਂ[70] ਹਨ ਅਤੇ ਪ੍ਰਾਣੀ ਦੇਰ[71] ਦੇ ਵਿਛੋੜੇ[72] ਪਿਛੋਂ ਸੁਆਮੀ ਨੂੰ ਮਿਲ ਪੈਂਦਾ ਹੈ।
ਤੁਮ ਰਵਹੁ[73] ਗੋਬਿੰਦੈ[74] ਰਵਣ ਜੋਗੁ[75] ॥ ਜਿਤੁ[76] ਰਵਿਐ ਸੁਖ[77] ਸਹਜ[78] ਭੋਗੁ[79] ॥੧॥ ਰਹਾਉ ॥	Meditate[73] thou on thy Lord[74], who is worthy[75] of meditation, and remembering whom[76] one enjoys[79] peace[77] and poise[78].	ਤੂੰ ਆਪਣੇ ਸੁਆਮੀ[74] ਦਾ ਸਿਮਰਨ[73] ਕਰ, ਜੋ ਸਿਮਰਨ ਕਰਨ ਦੇ ਲਾਇਕ[75] ਹੈ ਅਤੇ ਜਿਸ[76] ਨੂੰ ਯਾਦ ਕਰਨ ਦੁਆਰਾ, ਜੀਵ ਆਰਾਮ[77] ਤੇ ਅਡੋਲਤਾ[78] ਮਾਣਦਾ[79] ਹੈ।
ਕਰਿ[80] ਕਿਰਪਾ[81] ਨਦਰਿ[82] ਨਿਹਾਲਿਆ[83] ॥	Showing[80] His mercy[81], the Lord beholds[83] me with His eye of grace[82].	ਆਪਣੀ ਮਿਹਰ[81] ਧਾਰ[80] ਕੇ ਸੁਆਮੀ ਮੈਨੂੰ ਆਪਣੀ ਰਹਿਮਤ[82] ਦੀ ਅੱਖ ਨਾਲ ਵੇਖਦਾ[83] ਹੈ।
ਅਪਣਾ ਦਾਸੁ[84] ਆਪਿ ਸਮਾਲਿਆ[85] ॥੨॥	He Himself takes care[85] of His servant[84].	ਉਹ ਖ਼ੁਦ ਹੀ ਆਪਣੇ ਸੇਵਕ[84] ਦੀ ਸੰਭਾਲ ਕਰਦਾ[85] ਹੈ।
ਸੇਜ[86] ਸੁਹਾਵੀ[87] ਰਸਿ[88] ਬਨੀ[89] ॥ ਆਇ ਮਿਲੇ ਪ੍ਰਭ[90] ਸੁਖ[91] ਧਨੀ[92] ॥੩॥	Through the Lord's love[88] my couch[86] has been rendered[89] beauteous[87] and the peace-giving[91] Lord[90] Master[92] has come and met me.	ਪ੍ਰਭੂ ਦੀ ਪ੍ਰੀਤ[88] ਰਾਹੀਂ ਮੇਰੀ ਸੇਜ[86] ਸੁੰਦਰ[87] ਬਣ ਗਈ[89] ਹੈ ਅਤੇ ਆਰਾਮ ਬਖ਼ਸ਼ਣਹਾਰ[91] ਸੁਆਮੀ[90] ਮਾਲਕ[92] ਆ ਕੇ ਮੈਨੂੰ ਮਿਲ ਪਿਆ ਹੈ।

ਮੇਰਾ ਗੁਣੁ[93] ਅਵਗੁਣੁ[94] ਨ ਬੀਚਾਰਿਆ[95] ॥ ਪ੍ਰਭ ਨਾਨਕ ਚਰਣ[96] ਪੂਜਾਰਿਆ[97]॥੪॥੧॥੧੪॥	My merits[93] and demerits[94], He has not taken into consideration[95] and so Nanak ever worships[97] the Lord's feet[96].	ਉਸ ਨੇ ਮੇਰੀਆਂ ਨੇਕੀਆਂ[93] ਤੇ ਬਦੀਆਂ[94] ਵੱਲ ਧਿਆਨ[95] ਨਹੀਂ ਕੀਤਾ ਅਤੇ ਇਸ ਲਈ ਨਾਨਕ ਸਦਾ ਹੀ ਸੁਆਮੀ ਦੇ ਪੈਰ[96] ਪੂਜਦਾ[97] ਹੈ।
ਬਸੰਤੁ ਮਹਲਾ ੫ ॥	Basant 5th Guru.	ਬਸੰਤ ਪੰਜਵੀਂ ਪਾਤਿਸ਼ਾਹੀ।
ਕਿਲ ਬਿਖ[98] ਬਿਨਸੇ[99] ਗਾਇ ਗੁਨਾ[100] ॥ ਅਨਦਿਨੁ[2] ਉਪਜੀ[3] ਸਹਜ[4] ਧੁਨਾ[5] ॥੧॥	Singing the Lord's praise[100], my sins[98] are effaced[99] and the melody[5] of joy[4] ever[2] wells up[3] within me.	ਪ੍ਰਭੂ ਦਾ ਜੱਸ[100] ਗਾਉਣ ਦੁਆਰਾ, ਮੇਰੇ ਪਾਪ[98] ਮਿਟ ਗਏ[99] ਹਨ ਅਤੇ ਖੁਸ਼ੀ[4] ਦਾ ਰਾਗ[5] ਸਦੀਵ[2] ਹੀ ਮੇਰੇ ਅੰਦਰ ਉਤਪੰਨ ਹੁੰਦਾ[3] ਹੈ।
ਮਨੁ[6] ਮਉਲਿਓ[7] ਹਰਿ ਚਰਨ[8] ਸੰਗਿ[9] ॥	My soul[6] has flowered[7] coming in contact with[9] the God's feet[8].	ਵਾਹਿਗੁਰੂ ਦੇ ਪੈਰਾਂ[8] ਦੇ ਨਾਲ[9] ਲੱਗ ਕੇ, ਮੇਰੀ ਆਤਮਾ[6] ਪ੍ਰਫੁਲਤ ਹੋ ਗਈ[7] ਹੈ।
ਕਰਿ ਕਿਰਪਾ[10] ਸਾਧੂ[12] ਜਨ ਭੇਟੇ[13] ਨਿਤ[14] ਰਾਤੈ[15] ਹਰਿ ਨਾਮ ਰੰਗਿ[16] ॥ ੧ ॥ ਰਹਾਉ ॥	The holymen[12] have mercifully[10] met[13] me, and I now ever[14] remain dyed[15] with the love[16] of the Lord's Name. Pause.	ਨੇਕ ਬੰਦੇ[12], ਦਇਆ ਧਾਰ[10] ਕੇ ਮੈਨੂੰ ਮਿਲ ਪਏ[13] ਹਨ, ਅਤੇ ਹੁਣ ਮੈਂ ਸਦਾ[14] ਪ੍ਰਭੂ ਦੇ ਨਾਮ ਦੇ ਪ੍ਰੇਮ[16] ਨਾਲ ਰੰਗਿਆ ਰਹਿੰਦਾ[15] ਹਾਂ। ਠਹਿਰਾਉ।
ਕਰਿ ਕਿਰਪਾ[17] ਪ੍ਰਗਟੇ[18] ਗੋਪਾਲ[19] ॥ ਲੜਿ[20] ਲਾਇ[21] ਉਧਾਰੇ[22] ਦੀਨ[23] ਦਇਆਲ[24] ॥੨॥	In His mercy[17], the Lord[19] has become manifest[18] unto my mind and attaching[21] to His skirt[20], the Lord, Merciful[24] to the meek[23], has delivered[22] me.	ਆਪਣੀ ਮਿਹਰ ਧਾਰ[17], ਪ੍ਰਭੂ[19] ਮੇਰੇ ਮਨ ਅੰਦਰ ਪ੍ਰਤੱਖ[18] ਹੋ ਗਿਆ ਹੈ ਅਤੇ ਆਪਣੇ ਪੱਲੇ[20] ਨਾਲ ਜੋੜ[21], ਮਸਕੀਨਾਂ[23] ਤੇ ਮਿਹਰਬਾਨ[24] ਪ੍ਰਭੂ ਨੇ ਮੇਰਾ ਪਾਰ ਉਤਾਰਾ[22] ਕਰ ਦਿੱਤਾ ਹੈ।
ਇਹੁ ਮਨੁ[25] ਹੋਆ ਸਾਧ ਧੂਰਿ[26] ॥ ਨਿਤ[27] ਦੇਖੈ ਸੁਆਮੀ ਹਜੂਰਿ[28] ॥੩॥	This soul[25] has become the dust[26] of the saints' feet and sees his Lord ever[27] present[28].	ਇਹ ਆਤਮਾ[25] ਸੰਤਾਂ ਦੇ ਪੈਰਾਂ ਦੀ ਧੂੜ[26] ਹੋ ਗਈ ਹੈ ਅਤੇ ਆਪਣੇ ਸਾਹਿਬ ਨੂੰ ਸਦਾ[27] ਅੰਗ ਸੰਗ[28] ਵੇਖਦੀ ਹੈ।
ਕਾਮ[29] ਕ੍ਰੋਧ[30] ਤ੍ਰਿਸਨਾ[31] ਗਈ[32] ॥ ਨਾਨਕ ਪ੍ਰਭ ਕਿਰਪਾ[33] ਭਈ ॥੪॥੨॥੧੫॥	My lust[29], wrath[30] and craving[31] have vanished[32], and the Lord has become Merciful[33] unto me, O Nanak.	ਮੇਰੀ ਕਾਮ ਚੇਸ਼ਟਾ[29], ਗੁੱਸਾ[30] ਅਤੇ ਲਾਲਸਾ[31] ਅਲੋਪ ਹੋ ਗਈਆਂ[32] ਹਨ ਅਤੇ ਸੁਆਮੀ ਮੇਰੇ ਤੇ ਮਇਆਵਾਨ[33] ਹੋ ਗਿਆ ਹੈ, ਹੇ ਨਾਨਕ!
ਬਸੰਤੁ ਮਹਲਾ ੫ ॥	Basant 5th Guru.	ਬਸੰਤ ਪੰਜਵੀਂ ਪਾਤਿਸਾਹੀ।
ਰੋਗੁ[34] ਮਿਟਾਏ[35] ਪ੍ਰਭੂ ਆਪਿ ॥ ਬਾਲਕ[36] ਰਾਖੇ[37] ਅਪਨੇ ਕਰ[38] ਥਾਪਿ[39] ॥ ੧ ॥	The Lord Himself has eradicated[35] the ailments[34] and patting[39] with His hands[38] has protected[37] the child[36].	ਸਾਹਿਬ ਨੇ ਖੁਦ ਹੀ ਬੀਮਾਰੀਆਂ[34] ਦੂਰ ਕਰ ਦਿੱਤੀਆਂ[35] ਹਨ ਅਤੇ ਆਪਣੇ ਹਥਾਂ[38] ਦੀ ਥਾਪਨਾ ਦੇ[39] ਬੱਚੇ[36] ਨੂੰ ਬਚਾ ਲਿਆ[37] ਹੈ।
ਸਾਂਤਿ[40] ਸਹਜ[41] ਗ੍ਰਿਹਿ[42] ਸਦ[43] ਬਸੰਤੁ[44] ॥	Peace[40], poise[41] and pleasure[44] ever[43] abide in my home[42].	ਮੇਰੇ ਘਰ[42] ਅੰਦਰ ਹਮੇਸ਼ਾ[43] ਆਰਾਮ[40], ਅਡੋਲਤਾ[41] ਤੇ ਅਨੰਦ[44] ਵਸਦੇ ਹਨ।

ਗੁਰ ਪੂਰੇ[45] ਕੀ ਸਰਣੀ[46] ਆਏ[47] ਕਲਿਆਣ[48] ਰੂਪ[49] ਜਪਿ[50] ਹਰਿ ਹਰਿ[51] ਮੰਤੁ[52] ॥੧॥ਰਹਾਉ॥	I have sought[47] the refuge[46] of the perfect[45] Guru, and utter[50] the Name[52] of the Lord Master[51], who is the embodiment[49] of emancipation[48] Pause.	ਮੈਂ ਪੂਰਨ[45] ਗੁਰਾਂ ਦੀ ਪਨਾਹ[46] ਲਈ[47] ਹੈ ਅਤੇ ਸੁਆਮੀ ਮਾਲਕ[51] ਦੇ ਨਾਮ[52] ਨੂੰ ਉਚਾਰਦਾ[50] ਹਾਂ, ਜੋ ਕਿ ਮੋਖਸ਼[48] ਦਾ ਸਰੂਪ[49] ਹੈ । ਠਹਿਰਾਉ ।
ਸੋਗ[54] ਸੰਤਾਪ[55] ਕਟੇ[56] ਪ੍ਰਭਿ ਆਪਿ ॥ ਗੁਰ ਅਪੁਨੇ ਕਉ ਨਿਤ ਨਿਤ[57] ਜਾਪਿ[58] ॥੨॥	My sorrow[54] and suffering[55] the Lord Himself has dispelled[56], and ever[57], ever meditate[58] I on my Guru.	ਮੇਰਾ ਸ਼ੋਕ[54] ਤੇ ਦੁੱਖ[55] ਸਾਹਿਬ ਨੇ ਖ਼ੁਦ ਦੂਰ ਕਰ ਦਿਤੇ[56] ਹਨ ਅਤੇ ਹਮੇਸ਼ਾ[57], ਹਮੇਸ਼ਾ ਹੀ ਮੈਂ ਆਪਣੇ ਗੁਰਾਂ ਦਾ ਆਰਾਧਨ[58] ਕਰਦਾ ਹਾਂ।
ਜੋ ਜਨੁ[59] ਤੇਰਾ ਜਪੇ[60] ਨਾਉ ॥ ਸਭਿ ਫਲ[61] ਪਾਏ ਨਿਹਚਲ[62] ਗੁਨ[63] ਗਾਉ ॥੩॥	The man[59], who utters[60] Thy Name, O Lord, obtains all fruits[61], and becoming moveless[62], he sings Thine praises[63].	ਜਿਹੜਾ ਇਨਸਾਨ[59] ਤੇਰੇ ਨਾਮ ਦਾ ਉਚਾਰਨ ਕਰਦਾ[60] ਹੈ ਹੇ ਸੁਆਮੀ ! ਉਹ ਸਾਰੇ ਮੇਵੇ[61] ਪਾ ਲੈਂਦਾ ਹੈ ਅਤੇ ਅਹਿੱਲ[62] ਹੋ, ਉਹ ਤੇਰੀਆਂ ਸਿਫ਼ਤਾਂ[63] ਗਾਇਨ ਕਰਦਾ ਹੈ ।
ਨਾਨਕ ਭਗਤਾ[64] ਭਲੀ[65] ਰੀਤਿ[66] ॥	Nanak, sublime[65] is the way[66] of the God's devotees[64].	ਨਾਨਕ, ਸਰੇਸ਼ਟ[65] ਹੈ ਤਰੀਕਾ[66] ਵਾਹਿਗੁਰੂ ਦੇ ਵੈਰਾਗੀਆਂ[64] ਦਾ ।
ਸੁਖਦਾਤਾ[67] ਜਪਦੇ[68] ਨੀਤ[69] ਨੀਤਿ ॥੪॥੩॥੧੬॥	Ever, ever[69] meditate[68] they on their peace-giving[67] Lord.	ਸਦਾ[69] ਸਦਾ ਉਹ ਆਪਣੇ ਆਰਾਮ-ਬਖ਼ਸ਼ਣਹਾਰ[67] ਸੁਆਮੀ ਦਾ ਸਿਮਰਨ ਕਰਦੇ[68] ਹਨ ।
ਬਸੰਤੁ ਮਹਲਾ ੫ ॥	**Basant 5th Guru.**	ਬਸੰਤ ਪੰਜਵੀਂ ਪਾਤਿਸ਼ਾਹੀ ।
ਹੁਕਮੁ[70] ਕਰਿ ਕੀਨੇ ਨਿਹਾਲ[71] ॥ ਅਪਨੇ ਸੇਵਕ[72] ਕਉ ਭਇਆ ਦਇਆਲੁ[73] ॥੧॥	The Lord becomes Merciful[73] unto His servant[72], and in His will[70] makes him happy[71].	ਸੁਆਮੀ ਆਪਣੇ ਟਹਿਲੂਏ[72] ਤੇ ਮਿਹਰਬਾਨ[73] ਹੋ ਜਾਂਦਾ ਹੈ ਅਤੇ ਆਪਣੀ ਰਜ਼ਾ[70] ਅੰਦਰ ਉਸ ਨੂੰ ਪ੍ਰਸੰਨ[71] ਕਰ ਦਿੰਦਾ ਹੈ ।
ਗੁਰਿ ਪੂਰੈ[74] ਸਭੁ[75] ਪੂਰਾ[76] ਕੀਆ ॥	The perfect[74] Guru makes him all[75] perfect[76].	ਪੂਰਨ[74] ਗੁਰਦੇਵ ਜੀ ਉਸ ਨੂੰ ਸਮੂਹ[75] ਤੌਰ ਤੇ ਪੂਰਨ[76] ਕਰ ਦਿੰਦੇ ਹਨ ।
ਅੰਮ੍ਰਿਤੁ[77] ਨਾਮੁ ਰਿਦ[78] ਮਹਿ[79] ਦੀਆ[80] ॥੧॥ ਰਹਾਉ॥	He enshrines[80] the Nectar-Name[77] within[79] his mind[78]. Pause.	ਉਹ ਸੁਧਾਸਰੂਪ-ਨਾਮ[77] ਨੂੰ ਉਸ ਦੇ ਮਨ[78] ਅੰਦਰ[79] ਟਿਕਾ ਦਿੰਦੇ[80] ਹਨ । ਠਹਿਰਾਉ ।
੧੧੮੫	**1185**	**੧੧੮੫**
ਕਰਮੁ[81] ਧਰਮੁ[82] ਮੇਰਾ ਕਛੁ ਨ ਬੀਚਾਰਿਓ[83] ॥ ਬਾਹ[84] ਪਕਰਿ[85] [86]ਭਵਜਲੁ[87] ਨਿਸਤਾਰਿਓ[88] ॥੨॥	God has minded[83] not my action[81] and virtues[82] and holding[85] me by the arm[84] has ferried[88] me across the dreadful[86] world-ocean[87].	ਵਾਹਿਗੁਰੂ ਨੇ ਮੇਰਿਆਂ ਅਮਲਾਂ[81] ਅਤੇ ਨੇਕੀਆਂ[82] ਦਾ ਖ਼ਿਆਲ[83] ਨਹੀਂ ਕੀਤਾ ਅਤੇ ਭੁਜਾ[84] ਤੋਂ ਪਕੜ[85] ਕੇ ਮੈਨੂੰ ਭਿਆਨਕ[86] ਸੰਸਾਰ-ਸਮੁੰਦਰ[87] ਤੋਂ ਪਾਰ ਕਰ ਦਿਤਾ[88] ਹੈ ।
ਪ੍ਰਭਿ ਕਾਟਿ[89] ਮੈਲੁ[90] ਨਿਰਮਲੁ[91] ਕਰੇ ॥	The Lord has rid[89] me of my filth[90] and made me pure[91].	ਪ੍ਰਭੂ ਨੇ ਮੇਰੀ ਗੰਦਗੀ[90] ਉਤਾਰ[89] ਮੈਨੂੰ ਪਵਿੱਤਰ[91] ਕਰ ਦਿੱਤਾ ਹੈ ।

ਗੁਰ ਪੂਰੇ[92] ਕੀ ਸਰਣੀ[93] ਪਰੇ[94] ॥੩॥	I have sought[94] the protection[93] of the perfect[92] Guru.	ਮੈਂ ਪੂਰਨ[92] ਗੁਰਾਂ ਦੀ ਪਨਾਹ[93] ਲਈ[94] ਹੈ।
ਆਪਿ ਕਰਹਿ ਆਪਿ ਕਰਣੈਹਾਰੇ[95] ॥	The Lord, of Himself, does and of Himself, causes everything to be done[95].	ਸੁਆਮੀ ਆਪੇ ਕਰਦਾ ਹੈ ਅਤੇ ਆਪੇ ਹੀ, ਸਭ ਕੁਛ ਕਰਵਾਉਂਦਾ[95] ਹੈ।
ਕਰਿ[96] ਕਿਰਪਾ[97] ਨਾਨਕ ਉਧਾਰੇ[98]॥੪॥੪॥੧੭॥	Showering[96] His benediction[97], the Lord has emancipated[98] Nanak.	ਆਪਣੀ ਰਹਿਮਤ[97] ਧਾਰ[96] ਕੇ, ਪ੍ਰਭੂ ਨੇ ਨਾਨਕ ਦਾ ਪਾਰ ਉਤਾਰਾ ਕਰ ਦਿੱਤਾ[98] ਹੈ।
ਬਸੰਤੁ ਮਹਲਾ ੫ ॥	Basant 5th Guru.	ਬਸੰਤ ਪੰਜਵੀਂ ਪਾਤਿਸ਼ਾਹੀ।
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਦੇਖੁ[99] ਫੂਲ[100] ਫੂਲ[2] ਫੂਲੇ[3] ॥	Beholding[99] the blossoming[100] flowers[2], my soul is flowering[3].	ਖਿੜਦਿਆਂ[100] ਫੁੱਲਾਂ[2] ਨੂੰ ਵੇਖ[99], ਮੇਰੀ ਆਤਮਾ ਪ੍ਰਫੁਲਤ[3] ਹੋ ਰਹੀ ਹੈ।
[4]ਅਹੰ ਤਿਆਗਿ[5] ਤਿਆਗੇ॥ ਚਰਨ[6] ਕਮਲ[7] ਪਾਗੇ[8] ॥	Abandoning[5] and forsaking my self-conceit[4] I am absorbed[8] in the Lord's lotus[7] feet[6].	ਆਪਣੀ ਸਵੈ-ਹੰਗਤਾ[4] ਨੂੰ ਛੱਡ ਤੇ ਤਲਾਂਜਲੀ[5] ਦੇ, ਮੈਂ ਪ੍ਰਭੂ ਦੇ ਕੰਵਲ[7]-ਪੈਰਾਂ[6] ਅੰਦਰ ਲੀਨ[8] ਹੋ ਗਿਆ ਹਾਂ।
ਤੁਮ ਮਿਲਹੁ ਪ੍ਰਭ ਸਭਾਗੇ[9] ॥	O fortunate[9] one, meet thou with thy Lord.	ਹੇ ਭਾਗਾਂ ਵਾਲਿਆ[9]! ਤੂੰ ਆਪਣੇ ਸੁਆਮੀ ਨਾਲ ਮਿਲ।
ਹਰਿ ਚੇਤਿ[10] ਮਨ[12] ਮੇਰੇ ॥ ਰਹਾਉ ॥	O my soul[12], remember[10] thou thy God. Pause.	ਹੇ ਮੇਰੀ ਜਿੰਦੜੀਏ[12]! ਤੂੰ ਆਪਣੇ ਵਾਹਿਗੁਰੂ ਦਾ ਸਿਮਰਨ[10] ਕਰ। ਠਹਿਰਾਉ।
ਸਘਨ[13] ਬਾਸੁ[14] ਕੂਲੇ[15] ॥	The tender[15] trees emit abundant[13] fragrance[14].	ਨਰਮ[15] ਬਿਰਛ ਘਣੇਰੀ[13] ਖੁਸ਼ਬੂ[14] ਦਿੰਦੇ ਹਨ।
ਇਕਿ[16] ਰਹੇ ਸੂਕਿ[17] ਕਠੂਲੇ[18] ॥	Some[16] remain dry[17] like wood[18].	ਕਈ[16] ਲੱਕੜੀ[18] ਦੀ ਮਾਨੰਦ ਖੁਸ਼ਕ[17] ਰਹਿੰਦੇ ਹਨ।
ਬਸੰਤ[19] ਰੁਤਿ[20] ਆਈ [21]ਪਰਫੂਲਤਾ[22] ਰਹੇ ॥੧॥	The spring[19] season[20] has come and it now blossoms[22] luxuriantly[21].	ਬਹਾਰ[19] ਦੀ ਮੌਸਮ[20] ਆ ਗਈ ਹੈ ਅਤੇ ਇਹ ਹੁਣ ਨਿਹਾਇਤ[21] ਹੀ ਪ੍ਰਫੁਲਤ[22] ਹੁੰਦਾ ਹੈ।
ਅਬ[23] ਕਲੂ[24] ਆਇਓ ਰੇ[25] ॥	O[25], the Darkage[24] has now[23] arrived.	ਓ[25]! ਹੁਣ[23] ਕਲਜੁਗ[24] ਆ ਗਿਆ ਹੈ।
ਇਕੁ[26] ਨਾਮੁ ਬੋਵਹੁ[27] ਬੋਵਹੁ ॥	Sow[27], sow thou the one Lord's[26] Name.	ਤੂੰ ਇਕ ਪ੍ਰਭੂ[26] ਦੇ ਨਾਮ ਨੂੰ ਹੀ ਬੀਜ[27], ਬੀਜ।
ਅਨ[28] ਰੁਤਿ[29] ਨਾਹੀ ਨਾਹੀ ॥	No, it is not the season[29] for other[28] planting.	ਨਹੀਂ, ਇਹ ਹੋਰ ਕੁਛ[28] ਬੀਜਣ ਦਾ ਮੌਸਮ[29] ਨਹੀਂ।
ਮਤੁ[30] ਭਰਮਿ[31] ਭੂਲਹੁ[32] ਭੂਲਹੁ ॥	Wander[32] and stray thou not[30] in doubt[31].	ਤੂੰ ਸੰਦੇਹ[31] ਅੰਦਰ ਭਟਕ[32] ਅਤੇ ਭੁੱਲ ਨਾ[30]।

ਗੁਰ ਮਿਲੇ ਹਰਿ ਪਾਏ[33] ॥ ਜਿਸੁ ਮਸਤਕਿ[34] ਹੈ ਲੇਖਾ[35] ॥

He, on whose forehead[34], such destiny is writ[35], attains[33] to his God, on meeting the Guru.

ਜਿਸ ਦੇ ਮੱਥੇ[34] ਉਤੇ ਐਸੀ ਪ੍ਰਾਲਬਧ ਲਿਖੀ[35] ਹੋਈ ਹੈ, ਉਹ ਗੁਰਾਂ ਨੂੰ ਮਿਲ ਕੇ ਆਪਣੇ ਹਰੀ ਨੂੰ ਪਾ ਲੈਂਦਾ[33] ਹੈ।

ਮਨ ਰੁਤਿ[36] ਨਾਮ ਰੇ ॥

O my soul, this is the season[36] to remember the Name.

ਹੇ ਮੇਰੀ ਜਿੰਦੇ ! ਇਹ ਮੌਸਮ[36] ਨਾਮ ਦਾ ਸਿਮਰਨ ਕਰਨ ਦਾ ਹੈ।

ਗੁਨ[37] ਕਹੇ[38] ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥

Nanak utters[38] ever the God, God, God, God's praise[37].

ਨਾਨਕ ਸਦੀਵ ਹੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਮਹਿਮਾ[37] ਉਚਾਰਨ ਕਰਦਾ[38] ਹੈ।

ਬਸੰਤੁ ਮਹਲਾ ੫ ॥
ਘਰੁ ੨ ਹਿੰਡੋਲ

Basant 5th Guru
Hindol

ਬਸੰਤ ਪੰਜਵੀਂ ਪਾਤਿਸ਼ਾਹੀ
ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਹੋਇ ਇਕਤ੍ਰ[39] ਮਿਲਹੁ[40] ਮੇਰੇ ਭਾਈ[41] ਦੁਬਿਧਾ[42] ਦੂਰਿ ਕਰਹੁ ਲਿਵ[43] ਲਾਇ[44] ॥

Join[39] and meet[40] together, my brethren[41], dispel duality[42] and imbibe[44] love[43] for your Lord.

ਇਕੱਠੇ[39] ਅਤੇ ਰਲ[40] ਬੈਠੋ, ਮੇਰੇ ਵੀਰਨੋ[41] ! ਦਵੈਤ-ਭਾਵ[42] ਨੂੰ ਦੂਰ ਕਰੋ ਅਤੇ ਆਪਣੇ ਪ੍ਰਭੂ ਨਾਲ ਪਿਰਹੜੀ[43] ਪਾਓ[44]।

ਹਰਿ ਨਾਮੈ ਕੇ ਹੋਵਹੁ ਜੋੜੀ[45] ਗੁਰਮੁਖਿ[46] ਬੈਸਹੁ[47] ਸਫਾ[48] ਵਿਛਾਇ[49] ॥੧॥

Associate[45] yourselves with the God's Name, O holy men[46], and spreading[49] your mat[48], sit[47] thereon.

ਵਾਹਿਗੁਰੂ ਦੇ ਨਾਮ ਨਾਲ ਮੇਲ ਮਿਲਾਪ[45] ਕਰੋ ਹੇ ਨੇਕ ਬੰਦਿਓ[46] ! ਅਤੇ ਆਪਣੀ ਚਟਾਈ[48] ਵਿਛਾ[49] ਕੇ ਉਸ ਉਤੇ ਬੈਠੋ[47]।

ਇਨ ਬਿਧਿ[50] ਪਾਸਾ ਢਾਲਹੁ[51] ਬੀਰ[52] ॥

In this way[50], throw your dice[51], O brothers[52].

ਇਸ ਤਰੀਕੇ[50] ਨਾਲ, ਆਪਣੀਆਂ ਨਰਦਾਂ[51] ਸੁੱਟੋ, ਹੇ ਭਰਾਓ[52] !

ਗੁਰਮੁਖਿ[53] ਨਾਮੁ ਜਪਹੁ[54] ਦਿਨੁ ਰਾਤੀ ਅੰਤ[55]ਕਾਲਿ[56] ਨਹ ਲਾਗੈ ਪੀਰ[57] ॥੧॥ ਰਹਾਉ ॥

By the Guru's grace[53], utter[54] the Lord's Name day and night and at the last[55] moment[56] you shalt not suffer sorrow[57]. Pause.

ਗੁਰਾਂ ਦੀ ਦਇਆ[53] ਦੁਆਰਾ, ਦਿਨ ਤੇ ਰੈਣ ਪ੍ਰਭੂ ਦੇ ਨਾਮ ਦਾ ਉਚਾਰਨ[54] ਕਰੋ ਅਤੇ ਅਖੀਰ[55] ਦੇ ਵੇਲੇ[56] ਤੁਹਾਨੂੰ ਰੰਜ-ਗਮ[57] ਨਹੀਂ ਵਾਪਰੇਗਾ। ਠਹਿਰਾਉ।

ਕਰਮ[58] ਧਰਮ[59] ਤੁਮ੍ ਚਉਪੜਿ[60]ਸਾਜਹੁ[61] ਸਤੁ[62] ਕਰਹੁ[63] ਤੁਮ੍ ਸਾਰੀ[64] ॥

Let the pious[59] deeds[58] be[61] thy diceboard[60] and make[63] thou truth[62] thine dice[64].

ਪਵਿੱਤ੍ਰ[59] ਅਮਲ[58] ਤੇਰਾ ਪਾਸਾ[60] ਹੋਣ[61] ਅਤੇ ਸੱਚ[62] ਨੂੰ ਤੂੰ ਆਪਣੀਆਂ ਨਰਦਾਂ[64] ਬਣਾ[63]।

ਕਾਮੁ[65] ਕ੍ਰੋਧੁ[66]ਲੋਭੁ[67] ਮੋਹੁ[68] ਜੀਤਹੁ[69] ਐਸੀ[70] ਖੇਲ[71] ਹਰਿ ਪਿਆਰੀ[72] ॥੨॥

Conquer[69] thou lust[65], wrath[66], avarice[67] and worldly love[68]. Such[70] a game[71] is dear[72] unto God.

ਤੂੰ ਆਪਣੀ ਸ਼ਹਿਵਤ[65], ਗੁੱਸੇ[66], ਲਾਲਚ[67] ਤੇ ਸੰਸਾਰੀ ਮਮਤਾ[68] ਨੂੰ ਕਾਬੂ[69] ਕਰ ਲੈ। ਐਹੋ ਜੇਹੀ[70] ਖੇਡ[71] ਹਰੀ ਨੂੰ ਲਾਡਲੀ[72] ਲਗਦੀ ਹੈ।

ਉਠਿ ਇਸਨਾਨੁ[73] ਕਰਹੁ ਪਰਭਾਤੇ[74] ਸੋਏ[75] ਹਰਿ ਆਰਾਧੇ[76] ॥

Rise thou early in[74] the morn and take your bath[73]. Before going to bed[75] too, remember[76] thou thy God.

ਤੂੰ ਅੰਮ੍ਰਿਤ[74] ਵੇਲੇ ਉਠ ਅਤੇ ਭਜਨ[73] ਕਰ। ਸੌਣ[75] ਤੋਂ ਪਹਿਲਾਂ ਭੀ ਤੂੰ ਆਪਣੇ ਵਾਹਿਗੁਰੂ ਦਾ ਸਿਮਰਨ[76] ਕਰ।

ਬਿਖੜੇ[77] ਦਾਉ[78] ਲੰਘਾਵੈ[79] ਮੇਰਾ ਸਤਿਗੁਰੁ ਸੁਖ[80] ਸਹਜ[81] ਸੇਤੀ[82] ਘਰਿ ਜਾਤੇ ॥੩॥

My True Guru shall save[79] thee from the critical[77] tricks[78], and thou shalt reach thy home with[82] peace[80] and poise[81].

ਮੇਰੇ ਸੱਚੇ ਗੁਰੂ ਤੈਨੂੰ ਖ਼ਤਰਨਾਕ[77] ਪੇਚਾਂ[78] ਤੋਂ ਬਚਾ[79] ਲੈਣਗੇ ਅਤੇ ਤੂੰ ਆਰਾਮ[80] ਅਤੇ ਅਡੋਲਤਾ[81] ਨਾਲ[82] ਆਪਣੇ ਗ੍ਰਿਹ ਪੁੱਜ ਜਾਵੇਂਗਾ।

ਹਰਿ ਆਪੇ ਖੇਲੈ[83] ਆਪੇ ਦੇਖੈ[84] ਹਰਿ ਆਪੇ ਰਚਨੁ[85] ਰਚਾਇਆ[86] ॥

God Himself plays[83], Himself watches[84], and of Himself the Lord has created[86] the creation[85].

ਵਾਹਿਗੁਰੂ ਆਪ ਖੇਡਦਾ[83] ਹੈ, ਆਪ ਹੀ ਵੇਖਦਾ[84] ਹੈ, ਅਤੇ ਪ੍ਰਭੂ ਨੇ ਖ਼ੁਦ ਹੀ ਰਚਨਾ[85] ਰਚੀ[86] ਹੈ।

ਜਨ[87] ਨਾਨਕ ਗੁਰਮੁਖਿ[88] ਜੋ ਨਰੁ[89] ਖੇਲੈ ਸੋ[90] ਜਿਣਿ[91] ਬਾਜੀ[92] ਘਰਿ ਆਇਆ ॥੪॥੧॥੧੯॥

O slave[87] Nanak, the man[89], who plays under the Guru's instruction[88]; he[90] returns home, winning[91] the game[92] of life.

ਹੇ ਗੋਲੇ[87] ਨਾਨਕ, ਜਿਹੜਾ ਇਨਸਾਨ[89] ਗੁਰਾਂ ਦੀ ਸਿਖ-ਮਤ[88] ਤਾਬੇ ਖੇਡਦਾ ਹੈ; ਉਹ[90] ਜੀਵਨ ਦੀ ਖੇਡ[92] ਨੂੰ ਜਿੱਤ[91] ਆਪਣੇ ਧਾਮ ਨੂੰ ਜਾਂਦਾ ਹੈ।

ਬਸੰਤੁ ਮਹਲਾ ੫ ਹਿੰਡੋਲ ॥

Basant 5th Guru Hindol.

ਬਸੰਤ ਪੰਜਵੀਂ ਪਾਤਿਸ਼ਾਹੀ ਹਿੰਡੋਲ।

ਤੇਰੀ ਕੁਦਰਤਿ[93] ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥

Thou alone, O Lord, knowest Thy power[93]. No one else knows it.

ਕੇਵਲ ਤੂੰ ਹੀ, ਹੇ ਪ੍ਰਭੂ! ਆਪਣੀ ਸ਼ਕਤੀ[93] ਨੂੰ ਜਾਣਦਾ ਹੈਂ। ਹੋਰ ਦੂਸਰਾ ਕੋਈ ਨਹੀਂ ਜਾਣਦਾ।

ਜਿਸਨੋ ਕ੍ਰਿਪਾ[94] ਕਰਹਿ[95] ਮੇਰੇ ਪਿਆਰੇ[96] ਸੋਈ[97] ਤੁਝੈ ਪਛਾਣੈ[98] ॥੧॥

He, to whom Thou showest[95] mercy[94], O my Love[96], he[97] alone realises[98] Thee.

ਜਿਸ ਉਤੇ ਤੂੰ ਆਪਣੀ ਮਿਹਰ[94] ਧਾਰਦਾ[95] ਹੈਂ, ਹੇ ਮੇਰੇ ਪ੍ਰੀਤਮ[96]! ਕੇਵਲ ਉਹ[97] ਹੀ ਤੈਨੂੰ ਅਨੁਭਵ ਕਰਦਾ[98] ਹੈ।

ਤੇਰਿਆ ਭਗਤਾ[99] ਕਉ ਬਲਿਹਾਰਾ[100] ॥

Unto Thine devotees[99], I am a sacrifice[100].

ਤੇਰਿਆਂ ਵੈਰਾਗੀਆਂ[99] ਉਤੋਂ ਮੈਂ ਘੋਲੀ[100] ਜਾਂਦਾ ਹਾਂ।

ਥਾਨੁ[2] ਸੁਹਾਵਾ[3] ਸਦਾ ਪ੍ਰਭ ਤੇਰਾ ਰੰਗ[4] ਤੇਰੇ ਆਪਾਰਾ[5] ॥੧॥ਰਹਾਉ॥

Ever beauteous[3] is Thy abode[2], O Lord, and infinite[5] are Thine wondrous plays[4]. Pause.

ਸਦੀਵੀ ਸੁੰਦਰ[3] ਹੈ ਤੇਰਾ ਟਿਕਾਣਾ[2], ਹੇ ਸੁਆਮੀ! ਅਤੇ ਬੇਅੰਤ[5] ਹਨ ਤੇਰੀਆਂ ਅਸਚਰਜ ਖੇਡਾਂ[4]। ਠਹਿਰਾਉ।

ਤੇਰੀ ਸੇਵਾ[6] ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ[7] ॥

Thine service[6] can be performed by Thyself alone. None else can perform[7] it.

ਤੇਰੀ ਟਹਿਲ[6] ਸੇਵਾ ਕੇਵਲ ਤੂੰ ਹੀ ਕਰ ਸਕਦਾ ਹੈਂ। ਹੋਰ ਕੋਈ ਇਸ ਨੂੰ ਕਰ[7] ਨਹੀਂ ਸਕਦਾ।

ਭਗਤੁ[8] ਤੇਰਾ ਸੋਈ[9] ਤੁਧੁ ਭਾਵੈ[10] ਜਿਸ ਨੋ ਤੂ ਰੰਗੁ[12] ਧਰਤਾ[13] ॥੨॥

He[9] alone is Thy saint[8], who is pleasing[10] to Thee, and for whom Thou enshrinest[13] love[12].

ਕੇਵਲ ਉਹ[9] ਹੀ ਤੇਰਾ ਸਾਧੂ[8] ਹੈ, ਜਿਹੜਾ ਤੈਨੂੰ ਚੰਗਾ ਲਗਦਾ[10] ਹੈ ਅਤੇ ਜਿਸ ਨੂੰ ਤੂੰ ਪਿਆਰ[12] ਕਰਦਾ[13] ਹੈਂ।

੧੧੮੬

1186

੧੧੮੬

ਤੂ ਵਡ[14] ਦਾਤਾ[15] ਤੂ ਵਡ[16] ਦਾਨਾ[17] ਅਉਰੁ[18] ਨਹੀ ਕੋ ਦੂਜਾ ॥

Thou art the great[14] Giver[15] and Thou art greatly[16] Wise[17] There is not any other[18] like Thee.

ਤੂੰ ਭਾਰਾ[14] ਦਾਤਾਰ[15] ਹੈਂ ਅਤੇ ਤੂੰ ਹੀ ਖਰਾ[16] ਸਿਆਣਾ[17]। ਤੇਰੇ ਵਰਗਾ ਹੋਰ[18] ਕੋਈ ਨਹੀਂ।

ਤੂ ਸਮਰਥੁ[19] ਸੁਆਮੀ

Thou art my Omnipotent[19] Lord.

ਤੂੰ ਮੇਰਾ ਸਰਬ-ਸ਼ਕਤੀਵਾਨ[19] ਸਾਹਿਬ ਹੈਂ। ਕਿਸ[20] ਤਰ੍ਹਾਂ

ਮੇਰਾ ਹਉ ਕਿਆ[20] ਜਾਣਾ ਤੇਰੀ ਪੂਜਾ[21] ॥੩॥	I know not how[20] to worship[21] Thee ?	ਤੇਰੀ ਉਪਾਸ਼ਨਾ[21] ਕਰਨੀ ਹੈ, ਮੈਂ ਨਹੀਂ ਜਾਣਦਾ ?
ਤੇਰਾ ਮਹਲੁ[22] ਅਗੋਚਰੁ[23] ਮੇਰੇ ਪਿਆਰੇ[24] ਬਿਖਮੁ[25] ਤੇਰਾ ਹੈ ਭਾਣਾ[26] ॥	Unperceivable[23] is Thy mansion[22], O my Love[24], and difficult[25] it is to accept Thy will[26].	ਅਦ੍ਰਿਸ਼ਟ[23] ਹੈ ਤੇਰਾ ਮੰਦਰ[22], ਹੇ ਮੇਰੇ ਪ੍ਰੀਤਮ[24] ! ਅਤੇ ਕਠਨ[25] ਹੈ ਤੇਰੀ ਰਜ਼ਾ[26] ਦਾ ਮੰਨਣਾ।
ਕਹੁ ਨਾਨਕ ਢਹਿ ਪਇਆ[27] ਦੁਆਰੈ[28] ਰਖਿ[29] ਲੇਵਹੁ ਮੁਗਧ[30] ਅਜਾਣਾ[31] ॥੪॥੨॥੨੦॥	Says Nanak, I have fallen[27] at Thine door[28], O Lord. Save[29] Thou me, the stupid[30] and ignorant[31] one.	ਗੁਰੂ ਜੀ ਫੁਰਮਾਉਂਦੇ ਹਨ, ਮੈਂ ਤੇਰੇ ਬੂਹੇ[28] ਤੇ ਆ ਡਿੱਗਿਆ[27] ਹਾਂ, ਹੇ ਪ੍ਰਭੂ ! ਤੂੰ ਮੈਂ ਮੂਰਖ[30] ਅਤੇ ਬੇਸਮਝ[31] ਦੀ ਰੱਖਿਆ[29] ਕਰ।
ਬਸੰਤੁ ਹਿੰਡੋਲ ਮਹਲਾ ੫ ॥	Basant Hindol 5th Guru.	ਬਸੰਤ ਹਿੰਡੋਲ ਪੰਜਵੀਂ ਪਾਤਿਸ਼ਾਹੀ।
ਮੂਲੁ[32] ਨ ਬੂਝੈ[33] ਆਪੁ[34] ਨ ਸੂਝੈ[35] ਭਰਮਿ[36] ਬਿਆਪੀ[37] ਅਹੰਮਨੀ[38] ॥੧॥	Engrossed[37] in doubt[36] and haughty intellect[38], one knows[33] not the Primal Lord[32], nor understands[35] his ownself[34].	ਸੰਦੇਹ[36] ਅਤੇ ਹੰਕਾਰੀ ਮਤ[38] ਅੰਦਰ ਖਚਤ ਹੋਇਆ ਹੋਇਆ[37] ਬੰਦਾ ਆਦੀ ਪ੍ਰਭੂ[32] ਨੂੰ ਨਹੀਂ ਜਾਣਦਾ[33], ਨਾ ਹੀ ਆਪਣੇ ਆਪ[34] ਨੂੰ ਸਮਝਦਾ[35] ਹੈ।
ਪਿਤਾ[39] ਪਾਰਬ੍ਰਹਮ[40] ਪ੍ਰਭ[41] ਧਨੀ[42] ॥	The Supreme God[40], the Lord[41] Master[42], is my Father[39].	ਸੁਆਮੀ[41] ਮਾਲਕ[42] ਸ਼੍ਰੋਮਣੀ[40] ਵਾਹਿਗੁਰੂ, ਮੇਰਾ ਬਾਬਲ[39] ਹੈ।
ਮੋਹਿ[43] ਨਿਸਤਾਰਹੁ[44] ਨਿਰਗੁਨੀ[45] ॥੧॥ਰਹਾਉ॥	O God, emancipate[44] Thou me[43], the meritless one[45]. Pause.	ਹੇ ਵਾਹਿਗੁਰੂ ! ਤੂੰ ਮੈਂ[43], ਨੇਕੀ ਵਿਹੂਣਾ[45] ਦਾ ਪਾਰ ਉਤਾਰਾ ਕਰ ਦੇ[44]। ਠਹਿਰਾਉ।
ਓਪਤਿ[47] ਪਰਲਉ[48] ਪ੍ਰਭ ਤੇ ਹੋਵੈ ਇਹ ਬੀਚਾਰੀ[49] ਹਰਿ ਜਨੀ[50] ॥੨॥	The Lord alone creates[47] and destroys[48]. This is what the God's slaves[50] think[49].	ਕੇਵਲ ਪ੍ਰਭੂ ਹੀ ਰਚਦਾ[47] ਤੇ ਨਾਸ ਕਰਦਾ[48] ਹੈ। ਰਬ ਦੇ ਗੋਲੇ[50] ਐਕੁਰ ਖਿਆਲ ਕਰਦੇ[49] ਹਨ।
ਨਾਮ ਪ੍ਰਭੂ ਕੇ ਜੋ ਰੰਗਿ[51] ਰਾਤੇ[52] ਕਲਿ[53] ਮਹਿ[54] ਸੁਖੀਏ[55] ਸੇ[56] ਗਨੀ[57] ॥੩॥	They who are imbued[52] with the love[51] of the Lord's Name ; they[56] alone are reckoned[57] peaceful[55] in[54] the Darkage[53].	ਜੋ ਸੁਆਮੀ ਦੇ ਨਾਮ ਦੀ ਪ੍ਰੀਤ[51] ਨਾਲ ਰੰਗੀਜੇ[52] ਹਨ; ਕੇਵਲ ਉਹੀ[56] ਕਲਜੁਗ[53] ਅੰਦਰ[54] ਸੁਖੀ[55] ਗਿਣੇ ਜਾਂਦੇ[57] ਹਨ।
ਅਵਰੁ[58] ਉਪਾਉ[59] ਨ ਕੋਈ ਸੂਝੈ[60] ਨਾਨਕ ਤਰੀਐ[61] ਗੁਰ ਬਚਨੀ[62] ॥੪॥੩॥੨੧॥	It is through the Guru's word[62] that one is emacipated[61]. Nanak can think[60] of no other[58] way.[59]	ਗੁਰਾਂ ਦੀ ਬਾਣੀ[62] ਰਾਹੀਂ ਹੀ ਜੀਵ ਦਾ ਪਾਰ ਉਤਾਰਾ[61] ਹੋ ਜਾਂਦਾ ਹੈ। ਹੋਰ[58] ਕੋਈ ਤਦਬੀਰ[59] ਨਾਨਕ ਦੇ ਖਿਆਲ[60] ਵਿਚ ਨਹੀਂ ਆਉਂਦੀ।
ਰਾਗੁ ਬਸੰਤੁ ਹਿੰਡੋਲ ਮਹਲਾ ੯ ॥	Rag Basant Hindol 9th Guru.	ਰਾਗੁ ਬਸੰਤ ਹਿੰਡੋਲ ਨੌਵੀਂ ਪਾਤਿਸ਼ਾਹੀ।
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is attained.	ਵਾਹਿਗੁਰੂ ਕੇਵਲ ਇਕ ਹੈ ! ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਸਾਧੋ ਇਹ ਤਨੁ[63]ਮਿਥਿਆ[64] ਜਾਨੋ[65] ॥	O saints, know[65] that this body[63] is perishable[64].	ਹੇ ਸੰਤੋ ! ਜਾਣ ਲਓ[65] ਕਿ ਇਹ ਦੇਹਿ[63] ਨਾਸਵੰਤ[64] ਹੈ ।
ਯਾ[66] ਭੀਤਰਿ[67] ਜੋ ਰਾਮੁ ਬਸਤੁ[68] ਹੈ ਸਾਚੋ[69] ਤਾਹਿ[70] ਪਛਾਨੋ[71] ॥੧॥ ਰਹਾਉ ॥	The Lord, who abides[68] within[67] it[66]; Him[70] alone recognise[71] thou as ever-stable[69]. Pause.	ਪ੍ਰਭੂ, ਜਿਹੜਾ ਇਸ[66] ਦੇ ਅੰਦਰ[67] ਵਸਦਾ[68] ਹੈ; ਕੇਵਲ ਉਸ[70] ਨੂੰ ਹੀ ਤੂੰ ਸਦੀਵੀ ਸਥਿਰ[69] ਕਰ ਕੇ ਜਾਣ[71] । ਠਹਿਰਾਉ ।
ਇਹੁ ਜਗੁ[72] ਹੈ ਸੰਪਤਿ[73] ਸੁਪਨੇ[74] ਕੀ ਦੇਖਿ ਕਹਾ[75] ਐਡਾਨੋ[76] ॥	This world[72] is like the wealth[73], amassed in a dream[74]. Why[75] feelest thou proud[76] on beholding it ?	ਇਹ ਸੰਸਾਰ[72] ਸੁਫਨੇ[74] ਵਿਚ ਇਕੱਤਰ ਕੀਤੇ ਹੋਏ ਧਨ[73] ਦੀ ਮਾਨੰਦ ਹੈ। ਤੂੰ ਇਸ ਨੂੰ ਵੇਖ ਕੇ ਕਿਉਂ[75] ਹੰਕਾਰਿਆ[76] ਹੋਇਆ ਹੈਂ ?
ਸੰਗਿ[77] ਤਿਹਾਰੈ[78] ਕਛੂ ਨ ਚਾਲੈ ਤਾਹਿ ਕਹਾ[79] ਲਪਟਾਨੋ[80] ॥੧॥	Nothing shall go with[77] thee[78],why[79] art thou clinging[80] to it ?	ਤੇਰੇ[78] ਨਾਲ[77] ਕੁਝ ਨਹੀਂ ਜਾਣਾ, ਤੂੰ ਇਸ ਨਾਲ ਕਿਉਂ[79] ਚਿਮੜਿਆ ਹੋਇਆ[80] ਹੈਂ ?
ਉਸਤਤਿ[81] ਨਿੰਦਾ[82] ਦੋਊ ਪਰਹਰਿ[83] ਹਰਿ ਕੀਰਤਿ[84] ਉਰਿ[85] ਆਨੋ[86] ॥	Renounce[83] both flattery[81] and slander[82] and enshrine[86] God's praise[84] in thy mind[85].	ਖੁਸ਼ਾਮਦ[81] ਅਤੇ ਬਦਖੋਈ[82] ਦੋਨਾਂ ਨੂੰ ਛੱਡ[83] ਦੇ ਅਤੇ ਵਾਹਿਗੁਰੂ ਦੀ ਮਹਿਮਾ[84] ਨੂੰ ਆਪਣੇ ਹਿਰਦੇ[85] ਵਿਚ ਟਿਕਾ[86] ।
ਜਨ[87] ਨਾਨਕ ਸਭ ਹੀ ਮਹਿ ਪੂਰਨ[88] ਏਕੁ[89] ਪੁਰਖੁ[90] ਭਗਵਾਨੋ[91]॥੨॥੧॥	O slave[87] Nanak, the unique[89] Auspicious[91] Lord[90] is fully contained[88] amongst all.	ਹੇ ਗੋਲੇ[87] ਨਾਨਕ ! ਅਦੁੱਤੀ[89] ਸੁਲਖਮਣਾ[91] ਸੁਆਮੀ[90] ਸਾਰਿਆਂ ਅੰਦਰ ਪਰੀਪੂਰਨ[88] ਹੋ ਰਿਹਾ ਹੈ ।
ਬਸੰਤੁ ਮਹਲਾ ੯ ॥	Basant 9th Guru.	ਬਸੰਤ ਨੌਵੀਂ ਪਾਤਿਸ਼ਾਹੀ ।
ਪਾਪੀ[92]ਹੀਐ[94]ਮਹਿ ਕਾਮੁ[93] ਬਸਾਇ ॥	Within the sinner's[92] mind[94] abides lust[93].	ਪਾਪੀ[92] ਦੇ ਚਿਤ[94] ਅੰਦਰ ਸ਼ਹਿਵਤ[93] ਵਸਦੀ ਹੈ ।
ਮਨੁ ਚੰਚਲੁ[95] ਯਾ ਤੇ[96] ਗਹਿਓ[97] ਨ ਜਾਇ ॥੧॥ ਰਹਾਉ ॥	Therefore[96] the mercurial[95] mind can be restrained[97] not. Pause.	ਇਸ ਲਈ[96] ਚੁਲਬੁਲਾ[95] ਮਨੂਆ ਕਾਬੂ[97] ਵਿਚ ਨਹੀਂ ਆਉਂਦਾ । ਠਹਿਰਾਉ ।
ਜੋਗੀ ਜੰਗਮ[98] ਅਰੁ[99] ਸੰਨਿਆਸ[100] ॥ ਸਭ ਹੀ ਪਰਿ[2] ਡਾਰੀ ਇਹ ਫਾਸ[3] ॥੧॥	This net[3] of lust is cast over[2] all the yogis, wandering ascetics[98] and[99] renouncers[100].	ਸ਼ਹਿਵਤ ਦਾ ਇਹ ਜਾਲ[3] ਸਾਰਿਆਂ ਯੋਗੀਆਂ, ਰਮਤੇ ਸਾਧੂਆਂ[98] ਅਤੇ[99] ਤਿਆਗੀਆਂ[100] ਉਤੇ[2] ਪਿਆ ਹੋਇਆ ਹੈ ।
ਜਿਹ[4] ਜਿਹ ਹਰਿ ਕੋ ਨਾਮੁ ਸਮ੍ਹਾਰਿ[5]॥ ਤੇ ਭਵ[6] ਸਾਗਰ[7] ਉਤਰੇ ਪਾਰਿ[8] ॥੨॥	They[4], who contemplate[5] the God's Name ; they cross over[8] the terrible[6] world-ocean[7].	ਜੋ ਭੀ[4] ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰਦੇ[5] ਹਨ; ਉਹ ਭਿਆਨਕ[6] ਸੰਸਾਰ ਸਮੁੰਦਰ[7] ਨੂੰ ਤਰ ਜਾਂਦੇ[8] ਹਨ ।
ਜਨ[9] ਨਾਨਕ ਹਰਿ ਕੀ ਸਰਨਾਇ[10] ॥	Servant[9] Nanak has sought the Lord's refuge[10].	ਨੌਕਰ[9] ਨਾਨਕ ਨੇ ਪ੍ਰਭੂ ਦੀ ਪਨਾਹ[10] ਲਈ ਹੈ ।
ਦੀਜੈ[12] ਨਾਮੁ ਰਹੈ ਗੁਨ[13]	Bless[12] him Thou with Thy Name,	ਤੂੰ ਉਸ ਨੂੰ ਆਪਣਾ ਨਾਮ ਪਰਦਾਨ[12] ਕਰ, ਹੇ ਪ੍ਰਭੂ !

ਗਾਇ ॥੩॥੨॥	O Lord, that he may continue to sing Thy praise[13].	ਤਾਂ ਜੋ ਉਹ ਤੇਰੀ ਕੀਰਤੀ[13] ਗਾਇਨ ਕਰਦਾ ਰਹੇ।
ਬਸੰਤੁ ਮਹਲਾ ੯ ॥	Basant 9th Guru.	ਬਸੰਤ ਨੌਵੀਂ ਪਾਤਿਸ਼ਾਹੀ।
ਮਾਈ[14] ਮੈ ਧਨੁ[15] ਪਾਇਓ ਹਰਿ ਨਾਮੁ ॥	O mother[14], I have attained the wealth[15] of God's Name.	ਹੇ ਮਾਤਾ[14] ! ਮੈਨੂੰ ਹਰੀ ਦੇ ਨਾਮ ਦੀ ਦੌਲਤ[15] ਪਰਾਪਤ ਹੋ ਗਈ ਹੈ।
ਮਨੁ ਮੇਰੋ ਧਾਵਨ[16] ਤੇ ਛੂਟਿਓ[17] ਕਰਿ ਬੈਠੋ ਬਿਸਰਾਮੁ[18]॥੧॥ ਰਹਾਉ ॥	My mind has ceased[17] to wander[16], and has laid down to rest[18]. Pause.	ਮੇਰਾ ਮਨੂਆ ਭਟਕਣ[16] ਤੋਂ ਖ਼ਲਾਸੀ ਪਾ ਗਿਆ[17] ਹੈ ਅਤੇ ਆਰਾਮ[18] ਨਾਲ ਬਹਿ ਗਿਆ ਹੈ। ਠਹਿਰਾਉ।
ਮਾਇਆ[19] ਮਮਤਾ[20] ਤਨ[21] ਤੇ ਭਾਗੀ[22] ਉਪਜਿਓ[23] ਨਿਰਮਲ[24] ਗਿਆਨੁ[25] ॥	The love[20] of riches[19] has fled[22] from my body[21], and the immaculate[24] Divine knowledge[25] has welled up[23] within me.	ਧਨ-ਦੌਲਤ[19] ਦਾ ਮੋਹ[20] ਮੇਰੇ ਸਰੀਰ[21] ਤੋਂ ਦੌੜ ਗਿਆ[22] ਹੈ ਅਤੇ ਪਵਿੱਤ੍ਰ[24] ਬ੍ਰਹਮ ਵੀਚਾਰ[25] ਮੇਰੇ ਅੰਦਰ ਉਤਪੰਨ[23] ਹੋ ਗਈ ਹੈ।
ਲੋਭ[26] ਮੋਹ[27] ਏਹ[28] ਪਰਸਿ[29] ਨ ਸਾਕੈ ਗਹੀ[30] ਭਗਤਿ[31] ਭਗਵਾਨ[32] ॥੧॥	Avarice[26] and worldly love[27], those[28] can touch[29] me not. I have firmly grasped[30] the Illustrious Lord's[32] meditation[31].	ਲਾਲਚ[26] ਤੇ ਸੰਸਾਰੀ ਮਮਤਾ[27], ਇਹ[28] ਮੈਨੂੰ ਛੁਹ[29] ਨਹੀਂ ਸਕਦੀਆਂ। ਮੈਂ ਕੀਰਤੀਮਾਨ ਪ੍ਰਭੂ[32] ਦੀ ਬੰਦਗੀ[31] ਘੁਟ ਕੇ ਫੜ ਲਈ[30] ਹੈ।
ਜਨਮ ਜਨਮ[33] ਕਾ ਸੰਸਾ[34] ਚੂਕਾ[35] ਰਤਨੁ[36] ਨਾਮੁ ਜਬ[37] ਪਾਇਆ ॥	When[37] I acquired the jewel[36] of Name, my fear[34] of continual births[33] was dispelled[35].	ਜਦ[37] ਮੈਨੂੰ ਨਾਮ ਦਾ ਜਵੇਹਰ[36] ਪਰਾਪਤ ਹੋ ਗਿਆ, ਤਾਂ ਮੇਰਾ ਲਗਾਤਾਰ ਜਨਮਾਂ[33] ਦਾ ਡਰ[34] ਨਵਿਰਤ[35] ਹੋ ਗਿਆ।
ਤ੍ਰਿਸਨਾ[38] ਸਕਲ[39] ਬਿਨਾਸੀ[40] ਮਨ ਤੇ ਨਿਜ[40*] ਸੁਖ ਮਾਹਿ[41] ਸਮਾਇਆ[42]॥੨॥	My mind was rid of[40] all[39] desire[38], and I was absorbed[42] in[41] my own[40*] bliss.	ਮੇਰਾ ਮਨੂਆ ਸਮੂਹ[39] ਖ਼ਾਹਿਸ਼ਾਂ[38] ਤੋਂ ਖਲਾਸੀ ਪਾ ਗਿਆ[40] ਅਤੇ ਮੈਂ ਆਪਣੀ ਨਿਜ[40*] ਦੀ ਖ਼ੁਸ਼ੀ ਅੰਦਰ[41] ਲੀਨ ਹੋ ਗਿਆ[42]।
ਜਾਕਉ ਹੋਤ ਦਇਆਲੁ[43] ਕਿਰਪਾ[44] ਨਿਧਿ[45] ਸੋ[46] [47]ਗੋਬਿੰਦ[48]ਗੁਨ[49] ਗਾਵੈ[50]॥	He, unto whom God, the Treasure[45] of compassion[44], becomes merciful[43]; he[46] alone hymns[50] the praise[49] of the [47]World-Lord[48].	ਜਿਸ ਉਤੇ ਰਹਿਮਤ[44] ਦਾ ਖ਼ਜ਼ਾਨਾ[45], ਹਰੀ ਮਇਆਵਾਨ[43] ਹੁੰਦਾ ਹੈ; ਕੇਵਲ ਉਹ[46] ਹੀ ਸ੍ਰਿਸ਼ਟੀ[47] ਦੇ ਸੁਆਮੀ[48] ਦਾ ਜੱਸ[49] ਗਾਇਨ ਕਰਦਾ[50] ਹੈ।
ਕਹੁ ਨਾਨਕ ਇਹ ਬਿਧਿ[51] ਕੀ ਸੰਪੈ[52]ਕੋਊ[53] ਗੁਰਮੁਖਿ[54] ਪਾਵੈ ॥੩॥੩॥	Says Nanak, some rare one[53] gathers this sort[51] of wealth[52], by the Guru's grace[54].	ਗੁਰੂ ਜੀ ਆਖਦੇ ਹਨ, ਕੋਈ ਵਿਰਲਾ ਜਣਾ[53] ਹੀ ਇਸ ਕਿਸਮ[51] ਦੀ ਦੌਲਤ[52] ਨੂੰ ਗੁਰਾਂ ਦੀ ਦਇਆ[54] ਦੁਆਰਾ, ਪਰਾਪਤ ਕਰਦਾ ਹੈ।
ਬਸੰਤੁ ਮਹਲਾ ੯ ॥	Basant 9th Guru.	ਬਸੰਤ ਨੌਵੀਂ ਪਾਤਿਸ਼ਾਹੀ।
ਮਨ[55] ਕਹਾ[56] ਬਿਸਾਰਿਓ[57] ਰਾਮਨਾਮੁ ॥	O my soul[55], why[56] forgettest[57] thou the Lord's Name ?	ਹੇ ਮੇਰੀ ਜਿੰਦੇ[55] ! ਤੂੰ ਪ੍ਰਭੂ ਦੇ ਨਾਮ ਨੂੰ ਕਿਉਂ[56] ਭੁਲਾਉਂਦੀ[57] ਹੈਂ ?
ਤਨੁ[58] ਬਿਨਸੈ[59] ਜਮ[60]	When the body[58] perishes[59], thou	ਜਦ ਦੇਹਿ ਨਾਸ[59] ਹੋ ਜਾਏਗੀ[58], ਤਾ ਤੇਰਾ ਵਾਸਤਾ[61]

ਸਿਉ ਪਰੈ ਕਾਮੁ[61] ॥੧॥ ਰਹਾਉ ॥	shalt have to deal[61] with the death's courier[60]. Pause.	ਮੌਤ ਦੇ ਦੂਤ[60] ਨਾਲ ਪੈ ਜਾਵੇਗਾ । ਠਹਿਰਾਉ ।
੧੧੮੭	1187	੧੧੮੭
ਇਹੁ ਜਗੁ[62] ਧੂਏ ਕਾ ਪਹਾਰ[63] ॥	This world[62] is the mountain[63] of smoke.	ਇਹ ਸੰਸਾਰ[62] ਧੂੰਏਂ ਦਾ ਪਹਾੜ[63] ਹੈ ।
ਤੈ ਸਾਚਾ[64] ਮਾਨਿਆ[65] ਕਿਹ[66] ਬਿਚਾਰਿ[67] ॥੧॥	What[66] thought[67] has made thee deem[65] it real[64] ?	ਕਿਸ[66] ਖ਼ਿਆਲ[67] ਨੇ ਤੈਨੂੰ ਇਸ ਨੂੰ ਅਸਲੀ[64] ਜਣਾ ਦਿੱਤਾ[65] ਹੈ ?
ਧਨੁ[68] ਦਾਰਾ[69] ਸੰਪਤਿ[70] ਗ੍ਰੇਹ[71] ॥ ਕਛੁ ਸੰਗਿ[72] ਨ ਚਾਲੈ[74] ਸਮਝ[73] ਲੇਹੁ ॥੨॥	Wealth[68], wife[69], property[70] and house[71] ; nothing shall go[74] with[72] thee, understand[73] thou this.	ਦੌਲਤ[68], ਪਤਨੀ[69], ਜਾਇਦਾਦ[70] ਅਤੇ ਘਰ[71]; ਤੇਰੇ ਨਾਲ[72] ਕੁਝ ਭੀ ਨਹੀਂ ਜਾਣਾ[74], ਤੂੰ ਇਸ ਨੂੰ ਸੋਚ ਸਮਝ[73] ਲੈ ।
ਇਕ[75] ਭਗਤਿ[76] ਨਾਰਾਇਨ[77] ਹੋਇ ਸੰਗਿ ॥	The Lord's[77] meditation[76] alone[75] shall depart with thee.	ਕੇਵਲ[75] ਸੁਆਮੀ[77] ਦਾ ਸਿਮਰਨ[76] ਹੀ ਤੇਰੇ ਨਾਲ ਜਾਵੇਗਾ ।
ਕਹੁ ਨਾਨਕ ਭਜੁ[78] ਤਿਹ[79] ਏਕ[80] ਰੰਗਿ[81] ॥੩॥੪॥	Says Nanak, remember[78] thou Him[79] with unmixed[80] love[81].	ਗੁਰੂ ਜੀ ਆਖਦੇ ਹਨ ਤੂੰ ਉਸ[79] ਨੂੰ ਖਾਲਸ[80] ਪਿਆਰ[81] ਨਾਲ ਯਾਦ[78] ਕਰ ।
ਬਸੰਤੁ ਮਹਾਲਾ ੯ ॥	Basant 9th Guru.	ਬਸੰਤ ਨੌਵੀਂ ਪਾਤਿਸ਼ਾਹੀ ।
ਕਹਾ[82] ਭੂਲਿਓ[83] ਰੇ[84] ਝੂਠੇ ਲੋਭਿ ਲਾਗਿ[85] ॥	Attached[85] to false avarice, why[82] strayest[83] thou, O[84] man ?	ਕੂੜੇ ਲਾਲਚ ਨਾਲ ਜੁੜ[85] ਕੇ, ਤੂੰ ਕਿਉਂ[82] ਕੁਰਾਹੇ[83] ਪੈਂਦਾ ਹੈਂ, ਹੇ[84] ਇਨਸਾਨ !
ਕਛੁ ਬਿਗਰਿਓ[86] ਨਾਹਿਨ ਅਜਹੁ[87] ਜਾਗੁ[88] ॥੧॥ ਰਹਾਉ ॥	Nothing has been spoiled[86] yet. Wake[88] thou up even now[87]. Pause.	ਅਜੇ ਕੁਝ ਵਿਗੜਿਆ[86] ਨਹੀਂ । ਤੂੰ ਅਜੇ[87] ਭੀ ਜਾਗ ਪਉ[88] । ਠਹਿਰਾਉ ।
ਸਮ[89] ਸੁਪਨੈ[90] ਕੈ ਇਹੁ ਜਗੁ[91] ਜਾਨੁ[92] ॥	Know[92] thou that this world[91] is like[89] a dream[90].	ਤੂੰ ਜਾਣ[92] ਲੈ ਕਿ ਇਹ ਸੰਸਾਰ[91] ਸੁਫਨੇ[90] ਵਰਗਾ[89] ਹੈ।
ਬਿਨਸੈ[93] ਛਿਨ[94] ਮਹਿ[95] ਸਾਚੀ ਮਾਨੁ[96] ॥੧॥	It shall perish[93] in[95] a moment[94]. Accept[96] thou this as true.	ਇਹ ਇਕ ਮੁਹਤ[94] ਵਿਚ[95] ਨਾਸ[93] ਹੋ ਜਾਏਗਾ, ਤੂੰ ਇਸ ਨੂੰ ਸੱਚ ਕਰ ਕੇ ਮੰਨ[96] ਲੈ ।
ਸੰਗਿ[97] ਤੇਰੈ ਹਰਿ ਬਸਤ[98] ਨੀਤ[99] ॥	God, ever[99] abides[98] with[97] thee.	ਵਾਹਿਗੁਰੂ ਸਦਾ[99] ਹੀ ਤੇਰੇ ਨਾਲ[97] ਵਸਦਾ[98] ਹੈ ।
ਨਿਸ[100] ਬਾਸਰੁ[2] ਭਜੁ[3] ਤਾਹਿ[4] ਮੀਤ[5] ॥੨॥	Night[100] and day[2] remember[3] thou Him[4], O my friend[5].	ਰਾਤ[100] ਅਤੇ ਦਿਨ[2] ਤੂੰ ਉਸ ਦਾ[4] ਸਿਮਰਨ[3] ਕਰ, ਹੇ ਮੇਰੇ ਮਿੱਤਰ[5] !
ਬਾਰ[6] ਅੰਤ ਕੀ[7] ਹੋਇ ਸਹਾਇ[8] ॥ ਕਹੁ ਨਾਨਕ ਗੁਨ[9] ਤਾਕੇ[10] ਗਾਇ[12] ॥ ੩॥੫॥	At the last[7] moment[6], God shall be thy succourer[8]. Says Nanak, sing[12] thou the praises[9] of Him[10].	ਅਖ਼ੀਰ[7] ਦੇ ਵੇਲੇ[6], ਵਾਹਿਗੁਰੂ ਤੇਰਾ ਸਹਾਇਕ[8] ਹੋਵੇਗਾ । ਗੁਰੂ ਜੀ ਫੁਰਮਾਉਂਦੇ ਹਨ, ਤੂੰ ਉਸ ਦੀਆਂ[10] ਸਿਫ਼ਤਾਂ[9] ਗਾਇਨ[12] ਕਰ ।
ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ	Basant Ist Guru. Ashtpadis Do-tukia	ਬਸੰਤ ਪਹਿਲੀ ਪਾਤਿਸ਼ਾਹੀ ਅਸਟਪਦੀਆਂ ਦੋਤੁਕੀਆ

ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਜਗੁ[13] ਕਊਆ[14] ਨਾਮੁ ਨਹੀ ਚੀਤਿ[15] ॥ ਨਾਮੁ ਬਿਸਾਰਿ[16] ਗਿਰੈ[17] ਦੇਖ[18] ਭੀਤਿ[19] ॥	The world[13] is like a crow[14] and cherishes[15] not the Lord's Name, and forgetting[16] the Name falls[17] on the bait[19], on seeing[18] it.	ਦੁਨੀਆਂ[13] ਕਾਂ[14] ਵਰਗੀ ਹੈ ਅਤੇ ਸੁਆਮੀ ਦੇ ਨਾਮ ਦਾ ਸਿਮਰਨ[15] ਨਹੀਂ ਕਰਦੀ ਅਤੇ ਨਾਮ ਨੂੰ ਭੁਲਾ[16] ਕੇ ਚੋਗੇ[19] ਨੂੰ ਵੇਖ[18] ਇਸ ਉਤੇ ਡਿਗਦੀ[17] ਹੈ।
ਮਨੂਆ[20] ਡੋਲੈ[21] ਚੀਤਿ[22] ਅਨੀਤਿ[23] ॥	The mind[20] wabbles[21] through [23]evil-intent[22].	[23]ਬਦ-ਨੀਅਤ[22] ਦੇ ਰਾਹੀਂ ਮਨ[20] ਡਿਕੋ ਡੋਲੇ[21] ਖਾਂਦਾ ਹੈ।
ਜਗ[27] ਸਿਉ[24] ਤੂਟੀ[25] ਝੂਠ[28] ਪਰੀਤਿ[26] ॥੧॥	So I have sundered[25] my love[26] with[24] the false[28] world[27].	ਇਸ ਲਈ ਮੈਂ ਕੂੜੀ[28] ਦੁਨੀਆਂ[27] ਨਾਲੋਂ[24] ਮੁਹੱਬਤ[26] ਤੋੜ ਲਈ[25] ਹੈ।
ਕਾਮੁ[29] ਕ੍ਰੋਧੁ[30] ਬਿਖੁ[31] ਬਜਰੁ[32] ਭਾਰੁ[33] ॥	One carries the unbearable[32] load[33] of lust[29], wrath[30] and other sins[31].	ਇਨਸਾਨ ਵਿਸ਼ੇ ਭੋਗ[29] ਗੁੱਸੇ[30] ਅਤੇ ਹੋਰਨਾਂ ਪਾਪਾਂ[31] ਦਾ ਅਸਹਿ[32] ਬੋਝ[33] ਚੁੱਕੀ ਫਿਰਦਾ ਹੈ।
ਨਾਮ ਬਿਨਾ ਕੈਸੇ[34] ਗੁਨ[35] ਚਾਰੁ[36] ॥੧॥ ਰਹਾਉ ॥	Without the Name, how[34] can man obtain meritorious[35] conduct[36] ? Pause.	ਨਾਮ ਦੇ ਬਗੈਰ, ਇਨਸਾਨ ਦਾ ਚੰਗਾ[35] ਆਚਰਨ[36] ਕਿਸ ਤਰ੍ਹਾਂ[34] ਹੋ ਸਕਦਾ ਹੈ ? ਠਹਿਰਾਉ।
ਘਰੁ[37] ਬਾਲੂ[38] ਕਾ ਘੂਮਨ[39] ਘੇਰਿ ॥ ਬਰਖਸਿ[40] ਬਾਣੀ[41] ਬੁਦਬੁਦਾ[42] ਹੇਰਿ[43] ॥	See[43] thou, that the body is like the house[37] of sand[38] in the whirl-pool[39] and the bubble[42] formed[41] when the rain[40] falls.	ਤੂੰ ਵੇਖ[43] ਲੈ ਕਿ ਦੇਹਿ ਘੁਮਣਘੇਰੀ[39] ਵਿਚ ਰੇਤੇ[38] ਦੇ ਮਕਾਨ[37] ਅਤੇ ਮੀਂਹ[40] ਪੈਣ ਤੇ ਬੁਲਬੁਲਾ[42] ਬਣਨ[41] ਦੀ ਤਰ੍ਹਾਂ ਹੈ।
ਮਾਤ੍ਰ[44] ਬੂੰਦ[45] ਤੇ[46] ਧਰਿ[47] ਚਕੁ[48] ਫੇਰਿ[49] ॥	When the Lord's wheel[48] turns[49], then the human body is made[47] from[46] a mere[44] bubble[45].	ਜਦ ਪ੍ਰਭੂ ਦਾ ਪਹੀਆ[48] ਫਿਰਦਾ[49] ਹੈ ਤਾਂ ਮਨੁਸ਼ੀ ਦੇਹਿ ਨਿਰੇਪੁਰੇ[44] ਇਕ ਤੁਪਕੇ[45] ਤੋਂ[46] ਹੀ ਬਣ ਜਾਂਦੀ[47] ਹੈ।
ਸਰਬ[50] ਜੋਤਿ[51] ਨਾਮੈ ਕੀ ਚੇਰਿ[52] ॥੨॥	All[50] the souls[51] are the hand-maidens[52] of the Lord's Name.	ਸਾਰੀਆਂ[50] ਰੂਹਾਂ[51], ਪ੍ਰਭੂ ਦੇ ਨਾਮ ਦੀਆਂ ਚੇਰੀਆਂ[52] ਹਨ।
ਸਰਬ[53] ਉਪਾਇ[54] ਗੁਰੂ[55] ਸਿਰਿ[56] ਮੋਰੁ[57] ॥	My[57] great[55] and supreme[56] Lord has created[54] all[53].	ਮੇਰੇ[57] ਵਿਸ਼ਾਲ[55] ਤੇ ਸ਼ਰੋਮਣੀ[56] ਸੁਆਮੀ ਨੇ ਸਾਰਿਆਂ[53] ਨੂੰ ਰਚਿਆ[54] ਹੈ।
ਭਗਤਿ[58] ਕਰਉ[62] ਪਗ[59] ਲਾਗਉ[60] ਤੋਰ[61] ॥	O Lord, I perform[62] Thy service[58] and fall[60] at Thine[61] feet[59].	ਹੇ ਹਰੀ ! ਮੈਂ ਤੇਰੀ ਸੇਵਾ[58] ਕਮਾਉਂਦਾ[62] ਹਾਂ, ਤੇ ਤੇਰੇ[61] ਪੈਰੀਂ[59] ਪੈਂਦਾ[60] ਹਾਂ।
ਨਾਮਿ ਰਤੋ[63] ਚਾਹਉ[64] ਤੁਝ ਓਰੁ[65] ॥	Imbued[63] with Thy Name, O Lord, I ever desire[64] to be Thy wards[65].	ਤੇਰੇ ਨਾਮ ਨਾਲ ਰੰਗਿਆ ਹੋਇਆ[63], ਹੇ ਸੁਆਮੀ ! ਮੈਂ ਸਦਾ ਹੀ ਤੇਰੇ ਪਾਸ[65] ਹੋਣਾ ਚਾਹੁੰਦਾ[64] ਹਾਂ।
ਨਾਮੁ ਦੁਰਾਇ[66] ਚਲੈ[67] ਸੋ[68] ਚੋਰੁ[69] ॥੩॥	He[68] who departs[67] without making manifest[66] the Lord's Name within himself is a thief[69].	ਜੋ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਪ੍ਰਗਟ[66] ਕਰਨ ਦੇ ਬਗੈਰ ਜਾਂਦਾ[67] ਹੈ, ਉਹ[68] ਚੋਰ[69] ਹੈ।

ਪਤਿ[70] ਖੋਈ[71] ਬਿਖੁ[72] ਅੰਚਲਿ[73] ਪਾਇ[74] ॥	Gathering[74] sins[72] in his skirt[73], man loses[71] honour[70].	ਆਪਣੇ ਪੱਲੇ[73] ਵਿਚ ਪਾਪ[72] ਪਾ ਕੇ[74], ਬੰਦਾ ਇੱਜ਼ਤ[70] ਗੁਆ ਲੈਂਦਾ[71] ਹੈ ।
ਸਾਚ ਨਾਮਿ ਰਤੇ[75] ਪਤਿ ਸਿਉ[76] ਘਰਿ[77] ਜਾਇ ॥	Imbued[75] with the True Name's love, he goes to his home[77] with[76] honour.	ਸੱਚੇ ਨਾਮ ਦੀ ਪ੍ਰੀਤ ਨਾਲ ਰੰਗਿਆ ਹੋਇਆ[75], ਉਹ ਇੱਜ਼ਤ ਨਾਲ[76] ਆਪਣੇ ਘਰ[77] ਨੂੰ ਜਾਂਦਾ ਹੈ ।
ਜੋ ਕਿਛੁ[78] ਕੀਨ੍ਹਸਿ[79] ਪ੍ਰਭੁ ਰਜਾਇ[80] ॥	Whatever[78] the Lord does[79] ; that is in His will[80]	ਜੋ ਕੁਛ ਭੀ[78] ਸੁਆਮੀ ਕਰਦਾ[79] ਹੈ; ਉਹ ਉਸ ਦੀ ਰਜ਼ਾ[80] ਵਿਚ ਹੈ ।
ਭੈ[81] ਮਾਨੈ[84] ਨਿਰਭਉ[82] ਮੇਰੀ ਮਾਇ[83] ॥੪॥	Whosoever lives[84] in the Lord's fear[81] ; he becomes fear-free[82], O my mother[83].	ਜਿਹੜਾ ਕੋਈ ਪ੍ਰਭੂ ਦੇ ਡਰ[81] ਵਿਚ ਵਸਦਾ[84] ਹੈ; ਉਹ ਡਰ-ਰਹਿਤ[82] ਹੋ ਜਾਂਦਾ ਹੈ, ਹੇ ਮੇਰੀ ਮਾਤਾ[83] !
ਕਾਮਨਿ[84]* ਚਾਹੈ[85] ਸੁੰਦਰਿ[86] ਭੋਗੁ[87] ॥	The woman[84]* desires[85] beauteous[86] pleasures of flesh[87].	ਇਸਤਰੀ[84]* ਸੋਹਣਿਆਂ[86] ਭੋਗ-ਬਿਲਾਸਾਂ[87] ਨੂੰ ਲੋੜਦੀ[85] ਹੈ ।
ਪਾਨ[88] ਫੂਲ[89] ਮੀਠੇ[90] ਰਸ[91] ਰੋਗ[92] ॥	Betel-leaves[88], flower-garland[89] and sweet[90] dainties[91] lead to maladies[92].	ਪਾਨ-ਬੀੜੇ[88], ਫੁੱਲਾਂ ਦੇ ਹਾਰ[89] ਅਤੇ ਮਿੱਠੀਆਂ[90] ਨਿਆਮਤਾਂ[91] ਬੀਮਾਰੀਆਂ[92] ਉਤਪੰਨ ਕਰਦੀਆਂ ਹਨ ।
ਖੀਲੈ[93] ਬਿਗਸੈ[94] ਤੇਤੋ[95] ਸੋਗ[96] ॥	The more she sports[93] and enjoys[94], the more[95] she comes to grief[96].	ਜਿੰਨਾ ਬਹੁਤਾ ਉਹ ਖੇਡਦੀ ਮਲਦੀ[93] ਅਤੇ ਅਨੰਦ ਮਾਣਦੀ[94] ਹੈ, ਉਨਾਂ ਬਹੁਤਾ[95] ਹੀ ਉਸ ਨੂੰ ਰੰਜ-ਗ਼ਮ ਵਿਆਪਦਾ[96] ਹੈ ।
ਪ੍ਰਭ ਸਰਣਾਗਤਿ[97] ਕੀਨ੍[98] ਸਿ[99] ਹੋਗ[100] ॥੫॥	If she enters the Lord's refuge[97], what she wishes to do[98] that[99] comes to pass[100].	ਜੇਕਰ ਉਹ ਸੁਆਮੀ ਦੀ ਸਰਣ[97] ਸੰਭਾਲ ਲਵੇ, ਤਾਂ ਜੋ ਕੁਛ ਉਹ ਕਰਨਾ ਚਾਹੁੰਦੀ[98] ਹੈ, ਉਹ[99] ਹੋ ਜਾਂਦਾ[100] ਹੈ ।
ਕਾਪੜੁ[2] ਪਹਿਰਸਿ[3] ਅਧਿਕੁ[4] ਸੀਗਾਰੁ[5] ॥	She wears[3] robes[2] and makes many[4] decorations[5].	ਉਹ ਪੁਸ਼ਾਕ[2] ਪਹਿਨਦੀ[3] ਹੈ ਤੇ ਘਣੇਰੇ[4] ਹਾਰ ਸ਼ਿੰਗਾਰ[5] ਕਰਦੀ ਹੈ ।
ਮਾਟੀ[6] ਫੂਲੀ[7] ਰੂਪੁ[8] ਬਿਕਾਰੁ[9] ॥	The body is but the dust[6] mouled flower[7], and beauty[8] leads to sins[9].	ਦੇਹਿ ਕੇਵਲ ਘਟੇ ਮਿੱਟੀ[6] ਦਾ ਬਣਿਆ ਹੋਇਆ ਫੁੱਲ[7] ਹੈ ਅਤੇ ਸੁੰਦਰਤਾ[8] ਪਾਪਾਂ[9] ਵੱਲ ਲੈ ਜਾਂਦੀ ਹੈ ।
ਆਸਾ[10] ਮਨਸਾ[12] ਬਾਧੋ[13] ਬਾਰੁ[14] ॥	Hope[10] and desire[12] have barred[13] the door[14] to God.	ਉਮੈਦ[10] ਅਤੇ ਖ਼ਾਹਿਸ਼[12] ਨੇ ਵਾਹਿਗੁਰੂ ਦਾ ਬੂਹਾ[14] ਬੰਦ ਕੀਤਾ ਹੋਇਆ[13] ਹੈ ।
ਨਾਮ ਬਿਨਾ ਸੂਨਾ[15] ਘਰੁ ਬਾਰੁ[16] ॥੬॥	Without the Name, forlorn[15] is one's hearth and home[16].	ਨਾਮ ਦੇ ਬਗੈਰ, ਸੁੰਨਮਸਾਨ[15] ਹੈ ਇਨਸਾਨ ਦਾ ਦਰ-ਘਰ[16] ।
ਗਾਛਹੁ[17] ਪੁਤ੍ਰੀ[18] ਰਾਜ ਕੁਆਰਿ[19] ॥	O princess[19], my daughter[18], hasten away[17] from here.	ਹੇ ਰਾਜ-ਕੰਨਿਆਂ[19] ! ਮੇਰੀ ਧੀਏ[18] ਤੂੰ ਏਥੋਂ ਚਲੀ ਜਾ[17] ।
ਨਾਮੁ ਭਣਹੁ[20] ਸਚੁ ਦੋਤੁ[21] ਸਵਾਰਿ[22] ॥	To embellish[22] thine days[21], utter[20] the True Name.	ਆਪਣਿਆਂ ਦਿਨਾਂ[21] ਨੂੰ ਸ਼ਸ਼ੋਭਤ[22] ਕਰਨ ਲਈ, ਤੂੰ ਸੱਚੇ ਨਾਮ ਦਾ ਉਚਾਰਨ[20] ਕਰ ।
ਪ੍ਰਿਉ[23] ਸੇਵਹੁ[24] ਪ੍ਰਭੁ[25] ਪ੍ਰੇਮ[26] ਅਧਾਰਿ[27] ॥	Leaning[27] on His love[26], serve[24] thou thy loved[23] Lord[25].	ਉਸ ਦੇ ਪਿਆਰ[26] ਦਾ ਆਸਰਾ ਲੈ[27], ਤੂੰ ਆਪਣੇ ਪਿਆਰੇ[23] ਸੁਆਮੀ[25] ਦੀ ਸੇਵਾ[24] ਕਰ ।
ਗੁਰ ਸਬਦੀ[28] ਬਿਖੁ[29] ਤਿਆਸ[30] ਨਿਵਾਰਿ[31] ॥੭॥	By the Guru's word[28], abandon[31] thou thy thirst[30] for evil deeds[29].	ਗੁਰਾਂ ਦੀ ਬਾਣੀ[28] ਦੁਆਰਾ, ਤੂੰ ਮੰਦੇ-ਕਰਮਾਂ[29] ਦੀ ਆਪਣੀ ਪਿਆਸ[30] ਨੂੰ ਦੂਰ ਕਰ[31] ਦੇ ।

ਮੋਹਨਿ[32] ਮੋਹਿ[33] ਲੀਆ ਮਨੁ[34] ਮੋਹਿ[35] ॥	My fascinating[32] Lord, has fascinated[33] my[35] mind[34].	ਮਨਮੋਹਨ[32] ਸੁਆਮੀ ਨੇ ਮੇਰਾ[35] ਚਿਤ[34] ਮੋਹਿਤ ਕਰ ਲਿਆ[33] ਹੈ ।
ਗੁਰ ਕੈ ਸਬਦਿ[36] ਪਛਾਨਾ[37] ਤੋਹਿ[38] ॥	Through the Guru's word[36], I have recognised[37] Thee[38].	ਗੁਰਾਂ ਦੀ ਬਾਣੀ[36] ਰਾਹੀਂ, ਮੈਂ ਤੈਨੂੰ[38] ਸਿਞਾਣ ਲਿਆ[37] ਹੈ ।
ਨਾਨਕ ਠਾਢੇ[39] ਚਾਹਹਿ[40] ਪ੍ਰਭੂ ਦੁਆਰਿ[41] ॥	Standing[39] at Thy door[41], O Lord, Nanak longs[40] for Thy vision.	ਤੇਰੇ ਬੂਹੇ[41] ਤੇ ਖੜ੍ਹਾ[39] ਹੋਇਆ, ਹੇ ਸਾਹਿਬ ! ਨਾਨਕ ਤੇਰੇ ਦਰਸ਼ਨ ਦੀ ਤਾਂਘ ਕਰਦਾ[40] ਹੈ ।
ਤੇਰੇ ਨਾਮਿ ਸੰਤੋਖੇ[42] ਕਿਰਪਾ[43] ਧਾਰਿ[44] ॥੮॥੧॥	Content[42] am I with Thy Name, O Lord. Shower[44] Thou Thine benediction[43] on me.	ਸੰਤੁਸ਼ਟ[42] ਹਾਂ ਮੈਂ ਤੇਰੇ ਨਾਮ ਨਾਲ ਹੇ ਸੁਆਮੀ ! ਤੂੰ ਮੇਰੇ ਉਤੇ ਆਪਣੀ ਮਿਹਰ[43] ਕਰ[44] ।
ਬਸੰਤੁ ਮਹਲਾ ੧ ॥	**Basant 1st Guru.**	**ਬਸੰਤ ਪਹਿਲੀ ਪਾਤਿਸ਼ਾਹੀ ।**
ਮਨੁ[45] ਭੂਲਉ[46] ਭਰਮਸਿ[47] ਆਇ ਜਾਇ ॥	Straying[46] in doubt[47], the soul[45] comes and goes.	ਸੰਦੇਹ[47] ਅੰਦਰ ਭੁੱਲੀ[46] ਹੋਈ, ਆਤਮਾ[45] ਆਉਂਦੀ ਅਤੇ ਜਾਂਦੀ ਹੈ ।
ਅਤਿ[48]ਲੁਬਧ[49]ਲੁਭਾਨਉ[50] ਬਿਖਮ[51] ਮਾਇ[52] ॥	The greed[49] of poisonous[51] mammon[52] has greatly[48] lured[50] it.	ਜ਼ਹਿਰ-ਰੂਪੀ[51] ਮਾਇਆ[52] ਦੇ ਲਾਲਚ[49] ਨੇ ਇਸ ਨੂੰ ਅਤਿਅੰਤ[48] ਲੁਭਾਇਮਾਨ[50] ਕਰ ਲਿਆ ਹੈ ।
ਨਹ ਅਸਥਿਰੁ[53] ਦੀਸੈ[54] ਏਕ[55] ਭਾਇ[56] ॥	It is seen[54] not fixed[53] in the love[56] of One Lord[55].	ਇਹ ਇਕ ਪ੍ਰਭੂ[55] ਦੀ ਪ੍ਰੀਤ[56] ਅੰਦਰ ਦ੍ਰਿੜ੍ਹ[53] ਨਹੀਂ ਦਿੱਸਦੀ[54] ।
ਜਿਉ[57]ਮੀਨ[58] ਕੁੰਡਲੀਆ[59] ਕੰਠਿ[60] ਪਾਇ[61] ॥੧॥	Like[57] the fish[58], its neck[60] is pierced through[61] with the hook[59] of worldliness.	ਮੱਛੀ[58] ਦੀ ਮਾਨੰਦ[57], ਇਸ ਦੀ ਗਰਦਨ[60] ਦੁਨੀਆਂਦਾਰੀ ਦੇ ਕਾਂਟੇ[59] ਨਾਲ ਵਿੰਨ੍ਹੀ ਹੋਈ[61] ਹੈ ।
ਮਨੁ[62] ਭੂਲਉ[63] ਸਮਝਸਿ[64] ਸਾਚ ਨਾਇ[65] ॥	The strayed[63] soul[62] is instructed[64] through the True Name[65].	ਭੁੱਲੀ ਹੋਈ[63] ਆਤਮਾ[62] ਨੂੰ ਸੱਚੇ ਨਾਮ[65] ਰਾਹੀਂ ਸਿਖ-ਮਤ[64] ਆਉਂਦੀ ਹੈ ।
੧੧੮੮	**1188**	**੧੧੮੮**
ਗੁਰ ਸਬਦੁ[66] ਬੀਚਾਰੇ[67] ਸਹਜ ਭਾਇ[68] ॥੧॥ ਰਹਾਉ॥	Then it naturally[68] reflects[67] on the Guru's word[66]. Pause.	ਤਦ ਇਹ ਸੁਭਾਵਕ[68] ਹੀ ਗੁਰਾਂ ਦੀ ਬਾਣੀ[66] ਨੂੰ ਸੋਚਦੀ ਵੀਚਾਰਦੀ[67] ਹੈ । ਠਹਿਰਾਉ ।
ਮਨੁ[69] ਭੂਲਉ[70] ਭਰਮਸਿ[71] ਭਵਰ[72] ਤਾਰ[73] ॥	The errable[70] mind[69] wanders[71] like[73] the black-bee[72].	ਭੁੱਲਣ ਵਾਲਾ[70] ਮਨੂਆ[69] ਭਉਰੇ[72] ਦੀ ਮਾਨੰਦ[73] ਭਟਕਦਾ[71] ਹੈ ।
ਬਿਲ[74] ਬਿਰਥੇ[75] ਚਾਹੈ[76] ਬਹੁ[77] ਬਿਕਾਰ[78] ॥	In vain[75] are the nine body apertures[74], if the mind greatly[77] desires[76] to commit sins[78].	ਵਿਅਰਥ[75] ਹਨ ਦੇਹਿ ਦੀਆਂ ਨੌਂ ਗੋਲਕਾਂ[74], ਜੇਕਰ ਮਨੂਆ ਪਾਪ[78] ਕਰਨ ਨੂੰ ਘਣੇਰਾ[77] ਲੋਚਦਾ[76] ਹੈ ।
ਮੈਗਲ[79] ਜਿਉ[80] ਫਾਸਸਿ[81] ਕਾਮਹਾਰ[82] ॥	The mind is entrapped[81] like[80] the lustful[82] elephant[79].	ਵਿਸ਼ਈ[82] ਹਾਥੀ[79] ਦੀ ਤਰ੍ਹਾਂ[80] ਮਨੂਆ ਫਾਹੀ ਵਿਚ ਫਸ ਜਾਂਦਾ[81] ਹੈ ।
ਕੜਿ[83] ਬੰਧਨਿ[84] ਬਾਧਿਓ[85] ਸੀਸ[86] ਮਾਰ[87] ॥੨॥	He is tightly[83] chained[85] with the chains[84], and bears the brunt[87] of the goad on his head[86].	ਉਹ ਸੰਗਲਾਂ[84] ਨਾਲ ਕਸ ਕੇ[83] ਨਰੜ ਲਿਆ ਜਾਂਦਾ[85] ਹੈ ਅਤੇ ਆਪਣੇ ਸਿਰ[86] ਉਤੇ ਕੁੰਡ ਦੀ ਸੱਟ[87] ਸਹਾਰਦਾ ਹੈ ।

ਮਨੁ ਮੁਗਧੌ[88] ਦਾਦਰੁ[89] ਭਗਤਿ[90] ਹੀਨੁ[91] ॥	Without[91] the Lord's devotion[90], the mind is foolish[88] like a frog[89].	ਪ੍ਰਭੂ ਦੇ ਵੈਰਾਗ[90] ਦੇ ਬਗੈਰ[91], ਮਨੂਆ ਡੱਡੂ[89] ਦੀ ਮਾਨੰਦ ਮੂਰਖ[88] ਹੈ ।
ਦਰਿ[91] ਭ੍ਰਸਟ[92] ਸਰਾਪੀ[93] ਨਾਮ ਬੀਨੁ[94] ॥	Bereft[94] of the Name, the mind is cursed[92] and condemned[93] in the Lord's court[91]*.	ਨਾਮ ਦੇ ਬਿਨਾਂ[94], ਪ੍ਰਭੂ ਦੇ ਦਰਬਾਰ[91]* ਅੰਦਰ ਮਨੂਆ ਦੋਜ਼ਕੀ[92] ਤੇ ਅਪਰਾਧੀ[93] ਠਹਿਰਾਇਆ ਜਾਂਦਾ ਹੈ ।
ਤਾਕੇ[95] ਜਾਤਿ[96] ਨ ਪਾਤੀ[97] ਨਾਮ ਲੀਨ[98] ॥	They[95], who are without the Name, have no caste[96] and honour[97], and none even cares[98] for their Name.	ਜੋ, ਨਾਮ ਦੇ ਬਿਨਾਂ ਹਨ ਉਨ੍ਹਾਂ[95] ਦਾ ਕੋਈ ਵਰਨ[96] ਤੇ ਇੱਜ਼ਤ[97] ਨਹੀਂ ਤੇ ਕੋਈ ਜਣਾ ਉਨ੍ਹਾਂ[95] ਦਾ ਨਾਮ ਤਕ ਨਹੀਂ ਲੈਂਦਾ[98] ।
ਸਭਿ ਦੂਖ[99] ਸਹਾਈ[100] ਗੁਣਹ[2] ਬੀਨ[3] ॥੩॥	All the sufferings[99] become the comrades[100] of those who are bereft[3] of virtues[2].	ਸਾਰੇ ਦੁਖੜੇ[99] ਉਹਨਾਂ ਦੇ ਸਾਥੀ[100] ਹੋ ਜਾਂਦੇ ਹਨ ਜੋ ਨੇਕੀਆਂ[2] ਤੋਂ ਬਿਨਾਂ[3] ਹਨ ।
ਮਨੁ[7] ਚਲੈ[4] ਨ[5] ਜਾਈ[6] ਠਾਕਿ ਰਾਖੁ[8] ॥	The mind[7] wanders[4] and can[6] be stopped and restrained[8] not[5].	ਮਨੂਆ[7] ਭਟਕਦਾ ਫਿਰਦਾ[4] ਹੈ ਅਤੇ ਰੋਕ ਕੇ ਰਖਿਆ[8] ਨਹੀਂ[5] ਜਾ ਸਕਦਾ[6] ।
ਬਿਨੁ ਹਰਿ ਰਸ[9] ਰਾਤੇ[10] ਪਤਿ[12] ਨ ਸਾਖੁ[13] ॥	Without being imbued[10] with the God's elixir[9], it has no honour[12] and credit[13].	ਵਾਹਿਗੁਰੂ ਦੇ ਅੰਮ੍ਰਿਤ[9] ਨਾਲ ਰੰਗੀਜਣ[10] ਦੇ ਬਗੈਰ, ਇਸ ਦੀ ਕੋਈ ਇੱਜ਼ਤ[12] ਅਤੇ ਇਤਬਾਰ[13] ਨਹੀਂ ।
ਤੂ ਆਪੇ ਸੁਰਤਾ[14] ਆਪਿ ਰਾਖੁ[15] ॥	Thou, O Lord, Thyself art the Listener[14] and Thyself the Protector[15].	ਤੂੰ, ਹੇ ਪ੍ਰਭੂ ! ਆਪ ਹੀ ਸਰੋਤਾ[14] ਹੈਂ ਅਤੇ ਆਪੇ-ਹੀ ਰੱਖਣ ਵਾਲਾ[15] ।
ਧਰਿ[16] ਧਾਰਣ[17] ਦੇਖੈ[18] ਜਾਣੈ[19] ਆਪਿ ॥੪॥	Upholding[16] the earth[17], Thou Thyself beholdest[18] and understandest[19] it.	ਧਰਤੀ[17] ਨੂੰ ਟਿਕਾ[16] ਕੇ, ਤੂੰ ਖੁਦ ਹੀ ਇਸ ਨੂੰ ਵੇਖਦਾ[18] ਅਤੇ ਸਮਝਦਾ[19] ਹੈਂ ।
ਆਪਿ ਭੁਲਾਏ[20] ਕਿਸੁ[21] ਕਹਉ[22] ਜਾਇ[23] ॥	When Thou Thyself strayest[20] me, to whom[21] should I go[23] to complain[22] ?	ਜਦ ਤੂੰ ਆਪੇ ਹੀ ਮੈਨੂੰ ਭੁਲਾਉਂਦਾ[20] ਹੈਂ, ਮੈਂ ਕੀਹਦੇ[21] ਕੋਲ ਜਾ ਕੇ[23] ਸ਼ਿਕਾਇਤ[22] ਕਰਾਂ ?
ਗੁਰੁ ਮੇਲੇ ਬਿਰਥਾ[24] ਕਹਉ[25] ਮਾਇ[26] ॥	If Thou makest me meet my Guru; to him I will tell[25] my mind's pain[24], O mother[26].	ਜੇਕਰ ਤੂੰ ਮੈਨੂੰ ਮੇਰੇ ਗੁਰਾਂ ਨਾਲ ਮਿਲਾ ਦੇਵੇਂ, ਤਦ ਮੈਂ ਉਨ੍ਹਾਂ ਨੂੰ ਆਪਣੇ ਦਿਲ ਦਾ ਦੁੱਖ[24] ਦੱਸਾਂ[25], ਹੇ ਮਾਤਾ[26] !
ਅਵਗਣ[27] ਛੋਡਉ[28] ਗੁਣ[29] ਕਮਾਇ[30] ॥ ਗੁਰ ਸਬਦੀ[31] ਰਾਤਾ[32] ਸਚਿ[33] ਸਮਾਇ[34] ॥੫॥	Abandoning[28] sin[27], I have practised[30] virtues[29] and being imbued[32] with the Guru's word[31] I am absorbed[34] in the True Lord[33].	ਪਾਪਾਂ[27] ਨੂੰ ਤਿਆਗ[28], ਮੈਂ ਨੇਕੀਆਂ[29] ਦੀ ਕਮਾਈ[30] ਕੀਤੀ ਹੈ ਤੇ ਗੁਰਾਂ ਦੀ ਬਾਣੀ[31] ਨਾਲ ਰੰਗੀਜਣ[32] ਦੁਆਰਾ ਮੈਂ ਸਚੇ ਸੁਆਮੀ[33] ਅੰਦਰ ਲੀਨ ਹੋ ਗਿਆ[34] ਹਾਂ ।
ਸਤਿਗੁਰ ਮਿਲਿਐ ਮਤਿ[35] ਊਤਮ[36] ਹੋਇ ॥ ਮਨੁ	Meeting with the True Guru, man's intellect[35] becomes sublime[36], his	ਸੱਚੇ ਗੁਰਾਂ ਨਾਲ ਮਿਲ ਕੇ, ਜੀਵ ਦੀ ਅਕਲ[35] ਸਰੇਸ਼ਟ[36] ਹੋ ਜਾਂਦੀ ਹੈ, ਉਸ ਦਾ ਚਿੱਤ ਪਵਿੱਤਰ[37] ਹੋ ਜਾਂਦਾ ਹੈ

ਨਿਰਮਲੁ[37] ਹਉਮੈ[38] ਕਢੈ ਧੋਇ[39] ॥	mind is rendered immaculate[37] and his ego[38] is washed off[39].	ਅਤੇ ਉਸ ਦੀ ਹੰਗਤਾ[38] ਧੋਤੀ ਜਾਂਦੀ[39] ਹੈ।
ਸਦਾ ਮੁਕਤੁ[40] ਬੰਧਿ[41] ਨ ਸਕੈ ਕੋਇ ॥	He is ever emancipated[40], and none can bind[41] him.	ਉਹ ਹਮੇਸ਼ਾਂ ਲਈ ਮੁਕਤ[40] ਹੋ ਜਾਂਦਾ ਹੈ, ਤੇ ਕੋਈ ਭੀ ਉਸ ਨੂੰ ਬੰਨ੍ਹ[41] ਨਹੀਂ ਸਕਦਾ।
ਸਦਾ ਨਾਮੁ ਵਖਾਣੈ[42] ਅਉਰੁ ਨ ਕੋਇ ॥੬॥	He ever utters[42] the Name and naught else.	ਉਹ ਸਦੀਵ ਹੀ ਨਾਮ ਦਾ ਉਚਾਰਨ[42] ਕਰਦਾ ਹੈ ਅਤੇ ਹੋਰ ਕੁਛ ਨਹੀਂ।
ਮਨੁ[43] ਹਰਿ ਕੈ ਭਾਣੈ[44] ਆਵੈ ਜਾਇ ॥	Man[43] comes and goes in the God's will[44].	ਬੰਦਾ[43] ਰਬ ਦੀ ਰਜ਼ਾ[44] ਅੰਦਰ ਆਉਂਦਾ ਤੇ ਜਾਂਦਾ ਹੈ।
ਸਭ ਮਹਿ[45] ਏਕੋ ਕਿਛੁ ਕਹਣੁ[46] ਨ ਜਾਇ ॥	The One Lord is contained amongst[45] all, and no one can be said[46] to be without Him.	ਇਕ ਸੁਆਮੀ ਸਾਰਿਆਂ ਅੰਦਰ[45] ਰਮਿਆ ਹੋਇਆ ਹੈ ਕੋਈ ਭੀ ਉਸ ਦੇ ਬਿਨਾਂ ਆਖਿਆ[46] ਨਹੀਂ ਜਾ ਸਕਦਾ।
ਸਭੁ ਹੁਕਮੋ[47] ਵਰਤੈ[48] ਹੁਕਮਿ[49] ਸਮਾਇ[50] ॥	His writ[47] runs over[48] all, and everyone merges[50] in His will[49].	ਉਸ ਦਾ ਫੁਰਮਾਨ[47] ਸਾਰਿਆਂ ਤੇ ਲਾਗੂ[48] ਹੈ ਅਤੇ ਹਰ ਕੋਈ ਉਸ ਦੀ ਰਜ਼ਾ[49] ਅੰਦਰ ਲੀਨ ਹੁੰਦਾ[50] ਹੈ।
ਦੂਖ[51] ਸੂਖ[52] ਸਭ ਤਿਸੁ[53] ਰਜਾਇ[54] ॥੭॥	Pain[51] and pleasure[52] are all in His[53] will[54].	ਗ਼ਮੀ[51] ਤੇ ਖ਼ੁਸ਼ੀ[52] ਸਮੂਹ ਉਸ ਦੀ[53] ਰਜ਼ਾ[54] ਅੰਦਰ ਹਨ।
ਤੂ ਅਭੁਲੁ[55] ਨ ਭੂਲੌ[56] ਕਦੇ[57] ਨਾਹਿ ॥	Thou art infallible[55], no, Thou errest[56] not ever[57].	ਤੂੰ ਅਚੂਕ[55] ਹੈਂ, ਨਹੀਂ, ਤੂੰ ਕਦਾਚਿੱਤ[57] ਗ਼ਲਤੀ[56] ਨਹੀਂ ਕਰਦਾ।
ਗੁਰ ਸਬਦੁ[58] ਸੁਣਾਏ[59] ਮਤਿ[60] ਅਗਾਹਿ[61] ॥	They, who hear[59] the Guru's word[58]; unfathomable[61] becomes their intellect[60].	ਜੋ, ਗੁਰਾਂ ਦੀ ਬਾਣੀ[58] ਸ੍ਰਵਣ[59] ਕਰਦੇ ਹਨ, ਅਗਾਧ[61] ਹੋ ਜਾਂਦੀ ਹੈ ਉਨ੍ਹਾਂ ਦੀ ਅਕਲ[60]।
ਤੂ ਮੋਟਉ[62] ਠਾਕੁਰੁ ਸਬਦੁ[63] ਮਾਹਿ[64] ॥	Thou, O Great[62] Lord, art contained in[64] the Guru's word[63].	ਤੂੰ, ਹੇ ਵਿਸ਼ਾਲ[62] ਸੁਆਮੀ! ਗੁਰਾਂ ਦੀ ਬਾਣੀ[63] ਵਿਚ[64] ਰਮਿਆ ਹੋਇਆ ਹੈਂ।
ਮਨੁ ਨਾਨਕ ਮਾਨਿਆ[65] ਸਚੁ[66] ਸਲਾਹਿ[67] ॥੮॥੨॥	Praising[67] the True Lord[66], Nanak's mind is pleased[65].	ਸਚੇ ਸੁਆਮੀ[66] ਦੀ ਕੀਰਤੀ[67] ਗਾਇਨ ਕਰਨ ਦੁਆਰਾ ਨਾਨਕ ਦਾ ਚਿੱਤ ਪ੍ਰਸੰਨ[65] ਹੋ ਗਿਆ ਹੈ।
ਬਸੰਤੁ ਮਹਲਾ ੧ ॥	Basant Ist Guru.	ਬਸੰਤ ਪਹਿਲੀ ਪਾਤਿਸ਼ਾਹੀ।
ਦਰਸਨ[68] ਕੀ ਪਿਆਸ[69] ਜਿਸੁ ਨਰ[70] ਹੋਇ ॥	The man[70], who thirsts[69] for the Lord's vision[68]; he merges[72] in the	ਜਿਸ ਬੰਦੇ[70] ਨੂੰ ਪ੍ਰਭੂ ਦੇ ਦੀਦਾਰ[68] ਦੀ ਤਰੇਹ[69] ਹੈ; ਉਹ ਕੇਵਲ ਇਕ[71] ਅੰਦਰ ਹੀ ਲੀਨ[72] ਹੁੰਦਾ ਹੈ ਤੇ ਦਵੈਤ-ਭਾਵ[74] ਨੂੰ ਛੱਡ[73] ਦਿੰਦਾ ਹੈ।
ਏਕਤੁ[71] ਰਾਚੈ[72] ਪਰਹਰਿ[73] ਦੋਇ[74] ॥	One alone[71], and discards[73] duality[74].	
ਦੂਰਿ[75] ਦਰਦੁ[76] ਮਥਿ[77] ਅੰਮ੍ਰਿਤੁ[78] ਖਾਇ[79] ॥	He churns[77] the God's elixir[78] for his feed[79], and his pain[76] is dispelled[75].	ਆਪਣੇ ਭੋਜਨ[79] ਲਈ ਉਹ ਵਾਹਿਗੁਰੂ ਦੇ ਸੁਧਾਰਸ[78] ਨੂੰ ਰਿੜਕਦਾ[77] ਹੈ, ਤੇ ਉਸ ਦੀ ਪੀੜ[76] ਨਵਿਰਤ[75] ਹੋ ਜਾਂਦੀ ਹੈ।
ਗੁਰਮੁਖਿ[80] ਬੂਝੈ[81] ਏਕ ਸਮਾਇ[82] ॥੧॥	He knows[81] by the Guru's grace[80], and merges[82] in the One Lord.	ਗੁਰਾਂ ਦੀ ਦਇਆ[80] ਦੁਆਰਾ ਉਹ ਜਾਣ ਲੈਂਦਾ[81] ਹੈ, ਅਤੇ ਇਕ ਪ੍ਰਭੂ ਅੰਦਰ ਲੀਨ ਹੋ ਜਾਂਦਾ[82] ਹੈ।

ਤੇਰੇ ਦਰਸਨ[83] ਕਉ[84] ਕੇਤੀ[85] ਬਿਲਲਾਇ[86] ॥	Good many[85] men wail[86] for[84] Thy vision[83], O Lord.	ਘਣੇਰੇ[85] ਹੀ ਇਨਸਾਨ, ਤੇਰੇ ਦੀਦਾਰ[83] ਲਈ[84] ਵਿਲਕਦੇ[86] ਹਨ, ਹੇ ਸਾਂਈ !
ਵਿਰਲਾ[87] ਕੋ ਚੀਨਸਿ[88] ਗੁਰ ਸਬਦਿ[89] ਮਿਲਾਇ[90] ॥ ੧॥ਰਹਾਉ॥	Through the Guru's word[89], some rare one[87] realises[88] the Lord and blends[90] with Him. Pause.	ਗੁਰਾਂ ਦੀ ਬਾਣੀ[89] ਰਾਹੀਂ, ਕੋਈ ਟਾਂਵਾਂ ਟੱਲਾ ਜਣਾ[87] ਹੀ ਪ੍ਰਭੂ ਨੂੰ ਅਨੁਭਵ ਕਰਦਾ[88] ਤੇ ਉਸ ਨਾਲ ਅਭੇਦ ਹੁੰਦਾ[90] ਹੈ। ਠਹਿਰਾਉ।
ਬੇਦ ਵਖਾਣਿ[91] ਕਹਹਿ[92] ਇਕੁ[93] ਕਹੀਐ[94] ॥	The Vedas narrate[91] and say[92], that one should utter[94] the One[93] Lord's Name.	ਵੇਦ ਵਰਣਨ ਕਰਦੇ[91] ਤੇ ਆਖਦੇ[92] ਹਨ, ਕਿ ਪ੍ਰਾਣੀ ਨੂੰ ਇਕ[93] ਸੁਆਮੀ ਦਾ ਨਾਮ ਉਚਾਰਨਾ[94] ਚਾਹੀਦਾ ਹੈ।
ਓਹੁ ਬੇਅੰਤੁ[95] ਅੰਤੁ[96] ਕਿਨਿ[97] ਲਹੀਐ[98] ॥	He is Illimitable[95], who[97] can find[98] His limit[96] ?	ਉਹ ਓੜਕ-ਰਹਿਤ[95] ਹੈ, ਉਸ ਦੇ ਓੜਕ[96] ਨੂੰ ਕੌਣ[97] ਪਾ ਸਕਦਾ[98] ਹੈ ?
ਏਕੋ ਕਰਤਾ[99] ਜਿਨਿ ਜਗੁ[100] ਕੀਆ[2] ॥	There is but One Creator[99], who has created[2] the world[100].	ਕੇਵਲ ਇਕ ਹੀ ਸਿਰਜਣਹਾਰ[99] ਹੈ, ਜਿਸ ਨੇ ਸੰਸਾਰ[100] ਨੂੰ ਸਾਜਿਆ[2] ਹੈ।
ਬਾਝੁ[3] ਕਲਾ[4] ਧਰਿ[5] ਗਗਨੁ[6] ਧਰੀਆ[7] ॥੨॥	Without[3] any pillar[4], He has supported[7] the earth[5] and sky[6].	ਕਿਸੇ ਥੰਭ[4] ਦੇ ਬਗੈਰ[3], ਉਸ ਨੇ ਧਰਤੀ[5] ਅਤੇ ਅਸਮਾਨ[6] ਨੂੰ ਟਿਕਾਇਆ ਹੋਇਆ[7] ਹੈ।
ਏਕੋ[7*] ਗਿਆਨੁ[8] ਧਿਆਨੁ[9] ਧੁਨਿ[10] ਬਾਣੀ[12] ॥	The Divine knowledge[8] and realisation[9] is contained in hearing the melody[10] of the Gurbani[12] alone[7*].	ਬ੍ਰਹਮ-ਗਿਆਤ[8] ਅਤੇ ਅਨੁਭਵਤਾ[9] ਕੇਵਲ[7*] ਗੁਰਬਾਣੀ[12] ਦਾ ਕੀਰਤਨ[10] ਸੁਣਨ ਵਿਚ ਹੀ ਹੈ।
ਏਕੁ ਨਿਰਾਲਮੁ[13] ਅਕਥ[14] ਕਹਾਣੀ[15] ॥	Immaculate[13] is the One Lord, and ineffable[14] is His story[15].	ਪਵਿੱਤ੍ਰ[13] ਹੈ ਇਕ ਪ੍ਰਭੂ ਅਤੇ ਵਰਣਨ-ਰਹਿਤ[14] ਹੈ ਉਸ ਦੀ ਵਾਰਤਾ[15]।
ਏਕੋ[16] ਸਬਦੁ[17] ਸਚਾ ਨੀਸਾਣੁ[18] ॥	The Name[17] alone[16] is the True seal[18] of the Lord's approval.	ਕੇਵਲ[16] ਨਾਮ[17] ਹੀ ਪ੍ਰਭੂ ਦੀ ਪ੍ਰਵਾਨਗੀ ਦੀ ਸਚੀ ਮੋਹਰ[18] ਹੈ।
ਪੂਰੇ[19] ਗੁਰ ਤੇ[20] ਜਾਣੈ[21] ਜਾਣੁ[22] ॥੩॥	It is through[20] the Perfect[19] Guru, that the Wise Lord[22] is known[21].	ਪੂਰਨ[19] ਗੁਰਾਂ ਦੇ ਰਾਹੀਂ[20] ਹੀ ਜਾਣਕਾਰ ਪ੍ਰਭੂ[22] ਜਾਣਿਆ ਜਾਂਦਾ[21] ਹੈ।
ਏਕੋ[23] ਧਰਮੁ[24] ਦ੍ਰਿੜੈ[25] ਸਚੁ ਕੋਈ[26] ॥	If some[26] one grasps[25] this thing ; there is but One[23] religion[24] of Truth.	ਜੇਕਰ ਕੋਈ[26] ਜਣਾ ਇਸ ਗੱਲ ਨੂੰ ਪਕੜੇ[25] ਕੇਵਲ ਇਕ[23] ਹੀ ਸੱਚ ਦਾ ਮਜ਼ਹਬ[24] ਹੈ।
ਗੁਰਮਤਿ[27] ਪੂਰਾ[28] ਜੁਗਿ ਜੁਗਿ[29] ਸੋਈ[30] ॥	By the Guru's instruction[27], the mortal is rendered[30] perfect[28] all the ages through[29].	ਗੁਰਾਂ ਦੇ ਉਪਦੇਸ਼[27] ਦੁਆਰਾ ਪ੍ਰਾਣੀ ਸਾਰਿਆਂ ਯੁਗਾਂ[29] ਅੰਦਰ ਪੂਰਨ[28] ਹੋ ਜਾਂਦਾ[30] ਹੈ।
ਅਨਹਦਿ[31] ਰਾਤਾ[32] ਏਕ[33] ਲਿਵਤਾਰ[34] ॥ ਓਹੁ ਗੁਰਮੁਖਿ[35] ਪਾਵੈ ਅਲਖ[36] ਅਪਾਰ[37] ॥੪॥	He, who is imbued[32] with the incessant love[34] of unique[33] Limitless Lord[31] ; by the Guru's grace[35], he attains unto the Unseeable[36] and Infinite[37] Lord.	ਜੋ ਅਦੁਤੀ[33] ਹੱਦਬੰਨਾ-ਰਹਿਤ[31] ਸੁਆਮੀ ਦੀ ਇਕਰਸ ਪ੍ਰੀਤ[34] ਨਾਲ ਰੰਗਿਆ ਹੋਇਆ[32] ਹੈ; ਗੁਰਾਂ ਦੀ ਦਇਆ[35] ਦੁਆਰਾ ਉਹ ਅਦ੍ਰਿਸ਼ਟ[36] ਅਤੇ ਬੇਅੰਤ[37] ਪ੍ਰਭੂ ਨੂੰ ਪਾ ਲੈਂਦਾ ਹੈ।

ਏਕੋ ਤਖਤੁ[38] ਏਕੋ ਪਾਤਿਸਾਹੁ[39] ॥	There is but One Throne[38] and One King[39].	ਕੇਵਲ ਇਕ ਹੀ ਰਾਜ-ਸਿੰਘਾਸਣ[38] ਹੈ ਅਤੇ ਇਕ ਹੀ ਰਾਜਾ[39]।
ਸਰਬੀ[40] ਥਾਈ[41] ਵੇਪਰਵਾਹੁ[42] ॥	The Absolute Lord[42] is contained in all[40] places[41].	ਸੁਤੰਤਰ ਸੁਆਮੀ[42] ਸਾਰਿਆਂ[40] ਥਾਵਾਂ[41] ਅੰਦਰ ਰਮਿਆ ਹੋਇਆ ਹੈ।
ਤਿਸੁ[43] ਕਾ ਕੀਆ[44] [45]ਤ੍ਰਿਭਵਣ[46] ਸਾਰੁ[47] ॥	The three[45] worlds[46] are creation[44] of that[43] sublime[47] Lord.	ਤਿੰਨੇ[45] ਜਹਾਨ[46] ਉਸ[43] ਸ਼੍ਰੇਸ਼ਟ[47] ਸੁਆਮੀ ਦੀ ਰਚਨਾ[44] ਹਨ।
ਓਹੁ ਅਗਮੁ[48] ਅਗੋਚਰ[49] ਏਕੰਕਾਰੁ[50] ॥੫॥	He, the Formless Lord[50] is Inaccessible[48] and Inapprehensible[49].	ਉਹ ਸਰੂਪ-ਰਹਿਤ ਸੁਆਮੀ[50] ਪਹੁੰਚ ਤੋਂ ਪਰੇ[48] ਅਤੇ ਸੋਚ ਸਮਝ ਤੋਂ ਉਚੇਰਾ[49] ਹੈ।
ਏਕਾ[51] ਮੂਰਤਿ[52] ਸਾਚਾ ਨਾਉ ॥	True is the Name of the unique[51] personality[52].	ਸੱਚਾ ਹੈ ਨਾਮ ਉਸ ਅਦੁਤੀ[51] ਹਸਤੀ[52] ਦਾ।
ਤਿਥੈ[53] ਨਿਬੜੈ[54] ਸਾਚੁ ਨਿਆਉ[55] ॥	True justice[55] is administered[54] there[53].	ਉਥੇ[53] ਸੱਚਾ ਇਨਸਾਫ਼[55] ਹੁੰਦਾ[54] ਹੈ।
ਸਾਚੀ ਕਰਣੀ[56] ਪਤਿ[57] ਪਰਵਾਣੁ[58] ॥	They, who practice[56] truth obtain honour[57] and become acceptable[58].	ਜੋ ਸੱਚ ਦੀ ਕਮਾਈ ਕਰਦੇ[56] ਹਨ, ਉਹ ਇੱਜ਼ਤ ਆਬਰੂ[57] ਪਾਉਂਦੇ ਹਨ ਅਤੇ ਕਬੂਲ[58] ਪੈ ਜਾਂਦੇ ਹਨ।
ਸਾਚੀ ਦਰਗਹ[59] ਪਾਵੈ[61] ਮਾਣੁ[60] ॥੬॥	They are blessed[61] with glory[60] in the True court[59].	ਸਚੇ ਦਰਬਾਰ[59] ਅੰਦਰ ਉਹ ਪ੍ਰਭਤਾ[60] ਪਾਉਂਦੇ[61] ਹਨ।
ਏਕਾ[62] ਭਗਤਿ[63] ਏਕੋ ਹੈ ਭਾਉ[64] ॥	True is the devotion[63] of One Lord[62], and true His love[64] alone.	ਸੱਚਾ ਹੈ ਇਕ ਸੁਆਮੀ[62] ਦਾ ਵੈਰਾਗ[63] ਅਤੇ ਸੱਚਾ ਹੈ ਕੇਵਲ ਉਸ ਦਾ ਹੀ ਪ੍ਰੇਮ[64]।
ਬਿਨੁ ਭੈ[65] ਭਗਤੀ[66] ਆਵਉ ਜਾਉ ॥	Without the Lord's fear[65] and devotional service[66] one comes and goes.	ਪ੍ਰਭੂ ਦੇ ਡਰ[65] ਅਤੇ ਅਨੁਰਾਗੀ ਸੇਵਾ[66] ਦੇ ਬਾਝੋਂ ਇਨਸਾਨ ਆਉਂਦਾ ਤੇ ਜਾਂਦਾ ਹੈ।
੧੧੮੯	**1189**	**੧੧੮੯**
ਗੁਰ ਤੇ[67] ਸਮਝਿ[68] ਰਹੈ[69] ਮਿਹਮਾਣੁ[70] ॥	He who obtains understanding[68] from[67] the Guru, he bides[69] like a guest[70] in the world.	ਜੋ ਗੁਰਾਂ ਪਾਸੋਂ[67] ਗਿਆਤ[68] ਪਰਾਪਤ ਕਰ ਲੈਂਦਾ ਹੈ, ਉਹ ਸੰਸਾਰ ਅੰਦਰ ਪਰਾਹੁਣੇ[70] ਦੀ ਤਰ੍ਹਾਂ ਵਸਦਾ[69] ਹੈ।
ਹਰਿ ਰਸਿ[71] ਰਾਤਾ[72] ਜਨੁ[73] ਪਰਵਾਣੁ[74] ॥੭॥	He, who is imbued[72] with the God's elixir[71] ; that man[73] is approved[74] by the Lord.	ਜੋ ਵਾਹਿਗੁਰੂ ਦੇ ਅੰਮ੍ਰਿਤ[71] ਨਾਲ ਰੰਗੀਜਿਆ[72] ਹੈ, ਉਸ ਜੀਵ[73] ਨੂੰ ਪ੍ਰਭੂ ਕਬੂਲ[74] ਕਰ ਲੈਂਦਾ ਹੈ।
ਇਤ ਉਤ[75] ਦੇਖਉ ਸਹਜੇ[76] ਰਾਵਉ[77] ॥	I see the Lord everywhere[75], and naturally[76] meditate[77] I on Him.	ਮੈਂ ਪ੍ਰਭੂ ਨੂੰ ਹਰ ਥਾਂ[75] ਵੇਖਦਾ ਹਾਂ ਅਤੇ ਸੁਭਾਵਕ[76] ਹੀ ਮੈਂ ਉਸ ਦਾ ਸਿਮਰਨ[77] ਕਰਦਾ ਹਾਂ।
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ[78] ॥	Without Thee, O Lord, I love[78] not any other.	ਤੇਰੇ ਬਗੈਰ, ਹੇ ਸੁਆਮੀ! ਮੈਂ ਕਿਸੇ ਨੂੰ ਭੀ ਪਿਆਰ[78] ਨਹੀਂ ਕਰਦਾ।
ਨਾਨਕ ਹਉਮੈ[79] ਸਬਦਿ[80] ਜਲਾਇਆ[81] ॥ ਸਤਿਗੁਰਿ ਸਾਚਾ[82] ਦਰਸੁ[83] ਦਿਖਾਇਆ ॥੮॥੩॥	Nanak, I have burnt[81] my ego[79] with the Name[80], and the True Guru has shown me the True Lord's[82] vision[83].	ਨਾਨਕ, ਮੈਂ ਆਪਣੀ ਹੰਗਤਾ[79] ਨਾਮ[80] ਨਾਲ ਸਾੜ ਸੁਟੀ[81] ਹੈ ਅਤੇ ਸੱਚੇ ਗੁਰਾਂ ਨੇ ਮੈਨੂੰ ਸੱਚੇ ਪ੍ਰਭੂ[82] ਦਾ ਦਰਸ਼ਨ[83] ਵਿਖਾਲ ਦਿੱਤਾ ਹੈ।

ਬਸੰਤੁ ਮਹਲਾ ੧ ॥	Basant 1st Guru.	ਬਸੰਤ ਪਹਿਲੀ ਪਾਤਿਸ਼ਾਹੀ।
ਚੰਚਲੁ[84] ਚੀਤੁ[85] ਨ ਪਾਵੈ ਪਾਰਾ[86] ॥	The mercurial[84] mind[85] can find not the Lord's limit[86].	ਚੁਲਬੁਲਾ[84] ਮਨੂਆ[85] ਸੁਆਮੀ ਦੇ ਓੜਕ[86] ਨੂੰ ਨਹੀਂ ਪਾ ਸਕਦਾ।
ਆਵਤ ਜਾਤ ਨ ਲਾਗੈ ਬਾਰਾ[87] ॥	In coming and going it makes not any delay[87].	ਆਉਣ ਤੇ ਜਾਣ ਵਿਚ ਇਸ ਨੂੰ ਕੋਈ ਦੇਰੀ[87] ਨਹੀਂ ਲਗਦੀ।
ਦੂਖੁ[88] ਘਣੋ[89] ਮਰੀਐ ਕਰਤਾਰਾ[90] ॥	My Creator-Lord[90], I am dying of immense[89] pain[88].	ਮੇਰੇ ਸਿਰਜਣਹਾਰ-ਸੁਆਮੀ[90], ਮੈਂ ਅਤਿਅੰਤ[89] ਪੀੜ[88] ਨਾਲ ਮਰ ਰਿਹਾ ਹਾਂ।
ਬਿਨੁ ਪ੍ਰੀਤਮ[91] ਕੋ ਕਰੈ[93] ਨ ਸਾਰਾ[92] ॥੧॥	Without my beloved[91], no one takes[93] care[92] of me.	ਆਪਣੇ ਪਿਆਰੇ[91] ਦੇ ਬਾਝੋਂ, ਕੋਈ ਭੀ ਮੇਰੀ ਸਾਰ[92] ਨਹੀਂ ਲੈਂਦਾ[93]।
ਸਭ ਊਤਮ[94] ਕਿਸੁ ਆਖਉ ਹੀਨਾ[95] ॥	All are sublime[94], whom should I call low[95] ?	ਸਾਰੇ ਹੀ ਸਰੇਸ਼ਟ[94] ਹਨ, ਮੈਂ ਕਿਸ ਨੂੰ ਨੀਵਾਂ[95] ਕਹਾਂ ?
ਹਰਿ ਭਗਤੀ[96] ਸਚਿ ਨਾਮਿ ਪਤੀਨਾ[97] ॥੧॥ਰਹਾਉ॥	Through the Lord's meditation[96] and the True Name, I am satiated[97]. Pause.	ਸੁਆਮੀ ਦੇ ਸਿਮਰਨ[96] ਅਤੇ ਸੱਚੇ ਨਾਮ ਦੇ ਰਾਹੀਂ ਮੈਂ ਤ੍ਰਿਪਤ[97] ਹੋ ਗਿਆ ਹਾਂ। ਠਹਿਰਾਉ।
ਅਉਖਧ[98] ਕਰਿ ਥਾਕੀ[99] ਬਹੁਤੇਰੇ[100] ॥	I have grown weary[99] of treating myself with many[100] medicines[98].	ਮੈਂ ਘਣੇਰੇ[100] ਦਾਰੂ ਦਰਮਲ[98] ਕਰ ਕੇ ਹਾਰ ਹੁਟ ਗਿਆ[99] ਹਾਂ।
ਕਿਉ ਦੁਖੁ[2] ਚੂਕੈ[3] ਬਿਨੁ ਗੁਰ ਮੇਰੇ ॥	How can the disease[2] be eradicated[3] without my Guru ?	ਮੇਰੇ ਗੁਰਾਂ ਦੇ ਬਗੈਰ ਬੀਮਾਰੀ[2] ਕਿਸ ਤਰ੍ਹਾਂ ਕੱਟੀ[3] ਜਾ ਸਕਦੀ ਹੈ ?
ਬਿਨੁ ਹਰਿ ਭਗਤੀ[4] ਦੂਖ[5] ਘਣੇਰੇ[6] ॥	Without the Lord's love-worship[4], many[6] miseries[5] befall the mortal.	ਪ੍ਰਭੂ ਦੀ ਪਿਆਰੀ-ਉਪਾਸ਼ਨਾ[4] ਦੇ ਬਾਝੋਂ ਪ੍ਰਾਣੀ ਨੂੰ ਬਹੁਤੀਆਂ[6] ਮੁਸੀਬਤਾਂ[5] ਪੈਂਦੀਆਂ ਹਨ।
ਦੁਖ[8] ਸੁਖ[9] ਦਾਤੇ[7] ਠਾਕੁਰ ਮੇਰੇ ॥੨॥	My Lord is the Giver[7] of pain[8] and pleasure[9].	ਮੇਰਾ ਮਾਲਕ ਪੀੜ[8] ਅਤੇ ਪ੍ਰਸੰਨਤਾ[9] ਦੇਣ ਵਾਲਾ[7] ਹੈ।
ਰੋਗੁ[10] ਵਡੋ[12] ਕਿਉ[13] ਬਾਂਧਉ ਧੀਰਾ[14] ॥	Acute[12] is my malady[10]. How[13] shall I comfort[14] myself ?	ਸਖਤ[12] ਹੈ ਮੇਰੀ ਬੀਮਾਰੀ[10]। ਮੈਂ ਧੀਰਜ[14] ਕਿਸ ਤਰ੍ਹਾਂ[13] ਕਰਾਂ ?
ਰੋਗੁ ਬੁਝੈ[15] ਸੋ[16] ਕਾਟੈ[17] ਪੀਰਾ[18] ॥	He, who knows[15] the malady ; he[16] alone can rid[17] me of the pain[18].	ਜੋ ਕੋਈ ਬੀਮਾਰੀ ਨੂੰ ਸਮਝਦਾ[15] ਹੈ; ਕੇਵਲ ਉਹ[16] ਹੀ ਪੀੜ[18] ਨੂੰ ਦੂਰ[17] ਕਰ ਸਕਦਾ ਹੈ।
ਮੈ ਅਵਗਣ[19] ਮਨ ਮਾਹਿ[20] ਸਰੀਰਾ ॥	Within[20] my mind and body are the demerits[19].	ਮੇਰੇ ਚਿਤ ਤੇ ਦੇਹਿ ਅੰਦਰ[20] ਬਦੀਆਂ[19] ਹਨ।
ਢੂਢਤ[21] ਖੋਜਤ ਗੁਰਿ ਮੇਲੇ[22] ਬੀਰਾ[23] ॥੩॥	Searching[21] and seeking I met[22] with my Guru, O brother[23].	ਲਭਦਾ[21] ਅਤੇ ਭਾਲਦਾ ਹੋਇਆ ਮੈਂ ਆਪਣੇ ਗੁਰਾਂ ਨੂੰ ਮਿਲ ਪਿਆ[22], ਹੇ ਭਰਾ[23] !
ਗੁਰ ਕਾ ਸਬਦੁ[24] ਦਾਰੂ[25] ਹਰਿ ਨਾਉ ॥	The Guru's word[24] and the God's Name are the penacea[25] of all ills.	ਗੁਰਾਂ ਦੀ ਬਾਣੀ[24] ਅਤੇ ਰਬ ਦਾ ਨਾਮ ਸਾਰੇ ਰੋਗਾਂ ਦੀ ਦਵਾਈ[25] ਹਨ।
ਜਿਉ[26] ਤੂ ਰਾਖਹਿ ਤਿਵੈ[27] ਰਹਾਉ ॥	As[26] Thou keepest me, O Lord, so[27] do I live.	ਜਿਸ ਤਰ੍ਹਾਂ[26] ਤੂੰ ਮੈਨੂੰ ਰਖਦਾ ਹੈਂ, ਹੇ ਪ੍ਰਭੂ ! ਉਸੇ ਤਰ੍ਹਾਂ[27] ਹੀ ਮੈਂ ਰਹਿੰਦਾ ਹਾਂ।

ਜਗੁ[28] ਰੋਗੀ[29] ਕਹ[30] ਦੇਖਿ ਦਿਖਾਉ[31] ॥	The whole world[28] is diseased[29]. Whom[30] should I seek and search[31] to cure me ?	ਸਾਰਾ ਸੰਸਾਰ[28] ਬੀਮਾਰ[29] ਹੈ। ਆਪਣੇ ਆਪ ਨੂੰ ਰਾਜ਼ੀ ਕਰਵਾਉਣ ਲਈ ਮੈਂ ਕਿਸ ਨੂੰ[30] ਲੱਭਾਂ[31] ਤੇ ਭਾਲਾਂ ?
ਹਰਿ ਨਿਰਮਾਇਲੁ[32] ਨਿਰਮਲੁ[33] ਨਾਉ ॥੪॥	Immaculate[32] is my God and Immaculate[33] is His Name.	ਪਾਵਨ ਪਵਿੱਤਰ[32] ਹੈ ਮੇਰਾ ਵਾਹਿਗੁਰੂ ਅਤੇ ਪਾਵਨ ਪਵਿੱਤ੍ਰ[33] ਹੈ ਉਸ ਦਾ ਨਾਮ।
ਘਰਿ[34] ਮਹਿ[35] ਘਰੁ[36] ਜੋ ਦੇਖਿ ਦਿਖਾਵੈ ॥ ਗੁਰ ਮਹਲੀ[37] ਸੋ[38] ਮਹਲਿ[39] ਬੁਲਾਵੈ[40] ॥	He, who sees and shows the Lord's abode[36] in[35] the very mind[34]; he[38] the Guru, ushers[40] the bride[37] into her Lord's presence[39].	ਜੋ ਪ੍ਰਭੂ ਦੇ ਨਿਵਾਸ ਅਸਥਾਨ[36] ਆਪਣੇ ਮਨ[34] ਵਿਚ[35] ਹੀ ਵੇਖਦਾ ਅਤੇ ਵਿਖਾਲਦਾ ਹੈ; ਉਹ[38] ਗੁਰਦੇਵ ਪਤਨੀ[37] ਨੂੰ ਉਸ ਦੇ ਸੁਆਮੀ ਦੀ ਹਜ਼ੂਰੀ[39] ਅੰਦਰ ਬੁਲਾ ਲੈਂਦਾ[40] ਹੈ।
ਮਨਮਹਿ[41] ਮਨੂਆ[42] ਚਿਤ ਮਹਿ ਚੀਤਾ[43] ॥ ਐਸੇ[44] ਹਰਿ ਕੇ ਲੋਗ[45] ਅਤੀਤਾ[46]॥੫॥	Such[44] are the detached[46] men[45] of God, whose soul[42] stays within[41] their soul and attention[43] within their attention.	ਐਹੋ ਜਿਹੇ[44] ਹਨ ਵਾਹਿਗੁਰੂ ਦੇ ਨਿਰਲੇਪ[46] ਬੰਦੇ[45], ਜਿਨ੍ਹਾਂ ਦੀ ਆਤਮਾ[42], ਆਤਮਾ ਅੰਦਰ[41] ਰਹਿੰਦੀ ਹੈ ਅਤੇ ਬਿਰਤੀ[43] ਬਿਰਤੀ ਅੰਦਰ।
ਹਰਖ[47] ਸੋਗ[48] ਤੇ ਰਹਹਿ ਨਿਰਾਸਾ[49] ॥ ਅੰਮ੍ਰਿਤੁ[50] ਚਾਖਿ[51] ਹਰਿ ਨਾਮਿ ਨਿਵਾਸਾ[52] ॥	They remain undesirous[49] of weal[47] and woe[48], and tasting[51] Nectar[50] abide[52] in the Lord's Name.	ਉਹ ਖੁਸ਼ੀ[47] ਅਤੇ ਗ਼ਮੀ[48] ਤੋਂ ਇੱਛਾ-ਰਹਿਤ[49] ਰਹਿੰਦੇ ਹਨ, ਅਤੇ ਸੁਧਾਰਸ[50] ਨੂੰ ਚੱਖ[51] ਪ੍ਰਭੂ ਦੇ ਨਾਮ ਅੰਦਰ ਵਸਦੇ[52] ਹਨ।
ਆਪੁ ਪਛਾਣਿ[53] ਰਹੈ ਲਿਵ ਲਾਗਾ[54] ॥	They recognise[53] themselves and remain attuned to[54] the Lord.	ਉਹ ਆਪਣੇ ਆਪ ਨੂੰ ਸਿਞਾਣਦੇ[53] ਹਨ ਅਤੇ ਪ੍ਰਭੂ ਨਾਲ ਪ੍ਰੀਤ ਅੰਦਰ ਜੁੜੇ ਰਹਿੰਦੇ[54] ਹਨ।
ਜਨਮੁ[55]ਜੀਤਿ[56] ਗੁਰਮਤਿ[57] ਦੁਖੁ ਭਾਗਾ[58] ॥੬॥	They win[56] the battle of life[55] and their pain hastens away[58] through the Guru's instruction[57].	ਉਹ ਜੀਵਨ[55] ਦੀ ਲੜਾਈ ਨੂੰ ਜਿਤ ਲੈਂਦੇ[56] ਹਨ ਅਤੇ ਗੁਰਾਂ ਦੀ ਸਿਖਮਤ[57] ਰਾਹੀਂ ਉਹਨਾਂ ਦੀ ਪੀੜ ਦੌੜ ਜਾਂਦੀ[58] ਹੈ।
ਗੁਰ ਦੀਆ[59] ਸਚੁ ਅੰਮ੍ਰਿਤੁ[60] ਪੀਵਉ[61] ॥ ਸਹਜਿ[62] ਮਰਉ[63] ਜੀਵਤ[64] ਹੀ ਜੀਵਉ[65] ॥	I in-drink[61] the Nectar[60] of truth; that the Guru has given[59] me, and easily[62] dying[63] to myself, live[65] I the true life[64].	ਮੈਂ ਸੱਚ ਦੇ ਆਬਿ-ਹਿਯਾਤ[60] ਨੂੰ ਪਾਨ ਕਰਦਾ[61] ਹਾਂ; ਜੋ ਗੁਰਾਂ ਨੇ ਮੈਨੂੰ ਦਿੱਤਾ[59] ਹੈ ਅਤੇ ਸੁਖੈਨ[62] ਹੀ ਆਪਾ ਭਾਵ ਤੋਂ ਮਰ ਕੇ[63], ਮੈਂ ਸੱਚੇ ਜੀਵਨ[64] ਜੀਉਂਦਾ[65] ਹਾਂ।
ਅਪਣੇ[66] ਕਰਿ[67] ਰਾਖਹੁ[68] ਗੁਰ ਭਾਵੈ[69] ॥	If the Guru so wills[69], Thou, O Lord protectest[68] me as[67] Thy own[66].	ਜੇਕਰ ਗੁਰਾਂ ਨੂੰ ਇਸ ਤਰ੍ਹਾਂ ਚੰਗਾ ਲਗੇ[69] ਤਾਂ ਤੂੰ ਹੇ ਸੁਆਮੀ ! ਮੈਨੂੰ ਆਪਣਾ ਨਿਜ[66] ਦਾ ਜਾਣ[67] ਮੇਰੀ ਰੱਖਿਆ ਕਰਦਾ[68] ਹੈਂ।
ਤੁਮਰੋ ਹੋਇ[70] ਸੁ[71] ਤੁਝਹਿ ਸਮਾਵੈ[72] ॥੭॥	He[71], who becomes[70] Thine, merges[72] in Thee, O Lord.	ਜੋ ਤੇਰਾ ਹੋ ਜਾਂਦਾ[70] ਹੈ, ਉਹ[71] ਤੇਰੇ ਵਿਚ ਲੀਨ[72] ਹੋ ਜਾਂਦਾ ਹੈ, ਹੇ ਪ੍ਰਭੂ !
ਭੋਗੀ[73] ਕਉ ਦੁਖੁ[74] ਰੋਗ[75] ਵਿਆਪੈ[76] ॥	An agonising[74] ailment[75] overtakes[76] the lustful[73] man.	ਪਰਮ ਦੁਖ ਦੇਣ ਵਾਲੀ[74] ਬੀਮਾਰੀ[75] ਵਿਸ਼ਈ ਪੁਰਸ਼[73] ਨੂੰ ਆ ਚਿਮੜਦੀ[76] ਹੈ।
ਘਟਿ ਘਟਿ[77] ਰਵਿ[78] ਰਹਿਆ ਪ੍ਰਭੁ ਜਾਪੈ[79] ॥	The Lord is seen[79] pervading[78] all the hearts[77].	ਪ੍ਰਭੂ ਸਾਰਿਆਂ ਦਿਲਾਂ[77] ਅੰਦਰ ਵਿਆਪਕ[78] ਵੇਖਿਆ[79] ਜਾਂਦਾ ਹੈ।

ਸੁਖ[80] ਦੁਖ[81] ਹੀ ਤੇ ਗੁਰ ਸਬਦਿ[82] ਅਤੀਤਾ[83] ॥ ਨਾਨਕ ਰਾਮੁ[84] ਰਵੈ[85] ਹਿਤ[86] ਚੀਤਾ[87] ॥੮॥੬॥	O Nanak, he who with hearty[87] love[86], contemplates[85] his Lord[84] through the Guru's instruction[82], he remains detached[83] from pleasure[80] and pain[81].	ਹੇ ਨਾਨਕ ! ਜੋ ਦਿਲੀ[87] ਪਿਆਰ[86] ਨਾਲ, ਆਪਣੇ ਸਾਹਿਬ[84] ਦਾ ਸਿਮਰਨ[85] ਕਰਦਾ ਹੈ; ਗੁਰਾਂ ਦੇ ਉਪਦੇਸ਼[82] ਰਾਹੀਂ ਉਹ ਖ਼ੁਸ਼ੀ[80] ਅਤੇ ਗ਼ਮੀ[81] ਤੋਂ ਨਿਰਲੇਪ[83] ਹੋ ਜਾਂਦਾ ਹੈ।
ਬਸੰਤੁ ਮਹਲਾ ੧ ਇਕ ਤੁਕੀਆ ॥	Basant Ist Guru Ik-tukia.	ਬਸੰਤੁ ਪਹਿਲੀ ਪਾਤਿਸ਼ਾਹੀ। ਇਕਤੁਕੀਆ।
ਮਤੁ[88] ਭਸਮ[89] ਅੰਧੂਲੇ[90] ਗਰਬਿ[91] ਜਾਹਿ ॥	O blind man[90], pride[91] thou not[88] on besmearing thy body with ashes[89].	ਹੇ ਅੰਨ੍ਹੇ ਇਨਸਾਨ[90] ! ਤੂੰ ਆਪਣੀ ਦੇਹਿ ਨੂੰ ਸੁਆਹ ਮਲਣ[89] ਦਾ ਹੰਕਾਰ[91] ਨਾ[88] ਕਰ।
ਇਨ[92] ਬਿਧਿ ਨਾਗੇ[93] ਜੋਗੁ[94] ਨਾਹਿ ॥੧॥	This wise[92], O naked man[93], thou shalt unite[94] not with thy Lord.	ਇਸ ਤਰ੍ਹਾਂ[92], ਹੇ ਨਗਨ ਇਨਸਾਨ[93] ! ਤੇਰਾ ਤੇਰੇ ਪ੍ਰਭੂ ਨਾਲ ਮਿਲਾਪ[94] ਨਹੀਂ ਹੋਣਾ।
ਮੂੜੇ[95] ਕਾਹੇ[96] ਬਿਸਾਰਿਓ[97] ਤੈ ਰਾਮ ਨਾਮ ॥ ਅੰਤਿ[98] ਕਾਲਿ[99] ਤੇਰੈ ਆਵੈ ਕਾਮ[100] ॥੧॥ਰਹਾਉ॥	O fool[95] why[96] hast thou forgotten[97] the Lord's Name ? At the last[98] moment[99], it shall be of avail[100] to thee. Pause.	ਹੇ ਮੂਰਖ[95] ! ਤੂੰ ਕਿਉਂ[96] ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ[97] ਹੈ ? ਅਖ਼ੀਰ[98] ਦੇ ਵੇਲੇ[99], ਇਹ ਤੇਰੇ ਕੰਮ[100] ਆਏਗਾ। ਠਹਿਰਾਉ।
ਗੁਰ ਪੂਛਿ[2] ਤੁਮ ਕਰਹੁ ਬੀਚਾਰੁ[3] ॥	Consulting[2] the Guru, reflect[3] thou on the Name.	ਗੁਰਾਂ ਦੀ ਸਲਾਹ ਲੈ[2], ਤੂੰ ਨਾਮ ਦਾ ਚਿੰਤਨ[3] ਕਰ।
ਜਹ[4] ਦੇਖਉ ਤਹ[5] ਸਾਰਿਗ[6] ਪਾਣਿ[7] ॥੨॥	Wherever[4] I see, I see the Lord[7] of the earth[6] there[5].	ਜਿਥੇ ਕਿਤੇ[4] ਮੈਂ ਵੇਖਦਾ ਹਾਂ, ਉਥੇ[5] ਮੈਂ ਧਰਤੀ[6] ਦੇ ਸੁਆਮੀ[7] ਨੂੰ ਵੇਖਦਾ ਹਾਂ।
ਕਿਆ[8] ਹਉ ਆਖਾ[9] ਜਾਂ[10] ਕਛੂ ਨਾਹਿ ॥	What[8] can I say[9], when[10] I myself am nothing ?	ਮੈਂ ਕੀ[8] ਕਹਿ[9] ਸਕਦਾ ਹਾਂ, ਜਦ[10] ਕਿ ਮੈਂ ਖ਼ੁਦ ਕੁਝ ਭੀ ਨਹੀਂ ?
ਜਾਤਿ[12] ਪਤਿ[13] ਸਭ ਤੇਰੈ ਨਾਇ[14] ॥੩॥	All my caste[12] and honour[13] are through Thy Name[14].	ਮੇਰੀ ਸਾਰੀ ਜਾਤ[12] ਅਤੇ ਇਜ਼ਤ[13] ਤੇਰੇ ਨਾਮ[14] ਦੇ ਰਾਹੀਂ ਹੀ ਹਨ।
ਕਾਹੇ[15] ਮਾਲੁ[16] ਦਰਬੁ[17] ਦੇਖਿ ਗਰਬਿ[18] ਜਾਹਿ ॥ ਚਲਤੀ[19] ਬਾਰ[20] ਤੇਰੋ ਕਛੂ ਨਾਹਿ ॥੪॥	Why[15] takest thou pride[18] on beholding thine property[16] and wealth[17] ? Nothing shall be thine at the time[20] of departure[19].	ਤੂੰ ਆਪਣੀ ਜਾਇਦਾਦ[16] ਅਤੇ ਦੌਲਤ[17] ਨੂੰ ਵੇਖ ਕੇ ਕਿਉਂ[15] ਹੰਕਾਰ[18] ਕਰਦਾ ਹੈਂ ? ਕੂਚ ਕਰਨ[19] ਦੇ ਵੇਲੇ[20] ਤੇਰਾ ਕੁਝ ਭੀ ਨਹੀਂ ਹੋਣਾ।
ਪੰਚ ਮਾਰਿ[21] ਚਿਤੁ ਰਖਹੁ ਥਾਹਿ[22] ॥	Subdue[21] thou thy five demons, and keep thy mind in its place[22].	ਤੂੰ ਆਪਣੇ ਪੰਜਾਂ ਭੂਤਨਿਆਂ ਨੂੰ ਕਾਬੂ[21] ਕਰ ਅਤੇ ਆਪਣੇ ਮਨ ਨੂੰ ਇਸ ਦੇ ਥਾਂ ਟਿਕਾਣੇ[22] ਰੱਖ।
ਜੋਗ[23] ਜੁਗਤਿ[24] ਕੀ ਇਹੈ[25] ਪਾਂਇ[26] ॥੫।	This[25] alone is the foundation[26] of the way[24] to union[23] with God.	ਕੇਵਲ ਇਹ[25] ਹੀ ਵਾਹਿਗੁਰੂ ਦੇ ਮਿਲਾਪ[23] ਦੇ ਮਾਰਗ[24] ਦੀ ਬੁਨਿਆਦ[26] ਹੈ।
ਹਉਮੈ[27] ਪੈਖੜੁ[28] ਤੇਰੇ ਮਨੈ[29] ਮਾਹਿ[30] ॥	Thy mind is tethered with the chains of ego (within[30] thy mind[29] is the hopper[28] of pride[27])	ਤੇਰਾ ਮਨੂਆ ਹੰਕਾਰ ਦੇ ਸੰਗਲ ਨਾਲ ਨਰੜਿਆ ਹੋਇਆ ਹੈ, (ਮੇਰੇ ਮਨੂਏ[29] ਅੰਦਰ ਹੰਗਤਾ[27] ਦੀ ਜ਼ੰਜੀਰ[28] ਹੈ)।

ਹਰਿ ਨ ਚੇਤਹਿ[31] ਮੂੜੇ[32] ਮੁਕਤਿ[33] ਜਾਹਿ[34] ॥੬॥	O blockhead[32], thou rememberest[31] not thy God, by which[34] thou canst be emancipated[33].	ਹੇ ਬੁੱਧੂ[32] ! ਤੂੰ ਆਪਣੇ ਵਾਹਿਗੁਰੂ ਦਾ ਸਿਮਰਨ[31] ਨਹੀਂ ਕਰਦਾ, ਜਿਸ ਦੁਆਰਾ[34] ਤੂੰ ਮੁਕਤ[33] ਹੋ ਸਕਦਾ ਹੈਂ।
ਮਤ[35] ਹਰਿ ਵਿਸਰਿਐ[36] ਜਮ[37] ਵਸ[38] ਪਾਹਿ[39] ॥	Forget[36] thou not[35] the Lord, otherwise thou shalt fall[39] in the clutches[38] of Yama[37]	ਤੂੰ ਸਾਹਿਬ ਨੂੰ ਨਾ[35] ਭੁਲਾ[36], ਨਹੀਂ ਤਾਂ ਤੂੰ ਯਮ[37] ਦੇ ਪੰਜੇ[38] ਵਿਚ ਫਸ ਜਾਵੇਂਗਾ[39]।
ਅੰਤ[40] ਕਾਲਿ[41] ਮੂੜੇ[42] ਚੋਟਿ[43] ਖਾਹਿ[44] ॥੭॥	At the last[40] moment[41], O unwise man[42], thou shalt bear[44] the blows[43].	ਅਖ਼ੀਰ[40] ਦੇ ਵੇਲੇ[41], ਹੇ ਕਮਲੇ ਬੰਦੇ[42] ! ਤੂੰ ਸੱਟਾਂ[43] ਸਹਾਰੇਂਗਾ[44]।
੧੧੯੦	**1190**	**੧੧੯੦**
ਗੁਰ ਸਬਦੁ[45] ਬੀਚਾਰਹਿ[46] ਆਪੁ[47] ਜਾਇ[48] ॥ ਸਾਚ ਜੋਗੁ ਮਨਿ ਵਸੈ[49] ਆਇ ॥੮॥	Reflecting[46] on the Guru's word[45], thy ego[47] shall be stilled[48], and the 'True Yog' shall come and abide[49] within thy mind.	ਗੁਰਾਂ ਦੀ ਬਾਣੀ[45] ਦਾ ਧਿਆਨ ਧਾਰਨ ਦੁਆਰਾ[46] ਤੇਰੀ ਹੰਗਤਾ[47] ਨਵਿਰਤ[48] ਹੋ ਜਾਏਗੀ ਅਤੇ 'ਸੱਚਾ ਯੋਗ' ਆ ਕੇ ਤੇਰੇ ਮਨ ਵਿਚ ਟਿਕ ਜਾਵੇਗਾ[49]।
ਜਿਨਿ ਜੀਉ[50] ਪਿੰਡੁ[51] ਦਿਤਾ[52] ਤਿਸੁ[53] ਚੇਤਹਿ[54] ਨਾਹਿ ॥	Thou rememberest[54] not Him[53], who has blessed[52] thee with soul[50] and body[51].	ਤੂੰ ਉਸ ਦਾ[53] ਸਿਮਰਨ[54] ਨਹੀਂ ਕਰਦਾ ਜਿਸ ਨੇ ਤੈਨੂੰ ਆਤਮਾ[50] ਅਤੇ ਦੇਹਿ[51] ਬਖ਼ਸ਼ੇ[52] ਹਨ।
ਮੜੀ[55] ਮਸਾਣੀ[56] ਮੂੜੇ[57] ਜੋਗੁ[58] ਨਾਹਿ ॥੯॥	O unwise man[57], abiding at graveyards[55] and cremation grounds[56] union[58] with God is obtained not.	ਹੇ ਪਗਲੇ ਪ੍ਰਾਣੀ[57] ! ਕਬਰਸਤਾਨਾਂ[55] ਅਤੇ ਸ਼ਮਸ਼ਾਨ-ਭੂਮੀਆਂ[56] ਤੇ ਵਸਣ ਦੁਆਰਾ ਵਾਹਿਗੁਰੂ ਨਾਲ ਮਿਲਾਪ[58] ਪਰਾਪਤ ਨਹੀਂ ਹੁੰਦਾ।
ਗੁਣ[59] ਨਾਨਕੁ ਬੋਲੈ[60] ਭਲੀ[61] ਬਾਣਿ[62] ॥	Nanak utters[60] the meritorious[59] and sublime[61] Gurbani[62].	ਨਾਨਕ ਗੁਣਾਂ ਵਾਲੀ[59] ਅਤੇ ਸਰੇਸ਼ਟ[61] ਗੁਰਬਾਣੀ[62] ਉਚਾਰਨ ਕਰਦਾ[60] ਹੈ।
ਤੁਮ[63] ਹੋਹੁ ਸੁਜਾਖੇ[64] ਲੇਹੁ ਪਛਾਣਿ[65] ॥੧੦॥੫॥	See[64] thou[63] with thine eyes and realise[65] its worth.	ਤੂੰ[63] ਆਪਣੀਆਂ ਅੱਖਾਂ ਨਾਲ ਵੇਖ[64] ਅਤੇ ਇਸ ਦੀ ਕਦਰ ਨੂੰ ਅਨੁਭਵ ਕਰ[65]।
ਬਸੰਤੁ ਮਹਲਾ ੧ ॥	Basant Ist Guru.	ਬਸੰਤ ਪਹਿਲੀ ਪਾਤਿਸ਼ਾਹੀ।
ਦੁਬਿਧਾ[66] [67]ਦੁਰਮਤਿ[68] ਅਧੁਲੀ[69] ਕਾਰ[70] ॥	Through duality[66] and [67]evil-intellect[68] the mortal does blind[69] deeds[70]	ਦਵੈਤ-ਭਾਵ[66] ਅਤੇ ਮੰਦੀ[67] ਅਕਲ[68] ਦੇ ਰਾਹੀਂ, ਪ੍ਰਾਣੀ ਅੰਨ੍ਹੇ[69] ਕੰਮ[70] ਕਰਦਾ ਹੈ।
ਮਨਮੁਖਿ[71] ਭਰਮੈ[72] ਮਝਿ[73] ਗੁਬਾਰ[74] ॥੧॥	The egocentric[71] wanders[72] in[73] darkness[74].	ਮਨਮਤੀਆ[71] ਅਨ੍ਹੇਰੇ[74] ਅੰਦਰ[73] ਭਟਕਦਾ[72] ਹੈ।
ਮਨੁ[75] ਅੰਧੁਲਾ[76] ਅੰਧੁਲੀ ਮਤਿ[77] ਲਾਗੈ[78] ॥	The blind[76] man[75] follows[78] the blind counsel[77].	ਅੰਨ੍ਹਾਂ[76] ਮਨੁਖ[75] ਅੰਨ੍ਹੀ ਸਲਾਹ[77] ਮਗਰ ਟੁਰਦਾ[78] ਹੈ।
ਗੁਰ ਕਰਣੀ[79] ਬਿਨੁ ਭਰਮੁ[80] ਨ ਭਾਗੈ[81] ॥੧॥ ਰਹਾਉ॥	Without going the Guru's way[79], one's doubt[80] is dispelled[81] not. Pause.	ਗੁਰਾਂ ਦੇ ਮਾਰਗ[79] ਉਪਰ ਟੁਰਨ ਦੇ ਬਗ਼ੈਰ, ਬੰਦੇ ਦਾ ਸੰਦੇਹ[80] ਦੂਰ[81] ਨਹੀਂ ਹੁੰਦਾ। ਠਹਿਰਾਉ।

ਮਨਮੁਖਿ ਅੰਧੁਲੇ ਗੁਰਮਤਿ[82] ਨ ਭਾਈ[83] ॥ ਪਸੂ[84] ਭਏ[87] ਅਭਿਮਾਨੁ[85] ਨ ਜਾਈ[86] ॥੨॥	The wayward person is blind and likes[83] not the Guru's instruction[82]. He has become[87] a beast[84] and is rid[86] not of his self-conceit[85].	ਆਪ ਹੁਦਰਾ ਪੁਰਸ਼ ਅੰਨ੍ਹਾ ਹੈ, ਅਤੇ ਗੁਰਾਂ ਦੇ ਉਪਦੇਸ਼[82] ਨੂੰ ਪਸੰਦ[83] ਨਹੀਂ ਕਰਦਾ । ਉਹ ਡੰਗਰ[84] ਬਣ ਗਿਆ[87] ਹੈ ਅਤੇ ਸਵੈ-ਹੰਗਤਾ[85] ਤੋਂ ਉਸ ਦੀ ਖ਼ਲਾਸੀ[86] ਨਹੀਂ ਹੁੰਦੀ ।
ਲਖ ਚਉਰਾਸੀਹ ਜੰਤ[88] ਉਪਾਏ[89] ॥ ਮੇਰੇ ਠਾਕੁਰ ਭਾਣੇ[90] ਸਿਰਜਿ[91] ਸਮਾਏ[92] ॥੩॥	God has created[89] eighty four lakh species of beings[88]. In His will[90], my Lord creates[91] and destroys[92] them.	ਹਰੀ ਨੇ ਚੁਰਾਸੀ ਲੱਖ ਕਿਸਮਾਂ ਦੇ ਜੀਵ[88] ਰਚੇ[89] ਹਨ । ਆਪਣੀ ਰਜ਼ਾ[90] ਅੰਦਰ, ਮੇਰਾ ਮਾਲਕ ਉਹਨਾਂ ਨੂੰ ਰਚਦਾ[91] ਅਤੇ ਨਸ਼ਟ ਕਰ ਦਿੰਦਾ[92] ਹੈ ।
ਸਗਲੀ[93] ਭੂਲੈ[94] ਨਹੀ ਸਬਦੁ[95] ਅਚਾਰੁ[96] ॥	Everyone[93], who owns not the Name[95] and good conduct[96] goes astray[94].	ਹਰ ਕੋਈ[93], ਜੋ ਨਾਮ[95] ਅਤੇ ਨੇਕ ਆਚਰਣ[96] ਨੂੰ ਨਹੀਂ ਅਪਣਾਉਂਦਾ, ਕੁਰਾਹੇ[94] ਪੈ ਜਾਦਾ ਹੈ ।
ਸੋ[97] ਸਮਝੈ[98] ਜਿਸੁ ਗੁਰੁ ਕਰਤਾਰੁ[99] ॥੪॥	He[97] alone is instructed[98], whom the Guru-God[99] blesses.	ਕੇਵਲ ਉਹ[97] ਹੀ ਸਿਖ-ਮਤ ਲੈਂਦਾ[98] ਹੈ ਜਿਸ ਤੇ ਗੁਰੂ-ਪ੍ਰਮੇਸ਼ਰ[99] ਮਿਹਰ ਧਾਰਦੇ ਹਨ ।
ਗੁਰ ਕੇ ਚਾਕਰ[100] ਠਾਕੁਰ ਭਾਣੇ[2] ॥	The Guru's servants[100] are pleasing[2] to the Lord.	ਗੁਰਾਂ ਦੇ ਸੇਵਕ[100] ਸੁਆਮੀ ਨੂੰ ਚੰਗੇ ਲਗਦੇ[2] ਹਨ ।
ਬਖਸਿ[3] ਲੀਏ ਨਾਹੀ ਜਮ[4] ਕਾਣੇ[5] ॥੫॥	Them the Lord forgives[3] and for them the fear[5] of Death's courier[4] is no more.	ਉਨ੍ਹਾਂ ਨੂੰ ਸੁਆਮੀ ਮਾਫ਼ ਕਰ ਦਿੰਦਾ[3] ਹੈ ਅਤੇ ਉਨ੍ਹਾਂ ਲਈ ਮੌਤ ਦੇ ਦੂਤਾਂ[4] ਦਾ ਡਰ[5] ਨਹੀਂ ਰਹਿੰਦਾ ।
ਜਿਨ ਕੈ ਹਿਰਦੈ[6] ਏਕੋ[7] ਭਾਇਆ[8] ॥ ਆਪੇ[9] ਮੇਲੇ[10] ਭਰਮੁ[12] ਚੁਕਾਇਆ[13] ॥੬॥	They who heartily[6] love[8] the One Lord[7]; dispelling[13] their doubt[12], the Lord unites[10] them with Himself[9].	ਜੋ ਇਕ ਪ੍ਰਭੂ[7] ਨੂੰ ਦਿਲੋਂ[6] ਪਿਆਰ[8] ਕਰਦੇ ਹਨ; ਉਨ੍ਹਾਂ ਦਾ ਸੰਦੇਹ[12] ਨਵਿਰਤ ਕਰ[13], ਸਾਹਿਬ ਉਨ੍ਹਾਂ ਨੂੰ ਆਪਣੇ[9] ਨਾਲ ਮਿਲਾ ਲੈਂਦਾ[10] ਹੈ ।
ਬੇਮੁਹਤਾਜੁ[14] ਬੇਅੰਤੁ[15] ਅਪਾਰਾ[16] ॥	Fear-free[14], Limitless[15] and Infinite[16] is the Lord.	ਭੈ-ਰਹਿਤ[14], ਬੇ-ਹਦ[15] ਅਤੇ ਅਨੰਤ[16] ਹੈ ਸੁਆਮੀ ।
ਸਚਿ ਪਤੀਜੈ[17] ਕਰਣੈਹਾਰਾ[18] ॥੭॥	He, the Creator[18] is pleased[17] with truth.	ਉਹ ਸਿਰਜਣਹਾਰ[18] ਸੱਚ ਨਾਲ ਪ੍ਰਸੰਨ ਹੁੰਦਾ[17] ਹੈ ।
ਨਾਨਕ ਭੂਲੇ[19] ਗੁਰੁ ਸਮਝਾਵੈ[20] ॥ ਏਕੁ[21] ਦਿਖਾਵੈ ਸਾਚਿ ਟਿਕਾਵੈ[22] ॥੮॥੬॥	O Nanak, the Guru instructs[20] the erring one[19], and enshrining[22] truth within him, shows him the Unique[21] Lord.	ਹੇ ਨਾਨਕ ! ਭੁਲੇ ਹੋਏ[19] ਨੂੰ ਗੁਰੂ ਜੀ ਸਿਖ-ਮਤ ਦਿੰਦੇ[20] ਹਨ, ਅਤੇ ਉਸ ਦੇ ਅੰਦਰ ਸੱਚ ਅਸਥਾਪਨ[22] ਕਰ, ਉਸ ਨੂੰ ਅਦੁਤੀ[21] ਸਾਹਿਬ ਵਿਖਾਲ ਦਿੰਦੇ ਹਨ ।
ਬਸੰਤੁ ਮਹਲਾ ੧ ॥	Basant 1st Guru.	ਬਸੰਤੁ ਪਹਿਲੀ ਪਾਤਿਸ਼ਾਹੀ ।
ਆਪੇ ਭਵਰਾ[23] ਫੂਲੁ[24] ਬੇਲਿ[25] ॥ ਆਪੇ ਸੰਗਤਿ ਮੀਤ[26] ਮੇਲਿ ॥੧॥	The Lord Himself is the bumble-bee[23], the flower[24] and the creeper[25], and He Himself unites man with society of the Guru, the friend[26].	ਪ੍ਰਭੂ ਆਪ ਭਉਰਾ[23], ਫੁਲ[24] ਅਤੇ ਵੇਲ[25] ਹੈ ਅਤੇ ਆਪ ਹੀ ਉਹ ਇਨਸਾਨ ਨੂੰ ਗੁਰੂ, ਮਿੱਤਰ[26], ਦੀ ਸੰਗਤ ਨਾਲ ਮਿਲਾਉਂਦਾ ਹੈ ।

ਐਸੀ[33] ਭਵਰਾ ਬਾਸੁ[27] ਲੇ[28] ॥ ਤਰਵਰ[29] ਫੂਲੇ[30] ਬਨ[31] ਹਰੇ[32] ॥੧॥ਰਹਾਉ॥	O bumble-bee, suck[28] thou such[33] fragrance[27] by which the trees[29] may flower[30], and the woods[31] may reverdure[32]. Pause.	ਹੇ ਭਉਰੇ ! ਤੂੰ ਐਹੋ ਜੇਹੀ[33] ਖੁਸ਼ਬੂ[27] ਲੈ[28], ਜਿਸ ਦੁਆਰਾ ਬਿਰਛ[29] ਪ੍ਰਫੁਲਤ[30] ਹੋ ਜਾਣ ਅਤੇ ਜੰਗਲ[31] ਹਰੇ ਭਰੇ[32] । ਠਹਿਰਾਉ ।
ਆਪੇ ਕਵਲਾ[34] ਕੰਤੁ[35] ਆਪਿ ॥	The Lord Himself is the Lakhshmi[34] and Himself her Spouse[35].	ਸੁਆਮੀ ਖੁਦ ਲਕਸ਼ਮੀ[34] ਹੈ ਅਤੇ ਖੁਦ ਹੀ ਉਸ ਦਾ ਪਤੀ[35] ।
ਆਪੇ ਰਾਵੇ[36] ਸਬਦਿ[37] ਥਾਪਿ[38] ॥੨॥	Installing[38] the world[37], He Himself enjoys[36] it.	ਸੰਸਾਰ[37] ਨੂੰ ਅਸਥਾਪਨ[38] ਕਰ, ਉਹ ਆਪ ਹੀ ਇਸ ਨੂੰ ਮਾਣਦਾ[36] ਹੈ ।
ਆਪੇ ਬਛਰੂ[39] ਗਊ[40] ਖੀਰੁ[41] ॥	God Himself is the calf[39], cow[40] and the milk[41].	ਵਾਹਿਗੁਰੂ ਆਪ ਹੀ ਵੱਛਾ[39], ਗਾਂ[40] ਅਤੇ ਦੁੱਧ[41] ਹੈ ।
ਆਪੇ ਮੰਦਰੁ[42] ਥੰਮ੍ਹੁ[43] ਸਰੀਰ[44] ॥੩॥	He Himself is the support[43] of the body[44] mansion[42].	ਉਹ ਖੁਦ ਹੀ ਦੇਹਿ[44] ਦੇ ਮਹਿਲ[42] ਦਾ ਆਸਰਾ[43] ਹੈ ।
ਆਪੇ ਕਰਣੀ[45] ਕਰਣਹਾਰੁ[46] ॥ ਆਪੇ ਗੁਰਮੁਖਿ[47] ਕਰਿ ਬੀਚਾਰੁ[48] ॥੪॥	He Himself is the Deed[45] and the Doer[46], and Himself bocoming the Guru-ward[47] reflects[48] upon Himself.	ਉਹ ਆਪ ਹੀ ਕੰਮ[45] ਅਤੇ ਕਰਨ ਵਾਲਾ[46] ਹੈ, ਅਤੇ ਆਪ ਹੀ ਗੁਰੂ-ਅਨੁਸਾਰੀ[47] ਹੋ, ਆਪਣੇ ਆਪ ਦਾ ਸਿਮਰਨ ਕਰਦਾ[48] ਹੈ ।
ਤੂ ਕਰਿ ਕਰਿ[49] ਦੇਖਹਿ ਕਰਣਹਾਰੁ[50] ॥	Creating[49] the world, Thou beholdest it, O my Creator-Lord[50].	ਸੰਸਾਰ ਨੂੰ ਰਚ[49] ਕੇ, ਤੂੰ ਇਸ ਨੂੰ ਵੇਖਦਾ ਹੈਂ, ਹੇ ਮੇਰੇ ਸਿਰਜਣਹਾਰ-ਸੁਆਮੀ[50] !
ਜੋਤਿ[51] ਜੀਅ[52] ਅਸੰਖ[53] ਦੇਇ[54] ਅਧਾਰੁ[55] ॥੫॥	Thou givest[54] support[55] to the light[51] of the numberless[53] beings[52].	ਤੂੰ ਅਣਗਿਣਤ[53] ਜੀਵਾਂ[52] ਦੇ ਪਰਕਾਸ਼[51] ਨੂੰ ਆਸਰਾ[55] ਦਿੰਦਾ[54] ਹੈਂ ।
ਤੂ ਸਰੁ[56] ਸਾਗਰੁ[57] ਗੁਣ[58] ਗਹੀਰੁ[59] ॥ ਤੂ ਅਕੁਲ[60] ਨਿਰੰਜਨੁ[61] ਪਰਮ[62] ਹੀਰੁ[63] ॥੬॥	Thou, O Lord, art like[56] the ocean[57] of unfathomable[59] virtues[58]. Thou art the Unknowable[60] and Immaculate[61] most sublime[62] jewel[63].	ਤੂੰ ਹੇ ਸੁਆਮੀ ! ਅਥਾਹ[59] ਨੇਕੀਆਂ[58] ਦੇ ਸਮੁੰਦਰ[57] ਵਰਗਾ[56] ਹੈਂ । ਤੂੰ ਅਗਾਧ[60] ਅਤੇ ਪਾਵਨ ਪਵਿੱਤਰ[61] ਮਹਾਨ[62] ਸਰੇਸ਼ਟ ਜਵੇਹਰ[63] ਹੈਂ ।
ਤੂ ਆਪੇ ਕਰਤਾ[63]* ਕਰਣ[64] ਜੋਗੁ[65] ॥ ਨਿਹਕੇਵਲੁ[66] ਰਾਜਨ[67] ਸੁਖੀ[68] ਲੋਗੁ[69] ॥੭॥	Thou Thyself art the Creator[63]*, potent[65] to do[64] anything and the independent[66] King[67] whose subject[69] are in peace[68].	ਤੂੰ ਆਪ ਹੀ ਸਾਰਾ ਕੁਛ ਕਰਨ[64] ਲਾਇਕ[65] ਕਰਤਾਰ[63]* ਅਤੇ ਸੁਤੰਤਰ[66] ਪਾਤਿਸ਼ਾਹ[67] ਹੈਂ । ਜਿਸ ਦੀ ਪਰਜਾ[69] ਆਰਾਮ[68] ਅੰਦਰ ਹੈ ।
ਨਾਨਕ ਧ੍ਰਾਪਿ[70] ਹਰਿ ਨਾਮ ਸੁਆਦਿ[71] ॥	Nanak is satiated[70] with the relish[71] of the Lord's Name.	ਨਾਨਕ ਪ੍ਰਭੂ ਦੇ ਨਾਮ ਦੇ ਸੁਆਦ[71] ਨਾਲ ਰੱਜ ਗਿਆ[70] ਹੈ ।
ਬਿਨੁ ਹਰਿ[72] ਗੁਰ ਪ੍ਰੀਤਮ[73] ਜਨਮੁ[74] ਬਾਦਿ[75] ॥੮॥੭॥	Vain[75] is one's life[74] without the beloved[73] Guru-God[72].	ਵਿਅਰਥ[75] ਹੈ ਇਨਸਾਨ ਦਾ ਜੀਵਨ[74], ਪਿਆਰੇ[73] ਗੁਰੂ-ਪ੍ਰਮੇਸ਼ਰ[72] ਦੇ ਬਗੈਰ ।
ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ॥	Basant Hindol Ist Guru	ਬਸੰਤ ਹਿੰਡੋਲ ਪਹਿਲੀ ਪਾਤਿਸ਼ਾਹੀ

੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is attained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਨਉ[76] ਸਤ[77] ਚਉਦਹ[78] ਤੀਨਿ[79] ਚਾਰਿ[80] ਕਰਿ[81] ਮਹਲਤਿ[82] ਚਾਰਿ[83] ਬਹਾਲੀ[84] ॥	Establishing[81] the nine[76] regions, seven[77] continents, fourteen[78] worlds, three[79] qualities, four[80] ages and the four[83] sources of creation, the Lord has seated[84] them all in His mansion[82].	ਨੌਂ ਖੰਡਾਂ[76], ਸਪਤ ਦੀਪਾਂ[77], ਚੌਹਾਂ ਜਹਾਨਾਂ[78], ਤਿੰਨਾਂ ਗੁਣਾਂ[79], ਚਾਰ ਯੁਗਾਂ[80] ਅਤੇ ਉਤਪਤੀ ਦੇ ਚਾਰ ਸੋਮਿਆਂ[83] ਨੂੰ ਅਸਥਾਪਨ[81] ਕਰ, ਸੁਆਮੀ ਨੇ ਉਹਨਾਂ ਸਾਰਿਆਂ ਨੂੰ ਆਪਣੇ ਮੰਦਰ[82] ਵਿਚ ਬਿਠਾ ਦਿੱਤਾ[84] ਹੈ।
ਚਾਰੇ ਦੀਵੇ[85] ਚਹੁ ਹਥਿ ਦੀਏ[86] ਏਕਾ ਏਕਾ ਵਾਰੀ ॥ ੧ ॥	He put[86] the four lamps[85] one by one into the hands of the four ages.	ਉਸ ਨੇ ਚਾਰੇ ਹੀ ਦੀਵੇ[85] ਇਕ ਇਕ ਕਰ ਕੇ ਚੌਹਾਂ ਹੀ ਯੁਗਾਂ ਦੇ ਹਥ ਵਿਚ ਪਕੜਾ ਦਿੱਤੇ[86] ਹਨ।
ਮਿਹਰਵਾਨ[87] ਮਧੁਸੂਦਨ[88] [89]ਮਾਧੌ[90] ਐਸੀ[91] ਸਕਤਿ[92] ਤੁਮ੍ਹਾਰੀ ॥੧॥ ਰਹਾਉ ॥	O my merciful Master[87], the slayer[88] of Madh demon and the Lord[90] of Lakhshmi[89], such[91] is Thine power[92]. Pause.	ਮਧੁਰਾਖਸ਼ ਨੂੰ ਮਾਰਨ ਵਾਲੇ[88] ਅਤੇ ਲਕਸ਼ਮੀ[89] ਦੇ ਸੁਆਮੀ[90], ਹੇ ਮੇਰੇ ਮਇਆਵਾਨ ਮਾਲਕ[87]! ਇਹੋ ਜਿਹੀ[91] ਹੈ ਤੇਰੀ ਤਾਕਤ[92]। ਠਹਿਰਾਉ।
ਘਰਿ ਘਰਿ[93] ਲਸਕਰੁ[94] ਪਾਵਕੁ[95] ਤੇਰਾ ਧਰਮੁ[96] ਕਰੇ[98] ਸਿਕਦਾਰੀ[97] ॥	The fire[95] in every home[93] is Thy army[94] and righteousness[96] exercises[98] chieftainship[97].	ਹਰ ਇਕਸ ਘਰ[93] ਦੀ ਅੱਗ[95] ਤੇਰੀ ਫ਼ੌਜ[94] ਹੈ ਅਤੇ ਸਚਾਈ[96] ਚੌਧਰਪੁਣਾ[97] ਕਰਦੀ[98] ਹੈ।
ਧਰਤੀ[99] ਦੇਗ[100] ਮਿਲੈ[2] ਇਕ ਵੇਰਾ[3] ਭਾਗੁ[4] ਤੇਰਾ ਭੰਡਾਰੀ[5] ॥੨॥	The earth[99] is Thy big cooking-pot[100] and the being receive[2] it but once[3]. Destiny[4] is Thy store-keeper[5].	ਜ਼ਮੀਨ[99] ਤੇਰਾ ਵਲਟੋਹਾ[100] ਹੈ ਅਤੇ ਜੀਵਾਂ ਨੂੰ ਕੇਵਲ ਇਕ ਵਾਰੀ[3] ਹੀ ਮਿਲਦਾ[2] ਹੈ। ਪ੍ਰਾਲਬਧ[4] ਤੇਰਾ ਮੋਦੀ[5] ਹੈ।
ਨਾਸਾਬੂਰੁ[6] ਹੋਵੈ ਫਿਰਿ[7] ਮੰਗੈ[8] ਨਾਰਦੁ[9] ਕਰੇ ਖੁਆਰੀ[10] ॥	Becoming non-content[6], man begs[8] again[7] and the mercurial mind[9] humiliates[10] him.	ਬੇ-ਸਬਰ[6] ਹੋ ਕੇ, ਬੰਦਾ ਮੁੜ[7] ਯਾਚਨਾ ਕਰਦਾ[8] ਹੈ ਅਤੇ ਚੰਚਲ ਮਨੂਆ[9] ਉਸ ਨੂੰ ਖੱਜਲ ਕਰਦਾ[10] ਹੈ।
੧੧੯੧	**1191**	**੧੧੯੧**
ਲਬੁ[12] ਅੰਧੇਰਾ[13] ਬੰਦੀਖਾਨਾ[14] ਅਉਗਣ[15] ਪੈਰਿ[16] ਲੁਹਾਰੀ[17] ॥ ੩ ॥	Avarice[12] is the dark[13] dungeon[14] and the demerits[15] are the fetters[17] on the feet[16].	ਲਾਲਚ[12] ਕਾਲਾ ਬੋਲਾ[13] ਕੈਦਖਾਨਾ[14] ਹੈ ਅਤੇ ਬਦੀਆਂ[15] ਪੈਰਾਂ[16] ਦੀਆਂ ਬੇੜੀਆਂ[17] ਹਨ।
ਪੂੰਜੀ[18] ਮਾਰ ਪਵੈ ਨਿਤ[19] ਮੁਦਗਰ[20] ਪਾਪੁ[21] ਕਰੇ ਕੋਟਵਾਰੀ[22] ॥	Wealth[18] ever[19] beats the soul with its mallet[20] and sin[21] does the duty of a police officer[22].	ਦੌਲਤ[18] ਆਪਣੇ ਮੁਤਕਹਰੇ[20] ਨਾਲ ਸਦਾ[19] ਹੀ ਜਿੰਦੜੀ ਨੂੰ ਮਾਰਦੀ ਹੈ ਅਤੇ ਗੁਨਾਹ[21] ਕੋਤਵਾਲਪੁਣਾ[22] ਕਰਦਾ ਹੈ।
ਭਾਵੈ[23] ਚੰਗਾ[24] ਭਾਵੈ ਮੰਦਾ[25] ਜੈਸੀ[26] ਨਦਰਿ[27] ਤੁਮਾਰੀ ॥੪॥	Whether[23] good[24], whether bad[25]; the man is, as[26] Thou lookest[27] on him, O Lord.	ਖਾਹ[23] ਭਲਾ[24], ਖਾਹ ਬੁਰਾ[25]; ਇਨਸਾਨ ਵੈਸਾ ਹੈ, ਜਿਹੋ ਜਿਹੀ[26] ਤੂੰ ਉਸ ਤੇ ਨਿਗਾਹ ਧਾਰਦਾ[27] ਹੈਂ, ਹੇ ਸੁਆਮੀ!

ਆਦਿ ਪੁਰਖ[28] ਕਉ ਅਲਹੁ ਕਹੀਐ[29] ਸੇਖਾਂ ਆਈ ਵਾਰੀ[30] ॥

The Primal Lord[28] is called[29] 'Allah', The turn[30] of the Muslim divines has come.

ਆਦੀ ਪ੍ਰਭੂ[28] ਅੱਲਾ ਆਖਿਆ ਜਾਂਦਾ[29] ਹੈ। ਸ਼ੇਖਾਂ ਦੀ ਵਾਰੀ[30] ਆ ਗਈ ਹੈ।

ਦੇਵਲ[31] ਦੇਵਤਿਆ ਕਰੁ[32] ਲਾਗਾ[33] ਐਸੀ[34] ਕੀਰਤਿ[35] ਚਾਲੀ[36] ॥੫॥

Tax[32] is levied[33] on the temples[31] of gods Such[34] a practice[35] has come into vogue[36].

ਦੇਵਾਂ ਦੇ ਮੰਦਰਾਂ[31] ਨੂੰ ਮਸੂਲ[32] ਲਗਦਾ[33] ਹੈ। ਐਹੋ ਜੇਹਾ[34] ਦਸਤੂਰ[35] ਚਾਲੂ ਹੋ ਗਿਆ[36] ਹੈ।

ਕੂਜਾ[37] ਬਾਂਗ[38] ਨਿਵਾਜ[39] ਮੁਸਲਾ[40] ਨੀਲ ਰੂਪ[41] ਬਨਵਾਰੀ[42] ॥

The ablution-pots[37], calls to prayer[38], prayers[39] and prayer-carpets[40] are seen everywhere and the Lord[42] appears in blue form [41]

ਲੋਟੇ[37], ਨਮਾਜ਼[38] ਦੇ ਸੱਦੇ, ਨਮਾਜ਼ਾਂ[39], ਨਮਾਜ਼ ਪੜ੍ਹਨ ਵਾਲੀਆਂ-ਫੂੜ੍ਹੀਆਂ[40] ਹਰ ਥਾਂ ਦਿੱਸਦੀਆਂ ਹਨ ਅਤੇ ਪ੍ਰਭੂ[42] ਨੀਲੇ ਸਰੂਪ[41] ਵਿਚ ਹੀ ਦਿਸਦਾ ਹੈ।

ਘਰਿ ਘਰਿ[43] ਮੀਆ ਸਭਨਾਂ[44] ਜੀਆਂ[45] ਬੋਲੀ[46] ਅਵਰ[47] ਤੁਮਾਰੀ[48] ॥੬॥

In every house[43] all[44] the persons[45] say 'Mian', your[48] language[46] has become different[47], O men.

ਹਰ ਧਾਮ[43] ਅੰਦਰ ਸਾਰੇ[44] ਪੁਰਸ਼[45] 'ਮੀਆਂ' ਆਖਦੇ ਹਨ, ਤੁਹਾਡੀ[48] ਭਾਸ਼ਾ[46] ਵਖਰੀ[47] ਹੋ ਗਈ ਹੈ, ਹੇ ਇਨਸਾਨੋ!

ਜੇ ਤੂ[49] ਮੀਰ[50] [51]ਮਹੀਪਤਿ[52] ਸਾਹਿਬੁ[53] ਕੁਦਰਤਿ[54] ਕਉਣ[55] ਹਮਾਰੀ[56] ॥

If[49] Thou, O Lord[53], wisheth to appoint Mir Babar[50] the King[52] of earth[51]; what[55] power[54] have I[56] to challenge it?

ਜੇਕਰ[49] ਤੂੰ, ਹੇ ਸੁਆਮੀ[53]! ਮੀਰ ਬਾਬਰ[50] ਨੂੰ ਧਰਤੀ[51] ਦਾ ਰਾਜਾ[52] ਬਣਾਉਣਾ ਚਾਹੁੰਦਾ ਹੈ; ਮੇਰੀ[56] ਕੀ[55] ਸੱਤਿਆ[54] ਹੈ ਕਿ ਮੈਂ ਉਜ਼ਰ ਕਰਾਂ?

ਚਾਰੇ ਕੁੰਟ[57] ਸਲਾਮੁ[58] ਕਰਹਿਗੇ ਘਰਿ ਘਰਿ[59] ਸਿਫਤਿ[60] ਤੁਮਾਰੀ ॥੭॥

In the four directions[57] the mortals make Thee obeisance[58] and in every house[59] Thine praises[60] are sung, O Lord.

ਚੋਹਾਂ ਹੀ ਪਾਸਿਆਂ[57] ਦੇ ਪ੍ਰਾਣੀ ਤੈਨੂੰ ਪ੍ਰਣਾਮ ਕਰਦੇ[58] ਹਨ ਅਤੇ ਹਰ ਧਾਮ[59] ਅੰਦਰ ਤੇਰੀਆਂ ਸਿਫ਼ਤ ਸ਼ਲਾਘਾ[60] ਗਾਇਨ ਕੀਤੀਆਂ ਜਾਂਦੀਆਂ ਹਨ, ਹੇ ਪ੍ਰਭੂ!

ਤੀਰਥ[61] ਸਿੰਮ੍ਰਿਤ ਪੁੰਨ[62] ਦਾਨ[63] ਕਿਛੁ[64] ਲਾਹਾ[65] ਮਿਲੈ[66] ਦਿਹਾੜੀ[67] ॥ ਨਾਨਕ ਨਾਮੁ ਮਿਲੈ[68] ਵਡਿਆਈ[69] ਮੇਕਾ[70] ਘੜੀ[71] ਸਮਾਲੀ[72] ॥ ੮ ॥ ॥੧॥੮॥

Some[64] profit[65], which is obtained[66] as wages[67] from pilgrimages to shrines[61], reading of Simritis, and giving of alms[62] and charities[63] is O Nanak, gained[68] in a[70] moment[71] by remembering[72] the glory-bestowing[69] Name.

ਧਰਮ ਅਸਥਾਨਾਂ[61] ਦੀਆਂ ਯਾਤ੍ਰਾਂ, ਸਿਮ੍ਰਤੀਆਂ ਦੇ ਪੜ੍ਹਨ ਅਤੇ ਖ਼ੈਰਾਤਾਂ[62] ਤੇ ਦਾਤਾਂ[63] ਦੇਣ ਤੋਂ ਕੁਝ[64] ਨਫ਼ਾ[65] ਜੋ ਮਜ਼ਦੂਰੀ[67] ਵਜੋਂ ਮਿਲਦਾ[66] ਹੈ, ਉਹ ਹੇ ਨਾਨਕ! ਪ੍ਰਭਤਾ-ਪ੍ਰਦਾਨ ਕਰਨ ਵਾਲੇ[69] ਨਾਮ ਦੇ ਇਕ[70] ਮੁਹਤ[71] ਦੇ ਸਿਮਰਨ[72] ਦੁਆਰਾ ਪਰਾਪਤ[68] ਹੋ ਜਾਂਦਾ ਹੈ।

ਬਸੰਤੁ ਹਿੰਡੋਲ ਘਰੁ ੨ ਮਹਲਾ ੪

Basant Handol 4th Guru

ਬਸੰਤ ਹੇਡੋਲ ਚੋਥੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਕਾਇਆ[73] ਨਗਰਿ[74] ਇਕੁ

Within the township[74] of the body[73]

ਦੇਹਿ[73] ਦੇ ਪਿੰਡ[74] ਵਿਚ ਇਕ ਬੱਚਾ[75] ਵਸਦਾ ਹੈ ਜੋ

ਬਾਲਕੁ[75] ਵਸਿਆ ਖਿਨੁ[76] ਪਲੁ[77] ਥਿਰੁ[78] ਨ ਰਹਾਈ ॥	abides a child[75], who rests[78] not even for a trice[76] and a moment[77].	ਇਕ ਛਿਨ[76] ਤੇ ਮੁਹਤ[77] ਭਰ ਲਈ ਭੀ ਅਸਥਿਰ[78] ਨਹੀਂ ਰਹਿੰਦਾ ।
ਅਨਿਕ[79] ਉਪਾਵ[80] ਜਤਨ[81] ਕਰਿ ਥਾਕੇ[82] ਬਾਰੰਬਾਰ[83] ਭਰਮਾਈ[84] ॥ ੧॥	I have grown weary[82] of making various[79] efforts[80] and endeavours[81], but it wanders[84] incessantly[83].	ਮੈਂ ਅਨੇਕਾਂ[79] ਉਪਰਾਲੇ[80] ਤੇ ਪੁਰਸ਼ਾਰਥ[81] ਕਰਦਾ ਹਾਰ[82] ਗਿਆ ਹਾਂ, ਪਰੰਤੂ ਇਹ ਲਗਾਤਾਰ[83] ਭਟਕਦਾ ਫਿਰਦਾ[84] ਹੈ ।
ਮੇਰੇ ਠਾਕੁਰ ਬਾਲਕੁ[85] ਇਕਤੁ[86] ਘਰਿ[87] ਆਨੁ[88] ॥	O my Master, bring[88] the child-mind[85] to the home[87] of Oneness[86].	ਹੇ ਮੇਰੇ ਮਾਲਕ, ਬੱਚੇ ਮਨ[85] ਨੂੰ ਏਕਤਾ[86] ਦੇ ਧਾਮ[87] ਵਿਚ ਲਿਆ[88] ।
ਸਤਿਗੁਰੁ ਮਿਲੈ ਤ[89] ਪੂਰਾ[90] ਪਾਈਐ ਭਜੁ[91] ਰਾਮ ਨਾਮੁ ਨੀਸਾਨੁ[92] ॥੧॥ ਰਹਾਉ ॥	If man meets the True Guru, then[89] obtains he the Perfect Lord[90]. Contemplating[91] the Lord, he becomes renowned[92]. Pause.	ਜੇਕਰ ਬੰਦਾ ਸੱਚੇ ਗੁਰਾਂ ਨੂੰ ਮਿਲ ਪਵੇ, ਤਦ[89] ਉਹ ਪੂਰਨ ਪ੍ਰਭੂ[90] ਨੂੰ ਪਾ ਲੈਂਦਾ ਹੈ । ਸੁਆਮੀ ਦਾ ਸਿਮਰਨ[91] ਕਰਨ ਦੁਆਰਾ ਉਹ ਪ੍ਰਸਿੱਧ[92] ਹੋ ਜਾਂਦਾ ਹੈ । ਠਹਿਰਾਉ ।
ਇਹੁ[93] ਮਿਰਤਕੁ[94] ਮੜਾ[95] ਸਰੀਰੁ[96] ਹੈ ਸਭੁ[97] ਜਗੁ[98] ਜਿਤੁ[99] ਰਾਮ ਨਾਮੁ ਨਹੀ ਵਸਿਆ[100] ॥	These[93] bodies[96] of all[97] the men[98] are like the dead[94] corpses[95], in which[99] the Lord's Name abides[100] not.	ਸਾਰਿਆਂ[97] ਇਨਸਾਨਾਂ[98] ਦੀਆਂ ਏਹ[93] ਦੇਹਾਂ[96] ਮਰੀਆਂ ਹੋਈਆਂ[94] ਲੋਥਾਂ[95] ਦੀ ਮਾਨੰਦ ਹਨ, ਜਿਨ੍ਹਾਂ[99] ਵਿਚ ਪ੍ਰਭੂ ਦਾ ਨਾਮ ਨਿਵਾਸ ਨਹੀਂ ਰਖਦਾ[100] ।
ਰਾਮ ਨਾਮੁ ਗੁਰਿ ਉਦਕੁ[2] ਚੁਆਇਆ[3] ਫਿਰਿ[4] ਹਰਿਆ[5] ਹੋਆ ਰਸਿਆ[6] ॥ ੨॥	When the Guru made man taste[3] the water[2] of the Lord's Name, he enjoyed[6] it and flowered[5] again[4].	ਜਦ ਗੁਰਾਂ ਨੇ ਬੰਦੇ ਨੂੰ ਪ੍ਰਭੂ ਦੇ ਨਾਮ ਦਾ ਪਾਣੀ[2] ਪਾਨ ਕਰਵਾਇਆ[3] ਤਾਂ ਉਸ ਨੇ ਇਸ ਦਾ ਅਨੰਦ[6] ਲਿਆ ਅਤੇ ਮੁੜ[4] ਪ੍ਰਫੁੱਲਤ ਹੋ ਗਿਆ[5] ।
ਮੈ ਨਿਰਖਤ[6*] ਨਿਰਖਤ ਸਰੀਰੁ[7] ਸਭੁ ਖੋਜਿਆ[8] ਇਕੁ ਗੁਰਮੁਖਿ[9] ਚਲਤੁ[10] ਦਿਖਾਇਆ[12] ॥	I have examined[6*], examined and searched[8] my entire body[7], and the supreme Guru[9], has shown[12] me a wondrous spectacle[10].	ਮੈਂ ਆਪਣੀ ਸਾਰੀ ਦੇਹਿ[7] ਨੂੰ ਚੰਗੀ ਤਰ੍ਹਾਂ ਵੇਖਿਆ[6*], ਵੇਖਿਆ ਅਤੇ ਭਾਲਿਆ[8] ਹੈ ਅਤੇ ਮੁਖੀ ਗੁਰਾਂ[9] ਨੇ ਮੈਨੂੰ ਇਕ ਅਸਚਰਜ ਨਜ਼ਾਰਾ[10] ਵਿਖਾਲ[12] ਦਿੱਤਾ ਹੈ ।
ਬਾਹਰੁ[13] ਖੋਜਿ ਮੁਏ ਸਭਿ ਸਾਕਤ[14] ਹਰਿ ਗੁਰਮਤੀ[15] ਘਰਿ ਪਾਇਆ[16] ॥੩॥	All the mammon-worshippers[14] perished by searching without[13], but I, by the Guru's instruction[15] found[16] the Lord within my home.	ਸਾਰੇ ਮਾਇਆ ਦੇ ਪੁਜਾਰੀ[14] ਬਾਹਰਵਾਰ[13] ਭਾਲਦੇ ਹੋਏ ਮਰ ਗਏ, ਪ੍ਰੰਤੂ ਗੁਰਾਂ ਦੇ ਉਪਦੇਸ਼[15] ਦੁਆਰਾ, ਮੈਂ ਪ੍ਰਭੂ ਨੂੰ ਆਪਣੇ ਗ੍ਰਹਿ ਵਿਚ ਹੀ ਪਾ ਲਿਆ[16] ।
ਦੀਨਾ ਦੀਨ[17] ਦਇਆਲ[18] ਭਏ ਹੈ ਜਿਉ[19] ਕ੍ਰਿਸਨੁ ਬਿਦਰ ਘਰਿ[20] ਆਇਆ ॥	The Lord has become compassionate[18] to the meekest[17] of the meek like[19] Krishana, who went to Bidur's house[20].	ਕ੍ਰਿਸ਼ਨ ਦੀ ਮਾਨੰਦ[19], ਪ੍ਰਭੂ ਮਸਕੀਨਾਂ ਦੇ ਪਰਮ ਮਸਕੀਨ[17] ਉਤੇ ਮਇਆਵਾਨ[18] ਹੋ ਗਿਆ ਹੈ, ਜੋ ਬਿਦਰ ਦੇ ਧਾਮ[20] ਵਿਚ ਗਿਆ ਸੀ ।
ਮਿਲਿਓ ਸੁਦਾਮਾ ਭਾਵਨੀ[21] ਧਾਰਿ[22] ਸਭੁ ਕਿਛੁ[23]	Embracing[22] love[21] for him, Sudama met Krishana, upon which Krishana	ਉਸ ਲਈ ਪ੍ਰੀਤ[21] ਧਾਰਨ ਕਰ[22], ਸੁਦਾਮਾ ਕ੍ਰਿਸ਼ਨ ਨੂੰ ਮਿਲਿਆ, ਜਿਸ ਉਤੇ ਉਸ ਦੇ ਮੁੜ ਘਰ ਪੁਜਣ ਤੋਂ

ਆਗੈ[24] ਦਾਲਦੁ[25] ਭੰਜਿ[26] ਸਮਾਇਆ[27] ॥੪॥

shattered[26] and removed[27] his poverty[25] by sending everything[23] before[24] his arrival at home.

ਪਹਿਲਾਂ[24] ਹੀ ਕ੍ਰਿਸ਼ਨ ਨੇ ਸਭ ਚੀਜ਼ਾਂ[23] ਭੇਜ ਕੇ ਉਸ ਦੀ ਗ਼ਰੀਬੀ[25] ਨਾਸ[26] ਅਤੇ ਦੂਰ ਕਰ ਦਿੱਤੀ[27]।

ਰਾਮ ਨਾਮ ਕੀ ਪੈਜ[28] ਵਡੇਰੀ[29] ਮੇਰੇ ਠਾਕੁਰਿ ਆਪਿ[30] ਰਖਾਈ[31] ॥

Great[29] is the glory[28] of the Lord's Name. My Lord, of Himself[30], has enshrined[31] it within me.

ਵਿਸ਼ਾਲ[29] ਹੈ ਪ੍ਰਭਤਾ[28] ਪ੍ਰਭੂ ਦੇ ਨਾਮ ਦੀ। ਮੇਰੇ ਸੁਆਮੀ ਨੇ, ਖ਼ੁਦ[30] ਹੀ, ਇਸ ਨੂੰ ਮੇਰੇ ਅੰਦਰ ਟਿਕਾਇਆ[31] ਹੈ।

ਜੇ[32] ਸਭਿ ਸਾਕਤ[33] ਕਰਹਿ ਬਖੀਲੀ[34] ਇਕ ਰਤੀ[35] ਤਿਲੁ[36] ਨ ਘਟਾਈ[37] ॥੫॥

Even[32] if all the apostates[33] practise slandering[34] me, it diminishes[37] not even by a trice[35] and an iota[36].

ਜੇਕਰ[32] ਸਾਰੇ ਅਧਰਮੀ[33] ਮੇਰੀ ਨਿੰਦਿਆ[34] ਭੀ ਕਰਨ ਤਾਂ ਭੀ ਇਹ ਇਕ ਭੋਰਾ[35] ਅਤੇ ਕਿਣਕਾ[36] ਮਾਤਰ ਭੀ ਘਟ ਨਹੀਂ ਹੁੰਦੀ[37]।

ਜਨ[38] ਕੀ ਉਸਤਤਿ[39] ਹੈ ਰਾਮ ਨਾਮਾ ਦਹਦਿਸਿ[40] ਸੋਭਾ[41] ਪਾਈ ॥

The Lord's Name is His slave's[38] praise[39], by which he attains honour[41] in ten directions[40].

ਪ੍ਰਭੂ ਦਾ ਨਾਮ ਉਸ ਦੇ ਗੋਲੇ[38] ਦੀ ਮਹਿਮਾ[39] ਹੈ, ਜਿਸ ਦੁਆਰਾ ਉਹ ਦਸੀਂ ਪਾਸੀਂ[40] ਇਜ਼ਤ ਆਬਰੂ[41] ਪਾਉਂਦਾ ਹੈ।

ਨਿੰਦਕੁ[42] ਸਾਕਤੁ[43] ਖਵਿ[44] ਨ ਸਕੈ ਤਿਲੁ[45] ਅਪਣੈ ਘਰਿ[46] ਲੂਕੀ[47] ਲਾਈ॥੬॥

The slanderers[42] and mammon-worshipper[43] can endure[44] it not even a bit[45]. They set fire[47] to their own house[46].

ਦੂਸ਼ਨ ਲਾਉਣ ਵਾਲੇ[42] ਅਤੇ ਮਾਇਆ ਦੇ ਪੁਜਾਰੀ[43] ਇਸ ਨੂੰ ਭੋਰਾ ਭਰ[45] ਭੀ ਜਰ[44] ਨਹੀਂ ਸਕਦੇ। ਉਹ ਆਪਣੇ ਝੁਗੇ[46] ਨੂੰ ਹੀ ਅੱਗ[47] ਲਾਉਂਦੇ ਹਨ।

ਜਨ[48] ਕਉ ਜਨੁ ਮਿਲਿ ਸੋਭਾ[49] ਪਾਵੈ[50] ਗੁਣ[51] ਮਹਿ[52] ਗੁਣ ਪਰਗਾਸਾ[53] ॥

The saint[48] meeting with the saint gathers[50] glory[49] and reflecting on[52] the Lord's virtues[51], their virtues become manifest[53].

ਸਾਧੂ[48] ਸਾਧੂ ਨਾਲ ਮਿਲ ਕੇ ਪ੍ਰਭਤਾ[49] ਪਰਾਪਤ ਕਰਦਾ[50] ਹੈ ਅਤੇ ਪ੍ਰਭੂ ਦੀਆਂ ਨੇਕੀਆਂ[51] ਉਤੇ[52] ਧਿਆਨ ਜੋੜਨ ਦੁਆਰਾ ਉਹਨਾਂ ਦੀਆਂ ਨੇਕੀਆਂ ਪ੍ਰਗਟ[53] ਹੋ ਜਾਂਦੀਆਂ ਹਨ।

ਮੇਰੇ ਠਾਕੁਰ ਕੇ ਜਨ[54] ਪ੍ਰੀਤਮ[55] ਪਿਆਰੇ[56] ਜੋ[58] ਹੋਵਹਿ ਦਾਸਨਿ ਦਾਸਾ[57] ॥੭॥

My Lord's slaves[54], who[58] are the servants[57] of His servants, are dear[55] and sweet[56] unto Him.

ਮੇਰੇ ਮਾਲਕ ਦੇ ਗੁਮਾਸ਼ਤੇ[54], ਜਿਹੜੇ[58] ਉਸ ਦੇ ਸੇਵਕਾਂ ਦੇ ਸੇਵਕ[57] ਹਨ, ਉਸ ਨੂੰ ਲਾਡਲੇ[55] ਅਤੇ ਮਿਠੜੇ[56] ਲਗਦੇ ਹਨ।

ਆਪੇ ਜਲੁ[59] ਅਪਰੰਪਰੁ[60] ਕਰਤਾ[61] ਆਪੇ ਮੇਲਿ[62] ਮਿਲਾਵੈ[63] ॥

The Infinite[60] Creator[61] is Himself the life's water[59] and Himself unites[63] one in His union[62].

ਬੇਅੰਤ[60] ਕਰਤਾਰ[61] ਆਪ ਹੀ ਜਿੰਦੜੀ ਦਾ ਪਾਣੀ[59] ਹੈ ਅਤੇ ਆਪ ਹੀ ਜੀਵ ਨੂੰ ਆਪਣੇ ਮਿਲਾਪ[62] ਵਿਚ ਮਿਲਾਉਂਦਾ[63] ਹੈ।

ਨਾਨਕ ਗੁਰਮੁਖਿ[64] ਸਹਜਿ[65] ਮਿਲਾਏ[66] ਜਿਉ[67] ਜਲੁ[68] ਜਲਹਿ ਸਮਾਵੈ[69] ॥੮॥੧॥੯॥

As[67] water[68] blends[69] with water, so does the supreme Guru[64], unite[66] the mortal with the Lord[65].

ਜਿਸ ਤਰ੍ਹਾਂ[67] ਪਾਣੀ[68] ਨਾਲ ਪਾਣੀ ਅਭੇਦ ਹੋ ਜਾਂਦਾ[69] ਹੈ, ਏਸੇ ਤਰ੍ਹਾਂ ਹੀ ਮੁਖੀ ਗੁਰਦੇਵ[64] ਜੀ ਪ੍ਰਾਣੀ ਨੂੰ ਪ੍ਰਭੂ[65] ਨਾਲ ਮਿਲਾ ਦਿੰਦੇ[66] ਹਨ।

੧੧੯੨
ਬਸੰਤੁ ਮਹਲਾ ੫ ਘਰੁ ੧ ਦੁਤੁਕੀਆ

1192
Easant 5th Guru Do-tukas

੧੧੯੨
ਬਸੰਤ ਪੰਜਵੀਂ ਪਾਤਿਸ਼ਾਹੀ ਦੋਤੁਕੀਆਂ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਸੁਨਿ ਸਾਖੀ[70] ਮਨ ਜਪਿ[71] ਪਿਆਰ[72] ॥	Hear, O mind, the stories[70] of the saints and contemplate[71] thou thy Lord with love[72].	ਸ੍ਰਵਣ ਕਰ, ਹੇ ਮਨੂਏ ! ਸੰਤਾਂ ਦੀਆਂ ਸਾਖੀਆਂ[70] ਅਤੇ ਤੂੰ ਆਪਣੇ ਪ੍ਰਭੂ ਦਾ ਪ੍ਰੇਮ[72] ਨਾਲ ਸਿਮਰਨ[71] ਕਰ।
ਅਜਾਮਲੁ ਉਧਰਿਆ[73] ਕਹਿ[74] ਏਕ ਬਾਰ ॥	Ajamal was delivered[73], uttering[74] the Lord's Name but once.	ਕੇਵਲ ਇਕ ਦਫ਼ਾ ਪ੍ਰਭੂ ਦਾ ਨਾਮ ਉਚਾਰਨ ਕਰਨ ਦੁਆਰਾ[74] ਅਜਾਮਲ ਦੀ ਕਲਿਆਣ ਹੋ ਗਈ[73] ਸੀ।
ਬਾਲਮੀਕੈ ਹੋਆ[75] ਸਾਧ ਸੰਗੁ ॥	Balmik obtained[75] the society of the saints.	ਬਾਲਮੀਕ ਨੂੰ ਸਤਿਸੰਗਤ ਪਰਾਪਤ ਹੋ ਗਈ[75]।
ਧ੍ਰੂ ਕਉ ਮਿਲਿਆ ਹਰਿ ਨਿਸੰਗ[76] ॥੧॥	The Lord met Dhru unhesitatingly[76].	ਧਰੂ ਬਿਨਾ ਕਿਸੇ ਝਿਜਕ[76] ਦੇ ਪ੍ਰਭੂ ਨੂੰ ਮਿਲ ਪਿਆ।
ਤੇਰਿਆ ਸੰਤਾ ਜਾਚਉ[77] ਚਰਨ[78] ਰੇਨ[79] ॥ ਲੇ[80] ਮਸਤਕਿ[81] ਲਾਵਉ[82] ਕਰਿ ਕ੍ਰਿਪਾ[83] ਦੇਨ[84] ॥੧॥ ਰਹਾਉ ॥	I ask for[77] the dust[79] of Thine saints' feet[78], O Lord. Mercifully[83] bless[84] Thou me with it, that obtaining[80] it, I may apply[82] it to my forehead[81]. Pause.	ਮੈਂ ਤੇਰਿਆਂ ਸਾਧੂਆਂ ਦੇ ਪੈਰਾਂ[78] ਦੀ ਧੂੜ[79] ਮੰਗਦਾ[77] ਹਾਂ, ਹੇ ਪ੍ਰਭੂ ! ਮਿਹਰ ਧਾਰ[83], ਤੂੰ ਮੈਨੂੰ ਇਸ ਨੂੰ ਬਖ਼ਸ਼[84] ਤਾਂ ਜੋ ਇਸ ਨੂੰ ਪਾ[80] ਕੇ, ਮੈਂ ਇਸ ਨੂੰ ਆਪਣੇ ਮੱਥੇ[81] ਨੂੰ ਲਾਵਾਂ[82]। ਠਹਿਰਾਉ।
ਗਨਿਕਾ[85] ਉਧਰੀ[86] ਹਰਿ ਕਹੈ[87] ਤੋਤ[88] ॥	Uttering[87] the Lord's Name, like her parrot[88], the prostitute[85] was emancipated[86].	ਆਪਣੇ ਤੋਤੇ[88] ਦੀ ਤਰ੍ਹਾਂ, ਪ੍ਰਭੂ ਦਾ ਨਾਮ ਉਚਾਰਨ ਕਰਨ ਦੁਆਰਾ[87], ਵੇਸਵਾ[85] ਦਾ ਪਾਰ ਉਤਾਰਾ ਹੋ ਗਿਆ[86]।
ਗਜਇੰਦ੍ਰ[89] ਧਿਆਇਓ[90] ਹਰਿ ਕੀਓ ਮੋਖ[91] ॥	The great elephant[89] remembered[90] God and He did deliver[91] him.	ਵੱਡੇ ਹਾਥੀ[89] ਨੇ ਵਾਹਿਗੁਰੂ ਨੂੰ ਯਾਦ ਕੀਤਾ[90] ਅਤੇ ਉਸ ਨੇ ਉਸ ਨੂੰ ਮੁਕਤ[91] ਕਰ ਦਿੱਤਾ।
ਬਿਪ੍ਰ[92] ਸੁਦਾਮੇ ਦਾਲਦੁ[93] ਭੰਜੁ[94] ॥	He rid[94] Brahman[92] Sudama of his penury[93].	ਬ੍ਰਹਮਣ[92] ਸੁਦਾਮੇ ਦੀ ਉਸ ਨੇ ਕੰਗਾਲਤਾ[93] ਦੂਰ[94] ਕਰ ਦਿੱਤੀ।
ਰੇ ਮਨ ਤੂ ਭੀ ਭਜੁ[95] ਗੋਬਿੰਦ[96] ॥੨॥	O my mind, thou too meditate[95] on thy Lord[96].	ਹੇ ਮੇਰੇ ਮਨੂਏ ! ਤੂੰ ਭੀ ਆਪਣੇ ਸਾਹਿਬ[96] ਦਾ ਸਿਮਰਨ[95] ਕਰ।
ਬਧਿਕੁ[97] ਉਧਾਰਿਓ[98] ਖਮਿ[99] ਪ੍ਰਹਾਰ[100] ॥	The hunter[97] who struck[100] Krishana with an arrow[99] was delivered[98].	ਸ਼ਿਕਾਰੀ[97], ਜਿਸ ਨੇ ਕ੍ਰਿਸ਼ਨ ਨੂੰ ਤੀਰ[98] ਮਾਰਿਆ[100] ਸੀ, ਦਾ ਭੀ ਪਾਰ ਉਤਾਰਾ ਹੋ ਗਿਆ[99]।
ਕੁਬਿਜਾ[2] ਉਧਰੀ[3] ਅੰਗੁਸਟ[4] ਧਾਰ[5] ॥	Placing[5] the foot on the thumb[4], the hunch-back[2] was saved[3].	ਅੰਗੂਠੇ[4] ਉਤੇ ਪੈਰ ਧਰ[5] ਕੇ, ਕੁੱਬੀ[2] ਤਾਰ ਦਿੱਤੀ ਗਈ[3]।
ਬਿਦਰੁ ਉਧਾਰਿਓ ਦਾਸਤ[6] ਭਾਇ[7] ॥	Bidur was redeemed through the servants[6] sentiments[7].	ਸੇਵਕ[6] ਦੇ ਜਜ਼ਬਿਆਂ[7] ਰਾਹੀਂ ਬਿਦਰ ਦਾ ਪਾਰ ਉਤਾਰਾ ਹੋ ਗਿਆ।
ਰੇ ਮਨ[8] ਤੂ ਭੀ ਹਰਿ ਧਿਆਇ[9] ॥੩॥	O my soul[8], thou too contemplate[9] thy God.	ਹੇ ਮੇਰੀ ਜਿੰਦੇ[8] ! ਤੂੰ ਭੀ ਆਪਣੇ ਵਾਹਿਗੁਰੂ ਦਾ ਭਜਨ[9] ਕਰ।

ਪ੍ਰਹਲਾਦ ਰਖੀ ਹਰਿ ਪੈਜ[10] ਆਪ ॥	God, of Himself, saved the honour[10] of Prahlad	ਵਾਹਿਗੁਰੂ ਨੇ ਆਪੇ ਹੀ ਪ੍ਰਹਿਲਾਦ ਦੀ ਲੱਜਿਆ[10] ਰੱਖੀ।
ਬਸਤ੍ਰ ਛੀਨਤ[12] ਦ੍ਰੋਪਤੀ ਰਖੀ[13] ਲਾਜ[14] ॥	When being disrobed[12], the Lord preserved[13] Daropadi's honour[14].	ਜਦ ਕਪੜੇ ਲਾਹੇ ਜਾ ਰਹੇ[12] ਸਨ, ਸੁਆਮੀ ਨੇ ਦਰੋਪਤੀ ਦੀ ਇਜ਼ਤ[14] ਬਚਾ ਲਈ[13]।
ਜਿਨਿ ਜਿਨਿ ਸੇਵਿਆ[15] ਅੰਤ[16] ਬਾਰ[17] ॥	They, who remembered[15] God, at the last[16] moment[17]; all of them were saved.	ਜਿਨ੍ਹਾਂ ਜਿਨ੍ਹਾਂ ਨੇ ਅਖ਼ੀਰ[16] ਦੇ ਵੇਲੇ[17] ਰਬ ਨੂੰ ਯਾਦ ਕੀਤਾ[15]; ਉਹ ਸਾਰੇ ਹੀ ਪਾਰ ਉਤਰ ਗਏ।
ਰੇ ਮਨ ਸੇਵਿ[18] ਤੂ ਪਰਹਿ ਪਾਰਿ[19] ॥੪॥	Serve[18] Thou the Lord, O my soul, that thou too mayest cross over[19].	ਤੂੰ ਸੁਆਮੀ ਦੀ ਸੇਵਾ ਕਰ[18], ਹੇ ਮੇਰੀ ਜਿੰਦੜੀਏ! ਤਾਂ ਜੋ ਤੇਰਾ ਵੀ ਪਾਰ ਉਤਾਰਾ[19] ਹੋ ਜਾਵੇ।
ਧੰਨੈ ਸੇਵਿਆ ਬਾਲ ਬੁਧਿ[20] ॥	Dhanna served God, through the innocence of a child[20].	ਧਨੇ ਨੇ ਬਾਲ[20] ਦੇ ਭੋਲੇਪਨ ਰਾਹੀਂ ਹੀ ਹਰੀ ਦੀ ਸੇਵਾ ਕਮਾਈ।
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ[21] ॥	Meeting with the Guru, Tirlochan attained perfection[21].	ਗੁਰਾਂ ਨਾਲ ਮਿਲ ਕੇ ਤ੍ਰਿਲੋਚਨ ਨੂੰ ਪੂਰਨਤਾ[21] ਪਰਾਪਤ ਹੋ ਗਈ।
ਬੇਣੀ ਕਉ ਗੁਰਿ ਕੀਓ ਪ੍ਰਗਾਸੁ[22] ॥	The Guru blessed Baini with the Divine light[22].	ਗੁਰਾਂ ਨੇ ਬੇਣੀ ਨੂੰ ਰੱਬੀ ਨੂਰ[22] ਬਖ਼ਸ਼ ਦਿੱਤਾ।
ਰੇ ਮਨ ਤੂ ਭੀ ਹੋਹਿ ਦਾਸੁ[23] ॥੫॥	O my mind, be thou too the Lord's servant[23].	ਹੇ ਮੇਰੇ ਮਨੂਏ! ਤੂੰ ਭੀ ਪ੍ਰਭੂ ਦਾ ਸੇਵਕ[23] ਹੋ ਜਾ।
ਜੈ ਦੇਵ ਤਿਆਗਿਓ[24] ਅਹੰਮੇਵ[25] ॥	Jaidev abandoned[24] his self-conceit[25].	ਜੈ ਦੇਵ ਨੇ ਆਪਣੀ ਸਵੈ-ਹੰਗਤ[25] ਛਡ ਦਿੱਤੀ[24]।
ਨਾਈ[26] ਉਧਰਿਓ[27] ਸੈਨੁ ਸੇਵ[28] ॥	Through service[28], Sain, the barber[26], was saved[27].	ਸੇਵਾ ਟਹਿਲ[28] ਦੇ ਰਾਹੀਂ, ਸੈਨ, ਹਜਾਮ[26] ਤਰ ਗਿਆ[27]।
ਮਨੁ ਡੀਗਿ[29] ਨ ਡੋਲੈ[30] ਕਹੂੰ[31] ਜਾਇ[32] ॥	My mind, wavers[29] and wabbles[30] not, nor does it go[32] anywhere[31].	ਮੇਰਾ ਮਨੂਆ ਝਿਜਕਦਾ[29] ਅਤੇ ਥਿੜਕਦਾ[30] ਨਹੀਂ, ਨਾ ਹੀ ਇਹ ਕਿਧਰੇ[31] ਜਾਂਦਾ[32] ਹੈ।
ਮਨ ਤੂ ਭੀ ਤਰਸਹਿ[33] ਸਰਣਿ[34] ਪਾਇ[35] ॥੬॥	O my soul, thou too shalt cross[33] over. Seek[35] thou the Lord's protection[34].	ਹੇ ਮੇਰੀ ਜਿੰਦੇ! ਤੂੰ ਭੀ ਪਾਰ ਉਤਰ ਜਾਵੇਂਗੀ[33]। ਤੂੰ ਪ੍ਰਭੂ ਦੀ ਪਨਾਹ[34] ਲੈ[35]।
ਜਿਹ ਅਨਗ੍ਰਹੁ[36] ਠਕੁਰਿ ਕੀਓ[37] ਆਪਿ ॥	They, to whom Thou Thyself showest[37] mercy[36], O Lord,	ਜਿਨ੍ਹਾਂ ਉਤੇ ਤੂੰ ਹੇ ਸੁਆਮੀ! ਆਪਣੀ ਮਿਹਰ[36] ਧਾਰਦਾ[37] ਹੈਂ,
ਸੇ[38] ਤੈਂ ਲੀਨੇ ਭਗਤ[39] ਰਾਖਿ[40] ॥	Those[38] saints[39] Thou Thyself emancipatest[40].	ਉਨ੍ਹਾਂ[38] ਸਾਧੂਆਂ[39] ਨੂੰ ਤੂੰ ਖ਼ੁਦ ਮੁਕਤ ਕਰ ਦਿੰਦਾ[40] ਹੈਂ।
ਤਿਨ ਕਾ ਗੁਣੁ[41] ਅਵਗਣੁ[42] ਨ ਬੀਚਾਰਿਓ[43] ਕੋਇ ॥	Their merits[41] and demerits[42], Thou, O Lord, takest not into account[43].	ਉਹਨਾਂ ਦੀਆਂ ਨੇਕੀਆਂ[41] ਅਤੇ ਬਦੀਆਂ[42] ਵਲ ਤੂੰ ਧਿਆਨ ਨਹੀਂ ਦਿੰਦਾ[43], ਹੇ ਸੁਆਮੀ!
ਇਹ ਬਿਧਿ[44] ਦੇਖਿ ਮਨੁ ਲਗਾ[46] ਸੇਵ[45] ॥੭॥	Seeing these ways[44] of Thine, my mind is dedicated[46] to Thy service[45]	ਤੇਰੇ ਇਹ ਮਾਰਗ[44] ਵੇਖ ਕੇ, ਮੇਰਾ ਮਨੂਆ ਤੇਰੀ ਸੇਵਾ ਟਹਿਲ[45] ਦੇ ਸਮਰਪਣ[46] ਹੋ ਗਿਆ ਹੈ।

ਕਬੀਰ ਧਿਆਇਓ[47] ਏਕ[48] ਰੰਗ[49] ॥	Kabir contemplated[47] God attuned to His love[49] with single mind[48].	ਕਬੀਰ ਨੇ ਇਕ ਚਿਤ[48] ਉਸ ਦੇ ਪਿਆਰ[49] ਅੰਦਰ ਜੁੜ ਕੇ ਉਸ ਦਾ ਭਜਨ ਕੀਤਾ[47] ।
ਨਾਮ ਦੇਵ ਹਰਿ ਜੀਉ[50] ਬਸਹਿ[51] ਸੰਗਿ[52] ॥	Namdev abided[51] with[52] the Sire[50] Master.	ਨਾਮ ਦੇਵ ਮਹਾਰਾਜ[50] ਮਾਲਕ ਦੇ ਨਾਲ[52] ਰਹਿੰਦਾ[51] ਸੀ ।
ਰਵਿਦਾਸ ਧਿਆਏ[53] ਪ੍ਰਭ ਅਨੂਪ[54] ॥	Ravidass meditated[53] on the Beauteous[54] Lord.	ਰਵਿਦਾਸ ਨੇ ਸੁੰਦਰ[54] ਸੁਆਮੀ ਦਾ ਸਿਮਰਨ ਕੀਤਾ[53] ।
ਗੁਰ ਨਾਨਕ ਦੇਵ [55]ਗੋਵਿੰਦ[56] ਰੂਪ[57] ॥੮॥੧॥	Guru Nanak Dev is the very embodiment[57] of the Master[56] of the universe[55].	ਗੁਰੂ ਨਾਨਕ ਦੇਵ ਜੀ, ਆਲਮ[55] ਦੇ ਮਾਲਕ[56] ਦਾ ਹੀ ਸਰੂਪ[57] ਹਨ ।
ਬਸੰਤੁ ਮਹਲਾ ੫ ॥	Basant 5th Guru.	ਬਸੰਤ ਪੰਜਵੀਂ ਪਾਤਿਸ਼ਾਹੀ ।
ਅਨਿਕ ਜਨਮ ਭ੍ਰਮੇ[58] ਜੋਨਿ ਮਾਹਿ[59] ॥	For many births, the mortal wandered[58] in existences[59].	ਅਨੇਕਾਂ ਜਨਮ, ਪ੍ਰਾਣੀ ਜੂਨੀਆਂ[59] ਅੰਦਰ ਭਟਕਦਾ[58] ਰਿਹਾ ।
ਹਰਿ ਸਿਮਰਨ[60] ਬਿਨੁ ਨਰਕਿ[61] ਪਾਹਿ ॥	Without God's meditation[60] he falls into hell[61]	ਰਬ ਦੀ ਬੰਦਗੀ[60] ਦੇ ਬਗੈਰ ਉਹ ਦੋਜ਼ਖ[61] ਵਿਚ ਪੈਂਦਾ ਹੈ ।
ਭਗਤਿ[62] ਬਿਹੂਨਾ[63] ਖੰਡ[64] ਖੰਡ ॥ ਬਿਨੁ ਬੂਝੇ[65] ਜਮੁ ਦੇਤ ਡੰਡ[66] ॥੧॥	Without[63] the Lord's devotion[62] one is cut into bite[64]. Without realising[65] the Lord, Yama punishes[66] one.	ਪ੍ਰਭੂ ਦੇ ਵੈਰਾਗ[62] ਦੇ ਬਗੈਰ[63], ਬੰਦਾ ਟੋਟੇ ਟੋਟੇ ਕੀਤਾ[64] ਜਾਂਦਾ ਹੈ । ਸਾਂਈਂ ਨੂੰ ਅਨੁਭਵ[65] ਕਰਨ ਦੇ ਬਾਝੋਂ, ਯਮ ਬੰਦੇ ਨੂੰ ਸਜ਼ਾ ਦਿੰਦਾ[66] ਹੈ ।
ਗੋਬਿੰਦ ਭਜਹੁ[67] ਮੇਰੇ ਸਦਾ[68] ਮੀਤ[69] ॥ ਸਾਚ ਸਬਦ[70] ਕਰਿ[71] ਸਦਾ ਪ੍ਰੀਤਿ[72] ॥੧॥ ਰਹਾਉ॥	O my friend[69], ever[68] remember[67] thou thy Lord and embrace[71] thou ever love[72] for the True Name[70]. Pause.	ਹੇ ਮੇਰੇ ਮਿੱਤਰ[69] ! ਤੂੰ ਸਦੀਵ[68] ਹੀ ਆਪਣੇ ਸੁਆਮੀ ਦਾ ਸਿਮਰਨ[67] ਕਰ ਅਤੇ ਤੂੰ ਸੱਚੇ ਨਾਮ[70] ਨਾਲ ਹਮੇਸ਼ਾ ਹੀ ਪਿਰਹੜੀ[72] ਪਾ[71] । ਠਹਿਰਾਉ ।
ਸੰਤੋਖੁ[73] ਨ ਆਵਤ ਕਹੂੰ ਕਾਜ[74] ॥	By no avocation[74], contentment[73] comes to one.	ਕਿਸੇ ਕਾਰਵਿਹਾਰ[74] ਦੁਆਰਾ ਭੀ ਜੀਵ ਨੂੰ ਸੰਤੁਸ਼ਟਤਾ[73] ਨਹੀਂ ਆਉਂਦੀ ।
ਧੂੰਮ[75] ਬਾਦਰ[76] ਸਭਿ ਮਾਇਆ[77] ਸਾਜ[78] ॥	All the makes[78] of wealth[77] are the clouds[76] of smoke[75].	ਧਨ-ਦੌਲਤ[77] ਦੀਆਂ ਸਮੂਹ ਬਨਾਵਟਾਂ[78] ਧੂੰਏ[75] ਦੇ ਬੱਦਲ[76] ਹਨ ।
ਪਾਪ[79] ਕਰੰਤੌ ਨਹ ਸੰਗਾਇ[80] ॥	One shrinks[80] not from committing sins[79].	ਗੁਨਾਹ[79] ਕਰਨ ਤੋਂ ਬੰਦਾ ਝਿਜਕਦਾ[80] ਨਹੀਂ ।
ਬਿਖੁ[81] ਕਾ ਮਾਤਾ[82] ਆਵੈ ਜਾਇ ॥੨॥	Intoxicated[82] with poison[81], one comes and goes.	ਜ਼ਹਿਰ[81] ਨਾਲ ਮਤਵਾਲਾ ਹੋਇਆ[82] ਜੀਵ ਆਉਂਦਾ ਤੇ ਜਾਂਦਾ ਹੈ ।
ਹਉ[83] ਹਉ ਕਰਤ[84] ਬਧੇ[85] ਬਿਕਾਰ[86] ॥	Practising[84] ego[83] and pride evils[86] increase[85] ever.	ਹੰਗਤਾ[83] ਤੇ ਹੰਕਾਰ ਕਰਨ[84] ਨਾਲ ਬਦੀਆਂ[86] ਸਦਾ ਵਧਦੀਆਂ[85] ਹਨ ।
ਮੋਹ[87] ਲੋਭ[88] ਡੂਬੌ[89] ਸੰਸਾਰ[90] ॥	In worldly love[87] and greed[88] the world[90] is drowned[89].	ਸੰਸਾਰੀ ਮਮਤਾ[87] ਤੇ ਲਾਲਚ[88] ਅੰਦਰ ਜੱਗ[90] ਡੁੱਬ ਗਿਆ[89] ਹੈ ।
ਕਾਮਿ[91] ਕ੍ਰੋਧਿ[92] ਮਨੁ ਵਸਿ[93] ਕੀਆ ॥	Lust[91] and wrath[92] sway[93] man's mind.	ਸ਼ਹਿਵਤ[91] ਤੇ ਗੁੱਸਾ[92] ਬੰਦੇ ਦੇ ਮਨੂਏ ਉਤੇ ਰਾਜ[93] ਕਰਦੇ ਹਨ ।

ਸੁਪਨੈ[94] ਨਾਮੁ ਨ ਹਰਿ ਲੀਆ[95] ॥੩॥	Even in dream[94], he utters[95] not the Lord's Name.	ਸੁਫਨੇ[94] ਵਿਚ ਭੀ, ਉਹ ਸਾਈਂ ਦੇ ਨਾਮ ਨੂੰ ਨਹੀਂ ਉਚਾਰਦਾ[95] ।
ਕਬ[96] ਹੀ ਰਾਜਾ[97] ਕਬ ਮੰਗਨਹਾਰੁ[98] ॥	Sometimes[96] one is a king[97] and sometimes a beggar[98].	ਕਦੇ[96] ਬੰਦਾ ਪਾਤਿਸ਼ਾਹ[97] ਹੁੰਦਾ ਹੈ ਅਤੇ ਕਦੇ ਮੰਗਤਾ[98]।
ਦੂਖ[99] ਸੂਖ[100] ਬਾਧੋ[2] ਸੰਸਾਰ[3] ॥	To pain[99] and pleasure[100] the world[3] is bound[2].	ਪੀੜ[99] ਤੇ ਪ੍ਰਸੰਨਤਾ[100] ਨਾਲ ਦੁਨੀਆਂ[3] ਬੱਝੀ ਹੋਈ[2] ਹੈ।
ਮਨੁ[4] ਉਧਰਣ[5] ਕਾ ਸਾਜੁ[6] ਨਾਹਿ ॥	To emancipate[5] himself man[4] makes no preparation[6].	ਆਪਣੇ ਆਪ ਨੂੰ ਮੁਕਤ[5] ਕਰਨ ਦੀ ਇਨਸਾਨ[4] ਕੋਈ ਤਿਆਰੀ[6] ਨਹੀਂ ਕਰਦਾ ।
ਪਾਪ[7] ਬੰਧਨ[8] ਨਿਤ[9] ਪਉਤ ਜਾਹਿ[10] ॥੪॥	The fetters[8] of sin[7], ever[9] continue loading[10] him.	ਗੁਨਾਹਾਂ[7] ਦੀਆਂ ਜ਼ੰਜੀਰਾਂ[8] ਸਦਾ[9] ਉਸ ਨੂੰ ਪੈਂਦੀਆਂ ਜਾਂਦੀਆਂ[10] ਹਨ ।
ਈਠ[12] ਮੀਤ[13] ਕੋਊ ਸਖਾ[14] ਨਾਹਿ ॥	Man has no loved[12] friend[13] and comrade[14].	ਬੰਦੇ ਦਾ ਕੋਈ ਪਿਆਰਾ[12] ਮਿੱਤਰ[13] ਤੇ ਸਾਥੀ[14] ਨਹੀਂ ।
ਆਪਿ ਬੀਜਿ ਆਪੇ ਹੀ ਖਾਹਿ ॥	He Himself sows and Himself eats.	ਉਹ ਖ਼ੁਦ ਬੀਜਦਾ ਹੈ, ਅਤੇ ਖ਼ੁਦ ਹੀ ਖਾਂਦਾ ਹੈ ।
ਜਾ ਕੈ ਕੀਨੈ[15] ਹੋਤ[16] ਬਿਕਾਰ[17] ॥ ਸੋ[18] ਛੋਡਿ[19] ਚਲਿਆ[20] ਖਿਨ[21] ਮਹਿ[22] ਗਵਾਰ[23] ॥੫॥	The goods amassing[15] which sins[17] well up[16]; leaving[19] them[18] off in[22] a moment[21], the ignorant[23] one departs[20].	ਜਿਨ੍ਹਾਂ ਪਦਾਰਥਾਂ ਨੂੰ ਇਕੱਤਰ[15] ਕੀਤਿਆਂ ਪਾਪ[17] ਉਤਪੰਨ[16] ਹੁੰਦੇ ਹਨ; ਇਕ ਮੁਹਤ[21] ਵਿਚ[22] ਉਨ੍ਹਾਂ[18] ਨੂੰ ਤਿਆਗ[19] ਕੇ ਬੇਸਮਝ[23] ਬੰਦਾ ਟੁਰ ਜਾਂਦਾ[20] ਹੈ ।
੧੧੯੩	**1193**	**੧੧੯੩**
ਮਾਇਆ ਮੋਹਿ ਬਹੁ ਭਰਮਿਆ[24] ॥	One greatly wanders[24] in the love of riches.	ਜੀਵ ਧਨ-ਦੌਲਤ ਦੇ ਪਿਆਰ ਅੰਦਰ ਬਹੁਤ ਭਟਕਦਾ[24] ਹੈ ।
ਕਿਰਤ[25] ਰੇਖ[26] ਕਰਿ[27] ਕਰਮਿਆ[28] ॥	He does[27] deeds[28] as is the writ[26] of his past actions[25].	ਉਹ ਵੈਸੇ ਅਮਲ[28] ਕਮਾਉਂਦਾ[27] ਹੈ, ਜੇਹੋ ਜੇਹੀ ਉਸ ਦੇ ਪੂਰਬਲੇ ਕਰਮਾਂ[25] ਦੀ ਲਿਖਤਾਕਾਰ[26] ਹੈ ।
ਕਰਣੈਹਾਰੁ[29] ਅਲਿਪਤੁ[30] ਆਪਿ ॥	The Crearor[29], of Himself remains detached[30].	ਸਿਰਜਣਹਾਰ[29], ਖ਼ੁਦ ਨਿਰਲੇਪ[30] ਰਹਿੰਦਾ ਹੈ ।
ਨਹੀ ਲੇਪੁ[31] ਪ੍ਰਭ ਪੁੰਨ ਪਾਪਿ ॥੬॥	Virtue and sin affect[31] not the Lord.	ਨੇਕੀ ਤੇ ਬਦੀ ਪ੍ਰਭੂ ਤੇ ਕੋਈ ਅਸਰ[31] ਨਹੀਂ ਰਖਦੇ ।
ਰਾਖਿ ਲੇਹੁ [32]ਗੋਬਿੰਦ[33] ਦਇਆਲ[34] ॥	Save Thou me, O Merciful[34] Master[33] of the world[32].	ਤੂੰ ਮੇਰੀ ਰੱਖਿਆ ਕਰ, ਹੇ ਜਗ[32] ਦੇ ਮਿਹਰਬਾਨ[34] ਮਾਲਕ[33] !
ਤੇਰੀ ਸਰਣਿ[35] ਪੂਰਨ[36] ਕ੍ਰਿਪਾਲ[37] ॥	O my perfectly[36] compassionate[37] Lord, I have sought Thine refuge[35].	ਹੇ ਮੇਰੇ ਮੁਕੰਮਲ[36] ਮਇਆਵਾਨ[37] ਮਾਲਕ ! ਮੈਂ ਤੇਰੀ ਪਨਾਹ[35] ਲਈ ਹੈ ।
ਤੁਝ ਬਿਨੁ ਦੂਜਾ[38] ਨਹੀ ਠਾਉ[39] ॥	Without Thee, I have, no other[38] place[39] of rest.	ਤੇਰੇ ਬਗ਼ੈਰ ਮੇਰੀ ਹੋਰ[38] ਕੋਈ ਆਰਾਮ ਦੀ ਥਾਂ[39] ਨਹੀਂ ।
ਕਰਿ[40] ਕਿਰਪਾ[41] ਪ੍ਰਭ ਦੇਹੁ[42] ਨਾਉ ॥੭॥	Show[40] Thou mercy[41] unto me and bless[42] me with Thy Name.	ਤੂੰ ਮੇਰੇ ਤੇ ਮਿਹਰ[41] ਧਾਰ[40] ਅਤੇ ਮੈਨੂੰ ਆਪਣਾ ਨਾਮ ਬਖ਼ਸ਼[42] ।

ਤੂ ਕਰਤਾ[43] ਤੂ ਕਰਣਹਾਰੁ[44] ॥	O Lord, Thou art the Creator[43] and Thou the Doer[44].	ਹੇ ਸੁਆਮੀ ! ਤੂੰ ਸਿਰਜਣਹਾਰ[43] ਹੈਂ ਅਤੇ ਤੂੰ ਹੀ ਕਰਨ ਵਾਲਾ[44] ।
ਤੂ ਊਚਾ[45] ਤੂ ਬਹੁ[47] ਅਪਾਰੁ[46] ॥	Thou, Thou art high[45] and greatly[47] Infinite[46].	ਤੂੰ, ਤੂੰ ਬੁਲੰਦ[45] ਅਤੇ ਬੜਾ[47] ਹੀ ਬੇਅੰਤ[46] ਹੈਂ ।
ਕਰਿ ਕਿਰਪਾ[48] ਲੜਿ[49] ਲੇਹੁ ਲਾਇ[50] ॥	Mercifully[48] attach[50] me to Thy skirt[49], O Lord.	ਮਿਹਰ ਧਾਰ ਕੇ[48] ਮੈਨੂੰ ਆਪਣੇ ਪੱਲੇ[49] ਨਾਲ ਜੋੜ ਲੈ[50], ਹੇ ਪ੍ਰਭੂ !
ਨਾਨਕ ਦਾਸ ਪ੍ਰਭ ਕੀ ਸਰਣਾਇ[51] ॥੮॥੨॥	Slave Nanak has entered Thy sanctuary[51], O Lord.	ਗੋਲੇ ਨਾਨਕ ਨੇ ਤੇਰੀ ਸ਼ਰਣਾਗਤ[51] ਲਈ ਹੈ, ਹੇ ਸੁਆਮੀ !
ਬਸੰਤੁ ਕੀ ਵਾਰ ਮਹਲੁ ੫	Var of Basant 5th Guru	ਬਸੰਤ ਕੀ ਵਾਰ ਪੰਜਵੀਂ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is attained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਹਰਿ ਕਾ ਨਾਮੁ ਧਿਆਇ[52] ਕੈ ਹੋਹੁ ਹਰਿਆ[53] ਭਾਈ[54]॥	Contemplating[52] God's Name, flower[53] thou, O my brother[54].	ਵਾਹਿਗੁਰੂ ਦਾ ਨਾਮ ਆਰਾਧਨ[52] ਕਰਨ ਦੁਆਰਾ, ਤੂੰ ਪ੍ਰਫੁਲਤ[53] ਹੋ, ਹੇ ਵੀਰ[54] !
ਕਰਮਿ[55] ਲਿਖੰਤੈ[56] ਪਾਈਐ[57] ਇਹ ਰੁਤਿ[58] ਸੁਹਾਈ[59] ॥	In accordance with the writ[56] of destiny[55], thou are blessed[57] with this beauteous[59] season[58].	ਪ੍ਰਾਲਬਧ[55] ਦੀ ਲਿਖਤਾਕਾਰ[56] ਅਨੁਸਾਰ, ਤੈਨੂੰ ਇਹ ਸੁੰਦਰ[59] ਮੌਸਮ[58] ਪਰਾਪਤ[57] ਹੋਇਆ ਹੈ ।
ਵਣੁ[60] ਤ੍ਰਿਣੁ[61][62] ਤ੍ਰਿਭਵਣੁ[63] ਮਉਲਿਆ[64] ਅੰਮ੍ਰਿਤ ਫਲੁ[65] ਪਾਈ ॥	Obtaining the ambrosial fruit[65] of the Name the woods[60], grass[61] and the three[62] worlds[63] have bloomed[64].	ਨਾਮ ਦੇ ਅੰਮ੍ਰਿਤ-ਮਈ ਮੇਵੇ[65] ਨੂੰ ਪਾ ਕੇ, ਜੰਗਲ[60], ਘਾਅ[61] ਅਤੇ ਤਿੰਨ[62] ਜਹਾਨ[63] ਪ੍ਰਫੁਲਤ[64] ਹੋ ਗਏ ਹਨ ।
ਮਿਲਿ ਸਾਧੂ ਸੁਖੁ[64]* ਊਪਜੈ[65]* ਲਥੀ[66] ਸਭ[67] ਛਾਈ[68] ॥	Meeting with the saints bliss[64]* wells up[65]* and all[67] the darkness[68] of sins is dispelled[66].	ਸੰਤਾਂ ਨਾਲ ਮਿਲ ਕੇ ਪ੍ਰਸੰਨਤਾ[64]* ਉਤਪੰਨ ਹੁੰਦੀ[65]* ਹੈ ਅਤੇ ਪਾਪਾਂ ਦਾ ਸਾਰਾ[67] ਅਨ੍ਹੇਰਾ[68] ਦੂਰ ਹੋ ਜਾਂਦਾ[66] ਹੈ ।
ਨਾਨਕੁ ਸਿਮਰੈ[69] ਏਕੁ ਨਾਮੁ ਫਿਰਿ[70] ਬਹੁੜਿ[71] ਨ ਧਾਈ[72] ॥੧॥	Nanak utters[69] but the One Lord's Name, and he shall wander[72] not in existences[71] again[70].	ਨਾਨਕ ਕੇਵਲ ਇਕ ਸਾਂਈਂ ਦੇ ਨਾਮ ਦਾ ਉਚਾਰਨ[69] ਕਰਦਾ ਹੈ, ਅਤੇ ਉਹ ਮੁੜ ਕੇ[70] ਜੂਨੀਆਂ[71] ਅੰਦਰ ਨਹੀਂ ਭਟਕੇਗਾ[72] ।
ਪੰਜੇ ਬਧੇ[73] ਮਹਾ[74] ਬਲੀ[75] ਕਰਿ[76] ਸਚਾ[77] ਢੋਆ[78] ॥	Obtaining[76] the support[78] of the True Name[77], I have chained[73] the five very[74] powerful[75] demons.	ਸਚੇ ਨਾਮ[77] ਦਾ ਆਸਰਾ[78] ਲੈ ਕੇ[76], ਮੈਂ ਪਰਮ[74] ਬਲਵਾਨ[75] ਪੰਜਾਂ ਭੂਤਨਿਆਂ ਨੂੰ ਨਰੜ ਲਿਆ[73] ਹੈ ।
ਆਪਣੇ ਚਰਣ[79] ਜਪਾਇਅਨੁ[80] ਵਿਚਿ[81] ਦਯੁ[82] ਖੜੋਆ[83] ॥	Standing[83] within[81] my mind, the Lord[82] has made me meditate[80] on His feet[79].	ਮੇਰੇ ਮਨ ਅੰਦਰ[81] ਖਲੋ[83], ਸੁਆਮੀ[82] ਨੇ ਮੇਰੇ ਪਾਸੋਂ ਆਪਣੇ ਪੈਰਾਂ[79] ਦਾ ਸਿਮਰਨ[80] ਕਰਵਾਇਆ ਹੈ ।
ਰੋਗ[86] ਸੋਗ[87] ਸਭਿ ਮਿਟਿ[88]	I am rid of[88] all the ailments[86] and	ਮੇਰੀਆਂ ਸਾਰੀਆਂ ਬੀਮਾਰੀਆਂ[86] ਤੇ ਅਫ਼ਸੋਸ[87] ਦੂਰ

ਗਏ ਨਿਤ[89] ਨਵਾ ਨਿਰੋਆ[90] ॥	sorrows[87], and am ever[89] hale and hearty[90].	ਹੋ ਗਏ[88] ਹਨ ਅਤੇ ਮੈਂ ਹਮੇਸ਼ਾ[89] ਨੌ-ਬਰ-ਨੌ[90] ਹਾਂ।
ਦਿਨੁ ਰੈਣਿ[91] ਨਾਮੁ ਧਿਆਇਦਾ[92] ਫਿਰਿ[93] ਪਾਇ ਨ ਮੋਆ[94] ॥	Contemplating[92] the Lord's Name day and night[91] I shall die[94] not again[93].	ਦਿਨ ਤੇ ਰਾਤ[91] ਪ੍ਰਭੂ ਦੇ ਨਾਮ ਦਾ ਸਿਮਰਨ ਕਰਨ[92] ਦੁਆਰਾ ਮੈਂ ਮੁੜ ਕੇ[93] ਨਹੀਂ ਮਰਾਂਗਾ[94]।
ਜਿਸ ਤੇ ਉਪਜਿਆ[95] ਨਾਨਕਾ ਸੋਈ[96] ਫਿਰਿ[97] ਹੋਆ ॥੨॥	O Nanak, I have ultimately[97] become He[96], from whom I had issued forth[95].	ਹੇ ਨਾਨਕ ! ਮੈਂ ਓੜਕ[97] ਨੂੰ ਉਹੀ[96] ਹੋ ਗਿਆ ਹਾਂ, ਜਿਸ ਤੋਂ ਮੈਂ ਉਤਪੰਨ ਹੋਇਆ[95] ਸੀ।
ਕਿਥਹੁ ਉਪਜੈ[98] ਕਹ ਰਹੈ ਕਹ[99] ਮਾਹਿ[100] ਸਮਾਵੈ[2] ॥	Where from springs[98] the man, where lives he, and in[100] what[99] does he merge[2] ?	ਬੰਦਾ ਕਿਥੋਂ ਉਤਪੰਨ ਹੁੰਦਾ[98] ਹੈ, ਕਿਥੇ ਉਹ ਰਹਿੰਦਾ ਹੈ ਅਤੇ ਕਾਹਦੇ[99] ਵਿਚ[100] ਉਹ ਲੀਨ ਹੋ ਜਾਂਦਾ[2] ਹੈ।
ਜੀਅ ਜੰਤ ਸਭਿ ਖਸਮ[3] ਕੇ ਕਉਣੁ ਕੀਮਤਿ[4] ਪਾਵੈ ॥	Men and all other beings belong to the Lord[3]. Who can appraise their worth[4] ?	ਇਨਸਾਨ ਤੇ ਹੋਰ ਸਾਰੇ ਜੀਵ ਮਾਲਕ[3] ਦੀ ਮਲਕੀਅਤ ਹਨ। ਉਨ੍ਹਾਂ ਦਾ ਮੁੱਲ[4] ਕੌਣ ਪਾ ਸਕਦਾ ਹੈ ?
ਕਹਨਿ[5] ਧਿਆਇਨਿ[6] ਸੁਣਨਿ ਨਿਤ[7] ਸੇ[8] ਭਗਤ[9] ਸੁਹਾਵੈ[10] ॥	Beauteous[10] are the[8] saints[9], who ever[7] utter[5], contemplate[6] and hear the Lord's Name.	ਸੋਹਣੇ ਸੁਨੱਖੇ[10] ਹਨ[8] ਸਾਧੂ[9], ਜੋ ਸੁਆਮੀ ਦੇ ਨਾਮ ਨੂੰ ਸਦਾ[7] ਉਚਾਰਦੇ[5], ਸਿਮਰਦੇ[6] ਅਤੇ ਸ੍ਰਵਣ ਕਰਦੇ ਹਨ।
ਅਗਮੁ[12] ਅਗੋਚਰੁ[13] ਸਾਹਿਬੋ ਦੂਸਰੁ[13*] ਲਵੈ[14] ਨ ਲਾਵੈ ॥	Inaccessible[12] and Inapprehensible[13] is the Lord. None else[13*] can equal[14] Him.	ਪਹੁੰਚ ਤੋਂ ਪਰੇ[12] ਤੇ ਸੋਚ ਸਮਝ ਤੋਂ ਉਚੇਰਾ[13] ਹੈ ਸਾਹਿਬ। ਹੋਰ ਕੋਈ[13*] ਉਸ ਦੀ ਬਰਾਬਰੀ[14] ਨਹੀਂ ਕਰ ਸਕਦਾ।
ਸਚੁ ਪੂਰੈ[15] ਗੁਰਿ ਉਪਦੇਸਿਆ[16] ਨਾਨਕੁ ਸੁਣਾਵੈ[17] ॥੩॥੧॥	The perfect[15] Guru has instructed[16] Nanak in Truth and this is what he preaches[17] into the world.	ਪੂਰਨ[15] ਗੁਰਾਂ ਨੇ ਨਾਨਕ ਨੂੰ ਸੱਚ ਦੀ ਸਿਖ-ਮਤ ਦਿੱਤੀ[16] ਹੈ ਅਤੇ ਇਹ ਹੀ ਸੰਸਾਰ ਨੂੰ ਪਰਚਾਰਦਾ[17] ਹੈ।
ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ॥ ਘਰੁ ੧	Basant Hymns of the saints. Kabir ji.	ਬਸੰਤ ਸੰਤਾਂ ਦੇ ਸ਼ਬਦ। ਕਬੀਰ ਜੀ
੧ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਮਉਲੀ[18] ਧਰਤੀ[17*] ਮਉਲਿਆ ਅਕਾਸੁ[19] ॥	The earth[17*] is in bloom[18], and in bloom is the sky[19].	ਜ਼ਮੀਨ[17*] ਖਿੜਾਉ[18] ਵਿਚ ਹੈ ਅਤੇ ਖਿੜਾਉ ਵਿਚ ਹੈ ਆਸਮਾਨ[19]।
ਘਟਿ ਘਟਿ[20] ਮਉਲਿਆ[21] ਆਤਮ[22] ਪ੍ਰਗਾਸੁ[23] ॥੧॥	Every heart[20] has flowered[21] by the Lord's[22] Light[23].	ਪ੍ਰਭੂ[22] ਦੇ ਪਰਕਾਸ਼[23] ਦੁਆਰਾ ਹਰ ਦਿਲ[20] ਪ੍ਰਫੁੱਲਤ[21] ਹੋਇਆ ਹੋਇਆ ਹੈ।
ਰਾਜਾ[24]ਰਾਮੁ[25]ਮਉਲਿਆ[26] ਅਨਤ[27] ਭਾਇ ॥[28]	My Lord[25], the King[24], is rejoicing[26] in endless[27] ways[28].	ਮੇਰਾ ਪ੍ਰਭੂ[25], ਪਾਤਿਸ਼ਾਹ[24] ਅੰਤ-ਰਹਿਤ[27] ਤਰੀਕਿਆ[28] ਨਾਲ ਪ੍ਰਸੰਨ ਹੋ ਰਿਹਾ[26] ਹੈ।

ਜਹ[29] ਦੇਖਉ ਤਹ[30] ਰਹਿਆ ਸਮਾਇ[31] ॥੧॥ ਰਹਾਉ ॥	Whithersoever[29] I see, thither[30] He is contained[31]. Pause.	ਜਿਥੇ ਕਿਤੇ[29] ਭੀ ਮੈਂ ਵੇਖਦਾ ਹਾਂ ਉਥੇ[30] ਹੀ ਉਹ ਰਮਿਆ[31] ਹੋਇਆ ਹੈ। ਠਹਿਰਾਉ।
ਦੁਤੀਆ[32] ਮਉਲੇ[33] ਚਾਰਿ ਬੇਦ ॥	The four Vadas rejoice[33] in duality[32].	ਚਾਰੇ ਹੀ ਵੇਦ ਦਵੈਤ ਭਾਵ[32] ਅੰਦਰ ਖ਼ੁਸ਼ ਹੋ ਰਹੇ[33] ਹਨ।
ਸਿੰਮ੍ਰਿਤਿ ਮਉਲੀ ਸਿਉ[34] ਕਤੇਬ[35] ॥੨॥	So are rejoicing the Simirtis, together[34] with the Muslim religious books[35].	ਏਸੇ ਤਰ੍ਹਾਂ ਹੀ ਖ਼ੁਸ਼ ਹੋ ਰਹੀਆਂ ਹਨ ਸਿਮ੍ਰਤੀਆਂ, ਮੁਸਲਮਾਨੀ ਧਾਰਮਕ ਪੁਸਤਕਾਂ[35] ਸਮੇਤ[34]।
ਸੰਕਰੁ[36] ਮਉਲਿਓ[38] ਜੋਗ ਧਿਆਨ[37] ॥	Shiva[36] is blossoming[38] in the yogas contemplation[37].	ਯੋਗ ਦੇ ਚਿੰਤਨ[37] ਅੰਦਰ ਸ਼ਿਵਜੀ[36] ਪ੍ਰਫੁਲਤ ਹੋ ਰਿਹਾ[38] ਹੈ।
ਕਬੀਰ ਕੋ ਸੁਆਮੀ ਸਭ[39] ਸਮਾਨ[40] ॥੩॥੧॥	Kabir's Lord blooms amongst all[39] alike[40].	ਕਬੀਰ ਦਾ ਸਾਹਿਬ ਸਾਰਿਆਂ[39] ਅੰਦਰ ਇਕ ਸਮਾਨ[40] ਪ੍ਰਫੁਲਤ ਹੋ ਰਿਹਾ ਹੈ।
ਪੰਡਿਤ ਜਨ[41] ਮਾਤੇ[42] ਪੜ੍ਹਿ[43] ਪੁਰਾਨ ॥	The learned Brahmans[41] are intoxicated[42] reading[43] the Puranas.	ਵਿਦਵਾਨ ਬ੍ਰਾਹਮਣ[41] ਪੁਰਾਣਾਂ ਨੂੰ ਵਾਚ ਕੇ[43] ਮਤਵਾਲੇ ਹੋਏ ਹੋਏ[42] ਹਨ।
ਜੋਗੀ ਮਾਤੇ ਜੋਗ ਧਿਆਨ[44] ॥	The yogis are intoxicated in practising[44] Yoga.	ਯੋਗੀ ਯੋਗ ਦੀ ਕਮਾਈ ਕਰਨ[44] ਵਿਚ ਮਤਵਾਲੇ ਹੋਏ ਹੋਏ ਹਨ।
ਸੰਨਿਆਸੀ[45] ਮਾਤੇ[47] ਅਹੰਮੇਵ[46] ॥	The secitarians[45] are inebriated[47] in self-conceit[46].	ਇਕਾਂਤੀ[45] ਸਵੈ-ਹੰਗਤਾ[46] ਅੰਦਰ ਨਸ਼ਈ ਹੋਏ ਹੋਏ[47] ਹਨ।
ਤਪਸੀ[48] ਮਾਤੇ ਤਪ[49] ਕੈ ਭੇਵ[50] ॥੧॥	The penitents[48] are inebriated in the mysteries[50] of penances[49].	ਤਪੱਸਵੀ[48] ਤਪਾਂ[49] ਦੇ ਭੇਤਾਂ[50] ਅੰਦਰ ਨਸ਼ਈ ਹੋ ਰਹੇ ਹਨ।
ਸਭ ਮਦ[51] ਮਾਤੇ ਕੋਊ ਨ ਜਾਗ[52] ॥	All are intoxicated with ego[51]. No one is awake[52].	ਸਾਰੇ ਹੰਕਾਰ[51] ਨਾਲ ਨਸ਼ਈ ਹਨ ਕੋਈ ਭੀ ਜਾਗਦਾ[52] ਨਹੀਂ।
ਸੰਗ[53] ਹੀ ਚੋਰ[54] ਘਰੁ[55] ਮੁਸਨ[56] ਲਾਗ ॥੧॥ ਰਹਾਉ ॥	The thieves[54], who are with[53] them are plundering[56] their home[55]. Pause.	ਤਸਕਰ[54] ਜੋ ਉਨ੍ਹਾਂ ਦੇ ਨਾਲ[53] ਹੀ ਹਨ, ਉਹਨਾਂ ਦੇ ਘਰ[55] ਨੂੰ ਲੁੱਟ ਰਹੇ[56] ਹਨ। ਠਹਿਰਾਉ।
ਜਾਗੈ[57] ਸੁਕਦੇਉ ਅਰੁ[58] ਅਕੂਰੁ ॥	Awake[57] are Sukh Dev and[58] Akrur.	ਜਾਗਦੇ[57] ਹਨ ਸੁਖਦੇਵ ਅਤੇ[58] ਅਕਰੂਰ।
ਹਣਵੰਤੁ[59] ਜਾਗੈ ਧਰਿ[60] ਲੰਕੂਰੁ[61] ॥	Awake is Hanuman[59] with[60] his tail[61].	ਜਾਗਦਾ ਹੈ ਹਨੂਮਾਨ[59] ਆਪਣੀ ਪੂਛਲ[61] ਸਮੇਤ[60]।
ਸੰਕਰੁ[62] ਜਾਗੈ ਚਰਨ[63] ਸੇਵ[64] ॥	Awake is Shiva[62], who serves[64] the Lord's feet[63].	ਜਾਗਦਾ ਹੈ ਸ਼ਿਵਜੀ[62], ਜੋ ਪ੍ਰਭੂ ਦੇ ਪੈਰਾਂ[63] ਦੀ ਸੇਵਾ ਕਰਦਾ[64] ਹੈ।
ਕਲਿ[65] ਜਾਗੇ ਨਾਮਾ ਜੈਦੇਵ ॥੨॥	In the Darkage[65], awake are Namdev and Jaidev.	ਕਲਜੁਗ[65] ਅੰਦਰ ਜਾਗਦੇ ਹਨ, ਨਾਮਦੇਵ ਅਤੇ ਜੈਦੇਵ।

੧੧੯੪	1194	੧੧੯੪
ਜਾਗਤ ਸੋਵਤ ਬਹੁ[66] ਪ੍ਰਕਾਰ[67] ॥	There are several[66] sorts[67] of waking and sleeping.	ਜਾਗਣ ਅਤੇ ਸੌਣ ਦੀਆਂ ਅਨੇਕਾਂ[66] ਕਿਸਮਾਂ[67] ਹਨ।
ਗੁਰਮੁਖਿ[68] ਜਾਗੈ ਸੋਈ[69] ਸਾਰੁ[70] ॥	He[69] who remains awake under the Guru's instruction[68], is the most sublime[70].	ਜੋ ਗੁਰਾਂ ਦੇ ਉਪਦੇਸ਼[68] ਤਾਬੇ ਜਾਗਦਾ ਹੈ, ਉਹ[69] ਹੀ ਪਰਮ ਸਰੇਸ਼ਟ[70] ਹੈ।
ਇਸੁ ਦੇਹੀ[71] ਕੇ ਅਧਿਕ[72] ਕਾਮ[73] ॥ ਕਹਿ[74] ਕਬੀਰ ਭਜਿ[75] ਰਾਮ[76] ਨਾਮ ॥ ੩॥੨॥	Says[74] Kabir, the most[72] efficacious deed[73] of this body[71] is this that man contemplates[75] the Lord's[76] Name.	ਕਬੀਰ ਜੀ ਆਖਦੇ[74] ਹਨ, ਇਸ ਸਰੀਰ[71] ਦਾ ਸਭ ਤੋਂ[72] ਵੱਡਾ ਗੁਣਕਾਰੀ ਕੰਮ[73] ਇਹ ਹੈ ਕਿ ਬੰਦਾ ਸੁਆਮੀ[76] ਦੇ ਨਾਮ ਦਾ ਸਿਮਰਨ ਕਰੇ[75]।
ਜੋਇ[77] ਖਸਮੁ[78] ਹੈ ਜਾਇਆ[79] ॥	The wife[77] gives birth[79] to her husband[78].	ਪਤਨੀ[77] ਆਪਣੇ ਪਤੀ[78] ਨੂੰ ਜਨਮ ਦਿੰਦੀ[79] ਹੈ।
ਪੂਤਿ ਬਾਪੁ ਖੇਲਾਇਆ[80] ॥	The son makes his father play[80].	ਪੁਤ੍ਰ ਆਪਣੇ ਪਿਤਾ ਨੂੰ ਖਿਡਾਉਂਦਾ[80] ਹੈ।
ਬਿਨੁ ਸ੍ਰਵਣਾ[81] ਖੀਰੁ[82] ਪਿਲਾਇਆ[83] ॥੧॥	The woman without breasts[81], suckles[83] milk[82].	ਬਗੈਰ ਮੰਮਿਆਂ[81] ਦੇ ਇਸਤ੍ਰੀ ਦੁੱਧ[82] ਚੁੰਘਾਉਂਦੀ[83] ਹੈ।
ਦੇਖਹੁ ਲੋਗਾ[84] ਕਲਿ[85] ਕੋ ਭਾਉ[86] ॥	See, O people[84] the influence[86] of the Darkage[85].	ਦੇਖੋ ਹੇ ਲੋਕੋ[84]! ਕਲਜੁਗ[85] ਦਾ ਪ੍ਰਭਾਵ[86]।
ਸੁਤਿ[87] ਮੁਕਲਾਈ[88] ਅਪਨੀ ਮਾਉ[89] ॥੧॥ਰਹਾਉ ॥	The son[87] takes his mother[89] in marriage[88]. Pause.	ਪੁੱਤ੍ਰ[87] ਆਪਣੀ ਮਾਤਾ[89] ਨਾਲ ਵਿਆਹ[88] ਕਰ ਲੈਂਦਾ ਹੈ। ਠਹਿਰਾਉ।
ਪਗਾ[90] ਬਿਨੁ ਹੁਰੀਆ[91] ਮਾਰਤਾ ॥	A man without feet[90] take a leap[91].	ਪੈਰਾਂ[90] ਦੇ ਬਗੈਰ ਬੰਦਾ ਛਾਲ[91] ਮਾਰਦਾ ਹੈ।
ਬਦਨੈ[92] ਬਿਨੁ ਖਿਰ ਖਿਰ ਹਾਸਤਾ[93] ॥	A man without mouth[92] bursts into laughter[93].	ਮੂੰਹ[92] ਦੇ ਬਗੈਰ ਬੰਦਾ ਖਿੜ ਖਿੜ ਹਸਦਾ[93] ਹੈ।
ਨਿਦ੍ਰਾ ਬਿਨੁ[94] ਨਰੁ[95] ਪੈ[96] ਸੋਵੈ[97] ॥	Without sleep[94] one[95] lies down[96] and sleeps[97].	ਨੀਂਦ[94] ਦੇ ਬਗੈਰ ਆਦਮੀ[95] ਪੈ ਕੇ[96] ਸੌਂ ਜਾਂਦਾ[97] ਹੈ।
ਬਿਨੁ ਬਾਸਨ[98] ਖੀਰੁ[99] ਬਿਲੋਵੈ[100] ॥੨॥	Without a vessel[98] one churns[100] milk[99].	ਭਾਂਡੇ[98] ਦੇ ਬਗੈਰ ਇਨਸਾਨ ਦੁੱਧ[99] ਰਿੜਕਦਾ[100] ਹੈ।
ਬਿਨੁ ਅਸਥਨ[2] ਗਊ[3] ਲਵੇਰੀ[4] ॥	A cow[3] without teats[2] gives milk[4].	ਥਣਾਂ[2] ਦੇ ਬਾਝੋਂ ਗਾਂ[3] ਦੁੱਧ ਦਿੰਦੀ[4] ਹੈ।
ਪੈਡੇ[5] ਬਿਨੁ ਬਾਟ[6] ਘਨੇਰੀ[7] ॥	A long[7] journey[6] is accomplished without travelling[5].	ਲੰਮਾ[7] ਸਫਰ[6] ਬਗੈਰ ਤੁਰਨ[5] ਦੇ ਨੇਪਰੇ ਚੜ੍ਹ ਜਾਂਦਾ ਹੈ।
ਬਿਨੁ ਸਤਿਗੁਰ ਬਾਟ[8] ਨ ਪਾਈ[9] ॥	Without the True Guru path[8] is found[9] not.	ਸੱਚੇ ਗੁਰਾਂ ਦੇ ਬਗੈਰ ਰਸਤਾ[8] ਨਹੀਂ ਮਿਲਦਾ[9]।
ਕਹੁ[10] ਕਬੀਰ ਸਮਝਾਈ[12] ॥ ੩॥੩।	This is the wisdom[12] which Kabir utters[10].	ਇਹ ਹੈ ਦਾਨਾਈ[12] ਜੋ ਕਬੀਰ ਉਚਾਰਨ ਕਰਦਾ[10] ਹੈ।

ਪੰਚ ਜਨਾ[21] ਗੁਰਿ[22] ਵਸਗਤਿ[23] ਆਣੇ ਤਉ[24] ਉਨਮਨਿ[25] ਨਾਮਿ ਲਗਾਨੀ[26] ॥
ਜਨ[27] ਨਾਨਕ ਹਰਿ ਕਿਰਪਾ[28] ਧਾਰੀ[29] ਹਰਿ ਰਾਮੈ ਨਾਮਿ ਸਮਾਨੀ[30] ॥੪॥੫॥

ਸਾਰਗ ਮਹਲਾ ੪ ॥

ਜਪਿ[31] ਮਨ[32] ਰਾਮ ਨਾਮੁ ਪੜ੍ਹੁ[33] ਸਾਰੁ[34] ॥
ਰਾਮ ਨਾਮ ਬਿਨੁ ਥਿਰੁ[35] ਨਹੀ ਕੋਈ ਹੋਰ ਨਿਹਫਲ[36] ਸਭੁ ਬਿਸਥਾਰੁ[37] ॥੧॥ ਰਹਾਉ॥
ਕਿਆ[38] ਲੀਜੈ[39] ਕਿਆ ਤਜੀਐ[40] ਬਉਰੇ[41] ਜੋ[42] ਦੀਸੈ ਸੋ[43] ਛਾਰੁ[44] ॥
ਜਿਸੁ ਬਿਖਿਆ[45] ਕਉ ਤੁਮ੍ ਅਪੁਨੀ[46] ਕਰਿ[52] ਜਾਨਹੁ[47] ਸਾ[48] ਛਾਡਿ ਜਾਹੁ[49] ਸਿਰਿ[50] ਭਾਰੁ[51] ॥੧॥
ਤਿਲੁ[53] ਤਿਲੁ ਪਲੁ[54] ਪਲੁ ਅਉਧ[55] ਫੁਨਿ[56] ਘਾਟੈ ਬੂਝਿ[57] ਨ ਸਕੈ ਗਵਾਰੁ[58] ॥

1200

With my eyes[10] I see my Lord Master[13] with love[12] and with my tongue[14], utter[15] I His Name.

With mine ears[16], day and night, I hear His praise[17], and my Lord Master[19] love[20] I heartily[18].

When by the Guru's grace[22], I overwhelmed[23] the five demons[21] then[24] was I attached[26] to the Name in supreme bliss[25].

God showered[29] His benediction[28] on His slave[27] Nanak, and he got merged[30] in Lord God's Name.

Sarang 4th Guru.

O man[32], repeat[31] and read[33] thou the Lord's sublime[34] Name.

Without the Lord's Name, nothing is stable[35] and in vain[36] are all other ostentations[37]. Pause.

What[38] is one to accept[39] and what to reject[40], O mad man[41]. When whatever[42] is seen, that[43] all is but ashes[44].

The poison[45], which thou deemest[47] as[52] thy own[46]; that[48] thou shalt leave off[49] and shalt carry the load[51] of sins on thy head[50].

Trice by trice[53] and moment by moment[54] age[55] decreases, and[56] the unwise man[58] can understand[57] it not.

੧੨੦੦

ਆਪਣੀਆਂ ਅੱਖਾਂ[10] ਨਾਲ ਮੈਂ ਸਾਂਈਂ ਮਾਲਕ[13] ਨੂੰ ਪਿਆਰ[12] ਨਾਲ ਵੇਖਦਾ ਹਾਂ ਅਤੇ ਆਪਣੀ ਜੀਭ[14] ਨਾਲ ਮੈਂ ਉਸ ਦਾ ਨਾਮ ਉਚਾਰਦਾ[15] ਹਾਂ ।

ਆਪਣਿਆਂ ਕੰਨਾਂ[16] ਨਾਲ ਮੈਂ ਦਿਨ ਰੈਣ ਉਸ ਦਾ ਜੱਸ[17] ਸੁਣਦਾ ਹਾਂ ਅਤੇ ਆਪਣੇ ਸੁਆਮੀ ਮਾਲਕ[19] ਨੂੰ ਮੈਂ ਦਿਲੋਂ[18] ਪਿਆਰ[20] ਕਰਦਾ ਹਾਂ ।

ਜਦ ਗੁਰਾਂ ਦੀ ਦਇਆ[22] ਦੁਆਰਾ, ਮੈਂ ਪੰਜਾਂ ਭੂਤਨਿਆਂ[21] ਨੂੰ ਕਾਬੂ ਕਰ ਲਿਆ[23] ਤਾਂ[24] ਮੈਂ ਪਰਮ ਪ੍ਰਸੰਨਤਾ[25] ਅੰਦਰ ਨਾਮ ਨਾਲ ਜੁੜ ਗਿਆ[26] ।

ਵਾਹਿਗੁਰੂ ਨੇ ਆਪਣੇ ਗੋਲੇ[27] ਨਾਨਕ ਉਤੇ ਮਿਹਰ[28] ਕੀਤੀ[29] ਅਤੇ ਉਹ ਸੁਆਮੀ ਵਾਹਿਗੁਰੂ ਦੇ ਨਾਮ ਅੰਦਰ ਲੀਨ[30] ਹੋ ਗਿਆ ।

ਸਾਰੰਗ ਚੌਥੀ ਪਾਤਿਸ਼ਾਹੀ ।

ਹੇ ਬੰਦੇ[32] ! ਤੂੰ ਪ੍ਰਭੂ ਦੇ ਸਰੇਸ਼ਟ[34] ਨਾਮ ਨੂੰ ਉਚਾਰ[31] ਅਤੇ ਪੜ੍ਹ[33] ।

ਪ੍ਰਭੂ ਦੇ ਨਾਮ ਬਗੈਰ, ਕੁਛ ਭੀ ਅਸਥਿਰ[35] ਨਹੀਂ ਅਤੇ ਬੇਫ਼ਾਇਦਾ[36] ਹਨ ਹੋਰ ਸਾਰੇ ਅਡੰਬਰ[37] । ਠਹਿਰਾਉ ।

ਬੰਦਾ ਕੀ[38] ਕਬੂਲ[39] ਕਰੇ ਅਤੇ ਕੀ ਛਡੇ[40], ਹੇ ਪਗਲੇ[41] ਪ੍ਰਾਣੀ ! ਜਦ ਜਿਹੜਾ ਕੁਛ[42] ਦਿੱਸਦਾ ਹੈ, ਉਹ[43] ਸਭ ਕੇਵਲ ਸੁਆਹ[44] ਹੀ ਹੈ ।

ਜਿਸ ਜ਼ਹਿਰ[45] ਨੂੰ ਤੂੰ ਆਪਣੀ ਨਿੱਜ[46] ਦੀ ਕਰ ਕੇ[52] ਜਾਣਦਾ[47] ਹੈਂ; ਉਸ ਨੂੰ[48] ਤੂੰ ਛੱਡ ਜਾਵੇਂਗਾ[49] ਅਤੇ ਆਪਣੇ ਸਿਰ[50] ਤੇ ਪਾਪਾਂ ਦਾ ਬੋਝ[51] ਚੁੱਕ ਤੁਰੇਂਗਾ ।

ਭੋਰਾ ਭੋਰਾ[53] ਅਤੇ ਨਿਮਖ ਨਿਮਖ[54] ਕਰ ਕੇ ਉਮਰ[55] ਘਟਦੀ ਜਾਂਦੀ ਹੈ ਅਤੇ[56] ਬੇਸਮਝ ਬੰਦਾ[58] ਇਸ ਨੂੰ ਸਮਝ[57] ਨਹੀਂ ਸਕਦਾ ।

ਸੋ ਕਿਛੁ[59] ਕਰੈ ਜਿ ਸਾਥਿ[60] ਨ ਚਾਲੈ ਇਹੁ ਸਾਕਤ[61] ਕਾ ਆਚਾਰੁ[62] ॥੨॥

That alone[59] he does, which goes not with[60] him. This is the conduct[62] of the mammon-worshipper[61].

ਕੇਵਲ[59] ਉਸ ਨੂੰ ਹੀ ਉਹ ਕਰਦਾ ਹੈ, ਜੋ ਉਸ ਨਾਲ[60] ਨਹੀਂ ਜਾਣਾ । ਇਹ ਹੈ ਆਚਰਨ[62] ਮਾਇਆ ਦੇ ਪੁਜਾਰੀ[61] ਦਾ ।

ਸੰਤ ਜਨਾ[63] ਕੈ ਸੰਗਿ[64] ਮਿਲੁ ਬਉਰੇ[65] ਤਉ[66] ਪਾਵਹਿ ਮੋਖੁ[67] ਦੁਆਰੁ[68] ॥

Meet thou with[64] the saints[63], O mad man[65], then[66] alone shalt thou obtain the door[68] of salvation[67]

ਸਾਧੂਆਂ[63] ਨਾਲ[64] ਮਿਲ, ਹੇ ਪਗਲੇ ਪਰਾਣੀ[65] ! ਕੇਵਲ ਤਦ[66] ਹੀ ਤੈਨੂੰ ਮੁਕਤੀ[67] ਦਾ ਦਰ[68] ਪਰਾਪਤ ਹੋਵੇਗਾ ।

ਬਿਨੁ ਸਤਸੰਗ ਸੁਖੁ[69] ਕਿਨੈ ਨ ਪਾਇਆ ਜਾਇ[70] ਪੂਛਹੁ[71] ਬੇਦ ਬੀਚਾਰੁ[72] ॥੩॥

Without the saints' society no one obtains peace[69]. Go[70] and consult[71] thou the knowers[72] of the Vedas.

ਸਤਿ ਸੰਗਤ ਦੇ ਬਾਝੋਂ ਕਿਸੇ ਨੂੰ ਭੀ ਆਰਾਮ[69] ਪਰਾਪਤ ਨਹੀਂ ਹੁੰਦਾ । ਤੂੰ ਜਾ[70] ਕੇ ਵੇਦਾਂ ਨੂੰ ਜਾਣਨ ਵਾਲਿਆਂ[72] ਤੋਂ ਪਤਾ ਕਰ[71] ਲੈ ।

ਰਾਣਾ[73] ਰਾਉ[74] ਸਭੈ ਕੋਊ[75] ਚਾਲੈ[76] ਝੂਠੁ[77] ਛੋਡਿ ਜਾਇ[78] ਪਾਸਾਰੁ[79] ॥

The king[73] and the noble[74] shall all[75] depart[76], leaving off[78] the false[77] expanses[79].

ਪਾਤਿਸ਼ਾਹ[73] ਅਤੇ ਸਰਦਾਰ[74] ਕੂੜੇ[77] ਖਿਲਾਰਿਆਂ[79] ਨੂੰ ਤਿਆਗ[78] ਕੇ ਸਾਰੇ[75] ਹੀ ਟੁਰ ਜਾਣਗੇ[76] ।

ਨਾਨਕ ਸੰਤ ਸਦਾ[80] ਥਿਰੁ[81] ਨਿਹਚਲੁ[82] ਜਿਨ ਰਾਮ ਨਾਮੁ ਆਧਾਰੁ[83] ॥੪॥੬॥

Nanak, the saint whose mainstay[83] is the Lord's Name is ever[80]-stable[81] and moveless[82].

ਨਾਨਕ, ਸਾਧੂ ਜਿਸ ਦਾ ਆਸਰਾ[83] ਪ੍ਰਭੂ ਦਾ ਨਾਮ ਹੈ, ਸਦੀਵੀ[80] ਸਥਿਰ[81] ਅਤੇ ਅਹਿੱਲ[82] ਹੈ ।

ਸਾਰਗ ਮਹਲਾ ੪ ਘਰੁ ੩ ਦੁਪਦਾ

Sarang 4th Guru Dupada

ਸਾਰੰਗ ਚੋਥੀ ਪਾਤਿਸ਼ਾਹੀ ਦੁਪਦਾ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਕਾਹੇ[84] ਪੂਤ ਝਗਰਤ[85] ਹਉ ਸੰਗਿ ਬਾਪ ॥

Why[84], O son, quarrelest[85] thou with thy father ?

ਪੁਤ੍ਰ ! ਤੂੰ ਕਿਉਂ[84] ਆਪਣੇ ਪਿਤਾ ਨਾਲ ਝਗੜਾ ਕਰਦਾ[85] ਹੈਂ ?

ਜਿਨ ਕੇ ਜਣੇ[86] ਬਡੀਰੇ[87] ਤੁਮ ਹਉ ਤਿਨ ਸਿਉ ਝਗਰਤ ਪਾਪ[88] ॥੧॥ ਰਹਾਉ॥

It is a sin[88] to quarrel with him who begot[86] thee and brought[87] thee up. Pause.

ਜਿਸ ਨੇ ਤੈਨੂੰ ਜਣਿਆ[86] ਅਤੇ ਵੱਡਾ ਕੀਤਾ[87] ਹੈ ਉਸ ਨਾਲ ਬਖੇੜਾ ਕਰਨਾ ਗੁਨਾਹ[88] ਹੈ । ਠਹਿਰਾਉ ।

ਜਿਸੁ ਧਨ[89] ਕਾ ਤੁਮ ਗਰਬੁ[90] ਕਰਤ ਹਉ ਸੋ ਧਨੁ ਕਿਸਹਿ ਨ ਆਪ[91] ॥

The wealth[89], of which thou takest pride[90]; that wealth is of no one's own[91].

ਦੌਲਤ[89], ਜਿਸ ਦਾ ਤੂੰ ਹੰਕਾਰ[90] ਕਰਦਾ ਹੈਂ; ਉਹ ਦੌਲਤ ਕਿਸੇ ਦੀ ਆਪਣੀ[91] ਨਹੀਂ ।

ਖਿਨ[92] ਮਹਿ[93] ਛੋਡਿ ਜਾਇ ਬਿਖਿਆ[94] ਰਸੁ[95] ਤਉ[96] ਲਾਗੈ ਪਛਤਾਪ[97] ॥੧॥

In[93] an instant[92] thou shalt leave off the revelments[95] of sin[94], and then[96] shalt thou grieve[97].

ਇਕ ਮੁਹਤ[92] ਵਿਚ[93] ਤੂੰ ਵਿਸ਼ੇ ਵਿਕਾਰਾਂ[94] ਦੀਆਂ ਰੰਗ-ਰਲੀਆਂ[95] ਛਡ ਜਾਵੇਂਗਾ ਅਤੇ ਤਦ[96] ਤੈਨੂੰ ਝੋਰਾ[97] ਲੱਗੇਗਾ ।

ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ[98] ਕੇ ਜਾਪਹੁ[99] ਜਾਪ[100] ॥
ਉਪਦੇਸੁ[2] ਕਰਤ ਨਾਨਕ ਜਨ[3] ਤੁਮ ਕਉ[4] ਜਉ ਸੁਨਹੁ ਤਉ[5] ਜਾਇ[6] ਸੰਤਾਪ[7] ॥੨॥੧॥੭॥

He, who is thy Lord and Master; of that[98] God, utter[99] thou the Name[100].
Servant[3] Nanak gives thee instruction[2]. If[4] thou hearest it, then[5] shalt thou rid of[6] the calamity[7].

ਜੋ ਤੇਰਾ ਸਾਹਿਬ ਅਤੇ ਮਾਲਕ ਹੈ; ਤੂੰ ਉਸ[98] ਵਾਹਿਗੁਰੂ ਦੇ ਨਾਮ[100] ਦਾ ਉਚਾਰਨ ਕਰ[99]।
ਨੌਕਰ[3] ਨਾਨਕ ਤੈਨੂੰ ਸਿਖ-ਮਤ[2] ਦਿੰਦਾ ਹੈ। ਜੇਕਰ[4] ਤੂੰ ਇਸ ਨੂੰ ਸੁਣ ਲਵੇਂ ਤਾਂ[5] ਤੂੰ ਮੁਸੀਬਤ[7] ਤੋਂ ਖ਼ਲਾਸੀ ਪਾ ਜਾਵੇਂਗਾ[6]।

ਸਾਰਗ ਮਹਲਾ ੪
ਘਰੁ ੫ ਦੁਪਦੇ ਪੜਤਾਲ

Sarang 4th Guru
Dupadas Partal

ਸਾਰੰਗ ਚੌਥੀ ਪਾਤਿਸ਼ਾਹੀ
ਦੁਪਦੇ ਪੜਤਾਲ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਜਪਿ[8] ਮਨ[9] [10]ਜਗੰਨਾਥ[12] ਜਗਦੀਸਰੋ[13]ਜਗ[22]ਜੀਵਨੋ[14] ਮਨਮੋਹਨ[15] ਸਿਉ[16]ਪ੍ਰੀਤਿ[17] ਲਾਗੀ[18] ਮੈ ਹਰਿ ਹਰਿ ਹਰਿ ਟੇਕ[19] ਸਭ ਦਿਨਸੁ[20] ਸਭ ਰਾਤਿ[21] ॥੧॥ਰਹਾਉ॥

O my soul[9], contemplate[8] thou God, the Lord[12] of the world[10], the Master[13] of the Universe and the very life[14] of creation[22]. I have imbibed[18] love[17] with[16] God, the heart bewitcher[15]. The whole day[20] and the whole night[21] lean[19] I on the Master, the Master, my Master. Pause.

ਹੇ ਮੇਰੀ ਜਿੰਦੇ[9]! ਤੂੰ ਜੱਗ[10] ਦੇ ਸਾਂਈਂ[12], ਆਲਮ ਦੇ ਮਾਲਕ[13] ਅਤੇ ਰਚਨਾ[22] ਦੀ ਜਿੰਦ ਜਾਨ[14] ਹਰੀ ਦਾ ਸਿਮਰਨ ਕਰ[8]। ਮੇਰਾ ਪਿਆਰ[17] ਦਿਲ ਨੂੰ ਚੁਰਾਉਣ ਵਾਲੇ[15] ਹਰੀ ਨਾਲ[16] ਪੈ ਗਿਆ[18] ਹੈ। ਸਾਰਾ ਦਿਨ[20] ਅਤੇ ਸਾਰੀ ਰੈਣ[21] ਮੈਨੂੰ ਮਾਲਕ, ਮਾਲਕ, ਆਪਣੇ ਮਾਲਕ ਦਾ ਹੀ ਆਸਰਾ[19] ਹੈ। ਠਹਿਰਾਉ।

ਹਰਿ ਕੀ ਉਪਮਾ[23]ਅਨਿਕ[24] ਅਨਿਕ ਅਨਿਕ ਗੁਨ[25] ਗਾਵਤ[26] ਸੁਕ ਨਾਰਦ ਬ੍ਰਹਮਾਦਿਕ ਤਵ ਗੁਨ[27] ਸੁਆਮੀ ਗਨਿਨ[28] ਨ ਜਾਤ ॥
ਤੂ ਹਰਿ ਬੇਅੰਤੁ[29] ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ[30] ਹੀ ਜਾਨਹਿ ਆਪਨੀ ਭਾਂਤਿ[31] ॥੧॥
ਹਰਿ ਕੈ ਨਿਕਟਿ[32] ਨਿਕਟਿ ਹਰਿ ਨਿਕਟ ਹੀ ਬਸਤੇ[36] ਤੇ[33] ਹਰਿ ਕੇ ਜਨ[35] ਸਾਧੂ ਹਰਿ ਭਗਾਤ[34] ॥

Innumerable[24], innumerable, innumerable are the praises[23] of God. Sukhdev, Narad and gods like Brahma sing[26] His praise[25]. Thine virtues[27], O Lord, can be counted[28] not.
Thou, O God art Infinite[29], Thou, O Lord, art Infinite. Thou, O God Lord, of Thyself[30], knowest Thine ways[31].
God's men[35], who abide[36] near[32] God, near God; they[33] alone are the saints and God's devotees[34].

ਅਣਗਿਣਤ[24], ਅਣਗਿਣਤ, ਅਣਗਿਣਤ ਹਨ ਵਾਹਿਗੁਰੂ ਦੀਆਂ ਸਿਫ਼ਤਾਂ[23]। ਸੁਖਦੇਵ, ਨਾਰਦ ਅਤੇ ਬ੍ਰਹਮਾ ਵਰਗੇ ਦੇਵਤੇ ਉਸ ਦਾ ਜੱਸ[25] ਗਾਇਨ ਕਰਦੇ[26] ਹਨ। ਤੇਰੀਆਂ ਨੇਕੀਆਂ[27], ਹੇ ਪ੍ਰਭੂ! ਗਿਣੀਆਂ[28] ਨਹੀਂ ਜਾ ਸਕਦੀਆਂ।
ਤੂੰ, ਹੇ ਵਾਹਿਗੁਰੂ! ਅਨੰਤ[29] ਹੈਂ; ਤੂੰ, ਹੇ ਵਾਹਿਗੁਰੂ ਅਨੰਤ ਹੈਂ! ਤੂੰ ਹੇ ਵਾਹਿਗੁਰੂ ਸਾਹਿਬ! ਖ਼ੁਦ[30] ਹੀ ਆਪਣੇ ਤਰੀਕਿਆਂ[31] ਨੂੰ ਜਾਣਦਾ ਹੈਂ।
ਰੱਬ ਦੇ ਬੰਦੇ[35], ਜੋ ਵਾਹਿਗੁਰੂ ਦੇ ਨੇੜੇ[32], ਵਾਹਿਗੁਰੂ ਦੇ ਨੇੜੇ ਵਸਦੇ[36] ਹਨ; ਕੇਵਲ ਉਹ[33] ਹੀ ਸੰਤ ਅਤੇ ਵਾਹਿਗੁਰੂ ਦੇ ਵੈਰਾਗੀ[34] ਹਨ।

੧੨੦੧

ਤੇ[43] ਹਰਿ ਕੇ ਜਨ[37] ਹਰਿ ਸਿਉ[38] ਰਲਿ[39] ਮਿਲੇ ਜੈਸੇ[40] ਜਨ[41] ਨਾਨਕ ਸਲਲੈ ਸਲਲ[42]ਮਿਲਾਤਿ ॥੨॥੧॥੮॥

ਸਾਰੰਗ ਮਹਲਾ ੪ ॥

ਜਪਿ[44] ਮਨ[45] [46]ਨਰਹਰੇ[47] ਨਰਹਰ ਸੁਆਮੀ[48] ਹਰਿ[49] ਸਗਲ[50] ਦੇਵ[51] ਦੇਵਾ[52] ਸ੍ਰੀ[53] ਰਾਮ ਰਾਮ[54] ਨਾਮਾ ਹਰਿ[55] ਪ੍ਰੀਤਮੁ[56] ਮੋਰਾ[57] ॥੧॥ਰਹਾਉ॥

ਜਿਤੁ ਗ੍ਰਿਹਿ[58] ਗੁਨ[59] ਗਾਵਤੇ[60] ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ[61] ਗ੍ਰਿਹਿ ਵਾਜੇ[62] ਪੰਚ[63] ਸਬਦ[64] ਵਡ[65] ਭਾਗ[66] ਮਥੋਰਾ[37] ॥

ਤਿਨ[68] ਜਨ[69] ਕੇ ਸਭਿ ਪਾਪ[70] ਗਏ[71] ਸਭਿ ਦੋਖ[72] ਗਏ ਸਭਿ ਰੋਗ[73] ਗਏ ਕਾਮੁ[78] ਕ੍ਰੋਧੁ[74] ਲੋਭੁ[75] ਮੋਹੁ[76] ਅਭਿਮਾਨੁ[77] ਗਏ ਤਿਨ ਜਨ ਕੇ ਹਰਿ ਮਾਰਿ ਕਢੇ[79] ਪੰਚ ਚੋਰਾ[80] ॥੧॥

ਹਰਿ[81] ਰਾਮ ਬੋਲਹੁ[82] ਹਰਿ ਸਾਧੂ[83] ਹਰਿ ਕੇ ਜਨ[84] ਸਾਧੂ [85]ਜਗਦੀਸੁ[86] ॥ ਜਪਹੁ[87] ਮਨਿ[88] ਬਚਨਿ[89] ਕਰਮਿ[90] ਹਰਿ[91] ਹਰਿ ਆਰਾਧੂ[92] ਹਰਿ ਕੇ ਜਨ ਸਾਧੂ ॥

1201

Those[43] slaves[37] of God, O servant[41] Nanak, meet[39] with[38] their God, as[40] water[42] mingles with water.

Sarang 4th Guru.

O my soul[45], contemplate[44] thou thy Lord[48], the [46]Man-lion[47], the Man-lion. God[49] is the Lord[52] of all[50] the gods[51] Utter thou the Name of the Reverend[53] Lord Master[54] God[55], my[57] Beloved[56] Pause

The house[58], in which praises[59] are sung[60], God's praises are sung, the Lord's praises are sung ; in that[61] house ring[62] the melodies[64] of the five[63] musical instruments. Great[65] destiny[66] is writ on the forehead[67] of him, who abides in such a home.

Of that[68] man[69] all the sins[70] are effaced[71], all the evils[72] are effaced, all the ailments[73] are effaced, and lust[78], wrath[74], avarice[75], worldly love[76] and ego[77] are effaced. Of that man, the Lord drives out[79] the five thieves[60].

Utter[82] the Lord's Name[81], O God's saints[83]. Meditate[87] on the Lord[66] of the World[85], O God's holymen[84]. In thought[88], word[89] and deed[90] contemplate[92] ye your Lord[91] God, O God's holymen.

੧੨੦੧

ਵਾਹਿਗੁਰੂ ਦੇ ਉਹ[43] ਗੋਲੇ[37], ਹੇ ਨੌਕਰ[41] ਨਾਨਕ ! ਆਪਣੇ ਵਾਹਿਗੁਰੂ ਨਾਲ[38] ਇਉਂ ਮਿਲ ਜਾਂਦੇ[39] ਹਨ, ਜਿਸ ਤਰ੍ਹਾਂ[40] ਪਾਣੀ ਪਾਣੀ[42] ਵਿਚ ਮਿਲ ਜਾਂਦਾ ਹੈ ।

ਸਾਰੰਗ ਚੋਥੀ ਪਾਤਿਸ਼ਾਹੀ ।

ਹੇ ਮੇਰੀ ਜਿੰਦੜੀਏ[45] ! ਤੂੰ [46]ਮਨੁੱਸ਼-ਸ਼ੇਰ[47], ਮਨੁੱਸ਼-ਸ਼ੇਰ ਸਰੂਪ ਆਪਣੇ ਸਾਹਿਬ[48] ਦਾ ਸਿਮਰਨ ਕਰ[44]।ਵਾਹਿਗੁਰੂ[49] ਸਾਰਿਆਂ[50] ਦੇਵਤਿਆਂ[51] ਦਾ ਪ੍ਰਭੂ[52] ਹੈ। ਤੂੰ ਮੇਰੇ[57] ਪਿਆਰੇ[56], ਪੂਜਜ[53] ਸੁਆਮੀ ਮਾਲਕ[54] ਵਾਹਿਗੁਰੂ[55] ਦੇ ਨਾਮ ਦਾ ਉਚਾਰਨ ਕਰ । ਠਹਿਰਾਉ ।

ਜਿਸ ਘਰ[58] ਵਿਚ ਸਿਫ਼ਤਾਂ[59] ਗਾਇਨ ਕੀਤੀਆਂ ਜਾਂਦੀਆਂ[60] ਹਨ, ਹਰੀ ਦੀਆਂ ਸਿਫ਼ਤਾਂ ਗਾਇਨ ਕੀਤੀਆਂ ਜਾਂਦੀਆਂ ਹਨ, ਪ੍ਰਭੂ ਦੀਆਂ ਸਿਫ਼ਤਾਂ ਗਾਇਨ ਕੀਤੀਆਂ ਜਾਂਦੀਆਂ ਹਨ; ਉਸ[61] ਘਰ ਵਿਚ ਪੰਜ[63] ਸੰਗੀਤਕ ਸਾਜ਼ਾਂ ਦਾ ਰਾਗ[64] ਗੂੰਜਦਾ[62] ਹੈ । ਭਾਰੀ[65] ਪ੍ਰਾਲਬਧ[66] ਲਿਖੀ ਹੋਈ ਹੈ, ਉਸ ਦੇ ਮੱਥੇ[67] ਉਤੇ, ਜੋ ਇਹੋ ਜਿਹੇ ਘਰ ਵਿਚ ਵਸਦਾ ਹੈ।

ਉਸ[68] ਜੀਵ[69] ਦੇ ਸਾਰੇ ਗੁਨਾਹ[70] ਮਿਟ ਜਾਂਦੇ[71] ਹਨ, ਸਾਰੀਆਂ ਬਦੀਆਂ[72] ਮਿਟ ਜਾਂਦੀਆਂ ਹਨ, ਸਾਰੀਆਂ ਬੀਮਾਰੀਆਂ[73] ਮਿਟ ਜਾਂਦੀਆਂ ਹਨ, ਅਤੇ ਸ਼ਹਿਵਤ[78], ਗੁੱਸਾ[74], ਲਾਲਚ[75] ਸੰਸਾਰੀ ਮਮਤਾ[76] ਅਤੇ ਹੰਕਾਰ[77] ਮਿਟ ਜਾਂਦੇ ਹਨ । ਉਸ ਜੀਵ ਦੇ ਪੰਜ ਤਸਕਰਾਂ[80] ਨੂੰ ਸੁਆਮੀ ਮਾਰ ਕੇ ਬਾਹਰ ਕੱਢ ਦਿੰਦਾ[79] ਹੈ ।

ਸੁਆਮੀ ਦੇ ਨਾਮ[81] ਦਾ ਉਚਾਰਨ ਕਰੋ[82], ਹੇ ਰੱਬ ਦੇ ਸੰਤੋ[83] ! ਸੰਸਾਰ[85] ਦੇ ਸੁਆਮੀ[86] ਦਾ ਸਿਮਰਨ ਕਰੋ[87], ਹੇ ਰੱਬ ਦੇ ਨੇਕ ਬੰਦਿਓ[84] !

ਖ਼ਿਆਲ[88], ਸ਼ਬਦ[89] ਤੇ ਅਮਲ[90] ਵਿਚ ਤੁਸੀਂ ਆਪਣੇ ਸੁਆਮੀ ਵਾਹਿਗੁਰੂ[91] ਦਾ ਆਰਾਧਨ ਕਰੋ[92] ਹੇ ਰੱਬ ਦੇ ਨੇਕ ਬੰਦਿਓ !

ਹਰਿ ਰਾਮ ਬੋਲਿ ਹਰਿ ਰਾਮ ਬੋਲਿ ਸਭਿ ਪਾਪ[93] ਗਵਾਧੂ[94] ॥

Utter thou Thy Lord's Name, utter thou thy Lord's Name, and it shall rid[94] thee of all thine sins[93].

ਤੂੰ ਸਾਂਈਂ ਦੇ ਨਾਮ ਦਾ ਉਚਾਰਨ ਕਰ, ਤੂੰ ਸਾਂਈਂ ਦੇ ਨਾਮ ਦਾ ਉਚਾਰਨ ਕਰ, ਅਤੇ ਇਹ ਤੇਰੇ ਸਾਰੇ ਗੁਨਾਹ[93] ਕੱਟ ਦੇਵੇਗਾ[94]।

ਨਿਤ[95] ਨਿਤ ਜਾਗਰਣੁ[96] ਕਰਹੁ ਸਦਾ[97] ਸਦਾ ਆਨੰਦੁ[98] ਜਪਿ[99] [100]ਜਗਦੀਸੁਰਾ[2] ॥

Ever[95], ever remain thou awake[96]. Remembering[99] the Lord[2] of the universe[100], ever[97], ever abide thou in bliss[98].

ਹਮੇਸ਼ਾ[95], ਹਮੇਸ਼ਾ ਤੂੰ ਜਾਗਦਾ[96] ਰਹੁ। ਆਲਮ[100] ਦੇ ਸੁਆਮੀ[2] ਦਾ ਸਿਮਰਨ ਕਰਨ[99] ਦੁਆਰਾ, ਤੂੰ ਸਦੀਵ[97], ਸਦੀਵ ਹੀ ਖੁਸ਼ੀ[98] ਅੰਦਰ ਵਸ।

ਮਨ[3] ਇਛੇ[4] ਫਲ[5] ਪਾਵਹੁ ਸਭੈ ਫਲ ਪਾਵਹੁ ਧਰਮੁ[6] ਅਰਥੁ[7] ਕਾਮ[8] ਮੋਖੁ[9] ਜਨ[10] ਨਾਨਕ ਹਰਿ ਸਿਉ ਮਿਲੇ ਹਰਿ ਭਗਤ[12] ਤੇਰਾ[13] ॥੨॥੨॥੯॥

Says slave[10] Nanak, O Lord, Thy[13] saint[12] obtains the [3]heart-desired[4] fruits[5], all the fruits, and obtains also the four cardinal boons of righteousness[6], riches[7], success[8] and emancipation[9].

ਗੋਲਾ[10] ਨਾਨਕ ਆਖਦਾ ਹੈ, ਹੇ ਸੁਆਮੀ! ਤੇਰਾ[13] ਸਾਧੂ[12] [3]ਚਿਤ-ਚਾਹੁੰਦੇ[4] ਮੇਵੇ[5] ਪਾ ਲੈਂਦਾ ਹੈ, ਸਾਰੇ ਮੇਵੇ ਪਾ ਲੈਂਦਾ ਹੈ ਅਤੇ ਸੱਚਾਈ[6], ਧਨ-ਦੌਲਤ[7], ਕਾਮਯਾਬੀ[8] ਅਤੇ ਕਲਿਆਣ[9] ਦੀਆਂ ਚਾਰ ਉਤਮ ਦਾਤਾਂ ਭੀ ਪਾ ਲੈਂਦਾ ਹੈ।

ਸਾਰਗ ਮਹਲਾ ੪ ॥

Sarang 4th Guru.

ਸਾਰੰਗ ਚੌਥੀ ਪਾਤਿਸ਼ਾਹੀ।

ਜਪਿ[14] ਮਨ [15]ਮਾਧੋ[16] [17]ਮਧੁਸੂਦਨੋ[18] ਹਰਿ[19] [20]ਸ੍ਰੀਰੰਗੋ[21] ਪਰਮੇਸਰੋ[22] ਸਤਿ[23] ਪਰਮੇਸਰੋ ਪ੍ਰਭੁ[24] ਅੰਤਰਜਾਮੀ[25] ॥

O my soul, meditate[14] thou on God[19], the Lord[16] of wealth[15], the Lover[18] of Nectar[17] and the Regarder[21] of eminence[20]. The Transcendent Lord[22], the True[23] Transcendent Lord Master[24] is the Inner-knower[25].

ਹੇ ਮੇਰੀ ਜਿੰਦੜੀਏ! ਤੂੰ ਮਾਇਆ[15] ਦੇ ਸੁਆਮੀ[16], ਅੰਮ੍ਰਿਤ[17] ਦੇ ਪਿਆਰੇ[18] ਅਤੇ ਮਹਾਨਤਾ[20] ਦੇ ਪ੍ਰੇਮੀ[21] ਵਾਹਿਗੁਰੂ[19] ਦਾ ਸਿਮਰਨ[14] ਕਰ। ਪਰਮ ਪ੍ਰਭੂ[22], ਸੱਚਾ[23] ਪਰਮ ਪ੍ਰਭੂ ਸੁਆਮੀ[24] ਅੰਦਰਲੀਆਂ ਜਾਨਣਹਾਰ[25] ਹੈ।

ਸਭ ਦੂਖਨ[26] ਕੋ ਹੰਤਾ[27] ਸਭ ਸੂਖਨ[28] ਕੋ ਦਾਤਾ[29] ਹਰਿ ਪ੍ਰੀਤਮ[30] ਗੁਨ[31] ਗਾਉ ॥੧॥ਰਹਾਉ॥

Sing thou the praise[31] of the Loved Lord[30], who is the Destroyer[27] of all sufferings[26] and the Blesser[29] of all comforts[28]. Pause

ਤੂੰ ਉਸ ਪਿਆਰੇ ਪ੍ਰਭੂ[30] ਦੀ ਮਹਿਮਾ[31] ਗਾਇਨ ਕਰ, ਜੋ ਸਾਰਿਆਂ ਦੁਖੜਿਆਂ[26] ਨੂੰ ਨਾਸ ਕਰਨ ਵਾਲਾ[27] ਅਤੇ ਸਾਰੇ ਆਰਾਮ[28] ਬਖ਼ਸ਼ਣਹਾਰ[29] ਹੈ।

ਹਰਿ ਘਟਿ[32] ਘਟੇ[33] ਘਟਿ[34] ਬਸਤਾ[35] ਹਰਿ ਜਲਿ[37] ਥਲੇ[36] ਹਰਿ ਬਸਤਾ ਹਰਿ ਥਾਨ[40] ਥਾਨੰਤਰਿ[38] ਬਸਤਾ ਮੈ ਹਰਿ ਦੇਖਨ ਕੋ ਚਾਉ[39] ॥

God abides[35] in every mind[32], heart[33] and body[34]. God Lord abides in oceans[37] and dry lands[36], and God abides in spaces[40] and inter-spaces[38]. I have a yearning[39] to see my God.

ਵਾਹਿਗੁਰੂ ਹਰ ਮਨ[32], ਦਿਲ[33] ਅਤੇ ਦੇਹਿ[34] ਅੰਦਰ ਵਸਦਾ[35] ਹੈ। ਵਾਹਿਗੁਰੂ ਸੁਆਮੀ ਸਮੁੰਦਰਾਂ[37] ਤੇ ਸੁੱਕੀਆਂ[36] ਜ਼ਮੀਨਾਂ ਵਿਚ ਵਸਦਾ ਹੈ, ਅਤੇ ਵਾਹਿਗੁਰੂ ਥਾਵਾਂ[40] ਤੇ ਉਹਨਾਂ ਦੀਆਂ ਵਿੱਥਾਂ[38] ਵਿਚ ਵਸਦਾ ਹੈ। ਮੈਨੂੰ ਆਪਣੇ ਵਾਹਿਗੁਰੂ ਨੂੰ ਵੇਖਣ ਦੀ ਉਮੰਗ[39] ਹੈ।

ਕੋਈ ਆਵੈ ਸੰਤੋ[41] ਹਰਿ ਕਾ ਜਨੁ[42] ਸੰਤੋ ਮੇਰਾ ਪ੍ਰੀਤਮ[43] ਜਨੁ ਸੰਤੋ ਮੋਹਿ[44] ਮਾਰਗੁ[45] ਦਿਖਲਾਵੈ[46] ॥

Let some saint[41], God's holyman[42] and my loved[43] holy man come and show[46] me[44] the way[45] to my God.

ਕੋਈ ਸਾਧੂ[41], ਵਾਹਿਗੁਰੂ ਦਾ ਨੇਕ ਬੰਦਾ[42] ਅਤੇ ਮੇਰਾ ਪਿਆਰਾ[43] ਨੇਕ ਬੰਦਾ ਆ ਕੇ ਮੈਨੂੰ[44] ਮੇਰੇ ਵਾਹਿਗੁਰੂ ਦਾ ਰਸਤਾ[45] ਵਿਖਾਲੇ[46]।

ਤਿਸੁ[47] ਜਨ[48] ਕੇ ਹਉ ਮਲਿ[49] ਮਲਿ[50] ਧੋਵਾ[51] ਪਾਉ[52] ॥੧॥	I would rub[49], wash[50] and bathe[51] the feet[52] of that[47] man[48].	ਉਸ[47] ਬੰਦੇ[48] ਦੇ ਮੈਂ ਪੈਰ[52] ਮਲਾਂ[49], ਪੂੰਝਾਂ[50] ਅਤੇ ਸਾਫ਼[51] ਕਰਾਂਗਾ ।
ਹਰਿ ਜਨ[53] ਕਉ ਹਰਿ ਮਿਲਿਆ ਹਰਿ ਸਰਧਾ[54] ਤੇ ਮਿਲਿਆ ਗੁਰਮੁਖਿ[55] ਹਰਿ ਮਿਲਿਆ ॥	God's man[53] meets with God, meets with God through faith[54], and meets with God, by the Guru's grace[55].	ਹਰੀ[53] ਦਾ ਬੰਦਾ ਹਰੀ ਨੂੰ ਮਿਲ ਪੈਂਦਾ ਹੈ, ਭਰੋਸੇ[54] ਰਾਹੀਂ ਹਰੀ ਨੂੰ ਮਿਲ ਪੈਂਦਾ ਹੈ ਅਤੇ ਗੁਰਾਂ ਦੀ ਦਇਆ[55] ਦੁਆਰਾ, ਹਰੀ ਨੂੰ ਮਿਲ ਪੈਂਦਾ ਹੈ ।
ਮੇਰੈ ਮਨਿ[56] ਤਨਿ[57] ਆਨੰਦ[58] ਭਏ ਮੈ ਦੇਖਿਆ ਹਰਿ ਰਾਉ[59] ॥	My mind[56] and body[57] are in bliss[58], for I have seen my God, the King[59].	ਮੇਰਾ ਚਿੱਤ[56] ਅਤੇ ਦੇਹਿ[57] ਖੁਸ਼ੀ[58] ਵਿਚ ਹਨ, ਕਿਉਂ ਜੋ ਮੈਂ ਆਪਣੇ ਵਾਹਿਗੁਰੂ, ਪਾਤਿਸ਼ਾਹ[59] ਨੂੰ ਵੇਖ ਲਿਆ ਹੈ ।
ਜਨ[60] ਨਾਨਕ ਕਉ ਕਿਰਪਾ[61] ਭਈ[62] ਹਰਿ ਕੀ ਕਿਰਪਾ ਭਈ[63] ਜਗਦੀਸੁਰ[64] ਕਿਰਪਾ ਭਈ ॥	Slave[60] Nanak is blessed[62] with grace[61], is blessed with the God's grace, and is blessed with the grace of the [63]World-Lord[64].	ਗੋਲੇ[60] ਨਾਨਕ ਉਤੇ ਮਿਹਰ[61] ਹੋਈ[62] ਹੈ, ਵਾਹਿਗੁਰੂ ਦੀ ਮਿਹਰ ਹੋਈ ਹੈ ਅਤੇ ਸ੍ਰਿਸ਼ਟੀ[63] ਦੇ ਸੁਆਮੀ[64] ਦੀ ਮਿਹਰ ਹੋਈ ਹੈ ।
ਮੈ ਅਨਦਿਨੋ[65] ਸਦ[66] ਸਦ ਸਦਾ ਹਰਿ ਜਪਿਆ[67] ਹਰਿ ਨਾਉ ॥੨॥੩॥੧੦॥	Night[65] and day, ever[66], ever, ever meditate[67] I on my Lord and my Lord's Name.	ਰੈਣ[65] ਅਤੇ ਦਿਨ ਮੈਂ ਹਮੇਸ਼ਾ[66], ਹਮੇਸ਼ਾ, ਹਮੇਸ਼ਾ ਹੀ ਆਪਣੇ ਸੁਆਮੀ ਅਤੇ ਆਪਣੇ ਸੁਆਮੀ ਦੇ ਨਾਮ ਦਾ ਸਿਮਰਨ ਕਰਦਾ[67] ਹਾਂ ।
ਸਾਰਗ ਮਹਲਾ ੪ ॥	Sarang 4th Guru.	ਸਾਰੰਗ ਚੋਥੀ ਪਾਤਿਸ਼ਾਹੀ ।
ਜਪਿ[68] ਮਨ[69] ਨਿਰਭਉ[70] ॥ ਸਤਿ[71] ਸਤਿ ਸਦਾ[73] ਸਤਿ ॥ ਨਿਰਵੈਰੁ[72] ਅਕਾਲ[74] ਮੂਰਤਿ[75] ਆਜੂਨੀ[76] ਸੰਭਉ[77] ॥	O my soul[69], contemplate[68] thou the Fear-free[70] Lord, who is True[71], True, ever[73] True. He is sans enmity[72], the being[75] beyond time[74], unborn[76] and self-illumined[77].	ਹੇ ਮੇਰੀ ਜਿੰਦੇ[69] ! ਤੂੰ ਨਿੱਡਰ[70] ਸਾਈਂ ਦਾ ਸਿਮਰਨ[68] ਕਰ, ਜੋ ਸੱਚਾ[71], ਸੱਚਾ, ਸਦੀਵ[73] ਹੀ ਸੱਚਾ ਹੈ । ਉਹ ਦੁਸ਼ਮਨੀ-ਰਹਿਤ[72], ਸਮੇਂ ਤੋਂ ਪਰੇ[74] ਵਿਅਕਤੀ[75], ਅਜਨਮਾ[76] ਅਤੇ ਸਵੈ-ਪ੍ਰਕਾਸ਼ਵਾਨ[77] ਹੈ ।
ਮੇਰੇ ਮਨ ਅਨਦਿਨੋ[78] ਧਿਆਇ[79] ਨਿਰੰਕਾਰੁ[80] ਨਿਰਾਹਾਰੀ[81] ॥੧॥ ਰਹਾਉ ॥	O my mind, night[78] and day, meditate[79] thou on thy Formless[80] and self-sustained[81] Lord. Pause.	ਹੇ ਮੇਰੇ ਮਨੂਏ ! ਤੂੰ ਰੈਣ[78] ਅਤੇ ਦਿਨ ਆਪਣੇ ਸਰੂਪ-ਰਹਿਤ[80] ਅਤੇ ਸਵੈ-ਤ੍ਰਿਪਤ[81] ਸਾਈਂ ਦਾ ਸਿਮਰਨ ਕਰ[79] । ਠਹਿਰਾਉ ।
ਹਰਿ ਦਰਸਨ[82] ਕਉ[83] ਹਰਿ ਦਰਸਨ ਕਉ ਕੋਟਿ[84] ਕੋਟਿ[85] ਤੇਤੀਸ[86] ਸਿਧ[87] ਜਤੀ[88] ਜੋਗੀ ਤਟ[89] ਤੀਰਥ[90] ਪਰਭਵਨ[91] ਕਰਤ[92] ਰਹਤ ਨਿਰਾਹਾਰੀ[93] ॥	For[83] God's vision[82], for God's vision, thirty three[86] crores[85] of gods, and millions[84] of adepts[87], celebates[88] and yogis walk[92] on[91] the banks[89] of holies[90] and keep fastings[93].	ਹਰੀ ਦੇ ਦੀਦਾਰ[82] ਲਈ[83], ਹਰੀ ਦੇ ਦੀਦਾਰ ਲਈ, ਤੇਤੀ[86] ਕਰੋੜ[85] ਦੇਵਤੇ ਤੇ ਸੈਂਕੜੇ ਹਜ਼ਾਰਾਂ[84] ਪੂਰਨ ਪੁਰਸ਼[87] ਬ੍ਰਹਮਚਾਰੀ[88] ਤੇ ਯੋਗੀ ਧਰਮ ਅਸਥਾਨਾਂ[90] ਦੇ ਕਿਨਾਰਿਆਂ[89] ਉਤੇ[91] ਰਟਨ ਕਰਦੇ[92] ਅਤੇ ਵਰਤ[93] ਰਖਦੇ ਹਨ ।
ਤਿਨ[94] ਜਨ[95] ਕੀ ਸੇਵਾ[96]	Acceptable[97] is rendered the	ਉਨ੍ਹਾਂ[94] ਪ੍ਰਾਣੀਆਂ[95] ਦੀ ਘਾਲ[96] ਕਬੂਲ ਪੈ ਜਾਂਦੀ[97] ਹੈ,

ਥਾਇ[97] ਪਈ ਜਿਨ[2] ਕਉ ਕਿਰਪਾਲ[98] ਹੋਵਤੁ[99] ਬਨਵਾਰੀ[100] ॥੧॥

service[96] of those[94] mortals[95], unto whom[2] the Lord of woods[100] becomes[99] merciful[98].

ਜਿਨ੍ਹਾਂ[2] ਉਤੇ ਜੰਗਲਾਂ ਦਾ ਸੁਆਮੀ[100] ਮਿਹਰਬਾਨ[98] ਹੋ[99] ਜਾਂਦਾ ਹੈ।

ਹਰਿ ਕੇ ਹੋ[3] ਸੰਤ ਭਲੇ[4] ਤੇ[5] ਊਤਮ[6] ਭਗਤ[7] ਭਲੇ[8] ਜੋ ਭਾਵਤ[9] ਹਰਿ[10] ਰਾਮ [12]ਮੁਰਾਰੀ[13] ॥

They[5] alone are[3] the good[4] saints and sublime[6] and holy[8] devotees[7] of God, who are pleasing[9] to their God's Lord[10], the Enemy[13] of ego[12].

ਕੇਵਲ ਉਹ[5] ਹੀ ਵਾਹਿਗੁਰੂ ਦੇ ਚੰਗੇ[4] ਸਾਧੂ ਅਤੇ ਸਰੇਸ਼ਟ[6] ਤੇ ਨੇਕ[8] ਵੈਰਾਗੀ[7] ਹਨ[3], ਜੋ ਹੰਕਾਰ[12] ਦੇ ਵੈਰੀ[13] ਵਾਹਿਗੁਰੂ[10] ਸੁਆਮੀ ਨੂੰ ਚੰਗੇ ਲਗਦੇ[9] ਹਨ।

ਜਿਨ ਕਾ ਅੰਗੁ[14] ਕਰੈ ਮੇਰਾ ਸੁਆਮੀ ਤਿਨ[15] ਕੀ ਨਾਨਕ ਹਰਿ ਪੈਜ[16] ਸਵਾਰੀ[17] ॥੨॥੪॥੧੧॥

They, whose side[14] my Lord God takes; O Nanak, He saves[17] the honour[16] of them[15]

ਜਿਨ੍ਹਾਂ ਦਾ ਪੱਖ[14] ਮੇਰਾ ਸੁਆਮੀ ਵਾਹਿਗੁਰੂ ਲੈਂਦਾ ਹੈ, ਹੇ ਨਾਨਕ! ਉਹ ਉਨ੍ਹਾਂ[15] ਦੀ ਇੱਜ਼ਤ ਆਬਰੂ[16] ਬਰਕਰਾਰ ਰਖਦਾ[17] ਹੈ।

੧੨੦੨

ਸਾਰਗ ਮਹਲਾ ੪

ਪੜਤਾਲ

1202

Sarang 4th Guru

Partal

੧੨੦੨

ਸਾਰੰਗ ਚੌਥੀ ਪਾਤਿਸ਼ਾਹੀ

ਪੜਤਾਲ।

ਜਪਿ[18] ਮਨ[24] ਗੋਵਿੰਦੁ[19] ਹਰਿ ਗੋਵਿੰਦੁ ਗੁਣੀ[20] ਨਿਧਾਨੁ[21] ਸਭ ਸ੍ਰਿਸਟਿ[22] ਕਾ ਪ੍ਰਭੋ[23] ਮੇਰੇ ਮਨ[25] ਹਰਿ ਬੋਲਿ[26] ਹਰਿ ਪੁਰਖੁ[27] ਅਬਿਨਾਸੀ[28] ॥੧॥ਰਹਾਉ॥

O man[24], contemplate[18] thou, the Lord[19], God Lord, who is the Treasure[21] of virtues[20] and the Master[23] of the entire universe[22]. O my soul[25], utter[26] thou the Name of God, the Imperishable[28] God Lord[27]. Pause.

ਹੇ ਬੰਦੇ[24]! ਤੂੰ ਸੁਆਮੀ[19], ਵਾਹਿਗੁਰੂ ਸੁਆਮੀ ਦਾ ਸਿਮਰਨ ਕਰ[18] ਜੋ ਨੇਕੀਆਂ[20] ਦਾ ਖ਼ਜ਼ਾਨਾ[21] ਅਤੇ ਸਮੂਹ ਆਲਮ[22] ਦਾ ਮਾਲਕ[23] ਹੈ। ਹੇ ਮੇਰੀ ਜਿੰਦੜੀਏ[25]! ਤੂੰ ਵਾਹਿਗੁਰੂ, ਅਮਰ[28] ਵਾਹਿਗੁਰੂ ਸੁਆਮੀ[27] ਦੇ ਨਾਮ ਦਾ ਉਚਾਰਨ ਕਰ[26]। ਠਹਿਰਾਉ।

ਹਰਿ ਕਾ ਨਾਮੁ ਅੰਮ੍ਰਿਤੁ[29] ਹਰਿ ਹਰਿ ਹਰੇ ਸੋ[30] ਪੀਐ[31] ਜਿਸੁ ਰਾਮੁ ਪਿਆਸੀ[32] ॥

God, God, God, God's Name is Nectar[29]. He[30] alone drinks[31] it, whom the Lord makes drink[32].

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਨਾਮ ਆਬਿ-ਹਿਯਾਤ[29] ਹੈ। ਕੇਵਲ ਉਹ[30] ਹੀ ਇਸ ਨੂੰ ਪੀਂਦਾ[31] ਹੈ, ਜਿਸ ਨੂੰ ਸੁਆਮੀ ਪਿਲਾਉਂਦਾ[32] ਹੈ।

ਹਰਿ ਆਪਿ ਦਇਆਲੁ[33] ਦਇਆ[34] ਕਰਿ[35] ਮੇਲੈ ਜਿਸੁ ਸਤਿਗੁਰੂ ਸੋ[36] ਜਨੁ[37] ਹਰਿ ਹਰਿ ਅੰਮ੍ਰਿਤ[38] ਨਾਮੁ ਚਖਾਸੀ[39] ॥੧॥

Showing[35] His mercy[34], he whom the Merciful Master[33], of Himself, makes meet the True Guru; that[36] man[37] tastes[39] the Name-Nectar[38] of the Lord God.

ਆਪਣੀ ਮਿਹਰ[34] ਧਾਰ[35], ਜਿਸ ਨੂੰ ਮਿਹਰਬਾਨ ਮਾਲਕ[33] ਖ਼ੁਦ ਸੱਚੇ ਗੁਰਾਂ ਨਾਲ ਮਿਲਾਉਂਦਾ ਹੈ; ਉਹ[36] ਇਨਸਾਨ[37] ਸਾਈਂ ਹਰੀ ਦੇ ਨਾਮ-ਸੁਧਾਰਸ[38] ਨੂੰ ਚਖਦਾ[39] ਹੈ।

ਜੋ ਜਨ ਸੇਵਹਿ[40] ਸਦ[41] ਸਦਾ ਮੇਰਾ ਹਰਿ ਹਰੇ[42] ਤਿਨ ਕਾ ਸਭੁ ਦੂਖੁ[43] ਭਰਮੁ[44] ਭਉ[45] ਜਾਸੀ[46] ॥

The persons, who ever[41], ever serve[40] my Lord Master[42]; their distress[43], doubt[44] and dread[45] are all dispelled[46].

ਜਿਹੜੇ ਪੁਰਸ਼, ਹਮੇਸ਼ਾ[41], ਹਮੇਸ਼ਾ ਹੀ ਮੇਰੇ ਸੁਆਮੀ ਮਾਲਕ[42] ਦੀ ਘਾਲ ਕਮਾਉਂਦੇ[40] ਹਨ; ਉਨ੍ਹਾਂ ਦਾ ਕਸ਼ਟ[43] ਸੰਦੇਹ[44] ਅਤੇ ਡਰ[45] ਸਮੂਹ ਦੂਰ ਹੋ ਜਾਂਦੇ[46] ਹਨ।

ਜਨੁ[47] ਨਾਨਕੁ ਨਾਮੁ ਲਏ[48] ਤਾਂ[49] ਜੀਵੈ ਜਿਉ[50]

If slave[47] Nanak utters[48] the Name, then[49] alone lives he, as[50] the pied

ਜੇਕਰ ਗੋਲਾ[47] ਨਾਨਕ ਨਾਮ ਦਾ ਉਚਾਰਨ ਕਰੇ[48] ਕੇਵਲ ਤਦ[49] ਹੀ ਉਹ ਜੀਉਂਦਾ ਹੈ, ਜਿਸ ਤਰ੍ਹਾਂ[50]

ਚਾਤ੍ਰਿਕੁ[51] ਜਲਿ[52] ਪੀਐ ਤ੍ਰਿਪਤਾਸੀ[53] ॥੨॥੫॥੧੨॥

cuckoo[51] is satiated[53] by in-drinking the water[52]

ਪਪੀਹਾ[51] ਪਾਣੀ[52] ਨੂੰ ਪੀ ਕੇ ਸੰਤੁਸ਼ਟ ਹੁੰਦਾ[53] ਹੈ।

ਸਾਰਗ ਮਹਲਾ ੪ ॥

Sarang 4th Guru

ਸਾਰੰਗ ਚੌਥੀ ਪਾਤਿਸ਼ਾਹੀ।

ਜਪਿ[54] ਮਨ[55] ਸਿਰੀ[56] ਰਾਮੁ ॥

O man[55], contemplate[54] thou thy Reverend[56] Lord.

ਹੇ ਬੰਦੇ[55] ! ਤੂੰ ਆਪਣੇ ਪੂਜਯ[56] ਪ੍ਰਭੂ ਦਾ ਭਜਨ ਕਰ[54]।

ਰਾਮ ਰਮਤ[57] ਰਾਮੁ ॥

The Lord, my Lord is pervading[57] all.

ਸੁਆਮੀ, ਮੇਰਾ ਸੁਆਮੀ ਸਾਰੇ ਵਿਆਪਕ ਹੋ ਰਿਹਾ[57] ਹੈ।

ਸਤਿ[58] ਸਤਿ ਰਾਮੁ ॥

True[58], ever true is My Master.

ਸੱਚਾ[58], ਸਦੀਵ ਹੀ ਸੱਚਾ ਹੈ ਮੇਰਾ ਮਾਲਕ।

ਬੋਲਹੁ[59] ਭਈਆ[60] ਸਦ ਰਾਮ ਰਾਮੁ ਰਾਮੁ[61] ਰਵਿ ਰਹਿਆ[62] ਸਰਬਗੇ[63] ॥੧॥ ਰਹਾਉ॥

O brother[60] utter[59] thou ever the Lord Master's Name[61], who is pervading[62] every where[63]. Pause.

ਹੇ ਵੀਰ[60] ! ਤੂੰ ਸਦੀਵ ਹੀ ਸੁਆਮੀ ਮਾਲਕ[61] ਦੇ ਨਾਮ ਦਾ ਉਚਾਰਨ ਕਰ[59] ਜੋ ਹਰ ਥਾਂ[63] ਵਿਆਪਕ ਹੋ ਰਿਹਾ[62] ਹੈ। ਠਹਿਰਾਉ।

ਰਾਮੁ ਆਪੇ[64] ਆਪਿ ਆਪੇ[65] ਸਭੁ ਕਰਤਾ[66] ਰਾਮੁ ਆਪੇ ਆਪਿ ਆਪਿ ਸਭਤੁ[67] ਜਗੇ[68] ॥

All alone[65], the Lord Himself[64] is the Creator[66] of all. All alone, the Lord, of Himself is permeating the whole[67] world[68].

ਕੱਲਮਕੱਲਾ[65], ਸੁਆਮੀ ਖੁਦ[64] ਹੀ ਸਾਰਿਆਂ ਦਾ ਸਿਰਜਣਹਾਰ[66] ਹੈ। ਕੱਲਮਕੱਲਾ ਸੁਆਮੀ ਖੁਦ ਹੀ ਸਾਰੇ[67] ਸੰਸਾਰ[68] ਅੰਦਰ ਰਮ ਰਿਹਾ ਹੈ।

ਜਿਸੁ ਆਪਿ ਕ੍ਰਿਪਾ[69] ਕਰੇ[70] ਮੇਰਾ ਰਾਮ ਰਾਮ ਰਾਮ ਰਾਇ[71] ਸੋ[72] ਜਨੁ[73] ਰਾਮ ਨਾਮ ਲਿਵ ਲਾਗੇ[74] ॥੧॥

He, on whom my Lord, Lord, Lord, the King[71], Himself showers[70] His benediction[69]; that[72] man[73] is attuned[74] to the Lord's Name.

ਜਿਸ ਉਤੇ ਮੇਰਾ ਪ੍ਰਭੂ, ਪ੍ਰਭੂ, ਪ੍ਰਭੂ, ਪਾਤਿਸ਼ਾਹ[71] ਖੁਦ ਆਪਣੀ ਰਹਿਮਤ[69] ਧਾਰਦਾ[70] ਹੈ; ਉਸ[72] ਪੁਰਸ਼[73] ਦੀ ਪ੍ਰਭੂ ਦੇ ਨਾਮ ਨਾਲ ਪ੍ਰੀਤ ਪੈ ਜਾਂਦੀ[74] ਹੈ।

ਰਾਮ ਨਾਮ ਕੀ ਉਪਮਾ[75] ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ[76] ਕੀ ਪਤਿ[77] ਰਾਖੈ ਵਿਚਿ ਕਲਿਜੁਗ ਅਗੇ[78] ॥

O saints of God, see ye the glory[75] of the Lord's Name, that saves the honour[77] of devoted persons[76] in the fire[78] of the Darkage.

ਹੇ ਰੱਬ ਦੇ ਸਾਧੂਓ ! ਤੁਸੀਂ ਪ੍ਰਭੂ ਦੇ ਨਾਮ ਦੀ ਪ੍ਰਭਤਾ[75] ਵੇਖੋ ਜੋ ਕਲਜੁਗ ਦੀ ਅੱਗ[78] ਵਿਚ ਸ਼ਰਧਾਲੂ ਪੁਰਸ਼ਾਂ[76] ਦੀ ਪਤਿ ਆਬਰੂ[77] ਰਖਦਾ ਹੈ।

ਜਨ[79] ਨਾਨਕ ਕਾ ਅੰਗੁ[80] ਕੀਆ ਮੇਰੈ ਰਾਮ ਰਾਇ[81] ਦੁਸਮਨ[82] ਦੂਖ[83] ਗਏ ਸਭਿ ਭਗੇ[84] ॥੨॥੬॥੧੩॥

My Lord, the king[81], has taken the side[80] of slave[79] Nanak, and all his enemies[82] and evil-wishers[83] have run away[84].

ਮੇਰੇ ਪ੍ਰਭੂ ਪਾਤਿਸ਼ਾਹ[81] ਨੇ ਗੋਲੇ[79] ਨਾਨਕ ਦਾ ਪੱਖ[80] ਲਿਆ ਹੈ ਅਤੇ ਉਸ ਦੇ ਸਾਰੇ ਵੈਰੀ[82] ਅਤੇ ਬੁਰਾ ਚਾਹੁਣ ਵਾਲੇ[83] ਦੌੜ ਗਏ[84] ਹਨ।

ਸਾਰਗ ਮਹਲਾ ੫ ਚਉਪਦੇ ਘਰੁ ੧

Sarang 5th Guru
Chaupadas

ਸਾਰੰਗ ਪੰਜਵੀਂ ਪਾਤਿਸ਼ਾਹੀ
ਚੌਪਦੇ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is attained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਸਤਿਗੁਰ ਮੂਰਤਿ[85] ਕਉ ਬਲਿ[86] ਜਾਉ ॥

I am a sacrifice[86] unto the True Guru's vision[85].

ਮੈਂ ਸੱਚੇ ਗੁਰਾਂ ਦੇ ਦਰਸ਼ਨ[85] ਤੋਂ ਕੁਰਬਾਨ ਜਾਂਦਾ[86] ਹਾਂ।

ਅੰਤਰਿ[87] ਪਿਆਸ[88] ਚਾਤ੍ਰਿਕ[89] ਜਿਉ[90] ਜਲ[91] ਕੀ ਸਫਲ[92] ਦਰਸਨੁ ਕਦਿ ਪਾਂਉ[93] ॥੧॥ ਰਹਾਉ ॥

Within my mind[87] is the thirst[88] like[90] that of the pied-cuckoo[89] for water[91]. When shall I have[93] the fruitful[92] vision of the True Guru ? Pause.

ਮੇਰੇ ਹਿਰਦੇ[87] ਅੰਦਰ ਤੇਹ[88] ਹੈ, ਜਿਵੇਂ[90] ਪਪੀਹੇ[89] ਦੀ ਪਾਣੀ[91] ਲਈ ਹੁੰਦੀ ਹੈ। ਸੱਚੇ ਗੁਰਾਂ ਦਾ ਫਲਦਾਇਕ[92] ਦੀਦਾਰ ਮੈਨੂੰ ਕਦੋਂ ਪਰਾਪਤ[93] ਹੋਏਗਾ ? ਠਹਿਰਾਉ।

ਅਨਾਥਾ[94] ਕੋ ਨਾਥੁ[95] ਸਰਬ[96] ਪ੍ਰਤਿਪਾਲਕੁ[97] ਭਗਤਿ[98] ਵਛਲੁ[99] ਹਰਿ ਨਾਉ ॥

He is the Patron[95] of the patronless[94] and the Cherisher[97] of all[96]. The Lover[99] of His devotees[98] is the God's Name.

ਉਹ ਨਿਖਸਮਿਆਂ[94] ਦਾ ਖ਼ਸਮ[95] ਅਤੇ ਸਾਰਿਆਂ[96] ਦਾ ਪਾਲਣ-ਪੋਸਣਹਾਰ[97] ਹੈ। ਆਪਣੇ ਅਨੁਰਾਗੀਆਂ[98] ਦਾ ਆਸ਼ਕ[99] ਹੈ ਵਾਹਿਗੁਰੂ ਦਾ ਨਾਮ।

ਜਾਕਉ ਕੋਇ ਨ ਰਾਖੈ[100] ਪ੍ਰਾਣੀ[2] ਤਿਸੁ[3] ਤੂ ਦੇਹਿ[4] ਅਸਰਾਉ[5] ॥੧॥

He, whom no mortal[2] can protect[100]; him[3] Thou, O Lord, blesseth[4] with Thine support[5].

ਜਿਸ ਦੀ ਕੋਈ ਭੀ ਜੀਵ[2] ਰੱਖਿਆ[100] ਨਹੀਂ ਕਰ ਸਕਦਾ, ਉਸ[3] ਨੂੰ ਤੂੰ ਆਪਣਾ ਆਸਰਾ[5] ਬਖ਼ਸ਼ਦਾ[4] ਹੈਂ, ਹੇ ਸਾਂਈਂ !

ਨਿਧਰਿਆ[6] ਧਰ ਨਿਗਤਿਆ[7] ਗਤਿ ਨਿਥਾਵਿਆ[8] ਤੂ ਥਾਉ ॥

Thou, O Lord, art the support of the supportless[6], emancipation of the unemancipated[7], and the abode of the abodeless[8].

ਤੂੰ, ਹੇ ਪ੍ਰਭੂ ! ਨਿਆਸਰਿਆਂ[6] ਦਾ ਆਸਰਾ ਬੇਕਲਿਆਨਾਂ[7] ਦੀ ਕਲਿਆਨ ਅਤੇ ਬੇ-ਟਿਕਾਣਿਆਂ[8] ਦਾ ਟਿਕਾਣਾ ਹੈਂ।

[9]ਦਹਦਿਸ[10] ਜਾਂਉ ਤਹਾਂ[12] ਤੂ ਸੰਗੇ[13] ਤੇਰੀ ਕੀਰਤਿ[14] ਕਰਮ[15] ਕਮਾਉ[16] ॥੨॥

In the ten[9] directions[10], wherever I go, there[12] Thou art with[13] me. I do[16] the only deed[15] of singing Thine praises[14], O Lord.

ਦਸਾਂ[9] ਪਾਸਿਆਂ[10] ਵਿਚ ਜਿਥੇ ਭੀ ਮੈਂ ਜਾਂਦਾ ਹਾਂ, ਉਥੇ[12] ਤੂੰ ਮੇਰੇ ਨਾਲ[13] ਹੈਂ। ਮੈਂ ਕੇਵਲ ਤੇਰੀ ਮਹਿਮਾਂ[14] ਗਾਇਨ ਕਰਨ ਦਾ ਹੀ ਕੰਮ[15] ਕਰਦਾ[16] ਹਾਂ, ਹੇ ਪ੍ਰਭੂ !

ਏਕਸੁ ਤੇ ਲਾਖ[17] ਲਾਖ ਤੇ[18] ਏਕਾ ਤੇਰੀ ਗਤਿ[19] ਮਿਤਿ[20] ਕਹਿ[21] ਨ ਸਕਾਉ ॥

Thou, the One, becomest many[17] and from[18] many the One again. Thine state[19] and extent[20] I can utter[21] not.

ਤੂੰ, ਇਕ ਤੋਂ ਅਨੇਕਾਂ[17] ਹੋ ਜਾਂਦਾ ਹੈਂ ਅਤੇ ਅਨੇਕਾ ਤੋਂ[18] ਮੁੜ ਇਕ। ਤੇਰੀ ਅਵਸਥਾ[19] ਤੇ ਵਿਸਥਾਰ[20] ਮੈਂ ਵਰਣਨ[21] ਨਹੀਂ ਕਰ ਸਕਦਾ।

ਤੂ ਬੇਅੰਤੁ[22] ਤੇਰੀ ਮਿਤਿ[23] ਨਹੀ ਪਾਈਐ ਸਭੁ ਤੇਰੋ ਖੇਲੁ[24] ਦਿਖਾਉ[25] ॥੩॥

Thou art Infinite[22]. Thy worth[23] can be appraised not. All that I see[25] is but Thy play[24], O Lord.

ਤੂੰ ਅਨੰਤ[22] ਹੈਂ। ਤੇਰਾ ਮੁੱਲ[23] ਪਾਇਆ ਨਹੀਂ ਜਾ ਸਕਦਾ। ਸਾਰਾ ਕੁਛ ਜੋ ਮੈਂ ਵੇਖਦਾ[25] ਹਾਂ, ਕੇਵਲ ਤੇਰੀ ਹੀ ਖੇਡ[24] ਹੈ, ਹੇ ਸਾਂਈਂ !

ਸਾਧਨ ਕਾ ਸੰਗੁ[26] ਸਾਧ ਸਿਉ ਗੋਸਟਿ[27] ਹਰਿ ਸਾਧਨ ਸਿਉ ਲਿਵ[28] ਲਾਉ[29] ॥

I associate[26] with the saints and converse[27] with the saints. To the God's saints bear[29] I love[28].

ਮੈਂ ਸੰਤਾਂ ਦੀ ਸੰਗਤ ਕਰਦਾ[26] ਹਾਂ ਅਤੇ ਸੰਤਾਂ ਨਾਲ ਹੀ ਗੱਲ ਬਾਤ[27]। ਹਰੀ ਦੇ ਸੰਤਾਂ ਨਾਲ ਹੀ ਮੈਂ ਨੇਹੁੰ[28] ਗੰਢਦਾ[29] ਹਾਂ।

ਜਨ[30] ਨਾਨਕ ਪਾਇਆ ਹੈ ਗੁਰਮਤਿ[31] ਹਰਿ ਦੇਹੁ[32] ਦਰਸੁ[33] ਮਨਿ[34] ਚਾਉ[35] ॥੪॥੧॥

By the Guru's instruction[31], slave[30] Nanak has obtained his Lord. My God bless[32] Thou me with Thy vision[33] for my mind[34] yearns[35] for it.

ਗੁਰਾਂ ਦੇ ਉਪਦੇਸ਼[31] ਦੁਆਰਾ, ਗੋਲੇ[30] ਨਾਨਕ ਨੇ ਆਪਣਾ ਪ੍ਰਭੂ ਪਾ ਲਿਆ ਹੈ। ਮੇਰੇ ਵਾਹਿਗੁਰੂ, ਤੂੰ ਮੈਨੂੰ ਆਪਣਾ ਦੀਦਾਰ[33] ਬਖ਼ਸ਼[32], ਕਿਉਂ ਜੋ ਮੇਰੇ ਚਿਤ[34] ਅੰਦਰ ਇਸ ਦੀ ਉਮੰਗ[35] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਜੀਉ[36] ਅੰਤਰਜਾਮੀ[37] ਜਾਨ[38] ॥

O man, know[38] thou the Sire Lord[36] is the Searcher of hearts[37].

ਹੇ ਬੰਦੇ! ਤੂੰ ਜਾਣ[38] ਲੈ ਕਿ ਮਹਾਰਾਜ ਮਾਲਕ[36] ਦਿਲਾਂ ਦੀਆਂ ਜਾਣਨਹਾਰ[37] ਹੈ।

ਕਰਤ[38]*ਬੁਰਾਈ[39]ਮਾਨੁਖ[40] ਤੇ[41] ਛਪਾਈ[42] ਸਾਖੀ[43] ਭੂਤ[44] ਪਵਾਨ[45] ॥ ੧ ॥ ਰਹਾਉ ॥

Hiding[42] from[41] man[40], thou doest[38]* evil[39], but like[44] the air[45], the Lord is present[43] every where. Pause.

ਮਨੁੱਖ਼[40] ਤੋਂ[41] ਲੁਕਾ ਕੇ[42], ਤੇ ਬਦੀ[39] ਕਮਾਉਂਦਾ[38]* ਹੈਂ, ਪ੍ਰੰਤੂ ਹਵਾ[45] ਦੀ ਮਾਨਿੰਦ[44] ਪ੍ਰਭੂ ਹਰ ਥਾਂ ਹਾਜ਼ਰ ਨਾਜ਼ਰ[43] ਹੈ। ਠਹਿਰਾਉ।

ਬੈਸਨੋ[46] ਨਾਮੁ[47] ਕਰਤ[48] ਖਟ[49] ਕਰਮਾ[50] ਅੰਤਰਿ[51] ਲੋਭ[52] ਜੂਠਾਨ[53] ॥

Thou callest[47] thyself a disciple of Vishnu[46], and practiseth[48] six[49] rituals[50], but within[51] thee is the impurity[53] of covetousness[52].

ਤੂੰ ਆਪਣੇ ਆਪ ਨੂੰ ਵਿਸ਼ਨੂੰ[46] ਦਾ ਸਿਸ਼ ਅਖਵਾਉਂਦਾ[47] ਹੈਂ ਅਤੇ ਛੇ[49] ਕਰਮ ਕਾਂਡ[50] ਕਰਦਾ[48] ਹੈਂ, ਪ੍ਰੰਤੂ ਤੇਰੇ ਅੰਦਰ[51] ਲਾਲਚ[52] ਦੀ ਅਪਵਿੱਤਰਤਾ[53] ਹੈ।

ਸੰਤ[54] ਸਭਾ ਕੀ ਨਿੰਦਾ[55] ਕਰਤੇ ਡੂਬੇ[56] ਸਭ ਅਗਿਆਨ[57] ॥੧॥

They, who slander[85] the society of the saints[54]; are all drowned[56] in spiritual darkness[57].

ਜੋ, ਸਤਿਸੰਗਤ[54] ਦੀ ਬਦਖੋਈ ਕਰਦੇ[55] ਹਨ; ਉਹ ਸਾਰੇ ਆਤਮਕ ਅਨ੍ਹੇਰੇ[57] ਵਿਚ ਡੁੱਬ ਜਾਂਦੇ[56] ਹਨ।

੧੨੦੩

1203

੧੨੦੩

ਕਰਹਿ[58] ਸੋਮਪਾਕੁ[59] ਹਿਰਹਿ[60] ਪਰ[61] ਦਰਬਾ[62] ਅੰਤਰਿ[63] ਝੂਠ[64] ਗੁਮਾਨ[65] ॥

Man eats[58] self-cooked[59] food, but he steals[60] other's[61] wealth[62] and within[63] him is falsehood[64] and self-conceit[65].

ਬੰਦਾ ਸਵੈ-ਪਕਾਇਆ ਹੋਇਆ[59] ਭੋਜਨ ਖਾਂਦਾ[58] ਹੈ, ਪ੍ਰੰਤੂ ਉਹ ਪਰਾਇਆ[61] ਧਨ[62] ਚੁਰਾਉਂਦਾ[60] ਹੈ ਅਤੇ ਉਸ ਦੇ ਅੰਦਰ[63] ਕੂੜ[64] ਅਤੇ ਸਵੈ-ਹੰਗਤਾ[65] ਹੈ।

ਸਾਸਤ੍ਰ ਬੇਦ ਕੀ ਬਿਧਿ[66] ਨਹੀ ਜਾਣਹਿ ਬਿਆਪੇ[67] ਮਨ[68] ਕੈ ਮਾਨ[69] ॥੨॥

He knows not the way[66] of the Vedas and the Shashtras and is perturbed[67] with his mind's[68] pride[69].

ਉਹ ਵੇਦਾਂ ਅਤੇ ਸ਼ਾਸਤਰਾਂ ਦੀ ਰੀਤੀ[66] ਨੂੰ ਨਹੀਂ ਜਾਣਦਾ ਅਤੇ ਆਪਣੇ ਚਿੱਤ[68] ਦੇ ਹੰਕਾਰ[69] ਨਾਲ ਵਿਆਕੁਲ ਹੋਇਆ ਹੋਇਆ[67] ਹੈ।

ਸੰਧਿਆ ਕਾਲ[70] ਕਰਹਿ[71] ਸਭਿ ਵਰਤਾ[72] ਜਿਉ[73] ਸਫਰੀ[74] ਦੰਫਾਨ[75] ॥

His saying[71] of evening-time[70] prayers and observance of all fasts[72], are like[73] the false show[75] of a conjurer[74].

ਉਸ ਦਾ ਸ਼ਾਮ ਦੇ ਵੇਲੇ[70] ਦੀ ਪੂਜਾ ਕਰਨਾ[71] ਅਤੇ ਸਾਰੇ ਉਪਹਾਸ[72] ਰਖਣੇ, ਇਕ ਮਦਾਰੀ[74] ਦੇ ਝੂਠੇ ਦਿਖਾਵੇ[75] ਦੀ ਤਰ੍ਹਾਂ[73] ਦੇ ਹਨ।

ਪ੍ਰਭੂ ਭੁਲਾਏ[76] ਉਝੜਿ[77] ਪਾਏ ਨਿਹਫਲ[78] ਸਭਿ

Straying[76] him, the Lord has put him on the path of wilderness[77].

ਉਸ ਨੂੰ ਭੁਲਾ[76] ਕੇ, ਸੁਆਮੀ ਨੇ ਉਸ ਨੂੰ ਉਜਾੜ-ਬੀਆਬਾਨ[77] ਦੇ ਰਾਹੇ ਪਾ ਦਿੱਤਾ ਹੈ।ਵਿਅਰਥ[78] ਹਨ ਉਸ

ਕਰਮਾਨ[78] ॥੩॥	Vain[78] are all his deeds[79].	ਦੇ ਸਾਰੇ ਕਰਮ[79] ।
ਸੋ[80] ਗਿਆਨੀ[81] ਸੋ ਬੈਸਨੋ ਪੜ੍ਹਿਆ[82] ਜਿਸੁ ਕਰੀ ਕ੍ਰਿਪਾ[83] ਭਗਵਾਨ ॥	He[80] alone is the divine[81] and he alone the Vaishnav and the scholar[82], on whom is the mercy[83] of the Lord.	ਕੇਵਲ ਉਹ[80] ਹੀ ਬ੍ਰਹਮਬੇਤਾ[81] ਹੈ, ਤੇ ਕੇਵਲ ਉਹ ਹੀ ਵੈਸ਼ਨੋ ਅਤੇ ਵਿਦਵਾਨ[82] ਹੈ, ਜਿਸ ਉਤੇ ਸੁਆਮੀ ਦੀ ਮਿਹਰ[83] ਹੈ ।
ਉਨਿ ਸਤਿਗੁਰੁ ਸੇਵਿ [84]ਪਰਮਪਦੁ[85] ਪਾਇਆ ਉਧਰਿਆ[86] ਸਗਲ ਬਿਸ੍ਵਾਨ[87] ॥੪॥	Serving the True Guru, he obtains the supreme[84] status[85] and with him the entire world[87] is saved[86].	ਸੱਚੇ ਗੁਰਾਂ ਦੀ ਟਹਿਲ ਕਮਾ ਕੇ ਉਹ ਮਹਾਨ[84]ਮਰਤਬਾ[85] ਪਾ ਲੈਂਦਾ ਹੈ ਅਤੇ ਉਸ ਦੇ ਨਾਲ ਸਾਰਾ ਸੰਸਾਰ[87] ਪਾਰ ਉਤਰ ਜਾਂਦਾ[86] ਹੈ ।
ਕਿਆ[88] ਹਮ[89] ਕਥਹ[90] ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ[91] ਤਿਵੈ[92] ਬੋੁਲਾਨ[93] ॥	What[88] should I[89] utter[90] ? I know naught to utter. As the Lord will[91], so[92] He makes me utter[93].	ਮੈਂ[89] ਕੀ[88] ਕਹਾਂ[90] ? ਮੈਨੂੰ ਕੁਝ ਭੀ ਕਹਿਣਾ ਨਹੀਂ ਆਉਂਦਾ । ਜਿਸ ਤਰ੍ਹਾਂ ਪ੍ਰਭੂ ਨੂੰ ਭਾਉਂਦਾ[91] ਹੈ, ਉਸੇ ਤਰ੍ਹਾਂ[92] ਹੀ ਉਹ ਮੈਨੂੰ ਬੁਲਾਉਂਦਾ[93] ਹੈ ।
ਸਾਧ ਸੰਗਤਿ ਕੀ ਧੂਰਿ[94] ਇਕ[95] ਮਾਂਗਉ[96] ਜਨ[97] ਨਾਨਕ ਪਇਓ[98] ਸਰਾਨ[99] ॥੫॥੨॥	I ask[96] for only[95] the dust[94] of the saint's congregation. Slave[97] Nanak has sought[98] Thy protection[99], O Lord.	ਮੈਂ ਕੇਵਲ[95] ਸਤਿਸੰਗਤ ਦੀ ਧੂੜ[94] ਦੀ ਯਾਚਨਾ ਕਰਦਾ[96] ਹਾਂ । ਗੋਲੇ[97] ਨਾਨਕ ਨੇ ਤੇਰੀ ਪਨਾਹ[99] ਲਈ[98] ਹੈ, ਹੇ ਪ੍ਰਭੂ !
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਅਬ[100] ਮੋਰੋ[2] ਨਾਚਨੋ[3] ਰਹੋ[4] ॥	My[2] dancing[3] is now[100] ended[4].	ਮੇਰਾ[2] ਨੱਚਣਾ[3] ਹੁਣ[100] ਮੁੱਕ ਗਿਆ[4] ਹੈ ।
ਲਾਲੁ[5] ਰਗੀਲਾ[6] ਸਹਜੇ[7] ਪਾਇਓ ਸਤਿਗੁਰ ਬਚਨਿ[8] ਲਹੋ[9] ॥੧॥ ਰਹਾਉ ॥	I have easily[7] obtained my sportive[6] Beloved[5]. By the Guru's word[8], have I found[9] Him. Pause.	ਮੈਂ ਸੁਖੈਨ[7] ਹੀ ਆਪਣੇ ਖਿਲੰਦੜੇ[6] ਪ੍ਰੀਤਮ[5] ਨੂੰ ਪਾ ਲਿਆ ਹੈ । ਗੁਰਾਂ ਦੀ ਬਾਣੀ[8] ਦੁਆਰਾ, ਮੈਂ ਉਸ ਨੂੰ ਲੱਭ ਲਿਆ[9] ਹੈ । ਠਹਿਰਾਉ ।
ਕੁਆਰ[10] ਕੰਨਿਆ[12] ਜੈਸੇ[13] ਸੰਗਿ[14] ਸਹੇਰੀ[15] ਪ੍ਰਿਅ[16] ਬਚਨ[17] ਉਪਹਾਸ[18] ਕਹੋ ॥ ਜਉ[19] ਸੁਰਿ[20] ਜਨੁ[21] ਗ੍ਰਿਹ[22] ਭੀਤਰਿ[23] ਆਇਓ ਤਬ[24] ਮੁਖੁ[25] ਕਾਜਿ[26] ਲਜੋ[27] ॥੧॥	As[13] a virgin[10] girl[12] laughingly[18] talks[17] about her spouse[16] with[14] her mates[15], but when[19] the good[20] spouse[21] comes into[23] her home[22], then[24] she shieth away[27], and covers[26] her face[25].	ਜਿਸ ਤਰ੍ਹਾਂ[13] ਇਕ ਅਣਵਿਆਹੀ[10] ਕੁੜੀ[12] ਆਪਣੀਆਂ ਸਹੇਲੀਆਂ[15] ਨਾਲ[14] ਆਪਣੇ ਪਤੀ[16] ਬਾਰੇ ਹੱਸ ਹੱਸ[18] ਗੱਲਾਂ ਕਰਦੀ[17] ਹੈ, ਪ੍ਰੰਤੂ ਜਦ[19] ਉਸ ਦਾ ਸਰੇਸ਼ਟ[20] ਪਤੀ[21] ਉਸ ਦੇ ਘਰ[22] ਵਿਚ[23] ਆਉਂਦਾ ਹੈ ਤਦ[24] ਉਹ ਸੰਗ ਜਾਂਦੀ[27] ਹੈ ਅਤੇ ਆਪਣੇ ਮੂੰਹ[25] ਨੂੰ ਕੱਜ ਲੈਂਦੀ[26] ਹੈ।
ਜਿਉ[28]ਕਨਿਕੋ[29] ਕੋਠਾਰੀ[30] ਚੜਿਓ[31] ਕਬਰੋ[32] ਹੋਤ ਫਿਰੋ[33] ॥ ਜਬ[34] ਤੇ ਸੁਧ[35] ਭਏ ਹੈ ਬਾਰਹਿ[36] ਤਬ[37] ਤੇ ਥਾਨ[38] ਥਿਰੋ[39] ॥੨॥	As[28] gold[29] put and heated[31] in a crucible[30] wanders[33] about madly[32], but when[34] it becomes cent per cent[36] pure[35], then[37] it becomes stationary[39] at a place[38].	ਜਿਸ ਤਰ੍ਹਾਂ[28] ਕੁਠਾਲੀ[30] ਵਿਚ ਪਾਇਆ ਤੇ ਤੱਤਾ[31] ਕੀਤਾ ਹੋਇਆ ਸੋਨਾ[29] ਕਮਲਾ[32] ਹੋਇਆ ਫਿਰਦਾ[33] ਹੈ, ਪ੍ਰੰਤੂ ਜਦ[34] ਇਹ ਸੌ ਫ਼ੀ ਸਦੀ[36] ਖ਼ਾਲਸ[35] ਹੋ ਜਾਂਦਾ ਹੈ, ਤਦ[37] ਇਹ ਇਕ ਥਾਂ[38] ਤੇ ਸਥਿਰ[39] ਹੋ ਜਾਂਦਾ ਹੈ ।

ਜਉ[40] ਦਿਨੁ ਰੈਨਿ ਤਉ[46] ਲਉ ਬਜਿਓ[42] ਮੂਰਤ[43] ਘਰੀ[44] ਪਲੋ[45] ॥ ਬਜਾਵਨਹਾਰੋ[47] ਉਠਿ[41] ਸਿਧਾਰਿਓ[48] ਤਬ[49] ਫਿਰਿ[50] ਬਾਜੁ[51] ਨ ਭਇਓ ॥੩॥

As long as[40] the striker[47] is present, till then[46] day and night, the gang of life rings[42] every hour[43], every ghari[44] and every moment[45], but when he gets up[41] and departs[48], then[49] there is no ringing[51] again[50].

ਜਦ ਤਾਂਈ[40] ਬਜਾਉਣ ਵਾਲਾ[47] ਹਾਜ਼ਰ ਹੈ, ਉਦੋਂ ਤਾਂਈ[46] ਦਿਹੁੰ ਤੇ ਰਾਤ ਹਰ ਘੰਟੇ[43], ਹਰ ਘੜੀ[44] ਅਤੇ ਹਰ ਮੁਹਤ[45] ਜੀਵਨ ਦਾ ਘੜਿਆਲ ਵਜਦਾ[42] ਰਹਿੰਦਾ ਹੈ, ਪ੍ਰੰਤੂ ਜਦ ਉਹ ਉਠ[41] ਕੇ ਤੁਰ ਜਾਂਦਾ[48] ਹੈ, ਤਦ[49] ਮੁੜ[50] ਕੇ ਕੋਈ ਬਜ ਬਜਾ[51] ਨਹੀਂ ਹੁੰਦਾ।

ਜੈਸੇ[52] ਕੁੰਭ[53] ਉਦਕਿ[54] ਪੂਰਿ[55] ਆਨਿਓ[56] ਤਬ[57] ਓਹੁ ਭਿੰਨ[58] ਦ੍ਰਿਸਟੋ[59] ॥ ਕਹੁ[60] ਨਾਨਕ ਕੁੰਭੁ ਜਲੈ ਮਹਿ[61] ਡਾਰਿਓ[62] ਅੰਭੈ ਅੰਭ[63] ਮਿਲੋ[64] ॥੪॥੩॥

As[52] a pitcher[53] filled[55] with water[54] is brought[56], then[57] that water seems[59] different and distinct[58], but, says[60] Nanak, when the pitcher is emptied[62] into[61] the water, the water[63] mingles[64] with the water.

ਜਿਸ ਤਰ੍ਹਾਂ[52] ਇਕ ਘੜਾ[53] ਪਾਣੀ[54] ਨਾਲ ਭਰ[55] ਕੇ ਲਿਆਂਦਾ[56] ਜਾਂਦਾ ਹੈ, ਤਦ[57] ਉਹ ਪਾਣੀ ਵਖਰਾ[58] ਦਿੱਸ ਆਉਂਦਾ[59] ਹੈ, ਪ੍ਰੰਤੂ, ਗੁਰੂ ਜੀ ਆਖਦੇ[60] ਹਨ, ਜਦ ਘੜਾ ਪਾਣੀ ਅੰਦਰ[61] ਉਲਟਾ ਦਿੱਤਾ ਜਾਂਦਾ[62] ਹੈ, ਤਾਂ ਜਲ[63] ਜਲ ਨਾਲ ਰਲ ਮਿਲ ਜਾਂਦਾ[64] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ[65] ਪੂਛੇ[66] ਕਿਆ[67] ਕਹਾ[68] ॥

If questioned[66], what[67] can man say[68] now[65]?

ਜੇਕਰ ਪੁਛਿਆ[66] ਜਾਵੇ, ਤਾਂ ਆਦਮੀ ਹੁਣ[65] ਕੀ[67] ਆਖ ਸਕਦਾ[68] ਹੈ?

ਲੈਨੋ[69] ਨਾਮੁ ਅੰਮ੍ਰਿਤ[70] ਰਸੁ[71] ਨੀਕੋ[72] ਬਾਵਰੁ[73] ਬਿਖੁ[74] ਸਿਉ[75] ਗਹਿ[76] ਰਹਾ ॥੧॥ ਰਹਾਉ ॥

He was to gather[69] the sublime[72] and delicious[71] Name-Nectar[70], but the crazy one[73] is involved[76] with[75] the poison[74]. Pause.

ਉਸ ਨੇ ਸਰੇਸ਼ਟ[72] ਅਤੇ ਸੁਆਦਲਾ[71] ਨਾਮ-ਸੁਧਾਰਸ[70] ਲੈਣਾ[69] ਸੀ, ਪ੍ਰੰਤੂ ਝੱਲਾ ਇਨਸਾਨ[73] ਜ਼ਹਿਰ[74] ਨਾਲ[75] ਰਿਮੜਿਆ ਹੋਇਆ[76] ਹੈ। ਠਹਿਰਾਉ।

ਦੁਲਭ[77] ਜਨਮੁ[78] ਚਿਰੰਕਾਲ[79] ਪਾਇਓ ਜਾਤਉ ਕਉਡੀ[80] ਬਦਲਹਾ[81] ॥

The invaluable[77] human birth[78] is attained after a long interval[79], but it is going in exchange[81] for a shell[80].

ਅਮੋਲਕ[77] ਮਨੁੱਖਾ ਜਨਮ[78] ਬੜੇ ਅਰਸੇ[79] ਦੇ ਮਗਰੋਂ ਮਿਲਿਆ ਹੈ, ਪ੍ਰੰਤੂ ਇਹ ਇਕ ਕੌਡੀ[80] ਦੇ ਵਟਾਂਦਰੇ[81] ਵਿਚ ਜਾ ਰਿਹਾ ਹੈ।

ਕਾਥੂਰੀ[82] ਕੋ ਗਾਹਕੁ[83] ਆਇਓ ਲਾਦਿਓ[84] ਕਾਲਰ[85] ਬਿਰਖ ਜਿਵਹਾ[86] ॥੧॥

The mortal comes to buy[83] musk[82], but he loads[84] dust[85] and the thistle-grass[86].

ਪ੍ਰਾਣੀ ਕਸਤੂਰੀ[82] ਖ਼ਰੀਦਣ[83] ਲਈ ਆਉਂਦਾ ਹੈ, ਪ੍ਰੰਤੂ ਉਹ ਘੱਟੇ ਮਿੱਟੀ[85] ਤੇ ਕੰਡਿਆਲੇ ਘਾ[86] ਨੂੰ ਲੱਦ ਲੈਂਦਾ[84] ਹੈ।

ਆਇਓ ਲਾਭੁ[87] ਲਾਭਨ[88] ਕੈ ਤਾਈ ਮੋਹਨਿ[89] ਠਾਗਉਰੀ[90] ਸਿਉ ਉਲਝਿ[91] ਪਹਾ ॥

He comes in search[88] of profit[87], but is entangled[91] in the optical illusion[90] of mammon[89].

ਉਹ ਨਫ਼ੇ[87] ਦੀ ਤਲਾਸ਼[88] ਵਿਚ ਆਉਂਦਾ ਹੈ, ਪਰ ਮਾਇਆ[89] ਦੇ ਦ੍ਰਿਸ਼ਟਮਾਨ ਧੋਖੇ[90] ਵਿਚ ਫਸ ਜਾਂਦਾ[91] ਹੈ।

ਕਾਚ[92] ਬਾਦਰੈ[93] ਲਾਲੁ[94] ਖੋਈ[95] ਹੈ ਫਿਰਿ[96] ਇਹੁ ਅਉਸਰੁ[97] ਕਦਿ[98] ਲਹਾ[99] ॥੨॥

He loses[95] the jewel[94] in exchange[93] for glass[92]. When[98] shall this opportunity[97] come[99] to him again[96]?

ਉਹ ਕੱਚ[92] ਦੇ ਵਟਾਂਦਰੇ[93] ਵਿਚ ਜਵੇਹਰ[94] ਨੂੰ ਗੁਆ ਲੈਂਦਾ[95] ਹੈ। ਇਹ ਮੌਕਾ[97] ਉਸ ਨੂੰ ਮੁੜ[96] ਕਦੋਂ[98] ਹੱਥ ਲੱਗੇਗਾ[99]?

ਸਗਲ ਪਰਾਧ[100]ਏਕੁ ਗੁਣੁ[2] ਨਾਹੀ ਠਾਕੁਰੁ ਛੋਡਹ[3] ਦਾਸਿ[4] ਭਜਹਾ[5] ॥
ਆਈ ਮਸਟਿ[6] ਜੜਵਤ[7] ਕੀ ਨਿਆਈ[8] ਜਿਉ[9] ਤਸਕਰੁ[10] ਦਰਿ[12] ਸਾਂਨ੍ਹਿਹਾ[13] ॥੩॥
ਆਨ[14] ਉਪਾਉ[15] ਨ ਕੋਊ ਸੂਝੈ[16] ਹਰਿ ਦਾਸਾ[17] ਸਰਣੀ[18] ਪਰਿ[19] ਰਹਾ ॥
ਕਹੁ ਨਾਨਕ ਤਬ[20] ਹੀ ਮਨ[21] ਛੁਟੀਐ[22] ਜਉ[23] ਸਗਲੇ ਅਉਗਨ[24] ਮੇਟਿ ਧਰਹਾ[25] ॥੪॥੪॥

ਸਾਰਗ ਮਹਲਾ ੫ ॥
ਮਾਈ[26] ਧੀਰਿ[27] ਰਹੀ[28] ਪ੍ਰਿਅ[29] ਬਹੁਤੁ[30] ਬਿਰਾਗਿਓ[31] ॥
ਅਨਿਕ[32] ਭਾਂਤਿ[33] ਆਨੂਪ[34] ਰੰਗ[35] ਰੇ[36] ਤਿਨ੍[37] ਸਿਉ[38] ਰੁਚੈ[39] ਨ ਲਾਗਿਓ ॥ ੧ ॥ ਰਹਾਉ ॥
ਨਿਸਿ[40] ਬਾਸੁਰ[41] ਪ੍ਰਿਅ[42] ਪ੍ਰਿਅ ਮੁਖਿ[43] ਟੇਰਉ[44] ਨੀਂਦ[45] ਪਲਕ[46] ਨਹੀ ਜਾਗਿਓ ॥
ਹਾਰ[47] ਕਜਰ[48] ਬਸਤ੍ਰ[49] ਅਨਿਕ[50]ਸੀਗਾਰ[51] ਰੇ ਬਿਨੁ ਪਿਰ[52] ਸਭੈ ਬਿਖੁ[53] ਲਾਗਿਓ ॥੧॥

੧੨੦੪

ਪੂਛਉ[54] ਪੂਛਉ ਦੀਨ[55] ਭਾਂਤਿ[56]ਕਰਿ ਕੋਊ[57] ਕਹੈ[58] ਪ੍ਰਿਅ[59] ਦੇਸਾਂਗਿਓ[60] ॥
ਹੀਂਉ[61] ਦੇਂਉ[62] ਸਭੁ ਮਨੁ

In him are all the sins[100] and not even one virtue[2]. Forsaking[3] his Lord, he thinks[5] of His slave[4].

When death's silence[6] like[8] that of the dead matter[7] comes, man's plight becomes like[9] that of the thief[10] caught at the door[12] of the digging[13].

I seek[19] the refuge[18] of God's slaves[17]. I see[16] not any other[14] way[15] out.

Says Nanak, then alone[20] is the mortal[21] released[22], if[23] he obliterates[25] all the sins[24].

Sarang 5th Guru.

O my mother[26], my fortitude[27] is gone[28]. I am greatly[30] in love[31] with my spouse[29].

O[36], there are numberless[32] kinds[33] of beauteous[34] revelments[35], but with[38] them[37] I am attuned[39] not. Pause.

Beloved[42], my Beloved, utter[44] I with my mouth[43] night[40] and day[41]. I sleep[45] not even for a moment[46] and keep awake.

O'necklace[47], collyrium[48], raiments[49], and many[50] decorations[51]; without my spouse[52] all appear to me as poison[53].

1204

Like[56] a meek[55] one, ask[54], ask I, "Let some one[57] tell[58] me the country[60] of my Loved spouse[59]".

I surrender[62] my heart[61] to him,

ਉਸ ਵਿਚ ਸਾਰੇ ਪਾਪ[100] ਹਨ ਤੇ ਨੇਕੀ[2] ਇਕ ਭੀ ਨਹੀਂ। ਆਪਣੇ ਸਾਂਈਂ ਨੂੰ ਤਿਆਗ[3] ਉਹ ਉਸ ਦੇ ਗੋਲੇ[4] ਨੂੰ ਯਾਦ ਕਰਦਾ[5] ਹੈ।

ਜਦ ਮੁਰਦੇ ਮਾਦੇ[7] ਵਰਗੀ[8] ਮੌਤ ਦੀ ਚੁਪ[6] ਆਉਂਦੀ ਹੈ ਤਾਂ ਆਦਮੀ ਦੀ ਹਾਲਤ ਸੰਨ੍ਹ[13] ਦੇ ਬੂਹੇ[12] ਉਤੇ ਪਕੜੇ ਹੋਏ ਚੋਰ[10] ਵਰਗੀ[9] ਹੋ ਜਾਂਦੀ ਹੈ।

ਮੈਂ ਵਾਹਿਗੁਰੂ ਦੇ ਗੋਲਿਆਂ[17] ਦੀ ਪਨਾਹ[18] ਲੈਂਦਾ[19] ਹਾਂ। ਮੈਨੂੰ ਹੋਰ[14] ਕੋਈ ਬਚਾਅ ਦਾ ਰਸਤਾ[15] ਦਿੱਸ ਨਹੀਂ ਆਉਂਦਾ[16]।

ਗੁਰੂ ਜੀ ਫੁਰਮਾਉਂਦੇ ਹਨ, ਕੇਵਲ ਤਾਂ[20] ਹੀ ਪ੍ਰਾਣੀ[21] ਦੀ ਖਲਾਸੀ ਹੁੰਦੀ[22] ਹੈ, ਜੇਕਰ[23] ਉਹ ਸਾਰਿਆਂ ਪਾਪਾਂ[24] ਦਾ ਮਲੀਆਮੇਟ[25] ਕਰ ਦੇਵੇ।

ਸਾਰੰਗ ਪੰਜਵੀਂ ਪਾਤਿਸ਼ਾਹੀ।

ਹੇ ਮੇਰੀ ਮਾਤਾ[26]! ਮੇਰਾ ਧੀਰਜ[27] ਜਾਂਦਾ ਰਿਹਾ[28] ਹੈ। ਮੇਰਾ ਆਪਣੇ ਕੰਤ[29] ਨਾਲ ਬਹੁਤਾ[30] ਹੀ ਪਿਆਰ[31] ਹੈ।

ਓ[36]! ਅਣਗਿਣਤ[32] ਕਿਸਮਾਂ[33] ਦੀਆਂ ਸੁੰਦਰ[34] ਰੰਗ ਰਲੀਆਂ[35] ਹਨ, ਪ੍ਰੰਤੂ ਉਹਨਾਂ[37] ਨਾਲ[38] ਮੇਰਾ ਪਿਆਰ[39] ਨਹੀਂ। ਠਹਿਰਾਉ।

ਪ੍ਰੀਤਮ[42]! ਮੇਰਾ ਪ੍ਰੀਤਮ! ਆਪਣੇ ਮੂੰਹ[43] ਨਾਲ ਮੈਂ ਰੈਣ[40] ਅਤੇ ਦਿਨ[41] ਪੁਕਾਰਦੀ[44] ਹਾਂ। ਮੈਂ ਇਕ ਮੁਹਤ[46] ਭਰ ਭੀ ਸੌਂਦੀ[45] ਨਹੀਂ ਅਤੇ ਜਾਗਦੀ ਰਹਿੰਦੀ ਹਾਂ।

ਓ! ਮਾਲਾ[47], ਸੁਰਮਾ[48], ਕਪੜੇ[49] ਅਤੇ ਘਣੇਰੇ[50] ਹਾਰਸ਼ਿੰਗਾਰ[51]; ਆਪਣੇ ਕੰਤ[52] ਦੇ ਬਗੈਰ ਮੈਨੂੰ ਸਾਰੇ ਵਿਹੁ[53] ਵਰਗੇ ਲਗਦੇ ਹਨ।

੧੨੦੪

ਮਸਕੀਨ[55] ਦੀ ਮਾਨੰਦ[56] ਮੈਂ ਪੁਛਦੀ[54], ਪੁਛਦੀ ਹਾਂ, "ਕੋਈ ਜਣਾ[57] ਮੈਨੂੰ ਮੇਰੇ ਪਿਆਰੇ ਪਤੀ[59] ਦਾ ਦੇਸ[60] ਦੱਸੇ[58]।"

ਮੈਂ ਉਸ ਨੂੰ ਆਪਣਾ ਦਿਲ[61] ਦਿੰਦੀ[62] ਹਾਂ, ਆਪਣੀ

ਤਨੁ ਅਰਪਉ[63] ਸੀਸੁ[64] ਚਰਣ[65] ਪਰਿ ਰਾਖਿਓ॥੨॥	tender[63] all my soul and body too, and at his feet[65] place I my head[64].	ਜਿੰਦੜੀ ਤੇ ਦੇਹਿ ਸਮੂਹ ਭੀ ਉਸ ਦੇ ਸਮਰਪਨ ਕਰਦੀ[63] ਹਾਂ ਅਤੇ ਉਸ ਦੇ ਪੈਰਾਂ[65] ਤੇ ਮੈਂ ਆਪਣਾ ਸਿਰ[64] ਰਖਦੀ ਹਾਂ।
ਚਰਣ ਬੰਦਨਾ[66] ਅਮੋਲ[67] ਦਾਸਰੋ[68] ਦੇਂਉ[69] ਸਾਧ ਸੰਗਤਿ ਅਰਦਾਗਿਓ[70]॥੩॥	I bow[66] at the feet of the priceless[67] slave[68] of God, and supplicate[70] him to bless[69] me with the society of the saints.	ਮੈਂ ਰੱਬ ਦੇ ਉਸ ਅਮੋਲਕ[67] ਗੋਲੇ[68] ਦੇ ਪੈਰਾਂ ਉਤੇ ਨਮਸਕਾਰ ਕਰਦੀ[66] ਹਾਂ, ਅਤੇ ਸਤਿਸੰਗਤ ਪਰਦਾਨ[69] ਕਰਨ ਲਈ ਅਰਦਾਸ ਕਰਦੀ[70] ਹਾਂ।
ਕਰਹੁ[71] ਕ੍ਰਿਪਾ[72] ਮੋਹਿ[73] ਪ੍ਰਭੂ ਮਿਲਾਵਹੁ ਨਿਮਖ[74] ਦਰਸੁ[75] ਪੇਖਾਗਿਓ[76] ॥੩॥	"O God's slave, show[71] thou mercy[72] unto me, and make me[73] meet my Lord, that I may behold[76] His vision[75] every moment[74]".	"ਹੇ ਰੱਬ ਦੇ ਗੋਲੇ! ਤੂੰ ਮੇਰੇ ਉਤੇ ਮਿਹਰ[72] ਧਾਰ[71] ਅਤੇ ਮੈਨੂੰ[73] ਮੇਰੇ ਮਾਲਕ ਨਾਲ ਮਿਲਾ ਦੇ, ਤਾਂ ਜੋ ਮੈਂ ਹਰ ਮੁਹਤ[74] ਉਸ ਦਾ ਦਰਸ਼ਨ[75] ਵੇਖਦੀ[76] ਰਹਾਂ।"
ਦ੍ਰਿਸਟਿ[77] ਭਈ[78] ਤਬ[79] ਭੀਤਰਿ[80] ਆਇਓ ਮੇਰਾ ਮਨੁ[81] ਅਨਦਿਨੁ[82] ਸੀਤਲਾਗਿਓ[83] ॥	When my Lord shows[78] mercy[77], then[79] comes He within[80] me and night[82] and day my soul[81] remains calm and comforted[83].	ਜਦ ਮੇਰਾ ਪ੍ਰਭੂ ਮਿਹਰ[77] ਧਾਰਦਾ[78] ਹੈ, ਤਦ[79] ਉਹ ਮੇਰੇ ਅੰਦਰ[80] ਆ ਜਾਂਦਾ ਹੈ ਅਤੇ ਰੈਣ[82] ਤੇ ਦਿਨ ਮੇਰੀ ਆਤਮਾ[81] ਸੀਤਲ ਤੇ ਸੁਖੀ[83] ਰਹਿੰਦੀ ਹੈ।
ਕਹੁ ਨਾਨਕ ਰਸਿ[84] ਮੰਗਲ[85] ਗਾਏ[86] ਸਬਦੁ ਅਨਾਹਦੁ[87] ਬਾਜਿਓ[88] ॥ ੪॥੫॥	Says Nanak, I now sing[86] the songs of joy[85] with love[84] and within me resounds[88] the celestial strain[87].	ਗੁਰੂ ਜੀ ਫੁਰਮਾਉਂਦੇ ਹਨ, ਹੁਣ ਮੈਂ ਪਿਆਰ[84] ਨਾਲ ਖੁਸ਼ੀ ਦੇ ਗੀਤ[85] ਗਾਉਂਦਾ[86] ਹਾਂ ਅਤੇ ਮੇਰੇ ਅੰਦਰ ਬੈਕੁੰਠੀ ਕੀਰਤਨ[87] ਗੂੰਜਦਾ[88] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਾਈ[89] ਸਤਿ[90] ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ[91] ॥	O my mother[89], True[90], True, True is God, and true, true, true is His saint[91].	ਹੇ ਮੇਰੀ ਮਾਤਾ[89]! ਸੱਚਾ[90], ਸੱਚਾ, ਸੱਚਾ ਹੈ ਵਾਹਿਗੁਰੂ, ਅਤੇ ਸੱਚਾ, ਸੱਚਾ, ਸੱਚਾ ਹੈ ਉਸ ਦਾ ਸੰਤ[91]।
ਬਚਨੁ[92] ਗੁਰੂ ਜੋ ਪੂਰੈ[93] ਕਹਿਓ[94] ਮੈ ਛੀਕਿ[95] ਗਾਂਠਰੀ[96] ਬਾਧਾ[97] ॥ ੧ ॥ ਰਹਾਉ ॥	The Word[92], which the Perfect[93] Guru has uttered[94]; that I have firmly[95] tied[97] to my skirt[96]. Pause.	ਜੋ ਬਾਣੀ[92] ਪੂਰਨ[93] ਗੁਰਾਂ ਨੇ ਉਚਾਰਨ ਕੀਤੀ[94] ਹੈ; ਉਸ ਨੂੰ ਮੈਂ ਘੁਟ ਕੇ[95] ਆਪਣੇ ਪੱਲੇ[96] ਨਾਲ ਬੰਨ੍ਹ ਲਿਆ[97] ਹੈ। ਠਹਿਰਾਉ।
ਨਿਸਿ[98] ਬਾਸੁਰ[99] ਨਖਿਅਤ੍ਰ[100] ਬਿਨਾਸੀ[2] ਰਵਿ[3] ਸਸੀਅਰ[4] ਬੇਨਾਧਾ[5]॥	Night[98], day[99] and the stars[100] shall perish[2], and so shall perish[5] the sun[3] and the moon[4].	ਰਾਤ[98], ਦਿਨ[99] ਅਤੇ ਤਾਰੇ[100] ਨਾਸ ਹੋ ਜਾਣਗੇ[2] ਅਤੇ ਏਸੇ ਤਰ੍ਹਾਂ ਹੀ ਸੂਰਜ[3] ਅਤੇ ਚੰਦਰਮਾ[4] ਭੀ ਨਾਸ ਹੋ ਜਾਣਗੇ[5]।
ਗਿਰਿ[6] ਬਸੁਧਾ[7] ਜਲ[8] ਪਵਨ[9] ਜਾਇਗੋ[10] ਇਕਿ[12] ਸਾਧਬਚਨ[13] ਅਟਲਾਧਾ[14]॥ ੧॥	The mountains[6], the earth[7], the water[8], and the air[9] shall pass away[10]. Only[12] the saint's word[13] is infalliable[14].	ਪਹਾੜ[6], ਧਰਤੀ[7], ਪਾਣੀ[8] ਅਤੇ ਹਵਾ[9] ਚਲੇ ਜਾਣਗੇ[10]। ਕੇਵਲ[12] ਸੰਤ ਦਾ ਸ਼ਬਦ[13] ਹੀ ਅਮਿੱਟ[14] ਹੈ।
ਅੰਡ[15] ਬਿਨਾਸੀ[16] ਜੇਰ[17] ਬਿਨਾਸੀ ਉਤਭੁਜ[18]	Egg-born[15] shall die[16], the foetus-born[17] shall die, and so shall die[20]	ਆਂਡੇ ਤੋਂ ਜੰਮੇ[15] ਨਾਸ ਹੋ ਜਾਣਗੇ[16], ਜੇਰ ਤੋਂ ਜੰਮੇ[17] ਨਾਸ ਹੋ ਜਾਣਗੇ ਤੇ ਏਸੇ ਤਰ੍ਹਾਂ ਧਰਤੀ ਤੋਂ ਉਗੇ[18] ਅਤੇ

ਸੇਤ[19] ਬਿਨਾਧਾ[20] ॥

the earth born[18] and sweat-born[19].

ਮੁੜ੍ਹਕੇ ਤੋਂ ਪੈਦਾ ਹੋਏ[19] ਨਾਸ[20] ਹੋ ਜਾਣਗੇ।

ਚਾਰਿ ਬਿਨਾਸੀ ਖਟਹਿ[21] ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ[22] ॥੨॥

The four Vedas shall perish, and the six shastras[21] too shall perish. The saint's word alone is moveless[22]

ਚਾਰ ਵੇਦ ਨਾਸ ਹੋ ਜਾਣਗੇ ਤੇ ਛੇ ਸ਼ਾਸਤਰ[21] ਭੀ ਨਾਸ ਹੋ ਜਾਣਗੇ। ਕੇਵਲ ਸੰਤ ਦਾ ਸ਼ਬਦ ਹੀ ਅਹਿੱਲ[22] ਹੈ।

ਰਾਜ[23] ਬਿਨਾਸੀ ਤਾਮ[24] ਬਿਨਾਸੀ ਸਾਤਕੁ[25] ਭੀ ਬੇਨਾਧਾ[26] ॥

The optimists[23] will die, the egotists[24] will die and the pessimists[25] will die[26] as well.

ਪਉਣ-ਗੁਣ ਵਾਲੇ[23] ਮਰ ਜਾਣਗੇ, ਅਗਨ ਗੁਣ ਵਾਲੇ[24] ਮਰ ਜਾਣਗੇ ਤੇ ਪਾਣੀ-ਗੁਣ ਵਾਲੇ[25] ਭੀ ਮਰ ਜਾਣਗੇ[26]।

ਦ੍ਰਿਸਟਿਮਾਨ[27] ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ[28] ॥੩॥

All that comes to view[27] will pass off. Only the saint's word is unfathomable[28].

ਸਾਰਾ ਕੁਛ ਜੋ ਦਿੱਸ ਆਉਂਦਾ[27] ਹੈ, ਨਸ਼ਟ ਹੋ ਜਾਏਗਾ। ਕੇਵਲ ਸਾਧੂ ਦਾ ਸ਼ਬਦ ਹੀ ਅਥਾਹ[28] ਹੈ।

ਆਪੇ ਆਪਿ[29] ਆਪ ਹੀ ਆਪੇ ਸਭੁ ਆਪਨ ਖੇਲੁ[30] ਦਿਖਾਧਾ[31] ॥

All by Himself[29], all by Himself is the Lord. All that is seen[31] is His own play[30].

ਸਾਰਾ ਕੁਝ ਆਪ[29] ਹੀ, ਸਾਰਾ ਕੁਝ ਆਪ ਹੀ ਹੈ ਸੁਆਮੀ। ਸਾਰਾ ਕੁਝ ਜੋ ਦਿੱਸਦਾ[31] ਹੈ, ਉਸ ਦੀ ਆਪਣੀ ਖੇਡ[30] ਹੀ ਹੈ।

ਪਾਇਓ ਨ ਜਾਈ ਕਹੀ ਭਾਂਤਿ[32] ਰੇ[33] ਪ੍ਰਭੁ ਨਾਨਕ ਗੁਰ ਮਿਲਿ ਲਾਧਾ[34] ॥ ੪ ॥੬॥

By no other way[32] can He be obtained. Meeting with the Guru, Nanak has found[34] His Lord, O[33] man.

ਕਿਸੇ ਹੋਰਸ ਤਰੀਕੇ[32] ਨਾਲ ਉਹ ਪਾਇਆ ਨਹੀਂ ਜਾ ਸਕਦਾ! ਗੁਰਾਂ ਨਾਲ ਮਿਲ ਕੇ, ਨਾਨਕ ਨੇ ਆਪਣੇ ਸੁਆਮੀ ਨੂੰ ਲੱਭ ਲਿਆ[34] ਹੈ, ਹੇ[33] ਬੰਦੇ!

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੇਰੈ ਮਨਿ[38] ਬਾਸਿਬੋ[35] ਗੁਰ[36] ਗੋਬਿੰਦ[37] ॥

Within my mind[38] abides[35] the great[36] God[37].

ਮੇਰੇ ਹਿਰਦੇ[38] ਅੰਦਰ ਵਿਸ਼ਾਲ[36] ਵਾਹਿਗੁਰੂ[37] ਵੱਸਦਾ[35] ਹੈ।

ਜਹਾਂ[38]* ਸਿਮਰਨੁ[39] ਭਇਓ ਹੈ ਠਾਕੁਰ ਤਹਾਂ[40] ਨਗਰ[41] ਸੁਖ[42] ਆਨੰਦੁ[43] ॥ ੧ ॥ ਰਹਾਉ ॥

Wherever[38]* the Lord is meditated[39] upon; peace[42] and pleasure[43] reign in that[40] village[41]. Pause.

ਜਿਥੇ ਕਿਤੇ[38]* ਸੁਆਮੀ ਦਾ ਆਰਾਧਨ[39] ਹੁੰਦਾ ਹੈ; ਉਸ[40] ਪਿੰਡ[41] ਵਿਚ ਆਰਾਮ[42] ਅਤੇ ਖ਼ੁਸ਼ੀ[43] ਹੈ। ਠਹਿਰਾਉ।

ਜਹਾਂ ਬੀਸਰੈ[44] ਠਾਕੁਰੁ ਪਿਆਰੋ[45] ਤਹਾਂ[46] ਦੂਖ[47] ਸਭ ਆਪਦ[48] ॥

Where my Loved[45] Lord is forgotten[44]; all miseries[47] and misfortunes[48] are there[46].

ਜਿਥੇ ਮੇਰਾ ਪ੍ਰੀਤਮ[45] ਪ੍ਰਭੂ ਭੁੱਲ ਜਾਂਦਾ[44] ਹੈ, ਸਾਰੇ ਦੁੱਖੜੇ[47] ਅਤੇ ਮੁਸੀਬਤਾਂ[48] ਉਥੇ[46] ਹੁੰਦੀਆਂ ਹਨ।

ਜਹ ਗੁਨ[49] ਗਾਇ[50] ਆਨੰਦ[51] ਮੰਗਲ[52] ਰੂਪ[53] ਤਹਾਂ ਸਦਾ[54] ਸੁਖ[55] ਸੰਪਦ[56] ॥੧॥

Where the praises[49] of God, the embodiment[53] of joy[51] and bliss[52] are celebrated[50]; weal[55] and wealth[56] ever[54] abide there.

ਜਿਥੇ ਖ਼ੁਸ਼ੀ[51] ਅਤੇ ਪ੍ਰਸੰਨਤਾ[52] ਦੇ ਸਰੂਪ[53] ਵਾਹਿਗੁਰੂ ਦੀਆਂ ਸਿਫ਼ਤਾਂ[49] ਗਾਇਨ[50] ਕੀਤੀਆਂ ਜਾਂਦੀਆਂ ਹਨ; ਠੰਢ-ਚੈਨ[55] ਅਤੇ ਧਨ-ਦੌਲਤ[56] ਹਮੇਸ਼ਾ[54] ਉਥੇ ਵਸਦੀਆਂ ਹਨ।

ਜਹਾ ਸ੍ਰਵਨ[57] ਹਰਿ ਕਥਾ[58] ਨ ਸੁਨੀਐ ਤਹ ਮਹਾ[59] ਭਇਆਨ[60] ਉਦਿਆਨਦ[61] ॥

Exceedingly[59] terrible[60] wilderness[61] is there, where, with their ears[57], the mortals hear not the God's discourse[58]

ਪਰਮ[59] ਭਿਆਨਿਕ[60] ਉਜਾੜ-ਬੀਆਬਾਨ[61] ਹੈ ਉਥੇ, ਜਿਥੇ, ਆਪਣਿਆਂ ਕੰਨਾਂ[57] ਨਾਲ, ਪ੍ਰਾਣੀ ਵਾਹਿਗੁਰੂ ਦੀ ਕਥਾ-ਵਾਰਤਾ[58] ਨਹੀਂ ਸੁਣਦੇ।

ਜਹਾਂ ਕੀਰਤਨੁ[62] ਸਾਧ ਸੰਗਤਿ[63] ਰਸੁ[64] ਤਹ ਸਘਨ[65] ਬਾਸੁ[66] [67]ਫਲਾਂਨਦ[68] ॥੨॥

Where in the saints' society[63], the Lord is praised[62] with love[64]; one gets abundant[65] fragrance[66] and the fruits'[67] joy[68] there.

ਜਿਥੇ ਸਤਿਸੰਗਤ[63] ਅੰਦਰ ਪਿਆਰ ਨਾਲ[64] ਪ੍ਰਭੂ ਦੀ ਪ੍ਰਸੰਸਾ[62] ਕੀਤੀ ਜਾਂਦੀ ਹੈ; ਉਥੇ ਜੀਵ ਬਹੁਤੀ[65] ਖੁਸ਼ਬੋਈ[66] ਅਤੇ ਮੇਵਿਆਂ[67] ਦੇ ਅਨੰਦ[68] ਨੂੰ ਮਾਣਦਾ ਹੈ।

ਬਿਨੁ[69] ਸਿਮਰਨ[70] ਕੋਟਿ[71] ਬਰਖ[72] ਜੀਵੈ ਸਗਲੀ[73] ਅਉਧ[74] ਬ੍ਰਿਥਾਨਦ[75] ॥

Bereft[69] of God's meditation[70], he who lives for millions[71] of years[72]; vain[75] is all[73] his life[74].

ਰੱਬ ਦੀ ਬੰਦਗੀ[70] ਤੋਂ ਸੱਖਣਾ[69], ਜੋ ਕ੍ਰੋੜਾਂ[71] ਵਰ੍ਹੇ[72] ਜਿਊਂਦਾ ਰਹਿੰਦਾ ਹੈ; ਵਿਅਰਥ[75] ਹੈ ਉਸ ਦੀ ਸਾਰੀ[73] ਅਵਸਥਾ[74]।

ਏਕ ਨਿਮਖ[76] ਗੋਬਿੰਦ[81] ਭਜਨੁ[77] ਕਰਿ ਤਉ[78] ਸਦਾ ਸਦਾ[79] ਜੀਵਾਨਦ[80]॥੩॥

If man reflects[77] on the Lord[81], even for a moment[76], then[78] lives[80] he for ever and aye[79].

ਜੇਕਰ ਜੀਵ ਇਕ ਮੁਹਤ[76] ਭਰ ਲਈ ਭੀ ਸੁਆਮੀ[81] ਦਾ ਸਿਮਰਨ[77] ਕਰ ਲਵੇ, ਤਾਂ[78] ਉਹ ਸਦੀਵ ਸਦੀਵ[79] ਹੀ ਜਿਊਂਦਾ[80] ਰਹਿੰਦਾ ਹੈ!

ਸਰਨਿ[82] ਸਰਨਿ ਸਰਨਿ ਪ੍ਰਭ ਪਾਵਹੁ[83] ਦੀਜੈ[84] ਸਾਧ ਸੰਗਤਿ ਕਿਰਪਾਨਦ[85] ॥

O Lord, Thy refuge[82], refuge, refuge, I have sought[83]. Mercifully[85] bless[84] Thou me with the saint's society.

ਹੇ ਸਾਂਈਂ! ਤੇਰੀ ਪਨਾਹ[82], ਪਨਾਹ ਪਨਾਹ ਮੈਂ ਲਈ[83] ਹੈ। ਮਿਹਰ ਧਾਰ[85] ਕੇ ਤੂੰ ਮੈਨੂੰ ਸੰਤਾਂ ਦੀ ਸੰਗਤ ਪਰਦਾਨ[84] ਕਰ।

ਨਾਨਕ ਪੂਰਿ[85]* ਰਹਿਓ ਹੈ ਸਰਬ[86]ਮੈ[87] ਸਗਲ ਗੁਣਾ[88] ਬਿਧਿ[89] ਜਾਂਨਦ[90]॥੪॥੭॥

Nanak, the Lord is fully contained[85]* amongst[87] all[86], and knows[90] the state[89] of the merits[88] of all the mortals.

ਨਾਨਕ, ਪ੍ਰਭੂ ਸਾਰਿਆਂ[86] ਅੰਦਰ[87] ਪਰੀਪੂਰਨ[85]* ਹੋ ਰਿਹਾ ਹੈ ਅਤੇ ਸਾਰਿਆਂ ਪ੍ਰਾਣੀਆਂ ਦੀਆਂ ਨੇਕੀਆਂ[88] ਦੀ ਦਸ਼ਾ[89] ਨੂੰ ਜਾਣਦਾ[90] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ ਮੋਹਿ ਰਾਮ ਭਰੋਸਉ ਪਾਏ ॥

I have now obtained the Lord's support.

ਮੈਨੂੰ ਹੁਣ ਸੁਆਮੀ ਦਾ ਆਸਰਾ ਪਰਾਪਤ ਹੋ ਗਿਆ ਹੈ।

ਜੋ[91] ਜੋ ਸਰਣਿ[92] ਪਰਿਓ[93] [94]ਕਰੁਣਾਨਿਧਿ[95] ਤੇ ਤੇ[96] ਭਵਹਿ[97] ਤਰਾਏ[98] ॥੧॥ ਰਹਾਉ ॥

Whoever[91] seek[93] the refuge[92] of the Treasure[95] of mercy[94], they all[96] are ferried[98] across the world[97] ocean. Pause

ਜਿਹੜੇ ਜਿਹੜੇ ਭੀ[91] ਰਹਿਮਤ[94] ਦੇ ਖ਼ਜ਼ਾਨੇ[95] ਦੀ ਪਨਾਹ[92] ਲੈਂਦੇ[93] ਹਨ, ਉਹ ਸਾਰੇ[96] ਸੰਸਾਰ[97] ਸਮੁੰਦਰ ਤੋਂ ਪਾਰ[98] ਕਰ ਦਿੱਤੇ ਜਾਂਦੇ ਹਨ। ਠਹਿਰਾਉ।

ਸੁਖਿ ਸੋਇਓ ਅਰੁ[99] ਸਹਜਿ[100] ਸਮਾਇਓ[2] ਸਹਸਾ[3] ਗੁਰਹਿ ਗਵਾਏ[4] ॥

They sleep in peace and[99] easily[100] merge[2] in the Lord, and the Guru rids[4] them of their doubt[3].

ਉਹ ਆਰਾਮ ਅੰਦਰ ਸੌਂਦੇ ਹਨ ਅਤੇ[99] ਸੁਖੈਨ[100] ਹੀ ਹਰੀ ਵਿਚ ਲੀਨ[2] ਹੋ ਜਾਂਦੇ ਹਨ ਤੇ ਗੁਰੂ ਜੀ ਉਨ੍ਹਾਂ ਦਾ ਭਰਮ[3] ਨਵਿਰਤ[4] ਕਰ ਲੈਂਦੇ ਹਨ।

ਜੋ ਚਾਹਤ[5] ਸੋਈ[6] ਹਰਿ ਕੀਓ ਮਨ ਬਾਛਤ[7] ਫਲ[8] ਪਾਏ ॥੧॥

Whatever they wish[5], that[6] the Lord does and they obtain their heart-desired[7] fruits[8].

ਜਿਹੜਾ ਕੁਛ ਉਹ ਚਾਹੁੰਦੇ[5] ਹਨ, ਉਹ[6] ਹੀ ਪ੍ਰਭੂ ਕਰ ਦਿੰਦਾ ਹੈ ਅਤੇ ਉਹ ਆਪਣੇ ਚਿੱਤ ਚਾਹੁੰਦੇ[7] ਮੇਵੇ[8] ਪਾ ਲੈਂਦੇ ਹਨ।

ਹਿਰਦੈ[9] ਜਪਉ[10] ਨੇਤ੍ਰ[12] ਧਿਆਨੁ[13] ਲਾਵਉ[14]

In my mind[9] I contemplate[10] God, with mine eyes[12], I fix[14] my gaze[13] on

ਆਪਣੇ ਮਨ[9] ਵਿਚ ਮੈਂ ਹਰੀ ਸਿਮਰਦਾ[10] ਹਾਂ, ਅਪਣੀਆਂ ਅੱਖਾਂ[12] ਨਾਲ ਮੈਂ ਉਸ ਤੇ ਟਿਕਟਿਕੀ[13] ਬੰਨ੍ਹਦਾ[14] ਹਾਂ

ਸ੍ਰਵਨੀ[15] ਕਥਾ[16] ਸੁਨਾਏ ॥

੧੨੦੫

ਚਰਣੀ[17] ਚਲਉ ਮਾਰਗਿ[18] ਠਾਕੁਰ ਕੈ ਰਸਨਾ[19] ਹਰਿ ਗੁਣ[20] ਗਾਏ[21] ॥੨॥
ਦੇਖਿਓ ਦ੍ਰਿਸਟਿ[22] ਸਰਬ[23] ਮੰਗਲ[24] ਰੂਪ[25] ਉਲਟੀ[26] ਸੰਤ ਕਰਾਏ ॥

ਪਾਇਓ ਲਾਲੁ[27] ਅਮੋਲ[28] ਨਾਮੁ ਹਰਿ ਛੋਡਿ ਨ ਕਤਹੂ[29] ਜਾਏ ॥੩॥
ਕਵਨ[30] ਉਪਮਾ[31] ਕਉਨ ਬਡਾਈ[32] ਕਿਆ ਗੁਨ[33] ਕਹਉ[34] ਰੀਝਾਏ[35] ॥
ਹੋਤ[41] ਕ੍ਰਿਪਾਲ[36] ਦੀਨ[37] ਦਇਆ[38] ਪ੍ਰਭ ਜਨ[39] ਨਾਨਕ ਦਾਸ[40] ਦਸਾਏ ॥੪॥੮॥

ਸਾਰਗ ਮਹਲਾ ੫ ॥
ਓਇ[42] ਸੁਖ[43] ਕਾ ਸਿਉ[44] ਬਰਨਿ[45] ਸੁਨਾਵਤ[46] ॥
ਅਨਦ[47] ਬਿਨੋਦ[48] ਪੇਖਿ[49] ਪ੍ਰਭ ਦਰਸਨ[50] ਮਨਿ ਮੰਗਲ[51] ਗੁਨ[52] ਗਾਵਤ[53]॥੧॥ ਰਹਾਉ ॥
ਬਿਸਮ[54] ਭਈ ਪੇਖਿ[55] ਬਿਸਮਾਦੀ[56] ਪੂਰਿ[57] ਰਹੇ ਕਿਰਪਾਵਤ[58] ॥
ਪੀਓ[59] ਅੰਮ੍ਰਿਤੁ[60] ਨਾਮੁ ਅਮੋਲਕ[61] ਜਿਉ[62] ਚਾਖਿ[63] ਗੂੰਗਾ[64] ਮੁਸਕਾਵਤ[65] ॥੧॥

Him and with my ears[15], hear I His gospel[16].

1205

With my feet[17] I walk on the Lord's path[18], and with my tongue[19] hymn[21] I the God's praise[20].

I see the Lord, the Embodiment[25] of all[23] bliss[24] with mine eyes[22]. The saint has turned[26] my mind away from the world.

I have obtained, the loved[27] and priceless[28] Name of God, which leaving me goes not elsewhere[29].

What[30] praise[31], what glory[32] and what virtues[33] of the Lord should I utter[34], that He might be pleased[35] ?

On whomsoever, the Lord merciful[38] to the meek[37], is[41] compassionate[36], becomes the slave[40] of His slaves, O servant[39] Nanak.

Sarang 5th Guru.

To whom[44] should I tell[45] and utter[46] that[42] state of bliss[43] ?

Seeing[49] the Lord's vision[50], I am in bliss[47] and intense delight[48], and my mind sings[53] the Lord's praise[51] and merits[52]. Pause.

I am wonderstruck[54] seeing[55] my wondrous Lord[56]. My Merciful Master[58] is filling[57] all.

I in-drink[59], the invaluable[61] Name-Nectar[60], and like[62] the dumb[64], who only smiles[65] I can utter not its taste[63].

ਤੇ ਆਪਣਿਆਂ ਕੰਨਾਂ[15] ਨਾਲ, ਉਸ ਦੀ ਵਾਰਤਾ[16] ਸੁਣਦਾ ਹਾਂ ।

੧੨੦੫

ਆਪਣੇ ਪੈਰਾਂ[17] ਨਾਲ ਮੈਂ ਪ੍ਰਭੂ ਦੇ ਰਸਤੇ[18] ਟੁਰਦਾ ਹਾਂ ਅਤੇ ਆਪਣੀ ਜਿਹਭਾ[19] ਨਾਲ ਮੈਂ ਵਾਹਿਗੁਰੂ ਦਾ ਜੱਸ[20] ਗਾਉਂਦਾ[21] ਹਾਂ ।

ਸਮੂਹ[23] ਪ੍ਰਸੰਨਤਾ[24] ਦੇ ਸਰੂਪ[25], ਸੁਆਮੀ ਨੂੰ ਮੈਂ ਆਪਣੀਆਂ ਅੱਖਾਂ[22] ਨਾਲ ਵੇਖਦਾ ਹਾਂ । ਸਾਧੂ ਨੇ ਮੇਰੇ ਮਨ ਨੂੰ ਦੁਨੀਆਂ ਵੱਲੋਂ ਮੋੜ ਦਿੱਤਾ[26] ਹੈ ।

ਮੈਂ ਵਾਹਿਗੁਰੂ ਦੇ ਪਿਆਰੇ[27] ਅਤੇ ਅਣਮੁੱਲੇ[28] ਨਾਮ ਨੂੰ ਪਾ ਲਿਆ ਹੈ, ਜੋ ਮੈਨੂੰ ਛੱਡ ਕੇ ਹੋਰ ਕਿਧਰੇ[29] ਨਹੀਂ ਜਾਂਦਾ ।

ਕਿਹੜੀ[30] ਮਹਿਮਾ[31], ਕਿਹੜੀ ਪ੍ਰਭਤਾ[32] ਅਤੇ ਕਿਹੜੀਆਂ ਨੇਕੀਆਂ[33] ਪ੍ਰਭੂ ਦੀਆਂ ਮੈਂ ਉਚਾਰਨ ਕਰਾਂ[34], ਕਿ ਉਹ ਪ੍ਰਸੰਨ[35] ਹੋ ਜਾਏ ।

ਜਿਸ ਕਿਸੇ ਤੇ ਮਸਕੀਨਾਂ[37] ਤੇ ਮਿਹਰਬਾਨ[38] ਸੁਆਮੀ ਦਇਆਵਾਨ[36] ਹੈ[41], ਉਹ ਉਸ ਦੇ ਗੋਲਿਆਂ ਦਾ ਗੋਲਾ[40] ਹੋ ਜਾਂਦਾ ਹੈ, ਹੇ ਨੌਕਰ[39] ਨਾਨਕ !

ਸਾਰੰਗ ਪੰਜਵੀਂ ਪਾਤਿਸ਼ਾਹੀ ।

ਉਸ[42] ਖੁਸ਼ੀ[43] ਦੀ ਅਵਸਥਾ ਨੂੰ ਮੈਂ ਕਿਸ[44] ਨੂੰ ਦੱਸਾਂ[45] ਅਤੇ ਵਰਣਨ[46] ਕਰਾਂ ।

ਸੁਆਮੀ ਦਾ ਦੀਦਾਰ[50] ਦੇਖਣ ਦੁਆਰਾ[49] ਮੈਂ ਖੁਸ਼ੀ[47] ਅਤੇ ਪਰਮ ਪਰਸੰਨਤਾ[48] ਵਿਚ ਹਾਂ ਅਤੇ ਮੇਰਾ ਮਨੂਆ ਸੁਆਮੀ ਦੀ ਕੀਰਤੀ[51] ਅਤੇ ਨੇਕੀਆਂ[52] ਗਾਇਨ[53] ਕਰਦਾ ਹੈ । ਠਹਿਰਾਉ ।

ਆਪਣੇ ਅਦਭੁਤ ਸਾਂਈਂ[56] ਨੂੰ ਵੇਖ ਕੇ[55] ਮੈਂ ਅਸਚਰਜ[54] ਹੋ ਗਈ ਹਾਂ । ਮੇਰਾ ਮਿਹਰਬਾਨ ਮਾਲਕ[58] ਸਾਰੇ ਪੂਰਨ[57] ਹੋ ਰਿਹਾ ਹੈ ।

ਮੈਂ ਅਣਮੁੱਲੇ[61] ਨਾਮ-ਸੁਧਾਰਸ[60] ਨੂੰ ਪਾਨ ਕਰਦਾ[59] ਹਾਂ, ਅਤੇ ਗੂੰਗੇ ਆਦਮੀ[64] ਦੀ ਮਾਨੰਦ[62], ਜੋ ਕੇਵਲ ਮੁਸਕਰਾਉਂਦਾ[65] ਹੀ ਹੈ, ਮੈਂ ਇਸ ਦੇ ਸੁਆਦ[63] ਨੂੰ ਦੱਸ ਨਹੀਂ ਸਕਦਾ ।

ਜੈਸੇ[66] ਪਵਨੁ[67] ਬੰਧ[68] ਕਰਿ ਰਾਖਿਓ ਬੂਝ[69] ਨ ਆਵਤ[70] ਜਾਵਤ[71] ॥ ਜਾਕਉ ਰਿਦੈ[72] ਪ੍ਰਗਾਸੁ[73] ਭਇਓ ਹਰਿ ਉਆ[74] ਕੀ ਕਹੀ[75] ਨ ਜਾਇ ਕਹਾਵਤ[76] ॥੨॥	As[66] the breath[67] is kept bound[68] to the body, and one knows[69] not, when it comes[70] in and goes[71] out, so is he, the mortal whose mind[72] is illumined[73] with the Lord's Light. His[74] gospel[76] can be uttered[75] not	ਜਿਸ ਤਰ੍ਹਾਂ[66] ਸੁਆਸ[67] ਦੇਹਿ ਨਾਲ ਬੰਨ੍ਹ[68] ਕੇ ਰੱਖਿਆ ਹੋਇਆ ਹੈ ਅਤੇ ਜੀਵ ਨੂੰ ਇਸ ਦੇ ਅੰਦਰ ਆਉਣ[70] ਤੇ ਬਾਹਰ ਜਾਣ[71] ਦਾ ਪਤਾ[69] ਨਹੀਂ ਹੁੰਦਾ, ਏਸੇ ਤਰ੍ਹਾਂ ਦਾ ਹੀ ਹੈ ਉਹ ਪ੍ਰਾਣੀ ਜਿਸ ਦਾ ਮਨ[72] ਪ੍ਰਭੂ ਦੇ ਨਾਲ ਰੋਸ਼ਨ[73] ਹੋਇਆ ਹੋਇਆ ਹੈ। ਉਸ[74] ਦੀ ਕਥਾ[76] ਵਰਣਨ[75] ਕੀਤੀ ਨਹੀਂ ਜਾ ਸਕਦੀ।
ਆਨ[77] ਉਪਾਵ[78] ਜੇਤੇ ਕਿਛੁ[79] ਕਹੀਅਹਿ[80] ਤੇਤੇ[81] ਸੀਖੇ[82] ਪਾਵਤ ॥	Other[77] efforts[78], as many as[79] they are said[80] to be, so many[81] have I learnt[82] and practised.	ਹੋਰ[77] ਉਪਰਾਲੇ[78], ਜਿੰਨੇ ਭੀ[79] ਉਹ ਆਖੇ ਜਾਂਦੇ[80] ਹਨ, ਉਨੇ[81] ਹੀ ਮੈਂ ਸਿਖ[82] ਅਤੇ ਕਰ ਲਏ ਹਨ।
ਅਚਿੰਤ[83] ਲਾਲੁ[84] ਗ੍ਰਿਹ[85] ਭੀਤਰਿ[86] ਪ੍ਰਗਟਿਓ[87] ਅਗਮ[88] ਜੈਸੇ[89] ਪਰਖਾਵਤ[90] ॥੩॥	My care-free[83] Beloved[84] has become manifest[87] within[86] my mind-home[85]. It is as if[89] I have assayed[90] the Recondite Lord[88].	ਮੇਰਾ ਫ਼ਿਕਰ-ਰਹਿਤ[83] ਪ੍ਰੀਤਮ[84] ਮੇਰੇ ਮਨ ਦੇ ਘਰ[85] ਅੰਦਰ[86] ਪ੍ਰਤੱਖ[87] ਹੋ ਗਿਆ ਹੈ। ਇਹ ਇਉਂ ਹੈ ਜਿਸ ਤਰ੍ਹਾਂ[89] ਕਿ ਮੈਂ ਗੁਪਤ ਪ੍ਰਭੂ[88] ਨੂੰ ਪਰਖ ਲਿਆ[90] ਹੈ।
ਨਿਰਗੁਣ[91] ਨਿਰੰਕਾਰ[92] ਅਬਿਨਾਸੀ[93] ਅਤੁਲੋ[94] ਤੁਲਿਓ[95] ਨ ਜਾਵਤ ॥	The Unqualitative[91], Formless[92], Eternal[93] and Immeasurable[94] Lord can be weighed[95] not.	ਲੱਛਣ-ਰਹਿਤ[91], ਸਰੂਪ-ਰਹਿਤ[92], ਅਮਰ[93] ਅਤੇ ਅਮਾਪ[94] ਪ੍ਰਭੂ ਜੋਖਿਆ[95] ਨਹੀਂ ਜਾ ਸਕਦਾ।
ਕਹੁ ਨਾਨਕ ਅਜਰੁ[96] ਜਿਨਿ[97] ਜਰਿਆ[98] ਤਿਸ[99] ਹੀ ਕਉ ਬਨਿ ਆਵਤ[100] ॥ ੪॥੯॥	Says Nanak, whosoever[97] endures[98] the unendurable[96]; him[99] alone behoves[100] this state.	ਗੁਰੂ ਜੀ ਆਖਦੇ ਹਨ, ਜੋ ਕੋਈ[97] ਅਸਹਿ[96] ਨੂੰ ਸਹਾਰਦਾ[98] ਹੈ; ਕੇਵਲ ਉਸ[99] ਨੂੰ ਹੀ ਇਹ ਅਵਸਥਾ ਫਬਦੀ[100] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਬਿਖਈ[2] ਦਿਨੁ ਰੈਨਿ ਇਵਹੀ[3] ਗੁਦਾਰੈ[4] ॥	The lustful[2] person vainly[3] passes[4] his day and night.	ਵਿਸ਼ਈ ਪੁਰਸ਼[2] ਆਪਣਾ ਦਿਨ ਤੇ ਰਾਤ ਐਵੇਂ[3] ਹੀ ਬਤੀਤ ਕਰ ਲੈਂਦਾ[4] ਹੈ।
ਗੋਬਿੰਦੁ[14] ਨ ਭਜੈ[6] [7]ਅਹੰਬੁਧਿ[8] ਮਾਤਾ[9] ਜਨਮੁ[10] ਜੂਐ[12] ਜਿਉ[13] ਹਾਰੈ[15] ॥੧॥ ਰਹਾਉ ॥	Inebriated[9] with [7]haughty-intellect[8], man[13] contemplates[6] not his Lord[14], and loses[15] his life[10] in gamble[12]. Pause.	ਹੰਕਾਰੀ[7] ਮਤ[8] ਨਾਲ ਮਤਵਾਲਾ[9] ਹੋਇਆ ਹੋਇਆ ਜੀਵ[13] ਆਪਣੇ ਸੁਆਮੀ[14] ਦਾ ਸਿਮਰਨ[6] ਨਹੀਂ ਕਰਦਾ ਅਤੇ ਆਪਣੇ ਜੀਵਨ[10] ਨੂੰ ਜੂਏ[12] ਵਿਚ ਹਾਰ ਦਿੰਦਾ[15] ਹੈ। ਠਹਿਰਾਉ।
ਨਾਮੁ ਅਮੋਲਾ[16] ਪ੍ਰੀਤਿ[17] ਨ ਤਿਸ[18] ਸਿਉ[19] [20]ਪਰਨਿੰਦਾ[21] ਹਿਤਕਾਰੈ[22] ॥	Priceless[16] is the Lord's Name, with[19] it[18] he enshrines not affection[17]. He loves[22] only to slander[21] others[20].	ਅਣਮੁੱਲਾ[16] ਹੈ ਪ੍ਰਭੂ ਦਾ ਨਾਮ, ਇਸ[18] ਨਾਲ[19] ਉਹ ਪਿਰਹੜੀ[17] ਨਹੀਂ ਪਾਉਂਦਾ। ਉਸ ਦਾ ਪਿਆਰ[22] ਕੇਵਲ ਹੋਰਨਾਂ[20] ਦੀ ਬਦਖੋਈ[21] ਕਰਨ ਵਾਲਾ ਹੈ।
ਛਾਪਰੁ[23] ਬਾਧਿ[24] ਸਵਾਰੈ[25] ਤ੍ਰਿਣ[26] ਕੋ ਦੁਆਰੈ[27] ਪਾਵਕੁ[28] ਜਾਰੈ[29] ॥੧॥	Arranging[25] the straw[26], he constructs[24] a thatched hut[23], and burns[29] fire[28] inside its door[27].	ਘਾਸ ਫੂਸ[26] ਨੂੰ ਸੁਆਰ[25] ਕੇ ਉਹ ਕੱਖਾਂ ਦੀ ਕੁੱਲੀ[23] ਬਣਾਉਂਦਾ[24] ਹੈ ਅਤੇ ਇਸ ਦੇ ਬੂਹੇ[27] ਦੇ ਅੰਦਰਵਾਰ ਅੱਗ[28] ਬਾਲਦਾ[29] ਹੈ।

ਕਾਲਰ[30] ਪੋਟ[31] ਉਠਾਵੈ[32] ਮੂੰਡਹਿ[33] ਅੰਮ੍ਰਿਤੁ[34] ਮਨ ਤੇ ਡਾਰੈ[35] ॥	The load[31] of nitre[30] he carries[32] on his head[33], the Lord's Nectar[34], he drives out[35] of his mind.	ਸ਼ੋਰੇ[30] ਦੀ ਪੰਡ[31] ਉਹ ਆਪਣੇ ਸਿਰ[33] ਉਤੇ ਚੁਕਦਾ[32] ਹੈ ਅਤੇ ਪ੍ਰਭੂ ਦੇ ਸੁਧਾਰਸ[34] ਨੂੰ ਆਪਣੇ ਚਿਤ ਵਿੱਚੋਂ ਪਰੇ ਸੁੱਟ ਪਾਉਂਦਾ[35] ਹੈ।
ਓਢੈ[36] ਬਸਤ੍ਰ[37] ਕਾਜਰ[38] ਮਹਿ[39] ਪਰਿਆ[40] ਬਹੁਰਿ[41] ਬਹੁਰਿ ਫਿਰਿ[42] ਝਾਰੈ[43] ॥੨॥	Wearing[36] good clothes[37], man falls[40] into[39] the lamp-black[38] and then[42] shakes[43] it off again and again[41].	ਚੰਗੇ ਕਪੜੇ[37] ਪਾ[36]ਕੇ, ਬੰਦਾ ਕਾਲਕ[38] ਅੰਦਰ[39] ਡਿਗਦਾ[40] ਹੈ ਅਤੇ ਤਦ[42] ਮੁੜ ਮੁੜ ਕੇ[41] ਇਸ ਨੂੰ ਝਾੜਦਾ[43] ਹੈ।
ਕਾਟੈ[44] ਪੇਡੁ[45] ਡਾਲ[46] ਪਰਿ ਠਾਢੌ[47] ਖਾਇ ਖਾਇ ਮੁਸਕਾਰੈ[48] ॥	Standing[47] on its stem[46], he cuts[44] down the tree[45] and there he eats, eats and smiles[48].	ਇਸ ਦੇ ਟਹਿਣੇ[46] ਉਤੇ ਖਲੋ[47], ਉਹ ਦਰਖਤ[45] ਨੂੰ ਵਢਦਾ[44] ਹੈ ਅਤੇ ਉਥੇ ਉਹ ਖਾ ਖਾ ਕੇ ਮੁਸਕਰਾਉਂਦਾ[48] ਹੈ।
ਗਿਰਿਓ[49] ਜਾਇ ਰਸਾਤਲਿ[50] ਪਰਿਓ ਛਿਟੀ[51] ਛਿਟੀ ਸਿਰ ਭਾਰੈ[52] ॥੩॥	He falls[49] head long[52], down below[50] and is shattered into bits[51] and pieces.	ਉਹ ਸਿਰ ਪਰਨੇ[52], ਹੇਠਾਂ[50] ਜਾ ਡਿਗਦਾ[49] ਹੈ ਅਤੇ ਟੋਟੇ ਟੋਟੇ[51] ਹੋ ਜਾਂਦਾ ਹੈ।
ਨਿਰਵੈਰੈ[53] ਸੰਗਿ[54] ਵੈਰੁ[55] ਰਚਾਏ[56] ਪਹੁਚਿ[57] ਨ ਸਕੈ ਗਵਾਰੈ[58] ॥	With[54] the uninimical[53] one, he bears[56] enmity[55], but the fool[58] can equal[57] him not.	ਦੁਸ਼ਮਨੀ-ਰਹਿਤ[53] ਨਾਲ[54] ਉਹ ਦੁਸ਼ਮਨੀ[55] ਕਰਦਾ[56] ਹੈ, ਪਰੰਤੂ ਮੂਰਖ[58] ਉਸ ਦੀ ਬਰਾਬਰੀ[57] ਨਹੀਂ ਕਰ ਸਕਦਾ।
ਕਹੁ ਨਾਨਕ ਸੰਤਨ ਕਾ ਰਾਖਾ[59] ਪਾਰਬ੍ਰਹਮੁ[60] ਨਿਰੰਕਾਰੈ[61] ॥੪॥੧੦॥	Says Nanak, the formless[61] Supreme Lord[60] is the Saviour[59] of His saints.	ਗੁਰੂ ਜੀ ਆਖਦੇ ਹਨ, ਸਰੂਪ-ਰਹਿਤ[61] ਸ਼ਰੋਮਣੀ ਸਾਹਿਬ[60] ਆਪਣੇ ਸਾਧੂਆਂ ਦਾ ਰਖਵਾਲਾ[59] ਹੈ।
ਸਾਰੰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਅਵਰਿ[62] ਸਭਿ ਭੂਲੇ[63] ਭ੍ਰਮਤ[64] ਨ ਜਾਨਿਆ ॥	All others[62] stray[63] in doubt[64] and know not their Lord.	ਹੋਰ[62] ਸਾਰੇ ਵਹਿਮ[64] ਅੰਦਰ ਕੁਰਾਹੇ[63] ਪਏ ਹੋਏ ਹਨ ਅਤੇ ਪ੍ਰਭੂ ਨੂੰ ਨਹੀਂ ਜਾਣਦੇ।
ਏਕੁ [15]ਸੁਧਾਖਰੁ[16] ਜਾ ਕੈ ਹਿਰਦੈ[17] ਵਸਿਆ ਤਿਨਿ ਬੇਦਹਿ ਤਤੁ[18] ਪਛਾਨਿਆ[19] ॥੧॥ ਰਹਾਉ ॥	He, within whose mind[17] the one pure[15] Name[16] abides; he realises[19] the quintessence[18] of the Vedas. Pause.	ਜਿਸ ਦੇ ਮਨ[17] ਅੰਦਰ ਇਕ [15]ਪਵਿੱਤ੍ਰ-ਨਾਮ[16] ਵਸਦਾ ਹੈ; ਉਹ ਵੇਦਾਂ ਦੀ ਅਸਲੀਅਤ[18] ਨੂੰ ਸਮਝਦਾ[19] ਹੈ। ਠਹਿਰਾਉ।
ਪਰਵਿਰਤਿ[20] ਮਾਰਗੁ[21] ਜੇਤਾ ਕਿਛੁ[22] ਹੋਈਐ[23] ਤੇਤਾ[24] ਲੋਗ[25] ਪਚਾਰਾ[26] ॥	The more[22] man walks[23] in the worldly[20] way[21], the more[24] he pleases[26] the people[25].	ਜਿੰਨਾਂ ਜ਼ਿਆਦਾ[22] ਬੰਦਾ ਸੰਸਾਰ[20] ਦੇ ਰਸਤੇ[21] ਟੁਰਦਾ[23] ਹੈ, ਉਨਾਂ ਹੀ ਜ਼ਿਆਦਾ[24] ਉਹ ਲੋਕਾਂ[25] ਨੂੰ ਖੁਸ਼[26] ਕਰ ਲੈਂਦਾ ਹੈ।
ਜਉ[27] ਲਉ ਰਿਦੈ[28] ਨਹੀ ਪਰਗਾਸਾ[29] ਤਉ[30] ਲਉ ਅੰਧ[31] ਅੰਧਾਰਾ[32] ॥੧॥	As long as[27] man's mind[28] is illumined[29] not, so long[30] he remains in blind[31] darkness[32].	ਜਦ ਤਾਂਈ[27] ਮਨੁੱਖ ਦਾ ਮਨ[28] ਰੋਸ਼ਨ[29] ਨਹੀਂ ਹੋ ਜਾਂਦਾ, ਉਦੋਂ ਤਾਂਈ[30] ਉਹ ਅੰਨ੍ਹੇ[31] ਅਨ੍ਹੇਰੇ[32] ਵਿਚ ਹੀ ਰਹਿੰਦਾ ਹੈ।
ਜੈਸੇ[34] ਧਰਤੀ[33] ਸਾਧੈ[35] ਬਹੁ[39] ਬਿਧਿ[36] ਬਿਨੁ ਬੀਜੈ[37] ਨਹੀ ਜਾਮੈ[38] ॥	As[34] the land[33] prepared[35] in many[39] ways[36] germinates[38] not without being sown[37].	ਜਿਸ ਤਰ੍ਹਾਂ[34] ਅਨੇਕਾਂ[39] ਤਰੀਕਿਆਂ[36] ਨਾਲ ਤਿਆਰ ਕੀਤੀ[35] ਹੋਈ ਜ਼ਮੀਨ[33] ਬਗੈਰ ਬੀਜੇ[37] ਨਹੀਂ ਉਗਦੀ[38]।

ਰਾਮ ਨਾਮ ਬਿਨੁ ਮੁਕਤਿ[40] ਨ ਹੋਈ ਹੈ ਤੁਟੈ[41] ਨਾਹੀ ਅਭਿਮਾਨੈ[42] ॥੨॥

Similarly without the Lord's Name, man is emancipated[40] not, nor is his pride[42] dispelled[41].

ਏਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੇ ਬਗੈਰ ਬੰਦੇ ਦੀ ਕਲਿਆਣ[40] ਨਹੀਂ ਹੁੰਦੀ, ਨਾ ਹੀ ਉਸ ਦਾ ਹੰਕਾਰ[42] ਦੂਰ[41] ਹੁੰਦਾ ਹੈ।

ਨੀਰੁ[43] ਬਿਲੋਵੈ[44] ਅਤਿ[45] ਸ੍ਰਮੁ[46] ਪਾਵੈ ਨੈਨੂ[47] ਕੈਸੇ[48] ਰੀਸੈ[49] ॥

Churning[44] water[43], mortal suffers[46] immensely[45]. How[48] can butter[47] come out[49] this wise ?

ਪਾਣੀ[43] ਨੂੰ ਰਿੜਕਣ[44] ਨਾਲ, ਪ੍ਰਾਣੀ ਅਤਿਅੰਤ[45] ਦੁਖ[46] ਪਾਉਂਦਾ ਹੈ। ਇਸ ਤਰ੍ਹਾਂ ਮੱਖਣ[47] ਕਿਸ ਤਰ੍ਹਾਂ[48] ਨਿਕਲ[49] ਸਕਦਾ ਹੈ ?

ਬਿਨੁ ਗੁਰ ਭੇਟੇ[50] ਮੁਕਤਿ[51] ਨ ਕਾਹੂ ਮਿਲਤ ਨਹੀ [52]ਜਗਦੀਸੈ[53] ॥੩॥

Without meeting[50] with the Guru no one is emancipated[51] nor unites he with the Lord[53] of the universe[52]

ਗੁਰਾਂ ਦੇ ਨਾਲ ਮਿਲਣ[50] ਦੇ ਬਗੈਰ ਕੋਈ ਭੀ ਮੁਕਤ[51] ਨਹੀਂ ਹੁੰਦਾ ਨਾ ਹੀ ਆਲਮ[52] ਦੇ ਸੁਆਮੀ[53] ਨਾਲ ਉਸ ਦਾ ਮਿਲਾਪ ਹੁੰਦਾ ਹੈ।

੧੨੦੬ / 1206 / ੧੨੦੬

ਖੋਜਤ[54] ਖੋਜਤ ਇਹੈ ਬੀਚਾਰਿਓ[55] ਸਰਬ[56] ਸੁਖਾ[57] ਹਰਿ ਨਾਮਾ ॥

Searching[54] and seeking, I have realised[55] like this that all[56] comforts[57] are in God's Name.

ਢੂੰਡ[54] ਭਾਲ ਕੇ ਮੈਂ ਇਹ ਅਨੁਭਵ[55] ਕੀਤਾ ਹੈ ਕਿ ਸਾਰੇ[56] ਆਰਾਮ[57] ਵਾਹਿਗੁਰੂ ਦੇ ਨਾਮ ਵਿਚ ਹੀ ਹਨ।

ਕਹੁ ਨਾਨਕ ਤਿਸੁ[58] ਭਇਓ ਪਰਾਪਤਿ[59] ਜਾਕੈ ਲੇਖੁ[60] ਮਥਾਮਾ[61] ॥੪॥੧੧॥

Says Nanak, he[58] alone is blessed[59] with it, on whose brow[61] good destiny is recorded[60].

ਗੁਰੂ ਜੀ ਆਖਦੇ ਹਨ, ਕੇਵਲ ਉਸ[58] ਨੂੰ ਹੀ ਇਸ ਦੀ ਦਾਤ ਮਿਲਦੀ[59] ਹੈ, ਜਿਸ ਦੇ ਮੱਥੇ[61] ਉਤੇ ਚੰਗੀ ਪ੍ਰਾਲਭਧ ਲਿਖੀ ਹੋਈ[60] ਹੈ।

ਸਾਰੰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਨਦਿਨੁ[62] ਰਾਮ ਕੇ ਗੁਣ[63] ਕਹੀਐ[64] ॥

Night[62] and day, utter[64] thou thy Lord's praise[63].

ਰਾਤ[62] ਤੇ ਦਿਨ, ਤੂੰ ਆਪਣੇ ਪ੍ਰਭੂ ਦਾ ਜੱਸ[63] ਉਚਾਰਨ[64] ਕਰ।

ਸਗਲ[65] ਪਦਾਰਥ[66] ਸਰਬ[67] ਸੂਖ[68] ਸਿਧਿ[69] ਮਨ[70] ਬਾਂਛਤ[71] ਫਲ[72] ਲਹੀਐ[73] ॥੧॥ਰਹਾਉ॥

This-wise thou shalt obtain[73] all[65] wealth[66], all[67] comforts[68] and successes[69] and thy [70]heart-desired[71] fruits[72]. Pause.

ਇਸ ਤਰ੍ਹਾਂ ਤੈਨੂੰ ਸਾਰੀਆਂ[65] ਦੌਲਤਾਂ[66], ਸਾਰੇ[67] ਆਰਾਮ[68] ਤੇ ਕਾਮਯਾਬੀਆਂ[69] ਅਤੇ [70]ਚਿਤ-ਚਾਹੁੰਦੇ[71] ਮੇਵੇ[72] ਪਰਾਪਤ[73] ਹੋ ਜਾਣਗੇ। ਠਹਿਰਾਉ।

ਆਵਹੁ ਸੰਤ ਪ੍ਰਾਨ[74] ਸੁਖ[75] ਦਾਤੇ[76] ਸਿਮਰਹ[77] ਪ੍ਰਭੁ ਅਬਿਨਾਸੀ[78] ॥

Come ye saints, let us meditate[77] on the Eternal[78] Lord, the Giver[76] of vital breath[74] and bliss[75].

ਤੁਸੀਂ ਆਓ ਸਾਧੂਓ, ਆਪਾਂ ਜਿੰਦ-ਜਾਨ[74] ਅਤੇ ਪ੍ਰਸੰਨਤਾ[75] ਦੇਣਹਾਰ[76] ਅਮਰ[78] ਸੁਆਮੀ ਦਾ ਆਰਾਧਨ[77] ਕਰੀਏ।

ਅਨਾਥਹ[79] ਨਾਥੁ[80] ਦੀਨ[81] ਦੁਖ[82] ਭੰਜਨ[83] ਪੂਰਿ[84] ਰਹਿਓ ਘਟ[85] ਵਾਸੀ[86] ॥੧॥

God, the Master[80] of the masterless[79] and the Destroyer[83] of the sorrow[82] of the poor[81] is permeating[84] and biding[86] in every heart[85].

ਨਿਖਸਮਿਆਂ[79] ਦਾ ਖ਼ਸਮ[80] ਅਤੇ ਗਰੀਬਾਂ[81] ਦੇ ਗ਼ਮ[82] ਦੂਰ ਕਰਨਹਾਰ[83] ਵਾਹਿਗੁਰੂ ਹਰ ਦਿਲ[85] ਅੰਦਰ ਰਮ[84] ਅਤੇ ਵਸ ਰਿਹਾ[86] ਹੈ।

ਗਾਵਤ[87] ਸੁਨਤ[88] ਸੁਨਾਵਤ[89] ਸਰਧਾ[90] ਹਰਿ ਰਸੁ[91] ਪੀ[92] [93]ਵਡਭਾਗੇ[94] ॥

The very[93] fortunate ones[94] sing[87], hear[88] and recite[89] with faith[90] God's praise and in-drink[92] God's elixir[91].

ਪਰਮ[93] ਚੰਗੇ ਨਸੀਬਾਂ ਵਾਲੇ[94] ਭਰੋਸੇ[90] ਨਾਲ ਹਰੀ ਦਾ ਜੱਸ ਗਾਉਂਦੇ[87], ਸੁਣਦੇ[88] ਤੇ ਸੁਣਾਉਂਦੇ[89] ਹਨ ਅਤੇ ਹਰੀ ਦੇ ਅੰਮ੍ਰਿਤ[91] ਨੂੰ ਪਾਨ ਕਰਦੇ[92] ਹਨ।

ਕਲਿ[95] ਕਲੇਸ[96] ਮਿਟੇ[97] ਸਭਿ ਤਨ[98] ਤੇ ਰਾਮ ਨਾਮ ਲਿਵ[99] ਜਾਗੇ[100] ॥੨॥

All the strifes[95] and sufferings[96] are wiped off[97] from the body[98] of those, who remain awake[100] in the love[99] of the Lord's Name.

ਸਾਰੇ ਝਗੜੇ[95] ਅਤੇ ਦੁਖੜੇ[96] ਉਨ੍ਹਾ ਦੀ ਦੇਹਿ[98] ਤੋਂ ਦੂਰ ਹੋ ਜਾਂਦੇ[97] ਹਨ, ਜੋ ਪ੍ਰਭੂ ਦੇ ਨਾਮ ਦੇ ਪਿਆਰ[99] ਅੰਦਰ ਜਾਗਦੇ[100] ਹਨ।

ਕਾਮੁ[2] ਕ੍ਰੋਧੁ[3] ਝੂਠੁ[4] ਤਜਿ[5] ਨਿੰਦਾ[6] ਹਰਿ ਸਿਮਰਨਿ[7] ਬੰਧਨ[8] ਤੂਟੇ[9] ॥

Abandon[5] thou thy lust[2], wrath[3], falsehood[4] and slander[6]. Contemplating[7] God, the bonds[8] shall be loosed[9].

ਤੂੰ ਆਪਣੀ ਸ਼ਹਿਵਤ[2], ਗੁੱਸੇ[3], ਕੂੜ[4] ਅਤੇ ਬਦਖੋਈ[6] ਨੂੰ ਛੱਡ[5] ਦੇ। ਰੱਬ ਦਾ ਆਰਾਧਨ[7] ਕਰਨ ਦੁਆਰਾ, ਤੇਰੇ ਜੂੜ[8] ਵੱਢੇ ਜਾਣਗੇ[9]।

ਮੋਹ[10] ਮਗਨ[12] ਅਹੰ[13] ਅੰਧ[14] ਮਮਤਾ[15] ਗੁਰ ਕਿਰਪਾ[16] ਤੇ ਛੂਟੇ[17] ॥੩॥

By the Guru's grace[16], one is rid[17] of the intoxication[12] of worldly love[10], ego[13] and blind[14] self-hood[15].

ਗੁਰਾਂ ਦੀ ਦਇਆ[16] ਦੁਆਰਾ, ਜੀਵ ਸੰਸਾਰੀ ਲਗਨ[10] ਹੰਕਾਰ[13] ਅਤੇ ਅੰਨ੍ਹੀ[14] ਅਪਣਤ[15] ਦੀ ਮਸਤੀ[12] ਤੋਂ ਖ਼ਲਾਸੀ[17] ਪਾ ਜਾਂਦਾ ਹੈ।

ਤੂ ਸਮਰਥੁ[18] ਪਾਰਬ੍ਰਹਮ[19] ਸੁਆਮੀ ਕਰਿ[20] ਕਿਰਪਾ[21] ਜਨੁ[22] ਤੇਰਾ ॥

Thou art the Omnipotent[18], Transcendent Lord[19] Master. Show[20] Thou mercy[21] to me, Thy slave[22].

ਤੂੰ ਸਰਬ-ਸ਼ਕਤੀਵਾਨ[18] ਪਰਮ ਪ੍ਰਭੂ[19] ਸਾਹਿਬ ਹੈਂ। ਤੂੰ ਮੇਰੇ, ਆਪਣੇ ਗੋਲੇ[22], ਉਤੇ ਰਹਿਮਤ[21] ਧਾਰ[20]।

ਪੂਰਿ[23] ਰਹਿਓ ਸਰਬ[24] ਮਹਿ[25] ਠਾਕੁਰੁ ਨਾਨਕ ਸੋ[26] ਪ੍ਰਭੁ ਨੇਰਾ[27] ॥੪॥੧੨॥

My Master is fully contained[23] amongst[25] all[24]. O Nanak, He[26], the Lord is just near[27].

ਮੇਰਾ ਮਾਲਕ ਸਾਰਿਆਂ[24] ਅੰਦਰ[25] ਪੂਰੀ ਤਰ੍ਹਾਂ ਰਮ ਰਿਹਾ[23] ਹੈ। ਹੇ ਨਾਨਕ! ਉਹ[26] ਸੁਆਮੀ ਐਨ ਨੇੜੇ[27] ਹੀ ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਬਲਿਹਾਰੀ[28] ਗੁਰਦੇਵ[29] ਚਰਨ[30] ॥

Unto the Guru-God's[29] feet[30], I am a sacrifice[28].

ਗੁਰ-ਪ੍ਰਮੇਸ਼ਰ[29] ਦੇ ਪੈਰਾਂ[30] ਉਤੋਂ, ਮੈਂ ਕੁਰਬਾਨ[28] ਜਾਂਦਾ ਹਾਂ।

ਜਾ[31] ਕੈ ਸੰਗਿ[32] ਪਾਰਬ੍ਰਹਮੁ ਧਿਆਈਐ[33] ਉਪਦੇਸੁ[34] ਹਮਾਰੀ ਗਤਿ[35] ਕਰਨ ॥੧॥ਰਹਾਉ॥

Associating[32] with whom[31] the Supreme Lord is meditated[33] upon and whose instruction[34] emancipates[35] us. Pause.

ਜਿਸ[31] ਦੀ ਸੰਗਤ[32] ਕਰਨ ਦੁਆਰਾ ਸ਼ਰੋਮਣੀ ਸਾਹਿਬ ਸਿਮਰਿਆ[33] ਜਾਂਦਾ ਹੈ ਅਤੇ ਜਿਸਦੀ ਸਿਖ-ਮਤ[34] ਦੁਆਰਾ ਸਾਡੀ ਕਲਿਆਣ[35] ਹੋ ਜਾਂਦੀ ਹੈ। ਠਹਿਰਾਉ।

ਦੂਖ[36] ਰੋਗ[37] ਭੈ[38] ਸਗਲ ਬਿਨਾਸੇ[39] ਜੋ ਆਵੈ ਹਰਿ ਸੰਤ ਸਰਨ[40] ॥

Whosoever seeks the protection[40] of the Lord's saints; all his distresses[36], diseases[37] and dreads[38] are dispelled[39].

ਜਿਹੜਾ ਭੀ ਸਾਹਿਬ ਦੇ ਸਾਧੂਆਂ ਦੀ ਪਨਾਹ[40] ਲੈਂਦਾ ਹੈ; ਉਸ ਦੇ ਸਾਰੇ ਦੁਖੜੇ[36], ਬੀਮਾਰੀਆਂ[37] ਅਤੇ ਡਰ[38] ਦੂਰ ਹੋ ਜਾਂਦੇ[39] ਹਨ।

ਆਪਿ ਜਪੈ[41] ਅਵਰਹ[42] ਨਾਮੁ[47] ਜਪਾਵੈ ਵਡ[44] ਸਮਰਥ[43] ਤਾਰਨ[45] ਤਰਨ[46] ॥੧॥

The Guru, himself contemplates[41] the Lord[47] and makes others[42] contemplate. He is greatly[44] powerful[43] and is the ship[45] to ferry across[46].

ਗੁਰੂ ਜੀ, ਖ਼ੁਦ ਸਾਂਈ[47] ਨੂੰ ਸਿਮਰਦੇ[41] ਹਨ ਅਤੇ ਹੋਰਨਾਂ[42] ਪਾਸੋਂ ਸਿਮਰਨ ਕਰਵਾਉਂਦੇ ਹਨ। ਉਹ ਮਹਾਨ[44] ਬਲਵਾਨ[43] ਹਨ ਅਤੇ ਪਾਰ ਉਤਾਰਨ[46] ਲਈ ਜਹਾਜ਼[45] ਹਨ।

ਜਾ ਕੋ ਮੰਤ੍ਰੁ[48] ਉਤਾਰੈ[49]

Such is the Guru, whose instruction[48]

ਐਸੇ ਹਨ ਗੁਰਦੇਵ, ਜਿਨ੍ਹਾਂ ਦਾ ਉਪਦੇਸ਼[48] ਭਰਮ[50] ਨੂੰ

ਸਹਸਾ[50] ਊਣੇ[51] ਕਉ ਸੁਭਰ[52] ਭਰਨ[53] ॥	drives out[49] doubt[50] and fully[52] fills[53] the empty[51] one.	ਦੂਰ[49] ਅਤੇ ਖ਼ਾਲੀ[51] ਨੂੰ ਪੂਰੀ ਤਰ੍ਹਾਂ[52] ਭਰ ਦਿੰਦਾ[53] ਹੈ ।
ਹਰਿ ਦਾਸਨ[54] ਕੀ ਆਗਿਆ[55] ਮਾਨਤ[56] ਤੇ ਨਾਹੀ[57] ਫੁਨਿ[58] ਗਰਭ[59] ਪਰਨ[60] ॥੨॥	They[57], who obey[56] the command[55] of the Lord's slaves[54], enter[60] not into the womb[59] again[58].	ਜੋ, ਸਾਂਈਂ ਦੇ ਗੋਲਿਆਂ[54] ਦੇ ਹੁਕਮ[55] ਦੀ ਪਾਲਨਾ[56] ਕਰਦੇ ਹਨ, ਉਹ[57] ਮੁੜ[58] ਕੇ ਉਦਰ[59] ਅੰਦਰ ਪ੍ਰਵੇਸ਼[60] ਨਹੀਂ ਕਰਦੇ ।
ਭਗਤਨ[61] ਕੀ ਟਹਲ ਕਮਾਵਤ[62] ਗਾਵਤ[63] ਦੁਖ ਕਾਟੇ[64] ਤਾਕੇ[65] ਜਨਮ ਮਰਨ ॥	Whosoever serves[62] the saints[61] and sings[63] the Lord's praise ; his[65] pain of birth and death is effaced[64].	ਜੋ ਕੋਈ ਸੰਤਾਂ[61] ਦੀ ਸੇਵਾ ਕਰਦਾ[62] ਅਤੇ ਪ੍ਰਭੂ ਦਾ ਜੱਸ ਗਾਉਂਦਾ[63] ਹੈ, ਉਸ ਦੀ[65] ਜੰਮਣ ਅਤੇ ਮਰਨ ਦੀ ਪੀੜ ਮਿਟ ਜਾਂਦੀ[64] ਹੈ ।
ਜਾ ਕਉ ਭਇਓ[66] ਕ੍ਰਿਪਾਲੁ[67] ਬੀਠੁਲਾ[68] ਤਿਨਿ ਹਰਿ[69] ਹਰਿ ਅਜਰ[70] ਜਰਨ[71] ॥੩॥	They, unto whom the Beloved[68] becomes[66] merciful[67] ; they endure[71] the unendurable[70] bliss of the Lord's Name[69].	ਜਿਨ੍ਹਾਂ ਉਤੇ ਪ੍ਰੀਤਮ[68] ਮਇਆਵਾਨ[67] ਹੋ ਜਾਂਦਾ[66] ਹੈ; ਉਹ ਪ੍ਰਭੂ ਦੇ ਨਾਮ[69] ਦੀ ਨਾ-ਸਹਾਰੀ ਜਾਣ ਵਾਲੀ[70] ਖ਼ੁਸ਼ੀ ਨੂੰ ਸਹਾਰ ਲੈਂਦੇ[71] ਹਨ !
ਹਰਿ ਰਸਹਿ[72] ਅਘਾਨੇ[73] ਸਹਜਿ[74] ਸਮਾਨੇ[75] ਮੁਖ[76] ਤੇ ਨਾਹੀ ਜਾਤ ਬਰਨ[77] ॥	They who are satiated[73] with the God's elixir[72] ; they merge[75] in the Lord[74] and their glory can be uttered[77] not with the mouth[76].	ਜੋ ਹਰੀ ਦੇ ਅੰਮ੍ਰਿਤ[72] ਨਾਲ ਸੰਤੁਸ਼ਟ[73] ਹੋਏ ਹੋਏ ਹਨ; ਉਹ ਸੁਆਮੀ[74] ਅੰਦਰ ਲੀਨ[75] ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਪ੍ਰਭਤਾ ਮੂੰਹ[76] ਨਾਲ ਵਰਣਨ[77] ਕੀਤੀ ਨਹੀਂ ਜਾ ਸਕਦੀ ।
ਗੁਰ ਪ੍ਰਸਾਦਿ[78] ਨਾਨਕ ਸੰਤੋਖੇ[79] ਨਾਮੁ ਪ੍ਰਭੁ ਜਪਿ[80] ਜਪਿ[81] ਉਧਰਨ[82] ॥੪॥੧੩॥	They, O Nanak, are content[79] by the Guru's grace[78] and remembering[80] and contemplating[81] the Lord's Name are emancipated[82].	ਉਹ, ਹੇ ਨਾਨਕ ! ਗੁਰਾਂ ਦੀ ਦਇਆ[78] ਦੁਆਰਾ ਸੰਤੁਸ਼ਟ[79] ਹਨ ਅਤੇ ਸੁਆਮੀ ਦੇ ਨਾਮ ਦਾ ਸਿਮਰਨ[80] ਅਤੇ ਆਰਾਧਨ[81] ਕਰਨ ਦੁਆਰਾ ਮੁਕਤ[82] ਹੋ ਗਏ ਹਨ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਗਾਇਓ[83] ਰੀ[84] ਮੈ [85]ਗੁਣਨਿਧਿ[86] ਮੰਗਲ[87] ਗਾਇਓ ॥	O[84] my mate, sing[83], sing I the praise[87] of God, the Treasure[86] of virtues[85].	ਨੀ[84] ਮੇਰੀ ਸਹੇਲੀਏ ! ਮੈਂ ਨੇਕੀਆਂ[85] ਦੇ ਖ਼ਜ਼ਾਨੇ[86] ਵਾਹਿਗੁਰੂ ਦੀ ਉਸਤਤੀ[87] ਗਾਇਨ[83] ਕਰਦੀ ਹਾਂ ।
ਭਲੇ[88] ਸੰਜੋਗ[89] ਭਲੇ ਦਿਨ ਅਉਸਰ[90] ਜਉ[91] ਗੋਪਾਲੁ[92] ਰੀਝਾਇਓ[93] ॥੧॥ਰਹਾਉ॥	Auspicious[88] is the opportunity[89], auspicious the day and the moment[90], when[91] man pleases[93] his Lord[92]. Pause.	ਸੁਲੱਖਣਾ[88] ਹੈ ਉਹ ਢੋ ਮੇਲ[89] ਅਤੇ ਸੁਲੱਖਣਾ ਉਹ ਦਿਹਾੜਾ ਅਤੇ ਮੁਹਤ[90], ਜਦ[91] ਇਨਸਾਨ ਆਪਣੇ ਪ੍ਰਭੂ[92] ਨੂੰ ਪ੍ਰਸੰਨ[93] ਕਰਦਾ ਹੈ । ਠਹਿਰਾਉ ।
ਸੰਤਹ ਚਰਨ[94] ਮੋਰਲੋ[95] ਮਾਥਾ[96] ॥	On the saints' feet[94], place I my[95] forehead[96].	ਸਾਧੂਆਂ ਦੇ ਪੈਰਾਂ[94] ਉਤੇ, ਮੈਂ ਆਪਣਾ[95] ਮੱਥਾ[96] ਰਖਦਾ ਹਾਂ ।
ਹਮਰੇ ਮਸਤਕਿ[97] ਸੰਤ ਧਰੇ[98] ਹਾਥਾ ॥੧॥	On my brow[97] the saints have placed[98] their hand.	ਮੇਰੇ ਮੱਥੇ[97] ਉਤੇ ਸਾਧੂਆਂ ਨੇ ਆਪਣਾ ਹੱਥ ਰਖਿਆ[98] ਹੈ ।
ਸਾਧਹ ਮੰਤ੍ਰ[99] ਮੋਰਲੋ	With the saints instruction[99] my	ਸੰਤਾਂ ਦੇ ਉਪਦੇਸ਼[99] ਨਾਲ ਮੇਰਾ ਮਨ[100] ਪਰਸੰਨ ਹੋ

ਮਨੂਆ[100] ਤਾ ਤੇ[2] ਗਤੁ[3] ਹੋਏ [4]ਤ੍ਰੈਗੁਨੀਆ[5] ॥੨॥

mind[100] is pleased, whereby[2] I have risen above[3] the three[4] qualities[5].

ਗਿਆ ਹੈ ਜਿਸ ਦੁਆਰਾ[2] ਮੈਂ ਤਿੰਨਾਂ[4] ਗੁਣਾਂ[5] ਤੋਂ ਉਚੇਰਾ[3] ਹੋ ਗਿਆ ਹਾਂ।

ਭਗਤਹ[6] ਦਰਸੁ[7] ਦੇਖਿ ਨੈਨ[8] ਰੰਗਾ[9] ॥ ਲੋਭ[10] ਮੋਹ[12] ਤੂਟੇ[13] ਭ੍ਰਮ[14] ਸੰਗਾ[15] ॥੩॥

Seeing the saints[6] sight[7], Lord's love[9] has welled up in mine eyes[8] and my association[15] with avarice[10], worldly love[12] and doubt[14] is surrendered[13].

ਸੰਤਾਂ[6] ਦਾ ਦੀਦਾਰ[7] ਵੇਖਣ ਦੁਆਰਾ, ਪ੍ਰਭੂ ਦੀ ਪ੍ਰੀਤ[9] ਮੇਰੀਆਂ ਅੱਖਾਂ[8] ਅੰਦਰ ਉਤਪੰਨ ਹੋ ਗਈ ਹੈ ਅਤੇ ਲਾਲਚ[10], ਸੰਸਾਰੀ ਮਮਤਾ[12] ਅਤੇ ਸੰਦੇਹਿ[14] ਨਾਲੋਂ ਮੇਰੀ ਸੰਗਤ[15] ਟੁੱਟ ਗਈ[13] ਹੈ।

ਕਹੁ ਨਾਨਕ ਸੁਖ[16] ਸਹਜ[17] ਅਨੰਦਾ[18] ॥ ਖੋਲ੍ਹਿ[19] ਭੀਤਿ[20] ਮਿਲੇ [21]ਪਰਮਾਨੰਦਾ[22] ॥੪॥੧੪॥

Says Nanak, I now abide in peace[16], poise[17] and bliss[18] and removing[19] the wall[20] of spiritual ignorance, have met with the Lord of supreme[21] bliss[22].

ਗੁਰੂ ਜੀ ਆਖਦੇ ਹਨ, ਹੁਣ ਮੈਂ ਆਰਾਮ[16], ਅਡੋਲਤਾ[17] ਅਤੇ ਖੁਸ਼ੀ[18] ਅੰਦਰ ਵਸਦਾ ਹਾਂ ਅਤੇ ਆਤਮਕ ਬੇਸਮਝੀ ਦੀ ਕੰਧ[20] ਨੂੰ ਦੂਰ[19] ਕਰ ਕੇ ਮਹਾਨ[21] ਪਰਸੰਨਤਾ[22] ਦੇ ਸੁਆਮੀ ਨੂੰ ਮਿਲ ਪਿਆ ਹਾਂ।

ਸਾਰਗ ਮਹਲਾ ੫ ਘਰ ੨

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is attained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਕੈਸੇ[23] ਕਹਉ[24] ਮੋਹਿ ਜੀਅ[25] ਬੇਦਨਾਈ[26] ॥

How[23] should I utter[24] the pain[26] of my soul[25] ?

ਮੈਂ ਆਪਣੀ ਜਿੰਦੜੀ[25] ਦੀ ਪੀੜ[26] ਨੂੰ ਕਿਸ ਤਰ੍ਹਾਂ[23] ਦੱਸਾਂ[24] ?

ਦਰਸਨ[27] ਪਿਆਸ[28] ਪ੍ਰਿਅ[29] ਪ੍ਰੀਤਿ[30] ਮਨੋਹਰ[31] ਮਨੁ[35] ਨ ਰਹੈ ਬਹੁ[32] ਬਿਧਿ[33] ਉਮਕਾਈ[34] ॥੧॥ ਰਹਾਉ॥

I thirst[28] for the vision[27] of my fascinating[31] and loved[30] Beloved[29]. My soul[35] can live not without it and longs[34] for it in many[32] a way[33]. Pause.

ਮੈਂ ਆਪਣੇ ਮਨਮੋਹਨ[31] ਤੇ ਪਿਆਰੇ[30] ਪ੍ਰੀਤਮ[29] ਦੇ ਦੀਦਾਰ[27] ਦੀ ਤਿਹਾਈ[28] ਹਾਂ। ਮੇਰੀ ਜਿੰਦੜੀ[35] ਇਸ ਦੇ ਬਾਝੋਂ ਰਹਿ ਨਹੀਂ ਸਕਦੀ ਤੇ ਅਨੇਕਾਂ[32] ਤਰੀਕਿਆਂ[33] ਨਾਲ ਇਸ ਦੀ ਤਾਂਘ ਕਰਦੀ[34] ਹੈ। ਠਹਿਰਾਉ।

੧੨੦੭ 1207 ੧੨੦੭

ਚਿਤਵਨਿ[35*] ਚਿਤਵਉ[36] ਪ੍ਰਿਅ[37] ਪ੍ਰੀਤਿ[38] ਬੈਰਾਗੀ[39] ਕਦਿ[41] ਪਾਵਉ ਹਰਿ ਦਰਸਾਈ[40] ॥

Sad[39] in the love[38] of my spouse[37], I cherish[36] His thought[35*]. When[41] shall I have the vision[40] of my God ?

ਆਪਣੇ ਕੰਤ[37] ਦੇ ਪ੍ਰੇਮ[38] ਵਿਚ ਉਦਾਸ[39] ਮੈਂ ਉਸ ਦਾ ਧਿਆਨ[35*] ਧਾਰਦੀ[36] ਹਾਂ। ਆਪਣੇ ਵਾਹਿਗੁਰੂ ਦਾ ਮੈਨੂੰ ਕਦੋਂ[41] ਦਰਸ਼ਨ[40] ਪ੍ਰਾਪਤ ਹੋਵੇਗਾ ?

ਜਤਨ[42] ਕਰਉ ਇਹੁ ਮਨੁ[43] ਨਹੀ ਧੀਰੈ[44] ਕੋਊ[45] ਹੈ ਰੇ ਸੰਤੁ ਮਿਲਾਈ ॥੧॥

I make effort[42], but this soul[43] is comforted[44] not. Is there any[45] such saint, who may make me meet with my Groom ?

ਮੈਂ ਉਪਰਾਲਾ[42] ਕਰਦੀ ਹਾਂ, ਪਰੰਤੂ ਇਹ ਜਿੰਦੜੀ[43] ਧੀਰਜ[44] ਨਹੀਂ ਕਰਦੀ। ਕੀ ਕੋਈ[45] ਐਹੋ ਜੇਹਾ ਸਾਧੂ ਹੈ, ਜੋ ਮੈਨੂੰ ਮੇਰੇ ਪਤੀ ਨਾਲ ਮਿਲਾ ਦੇਵੇ ?

ਜਪ[46] ਤਪ[17] ਸੰਜਮ[48] ਪੁੰਨ[49] ਸਭਿ ਹੋਮਉ[50] ਤਿਸੁ[51] ਅਰਪਉ[52] ਸਭਿ

Worship[46], penance[47], self-control[48] and alms[49] sacrifice[50] I all unto my Lord. To Him[51] I dedicate[52] all my

ਪੂਜਾ[46], ਤਪੱਸਿਆ[47], ਸਵੈ-ਜ਼ਬਤ[48] ਅਤੇ ਦਾਨ ਪੁੰਨ[49] ਮੈਂ ਸਾਰੇ ਆਪਣੇ ਸੁਆਮੀ ਤੋਂ ਕੁਰਬਾਨ[50] ਕਰਦੀ ਹਾਂ। ਉਸ ਨੂੰ[51] ਮੈਂ ਆਪਣੇ ਸਾਰੇ ਆਰਾਮ ਤੇ ਆਪਣੇ ਰਹਿਣ

ਸੁਖ ਜਾਂਈ[53] ॥

comforts and my abode[53] too.

ਦੀ ਥਾਂ[53] ਭੀ ਸਮਰਪਨ[52] ਕਰਦੀ ਹਾਂ ।

ਏਕ ਨਿਮਖ[54] ਪ੍ਰਿਅ[55] ਦਰਸੁ[56] ਦਿਖਾਵੈ ਤਿਸੁ[57] ਸੰਤਨ ਕੈ ਬਲਿ[58] ਜਾਂਈ ॥੨॥

I am devoted[58] unto that[57] saint, who makes me see, even for an instant[54] the vision[56] of my Loved spouse[55].

ਮੈਂ ਉਸ[57] ਸਾਧੂ ਉਤੋਂ ਸਦਕੇ[58] ਜਾਂਦੀ ਹਾਂ ਜੋ ਮੈਨੂੰ ਮੇਰੇ ਪਿਆਰੇ ਪਤੀ[55] ਦਾ ਇਕ ਮੁਹਤ[54] ਭਰ ਲਈ ਭੀ ਦਰਸ਼ਨ[56] ਵਿਖਾਲ ਦੇਵੇ ।

ਕਰਉ ਨਿਹੋਰਾ[59] ਬਹੁਤੁ ਬੇਨਤੀ[60] ਸੇਵਉ[61] ਦਿਨੁ ਰੈਨਾਈ[62] ॥

Implorations[59] and supplications[60] make I many before my spouse and serve[61] Him day and night[62].

ਮਿੰਨਤਾਂ[59] ਅਤੇ ਅਰਜ਼ਾਂ[60] ਮੈਂ ਆਪਣੇ ਪਤੀ ਅੱਗੇ ਘਣੇਰੀਆਂ ਕਰਦੀ ਹਾਂ ਅਤੇ ਦਿਨ ਤੇ ਰਾਤ[62] ਉਸ ਦੀ ਘਾਲ[61] ਕਮਾਉਂਦੀ ਹਾਂ ।

ਮਾਨੁ[63] ਅਭਿਮਾਨੁ[64] ਹਉ ਸਗਲ ਤਿਆਗਉ[67] ਜੋ ਪ੍ਰਿਅ[65] ਬਾਤ[66] ਸੁਨਾਈ ॥੩॥

Abandon[67] I all my self-hood[63] and self-conceit[64] before him, who narrates to me the gospel[66] of my Groom[65].

ਆਪਣੀ ਸਮੂਹ ਅਪਣਤ[63] ਅਤੇ ਸਵੈ-ਹੰਗਤਾ[64] ਮੈਂ ਉਸ ਦੇ ਮੂਹਰੇ ਛੱਡ ਦਿੰਦੀ[67] ਹਾਂ, ਜਿਹੜਾ ਮੈਨੂੰ ਮੇਰੇ ਪਤੀ[65] ਦਾ ਪ੍ਰਸੰਗ[66] ਸੁਣਾਉਂਦਾ ਹੈ ।

ਦੇਖਿ ਚਰਿਤ੍ਰ[68] ਭਈ ਹਉ ਬਿਸਮਨਿ[69] ਗੁਰਿ[70] ਸਤਿਗੁਰਿ ਪੁਰਖਿ[71] ਮਿਲਾਈ ॥

I am wonder-struck[69] seeing the wondrous plays[68] of God[71] and the great[70] True Guru has made me meet with Him.

ਵਾਹਿਗੁਰੂ[71] ਦੀਆਂ ਅਸਚਰਜ ਖੇਡਾਂ[68] ਵੇਖ ਮੈਂ ਅਸਚਰਜ[69] ਹੋ ਗਈ ਹਾਂ ਅਤੇ ਵਿਸ਼ਾਲ[70] ਸੱਚੇ ਗੁਰਾਂ ਨੇ ਮੈਨੂੰ ਉਸ ਨਾਲ ਮਿਲਾ ਦਿੱਤਾ ਹੈ ।

ਪ੍ਰਭ ਰੰਗ[72] ਦਇਆਲ[73] ਮੋਹਿ ਗ੍ਰਿਹ[74] ਮਹਿ[75] ਪਾਇਆ ਜਨ[76] ਨਾਨਕ ਤਪਤਿ[77] ਬੁਝਾਈ ॥੪॥੧॥੧੫॥

My merciful[73] and merry[72] Master, I have obtained within[75] my home[74] and my inner fire[77] is quenched, O slave[76] Nanak ?

ਆਪਣਾ ਮਿਹਰਬਾਨ[73] ਅਤੇ ਹਸਮੁਖਾ[72] ਮਾਲਕ, ਮੈਂ ਆਪਣੇ ਘਰ[74] ਵਿਚ[75] ਹੀ ਪਾ ਲਿਆ ਹੈ ਅਤੇ ਮੇਰੀ ਅੰਦਰਲੀ ਅੱਗ[77] ਬੁੱਝ ਗਈ ਹੈ, ਹੇ ਗੋਲੇ[76] ਨਾਨਕ !

ਸਾਰਗ ਮਹਲਾ ੫ ॥

Sarang 5th Guru

ਸਾਰੰਗ ਪੰਜਵੀਂ ਪਾਤਿਸ਼ਾਹੀ ।

ਰੇ[78] ਮੂੜ੍ਹੇ[79] ਤੂ ਕਿਉ ਸਿਮਰਤ[80] ਅਬ[81] ਨਾਹੀ ॥

O[78] fool[79], why contemplatest[80] not thou thy Lord now[81] ?

ਹੇ[78] ਮੂਰਖ[79] ! ਤੂੰ ਕਿਉਂ ਹੁਣ[81] ਆਪਣੇ ਸੁਆਮੀ ਦਾ ਭਜਨ[80] ਨਹੀਂ ਕਰਦਾ ?

ਨਰਕ[82] ਘੋਰ[83] ਮਹਿ[84] ਉਰਧ[85] ਤਪੁ[86] ਕਰਤਾ ਨਿਮਖ[87] ਨਿਮਖ ਗੁਣ[88] ਗਾਂਹੀ[89] ॥੧॥ਰਹਾਉ॥

In[84] the terrible[83] hell[82] thou didst penance[86] standing on thy head[85] and sang[89] the praise[88] of thy God, every moment[87]. Pause.

ਭਿਆਨਕ[83] ਦੋਜ਼ਕ[82] ਵਿਚ[84] ਤੂੰ ਸਿਰ ਦੇ ਭਾਰ ਖੜਾ[85] ਹੋ ਤਪੱਸਿਆ[86] ਕਰਦਾ ਤੇ ਹਰ ਮੁਹਤ[87] ਆਪਣੇ ਵਾਹਿਗੁਰੂ ਦੀ ਕੀਰਤੀ[88] ਗਾਉਂਦਾ[89] ਸੈਂ । ਠਹਿਰਾਉ ।

ਅਨਿਕ ਜਨਮ[90] ਭ੍ਰਮਤੌ[91] ਹੀ ਆਇਓ ਮਾਨਸ ਜਨਮੁ ਦੁਲਭਾਹੀ[92] ॥

Wandering[91] in various existences[90], thou hast come to attain this precious[92] human birth.

ਅਨੇਕਾਂ ਜੂਨੀਆਂ[90] ਅੰਦਰ ਭਟਕ[91] ਕੇ ਤੈਨੂੰ ਇਹ ਅਮੋਲਕ[92] ਮਨੁੱਖਾ ਜਨਮ ਹੱਥ ਲੱਗਾ ਹੈ ।

ਗਰਭ[93] ਜੋਨਿ[94] ਛੋਡਿ ਜਉ[95] ਨਿਕਸਿਓ[96] ਤਉ[97] ਲਾਗੋ[98] ਅਨ[99] ਠਾਂਹੀ[100] ॥੧॥

Leaving the womb[93] existence[94], when[95] thou emerged[96] out, then[97] got thou attached[98] to another[99] place[100].

ਮਾਂ ਦੇ ਪੇਟ[93] ਦੇ ਜੀਵਨ[94] ਨੂੰ ਤਿਆਗ ਜਦ[95] ਤੂੰ ਬਾਹਰ ਨਿਕਲਿਆ[96], ਤਦ[97] ਤੂੰ ਹੋਰ[99] ਥਾਂ[100] ਨਾਲ ਜੁੜ ਬੈਠਾ[98] ।

ਕਰਹਿ[2] ਬੁਰਾਈ[3] ਠਗਾਈ[4] ਦਿਨੁ ਰੈਨਿ[5] ਨਿਹਫਲ[6] ਕਰਮ[7] ਕਮਾਹੀ[8] ॥	Day and night[5] thou practiset[2] evil[3] beguilest[4] others and doest[8] useless[6] deeds[7].	ਦਿਨ ਤੇ ਰਾਤ[5] ਤੂੰ ਬਦੀ[3] ਕਮਾਉਂਦਾ[2] ਹੈਂ, ਹੋਰਨਾਂ ਨੂੰ ਠਗਦਾ[4] ਹੈਂ ਅਤੇ ਵਿਅਰਥ[6] ਕੰਮ[7] ਕਰਦਾ[8] ਹੈਂ ।
ਕਣੁ[9] ਨਾਹੀ[10] ਤੁਹ[12] ਗਾਹਣ[13] ਲਾਗੇ ਧਾਇ ਧਾਇ[14] ਦੂਖ[15] ਪਾਹੀ ॥੨॥	Thou threshest[13] the straw[12], bereft[10] of grain[9] and running and racing[14] about comest to grief[15].	ਦਾਣਿਆਂ[9] ਤੋਂ ਸੱਖਣੀ[10] ਪਰਾਲੀ[12] ਨੂੰ ਤੂੰ ਗਾਹੁੰਦਾ[13] ਹੈਂ ਅਤੇ ਦੌੜ-ਭੱਜ[14] ਕਰ ਕੇ ਤਕਲੀਫ[15] ਉਠਾਉਂਦਾ ਹੈਂ ।
ਮਿਥਿਆ[16] ਸੰਗਿ[17] ਕੂੜਿ[18] ਲਪਟਾਇਓ[19] ਉਰਝਿ[20] ਪਰਿਓ ਕੁਸਮਾਂਹੀ[21] ॥	The false man[18] is attached[19] to[17] falsehood[16] and is entangled[20] with the saf-flower[21].	ਝੂਠਾ ਆਦਮੀ[18] ਝੂਠ[16] ਨਾਲ[17] ਜੁੜਿਆ[19] ਅਤੇ ਕਸੁੰਭੇ ਦੇ ਫੁੱਲ[21] ਨਾਲ ਉਲਝਿਆ ਹੋਇਆ[20] ਹੈ ।
ਧਰਮ ਰਾਇ ਜਬ[22] ਪਕਰਸਿ[23] ਬਵਰੇ[24] ਤਉ[25] ਕਾਲ[26] ਮੁਖਾ[27] ਉਠਿ[28] ਜਾਹੀ[29] ॥੩॥	When[22] the Righteous judge seizes[23] thee, O man mad[24], then[25] thou shalt arise[28] and depart[29] with the black[26] face[27].	ਜਦ[22] ਧਰਮ ਰਾਜਾ ਤੈਨੂੰ ਫੜੇਗਾ[23], ਹੇ ਪਗਲੇ[24] ਪ੍ਰਾਣੀ! ਤਦ[25] ਤੂੰ ਕਾਲੇ[26] ਮੂੰਹ[27] ਨਾਲ ਖੜ੍ਹਾ[28] ਹੋ ਟੁਰ[29] ਜਾਏਂਗਾ ।
ਸੋ[30] ਮਿਲਿਆ ਜੋ ਪ੍ਰਭੂ ਮਿਲਾਇਆ ਜਿਸੁ ਮਸਤਕਿ[31] ਲੇਖੁ[32] ਲਿਖਾਂਹੀ ॥	He[30] alone meets with the Lord, whom He unites and on whose brow[31] such a writ[32] is written.	ਕੇਵਲ ਉਹ[30] ਹੀ ਸੁਆਮੀ ਨਾਲ ਮਿਲਦਾ ਹੈ, ਜਿਸ ਨੂੰ ਉਹ ਮਿਲਾਉਂਦਾ ਹੈ ਤੇ ਜਿਸ ਦੇ ਮੱਥੇ[31] ਉਤੇ ਐਹੋ ਜੇਹੀ ਲਿਖਤਾਕਾਰ[32] ਲਿਖੀ ਹੋਈ ਹੈ ।
ਕਹੁ ਨਾਨਕ ਤਿਨ੍[33] ਜਨ[34] ਬਲਿਹਾਰੀ[35] ਜੋ ਅਲਿਪ[36] ਰਹੇ ਮਨ ਮਾਂਹੀ[37] ॥੪॥੨॥੧੬॥	Says Nanak, I am a sacrifice[35] unto the[33] man[34], who remains detached[36] in[37] his mind.	ਗੁਰੂ ਜੀ ਆਖਦੇ ਹਨ, ਮੈਂ ਉਸ[33] ਜੀਵ[34] ਉਤੋਂ ਕੁਰਬਾਨ[35] ਜਾਂਦਾ ਹਾਂ, ਜੋ ਆਪਣੇ ਚਿਤ ਅੰਦਰ[37] ਨਿਰਲੇਪ[36] ਰਹਿੰਦਾ ਹੈ ।
ਸਾਰਗ ਮਹਲਾ ੫	Sarang 5th Guru	ਸਾਰੰਗ ਪੰਜਵੀਂ ਪਾਤਿਸ਼ਾਹੀ
ਕਿਉ[38] ਜੀਵਨੁ[39] ਪ੍ਰੀਤਮ[40] ਬਿਨੁ ਮਾਈ[41] ॥	How[38] can I live[39] without my Love[40], O mother[41] ?	ਮੈਂ ਆਪਣੇ ਪਿਆਰੇ[40] ਦੇ ਬਗ਼ੈਰ ਕਿਸ ਤਰ੍ਹਾਂ[38] ਜੀ[39] ਸਕਦੀ ਹਾਂ, ਹੇ ਮਾਤਾ[41] ।
ਜਾ[42] ਕੇ ਬਿਛੁਰਤ[43] ਹੋਤ ਮਿਰਤਕਾ[44] ਗ੍ਰਿਹ[45] ਮਹਿ[46] ਰਹਨੁ ਨ ਪਾਈ ॥੧॥ ਰਹਾਉ ॥	Through whose[42] separation[43], one becomes dead[44] and is allowed not to stay in[46] the house[45]. Pause.	ਜਿਸ[42] ਦੇ ਵਿਛੋੜੇ[43] ਰਾਹੀਂ ਜੀਵ ਮੁਰਦਾ[44] ਹੋ ਜਾਂਦਾ ਹੈ ਅਤੇ ਘਰ[45] ਵਿਚ[46] ਰਹਿਣ ਨਹੀਂ ਦਿੱਤਾ ਜਾਂਦਾ । ਠਹਿਰਾਉ !
ਜੀਅ[47] ਹੀਅ[48] ਪ੍ਰਾਨ[49] ਕੋ ਦਾਤਾ[50] ਜਾ ਕੈ ਸੰਗਿ[51] ਸੁਹਾਈ[52] ॥	He, in whose association[51], one looks embellished[52], is the Giver[50] of mind[47], soul[48] and vital breath[49].	ਜਿਸ ਦੀ ਸੰਗਤ[51] ਅੰਦਰ ਇਨਸਾਨ ਸੁਭਾਇਮਾਨ[52] ਲਗਦਾ ਹੈ, ਉਹ ਮਨ[47], ਆਤਮਾ[48] ਅਤੇ ਜਿੰਦ-ਜਾਨ[49] ਬਖਸ਼ਣ[50] ਵਾਲਾ ਹੈ ।
ਕਰਹੁ[53] ਕ੍ਰਿਪਾ[54] ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ[55] ਗੁਣ[56] ਗਾਈ[57] ॥੧॥	Shower[53] thou thy benediction[54] on me, O saint, that I may sing[57] my Lord's praise[56] with joy[55].	ਤੂੰ ਮੇਰੇ ਉਤੇ ਆਪਣੀ ਮਿਹਰ[54] ਧਾਰ[53], ਹੇ ਸਾਧੂ ! ਤਾਂ ਜੋ ਮੈਂ ਖੁਸ਼ੀ[55] ਨਾਲ ਆਪਣੇ ਸੁਆਮੀ ਦੀ ਸਿਫ਼ਤ[56] ਗਾਇਨ[57] ਕਰਾਂ ।
ਚਰਨ[58] ਸੰਤਨ ਕੇ ਮਾਥੇ[59]	I keep the saints' feet[58] on[60] my	ਮੈਂ ਸਾਧੂ ਦੇ ਪੈਰ[58] ਆਪਣੇ ਮੱਥੇ[59] ਉਤੇ[60] ਟੇਕਦਾ ਹਾਂ

ਮੇਰੇ ਊਪਰਿ[60] ਨੈਨਹੁ[61] ਧੂਰਿ[62] ਬਾਂਛਾਈ[63] ॥

forehead[59] and mine eyes[61] long[63] for the collyrium of the dust[62] of their feet.

ਅਤੇ ਮੇਰੀਆਂ ਅੱਖਾਂ[61] ਉਨ੍ਹਾਂ ਦੀ ਚਰਨ-ਧੂੜ[62] ਦੇ ਸੁਰਮੇ ਨੂੰ ਚਾਹੁੰਦੀਆਂ[63] ਹਨ।

ਜਿਹ ਪ੍ਰਸਾਦਿ[64] ਮਿਲੀਐ ਪ੍ਰਭ ਨਾਨਕ ਬਲਿ[65] ਬਲਿ ਤਾਕੈ[66] ਹਉ ਜਾਈ ॥੨॥੩॥੧੭॥

O Nanak, a sacrifice[65], sacrifice am I unto him[66], by whose grace[64], I meet with my Lord.

ਹੇ ਨਾਨਕ ! ਕੁਰਬਾਨ[65], ਕੁਰਬਾਨ ਜਾਂਦਾ ਹਾਂ ਮੈਂ ਉਸ[66] ਉਤੋਂ, ਜਿਸ ਦੀ ਦਇਆ[64] ਦੁਆਰਾ ਮੈਂ ਆਪਣੇ ਸਾਈਂ ਨੂੰ ਮਿਲਦਾ ਹਾਂ।

ਸਾਰਗ ਮਹਲਾ ੫ ॥

Sarang 5th Guru

ਸਾਰੰਗ ਪੰਜਵੀਂ ਪਾਤਿਸ਼ਾਹੀ।

ਉਆ[67] ਅਉਸਰ[68] ਕੈ ਹਉ ਬਲਿਜਾਈ[69] ॥ ਆਠ ਪਹਰ ਅਪਨਾ ਪ੍ਰਭੁ ਸਿਮਰਨੁ[70] [71]ਵਡਭਾਗੀ[72] ਹਰਿ ਪਾਈ ॥੧॥ਰਹਾਉ॥

I am a sacrifice[69] unto that[67] time[68], when contemplating[70] my Lord throughout the eight watches of the day, obtain I the Master through very[71] good fortune[72]. Pause.

ਮੈਂ ਉਸ[67] ਸਮੇਂ[68] ਤੋਂ ਕੁਰਬਾਨ[69] ਜਾਂਦਾ ਹਾਂ, ਜਦ ਅੱਠੇ ਪਹਿਰ ਆਪਣੇ ਸੁਆਮੀ ਦਾ ਆਰਾਧਨ[70] ਕਰਨ ਦੁਆਰਾ ਮੈਂ ਪਰਮ[71] ਖ਼ੁਸ਼-ਕਿਸਮਤੀ[72] ਰਾਹੀਂ ਮਾਲਕ ਨੂੰ ਪਰਾਪਤ ਹੁੰਦਾ ਹਾਂ। ਠਹਿਰਾਉ।

ਭਲੋ[73] ਕਬੀਰੁ ਦਾਸੁ[74] ਦਾਸਨ ਕੋ ਊਤਮੁ[75] ਸੈਨੁ ਜਨੁ[76] ਨਾਈ[77] ॥

Praiseworthy[73] is Kabir, the slave[74] of God's slaves and sublime[75] is Sain barber[77], the Lord's servant[76].

ਸ਼ਲਾਘਾ ਯੋਗ[73] ਹੈ, ਰੱਬ ਦੇ ਗੋਲਿਆਂ ਦਾ ਗੋਲਾ[74] ਕਬੀਰ ਅਤੇ ਸਰੇਸ਼ਟ[75] ਹੈ ਸਾਹਿਬ ਦਾ ਨੌਕਰ,[76] ਸੈਨ ਹਜਾਮ[77]।

ਊਚ ਤੇ ਊਚ[78] ਨਾਮ ਦੇਉ ਸਮਦਰਸੀ[79] ਰਵਿਦਾਸ ਠਾਕੁਰ ਬਣਿ[80] ਆਈ ॥੧॥

Highest of the high[78] is Nam Dev, who saw all alike[79] and with Rav Dass the Lord was pleased[80].

ਬੁਲੰਦਾਂ ਦਾ ਪਰਮ ਬੁਲੰਦ[78] ਹੈ ਨਾਮਦੇਵ, ਜੋ ਸਾਰਿਆਂ ਨੂੰ ਇਕ-ਸਮਾਨ[79] ਵੇਖਦਾ ਸੀ ਅਤੇ ਰਵਿਦਾਸ, ਨਾਲ ਪ੍ਰਭੂ ਪ੍ਰਸੰਨ[80] ਸੀ।

ਜੀਉ[81] ਪਿੰਡੁ[82] ਤਨੁ[83] ਧਨੁ[84] ਸਾਧਨ ਕਾ ਇਹੁ ਮਨੁ ਸੰਤ ਰੇਨਾਈ[85] ॥

My soul[81], [82]bodily-frame[83] and wealth[84] belong to the saints and this my mind is the dust[85] of their feet.

ਮੇਰੀ ਜਿੰਦੜੀ[81], ਦੇਹਿ[82] ਦਾ ਢਾਂਚਾ[83] ਅਤੇ ਦੌਲਤ[84] ਸੰਤਾਂ ਦੀ ਮਲਕੀਅਤ ਹਨ ਅਤੇ ਮੇਰਾ ਇਹ ਮਨੂਆ ਉਨ੍ਹਾਂ ਦੇ ਪੈਰਾਂ ਦੀ ਧੂੜ[85] ਹੈ।

ਸੰਤ ਪ੍ਰਤਾਪਿ[86] ਭਰਮ[87] ਸਭਿ ਨਾਸੇ[88] ਨਾਨਕ ਮਿਲੇ ਗੁਸਾਈ[89] ॥੨॥੪॥੧੮॥

By the saints' effulgence[86] all the doubts[87] have been dispelled[88] and I have met with my Lord[89], O Nanak,

ਸਾਧੂਆਂ ਦੇ ਤਪ ਤੇਜ[86] ਦੁਆਰਾ ਸਾਰੇ ਸੰਦੇਹ[87] ਦੂਰ[88] ਹੋ ਗਏ ਹਨ ਅਤੇ ਮੈਂ ਆਪਣੇ ਸੁਆਮੀ[89] ਨਾਲ ਮਿਲ ਗਿਆ ਹਾਂ, ਹੇ ਨਾਨਕ !

੧੨੦੮ 1208 ੧੨੦੮

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮਨੋਰਥ[90] ਪੂਰੇ[91] ਸਤਿਗੁਰ ਆਪਿ ॥

The True Guru, of himself, has fulfilled[91] my mind's desires[90].

ਸੱਚੇ ਗੁਰਾਂ ਨੇ, ਆਪੇ ਹੀ ਮੇਰੇ ਮਨ ਦੀਆਂ ਖ਼ਾਹਿਸ਼ਾਂ[90] ਪੂਰੀਆਂ ਕਰ ਦਿਤੀਆਂ[91] ਹਨ।

ਸਗਲ ਪਦਾਰਥ[92] ਸਿਮਰਨਿ[93] ਜਾ ਕੈ ਆਠ ਪਹਰ ਮੇਰੇ ਮਨ[94] ਜਾਪਿ[95]॥੧॥ਰਹਾਉ॥

Throughout the eight watches, O my soul[94], contemplate[95] thou Him, by whose meditation[93] all the wealths[92] are obtained. Pause.

ਅਠੇ ਪਹਿਰ ਹੀ, ਹੇ ਮੇਰੀ ਜਿੰਦੜੀਏ[94] ! ਤੂੰ ਉਸਦਾ ਆਰਾਧਨ[95] ਕਰ, ਜਿਸ ਦੇ ਭਜਨ[93] ਦੁਆਰਾ ਸਾਰੀਆਂ ਦੌਲਤਾਂ[92] ਪਰਾਪਤ ਹੋ ਜਾਂਦੀਆਂ ਹਨ। ਠਹਿਰਾਉ।

ਅੰਮ੍ਰਿਤੁ[96] ਨਾਮੁ[95] ਸੁਆਮੀ ਤੇਰਾ ਜੋ[97] ਪੀਵੈ[98] ਤਿਸ[99] ਹੀ ਤ੍ਰਿਪਤਾਸ[100] ॥	Nectar[96] is Thy Name, O Lord. Whosoever[97] drinks[98] it, he[99] is satiated[100].	ਆਬਿ-ਹਿਯਾਤ[96] ਹੈ ਤੇਰਾ ਨਾਮ, ਹੇ ਪ੍ਰਭੂ ! ਜੋ ਕੋਈ ਭੀ[97] ਇਸ ਨੂੰ ਪਾਨ ਕਰਦਾ[98] ਹੈ, ਉਹ[99] ਰੱਜ ਜਾਂਦਾ[100] ਹੈ।
ਜਨਮ[2] ਜਨਮ ਕੇ ਕਿਲ-ਬਿਖ[3] ਨਾਸਹਿ[4] ਆਗੈ ਦਰਗਹ[5] ਹੋਇ ਖਲਾਸ[6] ॥੧॥	His sins[3] of many births[2] are obliterated[4] and hereafter, he obtains deliverance[6] in the Lord's court[5].	ਉਸ ਦੇ ਅਨੇਕਾਂ ਜਨਮਾਂ[2] ਦੇ ਪਾਪ[3] ਨਸ਼ਟ ਹੋ ਜਾਂਦੇ[4] ਹਨ ਅਤੇ ਅੱਗੇ ਪ੍ਰਭੂ ਦੇ ਦਰਬਾਰ[5] ਅੰਦਰ, ਉਸ ਦੀ ਖ਼ਲਾਸੀ[6] ਹੋ ਜਾਂਦੀ ਹੈ।
ਸਰਨਿ[7] ਤੁਮਾਰੀ ਆਇਓ ਕਰਤੇ[8] ਪਾਰਬ੍ਰਹਮ[9] ਪੂਰਨ[10] ਅਬਿਨਾਸ[12] ॥	O my perfect[10], eternal[12] transcendent Lord[9], the Creator[8], I have sought Thine protection[7].	ਹੇ ਮੇਰੇ ਪੂਰੇ[10], ਅਮਰ[12], ਪਰਮ ਪ੍ਰਭੂ[9] ਸਿਰਜਣਹਾਰ[8] ! ਮੈਂ ਤੇਰੀ ਪਨਾਹ[7] ਲਈ ਹੈ।
ਕਰਿ[13] ਕਿਰਪਾ[14] ਤੇਰੇ ਚਰਨ[15] ਧਿਆਵਉ[16] ਨਾਨਕ ਮਨਿ ਤਨਿ ਦਰਸ[17] ਪਿਆਸ[18] ॥੨॥੫॥੧੯॥	My Lord, show[13] Thou mercy[14] unto me, that I may meditate[16] on Thine feet[15]. Within my mind and body is the thirst[18] for Thy vision[17].	ਮੇਰੇ ਪ੍ਰਭੂ, ਤੂੰ ਮੇਰੇ ਉਤੇ ਮਿਹਰ[14] ਧਾਰ[13], ਤਾਂ ਜੋ ਮੈਂ ਤੇਰੇ ਪੈਰਾਂ[15] ਦਾ ਆਰਾਧਨ[16] ਕਰਾਂ। ਮੇਰੇ ਚਿਤ ਅਤੇ ਸਰੀਰ ਅੰਦਰ ਤੇਰੇ ਦਰਸ਼ਨ[17] ਦੀ ਤਰੇਹ[18] ਹੈ।
ਸਾਰਗ ਮਹਲਾ ੫ ਘਰੁ ੩	Sarang 5th Guru	ਸਾਰੰਗ ਪੰਜਵੀਂ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ !
ਮਨ[19] ਕਹਾ[21] ਲੁਭਾਇਐ[22] ਆਨ[23] ਕਉ ॥	O man[19] why[21] art thou lured away[22] by the other[23] ?	ਹੇ ਇਨਸਾਨ[19] ! ਤੂੰ ਹੋਰਸ[23] ਲਈ ਕਿਉਂ[21] ਲਲਚਾਉਂਦਾ[22] ਹੈਂ ?
ਈਤ[24] ਊਤ[25] ਪ੍ਰਭੁ ਸਦਾ ਸਹਾਈ[26] ਜੀਅ[27] ਸੰਗਿ[28] ਤੇਰੇ ਕਾਮ[29] ਕਉ ॥੧॥ ਰਹਾਉ ॥	Here[24] and hereafter[25], the Lord is ever a Helper[26] of thine. He is the companion[28] of thy soul[27] and is of use[29] to thee. Pause.	ਇਥੇ[24] ਅਤੇ ਉਥੇ[25], ਸੁਆਮੀ ਸਦੀਵ ਹੀ ਤੇਰਾ ਸਹਾਇਕ[26] ਹੈ। ਉਹ ਤੇਰੀ ਜਿੰਦੜੀ[27] ਦਾ ਸੰਗੀ[28] ਹੈ ਅਤੇ ਤੇਰੇ ਕੰਮ ਆਉਣ ਵਾਲਾ[29] ਹੈ। ਠਹਿਰਾਉ।
ਅੰਮ੍ਰਿਤ[30] ਨਾਮੁ ਪ੍ਰਿਅ[31] ਪ੍ਰੀਤਿ[32] ਮਨੋਹਰ[33] ਇਹੈ ਅਘਾਵਨ[34] ਪਾਂਨ[35] ਕਉ ॥	Nectar-sweet[30] is the Name of the Beauteous[33] Darling[32] Love[31]. Drinking[35] it one is satiated[34].	ਆਬਿ-ਹਿਯਾਤੀ ਮਿੱਠਤਾ[30] ਹੈ ਨਾਮ ਸੁੰਦਰ[33] ਪਿਆਰੇ[32] ਪ੍ਰੀਤਮ[31] ਦਾ। ਇਸ ਨੂੰ ਪੀ[35] ਕੇ ਜੀਵ ਤ੍ਰਿਪਤ[34] ਹੋ ਜਾਂਦਾ ਹੈ।
ਅਕਾਲ[36] ਮੂਰਤਿ ਹੈ ਸਾਧ[37] ਸੰਤਨ ਕੀ ਠਾਹਰ[38] ਨੀਕੀ[39] ਧਿਆਨ[40] ਕਉ ॥੧॥	To fix attention[40] in the Immortal[36] Being, the saints' congregation[37] is a sublime[39] place[38].	ਅਮਰ ਵਿਅਕਤੀ[36] ਅੰਦਰ ਬਿਰਤੀ[40] ਜੋੜਨ ਲਈ, ਸਤਿਸੰਗਤ[37] ਇਕ ਸਰੇਸ਼ਟ[39] ਥਾਂ[38] ਹੈ।
ਬਾਣੀ[41] ਮੰਤ੍ਰੁ[42] ਮਹਾ ਪੁਰਖਨ[43] ਕੀ ਮਨਹਿ[44] ਉਤਾਰਨ[45] ਮਾਂਨ[46] ਕਉ ॥	The word[41] of the great persons[43] is a spell[42] to rid[45] man of his mental[44] ego[46].	ਵੱਡੇ ਪੁਰਸ਼ਾਂ[43] ਦਾ ਬਚਨ[41] ਜੀਵ ਦੀ ਆਤਮਕ[44] ਹੰਗਤਾ[46] ਨਵਿਰਤ[45] ਕਰਨ ਲਈ ਇਕ ਜਾਦੂ[42] ਹੈ।
ਖੋਜਿ[47] ਲਹਿਓ[48] ਨਾਨਕ	Through search[47] Nanak has found[48]	ਢੂੰਡ ਭਾਲ[47] ਰਾਹੀਂ ਨਾਨਕ ਨੇ ਵਾਹਿਗੁਰੂ ਦੇ ਨਾਮ ਨੂੰ

ਸੁਖ[49] ਬਾਨਾਂ[50] ਹਰਿ ਨਾਮਾ ਬਿਸ੍ਰਾਮ[51] ਕਉ ॥੨॥੧॥੨੦॥	God's Name to be the abode[50] of bliss[49] and peace[51].	ਖ਼ੁਸ਼ੀ[49] ਅਤੇ ਆਰਾਮ[51] ਦਾ ਟਿਕਾਣਾ[50] ਪਾ ਲਿਆ[48] ਹੈ।
ਸਾਰੰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਨ[52] ਸਦਾ[53] ਮੰਗਲ[54] ਗੋਬਿੰਦ[55] ਗਾਇ[56] ॥	O man[52], ever[53] sing[56] thou the praise[54] of thy Lord[55].	ਹੇ ਬੰਦੇ[52]! ਤੂੰ ਸਦੀਵ[53] ਹੀ ਆਪਣੇ ਪ੍ਰਭੂ[55] ਦੀ ਕੀਰਤੀ[54] ਗਾਇਨ[56] ਕਰ।
ਰੋਗ[57] ਸੋਗ[58] ਤੇਰੇ ਮਿਟਹਿ[59] ਸਗਲ ਅਘ[60] ਨਿਮਖ[61] ਹੀਐ[62] ਹਰਿ ਨਾਮੁ ਧਿਆਇ[63] ॥੧॥ਰਹਾਉ॥	Contemplating[63] God's Name, even for a moment[61], within thy mind[62], thou shalt be rid[59] of all thine ailments[57], sorrows[58] and sins[60]. Pause.	ਆਪਣੇ ਹਿਰਦੇ[62] ਅੰਦਰ ਇਕ ਮੁਹਤ[61] ਭਰ ਲਈ ਭੀ ਵਾਹਿਗੁਰੂ ਦੇ ਨਾਮ ਦਾ ਸਿਮਰਨ[63] ਕਰਨ ਦੁਆਰਾ, ਤੇਰੀਆਂ ਸਾਰੀਆਂ ਬੀਮਾਰੀਆਂ[57], ਦੁਖੜੇ[58] ਤੇ ਪਾਪ[60] ਨਾਸ[59] ਹੋ ਜਾਣਗੇ। ਠਹਿਰਾਉ।
ਛੋਡਿ[64] ਸਿਆਨਪ[65] ਬਹੁ ਚਤੁਰਾਈ[66] ਸਾਧੂ ਸਰਣੀ[69] ਜਾਇ[67] ਪਾਇ[68] ॥	Abandon[64] thou thy wisdom[65] and great cleverness[66] and go[67] and enter[68] the saints' sanctuary[69]	ਤੂੰ ਆਪਣੀ ਦਾਨਾਈ[65] ਅਤੇ ਘਣੇਰੀ ਚਲਾਕੀ[66] ਨੂੰ ਤਿਆਗ[64] ਦੇ ਅਤੇ ਜਾ[67] ਕੇ ਸੰਤ ਦੀ ਪਨਾਹ[69] ਲੈ[68]।
ਜਉ[69*] ਹੋਇ ਕ੍ਰਿਪਾਲੁ[70] ਦੀਨ[71] ਦੁਖ ਭੰਜਨ[72] ਜਮ ਤੇ ਹੋਵੈ ਧਰਮਰਾਇ[73] ॥੧॥	When[69*] Lord, the Destroyer[72] of the sorrow of the poor[71] becomes merciful[70], even the Yama turns into the King of righteousness[73].	ਜਦ[69*] ਗਰੀਬਾਂ[71] ਦਾ ਦੁਖੜਾ ਦੂਰ ਕਰਨ ਵਾਲਾ[72], ਸੁਆਮੀ ਮਿਹਰਬਾਨ[70] ਹੋ ਜਾਂਦਾ ਹੈ, ਤਾਂ ਜਮ ਭੀ ਸਚਾਈ ਦਾ ਰਾਜਾ[73] ਹੋ ਜਾਂਦਾ ਹੈ!
ਏਕਸ ਬਿਨੁ ਨਾਹੀ ਕੋ ਦੂਜਾ[74] ਆਨ ਨ ਬੀਉ[75] ਲਵੈ[76] ਲਾਇ ॥	Without the One Lord there is not another[74]. No one else[75] can equal[76] Him.	ਇਕ ਪ੍ਰਭੂ ਦੇ ਬਗ਼ੈਰ ਹੋਰ ਕੋਈ[74] ਨਹੀਂ। ਕੋਈ ਹੋਰ[75] ਉਸ ਦੀ ਬਰਾਬਰੀ[76] ਨਹੀਂ ਕਰ ਸਕਦਾ।
ਮਾਤ[77] ਪਿਤਾ[78] ਭਾਈ[79] ਨਾਨਕ ਕੋ ਸੁਖ[83] ਦਾਤਾ[80] ਹਰਿ ਪ੍ਰਾਨ[81] ਸਾਇ[82] ॥੨॥੨॥੨੧॥	He[82], the Lord, is Nanak's mother[77], father[78] and brother[79] and the Giver[80] of peace[83] to his vital-breath[81]	ਉਹ[82], ਵਾਹਿਗੁਰੂ, ਨਾਨਕ ਦੀ ਅੰਮੜੀ[77], ਬਾਬਲ[78] ਤੇ ਵੀਰ[79] ਅਤੇ ਉਸ ਦੀ ਜਿੰਦ-ਜਾਨ[81] ਨੂੰ ਆਰਾਮ[83] ਬਖ਼ਸ਼ਣ ਵਾਲਾ[80] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਹਰਿ ਜਨ[84] ਸਗਲ ਉਧਾਰੇ[85] ਸੰਗ[86] ਕੇ ॥	God's slave[84] emancipates[85] all his associates[86].	ਵਾਹਿਗੁਰੂ ਦਾ ਗੋਲਾ[84] ਆਪਣੇ ਸਾਰੇ ਸੰਗੀਆਂ[86] ਦਾ ਪਾਰ ਉਤਾਰਾ ਕਰ ਦਿੰਦਾ[85] ਹੈ।
ਭਏ ਪੁਨੀਤ[87] ਪਵਿਤ੍ਰ[88] ਮਨ ਜਨਮ ਜਨਮ[89] ਕੇ ਦੁਖ ਹਰੇ[90] ॥੧॥ਰਹਾਉ॥	Their mind is rendered pure[87] and immaculate[88] and they are rid[90] of the sorrows of many births[89] Pause.	ਉਨ੍ਹਾਂ ਦਾ ਹਿਰਦਾ ਸ਼ੁਧ[87] ਅਤੇ ਪਾਵਨ[88] ਹੋ ਜਾਂਦਾ ਹੈ ਅਤੇ ਉਹ ਅਨੇਕਾਂ ਜਨਮਾਂ[89] ਦੇ ਦੁੱਖਾਂ ਤੋਂ ਖ਼ਲਾਸੀ[90] ਪਾ ਜਾਂਦੇ ਹਨ। ਠਹਿਰਾਉ!
ਮਾਰਗਿ[91] ਚਲੇ ਤਿਨੀ[93] ਸੁਖੁ ਪਾਇਆ ਜਿਨ੍ ਸਿਉ ਗੋਸਟਿ[92] ਸੇ ਤਰੇ[94] ॥	They[93] who walk on the saints' path[91] attain peace. They too are emancipated[94] with whom they converse[92].	ਜੋ ਸੰਤਾਂ ਦੇ ਰਾਹ[91] ਤੇ ਟੁਰਦੇ ਹਨ, ਉਹ[93] ਆਰਾਮ ਪਾਉਂਦੇ ਹਨ। ਜਿਨ੍ਹਾਂ ਨਾਲ ਉਹ ਗੱਲ ਬਾਤ[92] ਕਰਦੇ ਹਨ, ਉਹ ਭੀ ਮੁਕਤ ਹੋ ਜਾਂਦੇ[94] ਹਨ।

ਬੂਡਤ[95] ਘੋਰ[96] ਅੰਧ[97] ਕੂਪ[98] ਮਹਿ[99] ਤੇ ਸਾਧੂ ਸੰਗਿ ਪਾਰਿ ਪਰੇ[100] ॥੧॥

They who are drowning[95] in[99] the terrible[96] blind[97] well[98]; through the society of the saints, even they are ferried across[100].

ਜੋ ਭਿਆਨਕ[96] ਅੰਨ੍ਹੇ[97] ਖੂਹ[98] ਵਿਚ[99] ਡੁਬ ਰਹੇ[95] ਹਨ; ਸਤਿਸੰਗਤ ਦੇ ਰਾਹੀਂ ਉਹ ਭੀ ਪਾਰ ਉਤਰ ਜਾਂਦੇ[100] ਹਨ।

ਜਿਨ੍ ਕੇ ਭਾਗ[2] ਬਡੇ[3] ਹੈਂ ਭਾਈ[4] ਤਿਨ੍ ਸਾਧੂ ਸੰਗਿ[5] ਮੁਖ[6] ਜੁਰੇ ॥

They whose destiny[2] is great[3], O brother[4]; their faces[6] alone are turned towards the saints' congregation[5].

ਜਿਨ੍ਹਾਂ ਦੀ ਪ੍ਰਾਲਬਧ[2] ਭਾਰੀ[3] ਹੈ, ਹੇ ਵੀਰ[4]! ਕੇਵਲ ਉਨ੍ਹਾਂ ਦੇ ਮੂੰਹ[6] ਹੀ ਸਤਿਸੰਗਤ[5] ਵਲ ਮੁੜਦੇ ਹਨ।

ਤਿਨ੍[7] ਕੀ ਧੂਰਿ[8] ਬਾਂਛੈ[9] ਨਿਤ[10] ਨਾਨਕੁ ਪ੍ਰਭੁ ਮੇਰਾ ਕਿਰਪਾ[12] ਕਰੇ ॥੨॥੩॥੨੨॥

Nanak, ever[10] longs[9] for the dust[8] of the feet of those[7] saints. May the Lord mercifully[12] bless Nanak with it.

ਨਾਨਕ, ਸਦੀਵ[10] ਹੀ ਉਨ੍ਹਾਂ[7] ਸੰਤਾਂ ਦੇ ਪੈਰਾਂ ਦੀ ਧੂੜ[8] ਨੂੰ ਲੋਚਦਾ[9] ਹੈ। ਮੇਰਾ ਪ੍ਰਭੂ ਮਿਹਰ ਧਾਰ[12] ਕੇ ਨਾਨਕ ਨੂੰ ਇਸ ਦੀ ਦਾਤ ਬਖਸ਼ੇ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਜਨ[13] ਰਾਮ ਰਾਮ[14] ਰਾਮ[15] ਧਿਆਂਏ[16] ॥

The Lord's slave[13] meditates[16] on the Name[15] of his Lord Master[14].

ਪ੍ਰਭੂ ਦਾ ਗੋਲਾ[13], ਆਪਣੇ ਸੁਆਮੀ ਮਾਲਕ[14] ਦੇ ਨਾਮ[15] ਦਾ ਸਿਮਰਨ[16] ਕਰਦਾ ਹੈ।

ਏਕ ਪਲਕ[17] ਸੁਖ[18] ਸਾਧ ਸਮਾਗਮ[19] ਕੋਟਿ[20] ਬੈਕੁੰਠਹ[21] ਪਾਏ[22] ॥੧॥ ਰਹਾਉ॥

Enjoying[18] the saints' society[19], even for a moment[17], one is blessed[22] with millions[20] of heavens[21]. Pause.

ਸਤਿਸੰਗਤ[19] ਦਾ ਇਕ ਮੁਹਤ[17] ਭਰ ਅਨੰਦ[18] ਮਾਣਨ ਦੁਆਰਾ ਇਨਸਾਨ ਕ੍ਰੋੜਾਂ[20] ਹੀ ਸਵਰਗਾਂ[21] ਨੂੰ ਪਰਾਪਤ ਹੋ ਜਾਂਦਾ[22] ਹੈ। ਠਹਿਰਾਉ।

ਦੁਲਭ[23] ਦੇਹਿ[24] ਜਪਿ[25] ਹੋਤ ਪੁਨੀਤਾ[26] ਜਮ ਕੀ[27] ਤ੍ਰਾਸ[28] ਨਿਵਾਰੈ[29] ॥

God's meditation[25] sanctifies[26] the priceless[23] body[24] and dispells[29] the fear[28] of death[27].

ਰਬ ਦੀ ਬੰਦਗੀ[25] ਅਮੋਲਕ[23] ਸਰੀਰ[24] ਨੂੰ ਪਵਿੱਤਰ[26] ਅਤੇ ਮੌਤ[27] ਦੇ ਡਰ[28] ਨੂੰ ਦੂਰ ਕਰ ਦਿੰਦੀ[29] ਹੈ।

ਮਹਾ[30] ਪਤਿਤ[31] ਕੇ ਪਾਤਿਕ[32] ਉਤਰਹਿ[33] ਹਰਿ ਨਾਮਾ ਉਰਿ[34] ਧਾਰੈ[35] ॥੧॥

Cherishing[35] the Lord's Name in the mind[34], the sins[32] of the great[30] sinner[31] are washed off[33].

ਸੁਆਮੀ ਦਾ ਨਾਮ ਹਿਰਦੇ[34] ਅੰਦਰ ਟਿਕਾਉਣ[35] ਦੁਆਰਾ, ਵੱਡੇ[30] ਪਾਪੀ[31] ਦੇ ਪਾਪ[32] ਧੋਤੇ ਜਾਂਦੇ[33] ਹਨ।

੧੨੦੯

1209

੧੨੦੯

ਜੋ ਜੋ[36] ਸੁਨੈ ਰਾਮ ਜਸੁ[37] ਨਿਰਮਲ[38] ਤਾਕਾ[39] ਜਨਮ ਮਰਣ ਦੁਖੁ[40] ਨਾਸਾ[41] ॥

Whosoever[36] hears the pure[38] praise[37] of the Lord; his[39] pain[40] of birth and death is dispelled[41].

ਜੋ ਕੋਈ ਭੀ[36] ਪ੍ਰਭੂ ਦੀ ਪਵਿੱਤ੍ਰ[38] ਮਹਿਮਾ[37] ਸ੍ਰਵਣ ਕਰਦਾ ਹੈ; ਉਸ[39] ਦੀ ਜੰਮਣ ਅਤੇ ਮਰਨ ਦੀ ਪੀੜ[40] ਦੂਰ ਹੋ ਜਾਂਦੀ[41] ਹੈ।

ਕਹੁ ਨਾਨਕ ਪਾਈਐ [42]ਵਡਭਾਗੀ[43]ਮਨ[44]ਤਨ[45] ਹੋਇ ਬਿਗਾਸਾ[46] ॥੨॥੪॥੨੩॥

Says Nanak, by great[42] good fortune[43], man attains unto the Lord and then flower[46] his soul[44] and body[45].

ਗੁਰੂ ਜੀ ਫੁਰਮਾਉਂਦੇ ਹਨ, ਪਰਮ[42] ਚੰਗੇ ਨਸੀਬਾਂ[43] ਦੁਆਰਾ ਜੀਵ ਪ੍ਰਭੂ ਨੂੰ ਪਰਾਪਤ ਹੁੰਦਾ ਹੈ ਅਤੇ ਤਦ ਉਸ ਦੀ ਜਿੰਦੜੀ[44] ਤੇ ਦੇਹਿ[45] ਪ੍ਰਫੁਲਤ[46] ਹੋ ਜਾਂਦੇ ਹਨ।

ਸਾਰਗ ਮਹਲਾ ੫
ਦੁਪਦੇ ਘਰੁ ੪

Sarang 5th Guru
Dupadas

ਸਾਰੰਗ ਪੰਜਵੀਂ ਪਾਤਿਸ਼ਾਹੀ
ਦੁਪਦੇ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਮੋਹਨ[48] ਘਰਿ ਆਵਹੁ ਕਰਉ ਜੋਦਰੀਆ[49] ॥

O my Fascinating[48] Lord, I make supplication[49] unto Thee. Come Thou into my home.

ਹੇ ਮੇਰੇ ਮਨਮੋਹਨ[48] ਪ੍ਰਭੂ ! ਮੈਂ ਤੇਰੇ ਅੱਗੇ ਬੇਨਤੀ[49] ਕਰਦੀ ਹਾਂ। ਤੂੰ ਮੇਰੇ ਗ੍ਰਿਹ ਅੰਦਰ ਆ।

ਮਾਨੁ[50] ਕਰਉ[51] ਅਭਿਮਾਨੈ[52] ਬੋਲਉ[53] ਭੂਲ[54] ਚੂਕ[55] ਤੇਰੀ ਪ੍ਰਿਅ[56] ਚਿਰੀਆ[57] ॥੧॥ ਰਹਾਉ॥

I indulge[51] in self-esteem[50] and egoistic[52] is my speech[53]. Though in error[54] and mistake[55], but still I am Thine hand-maiden[57], O my spouse[56]. Pause.

ਮੈਂ ਸਵੈ-ਸਨਮਾਨ[50] ਅੰਦਰ ਗ਼ਲਤਾਨ[51] ਹਾਂ ਅਤੇ ਹੰਕਾਰਮਤੀ[52] ਹੈ ਮੇਰੀ ਬੋਲਚਾਲ[53]। ਭਾਵੇਂ ਮੈਂ ਭੁਲੇਖੇ[54] ਅਤੇ ਗ਼ਲਤੀ[55] ਵਿਚ ਹਾਂ ਪਰ ਫਿਰ ਭੀ ਮੈਂ ਤੇਰੀ ਚੇਰੀ[57] ਹਾਂ, ਹੇ ਮੇਰੇ ਪਤੀ[56] ! ਠਹਿਰਾਉ।

ਨਿਕਟਿ[58] ਸੁਨਉ ਅਰੁ ਪੇਖਉ[59] ਨਾਹੀ ਭਰਮਿ[60] ਭਰਮਿ[61] ਦੁਖ ਭਰੀਆ[62] ॥

I hear Thou art near[58], but I see[59] Thee not. Wandering[61] in doubt[60] suffer[62] I sorrow.

ਮੈਂ ਤੈਨੂੰ ਨੇੜੇ[58] ਹੀ ਸੁਣਦਾ ਹਾਂ, ਪ੍ਰੰਤੂ ਤੂੰ ਮੈਨੂੰ ਦਿੱਸਦਾ[59] ਨਹੀਂ। ਵਹਿਮ[60] ਅੰਦਰ ਭਟਕ[61] ਕੇ ਮੈਂ ਕਸ਼ਟ ਉਠਾਉਂਦੀ[62] ਹਾਂ।

ਹੋਇ ਕ੍ਰਿਪਾਲ[63] ਗੁਰ ਲਾਹਿ[64] ਪਾਰਦੋ[65] ਮਿਲਉ ਲਾਲ[66] ਮਨੁ[67] ਹਰੀਆ[68] ॥੧॥

Becoming merciful[63] the Guru has removed[64] the screen[65] and meeting with my Beloved[66], my soul[67] is in bloom[68].

ਮਿਹਰਬਾਨ[63] ਹੋ ਗੁਰਾਂ ਨੇ ਪੜਦਾ[65] ਲਾਹ ਦਿੱਤਾ[64] ਹੈ ਅਤੇ ਆਪਣੇ ਪ੍ਰੀਤਮ[66] ਨਾਲ ਮਿਲ ਕੇ, ਮੇਰੀ ਜਿੰਦੜੀ[67] ਪ੍ਰਫੁੱਲਤ[68] ਹੋ ਗਈ ਹੈ।

ਏਕ ਨਿਮਖ[69] ਜੇ ਬਿਸਰੈ[70] ਸੁਆਮੀ ਜਾਨਉ ਕੋਟਿ[71] ਦਿਨਸ ਲਖ ਬਰੀਆ[72] ॥

If I forget[70] my Lord even for an instant[69], I deem that equal to myriads[71] of days and lacs of years[72].

ਜੇਕਰ ਮੈਂ ਆਪਣੇ ਸਾਂਈਂ ਨੂੰ ਇਕ ਮੁਹਤ ਭਰ ਲਈ[69] ਭੀ ਭੁਲ ਜਾਵਾਂ[70], ਮੈਂ ਉਸ ਨੂੰ ਕ੍ਰੋੜਾਂ[71] ਦਿਹਾੜਿਆਂ ਤੇ ਲੱਖਾਂ ਸਾਲਾਂ[72] ਦੇ ਤੁਲ ਜਾਣਦੀ ਹਾਂ !

ਸਾਧ ਸੰਗਤਿ ਕੀ ਭੀਰ[73] ਜਉ[74] ਪਾਈ ਤਉ[75] ਨਾਨਕ ਹਰਿ ਸੰਗਿ[76] ਮਿਰੀਆ[77] ॥੨॥੧॥੨੪॥

When[74] I obtained the association[73] of the saints' congregation, then[75] met[77] I with[76] my God, O Nanak.

ਜਦ[74] ਸਤਿਸੰਗਤ ਦਾ ਸਮਾਗਮ[73] ਪਰਾਪਤ ਹੋਇਆ, ਤਦ[75] ਮੇਰਾ ਆਪਣੇ ਵਾਹਿਗੁਰੂ ਨਾਲ[76] ਮਿਲਾਪ ਹੋ ਗਿਆ[77], ਹੇ ਨਾਨਕ !

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ[78] ਕਿਆ[79] ਸੋਚਉ[80] ਸੋਚ ਬਿਸਾਰੀ[81] ॥

What[79] should I think[80] of now[78] ? I have abandoned[81] all thought.

ਮੈਂ ਹੁਣ[78] ਕੀ[79] ਸੋਚ ਵਿਚਾਰ ਕਰਾਂ[80] ? ਮੈਂ ਸਮੂਹ ਸੋਚ ਵਿਚਾਰ ਛੱਡ ਦਿੱਤੀ[81] ਹੈ।

ਕਰਣਾ ਸਾ ਸੋਈ[82] ਕਰਿ ਰਹਿਆ ਦੇਹਿ[83] ਨਾਉ ਬਲਿਹਾਰੀ[84] ॥੧॥ਰਹਾਉ॥

Whatsoever He is to do, that[82] He is doing. Bless[83] Thou me with Thy Name, O Lord. A sacrifice[84] am I unto Thee. Pause.

ਜਿਹੜਾ ਕੁਛ ਉਸ ਨੇ ਕਰਨਾ ਹੈ, ਉਹ[82] ਨੂੰ ਉਹ ਕਰ ਰਿਹਾ ਹੈ। ਤੂੰ ਮੈਨੂੰ ਆਪਣਾ ਨਾਮ ਬਖ਼ਸ਼[83], ਹੇ ਸਾਂਈਂ ! ਕੁਰਬਾਨ[84] ਹਾਂ ਮੈਂ ਤੇਰੇ ਉਤੋਂ। ਠਹਿਰਾਉ।

ਚਹੁ[85] ਦਿਸ[86] ਫੂਲਿ[87]

The poison[89] of sins[88] is flowering[87]

ਪਾਪਾਂ[88] ਦੀ ਜ਼ਹਿਰ[89] ਚਾਰੇ[85] ਹੀ ਪਾਸੀਂ[86] ਪ੍ਰਫੁੱਲਤ[87] ਹੋ

ਰਹੀ ਬਿਖਿਆ[88] ਬਿਖੁ[89] ਗੁਰਮੰਤ੍ਰੁ[90] ਮੁਖਿ[91] ਗਰੁੜਾਰੀ[92] ॥

in the four[85] directions[86]. Guru's word's[90] antidote[92] I have within my mouth[91].

ਰਹੀ ਹੈ । ਗੁਰਾਂ ਦੀ ਬਾਣੀ[90] ਵਿਹੁ-ਨਾਸਕ-ਔਖਧੀ[92] ਮੇਰੇ ਮੂੰਹ[91] ਵਿਚ ਹੈ ।

ਹਾਥ ਦੇਇ ਰਾਖਿਓ[93] ਕਰਿ[94] ਅਪੁਨਾ ਜਿਉ[95] [96]ਜਲਕਮਲਾ[97] ਅਲਿਪਾਰੀ[98] ॥੧॥

Lending His Hand, the Lord has saved[93] me as His own[94] and like[95] the lotus[97] in water[96], I now remain detached[98].

ਆਪਣਾ ਹੱਥ ਦੇ ਕੇ, ਸਾਂਈਂ ਨੇ ਮੈਨੂੰ ਆਪਣਾ ਜਾਣ[94] ਕੇ ਬਚਾਅ ਲਿਆ[93] ਹੈ ਅਤੇ ਕੰਵਲ[97] ਦੇ ਪਾਣੀ[96] ਵਿਚ ਹੋਣ ਦੀ ਤਰ੍ਹਾਂ[95], ਹੁਣ ਮੈਂ ਨਿਰਲੇਪ[98] ਰਹਿੰਦਾ ਹਾਂ ।

ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ[99] ਧਾਰੀ[100] ॥

I am nothing. What can I be ? Thou alone, O Lord, are the upholder[100] of all powers[99].

ਮੈਂ ਕੁਝ ਭੀ ਨਹੀਂ । ਮੈਂ ਕੀ ਹੋ ਸਕਦਾ ਹਾਂ ? ਕੇਵਲ, ਤੂੰ ਹੀ ਹੇ ਸੁਆਮੀ ! ਸਾਰੀਆਂ ਸ਼ਕਤੀਆਂ[99] ਨੂੰ ਧਾਰਨ ਕਰਨ ਵਾਲਾ[100] ਹੈਂ ।

ਨਾਨਕ ਭਾਗਿ[2] ਪਰਿਓ ਹਰਿ ਪਾਛੈ[3] ਰਾਖੁ[4] ਸੰਤ ਸਦਕਾਰੀ[5] ॥੨॥੨॥੨੫॥

I, Nanak, have hastened[2] into Thy sanctuary[3], O Lord. Save[4] Thou me for the sake[5] of Thine saints.

ਮੈਂ, ਨਾਨਕ ਨੇ, ਦੌੜ ਕੇ[2] ਤੇਰੀ ਸ਼ਰਣ[3] ਲਈ ਹੈ, ਹੇ ਪ੍ਰਭੂ ! ਆਪਣਿਆਂ ਸਾਧੂਆਂ ਦੇ ਸਦਕਾ[5] ਤੂੰ ਮੇਰੀ ਰੱਖਿਆ[4] ਕਰ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਅਬ[5*] ਮੋਹਿ[6] ਸਰਬ ਉਪਾਵ[7] ਬਿਰਕਾਤੇ[8] ॥

I[6] have now[5*] abandoned[8] all efforts[7].

ਮੈਂ[6] ਹੁਣ[5*] ਸਾਰੇ ਉਪਰਾਲੇ[7] ਤਿਆਗ ਦਿੱਤੇ[8] ਹਨ ।

ਕਰਣ[9] ਕਾਰਣ[10] ਸਮਰਥ[12] ਸੁਆਮੀ ਹਰਿ ਏਕਸੁ[13] ਤੇ ਮੇਰੀ ਗਾਤੇ[14] ॥੧॥ਰਹਾਉ॥

The Omnipotent[12] Lord is the Doer[9] of all deeds[10]. From Thee alone[13], O God, is my deliverance[14]. Pause.

ਸਰਬ-ਸ਼ਕਤੀਵਾਨ[12] ਸਾਹਿਬ ਸਾਰਿਆਂ ਕੰਮਾਂ[10] ਦਾ ਕਰਨ ਵਾਲਾ[9] ਹੈ । ਕੇਵਲ[13] ਤੇਰੇ ਕੋਲੋਂ ਹੀ ਹੇ ਵਾਹਿਗੁਰੂ ! ਮੇਰੀ ਕਲਿਆਣ[14] ਹੈ । ਠਹਿਰਾਉ ।

ਦੇਖੇ ਨਾਨਾ[15] ਰੂਪ[16] ਬਹੁ[17] ਰੰਗਾ[18] ਅਨ[19] ਨਾਹੀ ਤੁਮ ਭਾਂਤੇ[20] ॥

I have seen good many[15] beauties[16] of various[17] colours[18], but none else[19] is like[20] Thee.

ਮੈਂ ਅਨੇਕਾਂ[17] ਰੰਗਤਾਂ[18] ਦੇ ਘਣੇਰੇ[15] ਹੁਸਨ[16] ਵੇਖੇ ਹਨ, ਪਰ ਹੋਰ ਕੋਈ[19] ਭੀ ਤੇਰੇ ਵਰਗਾ[20] ਨਹੀਂ ।

ਦੇਂਹਿ[21] ਅਧਾਰੁ[22] ਸਰਬ[23] ਕਉ ਠਾਕੁਰ ਜੀਅ[24] ਪ੍ਰਾਨ[25] ਸੁਖਦਾਤੇ[26] ॥੧॥

Thou, O Lord, lendest[21] support[22] to all[23] and art the Giver[26] of soul[24], vital-breath[25] and peace.

ਤੂੰ, ਹੇ ਸੁਆਮੀ ! ਸਾਰਿਆਂ[23] ਨੂੰ ਆਸਰਾ[22] ਦਿੰਦਾ[21] ਹੈਂ ਅਤੇ ਆਤਮਾ[24], ਜਿੰਦ-ਜਾਨ[25] ਤੇ ਆਰਾਮ ਬਖਸ਼ਣਹਾਰ[26] ਹੈਂ ।

ਭ੍ਰਮਤੌ[27] ਭ੍ਰਮਤੌ ਹਾਰਿ[28] ਜਉ[29] ਪਰਿਓ ਤਉ[30] ਗੁਰ ਮਿਲਿ ਚਰਨ[31] ਪਰਾਤੇ[32] ॥

Wandering[27], wandering when[29] I got tired[28], then[30] meeting with the Guru, fell[32] I at the Lord's feet[31].

ਭਟਕਦਾ[27] ਭਟਕਦਾ, ਜਦ[29] ਮੈਂ ਹਾਰ ਹੁਟ ਗਿਆ[28], ਤਦ[30] ਗੁਰਾਂ ਨਾਲ ਮਿਲ ਕੇ ਮੈਂ ਪ੍ਰਭੂ ਦੇ ਪੈਰੀਂ[31] ਜਾ ਪਿਆ[32] ।

ਕਹੁ ਨਾਨਕ ਮੈ ਸਰਬ ਸੁਖੁ[33] ਪਾਇਆ ਇਹ ਸੂਖਿ[34] ਬਿਹਾਨੀ[35] ਰਾਤੇ[36] ॥੨॥੩॥੨੬॥

Says Nanak, I have attained all bliss[33] and this life night[36] of mine now passes[35] in peace[34].

ਗੁਰੂ ਜੀ ਆਖਦੇ ਹਨ, ਮੈਨੂੰ ਸਮੂਹ ਖੁਸ਼ੀ[33] ਪਰਾਪਤ ਹੋ ਗਈ ਹੈ ਅਤੇ ਮੇਰੀ ਜੀਵਨ ਰਾਤ੍ਰੀ[36] ਹੁਣ ਆਰਾਮ[34] ਅੰਦਰ ਬੀਤਦੀ[35] ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਅਬ[38] ਮੋਹਿ ਲਬਧਿਓ[37] ਹੈ

I have now[38] found[37] the support[39]

ਮੈਂ ਹੁਣ[38] ਆਪਣੇ ਵਾਹਿਗੁਰੂ ਦਾ ਆਸਰਾ[39] ਲੱਭ[37]

ਹਰਿ ਟੇਕਾ[39] ॥

of my God.

ਲਿਆ ਹੈ ।

ਗੁਰ ਦਇਆਲ[40] ਭਏ ਸੁਖਦਾਈ[41] ਅੰਧੁਲੈ[42] ਮਾਣਿਕੁ[43] ਦੇਖਾ ॥ ੧ ॥ ਰਹਾਉ ॥

Guru, the giver of peace[41], has become merciful[40] to me and I, the blind one[42], have seen the jewel[43] of God. Pause.

ਆਰਾਮ ਬਖ਼ਸ਼ਣਹਾਰ[41] ਗੁਰੂ ਜੀ ਮੇਰੇ ਉਤੇ ਮਿਹਰਬਾਨ[40] ਹੋ ਗਏ ਹਨ ਅਤੇ ਮੈਂ, ਅੰਨ੍ਹੇ[42] ਨੇ, ਵਾਹਿਗੁਰੂ ਦੇ ਹੀਰੇ[43] ਨੂੰ ਵੇਖ ਲਿਆ ਹੈ । ਠਹਿਰਾਉ ।

ਕਾਟੇ[94] ਅਗਿਆਨ[95] ਤਿਮਰ[96] ਨਿਰਮਲੀਆ[97] ਬੁਧਿ[98] ਬਿਗਾਸ[99] ਬਿਬੇਕਾ[100] ॥

Casting[94] off the darkness[96] of ignorance[95] I have become immaculate[97] and my discriminating[100] intellect[98] has blossomed[99]

ਬੇਸਮਝੀ[95] ਦੇ ਅਨ੍ਹੇਰੇ[96] ਨੂੰ ਨਵਿਰਤ ਕਰ ਕੇ[94]; ਮੈਂ ਪਵਿੱਤਰ[97] ਹੋ ਗਿਆ ਹਾਂ ਅਤੇ ਮੇਰੀ ਵੀਚਾਰਵਾਨ[100] ਅਕਲ[98] ਪ੍ਰਫੁੱਲਤ[99] ਹੋ ਗਈ ਹੈ ।

ਜਿਉ[2] ਜਲ[3] ਤਰੰਗ[4] ਫੇਨੁ[5] ਜਲ ਹੋਈ ਹੈ ਸੇਵਕ[6] ਠਾਕੁਰ[7] ਭਏ ਏਕਾ ॥੧॥

As[2] the wave[4] and foam[5] of water[3] become water, so the Lord's slave[6] and the Lord[7] become one.

ਜਿਸ ਤਰ੍ਹਾਂ[2] ਪਾਣੀ[3] ਦੀ ਲਹਿਰ[4] ਤੇ ਝੱਗ[5] ਪਾਣੀ ਹੋ ਜਾਂਦੇ ਹਨ, ਏਸੇ ਤਰ੍ਹਾਂ ਹੀ ਸਾਂਈਂ ਦਾ ਗੋਲਾ[6] ਤੇ ਸਾਂਈਂ[7] ਇਕ ਹੋ ਜਾਂਦੇ ਹਨ ।

ਜਹ[8] ਤੇ ਉਠਿਓ[9] ਤਹ[10] ਹੀ ਆਇਓ[12] ਸਭ[13] ਹੀ ਏਕੈ[14] ਏਕਾ[15] ॥

The slave comes[12] there[10] where from[8] he had welled up[9] and in all[13] respects becomes one[14] with the One Lord[15].

ਗੋਲਾ ਉਥੇ[10] ਆ ਜਾਂਦਾ[12] ਹੈ, ਜਿਥੋਂ[8] ਉਹ ਉਤਪੰਨ[9] ਹੋਇਆ ਸੀ ਅਤੇ ਸਮੂਹ[13] ਤਰ੍ਹਾਂ ਹੀ ਇਕ ਸਾਂਈ[15] ਨਾਲ ਇਕ ਮਿਕ[14] ਹੋ ਜਾਂਦਾ ਹੈ ।

ਨਾਨਕ ਦ੍ਰਿਸਟਿ[16] ਆਇਓ ਸ੍ਰਬ[17] ਠਾਈ[18] [19]ਪ੍ਰਾਣਪਤੀ[20] ਹਰਿ ਸਮਕਾ[21] ॥੨॥੪॥੨੭॥

Nanak, I see[16] God, the Lord[20] of life[19] uniformally[21] contained in all[17] the places[18].

ਨਾਨਕ, ਮੈਂ ਜਿੰਦ-ਜਾਨ[19] ਦੇ ਸੁਆਮੀ[20], ਵਾਹਿਗੁਰੂ ਨੂੰ ਸਾਰੀਆਂ[17] ਥਾਵਾਂ[18] ਅੰਦਰ ਇਕ ਸਮਾਨ[21] ਵਿਆਪਕ ਵੇਖਦਾ[16] ਹਾਂ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਮੇਰਾ ਮਨੁ[22] ਏਕੈ[23] ਹੀ ਪ੍ਰਿਅ[24] ਮਾਂਗੈ[25] ॥

My soul[22] longs[25] for its only[23] Beloved[24]

ਮੇਰੀ ਜਿੰਦੜੀ[22] ਕੇਵਲ[23] ਆਪਣੇ ਪ੍ਰੀਤਮ[24] ਨੂੰ ਹੀ ਚਾਹੁੰਦੀ[25] ਹੈ ।

ਪੇਖਿ[26] ਆਇਓ ਸਰਬ ਥਾਨ[27] ਦੇਸ[28] ਪ੍ਰਿਅ ਰੋਮ ਨ[29] ਸਮਸਰਿ[30] ਲਾਗੈ ॥ ੧ ॥ ਰਹਾਉ ॥

I have seen[26] all the places[27] and the countries[28], but nothing equals[30] even an hair[29] of my Love. Pause.

ਮੈਂ ਸਾਰੀਆਂ ਥਾਵਾਂ[27] ਅਤੇ ਮੁਲਕ[28] ਵੇਖੇ[26] ਹਨ, ਪਰੰਤੂ ਕੁਝ ਭੀ ਮੇਰੇ ਪਿਆਰੇ ਦੇ ਇਕ ਵਾਲ[29] ਦੇ ਬਰਾਬਰ[30] ਭੀ ਨਹੀਂ । ਠਹਿਰਾਉ ।

੧੨੧੦

1210

੧੨੧੦

ਮੈ ਨੀਰੇ[31] ਅਨਿਕ[32] ਭੋਜਨ[33] ਬਹੁ[34] ਬਿੰਜਨ[35] ਤਿਨ[36] ਸਿਉ ਦ੍ਰਿਸਟਿ[37] ਨ ਕਰੈ ਰੁਚਾਂਗੈ[38] ॥

Before me are placed[31] various[32] diets[33] and many[34] dainties[35], but I desire[38] not even to look[37] at them[36].

ਮੇਰੇ ਅੱਗੇ ਅਨੇਕਾਂ[32] ਖਾਣੇ[33] ਅਤੇ ਘਣੇਰੇ[34] ਪਦਾਰਥ[35] ਰਖੇ ਜਾਂਦੇ[31] ਹਨ, ਪਰ ਮੈਂ ਉਹਨਾਂ[36] ਨੂੰ ਵੇਖਣਾ[37] ਭੀ ਨਹੀਂ ਚਾਹੁੰਦੀ[38] ।

ਹਰਿ ਰਸੁ[39] ਚਾਹੈ[40] ਪ੍ਰਿਅ[41] ਪ੍ਰਿਅ ਮੁਖਿ[42] ਟੇਰੈ[43] ਜਿਉ[44] ਅਲਿ[45] ਕਮਲਾ[46] ਲੋਭਾਂਗੈ[47] ॥੧॥

As[44] the bumble-bee[45] covets[47] the lotus flower[46], so I long for[40] the God's elixir[39] and with my mouth[42] utter[43] "Beloved[41], my Beloved."

ਜਿਸ ਤਰ੍ਹਾਂ[44] ਭਉਰਾ[45] ਕੰਵਲ[46] ਫੁੱਲ ਨੂੰ ਲਲਚਾਉਂਦਾ[47] ਹੈ, ਉਸੇ ਤਰ੍ਹਾਂ ਹੀ ਮੈਂ ਵਾਹਿਗੁਰੂ ਦੇ ਅੰਮ੍ਰਿਤ[39] ਨੂੰ ਲੋਚਦੀ[40] ਹਾਂ ਅਤੇ ਆਪਣੇ ਮੂੰਹ[42] ਨਾਲ "ਪ੍ਰੀਤਮ[41], ਮੇਰਾ ਪ੍ਰੀਤਮ" ਉਚਾਰਦੀ[43] ਹਾਂ।

ਗੁਣ[48] ਨਿਧਾਨ[49] ਮਨਮੋਹਨ[50] ਲਾਲਨ[51] ਸੁਖਦਾਈ[52] ਸਰਬਾਂਗੈ[53] ॥

He the Treasure[49] of virtues[48] and the Enticer[50] of mind, my Beloved[51] is the Giver of peace[52] to all[53]

ਉਹ ਨੇਕੀਆਂ[48] ਦਾ ਖ਼ਜ਼ਾਨਾ[49] ਅਤੇ ਮਨ ਨੂੰ ਚੁਰਾਉਣ ਵਾਲਾ[50] ਮੇਰਾ ਪ੍ਰੀਤਮ[51] ਸਾਰਿਆਂ[53] ਨੂੰ ਆਰਾਮ ਬਖ਼ਸ਼ਣਹਾਰ[52] ਹੈ।

ਗੁਰਿ ਨਾਨਕ ਪ੍ਰਭ ਪਾਹਿ[54] ਪਠਾਇਓ[55] ਮਿਲਹੁ ਸਖਾ[56] ਗਲਿ[57] ਲਾਗੈ ॥੨॥੫॥੨੮॥

Guru Nanak has led[55] me to[54] my Lord. O God, my Friend[56], meet Thou me and hug me to Thy bosom[57].

ਗੁਰੂ ਨਾਨਕ ਨੇ ਮੈਨੂੰ ਮੇਰੇ ਸੁਆਮੀ ਕੋਲ[54] ਘਲਿਆ[55] ਹੈ, ਹੇ ਵਾਹਿਗੁਰੂ! ਮੇਰੇ ਮਿਤਰ[56], ਤੂੰ ਮੈਨੂੰ ਮਿਲ ਅਤੇ ਮੈਨੂੰ ਆਪਣੀ ਛਾਤੀ[57] ਨਾਲ ਲਾ ਲੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ[58] ॥

My mind is now pleased[58] with my Lord.

ਹੁਣ ਮੇਰਾ ਚਿਤ ਆਪਣੇ ਪ੍ਰਭੂ ਨਾਲ ਪ੍ਰਸੰਨ ਹੋ ਗਿਆ[58] ਹੈ।

ਸਾਧ ਕ੍ਰਿਪਾਲ[59] ਦਇਆਲ[60] ਭਏ ਹੈ ਇਹੁ ਛੇਦਿਓ[61] ਦੁਸਟੁ[62] ਬਿਗਾਨਾ[63] ॥੧॥ ਰਹਾਉ ॥

The saint has become kind[59] and compassionate[60] to me and has destroyed[61] this evil[62] duality[63] of mine. Pause.

ਸੰਤ ਮੇਰੇ ਉਤੇ ਮਇਆਵਾਨ[59] ਅਤੇ ਮਿਹਰਬਾਨ[60] ਹੋ ਗਏ ਹਨ ਅਤੇ ਉਨ੍ਹਾਂ ਨੇ ਮੇਰਾ ਇਹ ਮੰਦਾ[62] ਦਵੈਤ-ਭਾਵ[63] ਨਾਸ ਕਰ ਦਿਤਾ[61] ਹੈ। ਠਹਿਰਾਉ।

ਤੁਮ ਹੀ ਸੁੰਦਰ[64] ਤੁਮਹਿ ਸਿਆਨੇ[65] ਤੁਮਹੀ ਸੁਘਰ[66] ਸੁਜਾਨਾ[67] ॥

My Master, Thou art beauteous[64], Thou art wise[65] and Thou art accomplished[66] and Omniscient[67].

ਮੇਰੇ ਮਾਲਕ ਤੂੰ ਸੋਹਣਾ[64] ਹੈਂ, ਤੂੰ ਅਕਲਮੰਦ[65] ਹੈਂ ਅਤੇ ਤੂੰ ਹੀ ਕਾਮਲ[66] ਅਤੇ ਸਰਬਗ[67] ਹੈਂ।

ਸਗਲ ਜੋਗ ਅਰੁ[68] ਗਿਆਨ[69] ਧਿਆਨ[70] ਇਕ ਨਿਮਖ[71] ਨ ਕੀਮਤਿ[72] ਜਾਨਾ ॥੧॥

All the yogis, the divines[69] and[68] the contemplators[70] know not even a bit[71] of Thy worth[72], O Lord.

ਸਾਰੇ ਯੋਗੀ, ਬ੍ਰਹਮ-ਬੇਤੇ[69] ਅਤੇ[68] ਵੀਚਾਰਵਾਨ[70], ਭੋਰਾ ਭਰ[71] ਭੀ ਤੇਰੇ ਮੁੱਲ[72] ਨੂੰ ਨਹੀਂ ਜਾਣਦੇ, ਹੇ ਪ੍ਰਭੂ!

ਤੁਮ ਹੀ ਨਾਇਕ[73] ਤੁਮਹਿ [74]ਛਤ੍ਰਪਤਿ[75] ਤੁਮ ਪੂਰਿ ਰਹੇ[76] ਭਗਵਾਨਾ[77] ॥

Thou art the Master[73], Thou the Lord[75] of the umbrella[74] and Thou the All-filling[76] Auspicious God[77].

ਤੂੰ ਮਾਲਕ[73] ਹੈਂ, ਤੂੰ ਹੀ ਰਾਜ ਛਤ੍ਰ[74] ਦਾ ਸੁਆਮੀ[75] ਅਤੇ ਤੂੰ ਹੀ ਸਰਬ-ਪੂਰਨ[76] ਸੁਲੱਖਣਾ ਵਾਹਿਗੁਰੂ[77]।

ਪਾਵਉ[78] ਦਾਨੁ[79] ਸੰਤ ਸੇਵਾ[80] ਹਰਿ ਨਾਨਕ ਸਦ ਕੁਰਬਾਨਾਂ[81] ॥੨॥੬॥੨੯॥

Bless[78] Thou me, O God, with the gift[79] of the saints' service[80]. I am ever a sacrifice[81] unto Thee.

ਤੂੰ ਮੈਨੂੰ ਸਾਧੂਆਂ ਦੀ ਘਾਲ[80] ਦੀ ਦਾਤ[79] ਪਰਦਾਨ[78] ਕਰ, ਹੇ ਵਾਹਿਗੁਰੂ! ਮੈਂ ਤੇਰੇ ਉਤੋਂ ਸਦੀਵ ਹੀ ਬਲਿਹਾਰ[81] ਜਾਂਦਾ ਹਾਂ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੇਰੈ ਮਨਿ[82] ਚੀਤਿ ਆਏ[83] ਪ੍ਰਿਅ[84] ਰੰਗਾ[85] ॥

Within my mind[82], remember[83] I my Blissful[85] Beloved[84].

ਆਪਣੇ ਰਿਦੇ[82] ਅੰਦਰ, ਮੈਂ ਆਪਣੇ ਰੰਗੀਲੇ[85] ਪ੍ਰੀਤਮ[84] ਨੂੰ ਯਾਦ ਕਰਦੀ[83] ਹਾਂ।

ਬਿਸਰਿਓ[86] ਧੰਧੁ[87] ਬੰਧ[88]

I have forgotten[86] the entangling[88]

ਮੈਂ ਸੰਸਾਰ[89] ਦੇ ਬੰਨ੍ਹ[88] ਲੈਣ ਵਾਲੇ ਧੰਧਿਆਂ[87] ਨੂੰ ਭੁਲਾ[86]

ਮਾਇਆ[89] ਕੋ ਰਜਨਿ[90] ਸਬਾਈ[91] ਜੰਗਾ[92] ॥ ੧ ॥ ਰਹਾਉ ॥

affairs[87] of the world[89] and the entire[91] night[90] of life, I war[92] with evil. Pause.

ਦਿਤਾ ਹੈ ਅਤੇ ਜੀਵਨ ਦੀ ਸਮੂਹ[91] ਰਾਤਰੀ[90], ਮੈਂ ਬਦੀ ਨਾਲ ਜੂਝਦਾ[92] ਹਾਂ। ਠਹਿਰਾਉ।

ਹਰਿ ਸੇਵਉ[93] ਹਰਿ ਰਿਦੈ[94] ਬਸਾਵਉ[95] ਹਰਿ ਪਾਇਆ ਸਤਸੰਗਾ ॥

God I serve[93], God I enshrine[95] in my mind[94] and God I attain to, in the saints' society.

ਹਰੀ ਦੀ ਮੈਂ ਘਾਲ ਕਮਾਉਂਦਾ[93] ਹਾਂ, ਹਰੀ ਨੂੰ ਮੈਂ ਆਪਣੇ ਮਨ[94] ਵਿਚ ਟਿਕਾਉਂਦਾ[95] ਹਾਂ ਅਤੇ ਸਤਿਸੰਗਤ ਅੰਦਰ ਮੈਂ ਹਰੀ ਨੂੰ ਪ੍ਰਾਪਤ ਹੁੰਦਾ ਹਾਂ।

ਐਸੋ[96] ਮਿਲਿਓ ਮਨੋਹਰੁ[97] ਪ੍ਰੀਤਮੁ[98] ਸੁਖ ਪਾਏ ਮੁਖ[99] ਮਗਾ[100] ॥੧॥

Such[96] a Beauteous[97] Beloved[98] have I met with, that I have obtained the mouth[99]-asked-for[100] comforts.

ਐਹੋ ਜੇਹੇ[96] ਸੁੰਦਰ[97] ਪਿਆਰੇ[98] ਨਾਲ ਮੈਂ ਮਿਲ ਪਈ ਹਾਂ, ਕਿ ਮੈਨੂੰ [99]ਮੂੰਹ-ਮੰਗੇ[100] ਆਰਾਮ ਪਰਾਪਤ ਹੋ ਗਏ ਹਨ।

ਪ੍ਰਿਉ ਅਪਨਾ ਗੁਰਿ ਬਸਿ[2] ਕਰਿ ਦੀਨਾ ਭੋਗਉ[3] ਭੋਗ[4] ਨਿਸੰਗਾ[5] ॥

My Guru has brought my spouse under my sway[2] and I enjoy[3] His union[4] with abandon[5].

ਮੇਰੇ ਗੁਰਾਂ ਨੇ ਮੇਰਾ ਪਤੀ ਇਖ਼ਤਿਆਰ[2] ਵਿਚ ਕਰ ਦਿਤਾ ਹੈ ਤੇ ਮੈਂ ਨਿਧੜਕ[5] ਹੋ, ਉਸ ਦੇ ਮਿਲਾਪ[4] ਨੂੰ ਮਾਣਦੀ[3] ਹਾਂ।

ਨਿਰਭਉ[6] ਭਏ ਨਾਨਕ ਭਉ ਮਿਟਿਆ[7] ਹਰਿ ਪਾਇਓ ਪਾਠੰਗਾ[8] ॥੨॥੭॥੩੦॥

I have become fearless[6] and past[7] is my fear. By the word's recitation[8], I have attained to my God, O Nanak.

ਮੈਂ ਨਿੱਡਰ[6] ਹੋ ਗਿਆ ਹਾਂ ਅਤੇ ਮੇਰਾ ਡਰ ਦੂਰ[7] ਹੋ ਗਿਆ ਹੈ। ਗੁਰਾਂ ਦੀ ਬਾਣੀ ਦੇ ਉਚਾਰਨ[8] ਕਰਨ ਦੁਆਰਾ ਮੈਂ ਆਪਣੇ ਵਾਹਿਗੁਰੂ ਨੂੰ ਪਾ ਲਿਆ ਹੈ, ਹੇ ਨਾਨਕ!

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਜੀਉ[9] ਕੇ ਦਰਸਨ[10] ਕਉ ਕੁਰਬਾਨੀ[12] ॥

I am a sacrifice[12] unto the vision[10] of my Reverend[9] Lord.

ਮੈਂ ਆਪਣੇ ਪੂਜਨੀਕ[9] ਪ੍ਰਭੂ ਦੇ ਦੀਦਾਰ[10] ਉਤੋਂ ਬਲਿਹਾਰ[12] ਜਾਂਦੀ ਹਾਂ।

ਬਚਨ[13] ਨਾਦ[14] ਮੇਰੇ ਸ੍ਰਵਨਹੁ[15] ਪੂਰੇ[16] ਦੇਹਾ[17] ਪ੍ਰਿਅ[18] ਅੰਕਿ[19] ਸਮਾਨੀ[20] ॥੧॥ ਰਹਾਉ ॥

The music[14] of His words[13] fills[16] mine ears[15] and my body[17] has sunk[20] into my Spouse's[18] lap[19]. Pause.

ਉਸ ਦੇ ਬਚਨ-ਬਿਲਾਸਾਂ[13] ਦਾ ਰਾਗ[14] ਮੇਰੇ ਕੰਨਾਂ[15] ਨੂੰ ਭਰ ਰਿਹਾ[16] ਹੈ ਅਤੇ ਮੇਰਾ ਸਰੀਰ[17] ਆਪਣੇ ਕੰਤ[18] ਦੀ ਗੋਦੀ[19] ਅੰਦਰ ਸਮਾ[20] ਗਿਆ ਹੈ। ਠਹਿਰਾਉ।

ਛੂਟਰਿ[21] ਤੇ ਗੁਰਿ ਕੀਈ ਸੋਹਾਗਨਿ[22] ਹਰਿ ਪਾਇਓ ਸੁਘੜ[23] ਸੁਜਾਨੀ[24] ॥

Me, the discarded one[21], the Guru has made a happy bride[22] and I have obtained my accomplished[23] and Omniscient[24] Lord.

ਮੈਂ, ਛੁਟੜ[21] ਨੂੰ, ਗੁਰਾਂ ਨੇ ਖ਼ੁਸ਼ਬਾਸ਼ ਪਤਨੀ[22] ਬਣਾ ਦਿੱਤਾ ਹੈ ਅਤੇ ਮੈਂ ਆਪਣੇ ਕਾਮਲ[23] ਅਤੇ ਸਰਬਗ[24] ਸੁਆਮੀ ਨੂੰ ਪਰਾਪਤ ਕਰ ਲਿਆ ਹੈ।

ਜਿਹ ਘਰ[25] ਮਹਿ ਬੈਸਨੁ[26] ਨਹੀ ਪਾਵਤ ਸੋ[29] ਥਾਨੁ[27] ਮਿਲਿਓ ਬਾਸਾਨੀ[28] ॥ ੧॥

The home[25], in which I was not allowed even to sit[26]; that[29] place[27] I have obtained to dwell[28] in.

ਜਿਸ ਗ੍ਰਿਹ[25], ਮੈਨੂੰ ਬਹਿਣਾ[26] ਨਹੀਂ ਸੀ ਮਿਲਦਾ; ਉਹ[29] ਥਾਂ[27] ਮੈਨੂੰ ਰਹਿਣ[28] ਲਈ ਪਰਾਪਤ ਹੋ ਗਈ ਹੈ।

ਉਨ[30] ਕੈ ਬਸਿ[31] ਆਇਓ ਭਗਤਿ[32] ਬਛਲੁ[33] ਜਿਨਿ ਰਾਖੀ ਆਨ[34] ਸੰਤਾਨੀ[35] ॥

God, the Lover[33] of His saints[32] comes under the sway[31] of those[30], who protect the honour[34] of His saints[35].

ਆਪਣੇ ਸੰਤਾਂ[32] ਦਾ ਪਿਆਰਾ[33] ਵਾਹਿਗੁਰੂ ਉਨ੍ਹਾਂ[30] ਦੇ ਇਖ਼ਤਿਆਰ[31] ਵਿਚ ਆ ਜਾਂਦਾ ਹੈ, ਜੋ ਉਸ ਸਾਧੂਆਂ[35] ਦੀ ਇਜ਼ਤ[34] ਰਖਦੇ ਹਨ।

ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ[36] ਸਭ ਚੂਕੀ[37] ਕਾਣਿ[38] ਲੋਕਾਨੀ[39] ॥੨॥੮॥੩੧॥

Says Nanak, my soul is pleased[36] with my God and my subservience[38] of people[39] is now all ended[37].

ਗੁਰੂ ਜੀ ਫੁਰਮਾਉਂਦੇ ਹਨ, ਮੇਰੀ ਜਿੰਦੜੀ ਆਪਣੇ ਵਾਹਿਗੁਰੂ ਨਾਲ ਪ੍ਰਸੰਨ[36] ਹੋ ਗਈ ਹੈ ਅਤੇ ਹੁਣ ਮੇਰੀ ਲੋਕਾਂ[39] ਦੀ ਮੁਥਾਜੀ[38] ਸਮੂਹ ਮੁਕ ਗਈ[37] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ[40] ਮੋਰੋ ਪੰਚਾ ਤੇ ਸੰਗੁ[41] ਤੂਟਾ[42] ॥

Now[40] my association[41] with the five demons is snapped[42].

ਹੁਣ[40] ਮੇਰਾ ਪੰਜਾਂ ਭੂਤਨਿਆਂ ਨਾਲ ਮੇਲ-ਮਿਲਾਪ[41] ਟੁਟ ਗਿਆ[42] ਹੈ।

ਦਰਸਨੁ[43] ਦੇਖਿ ਭਏ ਮਨਿ ਆਨੰਦ[44] ਗੁਰ ਕਿਰਪਾ[45] ਤੇ ਛੂਟਾ[46] ॥੧॥ਰਹਾਉ॥

Seeing the Lord's vision[43], my mind is in bliss[44] and by the Guru's grace[45], I am now released[46]. Pause.

ਪ੍ਰਭੂ ਦਾ ਦੀਦਾਰ[43] ਵੇਖ ਮੇਰਾ ਚਿਤ ਖੁਸ਼ੀ[44] ਵਿਚ ਹੈ ਅਤੇ ਗੁਰਾਂ ਦੀ ਦਇਆ[45] ਦੁਆਰਾ, ਹੁਣ ਮੈਂ ਬੰਦ ਖ਼ਲਾਸ[46] ਹੋ ਗਿਆ ਹਾਂ। ਠਹਿਰਾਉ।

ਬਿਖਮ[47] ਥਾਨ[48] ਬਹੁਤ ਬਹੁ[48]*ਧਰੀਆ[49] ਅਨਿਕ[50] ਰਾਖ[51] ਸੂਰੂਟਾ[52] ॥

The body abode[48] with many many[48]* buttresses[49] is guarded[51] by many[50] warriors[52] and is difficult[47] to assail.

ਘਣੇਰੇ ਘਣੇਰੇ[48]* ਪੁਸ਼ਤਿਆਂ[49] ਵਾਲੇ ਦੇਹਿ ਦੇ ਅਸਥਾਨ[48] ਦੀ ਬਹੁਤ ਸਾਰੇ[50] ਸੂਰਮੇ[52] ਰਖਵਾਲੀ[51] ਕਰ ਰਹੇ ਹਨ ਅਤੇ ਔਖਾ[47] ਹੈ ਇਸ ਉਤੇ ਧਾਵਾ ਬੋਲਣਾ।

ਬਿਖਮ[53] ਗਾਰੁ[54] ਕਰੁ[55] ਪਹੁਚੈ[56] ਨਾਹੀ ਸੰਤ ਸਾਨਥ[57] ਭਏ ਲੂਟਾ[58] ॥੧॥

It is an arduous[53] fortress[54] whereto the hand[55] reaches[56] not, but obtaining the saint's companionship[57] I have robbed[58] (conquered) the body fortress.

ਇਹ ਇਕ ਕਠਨ[53] ਕਿਲ੍ਹਾ[54] ਹੈ, ਜਿਸ ਤਾਂਈਂ ਹੱਥ[55] ਨਹੀਂ ਅੱਪੜਦਾ[56], ਪ੍ਰੰਤੂ ਸੰਤਾਂ ਦੀ ਸੰਗਤ[57] ਨੂੰ ਪਾ ਮੈਂ ਦੇਹਿ ਦੇ ਕਿਲੇ ਨੂੰ ਲੁੱਟ[58] (ਜਿੱਤ) ਲਿਆ ਹੈ।

ਬਹੁਤੁ ਖਜਾਨੇ[59] ਮੇਰੈ ਪਾਲੈ ਪਰਿਆ ਅਮੋਲ[60] ਲਾਲ[61] ਆਖੂਟਾ[62] ॥

I have come upon many treasures[59] of priceless[60] and inexhaustible[62] gems[61].

ਮੈਨੂੰ ਅਣਮੁੱਲੇ[60] ਅਤੇ ਅਮੁਕ[62] ਜਵਾਹਿਰਾਤ[61] ਦੇ ਬਹੁਤ ਸਾਰੇ ਤੋਸ਼ੇਖ਼ਾਨੇ[59] ਪਰਾਪਤ ਹੋ ਗਏ ਹਨ।

ਜਨ[63] ਨਾਨਕ ਪ੍ਰਭਿ ਕਿਰਪਾ[64] ਧਾਰੀ[65] ਤਉ ਮਨ ਮਹਿ ਹਰਿ ਰਸੁ[66] ਘੂਟਾ[67] ॥੨॥੯॥੩੨॥

O slave[63] Nanak, when the Lord showed[65] mercy[64] unto me, then my mind sucked[67] God's elixir[66].

ਹੇ ਗੋਲੇ[63] ਨਾਨਕ! ਜਦ ਮਾਲਕ ਨੇ ਮੇਰੇ ਉਤੇ ਮਿਹਰ[64] ਕੀਤੀ[65], ਤਾਂ ਮੇਰੇ ਮਨੂਏ ਨੇ ਵਾਹਿਗੁਰੂ ਦੇ ਅੰਮ੍ਰਿਤ[66] ਨੂੰ ਪਾਨ ਕੀਤਾ[67]।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ ਮੋਰੋ ਠਾਕੁਰ ਸਿਉ ਮਨੁ ਲੀਨਾ[68] ॥

My soul is now merged[68] in the Lord.

ਮੇਰੀ ਆਤਮਾ ਹੁਣ ਪ੍ਰਭੂ ਅੰਦਰ ਲੀਨ[68] ਹੋ ਗਈ ਹੈ।

[69]ਪ੍ਰਾਨਦਾਨੁ[70] ਗੁਰਿ ਪੂਰੈ[71] ਦੀਆ[72] ਉਰਝਾਇਓ[73] ਜਿਉ[74] ਜਲ[75] ਮੀਨਾ[76] ॥੧॥ਰਹਾਉ॥

The perfect[71] Guru has blessed[72] me with the gift[70] of spiritual life[69] and I am now involved[73] with the Lord as[74] the fish[76] is with water[75]. Pause.

ਪੂਰਨ[71] ਗੁਰਾਂ ਨੇ ਮੈਨੂੰ ਰੂਹਾਨੀ ਜੀਵਨ[69] ਦੀ ਦਾਤ[70] ਬਖ਼ਸ਼ੀ[72] ਹੈ ਅਤੇ ਮੈਂ ਹੁਣ ਪ੍ਰਭੂ ਨਾਲ ਐਉਂ ਰਚ ਗਿਆ[73] ਹਾਂ ਜਿਸ ਤਰ੍ਹਾਂ[74] ਮੱਛੀ[76] ਪਾਣੀ[75] ਨਾਲ। ਠਹਿਰਾਉ।

੧੨੧੧ 1211 ੧੨੧੧

ਕਾਮ[77] ਕ੍ਰੋਧ[78] ਲੋਭ[79] ਮਦ[80] ਮਤਸਰ[81] ਇਹ

When the Guru gave[84] this gift[83], then I cast off[82] all my lust[77],

ਜਦ ਗੁਰਾਂ ਨੇ ਮੈਨੂੰ ਇਹ ਦਾਤ[83] ਬਖ਼ਸ਼ੀ[84], ਤਦ ਮੈਂ ਸ਼ਹਿਵਤ[77], ਗੁੱਸੇ[78], ਲਾਲਚ[79] ਹੰਕਾਰ[80] ਅਤੇ ਈਰਖਾ[81]

ਅਰਪਿ[82] ਸਗਲ ਦਾਨੁ[83] ਕੀਨਾ[84] ॥

wrath[78], avarice[79], ego[80] and envy[81].

ਨੂੰ ਛੱਡ ਦਿੱਤਾ[82] ।

ਮੰਤ੍ਰੁ[85] ਦ੍ਰਿੜਾਇ[86] ਹਰਿ ਅਉਖਧੁ[87] ਗੁਰਿ ਦੀਓ[88] ਤਉ ਮਿਲਿਓ[89] ਸਗਲ ਪ੍ਰਬੀਨਾ[90] ॥੧॥

Implanting[86] his instruction[85] within me, when the Guru blessed[88] me with the medicine[87] of God's Name, then met[89] I with the All-wise Lord[90].

ਆਪਣਾ ਉਪਦੇਸ਼[85] ਮੇਰੇ ਅੰਦਰ ਪੱਕਾ ਕਰ[86], ਜਦ ਗੁਰਾਂ ਨੇ ਮੈਨੂੰ ਹਰੀ ਦੇ ਨਾਮ ਦੀ ਦਵਾਈ[87] ਪਰਦਾਨ[88] ਕੀਤੀ, ਤਦ ਮੈਂ ਸਰਬ-ਸਿਆਣੇ ਸੁਆਮੀ[90] ਨਾਲ ਮਿਲ ਪਿਆ[89] ।

ਗ੍ਰਿਹੁ[91] ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ[92] ਖੋਈ[93] ਪ੍ਰਭੁ ਦੀਨਾ[93*] ॥

O Lord, my house[91] belongs to Thee and Thou art mine. Blessed[93*] with Thy Name by the Guru I am rid[93] of my self-conceit[92].

ਹੇ ਸੁਆਮੀ ! ਮੇਰਾ ਘਰ[91] ਤੇਰੀ ਮਲਕੀਅਤ ਹੈ ਅਤੇ ਤੂੰ ਮੇਰਾ ਹੈਂ । ਗੁਰਾਂ ਪਾਸੋਂ ਤੇਰੇ ਨਾਮ ਦੀ ਦਾਤ ਪਰਾਪਤ[93*] ਕਰ, ਮੇਰੀ ਸਵੈ-ਹੰਗਤਾ[92] ਮਿਟ ਗਈ[93] ਹੈ ।

ਕਹੁ ਨਾਨਕ ਮੈ ਸਹਜ[94] ਘਰੁ[95] ਪਾਇਆ ਹਰਿ ਭਗਤਿ[96] ਭੰਡਾਰ[97] ਖਜੀਨਾ॥੨॥੧੦॥੩੩॥

Says Nanak, within my home[95], I have easily[94] obtained the treasure[97], the treasure of the Lord's meditation[96].

ਗੁਰੂ ਜੀ ਆਖਦੇ ਹਨ, ਮੈਨੂੰ ਆਪਣੇ ਗ੍ਰਿਹ[95] ਅੰਦਰ ਸੁਆਮੀ ਦੇ ਸਿਮਰਨ[96] ਦਾ ਖ਼ਜ਼ਾਨਾ[97] ਤੇ ਭੰਡਾਰ ਸੁਖੈਨ[94] ਹੀ ਪਰਾਪਤ ਹੋ ਗਿਆ ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਮੋਹਨ[98] ਸਭਿ ਜੀਅ[99] ਤੇਰੇ ਤੂ ਤਾਰਹਿ[100] ॥

O my Bewitching Lord[98], all the beings[99] belong to Thee and Thou emancipatest[100] them.

ਹੇ ਮੇਰੇ ਮਨਮੋਹਨ[98] ਸੁਆਮੀ ! ਸਾਰੇ ਜੀਵ[99] ਤੇਰੀ ਮਲਕੀਅਤ ਹਨ ਅਤੇ ਤੂੰ ਸਾਰਿਆਂ ਦਾ ਪਾਰ ਉਤਾਰਾ[100] ਕਰਦਾ ਹੈਂ ।

ਛੁਟਹਿ[2] ਸੰਘਾਰ[3] ਨਿਮਖ[4] ਕਿਰਪਾ[5] ਤੇ ਕੋਟਿ[6] ਬ੍ਰਹਮੰਡ[7] ਉਧਾਰਹਿ[8] ॥੧॥ਰਹਾਉ॥

Through a bit[4] of Thy mercy[5], O Lord, tyrannies[3] cease[2] and Thou redeemest[8] millions[6] of universes[7]. Pause.

ਤੇਰੀ ਇਕ ਭੋਰਾ ਭਰ[4] ਦਇਆ[5] ਰਾਹੀਂ, ਹੇ ਸੁਆਮੀ ! ਜ਼ੁਲਮ[3] ਬੰਦ[2] ਹੋ ਜਾਂਦੇ ਹਨ ਅਤੇ ਤੂੰ ਕ੍ਰੋੜਾਂ[6] ਹੀ ਆਲਮਾਂ[7] ਨੂੰ ਤਾਰ ਦਿੰਦਾ[8] ਹੈਂ । ਠਹਿਰਾਉ ।

ਕਰਹਿ ਅਰਦਾਸਿ[9] ਬਹੁਤੁ ਬੇਨੰਤੀ[10] ਨਿਮਖ ਨਿਮਖ[12] ਸਾਮ੍ਹਾਰਹਿ[13] ॥

I make many supplications[9] and implorations[10] and remember[13] Thee every moment[12], O Lord.

ਮੈਂ ਘਣੇਰੀਆਂ ਪ੍ਰਾਰਥਨਾ[9] ਤੇ ਜੋਦੜੀਆਂ[10] ਕਰਦਾ ਹਾਂ ਅਤੇ ਤੈਨੂੰ ਹਰ ਮੁਹਤ[12] ਯਾਦ ਕਰਦਾ[13] ਹਾਂ, ਹੇ ਪ੍ਰਭੂ !

ਹੋਹੁ ਕ੍ਰਿਪਾਲ[14] ਦੀਨ[15] ਦੁਖ[16] ਭੰਜਨ[17] ਹਾਥ ਦੇਇ ਨਿਸਤਾਰਹਿ[18] ॥੧॥

O Lord, the Destroyer[17] of the sorrow[16] of the poor[15], be Thou merciful[14] and lending me Thy hand, save[18] Thou me.

ਹੇ ਗ਼ਰੀਬਾਂ[15] ਦੇ ਦੁਖੜੇ[16] ਨਾਸ ਕਰਨ ਵਾਲੇ[17] ਪ੍ਰਭੂ ! ਤੂੰ ਮਇਆਵਾਨ[14] ਹੋ ਅਤੇ ਆਪਣਾ ਹੱਥ ਦੇ ਕੇ, ਮੇਰਾ ਪਾਰ ਉਤਾਰਾ[18] ਕਰ ਦੇ ।

ਕਿਆ ਏ ਭੂਪਤਿ[19] ਬਪੁਰੇ[20] ਕਹੀਅਹਿ[21] ਕਹੁ[20*] ਏ ਕਿਸ ਨੋ ਮਾਰਹਿ ॥

What can these poor[20] king[19] said[21] to be before Thee, O Lord ? Say[20*] thou, who can they kill ?

ਇਹ ਵਿਚਾਰੇ[20] ਰਾਜੇ[19] ਤੇਰੇ ਅੱਗੇ ਕੀ ਆਖੇ[21] ਜਾ ਸਕਦੇ ਹਨ ਹੇ ਸੁਆਮੀ ! ਤੂੰ ਹੀ ਦੱਸ[20*], ਉਹ ਕਿਸ ਨੂੰ ਮਾਰ ਸਕਦੇ ਹਨ ?

ਰਾਖੁ[22] ਰਾਖੁ ਰਾਖੁ

O my Peace-giving[23] Lord, save[22],

ਹੇ ਮੇਰੇ ਆਰਾਮ ਬਖ਼ਸ਼ਣਹਾਰ[23] ਸੁਆਮੀ ! ਤੂੰ ਮੇਰੀ

ਸੁਖਦਾਤੇ[23] ਸਭੁ ਨਾਨਕ ਜਗਤੁ[24] ਤੁਮ੍ਾਰਹਿ ॥੨॥੧੧॥੩੪॥

save, save Thou me. The entire world[24] belongs to Thee, says Nanak.

ਰੱਖਿਆ[22], ਰੱਖਿਆ, ਰੱਖਿਆ ਕਰ। ਸਮੂਹ ਸੰਸਾਰ[24] ਤੇਰੀ ਮਲਕੀਅਤ ਹੈ, ਗੁਰੂ ਜੀ ਫੁਰਮਾਉਂਦੇ ਹਨ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਅਬ[25] ਮੋਹਿ ਧਨੁ[26] ਪਾਇਓ ਹਰਿ ਨਾਮਾ ॥

I have now[25] obtained the wealth[26] of God's Name.

ਮੈਨੂੰ ਹੁਣ[25] ਰਬ ਦੇ ਨਾਮ ਦੀ ਦੌਲਤ[26] ਪਰਾਪਤ ਹੋ ਗਈ ਹੈ।

ਭਏ ਅਚਿੰਤ[27] ਤ੍ਰਿਸਨ[28] ਸਭ ਬੁਝੀ ਹੈ ਇਹੁ[29] ਲਿਖਿਓ[30] ਲੇਖੁ[31] ਮਥਾਮਾ[32] ॥੧॥ਰਹਾਉ॥

I have become care-free[27] and my desire[28] is all stilled. Such[29] a destiny[31] is writ[30] on my forehead[32]. Pause.

ਮੈਂ ਬੇਫਿਕਰ[27] ਹੋ ਗਿਆ ਹਾਂ ਅਤੇ ਮੇਰੀ ਖ਼ਾਹਿਸ਼[28] ਸਾਰੀ ਹੀ ਬੁਝ ਗਈ ਹੈ, ਇਹੋ ਜਿਹੀ[29] ਪ੍ਰਾਲਭਧ[31] ਮੇਰੇ ਮੱਥੇ[32] ਤੇ ਲਿਖੀ ਹੋਈ[30] ਹੈ। ਠਹਿਰਾਉ।

ਖੋਜਤ[33] ਖੋਜਤ ਭਇਓ ਬੈਰਾਗੀ[34] ਫਿਰਿ[35] ਆਇਓ ਦੇਹ[36] ਗਿਰਾਮਾ[37] ॥

Searching[33] and seeking, I have become sad[34] and wandering[35] abroad, I have now come to my body[36] village[37].

ਲਭਦਾ[33] ਤੇ ਭਾਲਦਾ, ਮੈਂ ਉਦਾਸ[34] ਹੋ ਗਿਆ ਹਾਂ ਅਤੇ ਬਾਹਰ ਭਟਕਦਾ[35] ਹੋਇਆ, ਹੁਣ ਮੈਂ ਆਪਣੇ ਸਰੀਰ[36] ਦੇ ਪਿੰਡ[37] ਵਿਚ ਆ ਗਿਆ ਹਾਂ।

ਗੁਰਿ ਕ੍ਰਿਪਾਲਿ[38] ਸਉਦਾ[39] ਇਹੁ ਜੋਰਿਓ[40] ਹਥ ਚਰਿਓ[41] ਲਾਲੁ[42] ਅਗਾਮਾ[43] ॥੧॥

The merciful[38] Guru has settled[40] this bargain[39], and I have obtained[41] my Inaccessible[43] Love[42].

ਮਿਹਰਬਾਨ[38] ਗੁਰਾਂ ਨੇ ਇਹ ਸੌਦਾ[39] ਚੁਕਾ ਦਿੱਤਾ[40] ਹੈ ਅਤੇ ਮੈਂ ਆਪਣਾ ਪਹੁੰਚ ਤੋਂ ਪਰੇ[43] ਪ੍ਰੀਤਮ[42] ਪਾ ਲਿਆ[41] ਹੈ।

ਆਨ[44] ਬਾਪਾਰ[45] ਬਨਜ[46] ਜੋ ਕਰੀਅਹਿ ਤੇਤੇ[47] ਦੂਖ[48] ਸਹਾਮਾ[49] ॥

Other[44] traffic[45] and trade[46] which one transacts; in them all[47], he suffers[49] sorrow[48].

ਹੋਰ[44] ਸੁਦਾਗਰੀ[45] ਅਤੇ ਵਿਉਪਾਰ[46] ਜੋ ਜੀਵ ਕਰਦਾ ਹੈ, ਉਨ੍ਹਾਂ ਸਾਰਿਆਂ[47] ਵਿਚ ਉਹ ਕਸ਼ਟ[48] ਉਠਾਉਂਦਾ[49] ਹੈ।

ਗੋਬਿੰਦ ਭਜਨ[50] ਕੇ ਨਿਰਭੈ[51] ਵਾਪਾਰੀ[52] ਹਰਿ ਰਾਸਿ[53] ਨਾਨਕ ਰਾਮ ਨਾਮਾ ॥੨॥੧੨॥੩੫॥

Fearless[51] are the traders[52], who deal in the Lord's meditation[50]. Their capital[53], O Nanak is the Lord's Name.

ਭੈ-ਰਹਿਤ[51] ਹਨ ਸੁਆਮੀ ਦੇ ਸਿਮਰਨ[50] ਦਾ ਵਣਜ ਕਰਨ ਵਾਲੇ ਵਣਜਾਰੇ[52]। ਉਨ੍ਹਾਂ ਦੀ ਪੂੰਜੀ[53] ਹੇ ਨਾਨਕ ! ਵਾਹਿਗੁਰੂ ਸੁਆਮੀ ਦਾ ਨਾਮ ਹੀ ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੇਰੈ ਮਨਿ ਮਿਸਟ[54] ਲਗੇ ਪ੍ਰਿਅ[55] ਬੋਲਾ[56] ॥

To my mind sweet[54] seem the words[56] of my Love[55].

ਮੇਰੇ ਚਿਤ ਨੂੰ ਮੇਰੇ ਪ੍ਰੀਤਮ[55] ਦੇ ਬਚਨ[56] ਮਿੱਠੇ[54] ਲਗਦੇ ਹਨ।

ਗੁਰਿ ਬਾਹ[57] ਪਕਰਿ[58] ਪ੍ਰਭ ਸੇਵਾ[60] ਲਾਏ[59] ਸਦ ਦਇਆਲੁ ਹਰਿ ਢੋਲਾ[61] ॥੧॥ਰਹਾਉ॥

Seizing[58] me by the arm[57], the Guru has yoked[59] me to the Lord's service[60]. The loved[61] Lord is ever merciful to me. Pause.

ਮੈਨੂੰ ਭੁਜਾ[57] ਤੋਂ ਪਕੜ[58], ਗੁਰਾਂ ਨੇ ਮੈਨੂੰ ਸੁਆਮੀ ਦੀ ਘਾਲ[60] ਅੰਦਰ ਜੋੜ ਦਿੱਤਾ[59] ਹੈ। ਪਿਆਰਾ[61] ਪ੍ਰਭੂ ਮੇਰੇ ਉਤੇ ਸਦੀਵ ਹੀ ਮਿਹਰਬਾਨ ਹੈ। ਠਹਿਰਾਉ।

ਪ੍ਰਭ ਤੂ ਠਾਕੁਰੁ ਸਰਬ[62] ਪ੍ਰਤਿਪਾਲਕੁ[63] ਮੋਹਿ[64]

My Lord Master, Thou sustainest[63] all[62]. With[66] my wife[65], from head

ਮੇਰੇ ਸੁਆਮੀ ਮਾਲਕ; ਤੂੰ ਸਾਰਿਆਂ[62] ਦੀ ਪਾਲਣਾ-ਪੋਸਣਾ ਕਰਦਾ[63] ਹੈਂ। ਆਪਣੀ ਪਤਨੀ[65] ਸਮੇਤ[66] ਸਿਰ[67]

ਕਲਤ੍ਰ[65] ਸਹਿਤ[66] ਸਭਿ[67] ਗੋਲਾ[68] ॥	to foot[67] I[64] am a slave[68] of Thine.	ਤੋਂ ਪੈਰਾਂ ਤਾਂਈ[67] ਤੇਰਾ ਗੁਮਾਸ਼ਤਾ[68] ਹਾਂ ।
ਮਾਣੁ[69] ਤਾਣੁ[70] ਸਭੁ ਤੂਹੈ ਤੂਹੈ ਇਕੁ[72] ਨਾਮੁ ਤੇਰਾ ਮੈ ਓਲ੍ਹਾ[71] ॥੧॥	All my honour[69] and might[70], Thou art, Thou art, O Lord. Thy Name alone[72] is my mainstay[71].	ਮੇਰੀ ਸਾਰੀ ਇਜ਼ਤ[69] ਅਤੇ ਸੱਤਿਆ[70], ਤੂੰ ਹੀ ਹੈਂ, ਹੇ ਸੁਆਮੀ ! ਕੇਵਲ[72] ਤੇਰਾ ਨਾਮ ਹੀ ਮੇਰਾ ਆਸਰਾ[71] ਹੈ ।
ਜੇ[73] ਤਖਤਿ[74] ਬੈਸਾਲਹਿ[78] ਤਉ[75] ਦਾਸ[79] ਤੁਮ੍ਹਾਰੇ ਘਾਸੁ ਬਢਾਵਹਿ ਕੇਤਕ[76] ਬੋਲਾ[77] ॥	If[73] Thou seatest[78] me on the throne[74], then[75] I am a slave[79] of Thine. If Thou makest me cut grass, then too what[76] can I say[77] ?	ਜੇਕਰ[73] ਤੂੰ ਮੈਨੂੰ ਰਾਜ ਸਿੰਘਾਸਨ[74] ਤੇ ਬਹਾਲ ਦੇਵੇਂ[78], ਤਦ[75] ਮੈਂ ਤੇਰਾ ਹੀ ਗੋਲਾ[79] ਹਾਂ । ਜੇਕਰ ਤੂੰ ਮੇਰੇ ਕੋਲੋਂ ਘਾਹ ਵਢਾਵੇਂ, ਤਦ ਭੀ ਮੈਂ ਕੀ[76] ਕਹਿ ਸਕਦਾ[77] ਹਾਂ ?
ਜਨ[80] ਨਾਨਕ ਕੇ ਪ੍ਰਭ[81] ਪੁਰਖ[82] ਬਿਧਾਤੇ[83] ਮੇਰੇ ਠਾਕੁਰ[84] ਅਗਹ[85] ਅਤੋਲਾ[86] ॥੨॥੧੩॥੩੬॥	Servant[80] Nanak's Master[81] is the Omnipotent[82] Creator[83]. My Lord[84] is the Unfathomable[85] and Immeasurable[86].	ਨੌਕਰ[80] ਨਾਨਕ ਦਾ ਮਾਲਕ[81] ਸਰਬ-ਸ਼ਕਤੀਵਾਨ[82] ਸਿਰਜਣਹਾਰ[83] ਹੈ । ਮੇਰਾ ਸੁਆਮੀ[84] ਅਥਾਹ[85] ਅਤੇ ਅਮਾਪ[86] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਰਸਨਾ[87] ਰਾਮ ਕਹਤ[88] ਗੁਣ[89] ਸੋਹੰ[90] ॥	Uttering[88] the Lord's praise[89], the tongue[87] looks beauteous[90].	ਸਾਂਈਂ ਦਾ ਜੱਸ[89] ਉਚਾਰਨ[88] ਕਰਨ ਦੁਆਰਾ, ਜੀਭ[87] ਸੁੰਦਰ[90] ਲਗਦੀ ਹੈ ।
ਏਕ ਨਿਮਖ[91] ਓਪਾਇ[92] ਸਮਾਵੈ[93] ਦੇਖਿ ਚਰਿਤ[94] ਮਨ ਮੋਹੰ[95] ॥੧॥ਰਹਾਉ॥	The Lord creates[92] and destroys[93] in a moment[91]. Seeing His wondrous plays[94], my soul is bewitched[95]. Pause.	ਪ੍ਰਭੂ ਇਕ ਮੁਹਤ[91] ਵਿਚ ਪੈਦਾ[92] ਤੇ ਨਾਸ ਕਰ ਦਿੰਦਾ[93] ਹੈ । ਉਸ ਦੀਆਂ ਅਦਭੁਤ ਖੇਡਾਂ[94] ਵੇਖ, ਮੇਰੀ ਜਿੰਦੜੀ ਫ਼ਰੇਫ਼ਤਾ ਹੋ ਗਈ[95] ਹੈ । ਠਹਿਰਾਉ ।
ਜਿਸੁ ਸੁਣਿਐ ਮਨਿ ਹੋਇ ਰਹਸੁ[96] ਅਤਿ[97] ਰਿਦੈ[98] ਮਾਨ[99] ਦੁਖ ਜੋਹੰ[100] ॥	Hearing whose praise, man's mind is in supreme[97] bliss[96] and he is rid[100] of ego[99] and sorrow of his heart[98].	ਜਿਸ ਦੀ ਮਹਿਮਾ ਸੁਣਨ ਦੁਆਰਾ, ਬੰਦੇ ਦੇ ਚਿਤ ਅੰਦਰ ਪਰਮ[97] ਖ਼ੁਸ਼ੀ[96] ਹੋ ਜਾਂਦੀ ਹੈ ਅਤੇ ਉਹ ਆਪਣੇ ਦਿਲ[98] ਦੇ ਹੰਕਾਰ[99] ਤੇ ਦੁਖੜੇ ਤੋਂ ਖ਼ਲਾਸੀ[100] ਪਾ ਜਾਂਦਾ ਹੈ ।
ਸੁਖੁ ਪਾਇਓ ਦੁਖੁ ਦੂਰਿ[2] ਪਰਾਇਓ ਬਣਿ[3] ਆਈ ਪ੍ਰਭ ਤੋਹੰ[4] ॥੧॥	Since I have ingratiated[3] Thee[4], O Lord, I obtained peace and shaken off[2] sorrow.	ਕਿਉਂਕਿ ਮੈਂ ਤੈਨੂੰ[4] ਪ੍ਰਸੰਨ ਕਰ ਲਿਆ[3] ਹੈ, ਹੇ ਸੁਆਮੀ ! ਮੈਨੂੰ ਆਰਾਮ ਪਰਾਪਤ ਹੋ ਗਿਆ ਹੈ ਤੇ ਮੇਰੇ ਦੁਖੜੇ ਦੂਰ ਹੋ ਗਏ[2] ਹਨ ।
ਕਿਲਵਿਖ[5] ਗਏ[6] ਮਨ ਨਿਰਮਲ[7] ਹੋਈ ਹੈ ਗੁਰਿ ਕਾਢੇ[8] ਮਾਇਆ[9] ਦ੍ਰੋਹੰ[10] ॥	My sins[5] are wiped off[6] and my mind is sanctified[7]. The Guru has pulled[8] me out of the deceitful[10] mammon[9].	ਮੇਰੇ ਪਾਪ[5] ਮਿਟ ਗਏ[6] ਹਨ ਅਤੇ ਮੇਰਾ ਹਿਰਦਾ ਪਵਿੱਤਰ[7] ਹੋ ਗਿਆ ਹੈ । ਗੁਰਦੇਵ ਜੀ ਨੇ ਮੈਨੂੰ ਠਗਣੀ[10] ਮੋਹਨੀ[9] ਵਿੱਚੋਂ ਬਾਹਰ[8] ਕਢ ਲਿਆ ਹੈ ।
ਕਹੁ ਨਾਨਕ ਮੈ ਸੋ[12] ਪ੍ਰਭੁ ਪਾਇਆ ਕਰਣ[13] ਕਾਰਣ[14] ਸਮਰਥੋਹੰ[15] ॥੨॥੧੪॥੩੭॥	Says Nanak, I have obtained the[12] Lord, who is Omnipotent[15] to do[13] all the deeds[14].	ਗੁਰੂ ਜੀ, ਫੁਰਮਾਉਂਦੇ ਹਨ, ਮੈਂ ਉਸ[12] ਸੁਆਮੀ ਨੂੰ ਪਾ ਲਿਆ ਹੈ, ਜੋ ਸਾਰੇ ਕੰਮ[14] ਕਰਨ[13] ਨੂੰ ਸਰਬ-ਸ਼ਕਤੀਵਾਨ[15] ਹੈ ।

ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਨੈਨਹੁ[16] ਦੇਖਿਓ ਚਲਤੁ[17] ਤਮਾਸਾ[18] ॥	With mine eyes[16], I have seen the Lord's wondrous shows[17] and plays[18].	ਆਪਣੀਆਂ ਅੱਖਾਂ[16] ਨਾਲ, ਮੈਂ ਪ੍ਰਭੂ ਦੇ ਅਸਚਰਜ ਨਜ਼ਾਰੇ[17] ਅਤੇ ਖੇਡ[18] ਵੇਖੇ ਹਨ ।
ਸਭਹੂ ਦੂਰਿ[19] ਸਭ ਹੂ ਤੇ ਨੇਰੈ[20] ਅਗਮ[21] ਅਗਮ[22] ਘਟ[23] ਵਾਸਾ[24] ॥ ੧ ॥ ਰਹਾਉ ॥	My Lord is far[19] from all and yet is near[20] to all. The Recondite[21] and Inaccessible[22] Lord abides[24] in all hearts[23]. Pause.	ਮੇਰਾ ਸੁਆਮੀ ਸਾਰਿਆਂ ਤੋਂ ਦੁਰੇਡੇ[19] ਹੈ ਅਤੇ ਫਿਰ ਭੀ ਸਾਰਿਆਂ ਦੇ ਨੇੜੇ[20] ਹੈ । ਗੁਹਜ[21] ਅਤੇ ਪਹੁੰਚ ਤੋਂ ਪਰੇ[22] ਸੁਆਮੀ ਸਾਰਿਆਂ ਦਿਲਾਂ[23] ਅੰਦਰ ਵਸਦਾ[24] ਹੈ । ਠਹਿਰਾਉ ।
ਅਭੂਲੁ[25] ਨ ਭੂਲੈ[26] ਲਿਖਿਓ[27] ਨ ਚਲਾਵੈ[28] ਮਤਾ[29] ਨ ਕਰੈ ਪਚਾਸਾ[30] ॥	The Infallible[25] Lord errs[26] not. He writes[28] not His order[27], nor He consults[29] with any-fifty[30] or so.	ਅਚੂਕ[25] ਸੁਆਮੀ ਭੁਲਦਾ[26] ਨਹੀਂ । ਉਹ ਆਪਣਾ ਹੁਕਮ[27] ਲਿਖਦਾ[28] ਨਹੀਂ, ਨਾ ਹੀ ਉਹ ਕਿਸੇ-ਪੰਜਾਹ[30] ਆਦਿ ਨਾਲ ਸਲਾਹ ਕਰਦਾ[29] ਹੈ ।
੧੨੧੨	**1212**	**੧੨੧੨**
ਖਿਨ[31] ਮਹਿ[32] ਸਾਜਿ[33] ਸਵਾਰਿ[34] ਬਿਨਾ[35] ਹੈ ਭਗਤਿ[36] ਵਛਲ[37] ਗੁਣ[38] ਤਾਸਾ[39] ॥ ੧ ॥	God, the Lover[37] of His devotees[36] and the Treasure[39] of virtues[38] creates[33], embellishes[34] and destroys[35] in[32] an instant[31].	ਆਪਣੇ ਵੈਰਾਗੀਆਂ[37] ਨੂੰ ਪਿਆਰ ਕਰਨ ਵਾਲਾ[36] ਅਤੇ ਨੇਕੀਆਂ[38] ਦਾ ਖ਼ਜ਼ਾਨਾ[39] ਵਾਹਿਗੁਰੂ ਇਕ ਮੁਹਤ[31] ਵਿਚ[32] ਰਚਦਾ[33], ਸ਼ਿੰਗਾਰਦਾ[34] ਅਤੇ ਨਾਸ ਕਰ ਦਿੰਦਾ[35] ਹੈ ।
ਅੰਧ[40] ਕੂਪ[41] ਮਹਿ ਦੀਪਕੁ[42] ਬਲਿਓ[43] ਗੁਰਿ ਰਿਦੈ[44] ਕੀਓ ਪਰਗਾਸਾ[45] ॥	Burning[43] of lamp[42] in the mind's[44] blind[40] well[41], the Guru has illumined[45] it.	ਮਨ[44] ਦੇ ਅੰਨ੍ਹੇ[40] ਖੂਹ[41] ਵਿਚ ਦੀਵਾ[42] ਬਾਲ ਕੇ[43] ਗੁਰਾਂ ਨੇ ਇਸ ਨੂੰ ਪ੍ਰਕਾਸ਼ ਕਰ ਦਿਤਾ ਹੈ[45] ।
ਕਹੁ ਨਾਨਕ ਦਰਸੁ[46] ਪੇਖਿ[47] ਸੁਖੁ ਪਾਇਆ ਸਭ ਪੂਰਨ[48] ਹੋਈ ਆਸਾ[49] ॥ ੨॥੧੫॥੩੮॥	Says Nanak, seeing[47] the Lord's vision[46] I have procured peace, and all my hopes[49] have been realised[48].	ਗੁਰੂ ਜੀ ਫੁਰਮਾਉਂਦੇ ਹਨ, ਪ੍ਰਭੂ ਦਾ ਦਰਸ਼ਨ[46] ਵੇਖ[47] ਮੈਨੂੰ ਆਰਾਮ ਪਰਾਪਤ ਹੋ ਗਿਆ ਹੈ ਅਤੇ ਮੇਰੀਆਂ ਸਾਰੀਆਂ ਉਮੀਦਾਂ[49] ਪੂਰੀਆਂ[48] ਹੋ ਗਈਆਂ ਹਨ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਚਰਨਹ[50] ਗੋਬਿੰਦ[51] ਮਾਰਗੁ[52] ਸੁਹਾਵਾ[53] ॥	For the feet[50], the most beauteous[53] path[52] to tread upon is of the Lord[51].	ਪੈਰਾਂ[50] ਲਈ, ਤੁਰਨ ਵਾਸਤੇ ਸਾਰਿਆਂ ਨਾਲੋਂ ਸੁੰਦਰ[53] ਰਸਤਾ[52], ਸੁਆਮੀ[51] ਦਾ ਹੀ ਹੈ ।
ਆਨ[54] ਮਾਰਗ ਜੇਤਾ ਕਿਛੁ[55] ਧਾਈਐ[59] ਤੇਤੋ ਹੀ[56] ਦੁਖੁ[57] ਹਾਵਾ[58] ॥ ੧ ॥ ਰਹਾਉ ॥	The more[55] man walks[59] on another[54] path, the more[56] pain[57] and repentence[58] he suffers. Pause.	ਜਿੰਨਾ ਜ਼ਿਆਦਾ[55] ਉਹ ਹੋਰਸ[54] ਰਸਤੇ ਟੁਰਦਾ[59] ਹੈ, ਉਨਾ ਹੀ ਜ਼ਿਆਦਾ[56] ਉਸ ਨੂੰ ਕਸ਼ਟ[57] ਅਤੇ ਅਫ਼ਸੋਸ[58] ਹੁੰਦਾ ਹੈ । ਠਹਿਰਾਉ ।
ਨੇਤ੍ਰ[60] ਪੁਨੀਤ[61] ਭਏ ਦਰਸੁ[65] ਪੇਖੇ[62] ਹਸਤ[63] ਪੁਨੀਤ ਟਹਲਾਵਾ[64] ॥	Seeing[62] the Lord's vision[65] the eyes[60] are purified[61] and serving[64] Him, the hands[63] are purified.	ਸਾਈਂ ਦਾ ਦੀਦਾਰ[65] ਦੇਖਣ ਨਾਲ[62] ਅਖਾਂ[60] ਪਵਿੱਤਰ[61] ਹੋ ਜਾਂਦੀਆਂ ਹਨ ਤੇ ਉਸ ਦੀ ਸੇਵਾ ਕਰਨ ਨਾਲ[64], ਹੱਥ[63] ਪਵਿੱਤਰ ਹੋ ਜਾਂਦੇ ਹਨ ।
ਰਿਦਾ[66] ਪੁਨੀਤ[67] ਰਿਦੈ	Sanctified[67] is the mind[66], the mind	ਪਾਵਨ[67] ਹੈ ਉਹ ਹਿਰਦਾ[66], ਜਿਸ ਹਿਰਦੇ ਵਿਚ ਪ੍ਰਭੂ

ਹਰਿ ਬਸਿਓ ਮਸਤ[68] ਪੁਨੀਤ ਸੰਤ ਧੂਰਾਵਾ[69] ॥੧॥

wherein the Lord abides and sanctified is the brow[68], on which the dust[69] of the saints feet falls.

ਵਸਦਾ ਹੈ ਅਤੇ ਪਾਵਨ ਹੈ ਉਹ ਮਸਤਕ[68] ਜਿਸ ਉਤੇ ਸਾਧਾਂ ਦੇ ਪੈਰਾਂ ਦੀ ਧੂੜ[69] ਪੈਂਦੀ ਹੈ।

ਸਰਬ ਨਿਧਾਨ[70] ਨਾਮਿ ਹਰਿ ਹਰਿ ਕੈ ਜਿਸੁ ਕਰਮਿ[71] ਲਿਖਿਆ ਤਿਨਿ[72] ਪਾਵਾ[73] ॥

All the treasures[70] are in the Lord God's Name, but he[72] alone is blessed[73] with it, in whose destiny[71] it is so writ.

ਸਾਰੇ ਖ਼ਜ਼ਾਨੇ[70] ਸੁਆਮੀ ਵਾਹਿਗੁਰੂ ਦੇ ਨਾਮ ਵਿਚ ਹਨ, ਪ੍ਰੰਤੂ ਕੇਵਲ ਉਸ[72] ਨੂੰ ਹੀ ਇਸ ਦੀ ਦਾਤ ਮਿਲਦੀ[73] ਹੈ, ਜਿਸ ਦੀ ਪ੍ਰਾਲਭਧ[71] ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ।

ਜਨ[74] ਨਾਨਕ ਕਉ ਗੁਰੁ ਪੂਰਾ[75] ਭੇਟਿਓ[80] ਸੁਖਿ[76] ਸਹਜੇ[77] ਅਨਦ[78] ਬਿਹਾਵਾ[79] ॥੨॥੧੬॥੩੯॥

Slave[74] Nanak has met[80] with his Perfect Guru[75] and his life night, now, passes[79] in peace[76], poise[77] and pleasure[78].

ਗੋਲਾ[74] ਨਾਨਕ ਆਪਣੇ ਪੂਰਨ ਗੁਰਾਂ[75] ਨੂੰ ਮਿਲ ਪਿਆ[80] ਹੈ ਅਤੇ ਉਸ ਦੀ ਜੀਵਨ ਰਾਤ੍ਰੀ, ਹੁਣ, ਆਰਾਮ[76], ਅਡੋਲਤਾ[77] ਅਤੇ ਅਨੰਦ[78] ਅੰਦਰ ਬੀਤਦੀ[79] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਧਿਆਇਓ[81]ਅੰਤਿ[82]ਬਾਰ[83] ਨਾਮੁ ਸਖਾ[84] ॥

Contemplate[81] thou the Lord's Name, which shall be thy helper[84] at the last[82] moment[83].

ਤੂੰ ਸੁਆਮੀ ਦੇ ਨਾਮ ਦਾ ਸਿਮਰਨ[81] ਕਰ, ਜੋ ਅਖ਼ੀਰ[82] ਦੇ ਵੇਲੇ[83] ਤੇਰਾ ਸਹਾਇਕ[84] ਹੋਵੇਗਾ।

ਜਹ[85] ਮਾਤ[86] ਪਿਤਾ[87] ਸੁਤ[88] ਭਾਈ[89] ਨ ਪਹੁਚੈ[90] ਤਹਾ[91] ਤਹਾ ਤੂ ਰਖਾ[82] ॥੧॥ ਰਹਾਉ ॥

Where[85] thy mother[86], father[87], son[88] and brother[89] shall be of no avail[90] to thee, there[91], there, the Lord's Name shall save[92] thee. Pause.

ਜਿਥੇ[85] ਤੇਰੀ ਅੰਮੜੀ[86], ਬਾਬਲ[87], ਪੁਤ੍ਰ[88] ਅਤੇ ਵੀਰ[89] ਤੇਰੇ ਕੰਮ[90] ਨਹੀਂ ਆਉਣੇ, ਉਥੇ[91], ਉਥੇ ਪ੍ਰਭੂ ਦਾ ਨਾਮ ਤੇਰੀ ਰੱਖਿਆ[92] ਕਰੇਗਾ। ਠਹਿਰਾਉ।

ਅੰਧ[93] ਕੂਪ[94] ਗ੍ਰਿਹ[95] ਮਹਿ[96]ਤਿਨਿ[97] ਸਿਮਰਿਓ[98] ਜਿਸੁ ਮਸਤਕਿ[100] ਲੇਖੁ[99] ਲਿਖਾ[2] ॥

He[97] alone meditates[98] on the Lord in[96] the blind[93] well[94] of his mind-home[95], on whose forehead[100] good destiny[99] is writ[2].

ਆਪਣੇ ਮਨ-ਘਰ[95] ਦੇ ਅੰਨ੍ਹੇ[93] ਖੂਹ[94] ਅੰਦਰ[96] ਕੇਵਲ ਉਹ[97] ਹੀ ਸੁਆਮੀ ਦਾ ਸਿਮਰਨ ਕਰਦਾ[98] ਹੈ, ਜਿਸ ਦੇ ਮੱਥੇ[100] ਉਤੇ ਸਰੇਸ਼ਟ ਪ੍ਰਾਲਭਧ[99] ਲਿਖੀ ਹੋਈ[2] ਹੈ।

ਖੂਲ੍ਹੇ[3] ਬੰਧਨ[4] ਮੁਕਤਿ[5] ਗੁਰਿ ਕੀਨੀ ਸਭੁ[6] ਤੂਹੈ ਤੁਹੀ ਦਿਖਾ[7] ॥੧॥

His bonds[4] are loosed[3], the Guru emancipates[5] him, and, O Lord, he sees[7], Thee, Thee alone all over[6].

ਉਸ ਦੇ ਜੂੜ[4] ਵਢੇ ਜਾਂਦੇ[3] ਹਨ, ਗੁਰੂ ਜੀ ਉਸ ਦੀ ਕਲਿਆਣ[5] ਕਰ ਦਿੰਦੇ ਹਨ, ਅਤੇ, ਹੇ ਸੁਆਮੀ! ਉਹ ਸਾਰੇ[6] ਪਾਸੇ ਤੈਨੂੰ ਕੇਵਲ ਤੈਨੂੰ ਹੀ ਵੇਖਦਾ[7] ਹੈ।

ਅੰਮ੍ਰਿਤ[8] ਨਾਮੁ ਪੀਆ[9] ਮਨੁ[10] ਤ੍ਰਿਪਤਿਆ[12] ਆਘਾਏ[13]ਰਸਨ[14] ਚਖਾ[15]॥

Quaffing[9] the Name-Nectar[8], the soul[10] is satiated[12] and tasting[15] it, the tongue[14] is sated[13].

ਨਾਮ-ਸੁਧਾਰਸ[8] ਨੂੰ ਪਾਨ ਕਰ ਕੇ[9] ਜਿੰਦੜੀ[10] ਸੰਤੁਸ਼ਟ[12] ਹੋ ਜਾਂਦੀ ਹੈ ਅਤੇ ਇਸ ਨੂੰ ਚੱਖ ਕੇ[15] ਜੀਭ[14] ਰੱਜ ਜਾਂਦੀ[13] ਹੈ।

ਕਹੁ ਨਾਨਕ ਸੁਖ ਸਹਜੁ[16] ਮੈ ਪਾਇਆ ਗੁਰਿ ਲਾਹੀ[17] ਸਗਲ ਤਿਖਾ[18] ॥੨॥੧੭॥੪੦॥

Says Nanak, I have obtained celestial bliss[16] and the Guru has quenched[17] all my thirst[18].

ਗੁਰੂ ਜੀ ਆਖਦੇ ਹਨ, ਮੈਨੂੰ ਬੈਕੁੰਠੀ ਅਨੰਦ[16] ਪਰਾਪਤ ਹੋ ਗਿਆ ਹੈ ਅਤੇ ਗੁਰਾਂ ਨੇ ਮੇਰੀ ਸਾਰੀ ਤਰੇਹ[18] ਬੁਝਾ ਦਿੱਤੀ[17] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਗੁਰ ਮਿਲਿ ਐਸੇ[19] ਪ੍ਰਭੂ

Meeting with the Guru, I have so[19]

ਆਪਣੇ ਗੁਰਾਂ ਨਾਲ ਮਿਲ ਕੇ, ਮੈਂ ਐਸ ਤਰ੍ਹਾਂ[19] ਆਪਣੇ

ਧਿਆਇਆ[20] ॥ ਭਇਓ ਕ੍ਰਿਪਾਲੁ[21] ਦਇਆਲੁ[22] ਦੁਖ[23] ਭੰਜਨੁ[24] ਲਗੈ ਨ ਤਾਤੀ[25] ਬਾਇਆ[26] ॥੧॥ ਰਹਾਉ॥

contemplated[20] the Lord, that He, the Destroyer[24] of the sorrow[23], has become compassionate[21] and merciful[22], and now, even the hot[25] wind[26] touches me not. Pause.

ਸਾਂਈਂ ਦਾ ਸਿਮਰਨ ਕੀਤਾ[20] ਹੈ, ਕਿ ਉਹ ਦੁਖੜੇ[23] ਦੂਰ ਕਰਨ ਵਾਲਾ[24], ਮਇਆਵਾਨ[21] ਤੇ ਮਿਹਰਬਾਨ[22] ਹੋ ਗਿਆ ਹੈ ਅਤੇ ਹੁਣ ਮੈਨੂੰ ਗਰਮ[25] ਹਵਾ[26] ਤਕ ਭੀ ਨਹੀਂ ਲਗਦੀ। ਠਹਿਰਾਉ।

ਜੇਤੇ[27] ਸਾਸ[28] ਸਾਸ ਹਮ ਲੇਤੇ ਤੇਤੇ[29] ਹੀ ਗੁਣ[30] ਗਾਇਆ ॥

As many[27] breaths[28] as breathe I, with so many[29] sing I my Lord's praises[30].

ਜਿੰਨੇ[27] ਸਾਹ[28] ਮੈਂ ਲੈਂਦਾ ਹਾਂ, ਉਨਿਆਂ[29] ਨਾਲ ਹੀ ਮੈਂ ਆਪਣੇ ਪ੍ਰਭੂ ਦੀਆਂ ਸਿਫਤਾਂ[30] ਗਾਇਨ ਕਰਦਾ ਹਾਂ।

ਨਿਮਖ[31] ਨ ਬਿਛੁਰੈ[32] ਘਰੀ[33] ਨ ਬਿਸਰੈ[34] ਸਦ ਸੰਗੇ[35] ਜਤ[36] ਜਾਇਆ ॥੧॥

He separates[32] not from me even for an instant[31] and I forget[34] Him not for a moment[33] either. Wherever[36] I go, He is ever with[35] me.

ਉਹ ਮੇਰੇ ਨਾਲੋਂ ਇਕ ਛਿਨ[31] ਭਰ ਲਈ ਭੀ ਵਖਰਾ[32] ਨਹੀਂ ਹੁੰਦਾ ਅਤੇ ਮੈਂ ਉਸ ਨੂੰ ਇਕ ਮੁਹਤ[33] ਲਈ ਭੀ ਨਹੀਂ ਭੁਲਾਉਂਦਾ[34]। ਜਿਥੇ ਕਿਥੇ[36] ਭੀ ਮੈਂ ਜਾਂਦਾ ਹਾਂ ਉਹ ਹਮੇਸ਼ਾ ਮੇਰੇ ਨਾਲ[35] ਹੁੰਦਾ ਹੈ।

ਹਉ ਬਲਿ[37] ਬਲਿ ਬਲਿ ਬਲਿ ਚਰਨ[38] ਕਮਲ[39] ਕਉ ਬਲਿ ਬਲਿ ਗੁਰ ਦਰਸਾਇਆ[40] ॥

A sacrifice[37], sacrifice, sacrifice, sacrifice am I unto the Lord's lotus[39] feet[38] and I am devoted, devoted unto the vision[40] of my Guru.

ਕੁਰਬਾਨ[37], ਕੁਰਬਾਨ, ਕੁਰਬਾਨ, ਕੁਰਬਾਨ ਹਾਂ ਮੈਂ ਪ੍ਰਭੂ ਦੇ ਕੰਵਲ[39] ਰੂਪੀ ਪੈਰਾਂ[38] ਤੋਂ ਅਤੇ ਸਦਕੇ, ਸਦਕੇ ਮੈਂ ਜਾਂਦਾ ਹਾਂ ਆਪਣੇ ਗੁਰਾਂ ਦੇ ਦੀਦਾਰ[40] ਤੋਂ।

ਕਹੁ ਨਾਨਕ ਕਾਹੂ ਪਰਵਾਹਾ[41] ਜਉ[42] ਸੁਖ ਸਾਗਰੁ[43] ਮੈ ਪਾਇਆ ॥੨॥੧੮॥੪੧॥

Says Nanak, I care[41] not for aught else, now[42] that I have obtained my Lord, the ocean[43] of peace.

ਗੁਰੂ ਜੀ ਆਖਦੇ ਹਨ, ਮੈਂ ਕਿਸੇ ਹੋਰਸ ਦੀ ਕਾਣ[41] ਨਹੀਂ ਧਰਾਉਂਦਾ, ਹੁਣ[42] ਜਦ ਕਿ ਮੈਂ ਆਰਾਮ ਦੇ ਸਮੁੰਦਰ[43] ਆਪਣੇ ਪ੍ਰਭੂ ਨੂੰ ਪਾ ਲਿਆ ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੇਰੈ ਮਨਿ ਸਬਦੁ[44] ਲਗੋ ਗੁਰ ਮੀਠਾ ॥

To my mind seems sweet the Guru's word[44].

ਮੇਰੇ ਚਿਤ ਨੂੰ ਗੁਰਾਂ ਦੀ ਬਾਣੀ[44] ਮਿੱਠੜੀ ਲਗਦੀ ਹੈ।

ਖੁਲ੍ਹਿਓ[45] ਕਰਮੁ[46] ਭਇਓ[47] ਪਰਗਾਸਾ[48] ਘਟਿ ਘਟਿ[49] ਹਰਿ ਹਰਿ[50] ਡੀਠਾ[51] ॥੧॥ ਰਹਾਉ॥

My destiny[46] is awake[45], the Divine Light[48] has become[47] manifest and I see[51] my Lord God[50] in every heart[49]. Pause.

ਮੇਰੀ ਕਿਸਮਤ[46] ਜਾਗ ਉਠੀ[45] ਹੈ, ਰੱਬੀ ਨੂਰ[48] ਪਰਗਟ ਹੋ ਗਿਆ[47] ਹੈ ਅਤੇ ਹਰ ਦਿਲ[49] ਵਿਚ ਮੈਂ ਆਪਣੇ ਸੁਆਮੀ ਵਾਹਿਗੁਰੂ[50] ਨੂੰ ਵੇਖਦਾ[51] ਹਾਂ। ਠਹਿਰਾਉ।

ਪਾਰਬ੍ਰਹਮ[52] ਆਜੋਨੀ[53] ਸੰਭਉ[54] ਸਰਬ ਥਾਨ[55] ਘਟ[56] ਬੀਠਾ[57] ॥

Unborn[53] and self-illumined[54] is my supreme Lord[52], and He is seated[57] within every place[55] and heart[56].

ਅਜਨਮਾ[53] ਅਤੇ ਸਵੈ-ਪ੍ਰਕਾਸ਼ਵਾਨ[54] ਹੈ ਮੇਰਾ ਸ਼ਰੋਮਣੀ ਸੁਆਮੀ[52] ਅਤੇ ਉਹ ਹਰ ਅਸਥਾਨ[55] ਅਤੇ ਦਿਲ[56] ਅੰਦਰ ਬੈਠਾ[57] ਹੈ।

ਭਇਓ ਪਰਾਪਤਿ ਅੰਮ੍ਰਿਤ[58] ਨਾਮਾ ਬਲਿ[59] ਬਲਿ ਪ੍ਰਭ ਚਰਣੀਠਾ[60] ॥੧॥

I have obtained the Nectar[58]-Name, and a sacrifice[59], sacrifice am I unto the Lord's feet[60].

ਮੈਂ ਸੁਧਾਰਸ-ਨਾਮ[58] ਨੂੰ ਪਾ ਲਿਆ ਹੈ ਅਤੇ ਕੁਰਬਾਨ[59] ਕੁਰਬਾਨ ਹਾਂ ਮੈਂ ਪ੍ਰਭੂ ਦੇ ਪੈਰਾਂ[60] ਉਤੋਂ।

ਸਤ ਸੰਗਤਿ ਕੀ ਰੇਣੁ[61]

When the dust[61] of the saints'

ਜਦ ਸਾਧ ਸੰਗਤ ਦੀ ਧੂੜ[61] ਮੇਰੇ ਚਿਹਰੇ[62] ਨੂੰ ਲਗ[63]

ਮੁਖਿ[62] ਲਾਗੀ[63] ਕੀਏ ਸਗਲ ਤੀਰਥ[64] ਮਜਨੀਠਾ[65] ॥

congregation anoints[63] my face[62], I am deemed to have bathed[65] at all the places of pilgrimage[64].

ਜਾਂਦੀ ਹੈ, ਮੇਰਾ ਸਮੂਹ ਧਰਮ ਅਸਥਾਨਾਂ[64] ਉਤੇ ਇਸ਼ਨਾਨ[65] ਕਰਨਾ ਜਾਣ ਲਿਆ ਜਾਂਦਾ ਹੈ।

ਕਹੁ ਨਾਨਕ ਰੰਗਿ[66] ਚਲੂਲ[67] ਭਏ[68] ਹੈ ਹਰਿ ਰੰਗੁ[69] ਨ ਲਹੈ[70] ਮਜੀਠਾ ॥ ੨॥੧੯॥੪੨॥

Says Nanak, I have assumed[68] the deep-red[67] dye[66] and this madder-like colour of God's love[69] fades[70] not.

ਗੁਰੂ ਜੀ ਫੁਰਮਾਉਂਦੇ ਹਨ, ਮੈਨੂੰ ਗੂੜ੍ਹੀ ਲਾਲ[67] ਰੰਗਤ[66] ਚੜ੍ਹ ਗਈ[68] ਹੈ ਅਤੇ ਵਾਹਿਗੁਰੂ ਦੀ ਪ੍ਰੀਤ[69] ਦੀ ਇਹ ਮਜੀਠ-ਵਰਗੀ ਭਾਅ ਉਤਰਦੀ[70] ਨਹੀਂ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਹਰਿ ਨਾਮੁ ਦੀਓ[71] ਗੁਰਿ ਸਾਥੇ[72] ॥ ਨਿਮਖ[73] ਬਚਨੁ[74] ਪ੍ਰਭ ਹੀਅਰੈ[75] ਬਸਿਓ[76] ਸਗਲ ਭੂਖ ਮੇਰੀ ਲਾਥੇ[77] ॥੧॥ਰਹਾਉ॥

The Guru has blest[71] me with the Lord Master's Name as my comrade[72]. Enshrining[76] the Lord's Word[74] within my mind[75] even for an instant[73], my hunger is all stilled[77]. Pause.

ਗੁਰਾਂ ਨੇ ਮੈਨੂੰ ਸੁਆਮੀ ਮਾਲਕ ਦਾ ਨਾਮ ਮੇਰੇ ਸਾਥੀ[72] ਵਜੋਂ ਬਖ਼ਸ਼ਿਆ[71] ਹੈ। ਸੁਆਮੀ ਦੀ ਬਾਣੀ[74] ਆਪਣੇ ਚਿਤ[75] ਵਿਚ ਇਕ ਮੁਹਤ ਭਰ[73] ਲਈ ਭੀ ਟਿਕਾਉਣ[76] ਦੁਆਰਾ, ਮੇਰੀ ਸਾਰੀ ਭੁੱਖ ਮਿਟ ਗਈ[77] ਹੈ। ਠਹਿਰਾਉ।

੧੨੧੩

1213

੧੨੧੩

ਕ੍ਰਿਪਾ[78] ਨਿਧਾਨ[79] ਗੁਣ[80] ਨਾਇਕ[81] ਠਾਕੁਰ[82] ਸੁਖ[83] ਸਮੂਹ[84] ਸਭ[85] ਨਾਥੇ[86] ॥

O God[82], Thou art the Treasure[79] of mercy[78], the Master[81] of virtues[80], the Giver of all[84]-bliss[83] and the Lord[86] of all[85].

ਹੇ ਵਾਹਿਗੁਰੂ[82]! ਤੂੰ ਰਹਿਮਤ[78] ਦਾ ਖ਼ਜ਼ਾਨਾ[79], ਨੇਕੀਆਂ[80] ਦਾ ਮਾਲਕ[81], ਸਾਰੀਆਂ[84] ਖ਼ੁਸ਼ੀਆਂ[83] ਦਾ ਦਾਤਾਰ ਅਤੇ ਸਾਰਿਆਂ[85] ਦਾ ਸੁਆਮੀ[86] ਹੈਂ।

ਏਕ[87] ਆਸ[88] ਮੋਹਿ ਤੇਰੀ ਸੁਆਮੀ ਅਉਰ[89] ਦੁਤੀਆ ਆਸ ਬਿਰਾਥੇ[90] ॥੧॥

My hope[88] rests only[87] in Thee, O my Master. Vain[90] is the hope of any other[89].

ਮੇਰੀ ਉਮੀਦ[88] ਕੇਵਲ[87] ਤੇਰੇ ਉਤੇ ਹੀ ਹੈ, ਹੇ ਮੇਰੇ ਮਾਲਕ! ਵਿਅਰਥ[90] ਹੈ ਹੋਰ ਕਿਸੇ ਦੀ[89] ਉਮੈਦ।

ਨੈਣ[91] ਤ੍ਰਿਪਤਾਸੇ[92] ਦੇਖਿ ਦਰਸਾਵਾ[93] ਗੁਰਿ ਕਰ[94] ਧਾਰੇ[95] ਮੇਰੈ ਮਾਥੇ[96] ॥

When the Guru placed[95] his hand[94] on my brow[96], then mine eyes[91] were sated[92] seeing the Lord's vision[93].

ਜਦ ਗੁਰਾਂ ਨੇ ਆਪਣਾ ਹੱਥ[94] ਮੇਰੇ ਮੱਥੇ[96] ਉਤੇ ਟਿਕਿਆ[95] ਤਾਂ ਪ੍ਰਭੂ ਦਾ ਦੀਦਾਰ ਵੇਖ[93] ਮੇਰੀਆਂ ਅੱਖਾਂ[91] ਰੱਜ ਗਈਆਂ[92]।

ਕਹੁ ਨਾਨਕ ਮੈ ਅਤੁਲ[97] ਸੁਖੁ[98] ਪਾਇਆ ਜਨਮ ਮਰਣ ਭੈ[99] ਲਾਥੇ[100] ॥੨॥ ੨੦॥੪੩॥

Says Nanak, I am, now, blessed with inestimable[97] bliss[98], and my fear[99] of birth and death is dispelled[100].

ਗੁਰੂ ਜੀ ਆਖਦੇ ਹਨ, ਮੈਨੂੰ ਹੁਣ ਅਮਾਪ[97] ਖ਼ੁਸ਼ੀ[98] ਪਰਾਪਤ ਹੋ ਗਈ ਹੈ ਅਤੇ ਮੇਰਾ ਜੰਮਣ ਤੇ ਮਰਨ ਦਾ ਡਰ[99] ਦੂਰ ਹੋ ਗਿਆ[100] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਰੇ[2] ਮੂੜੇ[3] ਆਨ[4] ਕਾਹੇ[5] ਕਤ[6] ਜਾਈ[7] ॥

O[2] fool[3], why[6] goest[7] thou any where[5] else[4] ?

ਹੇ[2] ਮੂਰਖ[3]! ਤੂੰ ਹੋਰ[4] ਕਿਧਰੇ[5] ਕਿਉਂ[6] ਜਾਂਦਾ[7] ਹੈਂ?

ਸੰਗਿ ਮਨੋਹਰੁ[8] ਅੰਮ੍ਰਿਤੁ ਹੈ ਰੇ ਭੂਲਿ[9] ਭੂਲਿ ਬਿਖੁ[10] ਖਾਈ ॥੧॥ਰਹਾਉ॥

With thee is the beauteous[8] elixir of the Lord and deluded[9], deluded, thou eatest poison[10], O man. Pause.

ਤੇਰੇ ਕੋਲ ਸੁਆਮੀ ਦਾ ਸੁੰਦਰ[8] ਸੁਧਾਰਸ ਹੈ ਅਤੇ ਗੁਮਰਾਹ[9], ਗੁਮਰਾਹ ਹੋ, ਤੂੰ ਜ਼ਹਿਰ[10] ਨੂੰ ਖਾਂਦਾ ਹੈਂ, ਹੇ ਇਨਸਾਨ! ਠਹਿਰਾਉ।

ਪ੍ਰਭ[12] ਸੁੰਦਰ[13] ਚਤੁਰ[14] ਅਨੂਪ[15] ਬਿਧਾਤੇ[16] ਤਿਸ[17] ਸਿਉ[20] ਰੁਚ[18] ਨਹੀ ਰਾਈ[19] ॥	Winsome[13], wise[14] and incomparable[15] is thy Creator[16]-Lord[12]; with[20] Him[17] thou hast not even an iota[19] of love[18].	ਸੋਹਣਾ ਸੁਨੱਖਾ[13], ਸਿਆਣਾ[14] ਅਤੇ ਲਾਸਾਨੀ[15] ਹੈ ਤੇਰਾ [16]ਸਿਰਜਣਹਾਰ-ਸੁਆਮੀ[12]; ਉਸ[17] ਨਾਲ[20] ਤੇਰਾ ਭੋਰਾ ਭਰ[19] ਭੀ ਪਿਆਰ[18] ਨਹੀਂ।
ਮੋਹਨਿ[21] ਸਿਉ[22] ਬਾਵਰ[23] ਮਨੁ ਮੋਹਿਓ[24] ਝੂਠਿ[25] ਠਗਉਰੀ[26] ਪਾਈ[27] ॥੧॥	The mad man's[23] mind is involved[24] with[22] mammon, the enticer[21] and he has taken[27] the intoxicating herb[26] of untruth[25].	ਪਗਲੇ ਪੁਰਸ਼[23] ਦਾ ਚਿਤ ਠਗਣੀ[21] ਮਾਇਆ ਨਾਲ[22] ਫਾਬਾ ਹੋਇਆ[24] ਹੈ ਅਤੇ ਉਸ ਨੇ ਕੂੜ[25] ਦੀ ਨਸ਼ੀਲੀ ਬੂਟੀ[26] ਖਾ ਲਈ[27] ਹੈ।
ਭਇਓ ਦਇਆਲੁ[28] ਕ੍ਰਿਪਾਲੁ[29] ਦੁਖ ਹਰਤਾ[30] ਸੰਤਨ ਸਿਉ ਬਨਿ ਆਈ[31]॥	God, the Destroyer[30] of sorrows has become merciful[28] and compassionate[29] and so the saints are pleased[31] with me, now.	ਦੁਖੜੇ ਨਾਸ ਕਰਨਹਾਰ[30], ਵਾਹਿਗੁਰੂ ਮਇਆਵਾਨ[28] ਅਤੇ ਮਿਹਰਬਾਨ[29] ਹੋ ਗਿਆ ਹੈ ਤੇ ਇਸ ਲਈ ਸਾਧੂ, ਹੁਣ ਮੇਰੇ ਨਾਲ ਪ੍ਰਸੰਨ[31] ਹਨ।
ਸਗਲ ਨਿਧਾਨ[32] ਘਰੈ ਮਹਿ ਪਾਏ ਕਹੁ ਨਾਨਕ ਜੋਤਿ[33] ਸਮਾਈ[34] ॥੨॥੨੧॥੪੪॥	Says Nanak, I have obtained all the treasures[32] in my very home and my light has merged[34] in the Supreme Light[33].	ਗੁਰੂ ਜੀ ਫੁਰਮਾਉਂਦੇ ਹਨ, ਸਮੂਹ ਖ਼ਜ਼ਾਨੇ[32] ਮੈਨੂੰ ਮੇਰੇ ਘਰ ਅੰਦਰ ਹੀ ਪਰਾਪਤ ਹੋ ਗਏ ਹਨ ਅਤੇ ਮੇਰਾ ਨੂਰ ਪਰਮ ਨੂਰ[33] ਅੰਦਰ ਲੀਨ ਹੋ ਗਿਆ[34] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਓਅੰ[35] ਪ੍ਰਿਅ[36] ਪ੍ਰੀਤਿ[37] ਚੀਤਿ[38] ਪਹਿਲਰੀਆ[39] ॥	Since the very beginning[39], my mind[38] is in love[37] with God[35], my Beloved[36].	ਐਨ ਆਰੰਭ[39] ਤੋਂ ਹੀ; ਮੇਰੇ ਮਨ[38] ਦਾ ਪਿਆਰ[37], ਆਪਣੇ ਪ੍ਰੀਤਮ[36] ਵਾਹਿਗੁਰੂ[35] ਨਾਲ ਹੈ।
ਜੋ[40] ਤਉ ਬਚਨੁ[42] ਦੀਓ[43] ਮੇਰੇ ਸਤਿਗੁਰ ਤਉ[44] ਮੈ ਸਾਜ ਸੀਗਰੀਆ[45] ॥੧॥ ਰਹਾਉ॥	When[40] thou, O my true Guru, blessed[43] me with thy instruction[42], since then[44] I have been embellished[45]. Pause.	ਜਦੋਂ[40] ਦਾ, ਹੇ ਮੇਰੇ ਸੱਚੇ ਗੁਰੂ ਜੀ! ਤੁਸੀਂ ਮੈਨੂੰ ਉਪਦੇਸ਼[42] ਦਿੱਤਾ[43] ਹੈ, ਉਦੋਂ[44] ਦੀ ਹੀ ਮੈਂ ਸੁਸ਼ੋਭਤ[45] ਹੋ ਗਈ ਹਾਂ। ਠਹਿਰਾਉ।
ਹਮ ਭੂਲਹ[46] ਤੁਮ ਸਦਾ ਅਭੂਲਾ[47] ਹਮ ਪਤਿਤ[48] ਤੁਮ ਪਤਿਤ ਉਧਰੀਆ[49] ॥	I am in error[46] and Thou art ever Infallible[47]. I am a sinner[48] and Thou art the Saviour[49] of sinners.	ਮੈਂ ਗ਼ਲਤੀ ਕਰਦੀ[46] ਹਾਂ ਅਤੇ ਤੂੰ ਸਦੀਵ ਹੀ ਅਚੂਕ[47] ਹੈਂ। ਮੈਂ ਪਾਪਣ[48] ਹਾਂ ਅਤੇ ਤੂੰ ਪਾਪੀਆਂ ਨੂੰ ਤਾਰਨ ਵਾਲਾ[49] ਹੈਂ।
ਹਮ ਨੀਚ[50] ਬਿਰਖ[51] ਤੁਮ ਮੈਲਾਗਰ[52] ਲਾਜ[53] ਸੰਗਿ[54] ਸੰਗਿ ਬਸਰੀਆ[55] ॥੧॥	I am a low-quality[50] tree[51] and Thou art the sandal-plant[52]. Preserve Thou the honour[53] of my abiding[55] along-side[54], along-side Thee.	ਮੈਂ ਨੀਵੇਂ-ਦਰਜੇ[50] ਦਾ ਰੁੱਖ[51] ਹਾਂ ਅਤੇ ਤੂੰ ਚੰਦਨ ਦਾ ਬਿਰਵਾ[52] ਹੈਂ। ਤੂੰ ਮੇਰੀ ਆਪਣੇ ਨਾਲ[54], ਨਾਲ ਰਹਿਣ[55] ਦੀ ਲੱਜਿਆ[53] ਰੱਖ।
ਤੁਮ ਗੰਭੀਰ[56] ਧੀਰ[57] ਉਪਕਾਰੀ[58] ਹਮ[59] ਕਿਆ[60] ਬਪੁਰੇ[61] ਜੰਤਰੀਆ[62] ॥	Thou art the profound[56], calm[57] and Beneficient[58] Lord. What[60] am I[59] a helpless[61] being[62] before Thee ?	ਤੂੰ ਡੂੰਘਾ[56], ਧੀਰਜਵਾਨ[57] ਅਤੇ ਪਰਉਪਕਾਰੀ[58] ਪ੍ਰਭੂ ਹੈਂ। ਤੇਰੇ ਮੂਹਰੇ ਮੈਂ[59] ਨਿਰਬਲ[61] ਜੀਵ[62] ਕੀ[60] ਹਾਂ ?

ਗੁਰ ਕ੍ਰਿਪਾਲ[63] ਨਾਨਕ ਹਰਿ ਮੇਲਿਓ ਤਉ[64] ਮੇਰੀ ਸੁਖਿ[65] ਸੇਜਰੀਆ[66] ॥੨॥੨੨॥੪੫॥

Nanak, the merciful[63] Guru, has united me with the Lord. Since[64] then recline I in His couch[66] of bliss[65].

ਨਾਨਕ, ਮਿਹਰਬਾਨ[63] ਗੁਰਾਂ ਨੇ ਮੈਨੂੰ ਸੁਆਮੀ ਨਾਲ ਮਿਲਾ ਦਿੱਤਾ ਹੈ ! ਉਦੋਂ[64] ਤੋਂ ਮੈਂ ਉਸ ਦੀ ਪ੍ਰਸੰਨਤਾ[65] ਦੇ ਪਲੰਘ[66] ਉਤੇ ਲੇਟਦੀ ਹਾਂ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਮਨ[67] ਓਇ ਦਿਨਸ[68] ਧੰਨਿ[69] ਪਰਵਾਨਾਂ[70] ॥ ਸਫਲ[72] ਤੇ[73] ਘਰੀ[74] ਸੰਜੋਗ[75] ਸੁਹਾਵੇ[76] ਸਤਿਗੁਰ ਸੰਗਿ[77] ਗਿਆਨਾਂ[78] ॥੧॥ ਰਹਾਉ॥

O my soul[67] blessed[69] and approved[70] is the day[68], fruitful[72] the[73] hour[74] and auspicious[76] the moment[75], when associating[77] with the True Guru, receive I the Divine knowledge[78]. Pause.

ਹੇ ਮੇਰੀ ਜਿੰਦੜੀਏ[67] ! ਮੁਬਾਰਕ[69] ਅਤੇ ਪ੍ਰਮਾਣੀਕ[70] ਹੈ ਉਹ ਦਿਹਾੜਾ[68], ਫਲਦਾਇਕ[72] ਉਹ[73] ਘੜੀ[74] ਅਤੇ ਸੁਲੱਖਣਾ[76] ਉਹ ਮੁਹਤ[75], ਜਦ ਸੱਚੇ ਗੁਰਾਂ ਦੀ ਸੰਗਤ ਦੁਆਰਾ[77], ਮੈਨੂੰ ਬ੍ਰਹਮ ਵੀਚਾਰ[78] ਪਰਾਪਤ ਹੁੰਦੀ ਹੈ। ਠਹਿਰਾਉ ।

ਧੰਨਿ[79] [80]ਸੁਭਾਗ[81] ਧੰਨਿ ਸੋਹਾਗਾ[82] ਧੰਨਿ ਦੇਤ[83] ਜਿਨਿ[84] ਮਾਨਾਂ[85] ॥

Blest[79] is my good[80] destiny[81] and blest my Spouse[82]. Blessed are they, whom[84] the Lord blesses[83] with glory[85].

ਮੁਬਾਰਕ[79] ਹੈ ਮੇਰੀ ਚੰਗੀ[80] ਪ੍ਰਾਲਭਧ[81] ਅਤੇ ਮੁਬਾਰਕ ਮੇਰਾ ਪਤੀ[82] । ਮੁਬਾਰਕ ਹਨ ਉਹ, ਜਿਨ੍ਹਾਂ[84] ਨੂੰ ਪ੍ਰਭੂ ਪ੍ਰਭਤਾ[85] ਪਰਦਾਨ ਕਰਦਾ[83] ਹੈ ।

ਇਹੁ ਤਨੁ[86] ਤੁਮਰਾ ਸਭੁ ਗ੍ਰਿਹੁ[87] ਧਨੁ[88] ਤੁਮਰਾ ਹੀਂਉ[89] ਕੀਓ ਕੁਰਬਾਨਾਂ[90] ॥੧॥

This body[86] is Thine, my home[87] and wealth[88] all belong to Thee and sacrifice[90] I, my soul[89] unto Thee, O my Lord.

ਇਹ ਦੇਹਿ[86] ਤੇਰੀ ਹੈ, ਮੇਰਾ ਘਰ[87] ਅਤੇ ਦੌਲਤ[88] ਸਮੂਹ ਤੇਰੀ ਮਲਕੀਅਤ ਹਨ ਅਤੇ ਆਪਣੀ ਜਿੰਦੜੀ[89] ਮੈਂ ਤੇਰੇ ਉਤੋਂ ਸਦੱਕੜੇ[90] ਕਰਦੀ ਹਾਂ, ਹੇ ਮੇਰੇ ਸੁਆਮੀ !

ਕੋਟਿ[91] ਲਾਖ[92] ਰਾਜ[93] ਸੁਖ[94] ਪਾਏ ਇਕ ਨਿਮਖ[95] ਪੇਖਿ[96] ਦ੍ਰਿਸਟਾਨਾ[97] ॥

Seeing[96] Thine vision[97] even for a moment[95], I obtain millions[91] and lacs[92] of empires[93] and pleasures[94].

ਇਕ ਮੁਹਤ[95] ਭਰ ਤੇਰਾ ਦਰਸ਼ਨ[97] ਦੇਖਣ ਦੁਆਰਾ[96], ਮੈਨੂੰ ਕ੍ਰੋੜਾਂ[91] ਤੇ ਲਖੂਖਾਂ[92] ਰਾਜ-ਭਾਗ[93] ਤੇ ਖੁਸ਼ੀਆਂ[94] ਪ੍ਰਾਪਤ ਹੋ ਜਾਂਦੀਆਂ ਹਨ ।

ਜਉ[98] ਕਹਹੁ ਮੁਖਹੁ[99] ਸੇਵਕ[100] ਇਹ ਬੈਸੀਐ[2] ਸੁਖ[3] ਨਾਨਕ ਅੰਤੁ[4] ਨ ਜਾਨਾਂ ॥੨॥੨੩॥੪੬॥

O Lord, when[98] with Thy mouth[99] Thou sayest, "my slave[100], be thou seated[2] here" Nanak can know not the limit[4] of that glee[3]

ਹੇ ਸਾਂਈਂ[1] ! ਜਦ[98] ਆਪਣੇ ਮੂੰਹ[99] ਨਾਲ ਤੂੰ ਆਖਦਾ ਹੈਂ[1], "ਮੇਰੇ ਗੋਲੇ[100],ਤੂੰ ਏਥੇ ਬੈਠ[2] ਜਾ" । ਉਸ ਅਨੰਦ[3] ਦੇ ਓੜਕ[4] ਨੂੰ ਨਾਨਕ ਜਾਣ ਨਹੀਂ ਸਕਦਾ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਅਬ ਮੋਰੋ ਸਹਸਾ[5] ਦੂਖੁ ਗਇਆ[6] ॥

Now I am rid[6] of fear[5] and sorrow.

ਹੁਣ ਮੈਂ ਡਰ[5] ਅਤੇ ਦੁਖੜੇ ਤੋਂ ਖ਼ਲਾਸੀ[6] ਪਾ ਗਿਆ ਹਾਂ ।

ਅਉਰ[7] ਉਪਾਵ[8] ਸਗਲ ਤਿਆਗਿ[9] ਛੋਡੇ ਸਤਿਗੁਰ ਸਰਣਿ[10] ਪਇਆ ॥੧॥ ਰਹਾਉ॥

I have abandoned[9], abandoned all other[7] efforts[8] and have repaired to the True Guru's refuge[10]. Pause.

ਮੈਂ ਹੋਰ[7] ਸਾਰੇ ਉਪਰਾਲੇ[8] ਛੱਡ, ਛੱਡ ਦਿੱਤੇ[9] ਹਨ ਅਤੇ ਸੱਚੇ ਗੁਰਾਂ ਦੀ ਸ਼ਰਨਾਗਤ[10] ਸੰਭਾਲੀ ਹੈ । ਠਹਿਰਾਉ।

ਸਰਬ ਸਿਧਿ[12] ਕਾਰਜ[13]

I have met with all-success[12], my

ਮੈਨੂੰ ਸਮੂਹ-ਕਾਮਯਾਬੀ[12] ਹੋ ਗਈ ਹੈ, ਮੇਰੇ ਸਾਰੇ ਕੰਮ[13]

ਸਭਿ ਸਵਰੇ[14] ਅਹੰ[15] ਰੋਗਾ[16] ਸਗਲ ਹੀ ਖਇਆ[17] ॥	tasks[13] are all accomplished[14] and my ailment[16] of ego[15] is wholly eradicated[17].	ਰਾਸ ਹੋ ਗਏ[14] ਹਨ ਅਤੇ ਮੇਰੀ ਹੰਗਤਾ[15] ਦੀ ਬੀਮਾਰੀ[16] ਮੁਕੰਮਲ ਨਾਸ ਹੋ ਗਈ[17] ਹੈ।
ਕੋਟਿ[18] ਪਰਾਧ[19] ਖਿਨ[20] ਮਹਿ ਖਉ[21] ਭਈ ਹੈ ਗੁਰ ਮਿਲਿ ਹਰਿ ਹਰਿ[22] ਕਹਿਆ[23] ॥੧॥	Meeting with the Guru, I utter[23] God's Name[22] and am rid[21] of millions[18] of sins[19] in an instant[20].	ਗੁਰਾਂ ਨਾਲ ਮਿਲ ਕੇ, ਮੈਂ ਵਾਹਿਗੁਰੂ ਦੇ ਨਾਮ[22] ਦਾ ਉਚਾਰਨ[23] ਕਰਦਾ ਹਾਂ ਅਤੇ ਇਕ ਮੁਹਤ[20] ਵਿਚ ਮੇਰੇ ਕ੍ਰੋੜਾਂ[18] ਹੀ ਪਾਪ[19] ਨਸ਼ਟ ਹੋ ਗਏ[21] ਹਨ।
ਪੰਚ ਦਾਸ[23*] ਗੁਰਿ ਵਸਗਤਿ[24] ਕੀਨੇ ਮਨ ਨਿਹਚਲ[25] ਨਿਰਭਇਆ[26]॥	Subjugating[24] the five evil passions, the Guru has made them my slaves[23*] and my mind has become moveless[25] and fear-free[26], now.	ਪੰਜਾਂ ਵਿਸ਼ੇ ਵੇਗਾਂ ਨੂੰ ਕਾਬੂ[24] ਕਰ ਕੇ, ਗੁਰਾਂ ਨੇ ਉਹਨਾਂ ਨੂੰ ਮੇਰੇ ਗੋਲੇ[23*] ਬਣਾ ਦਿੱਤਾ ਹੈ ਅਤੇ ਹੁਣ ਮੇਰਾ ਮਨੂਆ ਅਹਿੱਲ[25] ਅਤੇ ਨਿਡੱਰ[26] ਹੋ ਗਿਆ ਹੈ।
ਆਇ ਨ ਜਾਵੈ ਨ ਕਤਹੀ[27] ਡੋਲੈ[28] ਥਿਰੁ[29] ਨਾਨਕ ਰਾਜਇਆ[30] ॥੨॥੨੪॥੪੭॥	My mind now comes and goes not, nor wobbles[28] it anywhere[27]. Eternal[29] has become my empire[30], O Nanak.	ਮੇਰਾ ਮਨ ਆਉਂਦਾ ਤੇ ਜਾਂਦਾ ਨਹੀਂ, ਨਾ ਹੀ ਹੁਣ ਇਹ ਕਿਧਰੇ[27] ਡਿਕਡੋਲੇ[28] ਖਾਂਦਾ ਹੈ। ਸਦੀਵੀ ਸਥਿਰ[29] ਹੋ ਗਈ ਹੈ, ਮੇਰੀ ਪਾਤਿਸ਼ਾਹੀ[30], ਹੇ ਨਾਨਕ !
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਪ੍ਰਭੁ ਮੇਰੋ ਇਤ[31] ਉਤ[32] ਸਦਾ[33] ਸਹਾਈ[34] ॥	Both here[31] and hereafter[32], my Lord is ever[33] a succourer[34] of mine.	ਏਥੇ[31] ਅਤੇ ਓਥੇ[32] ਦੋਹਾਂ ਥਾਵਾਂ ਤੇ ਹੀ ਮੇਰਾ ਸੁਆਮੀ ਸਦੀਵ[33] ਹੀ ਮੇਰਾ ਸਹਾਇਕ[34] ਹੈ।
ਮਨ ਮੋਹਨੁ[35] ਮੇਰੇ ਜੀਅ[36] ਕੋ ਪਿਆਰੋ[37] ਕਵਨ[38] ਕਹਾ[39] ਗੁਨ[40] ਗਾਈ[41] ॥ ੧॥ਰਹਾਉ॥	God, the soul-charmer[35], is the Beloved[37] of my soul[36]. What[38] praises[40] of the Lord can I utter[39] and sing[41] ? Pause.	ਮਨ ਨੂੰ ਮੋਹਤ ਕਰ ਲੈਣ ਵਾਲਾ[35], ਵਾਹਿਗੁਰੂ, ਮੇਰੀ ਜਿੰਦਗੀ[36] ਦਾ ਪ੍ਰੀਤਮ[37] ਹੈ। ਸਾਂਈਂ ਦੀਆਂ ਕਿਹੜੀਆਂ[38] ਸਿਫ਼ਤਾਂ[40] ਮੈਂ ਵਰਣਨ[39] ਤੇ ਗਾਇਨ[41] ਕਰ ਸਕਦਾ ਹਾਂ ? ਠਹਿਰਾਉ।
੧੨੧੪	**1214**	**੧੨੧੪**
ਖੇਲਿ ਖਿਲਾਇ[42] ਲਾਡ ਲਾਡਾਵੈ[43] ਸਦਾ[44] ਸਦਾ ਅਨਦਾਈ[45] ॥	He dandles[42] and fondles[43] me and ever[44], ever blesses me with bliss[45].	ਉਹ ਮੈਨੂੰ ਖਿਡਾਉਂਦਾ ਮਲਾਉਂਦਾ[42] ਤੇ ਪਿਆਰਦਾ ਪੁਚਕਾਰਦਾ[43] ਹੈ ਅਤੇ ਹਮੇਸ਼ਾ, ਹਮੇਸ਼ਾ[44] ਪ੍ਰਸੰਨਤਾ ਪਰਦਾਨ[45] ਕਰਦਾ ਹੈ।
ਪ੍ਰਤਿਪਾਲੈ[46] ਬਾਰਿਕ[47] ਕੀ ਨਿਆਈ[48] ਜੈਸੇ[49] ਮਾਤ[50] ਪਿਤਾਈ[51] ॥੧॥	He sustains[46] me in such a way[48], as[49] mother[50] and father[51] do their child[47].	ਉਹ ਮੈਨੂੰ ਇਸ ਤਰ੍ਹਾਂ[48] ਪਾਲਦਾ-ਪੋਸਦਾ[46] ਹੈ, ਜਿਸ ਤਰ੍ਹਾਂ[49] ਮਾਂ[50] ਅਤੇ ਪਿਉ[51] ਆਪਣੇ ਬੱਚੇ[47] ਨੂੰ।
ਤਿਸੁ[52] ਬਿਨੁ ਨਿਮਖ[53] ਨਹੀ ਰਹਿ ਸਕੀਐ ਬਿਸਰਿ[54] ਨ ਕਬਹੂ[55] ਜਾਈ ॥	Without Him[52], I can live not even for a moment[53], so I forget[54] Him not ever[55].	ਉਸ[52] ਦੇ ਬਗੈਰ, ਮੈਂ ਇਕ ਮੁਹਤ[53] ਭਰ ਭੀ ਰਹਿ ਨਹੀਂ ਸਕਦਾ, ਸੋ ਉਸ ਨੂੰ ਮੈਂ ਕਦਾਚਿਤ[55] ਭੁਲਾਉਂਦਾ[54] ਨਹੀਂ।
ਕਹੁ ਨਾਨਕ ਮਿਲਿ ਸੰਤ ਸੰਗਤਿ ਤੇ ਮਗਨ[56] ਭਏ	Says Nanak, meeting with the saints' society, I am enraptured[56]	ਗੁਰੂ ਜੀ ਆਖਦੇ ਹਨ, ਸਾਧ ਸੰਗਤ ਨਾਲ ਮਿਲ ਕੇ ਮੈਂ ਪ੍ਰਸੰਨ ਹੋ ਗਿਆ[56] ਹਾਂ ਅਤੇ ਮੇਰੀ ਪ੍ਰਭੂ ਨਾਲ ਪ੍ਰੀਤ ਪੈ

ਲਿਵ ਲਾਈ[57] ॥੨॥੨੫॥੪੮॥	and attuned[57] to my Lord.	ਗਈ ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ !
ਅਪਨਾ ਮੀਤੁ[58] ਸੁਆਮੀ ਗਾਈਐ[59] ॥	Sing[59] thou the praise of thy Lord, the Friend[58].	ਤੂੰ ਆਪਣੇ ਮਾਲਕ ਮਿੱਤ੍ਰ[58] ਦੀ ਮਹਿਮਾ ਗਾਇਨ[59] ਕਰ ।
ਆਸ[60] ਨ ਅਵਰ ਕਾਹੂ[61] ਕੀ ਕੀਜੈ[64] ਸੁਖਦਾਤਾ[62] ਪ੍ਰਭੁ ਧਿਆਈਐ[63] ॥੧॥ ਰਹਾਉ॥	Rest[64] thou not thy hope[60] upon any one[61] else and contemplate[63] thy bliss-giving[62] Lord. Pause.	ਹੋਰ ਕਿਸੇ[61] ਉਤੇ ਤੂੰ ਆਪਣੀ ਉਮੈਦ[60] ਨ ਬੰਨ੍ਹ[64] ਅਤੇ ਆਪਣੇ ਖ਼ੁਸ਼ੀ ਬਖ਼ਸ਼ਣਹਾਰ[62] ਸੁਆਮੀ ਦਾ ਸਿਮਰਨ[63] ਕਰ । ਠਹਿਰਾਉ ।
ਸੂਖ[64]*ਮੰਗਲ[65]ਕਲਿਆਣ[66] ਜਿਸਹਿ ਘਰਿ ਤਿਸ[67] ਹੀ ਸਰਣੀ[68] ਪਾਈਐ[69] ॥	Seek[69] thou the protection[68] of Him[67] within whose Home are peace[64]*, pleasure[65] and salvation[66].	ਤੂੰ ਉਸ[67] ਦੀ ਪਨਾਹ[68] ਲੈ[69], ਜਿਸ ਦੇ ਘਰ ਵਿਚ ਆਰਾਮ[64]*, ਅਨੰਦ[65] ਅਤੇ ਮੁਕਤੀ[66] ਹਨ ।
ਤਿਸਹਿ ਤਿਆਗਿ[70]ਮਾਨੁਖੁ[71] ਜੇ ਸੇਵਹੁ[72] ਤਉ[73] ਲਾਜ[74] ਲੋਨੁ ਹੋਇ[75] ਜਾਈਐ ॥੧॥	Forsaking[70] Him, if[71] thou serve[72] man, then[73] thy honour[74] shall be dissolved like salt[75] in the water.	ਉਸ ਨੂੰ ਛੱਡ[70] ਕੇ, ਜੇਕਰ[71] ਤੂੰ ਇਨਸਾਨ ਦੀ ਟਹਿਲ[72] ਕਮਾਵੇਂਗਾ, ਤਾਂ[73] ਤੇਰੀ ਇੱਜ਼ਤ[74] ਪਾਣੀ ਵਿਚ ਲੂਣ[75] ਦੀ ਤਰ੍ਹਾਂ ਘੁਲ ਜਾਏਗੀ ।
ਏਕ ਓਟ[76] ਪਕਰੀ[77] ਠਾਕੁਰ ਕੀ ਗੁਰ ਮਿਲਿ ਮਤਿ[78] ਬੁਧਿ[79] ਪਾਈਐ[80] ॥	I have seized[77] the refuge[76] of the one Lord and meeting with the Guru, am blessed[80] with wisdom[78] and understanding[79].	ਮੈਂ ਇਕ ਪ੍ਰਭੂ ਦੀ ਹੀ ਪਨਾਹ[76] ਪਕੜੀ[77] ਹੈ ਅਤੇ ਗੁਰਾਂ ਨਾਲ ਮਿਲ ਕੇ ਮੈਨੂੰ ਸਿਆਣਪ[78] ਤੇ ਸਮਝ[79] ਪਰਾਪਤ[80] ਹੋ ਗਈ ਹੈ ।
ਗੁਣ[81] ਨਿਧਾਨ[82] ਨਾਨਕ ਪ੍ਰਭੁ ਮਿਲਿਆ ਸਗਲ[83] ਚੁਕੀ[84] ਮੁਹਤਾਈਐ[85] ॥੨॥੨੬॥੪੯॥	O Nanak, my Lord, the Treasure[82] or virtues[81] has met me and all[83] my dependence[85] on men is gone[84].	ਹੇ ਨਾਨਕ ! ਨੇਕੀਆਂ[81] ਦਾ ਖ਼ਜ਼ਾਨਾ[82], ਮੇਰਾ ਪ੍ਰਭੂ ਮੈਨੂੰ ਮਿਲ ਪਿਆ ਹੈ ਅਤੇ ਮੇਰੀ ਲੋਕਾਂ ਦੀ ਸਾਰੀ[83] ਮੁਥਾਜੀ[85] ਚੁੱਕੀ ਗਈ[84] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਓਟ[86] ਸਤਾਣੀ[87] ਪ੍ਰਭ ਜੀਉ[88] ਮੇਰੈ ॥ ਦ੍ਰਿਸਟਿ[89] ਨ ਲਿਆਵਉ ਅਵਰ[90] ਕਾਹੂ ਕਉ ਮਾਣਿ[91] ਮਹਤਿ[92] ਪ੍ਰਭ ਤੇਰੈ ॥੧॥ਰਹਾਉ॥	I have the powerful[87] support[86] of my Sire[88] Master. I look[89] upto not any one[90] else. My honour[91] and glory[92] are in Thy hand, O Lord. Pause.	ਮੈਨੂੰ ਆਪਣੇ ਮਹਾਰਾਜ[88] ਮਾਲਕ ਦਾ ਜ਼ੋਰਾਵਰ[87] ਆਸਰਾ[86] ਹੈ । ਮੈਂ ਕਿਸੇ ਹੋਰਸ[90] ਵੱਲ ਨਹੀਂ ਝਾਕਦਾ[89] । ਮੇਰੀ ਇੱਜ਼ਤ[91] ਅਤੇ ਪ੍ਰਭਤਾ[92] ਤੇਰੇ ਹੱਥ ਵਿਚ ਹਨ, ਹੇ ਸੁਆਮੀ ! ਠਹਿਰਾਉ ।
ਅੰਗੀਕਾਰੁ[93] ਕੀਓ ਪ੍ਰਭਿ ਅਪੁਨੈ ਕਾਢਿ[94] ਲੀਆ ਬਿਖੁ[95] ਘੇਰੈ[96] ॥	My Lord has taken my side[93] and has pulled[94] me out of the whirlpool[96] of sins[95].	ਮੇਰੇ ਪ੍ਰਭੂ ਨੇ ਮੇਰਾ ਪੱਖ[93] ਲਿਆ ਹੈ ਅਤੇ ਮੈਨੂੰ ਪਾਪਾਂ[95] ਦੀ ਘੁੰਮਣਘੇਰੀ[96] ਵਿੱਚੋਂ ਬਾਹਰ ਕੱਢ ਲਿਆ[94] ਹੈ ।
ਅੰਮ੍ਰਿਤ ਨਾਮੁ ਅਉਖਧੁ[97] ਮੁਖਿ[98] ਦੀਨੋ[99] ਜਾਇ	The medicine[97] of the Nectar-Name, the Lord has poured[99] in my	ਸੁਧਾਰਸ ਨਾਮ ਦੀ ਦਵਾਈ[97], ਮਾਲਕ ਨੇ ਮੇਰੇ ਮੂੰਹ[98] ਵਿਚ ਪਾਈ[99] ਹੈ ਅਤੇ ਜਾ ਕੇ ਮੈਂ ਗੁਰਾਂ ਦੇ ਪੈਰੀਂ[100] ਪੈ

ਪਇਆ ਗੁਰ ਪੈਰੈ[100] ॥੧॥

mouth[98] and I have repaired to the Guru's feet[100].

ਗਿਆ ਹਾਂ।

ਕਵਨ[2] ਉਪਮਾ[3] ਕਹਉ[4] ਏਕ ਮੁਖ[5] ਨਿਰਗੁਣ[6] ਕੇ ਦਾਤੇਰੈ[7] ॥

What[2] praise[3] of Thine can I utter[4] with one mouth[5]? Thou art beneficent[7] even to the virtueless[6].

ਇਕ ਮੂੰਹ[5] ਨਾਲ ਤੇਰੀ ਕੀਰਤੀ[3] ਮੈਂ ਕੀ[2] ਉਚਾਰ[4] ਸਕਦਾ ਹਾਂ ? ਤੂੰ ਗੁਣ-ਵਿਹੂਣਾਂ[6] ਨੂੰ ਭੀ ਦੇਣਹਾਰ[7] ਹੈਂ।

ਕਾਟਿ[8] ਸਿਲਕ[9] ਜਉ[10] ਅਪੁਨਾ ਕੀਨੋ ਨਾਨਕ ਸੂਖ[12] ਘਨੇਰੈ[13] ।੨॥੨੭॥੫੦॥

Says Nanak, cutting[8] the noose[9], when[10] Thou ownest me, O Lord, then blessed am I with many[13] comforts[12].

ਗੁਰੂ ਜੀ ਆਖਦੇ ਹਨ, ਫਾਹੀ[9] ਕੱਟ ਕੇ[8] ਜਦ[10] ਤੂੰ ਮੈਨੂੰ ਆਪਣਾ ਨਿਜ ਦਾ ਬਣਾ ਲੈਂਦਾ ਹੈਂ, ਹੇ ਪ੍ਰਭੂ ! ਤਾਂ ਮੈਨੂੰ ਬਹੁਤ[13] ਆਰਾਮ[12] ਪਰਾਪਤ ਹੋ ਜਾਂਦੇ ਹਨ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ !

ਪ੍ਰਭ ਸਿਮਰਤ[14] ਦੂਖ[15] ਬਿਨਾਸੀ[16] ॥

Contemplating[14] the Lord, the woes[15] are ended[16].

ਸਾਂਈਂ ਦਾ ਆਰਾਧਨ[14] ਕਰਨ ਨਾਲ, ਦੁਖੜੇ[15] ਨਾਸ ਹੋ ਜਾਂਦੇ[16] ਹਨ।

ਭਇਓ ਕ੍ਰਿਪਾਲੁ[17] ਜੀਅ[18] ਸੁਖ ਦਾਤਾ ਹੋਈ ਸਗਲ[19] ਖਲਾਸੀ[20] ॥੧॥ ਰਹਾਉ ॥

When God, the Giver of peace to the soul[18] becomes merciful[17], one is wholly[19] exonerated[20]. Pause.

ਜਦ ਜਿੰਦੜੀ[18] ਨੂੰ ਆਰਾਮ ਦੇਣਹਾਰ ਸੁਆਮੀ ਮਿਹਰਬਾਨ[17] ਹੋ ਜਾਂਦਾ ਹੈ ਤਾਂ ਬੰਦਾ ਪੂਰੀ ਤਰ੍ਹਾਂ[19] ਸੁਰਖਰੂ ਹੋ ਜਾਂਦਾ[20] ਹੈ।

ਅਵਰੁ[21] ਨ ਕੋਉ ਸੂਝੈ[22] ਪ੍ਰਭ ਬਿਨੁ ਕਹੁ[23] ਕੋ ਕਿਸੁ ਪਹਿ ਜਾਸੀ ॥

Without the Lord, I see[22] not another[21], say[23], who else is one to go to ?

ਸੁਆਮੀ ਦੇ ਬਗੈਰ, ਮੈਨੂੰ ਹੋਰ ਕੋਈ[21] ਦਿਸ[22] ਨਹੀਂ ਆਉਂਦਾ, ਦਸ[23] ਹੋਰ ਕਿਹਦੇ ਕੋਲ ਜੀਵ ਜਾਵੇ ?

ਜਿਉ[24] ਜਾਣਹੁ[25] ਤਿਉ[26] ਰਾਖਹੁ ਠਾਕੁਰ ਸਭੁ[27] ਕਿਛੁ ਤੁਮ ਹੀ ਪਾਸੀ[28] ॥੧॥

As[24] Thou deemest[25] fit, so[26] save Thou me, O Lord, I have wholly[27] surrendered[28] myself to Thee.

ਜਿਸ ਤਰ੍ਹਾਂ[24] ਤੂੰ ਚੰਗਾ ਸਮਝਦਾ[25] ਹੈਂ, ਉਸੇ ਤਰ੍ਹਾਂ[26] ਹੀ ਤੂੰ ਮੇਰੀ ਰੱਖਿਆ ਕਰ, ਹੇ ਸਾਂਈਂ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ[27] ਤੇਰੇ ਸਮਰਪਨ ਕਰ ਦਿੱਤਾ[28] ਹੈ।

ਹਾਥ ਦੇਇ ਰਾਖੇ ਪ੍ਰਭਿ ਅਪਨੇ ਸਦ[29] ਜੀਵਨ[30] ਅਬਿਨਾਸੀ[31] ॥

Giving His hand, the Imperishable[31] Lord has saved me and has blessed me with eternal[29] life[30].

ਆਪਣਾ ਹੱਥ ਦੇ ਕੇ, ਸਦੀਵੀ ਸਥਿਰ[31] ਸੁਆਮੀ ਨੇ ਮੇਰੀ ਰੱਖਿਆ ਕੀਤੀ ਹੈ ਅਤੇ ਮੈਨੂੰ ਕਾਲ-ਸਥਾਈ[29] ਜ਼ਿੰਦਗੀ[30] ਪਰਦਾਨ ਕੀਤੀ ਹੈ।

ਕਹੁ ਨਾਨਕ ਮਨਿ ਅਨਦੁ[32] ਭਇਆ ਹੈ ਕਾਟੀ ਜਮ[33] ਕੀ ਫਾਸੀ[34] ॥ ੨ ॥ ੨੮ ॥ ੫੧ ॥

Says Nanak, my mind is in bliss[32], and snapped for me is the death's[33] noose[34].

ਗੁਰੂ ਜੀ ਆਖਦੇ ਹਨ, ਮੇਰੇ ਚਿੱਤ ਅੰਦਰ ਖ਼ੁਸ਼ੀ[32] ਹੈ ਅਤੇ ਮੇਰੇ ਲਈ ਮੌਤ[33] ਦੀ ਫਾਹੀ[34] ਕੱਟੀ ਗਈ ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੇਰੋ ਮਨੁ[37] ਜਤ ਕਤ[35] ਤੁਝਹਿ ਸਮਾਰੈ[36] ॥

My soul[37] ever[35] remembers[36] Thee, O Lord.

ਮੇਰੀ ਜਿੰਦੜੀ[37] ਸਦੀਵ[35] ਹੀ ਤੈਨੂੰ ਯਾਦ ਕਰਦੀ[36] ਹੈ, ਹੇ ਸੁਆਮੀ !

ਹਮ ਬਾਰਿਕ[38] ਦੀਨ[39] ਪਿਤਾ[40] ਪ੍ਰਭ ਮੇਰੇ ਜਿਉ[41] ਜਾਨਹਿ[42] ਤਿਉ[43] ਪਾਰੈ[44]॥ ੧॥ ਰਹਾਉ ॥

I am Thy helpless[39] child[38] and Thou art my Father-Lord[40]. As[41] Thou deemest[42] proper, so[43] do Thou save[44] me. Pause.

ਮੈਂ ਤੇਰਾ ਬੇਬਸ[39] ਬੱਚਾ[38] ਹਾਂ ਅਤੇ ਤੂੰ ਮੇਰਾ ਬਾਬਲ-ਸੁਆਮੀ[40] ਹੈਂ। ਜਿਸ ਤਰ੍ਹਾਂ[41] ਤੂੰ ਮੁਨਾਸਬ ਖਿਆਲ ਕਰਦਾ[42] ਹੈਂ, ਉਸੇ ਤਰ੍ਹਾਂ[43] ਹੀ ਤੂੰ ਮੇਰੀ ਰੱਖਿਆ[44] ਕਰ। ਠਹਿਰਾਉ।

ਜਬ ਭੂਖੌ ਤਬ[49] ਭੋਜਨੁ[45] ਮਾਂਗੈ ਅਘਾਏ[46] ਸੂਖ[47] ਸਘਾਰੈ[48] ॥	When hungry, then[49] ask I for food[45] and when satiated[46], I am wholly[48] in bliss[47].	ਜਦ ਭੁੱਖਾ ਹੁੰਦਾ ਹਾਂ, ਤਦ[49] ਮੈਂ ਖਾਣਾ[45] ਮੰਗਦਾ ਹਾਂ ਅਤੇ ਰੱਜਿਆ ਹੋਇਆ[46] ਮੈਂ ਸਮੂਹ[48] ਅਨੰਦ[47] ਵਿਚ ਹੁੰਦਾ ਹਾਂ।
ਤਬ[49*] ਅਰੋਗ[50] ਜਬ[51] ਤੁਮ ਸੰਗਿ[52] ਬਸਤੌ[55] ਛੁਟਕਤ[53] ਹੋਇ ਰਵਾਰੈ[54]॥ ੧॥	When[51] I bide[55] with[52] Thee, then[49*] am I disease-free[50]. Separating[53] from Thee, I become dust[54].	ਜਦ[51] ਮੈਂ ਤੇਰੇ ਨਾਲ[52] ਵਸਦਾ[55] ਹਾਂ, ਤਦ[49*] ਮੈਂ ਨਵਾਂ ਨਰੋਆ[50] ਹਾਂ। ਤੇਰੇ ਨਾਲੋਂ ਵਿਛੜ[53] ਕੇ ਮੈਂ ਮਿੱਟੀ[54] ਹੋ ਜਾਂਦਾ ਹਾਂ।
ਕਵਨ[56] ਬਸੇਰੋ[57] ਦਾਸ[58] ਦਾਸਨ ਕੋ ਥਾਪਿਉ[59] ਥਾਪਨਹਾਰੈ[60] ॥	O Lord, the Establisher[59] and Disestablisher[60], what[56] is it, that is in the power[57] of the slave[58] of Thine slaves?	ਹੇ ਪ੍ਰਭੂ! ਉਸਾਰਣਹਾਰ[59] ਅਤੇ ਢਾਹੁਣਹਾਰ[60], ਤੇਰੇ ਗੋਲਿਆਂ ਦੇ ਗੋਲੇ[58] ਦੇ ਵੱਸ[57] ਵਿਚ ਕੀ[56] ਹੈ?
ਨਾਮੁ ਨ ਬਿਸਰੈ[61] ਤਬ[62] ਜੀਵਨੁ[63] ਪਾਈਐ[64] ਬਿਨਤੀ[65] ਨਾਨਕ ਇਹ ਸਾਰੈ[66] ॥੨॥੨੯॥੫੨॥	Nanak, makes[66] this supplication[65], that then[62] alone one obtains[64] eternal life[63] if one forgets[61] not the Name.	ਨਾਨਕ ਇਹ ਬੇਨਤੀ[65] ਕਰਦਾ[66] ਹੈ ਕਿ ਕੇਵਲ ਤਦ[62] ਹੀ ਜੀਵ ਸਦੀਵੀ ਜ਼ਿੰਦਗੀ[63] ਨੂੰ ਪ੍ਰਾਪਤ ਹੁੰਦਾ[64] ਹੈ, ਜੇਕਰ ਉਹ ਨਾਮ ਨੂੰ ਨਹੀਂ ਭੁਲਾਉਂਦਾ[61]।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਨ ਤੇ ਭੈ[67] ਭਉ[68] ਦੂਰਿ ਪਰਾਇਓ[69] ॥	From my mind, have shaken off[69] fear[67] and dread[68].	ਆਪਣੇ ਦਿਲ ਤੋਂ ਮੈਂ ਡਰ[67] ਅਤੇ ਤ੍ਰਾਹ[68] ਦੂਰ ਕਰ ਦਿੱਤੇ[69] ਹਨ।
ਲਾਲ[70] ਦਇਆਲ[71] ਗੁਲਾਲ[72] ਲਾਡਿਲੇ[73] ਸਹਜਿ[74] ਸਹਜਿ ਗੁਨ[75] ਗਾਇਓ[76] ॥੧॥ ਰਹਾਉ ॥	Slowly[74], slowly sing[76] I the praise[75] of my deep-red[72] and merciful[71] Darling[73] Beloved[70]. Pause.	ਧੀਰੇ[74] ਧੀਰੇ, ਮੈਂ ਆਪਣੇ ਗੂੜ੍ਹੇ ਲਾਲ[72] ਅਤੇ ਮਿਹਰਬਾਨ[71] ਪਿਆਰੇ[73] ਪ੍ਰੀਤਮ[70] ਦੀ ਮਹਿਮਾ[75] ਗਾਇਨ ਕਰਦਾ[76] ਹਾਂ। ਠਹਿਰਾਉ।
ਗੁਰ ਬਚਨਾਤਿ[77] ਕਮਾਤ[78] ਕ੍ਰਿਪਾ[79] ਤੇ[83] ਬਹੁਰਿ[80] ਨ ਕਤਹੂ[81] ਧਾਇਓ[82] ॥	Practising[78] the Guru's word[77], by[83] the Guru's grace[79], my mind, again[80], wanders[82] not anywhere[81].	ਗੁਰਾਂ ਦੀ ਦਇਆ[79] ਦੁਆਰਾ[83], ਗੁਰਾਂ ਦੇ ਉਪਦੇਸ਼[77] ਦੀ ਕਮਾਈ ਕਰਨ[78] ਨਾਲ ਮੇਰਾ ਮਨੂਆ ਮੁੜ ਕੇ[80] ਕਿਧਰੇ[81] ਭਟਕਦਾ[82] ਨਹੀਂ।
੧੨੧੫	**1215**	**੧੨੧੫**
ਰਹਤ[83]ਉਪਾਧਿ[84]ਸਮਾਧਿ[85] ਸੁਖ ਆਸਨ[86] ਭਗਤਿ[87] ਵਛਲੁ[88] ਗ੍ਰਿਹਿ[89] ਪਾਇਓ ॥੧॥	My woe[84] is dispelled[83], I am seated[86] in trance[85] of peace and the Lord, the Lover[88] of His devotees[87] I have attained to within my home[89].	ਮੇਰਾ ਦੁੱਖ[84] ਦੂਰ ਹੋ ਗਿਆ[83] ਹੈ; ਆਰਾਮ ਦੀ ਤਾੜੀ[85] ਅੰਦਰ ਮੇਰਾ ਟਿਕਾਣਾ ਹੋ ਗਿਆ[86] ਹੈ ਅਤੇ ਆਪਣੇ ਵੈਰਾਗੀਆਂ[87] ਦੇ ਪ੍ਰੀਤਮ[88] ਪ੍ਰਭੂ ਨੂੰ ਮੈਂ ਆਪਣੇ ਘਰ[89] ਵਿਚ ਹੀ ਪਾ ਲਿਆ ਹੈ।
ਨਾਦ[90] ਬਿਨੋਦ[91] ਕੋਡ[92] ਆਨੰਦਾ[93]ਸਹਜੇ[94]ਸਹਜਿ[95] ਸਮਾਇਓ[96] ॥	I enjoy melody[90], revelments[91], wondrous plays[92] and pleasures[93] and am easily[94] absorbed[96] in the Lord[95].	ਮੈਂ ਕੀਰਤਨ[90], ਰੰਗ-ਰਲੀਆਂ[91], ਅਸਚਰਜ ਖੇਡਾਂ[92] ਅਤੇ ਖੁਸ਼ੀਆਂ[93] ਨੂੰ ਮਾਣਦਾ ਹਾਂ ਅਤੇ ਸੁਖੈਨ ਹੀ[94] ਸੁਆਮੀ[95] ਅੰਦਰ ਲੀਨ ਹੋ ਗਿਆ[96] ਹਾਂ।

ਕਰਨਾ[97] ਆਪਿ ਕਰਾਵਨ[98] ਆਪੇ ਕਹੁ[99] ਨਾਨਕ ਆਪਿ ਆਪਾਇਓ[100] ॥੨॥੩੦॥੫੩॥	Says[99] Nanak, the Lord Himself is the Doer[97] and Himself the Cause[98]. He Himself[100] is all-in-all.	ਗੁਰੂ ਜੀ ਆਖਦੇ[99] ਹਨ, ਪ੍ਰਭੂ ਖ਼ੁਦ ਕਰਨ ਵਾਲਾ[97] ਹੈ ਅਤੇ ਖ਼ੁਦ ਹੀ ਕਰਵਾਉਣ ਵਾਲਾ[98] । ਉਹ ਖ਼ੁਦ-ਬ-ਖ਼ੁਦ[100] ਹੀ ਸਾਰਾ ਕੁਛ ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਅੰਮ੍ਰਿਤ ਨਾਮੁ ਮਨਹਿ ਆਧਾਰੋ[2] ॥	The Nectar-Name is the mainstay[2] of my soul.	ਸੁਧਾਰਸ-ਨਾਮ ਮੇਰੀ ਜ਼ਿੰਦਗੀ ਦਾ ਆਸਰਾ[2] ਹੈ ।
ਜਿਨਿ ਦੀਆ[3] ਤਿਸ[4] ਕੈ ਕੁਰਬਾਨੈ[5] ਗੁਰ ਪੂਰੇ[6] ਨਮਸਕਾਰੋ[7] ॥੧॥ ਰਹਾਉ॥	I make obeisance[7] unto the Perfect[6] Guru and am a sacrifice[5] unto him[4] who has blessed[3] me with it. Pause.	ਮੈਂ ਪੂਰਨ[6] ਗੁਰਾਂ ਨੂੰ ਪ੍ਰਨਾਮ[7] ਕਰਦਾ ਹਾਂ ਅਤੇ ਉਹਨਾਂ[4] ਉਤੋਂ ਬਲਿਹਾਰਨੇ[5] ਜਾਂਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹ ਪਰਦਾਨ ਕੀਤਾ[3] ਹੈ । ਠਹਿਰਾਉ ।
ਬੂਝੀ[8] ਤ੍ਰਿਸਨਾ[9] ਸਹਜਿ[10] ਸੁਹੇਲਾ[12] ਕਾਮੁ[13] ਕ੍ਰੋਧੁ[14] ਬਿਖੁ[15] ਜਾਰੋ[16] ॥	My desire[9] is stilled[8], I have been easily[10] embellished[12] and the poison[15] of my lust[13] and wrath[14] is burnt off[16].	ਮੇਰੀ ਖ਼ਾਹਿਸ਼[9] ਬੁਝ ਗਈ[8] ਹੈ, ਮੈਂ ਸੁਖੈਨ ਹੀ[10] ਸੁਸ਼ੋਭਤ ਹੋ ਗਿਆ[12] ਹਾਂ ਅਤੇ ਮੇਰੀ ਵਿਸ਼ੇ-ਭੋਗ[13] ਤੇ ਗੁੱਸੇ[14] ਦੀ ਜ਼ਹਿਰ[15] ਸੜ ਗਈ[16] ਹੈ ।
ਆਇ ਨ ਜਾਇ ਬਸੈ[17] ਇਹ[18] ਠਾਹਰ[19] ਜਹ[20] ਆਸਨੁ[21] ਨਿਰੰਕਾਰੋ[22]॥੧॥	This[18] soul of mine comes and goes not, but abides[17] in a place[19], where[20] the Formless[22] Lord's seat[21] is	ਮੇਰੀ ਇਹ[18] ਆਤਮਾ ਆਉਂਦੀ ਤੇ ਜਾਂਦੀ ਨਹੀਂ, ਪ੍ਰੰਤੂ ਉਸ ਅਸਥਾਨ[19] ਤੇ ਵਸਦੀ[17] ਹੈ, ਜਿਥੇ[20] ਸਰੂਪ-ਰਹਿਤ[22] ਸਾਂਈਂ ਦਾ ਟਿਕਾਣਾ[21] ਹੈ ।
ਏਕੈ ਪਰਗਟੁ[23] ਏਕੈ ਗੁਪਤਾ[24] ਏਕੈ ਧੁੰਧੂਕਾਰੋ[25]॥	The One Lord is manifest[23], the One Lord is recondite[24] and the One Lord is absolute darkness[25].	ਇਕ ਸੁਆਮੀ ਪ੍ਰਤੱਖ[23] ਹੈ, ਇਕ ਪ੍ਰਭੂ ਪੋਸ਼ੀਦਾ[24] ਹੈ ਅਤੇ ਇਕ ਪ੍ਰਭੂ ਹੀ ਨਿਰੋਲ ਹਨੇਰਾ[25] ਹੈ ।
ਆਦਿ[26] ਮਧਿ[27] ਅੰਤਿ[28] ਪ੍ਰਭੁ ਸੋਈ[29] ਕਹੁ ਨਾਨਕ ਸਾਚੁ ਬੀਚਾਰੋ[30] ॥੨॥ ੩੧ ॥੫੪॥	He[29], the Lord is in the beginning[26], the middle[27] and the end[28]. Says Nanak, true is the meditation[30] of that Lord.	ਉਹ[29] ਸੁਆਮੀ, ਆਰੰਭ[26] ਵਿਚਕਾਰ[27] ਅਤੇ ਅਖੀਰ[28] ਵਿਚ ਹੈ । ਗੁਰੂ ਜੀ ਫੁਰਮਾਉਂਦੇ ਹਨ, ਸੱਚਾ ਹੈ ਉਸ ਸਾਹਿਬ ਦਾ ਸਿਮਰਨ[30]।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਬਿਨੁ ਪ੍ਰਭ ਰਹਨੁ ਨ ਜਾਇ ਘਰੀ[31] ॥	Without the Lord, I can live not even for a moment[31].	ਸੁਆਮੀ ਦੇ ਬਗੈਰ, ਮੈਂ ਇਕ ਮੁਹਤ[31] ਭਰ ਭੀ ਰਹਿ ਨਹੀਂ ਸਕਦਾ ।
ਸਰਬ ਸੂਖ ਤਾਹੂ[31]* ਕੈ ਪੂਰਨ[32] ਜਾ ਕੈ ਸੁਖੁ[33] ਹੈ ਹਰੀ ॥੧॥ ਰਹਾਉ ॥	He[31]* alone is brimful[32] with all comforts, in whose home is the joy[33] of God. Pause.	ਕੇਵਲ ਉਹ[31]* ਹੀ ਸਾਰਿਆਂ ਆਰਾਮਾਂ ਨਾਲ ਪਰੀਪੂਰਨ[32] ਹੈ, ਜਿਸ ਦੇ ਘਰ ਅੰਦਰ ਵਾਹਿਗੁਰੂ ਦੀ ਖ਼ੁਸ਼ੀ[33] ਹੈ। ਠਹਿਰਾਉ ।
ਮੰਗਲ[34] ਰੂਪ[35] ਪ੍ਰਾਨ[36] ਜੀਵਨ[37] ਧਨ[38] ਸਿਮਰਤ[39] ਅਨਦ[40] ਘਨਾ[41] ॥	God is the embodiment[35] of the wealth[38] of bliss[34] and the mainstay[36] of life[37], contemplating[39] whom one is blessed with great[41] gladness[40].	ਵਾਹਿਗੁਰੂ ਖ਼ੁਸ਼ੀ[34] ਦੀ ਦੌਲਤ[38] ਦਾ ਸਰੂਪ[35] ਅਤੇ ਜ਼ਿੰਦਗੀ[37] ਦਾ ਆਸਰਾ[36] ਹੈ, ਜਿਸ ਦਾ ਆਰਾਧਨ ਕਰਨ[39] ਦੁਆਰਾ ਪਰਮ[41] ਪ੍ਰਸੰਨਤਾ[40] ਪ੍ਰਾਪਤ ਹੁੰਦੀ ਹੈ ।

ਵਡ[42] ਸਮਰਥੁ[43] ਸਦਾ ਸਦ ਸੰਗੇ[44] ਗੁਨ[45]ਰਸਨਾ[46] ਕਵਨ[47] ਭਨਾ[48] ॥੧॥	With what[47] tongue[46] should I utter[48] the praise[45] of Him, who is greatly[42] Omnipotent[43] and ever, ever a comrade[44] of mine.	ਮੈਂ ਕਿਹੜੀ[47] ਜੀਭ[46] ਨਾਲ ਉਸ ਦੀ ਮਹਿਮਾ[45] ਵਰਣਨ[48] ਕਰਾਂ, ਜੋ ਵਿਸ਼ਾਲ[42] ਸਰਬ-ਸ਼ਕਤੀਵਾਨ[43] ਹੈ ਅਤੇ ਹਮੇਸ਼ਾ, ਹਮੇਸ਼ਾ ਲਈ ਮੇਰਾ ਸੰਗੀ[44] ਹੈ ।
ਥਾਨ[49] ਪਵਿਤ੍ਰਾ[50] ਮਾਨ[51] ਪਵਿਤ੍ਰਾ ਪਵਿਤ੍ਰ ਸੁਨਨ[53] ਕਹਨਹਾਰੇ[52] ॥	Pure[50] is the Lord's seat[49], pure His glory[51] and pure are they who hear[53] and utter[52] of Him.	ਪਾਵਨ[50] ਹੈ ਪ੍ਰਭੂ ਦਾ ਅਸਥਾਨ[49], ਪਾਵਨ ਉਸ ਦੀ ਪ੍ਰਭਤਾ[51] ਅਤੇ ਪਾਵਨ ਹਨ ਉਸ ਨੂੰ ਸੁਣਨ[53] ਤੇ ਵਰਣਨ[52] ਕਰਨ ਵਾਲੇ ।
ਕਹੁ ਨਾਨਕ ਤੇ ਭਵਨ[54] ਪਵਿਤ੍ਰਾ[55] ਜਾ ਮਹਿ ਸੰਤ ਤੁਮਾਰੇ[56] ॥੨॥੩੨॥੫੫॥	Says Nanak, sanctified[55] is the house[54], wherein abide Thine[56] saints, O Lord.	ਗੁਰੂ ਜੀ ਆਖਦੇ ਹਨ, ਪਾਵਨ[55] ਹੈ ਉਹ ਘਰ[54], ਜਿਸ ਵਿਚ ਤੇਰੇ[56] ਸਾਧੂ ਵਸਦੇ ਹਨ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਰਸਨਾ[57] ਜਪਤੀ[58] ਤੂਹੀ[59] ਤੂਹੀ ॥	My tongue[57] utters[58] Thy[59] Name, Thy Name alone.	ਮੇਰੀ ਜੀਭ[57] ਤੇਰੇ[59] ਨਾਮ, ਕੇਵਲ ਤੇਰੇ ਨਾਮ ਨੂੰ ਹੀ ਉਚਾਰਦੀ[58] ਹੈ ।
ਮਾਤ[60] ਗਰਭ[61] ਤੁਮਹੀ ਪ੍ਰਤਿਪਾਲਕ[62] ਮ੍ਰਿਤ ਮੰਡਲ[63] ਇਕ ਤੁਹੀ ॥ ੧॥ ਰਹਾਉ ॥	In the mother's[60] belly[61], Thou alone sustainest[62] me and in this mortal world[63], Thou alone art my property. Pause.	ਮਾਂ[60] ਦੇ ਪੇਟ[61] ਵਿਚ ਕੇਵਲ ਤੂੰ ਹੀ ਮੈਨੂੰ ਪਾਲਦਾ-ਪੋਸਦਾ[62] ਹੈਂ ਅਤੇ ਇਸ ਮਾਤ ਲੋਕ[63] ਵਿਚ ਕੇਵਲ ਤੂੰ ਹੀ ਮੇਰਾ ਆਸਰਾ ਹੈਂ । ਠਹਿਰਾਉ ।
ਤੁਮਹਿ ਪਿਤਾ[64] ਤੁਮਹੀ ਫੁਨਿ[65] ਮਾਤਾ[66] ਤੁਮਹਿ ਮੀਤ[67] ਹਿਤ[68] ਭ੍ਰਾਤਾ[69] ॥	Thou art my Father[64], Thou my Mother[66] and[65] Thou my Friend[67], Well-wisher[68] and Brother[69].	ਤੂੰ ਮੇਰਾ ਬਾਬਲ[64] ਹੈਂ, ਤੂੰ ਮੇਰੀ ਅੰਮੜੀ[66] ਅਤੇ ਤੂੰ[65] ਹੀ ਮੇਰਾ ਮਿੱਤਰ[67], ਸ਼ੁਭ-ਚਿੰਤਕ[68] ਅਤੇ ਵੀਰ[69] ।
ਤੁਮ ਪਰਵਾਰ[70] ਤੁਮਹਿ ਆਧਾਰਾ[71] ਤੁਮਹਿ ਜੀਅ[72] ਪ੍ਰਾਨ[73] ਦਾਤਾ[74] ॥੧॥	Thou art my family[70] and Thou my mainstay[71]. Thou alone art the Giver[74] of life[72] and the vital-breath[73] to me.	ਤੂੰ ਮੇਰਾ ਟੱਬਰ-ਕਬੀਲਾ[70] ਹੈਂ ਅਤੇ ਤੂੰ ਹੀ ਮੇਰਾ ਆਸਰਾ[71] । ਕੇਵਲ ਤੂੰ ਹੀ ਮੈਨੂੰ ਜੀਵਨ[72] ਅਤੇ ਜਿੰਦ-ਜਾਨ[73] ਦੇਣ ਵਾਲਾ[74] ਹੈਂ ।
ਤੁਮਹਿ ਖਜੀਨਾ[75] ਤੁਮਹਿ ਜਰੀਨਾ[76] ਤੁਮਹੀ ਮਾਣਿਕ[77] ਲਾਲਾ[78] ॥	Thou art my Treasure[75] and Thou my wealth[76]. Thou alone art my emerald[77] and jewel[78].	ਤੂੰ ਮੇਰਾ ਖ਼ਜ਼ਾਨਾ[75] ਹੈਂ ਤੇ ਤੂੰ ਹੀ ਧਨ-ਦੌਲਤ[76] । ਕੇਵਲ ਤੂੰ ਹੀ ਮੇਰਾ ਰਤਨ[77] ਤੇ ਜਵੇਹਰ[78] ਹੈਂ ।
ਤੁਮਹਿ ਪਾਰਜਾਤ[79] ਗੁਰ ਤੇ[80] ਪਾਏ ਤਉ[81] ਨਾਨਕ ਭਏ ਨਿਹਾਲਾ[82] ॥੨॥ ੩੩ ੫੬॥	Thou art the Elysian[79] Tree. Nanak has obtained Thee through[80] the Guru and then[81] abides he in bliss[82].	ਤੂੰ ਸਵਰਗੀ ਬਿਰਛ[79] ਹੈਂ । ਨਾਨਕ ਨੇ ਤੈਨੂੰ ਗੁਰਾਂ ਦੇ ਰਾਹੀਂ[80] ਪ੍ਰਾਪਤ ਕੀਤਾ ਹੈ ਅਤੇ ਤਦ[81] ਹੀ ਉਹ ਖ਼ੁਸ਼ੀ[82] ਵਿਚ ਵਸਦਾ ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਜਾਹੂ ਕਾਹੂ[83] ਅਪੁਨੋ[84] ਹੀ ਚਿਤਿ[85] ਆਵੈ ॥	Wherever[83] man is, he remembers[85] only him, who is his own[84].	ਜਿਥੇ ਕਿਤੇ[83] ਭੀ ਜੀਵ ਹੁੰਦਾ ਹੈ, ਉਹ ਕੇਵਲ ਉਸ ਨੂੰ ਹੀ ਯਾਦ ਕਰਦਾ[85] ਹੈ, ਜੋ ਉਸ ਦਾ ਆਪਣਾ ਨਿੱਜ[84] ਦਾ ਹੈ ।

ਜੋ[90] ਕਾਹੂ[86] ਕੋ ਚੇਰੋ[87] ਹੋਵਤ ਠਾਕੁਰੁ[88] ਹੀ ਪਹਿ[89] ਜਾਵੈ ॥੧॥ ਰਹਾਉ ॥	Whosoever[90] is some one's[86] servant[87], he goes to[89] his Master[88] alone in need. Pause.	ਜੋ ਕੋਈ[90] ਭੀ ਕਿਸੇ[86] ਦਾ ਨੌਕਰ[87] ਹੁੰਦਾ ਹੈ, ਉਹ ਲੋੜ ਵੇਲੇ ਆਪਣੇ ਮਾਲਕ[88] ਕੋਲ[89] ਹੀ ਜਾਂਦਾ ਹੈ। ਠਹਿਰਾਉ।
ਅਪਨੇ ਪਹਿ ਦੂਖ[90] ਅਪਨੇ ਪਹਿ ਸੂਖਾ[91] ਅਪੁਨੇ ਹੀ ਪਹਿ ਬਿਰਥਾ[92] ॥	To his own, he tells his sorrow[90], to his own, his joy[91] and to his own, his state[92].	ਆਪਣੇ ਨਿੱਜ ਦੇ ਨੂੰ, ਉਹ ਆਪਣਾ ਦੁੱਖ[90] ਦੱਸਦਾ ਹੈ, ਆਪਣੇ ਨਿੱਜ ਦੇ ਨੂੰ ਹੀ ਆਪਣੀ ਖ਼ੁਸ਼ੀ[91] ਤੇ ਆਪਣੇ ਨਿੱਜ ਨੂੰ ਹੀ ਆਪਣੀ ਅਵਸਥਾ[92]।
ਅਪੁਨੇ ਪਹਿ ਮਾਨੁ[93] ਅਪੁਨੇ ਪਹਿ ਤਾਨਾ[94] ਅਪਨੇ ਹੀ ਪਹਿ ਅਰਥਾ[95] ॥੧॥	From his own, he obtains honour[93], from his own strength[94], and from his own advantage[95]	ਆਪਣੇ ਨਿਜ ਦੇ ਕੋਲੋਂ, ਉਹ ਇੱਜ਼ਤ[93] ਪਾਉਂਦਾ ਹੈ, ਆਪਣੇ ਨਿਜ ਦੇ ਕੋਲੋਂ ਤਾਕਤ[94] ਅਤੇ ਆਪਣੇ ਨਿਜ ਦੇ ਕੋਲੋਂ ਹੀ ਲਾਭ[95]।
ਕਿਨ ਹੀ ਰਾਜ[96] ਜੋਬਨੁ[97] ਧਨ[98] ਮਿਲਖਾ[99] ਕਿਨ ਹੀ ਬਾਪੁ[100] ਮਹਤਾਰੀ[2] ॥	Some have empire[96], youth[97], wealth[98] and property[99] and some father[100] and mother[2].	ਕਈਆਂ ਕੋਲ ਰਾਜ-ਭਾਗ[96], ਜੁਆਨੀ[97], ਦੌਲਤ[98] ਅਤੇ ਜਾਇਦਾਦ[99] ਹੈ ਅਤੇ ਕਈਆਂ ਕੋਲ ਪਿਤਾ[100] ਅਤੇ ਮਾਤਾ[2]।
ਸਰਬ[3] ਥੋਕ[4] ਨਾਨਕ ਗੁਰ ਪਾਏ ਪੂਰਨ[5] ਆਸ[6] ਹਮਾਰੀ॥੨॥੩੪॥੫੭॥	"All[3] the things[4] I have obtained from the Guru and my hope[5] has been fulfilled[6]," says Nanak.	ਗੁਰੂ ਜੀ ਕਹਿੰਦੇ ਹਨ ਕਿ ਸਾਰੀਆਂ[3] ਵਸਤੂਆਂ[4] ਮੈਨੂੰ ਗੁਰਾਂ ਪਾਸੋਂ ਪਰਾਪਤ ਹੋ ਗਈਆਂ ਹਨ ਅਤੇ ਮੇਰੀ ਉਮੀਦ[6] ਪੂਰੀ ਹੋ ਗਈ[5] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਝੂਠੋ[7] ਮਾਇਆ[8] ਕੋ ਮਦ[9] ਮਾਨੁ[10] ॥	False[7] is the pride[9] and ego[10] of riches[8].	ਕੂੜਾ[7] ਹੈ ਹੰਕਾਰ[9] ਅਤੇ ਗ਼ਰੂਰ[10] ਧਨ-ਦੌਲਤ[8] ਦਾ।
ਧ੍ਰੋਹ[12] ਮੋਹ[13] ਦੂਰਿ ਕਰਿ[14] ਬਪੁਰੇ[15]ਸੰਗਿ[16] ਗੋਪਾਲਹਿ[17] ਜਾਨੁ[18] ॥੧॥ਰਹਾਉ॥	O wretched man[15], rid[14] thyself of fraud[12] and worldly love[13] and know[18] that thy Lord[17] is with[16] thee. Pause.	ਹੇ ਨੀਚ ਬੰਦੇ[15]! ਤੂੰ ਠੱਗੀ[12] ਅਤੇ ਸੰਸਾਰੀ ਮਮਤਾ[13] ਨੂੰ ਛੱਡ[14] ਦੇ ਅਤੇ ਆਪਣੇ ਪ੍ਰਭੂ[17] ਨੂੰ ਆਪਣੇ ਨਾਲ[16] ਹੀ ਸਮਝ[18]। ਠਹਿਰਾਉ।
ਮਿਥਿਆ[19] ਰਾਜ[20] ਜੋਬਨ[21] ਅਰੁ ਉਮਰੇ[22] ਮੀਰ[23] ਮਲਕ[24] ਅਰੁ[25] ਖਾਨ[26] ॥	False[19] are the dominions[20], youth[21], dukes[22], kings[23], sovereigns[24] and[25] the nobles[26].	ਕੂੜੀਆਂ[19] ਹਨ ਪਾਤਿਸ਼ਾਹੀਆਂ[20], ਜੁਆਨੀ[21], ਸਰਦਾਰ[22], ਰਾਜੇ[23], ਮਹਾਰਾਜੇ[24] ਅਤੇ[25] ਨਵਾਬ[26]।
ਮਿਥਿਆ[27] ਕਾਪਰ[28] ਸੁਗੰਧ[29] ਚਤੁਰਾਈ[30] ਮਿਥਿਆ ਭੋਜਨ[31] ਪਾਨ[32] ॥੧॥	Vain[27] are the raiments[28], perfumes[29] and cleverness[30], and vain the fares[31] and drinks[32].	ਵਿਅਰਥ[27] ਹਨ ਪੁਸ਼ਾਕ[28], ਖ਼ੁਸ਼ਬੂਆਂ[29] ਤੇ ਹੁਸ਼ਿਆਰੀਆਂ[30] ਅਤੇ ਵਿਅਰਥ ਹਨ ਖਾਣੇ[31] ਤੇ ਪੀਣ ਵਾਲੇ[32] ਪਦਾਰਥ।
ਦੀਨ[33] ਬੰਧਰੋ[34] ਦਾਸ[35] ਦਾਸਰੋ ਸੰਤਹ[36] ਕੀ ਸਾਰਾਨ[37] ॥	O my Lord, the relation[34] of the meek[33], I, the slave[35] of Thy slaves, have sought the protection[37] of Thine saints[36].	ਹੇ ਮਸਕੀਨਾਂ[33] ਦੇ ਸਨਬੰਧੀ[34], ਮੇਰੇ ਸੁਆਮੀ! ਮੈਂ ਤੇਰੇ ਗੋਲਿਆਂ ਦੇ ਗੋਲੇ[35] ਨੇ, ਤੇਰਿਆਂ ਸਾਧੂਆਂ[36] ਦੀ ਪਨਾਹ[37] ਲਈ ਹੈ।
ਮਾਂਗਨਿ[38] ਮਾਂਗਉ ਹੋਇ ਅਚਿੰਤਾ[39] ਮਿਲੁ ਨਾਨਕ	O Lord, I ask[38], ask Thee, to make me care-free[39]. O God, the very	ਹੇ ਸੁਆਮੀ! ਮੈਂ ਯਾਚਨਾ[38], ਯਾਚਨਾ ਕਰਦਾ ਹਾਂ, ਕਿ ਤੂੰ ਮੈਨੂੰ ਬੇ-ਫ਼ਿਕਰ[39] ਕਰ ਦੇ। ਹੇ ਨਾਨਕ ਦੀ ਜਿੰਦ-

ਕੇ ਹਰਿ ਪ੍ਰਾਨ[40] ॥੨॥ ੩੫ ੫੮॥	life[40] of Nanak, mercifully meet Thou with me.	ਜਾਨ[40] ਵਾਹਿਗੁਰੂ ! ਮਿਹਰ ਧਾਰ ਕੇ ਤੂੰ ਮੈਨੂੰ ਮਿਲ ਪਉ ।
੧੨੧੬	**1216**	**੧੨੧੬**
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਅਪੁਨੀ[41] ਇਤਨੀ ਕਛੂ[42] ਨ ਸਾਰੀ[43] ॥	His own[41] task, man occomplishes[43] not even a bit[42].	ਆਪਣਾ ਨਿਜ[41] ਦਾ ਕੰਮ ਜੀਵ ਇਕ ਭੋਰਾ ਭਰ[42] ਭੀ ਨਹੀਂ ਸੁਆਰਦਾ[43] ।
ਅਨਿਕ[44] ਕਾਜ[45] ਅਨਿਕ[46] ਧਾਵਰਤਾ[47] ਉਰਝਿਓ[48] ਆਨ[49] ਜੰਜਾਰੀ[50] ॥ ੧ ॥ ਰਹਾਉ॥	He greatly[46] runs[47] after many[44] worldly affairs[45] and is engrossed[48] in other[49] involvements[50]. Pause.	ਉਹ ਘਣੇਰੇ[44] ਸੰਸਾਰੀ ਵਿਹਾਰਾਂ[45] ਅੰਦਰ ਬਹੁਤ[46] ਭਜਿਆ ਫਿਰਦਾ[47] ਹੈ ਅਤੇ ਹੋਰ[49] ਉਲਝੇਵਿਆਂ[50] ਵਿਚ ਫਾਥਾ ਹੋਇਆ ਹੈ[48] । ਠਹਿਰਾਉ ।
ਦਿਉਸ[51] ਚਾਰਿ ਕੇ ਦੀਸਹਿ ਸੰਗੀ[52] ਊਹਾਂ[53] ਨਾਹੀ ਜਹ[54] ਭਾਰੀ[55] ॥	The friends[52] of four days[51] whom he sees here, are not there[53], where[54] he is to face calamity[55].	ਚਾਰ ਦਿਨਾਂ[51] ਦੇ ਮਿੱਤਰ[52], ਜਿਨ੍ਹਾਂ ਨੂੰ ਉਹ ਏਥੇ ਵੇਖਦਾ ਹੈ; ਓਥੇ[53] ਨਹੀਂ ਹੋਣੇ, ਜਿਥੇ[54] ਉਸ ਨੂੰ ਭੀੜ[55] ਪੈਣੀ ਹੈ।
ਤਿਨ[56] ਸਿਉ[57] ਰਾਚਿ ਮਾਚਿ[58] ਹਿਤੁ[59] ਲਾਇਓ[60] ਜੋ ਕਾਮਿ[61] ਨਹੀ ਗਾਵਾਰੀ[62] ॥੧॥	This ignorant man[62] is hand and glove[58] and fixes[60] his attention[59] with[57] those[56], who are of no avail[61] to him.	ਇਹ ਬੇ-ਸਮਝ ਬੰਦਾ[62] ਉਨ੍ਹਾਂ[56] ਨਾਲ[57] ਘਿਉ-ਖਿਚੜੀ[58] ਹੁੰਦਾ ਅਤੇ ਆਪਣੇ ਮਨ[59] ਨੂੰ ਜੋੜਦਾ[60] ਹੈ, ਜੋ ਉਸ ਦੇ ਕਿਸੇ ਕੰਮ[61] ਨਹੀਂ ਆਉਣੇ ।
ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ[63] ਚਾਰੀ[64] ॥	I am naught, nothing belongs to me, nor have I any power[63] and effort[64].	ਮੈਂ ਕੁਝ ਨਹੀਂ, ਕੁਝ ਭੀ ਮੇਰਾ ਨਹੀਂ, ਨਾ ਹੀ ਮੇਰੇ ਪੱਲੇ ਕੋਈ ਵਸ[63] ਅਤੇ ਚਾਰਾ[64] ਹੈ ।
ਕਰਨ[65] ਕਰਾਵਨ[66] ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ[67] ॥੨॥੩੬॥੫੯॥	O the Lord of Nanak, Thou alone art the Creator[65] and the Cause[66] and through the saints' society Thou redeemest[67] the mortals.	ਹੇ ਨਾਨਕ ਦੇ ਸੁਆਮੀ ! ਕੇਵਲ ਤੂੰ ਹੀ ਕਰਨ ਵਾਲਾ[65] ਅਤੇ ਕਰਾਉਣ ਵਾਲਾ[66] ਹੈਂ ਅਤੇ ਸਤਿਸੰਗਤ ਦੇ ਰਾਹੀਂ ਤੂੰ ਪ੍ਰਾਣੀਆਂ ਦਾ ਪਾਰ ਉਤਾਰਾ ਕਰਦਾ[67] ਹੈਂ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਮੋਹਨੀ[68] ਮੋਹਤ[69] ਰਹੈ ਨ ਹੋਰੀ[70] ॥	Mammon[68] keeps on enticing[69] away all. By estopping, it can be estopped[70] not.	ਮਾਇਆ[68] ਸਾਰਿਆਂ ਨੂੰ ਫਰੇਫਤਾ[69] ਕਰੀ ਜਾਂਦੀ ਹੈ। ਰੋਕਣ ਦੁਆਰਾ, ਇਹ ਰੋਕੀ[70] ਨਹੀਂ ਜਾ ਸਕਦੀ ।
ਸਾਧਿਕ[71] ਸਿਧ[72] ਸਗਲ ਕੀ ਪਿਆਰੀ[73] ਤੁਟੈ ਨ ਕਾਹੂ[73]* ਤੋਰੀ[74] ॥ ੧ ॥ ਰਹਾਉ ॥	She is the sweetheart[73] of all the strivers[71] and adepts[72]. By anyone's[73]* warding[74] off, she can be warded not off. Pause.	ਉਹ ਸਾਰਿਆਂ ਅਭਿਆਸੀਆਂ[71] ਅਤੇ ਪੂਰਨ ਪੁਰਸ਼ਾਂ[72] ਦੀ ਦਿਲਬਰ[73] ਹੈ। ਕਿਸੇ ਜਣੇ[73]* ਦੇ ਪਰੇ ਹਟਾਉਣ[74] ਦੁਆਰਾ, ਉਹ ਪਰੇ ਨਹੀਂ ਹਟਦੀ । ਠਹਿਰਾਉ ।
ਖਟੁ[75] ਸਾਸਤ੍ਰ ਉਚਰਤ[76] ਰਸਨਾਗਰ[77] ਤੀਰਥ[78]	Her effect is lessened[80] not, even if the mortal utters[76] the six[75] Shastras	ਭਾਵੇਂ ਪ੍ਰਾਣੀ ਆਪਣੀ ਜੀਭ[77] ਨਾਲ ਛੇ[75] ਸ਼ਾਸਤਰ ਉਚਾਰਨ[76] ਕਰੇ ਅਤੇ ਧਰਮ ਅਸਥਾਨਾਂ[78] ਦੀ ਯਾਤਰਾ[79]

ਗਵਨ[79] ਨ ਥੋਰੀ[80] ॥	with his tongue[77] and visits[79] the holies[78].	ਭੀ ਕਰੇ, ਤਾਂ ਭੀ ਉਸ ਦਾ ਅਸਰ ਘਟਦਾ[80] ਨਹੀਂ ।
ਪੂਜਾ[81] ਚਕ੍ਰ[82] ਬਰਤ[83] ਨੇਮ[84] ਤਪੀਆ[85] ਊਹਾ[86] ਗੈਲਿ[87] ਨ ਛੋਰੀ[88] ॥੧॥	Worship[81], religious marks[82], fasting[83], vow[84] and penance[85]; through them[86] too she leaves[88] not one's pursuit[87].	ਉਪਾਸ਼ਨਾ[81], ਧਾਰਮਕ ਚਿੰਨ੍ਹ[82], ਉਪਹਾਸ[83], ਪ੍ਰਤੱਗਿਆ[84] ਅਤੇ ਤਪੱਸਿਆ[85]; ਉਨ੍ਹਾਂ[86] ਦੇ ਰਾਹੀਂ ਭੀ ਉਹ ਜੀਵ ਦਾ ਪਿੱਛਾ[87] ਨਹੀਂ ਛੱਡਦੀ[88] ।
ਅੰਧ[89] ਕੂਪ[90] ਮਹਿ[91] ਪਤਿਤ[92] ਹੋਤ ਜਗੁ[93] ਸੰਤਹੁ ਕਰਹੁ ਪਰਮ[94] ਗਤਿ[95] ਮੋਰੀ ॥	The world[93] is falling[92] into[91] the blind[89] well[90]. O saints, bless ye me with the supreme[94] status[95] of salvation.	ਸੰਸਾਰ[93] ਅੰਨ੍ਹੇ[89] ਖੂਹ[90] ਵਿਚ[91] ਡਿੱਗ ਰਿਹਾ[92] ਹੈ । ਹੇ ਸਾਧੂਓ ! ਤੁਸੀਂ ਮੈਨੂੰ ਮੁਕਤੀ ਦਾ ਮਹਾਨ[94] ਮਰਤਬਾ[95] ਪਰਦਾਨ ਕਰੋ ।
ਸਾਧ[97] ਸੰਗਤਿ ਨਾਨਕ ਭਇਓ ਮੁਕਤਾ[96] ਦਰਸਨੁ[98] ਪੇਖਤ[99] ਭੋਰੀ[100] ॥੨॥੩੭॥੬੦॥	Seeing[99] the Lord's vision[98] even for a moment[100], Nanak has been emancipated[96], through the saints' society[97].	ਇਕ ਮੁਹਤ[100] ਭਰ ਲਈ ਭੀ ਸੁਆਮੀ ਦਾ ਦੀਦਾਰ[98] ਵੇਖਣ[99] ਦੁਆਰਾ, ਸਤਿਸੰਗਤ[97] ਰਾਹੀਂ, ਨਾਨਕ ਮੁਕਤ ਹੋ ਗਿਆ[96] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਕਹਾ[2] ਕਰਹਿ ਰੇ[3] ਖਾਟਿ[4] ਖਾਟੁਲੀ[5] ॥	Earning[4] profit[5], what[2] shalt thou do, O[3] man ?	ਖੱਟੀ[5] ਖੱਟ ਕੇ[4], ਤੂੰ ਕੀ[2] ਕਰੇਂਗਾ, ਹੇ ਬੰਦੇ[3] !
ਪਵਨਿ[6] ਅਫਾਰ[7] ਤੋਰ ਚਾਮਰੋ[8] ਅਤਿ[9] ਜਜਰੀ[10] ਤੇਰੀ ਰੇ ਮਾਟੁਲੀ[12] ॥੧॥ ਰਹਾਉ॥	Puffed up with wind[6], thy skin[8] is swollen[7] and exceedingly[9] brittle[10] is the dust[12] of thy body, O man. Pause.	ਹਵਾ[6] ਨਾਲ ਭਰੀ, ਤੇਰੀ ਖੱਲ[8] ਫੁੱਲੀ ਹੋਈ[7] ਹੈ ਅਤੇ ਅਤਿਅੰਤ[9] ਭੁਰਭੁਰੀ[10] ਹੈ ਤੇਰੀ ਦੇਹਿ ਦੀ ਮਿੱਟੀ[12], ਹੇ ਬੰਦੇ ! ਠਹਿਰਾਉ ।
ਊਹੀ[13] ਤੇ ਹਰਿਓ[14] ਊਹਾ[15] ਲੇ ਧਰਿਓ[16] ਜੈਸੇ[17] ਬਾਸਾ[18] ਮਾਸ[19] ਦੇਤ ਝਾਟੁਲੀ[20] ॥	As[17] the hawk[18] takes away flesh[19] with a swoop[20], so snatchest[14] thou the valuable from here[13] and placeth[16] it there[15].	ਜਿਸ ਤਰ੍ਹਾਂ[17] ਬਾਜ਼[18] ਗੋਸ਼ਤ[19] ਨੂੰ ਝਪਟਾ ਮਾਰ[20] ਲੈ ਜਾਂਦਾ ਹੈ, ਏਸੇ ਤਰ੍ਹਾਂ ਹੀ ਤੂੰ ਪਦਾਰਥ ਨੂੰ ਏਥੋਂ[13] ਖੋਹ[14] ਓਥੇ[15] ਜਾ ਧਰਦਾ[16] ਹੈਂ ।
ਦੇਵਨਹਾਰੁ[21] ਬਿਸਾਰਿਓ[22] ਅੰਧੁਲੇ[23] ਜਿਉ[24] ਸਫਰੀ[25] ਉਦਰੁ[26] ਭਰੈ ਬਹਿ[27] ਹਾਟੁਲੀ[28] ॥੧॥	O blind man[23], thou hast forgotten[22] thy Beneficent Lord[21] and fillest thy belly[26] like[24] the traveller[25] sitting[27] at a shop[28].	ਹੇ ਅੰਨ੍ਹੇ ਇਨਸਾਨ[23] ! ਤੂੰ ਆਪਣੇ ਦਾਤਾਰ ਪ੍ਰਭੂ[21] ਨੂੰ ਭੁਲਾ ਛਡਿਆ[22] ਹੈ ਅਤੇ ਹੱਟੀ[28] ਉਤੇ ਬੈਠੇ[27] ਮੁਸਾਫ਼ਰ[25] ਦੀ ਤਰ੍ਹਾਂ[24] ਆਪਣੇ ਢਿੱਡ[26] ਨੂੰ ਭਰਦਾ ਹੈਂ ।
ਸਾਦ[29] ਬਿਕਾਰ[30] ਬਿਕਾਰ[31] ਝੂਠ[32] ਰਸ[33] ਜਹ[34] ਜਾਨੋ[35] ਤਹ[36] ਭੀਰ[37] ਬਾਟੁਲੀ[38] ॥	Thou art involved in the relish[29] of the false[32] pleasures[33] of worthless[30] sins[31]. Narrow[37] is the path[38] there[36] where[34] thou hast to go[35].	ਤੂੰ ਬੇਕਾਰ[30] ਪਾਪਾਂ[31] ਦੀਆਂ ਕੂੜੀਆਂ[32] ਖ਼ੁਸ਼ੀਆਂ[33] ਦੇ ਸੁਆਦ[29] ਅੰਦਰ ਗਲਤਾਨ ਹੈਂ । ਤੰਗ[37] ਹੈ ਰਸਤਾ[38] ਓਥੇ[36], ਜਿਥੇ[34] ਤੂੰ ਜਾਣਾ[35] ਹੈ ।
ਕਹੁ ਨਾਨਕ ਸਮਝੁ[39] ਰੇ[40] ਇਆਨੇ[41] ਆਜੁ ਕਾਲਿ[44]	Says Nanak, chasten[39] thyself, O[40] ignorant man[41], today or	ਗੁਰੂ ਜੀ ਆਖਦੇ ਹਨ, ਤੂੰ ਆਪਣੇ ਆਪ ਨੂੰ ਸੁਧਾਰ[39], ਹੇ[40] ਬੇਸਮਝ ਬੰਦੇ[41] ! ਅੱਜ ਜਾਂ ਭਲਕੇ[44], ਤੇਰੇ ਜੀਵਨ

ਖੁਲੈ[42] ਤੇਰੀ ਗਾਂਠੁਲੀ[43] ॥ ੨॥੩੮॥੬੧॥

tomorrow[44] the knot[43] of thy life shall be untied[42].

ਦੀ ਗੰਢ[43] ਖੁਲ੍ਹ ਜਾਏਗੀ[42] ।

ਸਾਰੰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਗੁਰ ਜੀਉ[45] ਸੰਗਿ[46] ਤੁਹਾਰੈ ਜਾਨਿਓ[47] ॥

O Reverend[45] Guru, through thine association[46], I have realised[47] my Lord.

ਹੇ ਪੂਜਯ[45] ਗੁਰਦੇਵ ! ਤੇਰੀ ਸੰਗਤ[46] ਰਾਹੀਂ ਮੈਂ ਆਪਣੇ ਪ੍ਰਭੂ ਨੂੰ ਅਨੁਭਵ ਕਰ ਲਿਆ[47] ਹੈ ।

ਕੋਟਿ[48] ਜੋਧ[49] ਉਆ[50] ਕੀ ਬਾਤ[51] ਨ ਪੁਛੀਐ ਤਾਂ[52] ਦਰਗਹ[53] ਭੀ ਮਾਨਿਓ[54] ॥ ੧॥ ਰਹਾਉ ॥

There are millions[48] of warriors[49] in the Lord's court[53]. No one heeds[51] them[50] there, but there[52] even, I am honoured and revered[54]. Pause.

ਹਰਿ ਰੰਗ[25] ਰਾਂਗ[26] ਭਏ ਮਨ[27] ਲਾਲਾ[28] ਰਾਮ ਨਾਮ ਰਸ[29] ਖੀਵਹਿ[30] ॥੧॥

Imbued[26] with the God's love[25], their soul[27] sparkles like the tulip-flower[28] and with the Lord's Nectar[29]Name they are inebriated[30].

ਹਰੀ ਦੇ ਪ੍ਰੇਮ[25] ਨਾਲ ਰੰਗੀਜ[26] ਉਨ੍ਹਾਂ ਦੀ ਜਿੰਦੜੀ[27] ਪੋਸਤ ਦੇ ਫੁੱਲ[28] ਵਾਂਗ ਲਿਸ਼ਕਦੀ ਹੈ ਤੇ ਸੁਆਮੀ ਦੇ ਅੰਮ੍ਰਿਤ[29] ਨਾਮ ਨਾਲ ਉਹ ਮਤਵਾਲੇ[30] ਹੋ ਜਾਂਦੇ ਹਨ।

ਜਿਉ[31] ਮੀਨਾ[32] ਜਲ[33] ਸਿਉ[34] ਉਰਝਾਨੋ[35] ਰਾਮ ਨਾਮ ਸੰਗਿ[36] ਲੀਵਹਿ[37] ॥

As[31] the fish[32] is involved[35] with[34] water[33], so are they blended[37] with[36] the Lord's Name.

ਜਿਸ ਤਰ੍ਹਾਂ[31] ਮੱਛੀ[32] ਪਾਣੀ[33] ਨਾਲ[34] ਉਲਝੀ[35] ਹੋਈ ਹੈ, ਏਸੇ ਤਰ੍ਹਾਂ ਹੀ ਉਹ ਪ੍ਰਭੂ ਦੇ ਨਾਮ ਨਾਲ[36] ਅਭੇਦ ਹੋਏ ਹੋਏ[37] ਹਨ।

ਨਾਨਕ ਸੰਤ ਚਾਤ੍ਰਿਕ[38] ਕੀ ਨਿਆਈ[39] ਹਰਿ ਬੂੰਦ[40] ਪਾਨ[41] ਸੁਖ ਥੀਵਹਿ[42] ॥੨॥੬੮॥੯੧॥

Nanak, the saints are like[39] the sparrow hawk[38] and are comforted[42], quaffing[41] the drop[40] of God's Name.

ਨਾਨਕ, ਸਾਧੂ ਪਪੀਹੇ[38] ਦੀ ਮਾਨੰਦ[39] ਹਨ ਅਤੇ ਵਾਹਿਗੁਰੂ ਦੇ ਨਾਮ ਦੀ ਕਣੀ[40] ਨੂੰ ਪੀ[41] ਕੇ ਸੁਖੀ ਹੁੰਦੇ[42] ਹਨ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਕੇ ਨਾਮ ਹੀਨ[43] ਬੇਤਾਲ[44] ॥

Without[43] God's Name, one is but a ghost[44].

ਹਰੀ ਦੇ ਨਾਮ ਦੇ ਬਾਝੋਂ[43], ਜੀਵ ਨਿਰਾਪੁਰਾ ਭੂਤਨਾ[44] ਹੀ ਹੈ।

ਜੇਤਾ[45] ਕਰਨ[46] ਕਰਾਵਨ[47] ਤੇਤਾ[48] ਸਭਿ[49] ਬੰਧਨ[50] ਜੰਜਾਲ[51] ॥੧॥ਰਹਾਉ॥

As many[45] deeds[46] as he does[47], so many[48], one and all[49], are bonds[50] and shackles[51]. Pause.

ਜਿੰਨੇ ਭੀ[45] ਕੰਮ[46] ਉਹ ਕਰਦਾ[47] ਹੈ, ਉਨੇ ਹੀ[48] ਸਾਰੇ, ਸਾਰੇ ਦੇ ਸਾਰੇ[49], ਜ਼ੰਜੀਰ[50] ਅਤੇ ਬੇੜੀਆਂ[51] ਹਨ। ਠਹਿਰਾਉ।

ਬਿਨੁ ਪ੍ਰਭ ਸੇਵ ਕਰਤ[52] ਅਨ[53] ਸੇਵਾ[54] ਬਿਰਥਾ[55] ਕਾਟੈ[56] ਕਾਲ[57] ॥

Without the Lord's service, he who performs[52] another's[53] service[54]; he wastes[56] his time[57] in vain[55].

ਸੁਆਮੀ ਦੀ ਘਾਲ ਬਗੈਰ, ਜੋ ਕਿਸੇ ਹੋਰਸ[53] ਦੀ ਟਹਿਲ[54] ਕਮਾਉਂਦਾ[52] ਹੈ; ਉਹ ਆਪਣਾ ਸਮਾਂ[57] ਵਿਅਰਥ[55] ਗੁਆ ਲੈਂਦਾ[56] ਹੈ।

ਜਬ[58]ਜਮੁ[59]ਆਇ ਸੰਘਾਰੈ[60] ਪ੍ਰਾਨੀ[61] ਤਬ[62] ਤੁਮਰੋ ਕਉਨੁ[63] ਹਵਾਲ[64] ॥੧॥

When[58] death's courier[59] comes to destroy[60] thee, what[63] shall be thy condition[64] then[62], O mortal[61]?

ਜਦ[58] ਮੌਤ ਦਾ ਦੂਤ[59] ਤੈਨੂੰ ਮਾਰਨ[60] ਲਈ ਆਵੇਗਾ, ਤਦ[62] ਤੇਰੀ ਕੀ[63] ਹਾਲਤ[64] ਹੋਵੇਗੀ, ਹੇ ਫ਼ਾਨੀ ਬੰਦੇ[61]!

ਰਾਖਿ[64]* ਲੇਹੁ ਦਾਸ[65] ਅਪਨੇ ਕਉ ਸਦਾ ਸਦਾ ਕਿਰਪਾਲ[66] ॥

O my, ever, ever Merciful[66] Master, save[64]* Thou me, the slave[65] of Thine.

ਹੇ ਮੇਰੇ ਸਦੀਵ ਸਦੀਵ ਹੀ ਮਿਹਰਬਾਨ[66] ਮਾਲਕ! ਤੂੰ ਮੇਰੀ, ਆਪਣੇ ਗੋਲੇ[65] ਦੀ ਰੱਖਿਆ ਕਰ[64]*।

ਸੁਖ ਨਿਧਾਨ[67] ਨਾਨਕ ਪ੍ਰਭੁ ਮੇਰਾ ਸਾਧ ਸੰਗਿ ਧਨ[68] ਮਾਲ[69] ॥੨॥੬੯॥੯੨॥	O Nanak, my Lord is the Treasure[67] of peace and He alone is the wealth[68] and property[69] of the saint's congregation.	ਹੇ ਨਾਨਕ ! ਮੇਰਾ ਸਾਂਈਂ ਆਰਾਮ ਦਾ ਖ਼ਜ਼ਾਨਾ[67] ਹੈ ਅਤੇ ਕੇਵਲ ਉਹੀ ਸਤਿਸੰਗਤ ਦੀ ਦੌਲਤ[68] ਤੇ ਜਾਇਦਾਦ[69] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਮਨਿ[70] ਤਨਿ[71] ਰਾਮ[72] ਕੋ ਬਿਉਹਾਰੁ[73] ॥	The saints' mind[70] and body[71] deal[73] only in the Lord[72].	ਸੰਤਾਂ ਦਾ ਚਿੱਤ[70] ਤੇ ਦੇਹਿ[71] ਕੇਵਲ ਸਾਹਿਬ[72] ਦਾ ਹੀ ਵਣਜ[73] ਕਰਦੇ ਹਨ ।
ਪ੍ਰੇਮ ਭਗਤਿ[74] ਗੁਨ[75] ਗਾਵਨ ਗੀਧੇ[76] ਪੋਹਤ[77] ਨਹ ਸੰਸਾਰੁ[78]॥੧॥ਰਹਾਉ॥	Imbued[76] with the loving-adoration[74] of their Lord, they sing His praise[75] and the world[76] affects[77] them not. Pause.	ਆਪਣੇ ਪ੍ਰਭੂ ਦੀ ਪਿਆਰੀ-ਉਪਾਸ਼ਨਾ[74] ਨਾਲ ਰੰਗੇ ਹੋਏ[76], ਉਹ ਉਸ ਦਾ ਜੱਸ[75] ਗਾਇਨ ਕਰਦੇ ਹਨ ਤੇ ਦੁਨੀਆ[78] ਉਹਨਾਂ ਉਤੇ ਅਸਰ[77] ਨਹੀਂ ਕਰਦੀ । ਠਹਿਰਾਉ ।
ਸ੍ਰਵਣੀ[79] ਕੀਰਤਨੁ[80] ਸਿਮਰਨੁ[81] ਸੁਆਮੀ ਇਹੁ ਸਾਧ ਕੋ ਆਚਾਰੁ[82] ॥	He hears the Lord's praise[80] with his ears[79] and embraces His meditation[81]; this is the conduct[82] of the saint.	ਆਪਣਿਆਂ ਕੰਨਾਂ[79] ਨਾਲ ਉਹ ਪ੍ਰਭੂ ਦੀ ਕੀਰਤੀ[80] ਸੁਣਦਾ ਹੈ ਅਤੇ ਉਸ ਦਾ ਹੀ ਭਜਨ[81] ਕਰਦਾ ਹੈ; ਇਹ ਹੈ ਆਚਰਣ[82], ਸੰਤ ਦਾ ।
ਚਰਨ[83]ਕਮਲ[84]ਅਸਥਿਤਿ[85] ਰਿਦ[86] ਅੰਤਰਿ[87] ਪੂਜਾ[88] ਪ੍ਰਾਨ[89] ਕੋ ਆਧਾਰੁ[90] ॥੧॥	The Lord's lotus[84] feet[83], he places[85] within[87] his mind[86] and the Lord's worship[88] is the prop[90] of his very life[89].	ਪ੍ਰਭੂ ਦੇ ਕੰਵਲ[84] ਰੂਪੀ ਪੈਰ[83], ਉਹ ਆਪਣੇ ਮਨ[86] ਅੰਦਰ[87] ਟਿਕਾ[85] ਲੈਂਦਾ ਹੈ ਅਤੇ ਪ੍ਰਭੂ ਦੀ ਉਪਾਸ਼ਨਾ[88] ਉਸ ਦੀ ਜਿੰਦ-ਜਾਨ[89] ਦਾ ਆਸਰਾ[90] ਹੈ ।
ਪ੍ਰਭ ਦੀਨ[91] ਦਇਆਲ[92] ਸੁਨਹੁ ਬੇਨੰਤੀ[93] ਕਿਰਪਾ[94] ਅਪਨੀ ਧਾਰੁ[95] ॥	O my Master, Merciful[92] to the meek[91], hear Thou my supplication[93] and shower[95] Thine benediction[94] on me.	ਹੇ ਮਸਕੀਨਾਂ[91] ਉਪਰ ਮਿਹਰਬਾਨ[92] ਮੇਰੇ ਮਾਲਕ ! ਤੂੰ ਮੇਰੀ ਪ੍ਰਾਰਥਨਾ[93] ਸੁਣ ਅਤੇ ਮੇਰੇ ਉਤੇ ਆਪਣੀ ਮਿਹਰ[94] ਕਰ[95] ।
ਨਾਮੁ ਨਿਧਾਨੁ[96] ਉਚਰਉ[97] ਨਿਤ[98] ਰਸਨਾ[99] ਨਾਨਕ ਸਦ ਬਲਿਹਾਰੁ[100] ॥੨॥੭੦॥੯੩॥	With my tongue[99], ever[98] utter[97] I Thy Name, the treasure[96] of bliss. Nanak is ever devoted[100] unto Thee, O Lord.	ਆਪਣੀ ਜੀਭ[99] ਨਾਲ, ਮੈਂ ਸਦਾ[98] ਹੀ ਖ਼ੁਸ਼ੀ ਦੇ ਖ਼ਜ਼ਾਨੇ[96], ਤੇਰੇ ਨਾਮ ਨੂੰ ਉਚਾਰਦਾ[97] ਹਾਂ । ਨਾਨਕ ਸਦੀਵ ਹੀ ਤੇਰੇ ਉਤੋਂ ਸਦਕੇ[100] ਜਾਂਦਾ ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਹਰਿ ਕੇ ਨਾਮ ਹੀਨ[2] ਮਤਿ[3] ਥੋਰੀ[4] ॥	Paltry[4] is the intellect[3] of one, bereft[2] of the Lord's Name.	ਹੋਛੀ[4] ਹੈ ਅਕਲ[3], ਸਾਂਈਂ ਦੇ ਨਾਮ ਤੋਂ ਸੱਖਣੇ[2] ਇਨਸਾਨ ਦੀ ।
ਸਿਮਰਤ[5] ਨਾਹਿ [6]ਸਿਰੀਧਰ[7] ਠਾਕੁਰ[8] ਮਿਲਤ[9] ਅੰਧ[10] ਦੁਖ[12] ਘੋਰੀ[13] ॥੧॥ ਰਹਾਉ ॥	He meditates[5] not on his Lord[8], the Master[7] of wealth[6] and the blind one[10] suffers[9] terrible[13] agony[12]. Pause.	ਉਹ ਮਾਇਆ[6] ਦੇ ਪਤੀ[7], ਆਪਣੇ ਸੁਆਮੀ[8] ਦਾ ਸਿਮਰਨ[5] ਨਹੀਂ ਕਰਦਾ ਅਤੇ ਅੰਨ੍ਹਾ[10] ਇਨਸਾਨ ਭਿਆਨਕ[13] ਕਸ਼ਟ[12] ਉਠਾਉਂਦਾ[9] ਹੈ । ਠਹਿਰਾਉ ।

ਹਰਿ ਕੇ ਨਾਮ ਸਿਉ ਪ੍ਰੀਤਿ[14] ਨ ਲਾਗੀ[15] ਅਨਿਕ[16] ਭੇਖ[17] ਬਹੁ[18] ਜੋਰੀ[19] ॥

He imbibes[15] not affection[14] for the Lord's Name and is greatly[18] attached[19] to various[16] religious garbs[17].

ਉਹ ਪ੍ਰਭੂ ਦੇ ਨਾਮ ਨਾਲ ਪਿਰਹੜੀ[14] ਨਹੀਂ ਪਾਉਂਦਾ[15] ਅਤੇ ਅਨੇਕਾਂ[16] ਧਾਰਮਿਕ ਲਿਬਾਸਾਂ[17] ਨਾਲ ਘਣੇਰਾ[18] ਜੁੜਿਆ ਹੋਇਆ[19] ਹੈ।

ਤੂਟਤ[20] ਬਾਰ[21] ਨ ਲਾਗੈ ਤਾਕਉ[22] ਜਿਉ[23] ਗਾਗਰਿ[24] ਜਲ[25] ਫੋਰੀ[26] ॥੧॥

His[22] secular love takes no time[21] to sunder[20], as[23] the water[25] in the broken[26] pitcher[24] stays not.

ਜਿਸ ਤਰ੍ਹਾਂ[23] ਟੁੱਟੇ ਹੋਏ[20] ਘੜੇ[24] ਵਿਚ ਪਾਣੀ[25] ਨਹੀਂ ਠਹਿਰਦਾ ਏਸੇ ਤਰ੍ਹਾਂ ਉਸ[22] ਦੇ ਸੰਸਾਰੀ ਪਿਆਰ ਟੁਟਦੇ[26] ਨੂੰ ਕੋਈ ਸਮਾਂ[21] ਨਹੀਂ ਲਗਦਾ।

ਕਰਿ ਕਿਰਪਾ[27] ਭਗਤਿ[28] ਰਸੁ[29] ਦੀਜੈ[30] ਮਨੁ[31] ਖਚਿਤ[32] ਪ੍ਰੇਮ[33] ਰਸ[34] ਖੋਰੀ[35] ॥

My Lord, mercifully[27] bless[30] me Thou with Thy love[29]-worship[28], that my soul[31] may remain absorbed[32] in the intoxication[35] of Thy delicious[34] affection[33].

ਮੇਰੇ ਪ੍ਰਭੂ, ਮਿਹਰ[27] ਧਾਰ ਕੇ ਤੂੰ ਮੈਨੂੰ ਆਪਣੀ ਪਿਆਰੀ[29] ਉਪਾਸ਼ਨਾ[28] ਪਰਦਾਨ[30] ਕਰ, ਤਾਂ ਜੋ ਮੇਰੀ ਜਿੰਦੜੀ[31] ਤੇਰੀ ਰਸਦਾਇਕ[34] ਪ੍ਰੀਤ[33] ਦੀ ਖ਼ੁਮਾਰੀ[35] ਅੰਦਰ ਲੀਨ[32] ਰਹੇ।

ਨਾਨਕ ਦਾਸ[36] ਤੇਰੀ ਸਰਣਾਈ[37] ਪ੍ਰਭ ਬਿਨੁ ਆਨ[38] ਨ ਹੋਰੀ[39] ॥੨॥੭੧॥੯੪॥

My Lord, slave[36] Nanak has entered Thine sanctuary[37]. Without Thee I know not any[38] other[39].

ਮੇਰੇ ਸੁਆਮੀ, ਗੋਲੇ[36] ਨਾਨਕ ਨੇ ਤੇਰੀ ਪਨਾਹ[37] ਲਈ ਹੈ। ਤੇਰੇ ਬਗੈਰ ਮੈਂ ਹੋਰਸ[39] ਕਿਸੇ[38] ਨੂੰ ਨਹੀਂ ਜਾਣਦਾ।

ਸਾਰਗ ਮਹਲਾ ੫ ॥

Sarang 5th Guru

ਸਾਰੰਗ ਪੰਜਵੀਂ ਪਾਤਿਸ਼ਾਹੀ।

ਚਿਤਵਉ[40] ਵਾ[41] ਅਉਸਰ[42] ਮਨ[43] ਮਾਹਿ[44] ॥ ਹੋਇ ਇਕਤ੍ਰ[45] ਮਿਲਉ[46] ਸੰਤ ਸਾਜਨ[47] ਗੁਣ[48] ਗੋਬਿੰਦ[49] ਨਿਤ[50] ਗਾਹਿ[51] ॥੧॥ ਰਹਾਉ॥

In[44] my mind[43], I long for[40] the[41] moment[42], when meeting[46] with the friendly[47] saint's congregation[45], I would ever[50] sing[51] the praises[48] of my Lord[49]. Pause.

ਆਪਣੇ ਚਿੱਤ[43] ਅੰਦਰ[44], ਮੈਂ ਉਸ[41] ਮੁਹਤ[42] ਨੂੰ ਲੋਚਦਾ[40] ਹਾਂ, ਜਦ ਮਿੱਤਰ[47] ਸਾਧੂਆਂ ਦੀ ਸੰਗਤ[45] ਨਾਲ ਮਿਲ[46] ਕੇ, ਮੈਂ ਸਦਾ[50] ਹੀ ਆਪਣੇ ਸੁਆਮੀ[49] ਦੀਆਂ ਸਿਫਤਾਂ[48] ਗਾਇਨ[51] ਕਰਾਂਗਾ। ਠਹਿਰਾਉ।

ਬਿਨੁ ਹਰਿ ਭਜਨ[52] ਜੇਤੇ[53] ਕਾਮ[54] ਕਰੀਅਹਿ ਤੇਤੇ[55] ਬਿਰਥੇ[56] ਜਾਹਿ ॥

Without God's meditation[52], as many[53] deeds[54] as the mortal does, so many[55] go in vain[56]

ਵਾਹਿਗੁਰੂ ਦੇ ਸਿਮਰਨ[52] ਦੇ ਬਗੈਰ, ਜਿਤਨੇ[53] ਭੀ ਕੰਮ[54] ਪ੍ਰਾਣੀ ਕਰਦਾ ਹੈ, ਉਤਨੇ[55] ਹੀ ਵਿਅਰਥ[56] ਜਾਂਦੇ ਹਨ।

ਪੂਰਨ[57] [58]ਪਰਮਾਨੰਦ[59] ਮਨਿ ਮੀਠੋ[60] ਤਿਸੁ[61] ਬਿਨੁ ਦੂਸਰ[62] ਨਾਹਿ ॥੧॥

The perfect Lord[57], the Embodiment of Supreme[58] Bliss[59] is sweet[60] unto my mind. Without Him[61] there is not another[62].

ਮਹਾਨ[58] ਪ੍ਰਸੰਨਤਾ[59] ਦਾ ਸਰੂਪ, ਪੂਰਾ ਪ੍ਰਭੂ[57] ਮੇਰੇ ਚਿਤ ਨੂੰ ਮਿੱਠੜਾ[60] ਲਗਦਾ ਹੈ। ਉਸ[61] ਦੇ ਬਗੈਰ ਹੋਰ ਕੋਈ[62] ਨਹੀਂ।

ਜਪ[63] ਤਪ[64] ਸੰਜਮ[65] ਕਰਮ[66] ਸੁਖ ਸਾਧਨ[67] ਤੁਲਿ[68] ਨ ਕਛੂਐ[69] ਲਾਹਿ ॥

Worship[63], penance[64], self-mortification[65], pious deed[66] and other means[67] of peace; the Lord's Name, they equal[68] not even a bit[69].

ਉਪਾਸ਼ਨਾ[63], ਤਪੱਸਿਆ[64], ਸਵੈ-ਰਿਆਜ਼ਤ[65], ਨੇਕ ਅਮਲ[66] ਅਤੇ ਆਰਾਮ ਦੇ ਹੋਰ ਤਰੀਕੇ[67]; ਸੁਆਮੀ ਦੇ ਨਾਮ ਨੂੰ ਉਹ ਭੋਰਾ ਭਰ[69] ਭੀ ਨਹੀਂ ਪੁਜਦੇ[68]।

ਚਰਨ[70] ਕਮਲ[71] ਨਾਨਕ

With the Lord's lotus[71] feet[70]

ਪ੍ਰਭੂ ਦੇ ਕੰਵਲ[71] ਰੂਪੀ ਪੈਰਾਂ[70] ਨਾਲ ਨਾਨਕ ਦੀ ਜਿੰਦੜੀ[72]

ਮਨੁ[72] ਬੇਧਿਓ[73] ਚਰਨਹ ਸੰਗਿ[74] ਸਮਾਹਿ[75] ॥ ੨ ॥ ੭੨॥੯੫॥	Nanak's soul[72] is pierced through[73] and with[74] His feet it is pleased[75].	ਵਿੰਨ੍ਹੀ ਗਈ[73] ਹੈ ਅਤੇ ਉਸ ਦੇ ਪੈਰਾਂ ਨਾਲ[74] ਹੀ ਇਹ ਪ੍ਰਸੰਨ ਹੁੰਦੀ[75] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਮੇਰਾ ਪ੍ਰਭੁ ਸੰਗੇ[76] ਅੰਤਰਜਾਮੀ[77] ॥	My Lord, the Inner-knower[77], is ever with[76] me.	ਅੰਦਰਲੀਆਂ ਜਾਣਨਹਾਰ[77] ਮੇਰਾ ਸਾਹਿਬ, ਸਦਾ ਮੇਰੇ ਨਾਲ[76] ਹੈ ।
ਆਗੈ[78] ਕੁਸਲ[79] ਪਾਛੈ[80] ਖੇਮ[81] ਸੂਖਾ[82] ਸਿਮਰਤ[83] ਨਾਮੁ ਸੁਆਮੀ ॥ ੧ ॥ ਰਹਾਉ ॥	Contemplating[83] the Lord's Name, I obtain bliss[79] hereafter[78] and am at peace[81] and ease[82] here[80]. Pause.	ਪ੍ਰਭੂ ਦੇ ਨਾਮ ਦਾ ਆਰਾਧਨ[83] ਕਰਨ ਦੁਆਰਾ, ਮੈਂ ਅਗੇ[78] ਖ਼ੁਸ਼ੀ[79] ਪਾਉਂਦਾ ਹਾਂ ਅਤੇ ਏਥੇ[80] ਆਰਾਮ[81] ਚੈਨ[82] ਅੰਦਰ ਹਾਂ । ਠਹਿਰਾਉ ।
੧੨੨੩	**1223**	**੧੨੨੩**
ਸਾਜਨ[84] ਮੀਤ[85] ਸਖਾ[86] ਹਰਿ ਮੇਰੈ ਗੁਨ[87] ਗੁੋਪਾਲ[88] ਹਰਿ ਰਾਇਆ[89] ॥	God is my Friend[84], Intimate[85] and Companion[86] and I sing the praise[87] of my Lord[88] God, the King[89].	ਵਾਹਿਗੁਰੂ ਮੇਰਾ ਮਿਤਰ[84], ਯਾਰ[85] ਅਤੇ ਸਾਥੀ[86] ਹੈ ਅਤੇ ਮੈਂ ਆਪਣੇ ਸੁਆਮੀ[88] ਵਾਹਿਗੁਰੂ, ਪਾਤਿਸ਼ਾਹ[89] ਦੀ ਮਹਿਮਾ[87] ਗਾਇਨ ਕਰਦਾ ਹਾਂ ।
ਬਿਸਰਿ[90] ਨ ਜਾਈ ਨਿਮਖ[91] ਹਿਰਦੈ[92] ਤੇ ਪੂਰੈ[93] ਗੁਰੂ ਮਿਲਾਇਆ ॥ ੧॥	The perfect[93] Guru has made me meet with my Lord and I forget[90] Him not from my mind[92] even for a moment[91].	ਪੂਰਨ[93] ਗੁਰਾਂ ਨੇ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦਿੱਤਾ ਹੈ ਅਤੇ ਆਪਣੇ ਮਨ[92] ਤੋਂ ਮੈਂ ਉਸ ਨੂੰ ਇਕ ਮੁਹਤ[91] ਭਰ ਭੀ ਨਹੀਂ ਭੁਲਾਉਂਦਾ[90] ।
ਕਰਿ ਕਿਰਪਾ[94] ਰਾਖੇ[95] ਦਾਸ[96] ਅਪਨੇ ਜੀਅ[97] ਜੰਤ[98] ਵਸਿ[99] ਜਾ[100] ਕੈ ॥	He, in whose[100] power[99] are men[97] and other creatures[98] mercifully[94] protects[95] me, His slave[96].	ਜਿਸ[100] ਦੇ ਇਖ਼ਤਿਆਰ[99] ਵਿਚ ਇਨਸਾਨ[97] ਤੇ ਹੋਰ ਪਸ਼ੂ ਪੰਛੀ[98] ਹਨ, ਉਹ ਮਿਹਰ ਧਾਰ[94] ਕੇ ਮੈਂ ਗੋਲੇ[96] ਦੀ ਰੱਖਿਆ ਕਰਦਾ[95] ਹੈ ।
ਏਕਾ ਲਿਵ[2] ਪੂਰਨ[3] ਪਰਮੇਸੁਰ[4] ਭਉ[5] ਨਹੀ ਨਾਨਕ ਤਾਕੈ ॥ ੨ ॥ ੭੩॥੯੬ ॥	He who is attuned[2] to the One perfect[3] Transcendent Lord[4], O Nanak, is rid of all fear[5].	ਜਿਸ ਦੀ ਇਕ ਪੂਰੇ[3] ਪਰਮ ਪ੍ਰਭੂ[4] ਨਾਲ ਪ੍ਰੀਤ ਪਈ[2] ਹੈ, ਉਸ ਦਾ, ਹੇ ਨਾਨਕ ! ਸਭ ਡਰ[5] ਦੂਰ ਹੋ ਜਾਂਦਾ ਹੈ ।
ਸਾਰਗ ਮਹਲਾ ੫ ॥	Sarang 5th Guru	ਸਾਰੰਗ ਪੰਜਵੀਂ ਪਾਤਿਸ਼ਾਹੀ ।
ਜਾ ਕੈ ਰਾਮ ਕੋ ਬਲੁ[6] ਹੋਇ ॥ ਸਗਲ[13] ਮਨੋਰਥ[7] ਪੂਰਨ[8] ਤਾਹੂ[9] ਕੇ ਦੂਖੁ[10] ਨ ਬਿਆਪੈ[12] ਕੋਇ ॥ ੧ ॥ ਰਹਾਉ ॥	He, whose power[6] is my Lord; all[13] his[9] heart's desires[7] are fulfilled[8] and to him no sorrow[10] clings[12]. Pause.	ਜਿਸ ਦੀ ਤਾਕਤ[6] ਮੇਰਾ ਪ੍ਰਭੂ ਹੈ; ਉਸ[9] ਦੇ ਦਿਲ ਦੀਆਂ ਖ਼ਾਹਿਸ਼ਾਂ[7] ਸਮੂਹ[13] ਪੂਰੀਆਂ[8] ਹੋ ਜਾਂਦੀਆਂ ਹਨ ਅਤੇ ਉਸ ਨੂੰ ਕੋਈ ਦੁਖੜਾ[10] ਭੀ ਨਹੀਂ ਚਿਮੜਦਾ[12] । ਠਹਿਰਾਉ ।
ਜੋ ਜਨੁ[13*] ਭਗਤੁ[14] ਦਾਸੁ[15] ਨਿਜੁ[16] ਪ੍ਰਭ ਕਾ ਸੁਣਿ ਜੀਵਾਂ ਤਿਸੁ[17] ਸੋਇ[18] ॥	The mortal[13*], who is the saint[14] and slave[15] of His[16] Lord; I live by hearing his[17] glory[18].	ਜੋ ਪ੍ਰਾਣੀ[13*] ਆਪਣੇ[16] ਸੁਆਮੀ ਦਾ ਸਾਧੂ[14] ਅਤੇ ਗੋਲਾ[15] ਹੈ; ਮੈਂ ਉਸ[17] ਦੀ ਸ਼ੋਭਾ[18] ਸੁਣ ਕੇ ਜੀਉਂਦਾ ਹਾਂ ।

ਉਦਮੁ[19] ਕਰਉ ਦਰਸਨੁ[20] ਪੇਖਨ[21] ਕੌ ਕਰਮਿ[22] ਪਰਾਪਤਿ[23] ਹੋਇ ॥ ੧ ॥	I make effort[19] to see[21] his vision[20], which only, by good luck[22], one is blessed[23] with.	ਮੈਂ ਉਸ ਦਾ ਦੀਦਾਰ[20] ਦੇਖਣ[21] ਦਾ ਉਪਰਾਲਾ[19] ਕਰਦਾ ਹਾਂ, ਜਿਸ ਦੀ ਦਾਤ[23], ਕੇਵਲ ਚੰਗੇ ਭਾਗਾਂ[22] ਰਾਹੀਂ ਮਿਲਦੀ ਹੈ।
ਗੁਰ ਪਰਸਾਦੀ[24] ਦ੍ਰਿਸਟਿ[25] ਨਿਹਾਰਉ[26] ਦੂਸਰ[27] ਨਾਹੀ ਕੋਇ ॥	Through the Guru's grace[24] and naught else[27], I see[26] his vision with mine eyes[25].	ਗੁਰਾਂ ਦੀ ਦਇਆ[24] ਰਾਹੀਂ, ਹੋਰਸ[27] ਕਿਸੇ ਨਾਲ ਹੱਡਾਂ-ਹੀਣਾ, ਮੈਂ ਉਸ ਦਾ ਦੀਦਾਰ ਆਪਣੀਆਂ ਅੱਖਾਂ[25] ਨਾਲ ਵੇਖਦਾ[26] ਹਾਂ।
ਦਾਨੁ[28] ਦੇਹਿ[31] ਨਾਨਕ ਅਪਨੇ ਕਉ ਚਰਨ[29] ਜੀਵਾਂ[30] ਸੰਤ ਧੋਇ ॥ ੨ ॥ ੭੪॥੯੭॥	O Lord, bless[31] Thou Nanak, Thy slave with the gift[28] that he may live[30] by washing the feet[29] of Thine saints.	ਹੇ ਸਾਹਿਬ ! ਤੂੰ ਆਪਣੇ ਗੋਲੇ ਨਾਨਕ ਨੂੰ ਦਾਤ[28] ਬਖ਼ਸ਼[31] ਕਿ ਉਹ ਤੇਰੇ ਸਾਧੂਆਂ ਦੇ ਪੈਰ[29] ਧੋ ਕੇ ਆਪਣਾ ਜੀਵਨ ਬਤੀਤ ਕਰੇ[30]।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਜੀਵਤੁ[32] ਰਾਮ ਕੇ ਗੁਣ[33] ਗਾਇ ॥	I live[32] to sing the praise[33] of my Lord.	ਮੈਂ ਆਪਣੇ ਪ੍ਰਭੂ ਦੀ ਕੀਰਤੀ[33] ਗਾਇਨ ਕਰਨ ਲਈ ਜੀਉਂਦਾ[32] ਹਾਂ।
ਕਰਹੁ ਕ੍ਰਿਪਾ[34] ਗੋਪਾਲ[35] ਬੀਠੁਲੇ[36] ਬਿਸਰਿ[37] ਨ ਕਬਹੀ[38] ਜਾਇ ॥ ੧ ॥ ਰਹਾਉ ॥	O my loved[36] Lord[35], show Thou mercy[34] unto me, that I may forget[37] Thee not ever[38]. Pause.	ਹੇ ਮੇਰੇ ਪਿਆਰੇ[36] ਪ੍ਰਭੂ[35] ! ਤੂੰ ਮੇਰੇ ਉਤੇ ਰਹਿਮਤ[34] ਧਾਰ, ਤਾਂ ਜੋ ਮੈਂ ਤੈਨੂੰ ਕਦੇ ਭੀ[38] ਨਾ ਭੁੱਲਾਂ[37]। ਠਹਿਰਾਉ।
ਮਨੁ[39] ਤਨੁ[40] ਧਨੁ[41] ਸਭੁ ਤੁਮਰਾ ਸੁਆਮੀ ਆਨ[42] ਨ ਦੂਜੀ[44] ਜਾਇ[43] ॥	My soul[39], body[40] and wealth[41] are all Thine, O Lord. There is not any[42] other[44] place[43] for me.	ਮੇਰੀ ਜਿੰਦੜੀ[39], ਦੇਹਿ[40] ਅਤੇ ਦੌਲਤ[41] ਸਮੂਹ ਤੇਰੀਆਂ ਹਨ ਹੇ ਪ੍ਰਭੂ ! ਮੇਰੇ ਲਈ ਹੋਰ[44] ਕੋਈ[42] ਟਿਕਾਣਾ[43] ਹੈ ਹੀ ਨਹੀਂ।
ਜਿਉ[45] ਤੂ ਰਾਖਹਿ ਤਿਵਹੀ[46] ਰਹਣਾ ਤੁਮ੍ਰਾ ਪੈਨੈ੍ ਖਾਇ ॥ ੧॥	As[45] Thou keepest me, so[46] do I live, I wear and eat, what Thou givest me.	ਜਿਸ ਤਰ੍ਹਾਂ[45] ਤੂੰ ਮੈਨੂੰ ਰਖਦਾ ਹੈਂ, ਉਸੇ ਤਰ੍ਹਾਂ[46] ਹੀ ਮੈਂ ਰਹਿੰਦਾ ਹਾਂ। ਜੋ ਤੂੰ ਮੈਨੂੰ ਦਿੰਦਾ ਹੈਂ, ਮੈਂ ਉਹ ਪਹਿਨਦਾ ਤੇ ਖਾਂਦਾ ਹਾਂ।
ਸਾਧ ਸੰਗਤਿ ਕੈ ਬਲਿ[47] ਬਲਿ ਜਾਈ ਬਹੁੜਿ[48] ਨ ਜਨਮਾ[49] ਧਾਇ[50] ॥	I am a sacrifice[47] unto the society of the saints, through whose grace, I shall wander[50] not into existences[49], again[48]	ਸਤਿਸੰਗਤ ਉਤੋਂ ਮੈਂ ਕੁਰਬਾਨ[47], ਕੁਰਬਾਨ ਜਾਂਦਾ ਹਾਂ, ਜਿਸ ਦੀ ਮਿਹਰ ਰਾਹੀਂ ਮੈਂ ਮੁੜ[48] ਕੇ ਜੂਨੀਆਂ[49] ਅੰਦਰ ਨਹੀਂ ਭਟਕਾਂਗਾ[50]।
ਨਾਨਕ ਦਾਸ[56] ਤੇਰੀ ਸਰਣਾਈ[51] ਜਿਉ[52] ਭਾਵੈ[53] ਤਿਵੈ[54] ਚਲਾਇ[55] ॥ ੨ ॥ ੭੫॥੯੮॥	Slave[56] Nanak has sought Thy refuge[51] O Lord. As[52] Thou willest[53], so[54] do Thou drive[55] him.	ਗੋਲੇ[56] ਨਾਨਕ ਨੇ ਤੇਰੀ ਪਨਾਹ[51] ਲਈ ਹੈ, ਹੇ ਸੁਆਮੀ ! ਜਿਸ ਤਰ੍ਹਾਂ[52] ਤੈਨੂੰ ਚੰਗਾ ਲਗਦਾ[53] ਹੈ, ਉਸੇ ਤਰ੍ਹਾਂ[54] ਹੀ ਤੂੰ ਉਸ ਨੂੰ ਟੋਰ[55]।
ਸਾਰੰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਨ[57] ਰੇ[58] ਨਾਮ ਕੋ ਸੁਖ ਸਾਰ[59] ॥	O[58] my soul[57], sublime[59] peace is in the Lord's Name.	ਹੇ[58] ਮੇਰੀ ਜਿੰਦੇ[57] ! ਸਰੇਸ਼ਟ[59] ਆਰਾਮ ਹੈ ਪ੍ਰਭੂ ਦੇ ਨਾਮ ਅੰਦਰ।
ਆਨ[60] ਕਾਮ[61] ਬਿਕਾਰ[62]	Sinful[62] are other[60] worldly[63]	ਪਾਪਾਂ-ਭਰੇ[62] ਹਨ, ਹੋਰ[60] ਸੰਸਾਰੀ[63] ਵਿਹਾਰ[61]। ਉਹ

ਮਾਇਆ[63] ਸਗਲ ਦੀਸਹਿ[64] ਛਾਰ[65] ॥ ੧ ॥ ਰਹਾਉ ॥	affairs[61]. They all seem[64] to be but dust[65]. Pause.	ਸਾਰੇ ਕੇਵਲ ਮਿੱਟੀ[65] ਹੀ ਮਲੂਮ[64] ਹੁੰਦੇ ਹਨ। ਠਹਿਰਾਉ।
ਗ੍ਰਿਹਿ[66] ਅੰਧ[67] ਕੂਪ[68] ਪਤਿਤ[69] ਪ੍ਰਾਣੀ[70] ਨਰਕ[71] ਘੋਰ[72] ਗੁਬਾਰ[73] ॥	The mortal[70] has fallen[69] into the blind[67] well[68] of the household[66], which is like the terrible[72], dark[73] hell[71].	ਫਾਨੀ ਬੰਦਾ[70] ਘਰਬਾਰ[66] ਦੇ ਅੰਨ੍ਹੇ[67] ਖੂਹ[68] ਵਿਚ ਡਿਗ ਪਿਆ[69] ਹੈ, ਜੋ ਕਿ ਭਿਆਨਕ[72] ਅਨ੍ਹੇਰੇ[73] ਦੋਜ਼ਕ[71] ਦੀ ਤਰ੍ਹਾਂ ਹੈ।
ਅਨਿਕ[74] ਜੋਨੀ[75] ਭ੍ਰਮਤ[76] ਹਾਰਿਓ[77] ਭ੍ਰਮਤ ਬਾਰੰਬਾਰ[78] ॥੧॥	He grows weary[77] of wandering[76] in various[74] species[75] and wanders in them over and over again[78].	ਉਹ ਅਨੇਕਾਂ[74] ਜੂਨੀਆਂ[75] ਅੰਦਰ ਭਟਕਦਾ[76] ਹਾਰ ਹੁਟ ਜਾਂਦਾ[77] ਹੈ ਅਤੇ ਮੁੜ ਮੁੜ[78] ਕੇ ਉਹਨਾਂ ਅੰਦਰ ਭਟਕਦਾ ਹੈ।
ਪਤਿਤ[79]ਪਾਵਨ[80] ਭਗਤਿ[81] ਬਛਲ[82] ਦੀਨ[83] ਕਿਰਪਾ[84] ਧਾਰ[85] ॥	O, the Purifier[80] of sinners[79] and the lover[82] of His saints[81], show[85] Thou mercy[84] unto me, the meek one[83].	ਹੇ ਪਾਪੀਆਂ[79] ਨੂੰ ਪਵਿੱਤਰ ਕਰਨ ਵਾਲੇ[80]! ਤੇ ਆਪਣੇ ਸੰਤਾਂ[81] ਦੇ ਆਸ਼ਕ[82], ਤੂੰ ਮੈਂ ਮਸਕੀਨ[83] ਤੇ ਮਿਹਰ[84] ਕਰ[85]।
ਕਰ[86] ਜੋੜਿ[87] ਨਾਨਕੁ ਦਾਨੁ[88] ਮਾਂਗੈ ਸਾਧ ਸੰਗਿ ਉਧਾਰ[89] ॥੨॥੭੬॥੯੯॥	With joined[87] hands[86] Nanak asks for a boon[88], "O Lord, emancipate[89] Thou me through the saints' society".	ਹੱਥ[86] ਬੰਨ੍ਹ[87] ਕੇ, ਨਾਨਕ ਇਕ ਦਾਤ[88] ਮੰਗਦਾ ਹਾਂ "ਹੇ ਪ੍ਰਭੂ! ਤੂੰ ਸਤਿਸੰਗਤ ਦੇ ਰਾਹੀਂ ਮੇਰਾ ਪਾਰ ਉਤਾਰਾ[89] ਕਰ ਦੇ।"
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਬਿਰਾਜਿਤ[90] ਰਾਮ[91] ਕੋ ਪਰਤਾਪ[92] ॥	The Lord's[91] glory[92] is spreading[90] every where.	ਪ੍ਰਭੂ[91] ਦੀ ਪ੍ਰਭਤਾ[92] ਹਰ ਥਾਂ ਫੈਲ ਰਹੀ[90] ਹੈ।
ਆਧਿ[93] ਬਿਆਧਿ[94] ਉਪਾਧਿ[95] ਸਭ ਨਾਸੀ[96] ਬਿਨਸੇ[97] ਤੀਨੈ ਤਾਪ[98] ॥ ੧॥ ਰਹਾਉ॥	Mine ailments of mind[93], body[94] and doubt[95] are all eradicted[96] and I am rid[97] of the three fevers[98]. Pause.	ਮੇਰੇ ਮਨ[93], ਦੇਹਿ[94] ਅਤੇ ਸੰਦੇਹ[95] ਦੇ ਸਮੂਹ ਰੋਗ ਮਿਟ ਗਏ[96] ਹਨ ਅਤੇ ਮੈਂ ਤਿੰਨਾਂ ਬੁਖਾਰਾਂ[98] ਤੋਂ ਖ਼ਲਾਸੀ[97] ਪਾ ਗਿਆ ਹਾਂ। ਠਹਿਰਾਉ।
ਤ੍ਰਿਸਨਾ[99] ਬੁਝੀ[100] ਪੂਰਨ[2] ਸਭ ਆਸਾ[3] ਚੂਕੇ[4] ਸੋਗ[5] ਸੰਤਾਪ[6] ॥	My desire[99] is stilled[100], my hopes[3] are all realised[2] and my sorrows[5] and sufferings[6] are dispelled[4].	ਮੇਰੀ ਖ਼ਾਹਿਸ਼[99] ਬੁਝ ਗਈ[100] ਹੈ, ਮੇਰੀਆਂ ਉਮੀਦਾਂ[3] ਬਰ ਆਈਆਂ[2] ਹਨ ਅਤੇ ਮੇਰੇ ਸ਼ੋਕ[5] ਤੇ ਦੁਖੜੇ[6] ਦੂਰ ਹੋ ਗਏ[4] ਹਨ।
ਗੁਣ[7] ਗਾਵਤ ਅਚੁਤ[8] ਅਬਿਨਾਸੀ[9] ਮਨ[10] ਤਨ[12] ਆਤਮ[13] ਧ੍ਰਾਪ[14] ॥ ੧ ॥	Singing the praises[7] of the Immovable[8] and Imperishable Lord[9], my mind[10], body[12] and soul[13] are sated[14].	ਅਹਿੱਲ[8] ਅਤੇ ਅਮਰ ਸੁਆਮੀ[9] ਦੀਆਂ ਸਿਫ਼ਤਾਂ[7] ਗਾਇਨ ਕਰਨ ਦੁਆਰਾ, ਮੇਰਾ ਚਿੱਤ[10], ਦੇਹਿ[12] ਤੇ ਜਿੰਦੜੀ[13] ਰੱਜ ਗਏ[14] ਹਨ।
ਕਾਮ[15] ਕ੍ਰੋਧ[16] ਲੋਭ[17] ਮਦ[18] ਮਤਸਰ[19] ਸਾਧੂ ਕੈ ਸੰਗਿ[20] ਖਾਪ[21] ॥	Associating[20] with the saints, lust[15], wrath[16], avarice[17], ego[18] and envy[19] are destroyed[21].	ਸੰਤਾਂ ਨਾਲ ਸੰਗਤ ਕਰਨ ਦੁਆਰਾ[20], ਵਿਸ਼ੇ-ਭੋਗ[15], ਗੁੱਸਾ[16], ਲਾਲਚ[17], ਹੰਕਾਰ[18] ਤੇ ਈਰਖਾ[19] ਨਾਸ ਹੋ ਜਾਂਦੇ[21] ਹਨ।
ਭਗਤਿ[22] ਵਛਲ[23] ਭੈ[24]	God, the Mother[26] and Father[27] of	ਨਾਨਕ ਦੀ ਮਾਤਾ[26] ਤੇ ਪਿਤਾ[27], ਵਾਹਿਗੁਰੂ, ਆਪਣੇ

ਕਾਟਨਹਾਰੇ[25] ਨਾਨਕ ਕੇ ਮਾਈ[26] ਬਾਪ[27] ॥੨॥੭੭॥੧੦੦॥

Nanak, is the Lover[23] of His saints[22] and the Destroyer[25] of dread[24].

ਸੰਤਾਂ[22] ਦਾ ਆਸ਼ਕ[23] ਅਤੇ ਡਰ[24] ਨਾਸ ਕਰਨਹਾਰ[25] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਆਤੁਰੁ[28] ਨਾਮ ਬਿਨੁ ਸੰਸਾਰ[29] ॥ ਤ੍ਰਿਪਤਿ[30] ਨ ਹੋਵਤ ਕੂਕਰੀ[31] ਆਸਾ[32] ਇਤੁ[33] ਲਾਗੋ[34] ਬਿਖਿਆ[35] ਛਾਰ[36] ॥੧॥ ਰਹਾਉ ॥

Miserable[28] is the world[29], without the Lord's Name. It[33] is clung[34] to ashen[36] sins[35] and so its doggish[31] desire[32] is stilled[30] not. Pause.

ਦੁਖੀ[28] ਹੈ ਦੁਨੀਆ[29], ਪ੍ਰਭੂ ਦੇ ਨਾਮ ਦੇ ਬਗ਼ੈਰ। ਇਹ[33] ਸੁਆਹ[36] ਵਰਗੇ ਪਾਪਾਂ[35] ਨਾਲ ਚਿਮੜੀ[34] ਹੋਈ ਹੈ ਤੇ ਇਸ ਲਈ ਇਸ ਦੀ ਕੁੱਤੇ ਵਰਗੀ[31] ਖ਼ਾਹਿਸ਼[32] ਬੁਝਦੀ[30] ਨਹੀਂ। ਠਹਿਰਾਉ।

ਪਾਇ[40] ਠਗਉਰੀ[37] ਆਪਿ ਭੁਲਾਇਓ[38] ਜਨਮਤ ਬਾਰੋ ਬਾਰ[39] ॥

Ministering[40] the intoxicating herb[37], the Lord, of Himself has strayed[38] man and so it is born again and again[39].

ਠਗ ਬੂਟੀ[37] ਦੇ[40], ਪ੍ਰਭੂ ਨੇ ਇਨਸਾਨ ਨੂੰ ਖ਼ੁਦ ਹੀ ਗੁਮਰਾਹ ਕੀਤਾ[38] ਹੈ ਅਤੇ ਇਸ ਲਈ ਇਹ ਮੁੜ ਮੁੜ[39] ਕੇ ਜੰਮਦਾ ਹੈ।

ਹਰਿ ਕਾ ਸਿਮਰਨੁ[42] ਨਿਮਖ[41] ਨ ਸਿਮਰਿਓ ਜਮ[43] ਕੰਕਰ[44] ਕਰਤ ਖੁਆਰ[45] ॥੧॥

God's meditation[42], he embraces not even for a moment[41]. So death's[43] courier[44] makes him miserable[45].

ਵਾਹਿਗੁਰੂ ਦਾ ਆਰਾਧਨ[42], ਉਹ ਮੁਹਤ ਭਰ[41] ਭੀ ਨਹੀਂ ਕਰਦਾ। ਇਸ ਲਈ ਮੌਤ[43] ਦਾ ਦੂਤ[44] ਉਸ ਨੂੰ ਅਵਾਜ਼ਾਰ[45] ਕਰਦਾ ਹੈ।

ਹੋਹੁ ਕ੍ਰਿਪਾਲ[46] ਦੀਨ[47] ਦੁਖ[50] ਭੰਜਨ[48] ਤੇਰਿਆ ਸੰਤਹ ਕੀ ਰਾਵਾਰ[49] ॥

O Lord, the Destroyer[48] of the distress[50] of the meek[47], be Thou Merciful[46] unto me and make me the dust[49] of the feet of Thine saints.

ਹੇ ਮਸਕੀਨਾਂ[47] ਦਾ ਦੁਖੜਾ[50] ਨਾਸ ਕਰਨਹਾਰ[48] ਸੁਆਮੀ! ਤੂੰ ਮੇਰੇ ਉਤੇ ਦਇਆਵਾਨ[46] ਹੋ ਅਤੇ ਮੈਨੂੰ ਆਪਣੇ ਸਾਧੂਆਂ ਦੇ ਚਰਨਾਂ ਦੀ ਧੂੜ[49] ਬਣਾ ਦੇ।

੧੨੨੪

1224

੧੨੨੪

ਨਾਨਕ ਦਾਸੁ[51] ਦਰਸੁ[52] ਪ੍ਰਭ ਜਾਚੈ[53] ਮਨ ਤਨ ਕੋ ਆਧਾਰ[54] ॥ ੨ ॥ ੭੮ ॥ ੧੦੧॥

Slave[51] Nanak asks for[53] the Lord's vision[52], which is the mainstay[54] of his soul and body.

ਗੋਲਾ[51] ਨਾਨਕ ਸੁਆਮੀ ਦੇ ਦਰਸ਼ਨ[52] ਦੀ ਮੰਗ ਕਰਦਾ[53] ਹੈ, ਜੋ ਕਿ ਉਸ ਦੀ ਜਿੰਦੜੀ ਅਤੇ ਦੇਹਿ ਦਾ ਆਸਰਾ[54] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮੈਲਾ[55] ਹਰਿ ਕੇ ਨਾਮ ਬਿਨੁ ਜੀਉ[56] ॥

Impure[55] is the mortal[56] without the Lord's Name.

ਪਲੀਤ[55] ਹੈ ਪ੍ਰਾਣੀ[56], ਪ੍ਰਭੂ ਦੇ ਨਾਮ ਦੇ ਬਗ਼ੈਰ।

ਤਿਨਿ[57] ਪ੍ਰਭਿ ਸਾਚੈ ਆਪਿ ਭੁਲਾਇਆ[58] ਬਿਖੈ ਠਗਉਰੀ[59] ਪੀਉ[60] ॥੧॥ ਰਹਾਉ ॥

Ministering[60] to him the potion of sins[59], He[57], the true Lord has, of Himself, strayed[58] him. Pause.

ਉਸ ਨੂੰ ਪਾਪਾਂ ਦੀ ਦਵਾਈ[59] ਪਿਲਾ[60] ਕੇ, ਉਸ[57], ਸੱਚੇ ਸਾਈਂ ਨੇ, ਖ਼ੁਦ ਹੀ, ਉਸ ਨੂੰ ਕੁਰਾਹੇ[58] ਪਾਇਆ ਹੋਇਆ ਹੈ।

ਕੋਟਿ[61] ਜਨਮ ਭ੍ਰਮਤੌ[62]

Wandering[62] about in millions[61] of

ਕ੍ਰੋੜਾਂ[61] ਹੀ ਜਨਮਾਂ ਅੰਦਰ ਘਣੇਰਿਆਂ[63] ਤਰੀਕਿਆਂ[64]

ਬਹੁ[63] ਭਾਂਤੀ[64] ਥਿਤਿ[65] ਨਹੀ ਕਤਹੂ[66] ਪਾਈ ॥ ਪੂਰਾ[67] ਸਤਿਗੁਰੁ ਸਹਜਿ[68] ਨ ਭੇਟਿਆ[69] ਸਾਕਤੁ[70] ਆਵੈ ਜਾਈ ॥੧॥	births in many[63] ways[64], he obtains not stability[65] anywhere[66]. The mammon-worshipper[70], who meets[69] not with the perfect[67] True Guru, with equipoise[68], continues coming and going.	ਨਾਲ ਭਟਕਦੇ[62] ਹੋਏ ਨੂੰ, ਉਸ ਨੂੰ ਕਿਧਰੇ[66] ਭੀ ਸਥਿਰਤਾ[65] ਪਰਾਪਤ ਨਹੀਂ ਹੁੰਦੀ । ਮਾਇਆ ਦਾ ਪੁਜਾਰੀ[70], ਜੋ ਅਡੋਲਤਾ[68] ਨਾਲ, ਪੂਰਨ[67] ਸੱਚੇ ਗੁਰਾਂ ਨੂੰ ਨਹੀਂ ਮਿਲਦਾ[69], ਆਉਂਦਾ ਤੇ ਜਾਂਦਾ ਰਹਿੰਦਾ ਹੈ ।
ਰਾਖਿ[74] ਲੇਹੁ ਪ੍ਰਭ ਸੰਮ੍ਰਿਥ[70*] ਦਾਤੇ[71] ਤੁਮ ਪ੍ਰਭ ਅਗਮ[72] ਅਪਾਰ[73] ॥ ਨਾਨਕ ਦਾਸ[75] ਤੇਰੀ ਸਰਣਾਈ[76] [77]ਭਵਜਲੁ[78] ਉਤਰਿਓ[79] ਪਾਰ ॥ ੨ ॥੭੯॥੧੦੨॥	O my All-powerful[70*] and Beneficent[71] Master, save[74] Thou me. Thou O Lord, art Inaccessible[72] and Infinite[73]. Seeking Thy protection[76], O Lord, slave[75] Nanak has crossed[79] the dreadful[77] world-ocean[78].	ਹੇ ਮੇਰੇ ਸਰਬ-ਸ਼ਕਤੀਵਾਨ[70*] ਤੇ ਦਾਤਾਰ[71] ਮਾਲਕ ! ਤੂੰ ਮੇਰੀ ਰੱਖਿਆ[74] ਕਰ । ਤੂੰ ਹੇ ਸੁਆਮੀ ਪਹੁੰਚ ਤੋਂ ਪਰੇ[72] ਅਤੇ ਬੇਅੰਤ[73] ਹੈਂ । ਤੇਰੀ ਪਨਾਹ[76] ਲੈਣ ਦੁਆਰਾ, ਹੇ ਸਾਹਿਬ ! ਗੋਲਾ[75] ਨਾਨਕ, ਭਿਆਨਕ[77] ਸੰਸਾਰ ਸਮੁੰਦਰ[78] ਤੋਂ ਪਾਰ ਹੋ ਗਿਆ[79] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਰਮਣ[80] ਕਉ ਰਾਮ[81] ਕੇ ਗੁਣ[82] ਬਾਦ ॥ ਸਾਧ ਸੰਗਿ ਧਿਆਈਐ[83] ਪਰਮੇਸਰੁ ਅੰਮ੍ਰਿਤ[84] ਜਾ[85] ਕੇ ਸੁਆਦ[86] ॥੧॥ਰਹਾਉ॥	Sublime is the utterance[80] of the Lord's[81] praises[82]. Associating with the saints' society, contemplate[83] thou thy Lord, Nectar-sweet[84] is whose[85] relish[86]. Pause.	ਸ੍ਰੇਸ਼ਟ ਹੈ ਪ੍ਰਭੂ[81] ਦੇ ਗੁਣਾਂ ਵਾਦਾਂ[82] ਦਾ ਉਚਾਰਨ[80] ਕਰਨਾ । ਸਤਿਸੰਗਤ ਨਾਲ ਜੁੜ ਕੇ ਤੂੰ ਆਪਣੇ ਸਾਂਈਂ ਦਾ ਸਿਮਰਨ[83] ਕਰ, ਅੰਮ੍ਰਿਤਮਈ ਮਿੱਠਾ[84] ਹੈ ਜਿਸ[85] ਦਾ ਜ਼ਾਇਕਾ[86] । ਠਹਿਰਾਉ ।
ਸਿਮਰਤ[87] ਏਕੁ ਅਚੁਤ[88] ਅਬਿਨਾਸੀ[89] ਬਿਨਸੇ[90] ਮਾਇਆ[91] ਮਾਦ[92] ॥ ਸਹਜ[93]ਅਨਦ[94]ਅਨਹਦ[95] ਧੁਨਿ ਬਾਣੀ[96] ਬਹੁਰਿ[97] ਨ ਭਏ ਬਿਖਾਦ[98] ॥੧॥	Remembering[87] the One Moveless[88] and Eternal[89] Lord, the intoxication[92] of worldly valuables[91] wears off[90]. He who is blessed with poise[93] and bliss[94] and within whom unstruck melody[95] resounds[96], comes not to grief[98] again[97].	ਇਕ ਅਹਿਲ[88] ਅਤੇ ਅਮਰ[89] ਪ੍ਰਭੂ ਦਾ ਆਰਾਧਨ ਕਰਨ ਦੁਆਰਾ[87], ਸੰਸਾਰੀ ਪਦਾਰਥਾਂ[91] ਦੀ ਖ਼ੁਮਾਰੀ[92] ਉਤਰ ਜਾਂਦੀ[90] ਹੈ । ਜਿਸ ਨੂੰ ਅਡੋਲਤਾ[93] ਅਤੇ ਅਨਦ[94] ਦੀ ਦਾਤ ਮਿਲੀ ਹੈ ਅਤੇ ਜਿਸ ਦੇ ਅੰਦਰ ਸੁਤੇ ਸਿਧ[95] ਕੀਰਤਨ ਗੂੰਜਦਾ[96] ਹੈ, ਉਹ ਮੁੜ[97] ਕਸ਼ਟ[98] ਨਹੀਂ ਉਠਾਉਂਦਾ ।
ਸਨਕਾਦਿਕ[99]ਬ੍ਰਹਮਾਦਿਕ[100] ਗਾਵਤ[2] ਗਾਵਤ ਸੁਕ ਪ੍ਰਹਿਲਾਦ ॥	Sanak etc [99] and Brahma and the like[100], sing[2] the Lord's praise and sing the Lord's praise Suk and Prahlad as well.	ਸਨਕ ਆਦਿਕ[99] ਅਤੇ ਬ੍ਰਹਮੇ ਵਰਗੇ[100], ਪ੍ਰਭੂ ਦੀ ਕੀਰਤੀ ਗਾਇਨ ਕਰਦੇ[2] ਹਨ ਅਤੇ ਗਾਇਨ ਕਰਦੇ ਹਨ ਪ੍ਰਭੂ ਦੀ ਕੀਰਤੀ ਸੁਕ ਅਤੇ ਪ੍ਰਹਿਲਾਦ ਭੀ ।
ਪੀਵਤ[3] ਅਮਿਉ[4] ਮਨੋਹਰ[5] ਹਰਿ ਰਸੁ[6] ਜਪਿ[7] ਨਾਨਕ ਹਰਿ ਬਿਸਮਾਦ[8] ॥ ੨ ॥੮੦॥੧੦੩॥	Meditating[7] on the wondrous Lord[8], Nanak in-drinks[3] the beauteous[5] and sweet[4] God's elixir[6].	ਅਦਭੁਤ ਸੁਆਮੀ[8] ਦਾ ਸਿਮਰਨ ਕਰਨ ਦੁਆਰਾ[7], ਨਾਨਕ ਸੁੰਦਰ[5] ਅਤੇ ਮਿਠੜੇ[4] ਵਾਹਿਗੁਰੂ ਦੇ ਅੰਮ੍ਰਿਤ[6] ਨੂੰ ਪਾਨ ਕਰਦਾ[3] ਹੈ ।

ਸ਼ਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਕੀਨੇ[9] ਪਾਪ[10] ਕੇ ਬਹੁ[12] ਕੋਟ[13] ॥	Man does[9] many[12] millions[13] of misdeeds[10].	ਇਨਸਾਨ ਅਨੇਕ[12] ਕ੍ਰੋੜ[13] ਕੁਕਰਮ[10] ਕਰਦਾ[9] ਹੈ।
ਦਿਨਸੁ[14] ਰੈਨੀ[15] ਥਕਤ[16] ਨਾਹੀ ਕਤਹਿ[17] ਨਾਹੀ ਛੋਟ[18] ॥੧॥ਰਹਾਉ॥	Day[14] and night[15], he is tired[16] not of committing sins and so he can be released[18] not ever[17]. Pause	ਦਿਨ[14] ਅਤੇ ਰੈਣ[15], ਉਹ ਪਾਪ ਕਮਾਉਂਦਾ ਥਕਦਾ[16] ਨਹੀਂ ਤੇ ਇਸ ਲਈ ਉਸ ਦਾ ਕਦੇ[17] ਭੀ ਛੁਟਕਾਰਾ[18] ਨਹੀਂ ਹੋ ਸਕਦਾ। ਠਹਿਰਾਉ।
ਮਹਾ[19] ਬਜਰ[20] ਬਿਖ[21] ਬਿਆਧੀ[22]ਸਿਰ[23]ਉਠਾਈ[24] ਪੋਟ[25] ॥	He is carrying[24] on his head[23], an exceedingly[19] heavy[20] bundle[25] of agonising[22] sins[21].	ਉਹ ਆਪਣੇ ਮੂੰਡ[23] ਉਤੇ ਦੁਖਦਾਈ[22] ਪਾਪਾਂ[21] ਦੀ ਨਿਹਾਇਤ[19] ਹੀ ਭਾਰੀ[20] ਪੰਡ[25] ਚੁੱਕੀ ਫਿਰਦਾ[24] ਹੈ।
ਉਘਰਿ[26]ਗਈਆਂਖਿਨਹਿ[27] ਭੀਤਰਿ[28] ਜਮਹਿ[29] ਗ੍ਰਾਸੇ[30] ਝੋਟ[31] ॥੧॥	His sins are exposed[26] in[28] an instant[27], when the death's courier[29] seizes[30] him by the hair[31].	ਜਦ ਮੌਤ ਦਾ ਦੂਤ[29] ਉਸ ਨੂੰ ਜੂੜਿਆਂ[31] ਤੋਂ ਫੜਦਾ[30] ਹੈ, ਤਾਂ ਉਸ ਦੇ ਪਾਪ ਇਕ ਛਿਨ[27] ਵਿਚ[28] ਜ਼ਾਹਿਰ ਹੋ ਜਾਂਦੇ[26] ਹਨ।
ਪਸੁ[32] ਪਰੇਤ[33] ਉਸਟ[34] ਗਰਧਭ[35]ਅਨਿਕ[36] ਜੋਨੀ[37] ਲੇਟ[38] ॥	Hereafter he enters[38] into the many[36] existences[37] of beast[32], ghost[33], camel[34] and donkey[35].	ਏਦੂੰ ਮਗਰੋਂ ਉਹ ਪਸ਼ੂ[32], ਭੂਤ[33], ਊਠ[34] ਅਤੇ ਖੋਤੇ[35] ਦੀਆਂ ਬਹੁਤੀਆਂ[36] ਜੂਨੀਆਂ[37] ਅੰਦਰ ਪੈਂਦਾ[38] ਹੈ।
ਭਜੁ[39] ਸਾਧ ਸੰਗਿ ਗੋਬਿੰਦ ਨਾਨਕ ਕਛੁ[40] ਨ ਲਾਗੈ ਫੇਟ[41] ॥੨॥੮੧॥੧੦੪॥	Contemplating[39] the Lord in the saints' society, the mortal suffers no blow[41] whatever[40].	ਸਤਿਸੰਗਤ ਅੰਦਰ ਸਾਹਿਬ ਦਾ ਸਿਮਰਨ ਕਰਨ ਦੁਆਰਾ[39], ਪ੍ਰਾਣੀ ਨੂੰ ਅਸਲੋਂ[40] ਹੀ ਕੋਈ ਸੱਟ ਫੇਟ[41] ਨਹੀਂ ਲਗਦੀ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਅੰਧੇ[42] ਖਾਵਹਿ[43] ਬਿਸੂ[44] ਕੇ ਗਟਾਕ[45] ॥	O blind man[42], thou eatest[43] lump-sums[45] of poison[44].	ਹੇ ਅੰਨ੍ਹੇ ਇਨਸਾਨ[42]! ਤੂੰ ਜ਼ਹਿਰ[44] ਦੇ ਗੱਫ਼ੇ[45] ਖਾਂਦਾ[43] ਹੈਂ।
ਨੈਨ[46] ਸ੍ਰਵਨ[47] ਸਰੀਰੁ[48] ਸਭੁ ਹੁਟਿਓ[49] ਸਾਸੁ[50] ਗਇਓ ਤਤ[51] ਘਾਟ[52] ॥ ੧॥ ਰਹਾਉ ॥	His eyes[46], ears[47] and the body[48] are all tired[49] and in an instant[51] he loses[52] his breath[50]. Pause.	ਉਸ ਦੀਆਂ ਅੱਖਾਂ[46], ਕੰਨ[47] ਅਤੇ ਦੇਹਿ[48] ਸਾਰੇ ਹੀ ਹਾਰ ਹੁਟ ਜਾਂਦੇ[49] ਹਨ ਅਤੇ ਇਕ ਮੁਹਤ[51] ਵਿਚ ਉਸ ਦਾ ਸਾਹ[50] ਉਖੜ ਜਾਂਦਾ[52] ਹੈ। ਠਹਿਰਾਉ।
ਅਨਾਥ[53] ਰਞਾਨਿ[54] ਉਦਰੁ[55] ਲੇ ਪੋਖਹਿ[56] ਮਾਇਆ[57] ਗਈਆ ਹਾਟਿ[58] ॥	Annoying[54] the poor[53], he fills[56] his belly[55], but wealth[57] goes not with[58] him.	ਗਰੀਬਾਂ[53] ਨੂੰ ਦੁਖੀ ਕਰ ਕੇ[54], ਉਹ ਆਪਣਾ ਢਿੱਡ[55] ਭਰਦਾ[56] ਹੈ, ਪ੍ਰੰਤੂ ਧਨ-ਦੌਲਤ[57] ਉਸ ਦੇ ਨਾਲ[58] ਨਹੀਂ ਜਾਂਦਾ।
ਕਿਲਬਿਖ[59] ਕਰਤ[60] ਕਰਤ ਪਛੁਤਾਵਹਿ[61] ਕਬਹੁ[62] ਨ ਸਾਕਹਿ ਛਾਂਟਿ[63] ॥੧॥	Committing[60], committing sins[59] he regrets[61], but he can abandon[63] them not ever[62].	ਪਾਪ[59] ਕਰਦਾ[60], ਕਰਦਾ ਹੋਇਆ ਉਹ ਪਸਚਾਤਾਪ[61] ਕਰਦਾ ਹੈ, ਪ੍ਰੰਤੂ ਉਹਨਾਂ ਨੂੰ ਉਹ ਕਦੇ[62] ਭੀ ਛਡ[63] ਨਹੀਂ ਸਕਦਾ।
ਨਿੰਦਕੁ[64] ਜਮਦੂਤੀ[65] ਆਇ[66] ਸੰਘਾਰਿਓ[67]	Inflicting[68] a hissing blow[71] on[79] his head[69], death's courier[65] comes[66]	ਉਸ ਦੇ ਸਿਰ[69] ਉਤੇ[70] ਪਟਾਕ ਦੇ ਕੇ ਸੱਟ[71] ਮਾਰ,[68]ਮੌਤ ਦਾ ਦੂਤ[65] ਆ ਕੇ[66] ਦੋਸ਼ ਲਾਉਣ ਵਾਲੇ[64] ਨੂੰ ਮਾਰ

ਦੇਵਹਿ[68] ਮੂੜ[69] ਊਪਰਿ[70] ਮਟਾਕ[71] ॥	and kills[67] the slanderer[64].	ਸੁਟਦਾ[67] ਹੈ।
ਨਾਨਕ ਆਪਨ ਕਟਾਰੀ[72] ਆਪਸ ਕਉ ਲਾਈ[73] ਮਨੁ ਅਪਨਾ ਕੀਨੋ ਫਾਟ[74]॥ ॥੨॥੮੨॥੧੦੫॥	O Nanak, with his dagger[72] he cuts[73] his ownself and wounds[74] his own heart.	ਹੇ ਨਾਨਕ ! ਆਪਣੇ ਛੁਰੇ[72] ਨਾਲ ਉਹ ਆਪਣੇ ਆਪ ਨੂੰ ਵਢ ਲੈਂਦਾ[73] ਹੈ ਅਤੇ ਆਪਣੇ ਦਿਲ ਨੂੰ ਹੀ ਫੱਟੜ[74] ਕਰ ਦਿੰਦਾ ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਟੂਟੀ[75] ਨਿੰਦਕ[76] ਕੀ ਅਧਬੀਚ[77] ॥	The slanderer[76] is destroyed[75] in the mid-stream[77].	ਬਦਖੋਈ ਕਰਨ ਵਾਲਾ[76] ਅਧ-ਵਾਟੇ[77] ਹੀ ਨਾਸ ਹੋ ਜਾਂਦਾ[75] ਹੈ।
ਜਨ[78] ਕਾ ਰਾਖਾ[79] ਆਪਿ ਸੁਆਮੀ ਬੇਮੁਖ[80] ਕਉ ਆਇ ਪਹੂਚੀ[81] ਮੀਚ[82] ॥ ੧॥ਰਹਾਉ॥	The Lord Himself is the saviour[79] of His slave[78] and the death[82] overtakes[81] the infidel[80]. Pause.	ਪ੍ਰਭੂ ਆਪੇ ਹੀ ਆਪਣੇ ਗੋਲੇ[78] ਦਾ ਰਖਵਾਲਾ[79] ਹੈ ਅਤੇ ਅਧਰਮੀ[80] ਨੂੰ ਮੌਤ[82] ਆ ਪਕੜਦੀ[81] ਹੈ। ਠਹਿਰਾਉ।
ਉਸ ਕਾ ਕਹਿਆ[83] ਕੋਇ ਨ ਸੁਣਈ ਕਹੀ[84] ਨ ਬੈਸਣੁ[85] ਪਾਵੈ ॥	None hears what he says[83] and he is not allowed to sit[85] anywhere[84].	ਕੋਈ ਭੀ ਉਸ ਦੀ ਗੱਲ[83] ਨਹੀਂ ਸੁਣਦਾ ਅਤੇ ਉਸ ਨੂੰ ਕਿਧਰੇ[84] ਭੀ ਬਹਿਣਾ[85] ਨਹੀਂ ਮਿਲਦਾ।
ਈਹਾਂ[86] ਦੁਖੁ[93] ਆਗੈ[87] ਨਰਕੁ[88] ਭੁੰਚੈ[89] ਬਹੁ[90] ਜੋਨੀ[91] ਭਰਮਾਵੈ[92] ॥੧॥	He suffers sorrow[93] here[86], falls[89] into hell[88] hereafter[87] and wanders[92] in many[90] existences[91].	ਉਹ ਏਥੇ[86] ਕਸ਼ਟ[93] ਉਠਾਉਂਦਾ ਹੈ, ਏਦੂੰ ਮਗਰੋਂ[87] ਦੋਜ਼ਕ[88] ਵਿਚ ਪੈਂਦਾ[89] ਹੈ ਤੇ ਘਣੇਰੀਆ[90] ਜੂਨੀਆਂ[91] ਅੰਦਰ ਭਟਕਦਾ[92] ਹੈ।
ਪ੍ਰਗਟੁ[94] ਭਇਆ ਖੰਡੀ[95] ਬ੍ਰਹਮੰਡੀ[96] ਕੀਤਾ ਅਪਣਾ ਪਾਇਆ ॥	In the continents[95] and the world[96], he has become notorious[94] and has obtained what he had done.	ਦੀਪਾਂ[95] ਅਤੇ ਜੱਗ[96] ਅੰਦਰ ਉਹ ਬਦਨਾਮ[94] ਹੋ ਗਿਆ ਹੈ ਅਤੇ ਉਸ ਨੇ ਆਪਣਾ ਕੀਤਾ ਹੋਇਆ ਪਾ ਲਿਆ ਹੈ।
ਨਾਨਕ ਸਰਣਿ[97] ਨਿਰਭਉ[98] ਕਰਤੇ[99] ਕੀ ਅਨਦ[100] ਮੰਗਲ[2] ਗੁਣ[3] ਗਾਇਆ ॥ ੨॥੮੩॥੧੦੬॥	Nanak has entered the sanctuary[97] of the Fearless[98] Creator[99] and with glee[100] and gladness[2], he sings His praises[3].	ਨਾਨਕ ਨੇ ਨਿਡਰ[98] ਸਿਰਜਣਹਾਰ[99] ਦੀ ਪਨਾਹ[97] ਲਈ ਹੈ ਅਤੇ ਖੁਸ਼ੀ[100] ਤੇ ਪ੍ਰਸੰਨਤਾ[2] ਨਾਲ ਉਹ ਉਸ ਦੀਆਂ ਸਿਫ਼ਤਾਂ[3] ਗਾਇਨ ਕਰਦਾ ਹੈ।
੧੨੨੫	**1225**	**੧੨੨੫**
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਤ੍ਰਿਸਨਾ[4] ਚਲਤ[5] ਬਹੁ[6] ਪਰਕਾਰਿ[7] ॥	Due to desire[4], one wanders[5] in many[6] ways[7].	ਖ਼ਾਹਿਸ਼[4] ਦੇ ਕਾਰਨ, ਜੀਵ ਘਣੇ[6] ਰਾਹਾਂ[7] ਅੰਦਰ ਭਟਕਦਾ[5] ਹੈ।
ਪੂਰਨ[8] ਹੋਤ ਨ ਕਤਹੁ ਬਾਤਹਿ[9] ਅੰਤਿ[10] ਪਰਤੀ[12] ਹਾਰਿ॥੧॥ਰਹਾਉ॥	The desire is fulfilled[8] in no wise[9], and in the end[10] the mortal is defeated[12]. Pause.	ਖ਼ਾਹਿਸ਼ ਕਿਸੇ ਤਰ੍ਹਾਂ[9] ਭੀ ਪੂਰੀ[8] ਨਹੀਂ ਹੁੰਦੀ ਅਤੇ ਅਖ਼ੀਰ[10] ਪ੍ਰਾਣੀ ਨੂੰ ਹਾਰ ਪੈਂਦੀ[12] ਹੈ। ਠਹਿਰਾਉ।
ਸਾਂਤਿ[13] ਸੂਖ[14] ਨ ਸਹਜੁ[15]	Peace[13], pleasure[14] and poise[15] well	ਸ਼ਾਂਤੀ[13], ਅਨੰਦ[14] ਅਤੇ ਅਡੋਲਤਾ[15] ਉਤਪੰਨ[16] ਨਹੀਂ

ਉਪਜੈ[16] ਇਹੈ ਇਸੁ ਬਿਉਹਾਰਿ[17] ॥	up[16] not. This is the way it works[17].	ਹੁੰਦੇ । ਇਹ ਹੈ ਰੀਤੀ ਇਸ ਦੇ ਕੰਮ ਕਰਨ[17] ਦੀ ।
ਆਪ[18] ਪਰ[19] ਕਾ ਕਛੁ ਨ ਜਾਨੈ ਕਾਮ[20] ਕ੍ਰੋਧਹਿ[21] ਜਾਰਿ[22] ॥੧॥	Man burns[22] in the fire of lust[20] and wrath[21] and knows not what belongs to him[18] and what to another[19].	ਜੀਵ ਸ਼ਹਿਵਤ[20] ਤੇ ਗੁੱਸੇ[21] ਦੀ ਅੱਗ ਵਿਚ ਸੜਦਾ[22] ਹੈ ਅਤੇ ਜਾਣਦਾ ਨਹੀਂ ਕਿ ਕੀ ਉਸ ਦਾ[18] ਹੈ ਤੇ ਕੀ ਕਿਸੇ ਹੋਰ ਦਾ[19] ।
ਸੰਸਾਰ[23] ਸਾਗਰੁ[24] ਦੁਖਿ[25] ਬਿਆਪਿਓ[26] ਦਾਸੁ[27] ਲੇਵਹੁ ਤਾਰਿ[28] ॥	The world[23] is involved[26] in the ocean[24] of sorrow[25]. O my Lord, mercifully save[28] Thou Thy slave[27].	ਦੁਨੀਆਂ[23] ਤਕਲੀਫ਼[25] ਦੇ ਸਮੁੰਦਰ[24] ਵਿਚ ਗ੍ਰਸੀ ਹੋਈ[26] ਹੈ । ਹੇ ਮੇਰੇ ਮਾਲਕ ! ਮਿਹਰ ਧਾਰ ਕੇ ਤੂੰ ਆਪਣੇ ਗੋਲੇ[27] ਦੀ ਰੱਖਿਆ[28] ਕਰ ।
ਚਰਨ[29] ਕਮਲ[30] ਸਰਣਾਇ[31] ਨਾਨਕ ਸਦਾ[32] ਸਦਾ ਬਲਿਹਾਰਿ[33] ॥੨॥੮੪॥੧੦੭॥	Nanak, seeks the refuge[31] of Thine lotus[30] feet[29], O Lord and is ever[32], ever a sacrifice[33] unto Thee.	ਨਾਨਕ, ਤੇਰੇ ਕੰਵਲ[30] ਰੂਪੀ ਪੈਰਾਂ[29] ਦੀ ਪਨਾਹ[31] ਲੋੜਦਾ ਹੈ, ਹੇ ਸੁਆਮੀ ! ਅਤੇ ਹਮੇਸ਼ਾ[32], ਹਮੇਸ਼ਾ ਹੀ ਤੇਰੇ ਉਤੋਂ ਘੋਲੀ[33] ਜਾਂਦਾ ਹੈ ।
ਸਾਰੰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਰੇ[34] ਪਾਪੀ[35] ਤੈ ਕਵਨ[36] ਕੀ ਮਤਿ[37] ਲੀਨ ॥	O[34] sinner[35], who[36] has instructed[37] thee this wise ?	ਹੇ[34] ਪਾਂਬਰਾ[35] ! ਤੈਨੂੰ ਕਿਸ[36] ਨੇ ਐਹੋ ਜੇਹੀ ਸਿਖ-ਮਤ ਦਿੱਤੀ[37] ਹੈ ?
ਨਿਮਖ[38] ਘਰੀ[39] ਨ ਸਿਮਰਿ[40] ਸੁਆਮੀ ਜੀਉ[41] ਪਿੰਡੁ[42] ਜਿਨਿ ਦੀਨ[43] ॥੧॥ ਰਹਾਉ ॥	Even for a moment[38] and an instant[39], thou contemplatest[40] not the Lord, who has blessed[43] thee with thy soul[41] and body[42]. Pause.	ਤੂੰ ਇਕ ਮੁਹਤ[38] ਅਤੇ ਲਮ੍ਹੇ[39] ਭਰ ਲਈ ਭੀ ਉਸ ਸਾਹਿਬ ਦਾ ਆਰਾਧਨ[40] ਨਹੀਂ ਕਰਦਾ, ਜਿਸ ਨੇ ਤੈਨੂੰ ਤੇਰੀ ਜਿੰਦੜੀ[41] ਅਤੇ ਦੇਹਿ[42] ਪਰਦਾਨ[43] ਕੀਤੇ ਹਨ । ਠਹਿਰਾਉ ।
ਖਾਤ[44] ਪੀਵਤ[45] ਸਵੰਤ[46] ਸੁਖੀਆ[47] ਨਾਮੁ ਸਿਮਰਤ[48] ਖੀਨ[49] ॥	Thou art happy[47], eating[44], drinking[45] and sleeping[46], but remembering[48] thy Lord's Name, thou feelest miserable[49].	ਖਾਂਦਾ[44], ਪੀਂਦਾ[45] ਤੇ ਸੌਂਦਾ[46] ਤੂੰ ਖੁਸ਼[47] ਹੈਂ, ਪਰੰਤੂ ਆਪਣੇ ਪ੍ਰਭੂ ਦੇ ਨਾਮ ਨੂੰ ਆਰਾਧਦਾ[48], ਤੂੰ ਦੁਖੀ[49] ਹੁੰਦਾ ਹੈਂ ।
ਗਰਭ[50] ਉਦਰ[51] ਬਿਲਲਾਟ[52] ਕਰਤਾ ਤਹਾਂ[53] ਹੋਵਤ ਦੀਨ[54] ॥੧॥	When thou wert imprisoned in the womb[50] of thy mother's belly[51], there[53] thou wailed[52] like a meek[54] one.	ਜਦ ਤੂੰ ਆਪਣੀ ਮਾਤਾ ਦੇ ਢਿੱਡ[51] ਦੀ ਬੱਚੇਦਾਨੀ[50] ਵਿਚ ਕੈਦ ਸੈਂ, ਉਥੇ[53] ਤੂੰ ਮਸਕੀਨ[54] ਦੀ ਮਾਨੰਦ ਵਿਰਲਾਪ[52] ਕਰਦਾ ਸੀ ।
ਮਹਾ[55] ਮਾਦ[56] ਬਿਕਾਰ[57] ਬਾਧਾ[58] ਅਨਿਕ[59] ਜੋਨਿ[60] ਭ੍ਰਮੀਨ[61] ॥	Bound[58] with great[55] pride[56] and sins[57], thou shalt wander[61] in many[59] existences[60].	ਭਾਰੇ[55] ਹੰਕਾਰ[56] ਅਤੇ ਪਾਪਾਂ[57] ਨਾਲ ਬੰਨ੍ਹਿਆ[58] ਹੋਇਆ, ਤੂੰ ਘਣੇਰੀਆਂ[59] ਜੂਨੀਆਂ[60] ਅੰਦਰ ਭਟਕੇਂਗਾ[61]
ਗੋਬਿੰਦ ਬਿਸਰੇ[62] ਕਵਨ[63] ਦੁਖ ਗਨੀਅਹਿ[64] ਸੁਖੁ ਨਾਨਕ ਹਰਿ ਪਦ[65] ਚੀਨ੍[66] ॥੨॥੮੫॥੧੦੮॥	What[63] sorrows should I count[64], which befall the mortal by forgetting[62] his Lord ? Peace, O Nanak is procured by realising[66] the Lord's status[65].	ਮੈਂ ਕਿਹੜੇ[63] ਕਿਹੜੇ ਦੁਖੜੇ ਗਿਣਾਂ[64], ਜੋ ਆਪਣੇ ਪ੍ਰਭੂ ਨੂੰ ਭੁਲਾਉਣ ਦੁਆਰਾ[62] ਪ੍ਰਾਣੀ ਨੂੰ ਵਾਪਰਦੇ ਹਨ ? ਆਰਾਮ, ਹੇ ਨਾਨਕ ! ਪ੍ਰਭੂ ਦੀ ਪਦਵੀ[65] ਨੂੰ ਅਨੁਭਵ ਕਰਨ ਦੁਆਰਾ[66] ਪਰਾਪਤ ਹੁੰਦਾ ਹੈ ।

ਸਾਰਗ ਮਹਲਾ ੫ ॥
ਮਾਈ[67] ਰੀ[68] ਚਰਨਹ[69] ਓਟ[70] ਗਹੀ[71] ॥
ਦਰਸਨੁ[72] ਪੇਖਿ[73] ਮੇਰਾ ਮਨੁ ਮੋਹਿਓ[74] ਦੁਰਮਤਿ[75] ਜਾਤ ਬਹੀ[76]॥੧॥ ਰਹਾਉ॥
ਅਗਹ[77] ਅਗਾਧਿ[78] ਊਚ[79] ਅਬਿਨਾਸੀ[80] ਕੀਮਤਿ[81] ਜਾਤ ਨ ਕਹੀ[82] ॥
ਜਲਿ[83] ਥਲਿ[84] ਪੇਖਿ[85] ਪੇਖਿ ਮਨੁ[86] ਬਿਗਸਿਓ[87] ਪੂਰਿ ਰਹਿਓ[88] ਸ੍ਰਬ[89] ਮਹੀ[90] ॥੧॥
ਦੀਨ[91] ਦਇਆਲ[92] ਪ੍ਰੀਤਮ[93] ਮਨ[94] ਮੋਹਨ[95] ਮਿਲਿਸਾਧਹ ਕੀਨੋ ਸਹੀ[96]॥
ਸਿਮਰਿ[97] ਸਿਮਰਿ ਜੀਵਤ[98] ਹਰਿ ਨਾਨਕ ਜਮ[99] ਕੀ ਭੀਰ[100] ਨ ਫਹੀ[2] ॥ ੨ ॥ ੬੬॥੧੦੯॥

Sarang 5th Guru.

O[68] my mother[67], I have grasped[71] the protection[70] of my Lord's feet[69]. Seeing[73] the Lord's vision[72] my soul is bewitched[74] and my evil-intellect[75] is washed off[76]. Pause.

Ungraspable[77], Incomprehensible[78], High[79] and Eternal[80] is my Lord. His worth[81] can be told[82] not.

Seeing[85], seeing Him in[90] water[83], dryland[84] and fully filling[88] all[89], my soul[86] has flowered[87].

My Beloved[93] is Merciful[92] to the meek[91] and the Enticer[95] of my soul[94]. Meeting with the saints, becomes manifest[96] He.

Nanak lives[98] by remembering[97] and contemplating his God and is caught[2] not in the death's[99] calamity[100].

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹੇ[68] ਮੇਰੀ ਮਾਤਾ[67] ! ਮੈਂ ਆਪਣੇ ਪ੍ਰਭੂ ਦੇ ਪੈਰਾਂ[69] ਦੀ ਪਨਾਹ[70] ਪਕੜੀ[71] ਹੈ ।
ਪ੍ਰਭੂ ਦਾ ਦੀਦਾਰ[72] ਵੇਖ[73], ਮੇਰੀ ਜਿੰਦੜੀ ਮੋਹਿਤ ਹੋ ਗਈ[74] ਹੈ ਅਤੇ ਮੇਰੀ ਖੋਟੀ ਬੁੱਧੀ[75] ਰੁੜ੍ਹ[76] ਗਈ ਹੈ । ਠਹਿਰਾਉ ।
ਅਪਕੜ[77], ਅਲਖ[78], ਬੁਲੰਦ[79] ਅਤੇ ਅਮਰ[80] ਹੈ ਮੇਰਾ ਮਾਲਕ ! ਉਸ ਦਾ ਮੁੱਲ[81] ਆਖਿਆ[82] ਨਹੀਂ ਜਾ ਸਕਦਾ ।
ਉਸ ਨੂੰ ਪਾਣੀ[83], ਸੁੱਕੀ ਧਰਤੀ[84] ਅਤੇ ਸਾਰਿਆਂ[89] ਅੰਦਰ[90] ਪਰੀਪੂਰਨ[88] ਵੇਖ, ਵੇਖ[85] ਮੇਰੀ ਆਤਮਾ[86] ਪ੍ਰਫੁਲਤ ਹੋ ਗਈ[87] ਹੈ ।
ਮੇਰਾ ਪਿਆਰਾ[93], ਮਸਕੀਨਾਂ[91] ਲਈ ਮਿਹਰਬਾਨ[92] ਅਤੇ ਮੇਰੀ ਜਿੰਦੜੀ[94] ਨੂੰ ਮੋਹਣਹਾਰ[95] ਹੈ । ਸੰਤਾਂ ਨਾਲ ਮਿਲਣ ਦੁਆਰਾ, ਉਹ ਪ੍ਰਤਖ੍ਯ[96] ਹੋ ਜਾਂਦਾ ਹੈ ।
ਨਾਨਕ ਆਪਣੇ ਵਾਹਿਗੁਰੂ ਦਾ ਆਰਾਧਨ[97] ਅਤੇ ਭਜਨ ਕਰਨ ਦੁਆਰਾ ਜੀਉਂਦਾ[98] ਹੈ ਅਤੇ ਉਹ ਮੌਤ[99] ਦੀ ਮੁਸੀਬਤ[100] ਵਿਚ ਨਹੀਂ ਫਸਦਾ[2] ।

ਸਾਰਗ ਮਹਲਾ ੫ ॥
ਮਾਈ ਰੀ ਮਨੁ ਮੇਰੋ ਮਤਵਾਰੋ[3] ॥
ਪੇਖਿ[4] ਦਇਆਲ[5] ਅਨਦ[6] ਸੁਖ ਪੂਰਨ[7] ਹਰਿ ਰਸਿ[8] ਰਪਿਓ[9] ਖੁਮਾਰੋ[10] ॥ ੧ ॥ ਰਹਾਉ ॥
ਨਿਰਮਲ[12] ਭਏ[13] ਊਜਲ[14] ਜਸੁ[15] ਗਾਵਤ ਬਹੁਰਿ[16] ਨ ਹੋਵਤ ਕਾਰੋ[17] ॥
ਚਰਨ[18] ਕਮਲ[19] ਸਿਉ ਡੋਰੀ[20] ਰਾਚੀ[21] ਭੇਟਿਓ[22] ਪੁਰਖੁ[23] ਅਪਾਰੋ[24] ॥੧॥

Sarang 5th Guru.

O my mother, my mind is intoxicated[3] with the Name.

Beholding[4] my Merciful Master[5], I am filled[7] with bliss[6] and peace and imbued[9] with God's elixir[8] my mind is inebriated[10]. Pause.

Singing the pure[14] praise[15] of God, I have become[13] immaculate[12] and shall not go black[17] again[16].

My attention[20] is merged[21] in the Lord's lotus[19] feet[18] and I have met[22] with my Infinite[24] God[23].

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹੇ ਮੇਰੀ ਮਾਤਾ ! ਮੇਰਾ ਮਨੂਆ ਨਾਮ ਨਾਲ ਮਸਤ ਹੋ ਗਿਆ[3] ਹੈ ।
ਆਪਣੇ ਮਿਹਰਬਾਨ ਮਾਲਕ[5] ਨੂੰ ਵੇਖ ਕੇ[4], ਮੈਂ ਖੁਸ਼ੀ[6] ਤੇ ਆਰਾਮ ਨਾਲ ਪੂਰਤ ਹੋ ਗਿਆ[7] ਹਾਂ ਅਤੇ ਵਾਹਿਗੁਰੂ ਦੇ ਅੰਮ੍ਰਿਤ[8] ਨਾਲ ਰੰਗੀਜ[9] ਮੇਰਾ ਮਨ ਗੁਟ ਹੋ ਗਿਆ[10] ਹੈ । ਠਹਿਰਾਉ ।
ਹਰੀ ਦੀ ਪਾਵਨ[14] ਮਹਿਮਾ[15] ਗਾਇਨ ਕਰਨ ਦੁਆਰਾ, ਮੈਂ ਪਵਿੱਤ੍ਰ[12] ਹੋ ਗਿਆ ਹਾਂ ਅਤੇ ਮੁੜ ਕੇ[16] ਕਾਲਾ[17] ਨਹੀਂ ਹੋਵਾਂਗਾ[13] ।
ਮੇਰੀ ਬਿਰਤੀ[20] ਪ੍ਰਭੂ ਦੇ ਕੰਵਲ[19] ਰੂਪੀ ਪੈਰਾਂ[18] ਅੰਦਰ ਲੀਨ[21] ਹੋਈ ਹੋਈ ਹੈ ਅਤੇ ਮੈਂ ਆਪਣੇ ਬੇਅੰਤ[24] ਵਾਹਿਗੁਰੂ[23] ਨਾਲ ਮਿਲ ਗਿਆ[22] ਹਾਂ ।

ਕਰੁ[25] ਗਹਿ ਲੀਨੇ[26] ਸਰਬਸੁ[27] ਦੀਨੇ[28] ਦੀਪਕ[29] ਭਇਓ ਉਜਾਰੋ[30] ॥	Holding[26] me by my hand[25], God has given[28] me everything[27] and has lighted[30] my mind's lamp[29].	ਮੈਨੂੰ ਹਥੋਂ[25] ਫੜ[26] ਕੇ, ਹਰੀ ਨੇ ਮੈਨੂੰ ਹਰ ਵਸਤੂ[27] ਦੇ ਦਿੱਤੀ[28] ਹੈ ਅਤੇ ਮੇਰੇ ਮਨ ਦੇ ਦੀਵੇ[29] ਨੂੰ ਪ੍ਰਕਾਸ਼ ਕਰ ਦਿੱਤਾ[30] ਹੈ ।
ਨਾਨਕ ਨਾਮਿ ਰਸਿਕ[31] ਬੈਰਾਗੀ[32] ਕੁਲਹ[33] ਸਮੂਹਾਂ[34] ਤਾਰੋ[35] ॥੨॥੮੭॥੧੧੦॥	Enjoying[31] the Name-Nectar, O Nanak, I have become detached[32] and shall ferry across[35] all[34] my generations[33] as well.	ਹੇ ਨਾਨਕ ! ਨਾਮ-ਅੰਮ੍ਰਿਤ ਨੂੰ ਮਾਣ[31] ਕੇ ਮੈਂ ਨਿਰਲੇਪ[32] ਹੋ ਗਿਆ ਹਾਂ ਅਤੇ ਮੈਂ ਆਪਣੀਆਂ ਸਾਰੀਆਂ[34] ਪੀੜ੍ਹੀਆਂ[33] ਦਾ ਭੀ ਪਾਰ-ਉਤਾਰਾ[35] ਕਰ ਦੇਵਾਂਗਾ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਮਾਈ ਰੀ ਆਨ[36] ਸਿਮਰਿ[37] ਮਰਿ ਜਾਂਹਿ[38] ॥	O mother, contemplating[37] another[36], save his Lord, the mortal is done to death[38].	ਹੇ ਮਾਤਾ ! ਆਪਣੇ ਪ੍ਰਭੂ ਦੇ ਬਗੈਰ ਹੋਰ ਕਿਸੇ[36] ਦਾ ਆਰਾਧਨ ਕਰਨ ਨਾਲ[37], ਪ੍ਰਾਣੀ ਮਰ ਮੁਕ ਜਾਂਦਾ[38] ਹੈ ।
ਤਿਆਗਿ[39] [40]ਗੋਬਿਦੁ[41] ਜੀਅਨ[42] ਕੋ ਦਾਤਾ[43] ਮਾਇਆ[44] ਸੰਗਿ[45] ਲਪਟਾਹਿ[46] ॥੧॥ ਰਹਾਉ॥	Forsaking[39] the Lord[41] of the world[40], the Donor[43] of the being[42], he is clung[46] to[45] wealth[44]. Pause.	ਜੀਵਾਂ[42] ਦੇ ਦਾਤਾਰ[43], ਸੰਸਾਰ[40] ਦੇ ਸੁਆਮੀ[41] ਨੂੰ ਛਡ[39] ਕੇ ਉਹ ਧਨ-ਦੌਲਤ[44] ਨਾਲ[45] ਚਿਮੜ ਗਿਆ[46] ਹੈ । ਠਹਿਰਾਉ ।
ਨਾਮੁ ਬਿਸਾਰਿ[47] ਚਲਹਿ[48] ਅਨ[49] ਮਾਰਗਿ[50] ਨਰਕ[51] ਘੋਰ[52] ਮਹਿ[53] ਪਾਹਿ[54] ॥	Forgetting[47] the Name, he treads[48] on another[49] path[50] and so falls[54] into[53] the terrible[52] hell[51].	ਨਾਮ ਨੂੰ ਭੁਲਾ[47] ਕੇ, ਉਹ ਹੋਰ[49] ਰਾਹ[50] ਉਤੇ ਟੁਰਦਾ[48] ਹੈ ਤੇ ਇਸ ਲਈ ਭਿਆਨਕ[52] ਦੋਜ਼ਕ[51] ਵਿਚ[53] ਪੈਂਦਾ[54] ਹੈ ।
ਅਨਿਕ[55] ਸਜਾਂਈ[56] ਗਣਤ[57] ਨ ਆਵੈ ਗਰਭੈ[58] ਗਰਭਿ ਭ੍ਰਮਾਹਿ[59] ॥੧॥	He is awarded various[55] punishments[56], which can be counted[57] not and wanders[59] he from womb[58] to womb	ਉਸ ਨੂੰ ਅਨੇਕਾਂ[55] ਡੰਡ[56] ਮਿਲਦੇ ਹਨ, ਜੋ ਗਿਣੇ[57] ਨਹੀਂ ਜਾ ਸਕਦੇ ਅਤੇ ਉਹ ਉਦਰੋਂ[58] ਉਦਰ ਭਟਕਦਾ[59] ਫਿਰਦਾ ਹੈ ।
ਸੇ[60]ਧਨਵੰਤੇ[61]ਸੇ ਪਤਵੰਤੇ[62] ਹਰਿ ਕੀ ਸਰਣਿ[63] ਸਮਾਹਿ[64] ॥	They[60] alone are men of riches[61] and they alone the men of honour[62], who merge[64] in the Lord's sanctuary[63].	ਕੇਵਲ ਉਹ[60] ਹੀ ਧਨਾਢ[61] ਹਨ ਅਤੇ ਕੇਵਲ ਉਹ ਹੀ ਇਜ਼ਤ ਆਬਰੂ[62] ਵਾਲੇ, ਜੋ ਪ੍ਰਭੂ ਦੀ ਪਨਾਹ[63] ਅਦਰ ਲੀਨ ਹੁੰਦੇ[64] ਹਨ ।
ਗੁਰ ਪ੍ਰਸਾਦਿ[65] ਨਾਨਕ ਜਗੁ ਜੀਤਿਓ ਬਹੁਰਿ[66] ਨ ਆਵਹਿ ਜਾਂਹਿ ॥ ੨ ॥੮੮॥੧੧੧॥	By the Guru's grace[65], O Nanak, they conquer the world and come and go not again[66].	ਗੁਰਾਂ ਦੀ ਦਇਆ[65] ਦੁਆਰਾ, ਉਹ ਸੰਸਾਰ ਨੂੰ ਜਿਤ ਲੈਂਦੇ ਹਨ, ਹੇ ਨਾਨਕ ! ਉਹ ਮੁੜ ਕੇ[66] ਆਉਂਦੇ ਤੇ ਜਾਂਦੇ ਨਹੀਂ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਹਰਿ ਕਾਟੀ[67] ਕੁਟਿਲਤਾ[68]	My crookedness[68], the Lord has hewed down[67] with an axe[69].	ਮੇਰਾ ਟੇਢਾਪਣ[68], ਪ੍ਰਭੂ ਨੇ ਕੁਹਾੜੇ[69] ਨਾਲ ਵਢ ਸੁਟਿਆ[67] ਹੈ ।
ਭ੍ਰਮ[70] ਬਨ[71] ਦਹਨ[72]	With the fire[75] of the Lord's Name,	ਪ੍ਰਭੂ ਦੇ ਨਾਮ ਦੀ ਅੱਗ[75] ਦੇ ਨਾਲ, ਇਕ ਮੁਹਤ[73]

ਭਏ ਖਿਨ[73] ਭੀਤਰਿ[74] ਰਾਮ ਨਾਮ ਪਰਹਾਰਿ[75] ॥ ੧॥ ਰਹਾਉ ॥

the forests[71] of doubt[70] are burnt[72] off in[74] a moment[73]. Pause.

ਵਿਚ[74], ਸੰਦੇਹ[70] ਦੇ ਜੰਗਲ[71] ਸੜ ਗਏ[72] ਹਨ । ਠਹਿਰਾਉ ।

ਕਾਮ[76] ਕ੍ਰੋਧ[77] ਨਿੰਦਾ[78] ਪਰਹਰੀਆ[79] ਕਾਢੇ[80] ਸਾਧੂ ਕੈ ਸੰਗਿ[81] ਮਾਰਿ[82] ॥

I am rid[79] of lust[76], wrath[77] and slander[78]. Associating with the saints[81] I have thrashed[82] and driven[80] them out.

ਮੈਂ ਕਾਮਚੇਸ਼ਟਾ[76], ਗੁੱਸੇ[77] ਅਤੇ ਬਦਖੋਈ[78] ਕਰਨ ਤੋਂ ਖ਼ਲਾਸੀ[79] ਪਾ ਗਿਆ ਹਾਂ । ਸਤਿਸੰਗਤ[81] ਰਾਹੀਂ ਮੈਂ ਉਹਨਾਂ ਨੂੰ ਕੁਟ ਮਾਰ ਕੇ[82] ਕਢ ਦਿਤਾ[80] ਹੈ ।

੧੨੨੬ / 1226

ਜਨਮੁ[83] ਪਦਾਰਥੁ[84] ਗੁਰਮੁਖਿ[85] ਜੀਤਿਆ[86] ਬਹੁਰਿ[87] ਨ ਜੂਐ[88] ਹਾਰਿ ॥੧॥

By the Guru's grace[85], my invaluable[84] human life[83] has become fruitful[86] and I shall lose it not in gamble[88], again[87].

ਗੁਰਾਂ ਦੀ ਦਇਆ[85] ਦੁਆਰਾ, ਮੇਰਾ ਅਮੋਲਕ[84] ਮਨੁਖੀ ਜੀਵਨ[83] ਸਫ਼ਲ[86] ਹੋ ਗਿਆ ਹੈ ਅਤੇ ਮੈਂ ਮੁੜ[87] ਕੇ ਇਸ ਨੂੰ ਜੂਏ[88] ਵਿਚ ਨਹੀਂ ਹਾਰਾਂਗਾ ।

ਆਠ ਪਹਰ ਪ੍ਰਭ ਕੇ ਗੁਣ[89] ਗਾਵਹ ਪੂਰਨ[90] ਸਬਦਿ[91] ਬੀਚਾਰਿ[92] ॥

The eight watches through, I sing the Lord's praises[89] and reflect[92] on the Perfect[90] Lord[91].

ਅਠੇ ਪਹਿਰ ਹੀ, ਮੈਂ ਸੁਆਮੀ ਦੀਆਂ ਸਿਫ਼ਤਾਂ[89] ਗਾਇਨ ਕਰਦਾ ਅਤੇ ਮੁਕੰਮਲ[90] ਮਾਲਕ[91] ਨੂੰ ਆਰਾਧਦਾ[92] ਹਾਂ ।

ਨਾਨਕ ਦਾਸਨਿ[93] ਦਾਸੁ ਜਨੁ[94] ਤੇਰਾ ਪੁਨਹ ਪੁਨਹ[95] ਨਮਸਕਾਰਿ[96] ॥੨॥ ੩੯ ॥ ੧੧੨॥

O Lord, Nanak, Thy servant[94], is the slave of Thine slaves[93] and over and over again[95], makes obeisance[96] unto Thee.

ਹੇ ਪ੍ਰਭੂ ! ਨਾਨਕ, ਤੇਰਾ ਨੌਕਰ[94], ਤੇਰੇ ਗੋਲਿਆਂ ਦਾ ਗੋਲਾ[93] ਹੈ ਅਤੇ ਬਾਰੰਬਾਰ[95], ਤੈਨੂੰ ਪਰਨਾਮ[96] ਕਰਦਾ ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਪੋਥੀ[97] ਪਰਮੇਸਰ[98] ਕਾ ਥਾਨੁ[99] ॥

This Holy Book[97] (the Adi Granth) is the abode[99] of the Transcendent Lord[98].

ਇਹ ਪਵਿੱਤ੍ਰ ਪੁਸਤਕ[97], (ਆਦਿ ਗ੍ਰੰਥ ਸਾਹਿਬ) ਪਰਮ ਪ੍ਰਭੂ[98] ਦਾ ਨਿਵਾਸ ਅਸਥਾਨ[99] ਹੈ ।

ਸਾਧ ਸੰਗਿ ਗਾਵਹਿ ਗੁਣ[100] [2]ਗੋਬਿੰਦ[3] ਪੂਰਨ[4] ਬ੍ਰਹਮ[5] ਗਿਆਨੁ ॥੧॥ ਰਹਾਉ ॥

Whosoever sings the World[2]-Lord's[3] praise[100] in the society of the saints; he is blessed with the perfect[4] Divine knowledge[5]. Pause.

ਜੋ ਕੋਈ ਭੀ ਸਤਿਸੰਗਤ ਅੰਦਰ ਸ੍ਰਿਸ਼ਟੀ[2] ਦੇ ਸੁਆਮੀ[3] ਦੀ ਸਿਫ਼ਤ[100] ਗਾਇਨ ਕਰਦਾ ਹੈ; ਉਸ ਨੂੰ ਮੁਕੰਮਲ[4] ਈਸ਼ਵਰੀ ਗਿਆਤ[5] ਪਰਾਪਤ ਹੋ ਜਾਂਦੀ ਹੈ । ਠਹਿਰਾਉ ।

ਸਾਧਿਕ[6] ਸਿਧ[7] ਸਗਲ[8] ਮੁਨਿ[9] ਲੋਚਹਿ[10] ਬਿਰਲੇ[12] ਲਾਗੈ[13] ਧਿਆਨੁ[14] ॥

The strivers[6], the adepts[7] and all[8] the silent-sages[9] long for[10] the Lord, but few[12] obtain[13] concentration[14] on Him.

ਅਭਿਆਸੀ[6], ਪੂਰਨ ਪੁਰਸ਼[7] ਅਤੇ ਸਮੂਹ[8] ਖ਼ਾਮੋਸ਼-ਰਿਸ਼ੀ[9] ਸੁਆਮੀ ਨੂੰ ਲੋਚਦੇ[10] ਹਨ, ਪ੍ਰੰਤੂ ਕਿਸੇ ਟਾਂਵੇ ਟਲੇ[12] ਦੀ ਬਿਰਤੀ[14] ਹੀ ਉਸ ਨਾਲ ਜੁੜਦੀ[13] ਹੈ ।

ਜਿਸਹਿ ਕ੍ਰਿਪਾਲੁ[15] ਹੋਇ ਮੇਰਾ ਸੁਆਮੀ ਪੂਰਨ[16] ਤਾ ਕੇ[17] ਕਾਮੁ[18] ॥ ੧ ॥

He, on whom my Lord is merciful[15]; his[17] tasks[18] are accomplished[16].

ਜਿਸ ਉਤੇ ਮੇਰਾ ਮਾਲਕ ਮਿਹਰਬਾਨ[15] ਹੋ ਜਾਂਦਾ ਹੈ; ਉਸ ਦੇ[17] ਕਾਰਜ[18] ਸੰਪੂਰਨ[16] ਹੋ ਜਾਂਦੇ ਹਨ ।

ਜਾ ਕੈ ਰਿਦੈ[19] ਵਸੈ ਭੈ[20]

He, in whose heart[19], God, the

ਜਿਸ ਦੇ ਦਿਲ[19] ਅੰਦਰ ਡਰ[20] ਨਾਸ ਕਰਣਹਾਰ[21]

ਭੰਜਨੁ[21] ਤਿਸੁ[22] ਜਾਨੈ ਸਗਲ ਜਹਾਨੁ[23] ॥

Destroyer[21] of fear[20] resides, Him[22] knows the whole world[23].

ਵਾਹਿਗੁਰੂ ਵਸਦਾ ਹੈ, ਉਸ ਨੂੰ[22] ਸਾਰਾ ਸੰਸਾਰ[23] ਜਾਣਦਾ ਹੈ।

ਖਿਨੁ[24] ਪਲੁ[25] ਬਿਸਰੁ[26] ਨਹੀ ਮੇਰੇ ਕਰਤੇ[27] ਇਹੁ ਨਾਨਕੁ ਮਾਂਗੈ ਦਾਨੁ[28] ॥ ੨॥੯੦॥੧੧੩॥

Nanak begs this gift[28] of Thee, O my Creator[27]-Lord, that I may not forget[26] Thee even for a moment[24] and an instant[25].

ਨਾਨਕ ਤੇਰੇ ਕੋਲੋਂ ਇਹ ਦਾਤ[28] ਮੰਗਦਾ ਹੈ, ਹੇ ਮੇਰੇ ਸਿਰਜਣਹਾਰ[27] ਸੁਆਮੀ ! ਕਿ ਮੈਂ ਤੈਨੂੰ ਇਕ ਮੁਹਤ[24] ਤੇ ਨਿਮਖ[25] ਭਰ ਲਈ ਨਾ ਭੁੱਲਾਂ[26]।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਵੂਠਾ[29] ਸਰਬ[30] ਥਾਈ[31] ਮੇਹੁ ॥

In all[30] the places[31], the rain has fallen[29].

ਸਾਰੀਆਂ[30] ਥਾਵਾਂ[31] ਤੇ, ਮੀਂਹ ਪੈ ਗਿਆ[29] ਹੈ।

ਅਨਦ[32] ਮੰਗਲ[34] ਗਾਉ ਹਰਿ ਜਸੁ[33] ਪੂਰਨ[35] ਪ੍ਰਗਟਿਓ[36] ਨੇਹੁ[37] ॥੧॥ ਰਹਾਉ॥

Singing the God's praise[33] with glee[32] and gladness[34], the love[37] of the Perfect Lord[35] becomes manifest[36]. Pause.

ਖ਼ੁਸ਼ੀ[32] ਅਤੇ ਪ੍ਰਸੰਨਤਾ ਨਾਲ[34] ਵਾਹਿਗੁਰੂ ਦੀ ਮਹਿਮਾ[33] ਗਾਇਨ ਕਰਨ ਦੁਆਰਾ, ਪੂਰੇ ਪ੍ਰਭੂ[35] ਦਾ ਪ੍ਰੇਮ[37] ਪਰਤੱਖ[36] ਹੋ ਜਾਂਦਾ ਹੈ। ਠਹਿਰਾਉ।

ਚਾਰਿ[38] ਕੁੰਟ[39] ਦਹ[40] ਦ੍ਰਿਸਿ[41] [42]ਜਲਨਿਧਿ[43] ਊਨ[44] ਥਾਉ[45] ਨ ਕੇਹੁ ॥

In four[38] sides[39] and ten[40] directions[41] God, the Ocean[43] of water[42], is contained and not a place[45] is devoid[44] of Him.

ਚਾਰੇ[38] ਹੀ ਪਾਸਿਆਂ[39] ਅਤੇ ਦਸਾਂ[40] ਹੀ ਤਰਫ਼ਾਂ[41] (ਦਿਸ਼ਾਂ) ਅੰਦਰ ਪਾਣੀ[42] ਦਾ ਸਮੁੰਦਰ[43], ਵਾਹਿਗੁਰੂ ਰਮਿਆ ਹੋਇਆ ਹੈ ਤੇ ਕੋਈ ਭੀ ਥਾਂ[45] ਉਸ ਤੋਂ ਖ਼ਾਲੀ[44] ਨਹੀਂ।

ਕ੍ਰਿਪਾ[46] ਨਿਧਿ[47] ਗੋਬਿੰਦ[48] ਪੂਰਨ[49] ਜੀਅ[50] ਦਾਨੁ[51] ਸਭ[52] ਦੇਹੁ[53] ॥੧॥

My Perfect[49] Lord[48], the sea[47] of mercy[46], blesses[53] every one[52] with the boon[51] of life[50].

ਰਹਿਮਤ[46] ਦਾ ਸਮੁੰਦਰ[47], ਮੇਰਾ ਮੁਕੰਮਲ[49] ਮਾਲਕ[48], ਹਰ ਜਣੇ[52] ਨੂੰ ਜੀਵਨ[50] ਦੀ ਦਾਤ[51] ਬਖ਼ਸ਼ਦਾ[53] ਹੈ।

ਸਤਿ[54] ਸਤਿ ਹਰਿ ਸਤਿ ਸੁਆਮੀ ਸਤਿ ਸਾਧ[55] ਸੰਗੇਹੁ ॥

True[54], True, True is my Lord Master and true is the saints' congregation[55].

ਸੱਚਾ[54], ਸੱਚਾ, ਸੱਚਾ ਹੈ ਮੇਰਾ ਸਾਹਿਬ ਮਾਲਕ ਅਤੇ ਸੱਚੀ ਹੈ ਉਸ ਦੀ ਸਤਿਸੰਗਤ[55]।

ਸਤਿ ਤੇ[56] ਜਨ[57] ਜਿਨ ਪਰਤੀਤਿ[58] ਉਪਜੀ[59] ਨਾਨਕ ਨਹ ਭਰਮੇਹੁ[60] ॥ ੨॥੯੧॥੧੧੪॥

True are the[56] persons[57], O Nanak, within whom wells up[59] faith[58] and then they wander[60] not.

ਸੱਚੇ ਹਨ ਉਹ[56] ਪੁਰਸ਼[57] ਹੇ ਨਾਨਕ! ਜਿਨ੍ਹਾਂ ਦੇ ਅੰਦਰ ਭਰੋਸਾ[58] ਉਤਪੰਨ ਹੋ ਜਾਂਦਾ[59] ਹੈ ਅਤੇ ਤਦ ਉਹ ਭਟਕਦੇ[60] ਨਹੀਂ।

ਸਾਰੰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਗੋਬਿਦ[61] ਜੀਉ[62] ਤੂ ਮੇਰੇ ਪ੍ਰਾਨ[63] ਅਧਾਰ[64] ॥

O my Sire[62] Lord[61], Thou art the mainstay[64] of my vital breath[63].

ਹੇ ਮੇਰੇ ਮਹਾਰਾਜ[62] ਮਾਲਕ[61] ! ਤੂੰ ਮੇਰੀ ਜਿੰਦ-ਜਾਨ[63] ਦਾ ਆਸਰਾ[64] ਹੈਂ।

ਸਾਜਨ[65] ਮੀਤ[66] ਸਹਾਈ[67] ਤੁਮ ਹੀ ਤੂ ਮੇਰੋ ਪਰਵਾਰ[68] ॥੧॥ਰਹਾਉ॥

Thou alone art my Friend[65], Intimate[66] and Helper[67] and Thou alone art my family[68]. Pause.

ਕੇਵਲ ਤੂੰ ਹੀ ਮੇਰਾ ਯਾਰ[65], ਦੋਸਤ[66] ਅਤੇ ਸਹਾਇਕ[67] ਹੈਂ ਅਤੇ ਕੇਵਲ ਤੂੰ ਹੀ ਮੇਰਾ ਟੱਬਰ ਕਬੀਲਾ[68] ਹੈਂ। ਠਹਿਰਾਉ।

ਕਰੁ[69] ਮਸਤਕਿ[70]ਧਾਰਿਓ[71]

Thou hast placed[71] Thy hand[69] on

ਤੂੰ ਮੇਰੇ ਮੱਥੇ[70] ਅਤੇ ਪੇਸ਼ਾਨੀ[72] ਉਤੇ ਆਪਣਾ ਹੱਥ[69]

ਮੇਰੈ ਮਾਥੈ[72] ਸਾਧ ਸੰਗਿ[73] ਗੁਣ[74] ਗਾਏ ॥

my forehead[70] and brow[72] and I sing Thine praise[74] meeting[73] with the saints.

ਰੱਖਿਆ[71] ਹੈ, ਤੇ ਮੈਂ ਸੰਤਾਂ ਨਾਲ ਮਿਲ ਕੇ[73] ਤੇਰਾ ਜੱਸ[74] ਗਾਉਂਦਾ ਹਾਂ ।

ਤੁਮਰੀ ਕ੍ਰਿਪਾ[75] ਤੇ ਸਭ ਫਲ[76] ਪਾਏ ਰਸਕਿ[77] ਰਾਮਨਾਮ ਧਿਆਏ[78] ॥੧॥

By Thy grace[75] I have obtained all fruits[76] and imbued with[77] love I contemplate[78] Thy Name.

ਤੇਰੀ ਦਇਆ[75] ਦੁਆਰਾ ਮੈਨੂੰ ਸਾਰੇ ਮੇਵੇ[76] ਪਰਾਪਤ ਹੋ ਗਏ ਹਨ ਅਤੇ ਪ੍ਰੇਮ ਨਾਲ ਰੰਗੀਜ[77] ਮੈਂ ਤੇਰੇ ਨਾਮ ਨੂੰ ਸਿਮਰਦਾ[78] ਹਾਂ ।

ਅਬਿਚਲ[79] ਨੀਵ[80] ਧਰਾਈ[81] ਸਤਿਗੁਰਿ ਕਬਹੂ[82] ਡੋਲਤ[83] ਨਾਹੀ ॥

Eternal[79] is the foundation[80], that the True Guru has laid[81] and it staggers[83] not ever[82].

ਸੱਚੇ ਗੁਰਾਂ ਨੇ ਅਬਿਨਾਸੀ[79] ਬੁਨਿਆਦ[80] ਰੱਖੀ[81] ਹੈ ਅਤੇ ਇਹ ਕਦਾਚਿਤ[82] ਡਿਕਡੋਲੇ[83] ਨਹੀਂ ਖਾਂਦੀ ।

ਗੁਰ ਨਾਨਕ ਜਬ[84] ਭਏ ਦਇਆਲਾ[85] ਸਰਬ[86] ਸੁਖਾ ਨਿਧਿ[87] ਪਾਂਹੀ[88] ॥੨॥੯੨॥੧੧੫॥

When[84] Guru Nanak becomes merciful[85] to me, then I am blessed[88] with the treasure[87] of all[86] the comforts.

ਜਦ[84] ਗੁਰੂ ਨਾਨਕ ਦੇਵ ਮੇਰੇ ਉਤੇ ਮਿਹਰਬਾਨ[85] ਹੋ ਜਾਂਦੇ ਹਨ ਤਾਂ ਮੈਂ ਸਾਰੇ[86] ਆਰਾਮਾਂ ਦੇ ਖ਼ਜ਼ਾਨੇ[87] ਨੂੰ ਪਾ ਲੈਂਦਾ[88] ਹਾਂ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਨ੍ਰਿਬਹੀ[89] ਨਾਮ ਕੀ ਸਚੁ ਖੇਪ[90] ॥

The true merchandise[90] of the Lord's Name alone stands[89] by me.

ਕੇਵਲ ਪ੍ਰਭੂ ਦੇ ਨਾਮ ਦਾ ਸੱਚਾ ਸੌਦਾ ਸੂਤ[90] ਹੀ ਮੇਰਾ ਸਾਥ ਦਿੰਦਾ[89] ਹੈ ।

ਲਾਭੁ[91] ਹਰਿ ਗੁਣ[92] ਗਾਇ ਨਿਧਿ[93] ਧਨੁ[94] ਬਿਖੈ[95] ਮਾਹਿ[96] ਅਲੇਪ[97] ॥੧॥ਰਹਾਉ॥

Singing the praise[92] of God, the Treasure[93] of wealth[94], I have earned profit[91] and thiswise remain detached[97] in[96] the midst of mammon[95]. Pause.

ਧਨ-ਦੌਲਤ[94] ਦੇ ਖ਼ਜ਼ਾਨੇ[93] ਵਾਹਿਗੁਰੂ ਦਾ ਜੱਸ[92] ਗਾਇਨ ਕਰਨ ਦੁਆਰਾ ਮੈਂ ਨਫ਼ਾ[91] ਕਮਾ ਲਿਆ ਹੈ ਤੇ ਇਸ ਤਰ੍ਹਾਂ ਮਾਇਆ[95] ਅੰਦਰ[96] ਨਿਰਲੇਪ[97] ਰਹਿੰਦਾ ਹੈ । ਠਹਿਰਾਉ ।

ਜੀਅ ਜੰਤ[98] ਸਗਲ ਸੰਤੋਖੇ[99] ਆਪਨਾ ਪ੍ਰਭੁ ਧਿਆਇ[100] ॥

All the sentient beings[98] become content[99], meditating[100] on their Lord.

ਆਪਣੇ ਸੁਆਮੀ ਦਾ ਸਿਮਰਨ ਕਰਨ[100] ਦੁਆਰਾ, ਸਾਰੇ ਪ੍ਰਾਣੀ[98] ਸੰਤੁਸ਼ਟ[99] ਹੋ ਜਾਂਦੇ ਹਨ ।

ਰਤਨ[2] ਜਨਮੁ[3] ਅਪਾਰ[4] ਜੀਤਿਓ[5] ਬਹੁੜਿ[6] ਜੋਨਿ[7] ਨ ਪਾਇ[8] ॥੧॥

My priceless[2] life[3], I have made infinitely[4] fruitful[5] and so I shall enter[8] not into existences[7], again[6].

ਆਪਣੇ ਅਮੋਲਕ[2] ਜੀਵਨ[3] ਨੂੰ ਮੈਂ ਪਰਮ[4] ਲਾਭਦਾਇਕ[5] ਬਣਾ ਲਿਆ ਹੈ ਅਤੇ ਇਸ ਲਈ ਮੈਂ ਮੁੜ ਕੇ[6] ਜੂਨੀਆਂ[7] ਵਿਚ ਨਹੀਂ ਪਵਾਂਗਾ[8] ।

ਭਏ ਕ੍ਰਿਪਾਲ[9] ਦਇਆਲ[10] ਗੋਬਿਦ ਭਇਆ[12] ਸਾਧੂ ਸੰਗੁ ॥

When the Lord becomes merciful[9] and compassionate[10], one meets[12] with the society of the saints.

ਜਦ ਮਾਲਕ, ਮਇਆਵਾਨ[9] ਅਤੇ ਮਿਹਰਬਾਨ[10] ਹੋ ਜਾਂਦਾ ਹੈ, ਜੀਵ ਸਤਿਸੰਗਤ ਨਾਲ ਜੁੜ ਜਾਂਦਾ[12] ਹੈ ।

ਹਰਿ ਚਰਨ[13] ਰਾਸਿ[14] ਨਾਨਕ ਪਾਈ ਲਗਾ ਪ੍ਰਭ ਸਿਉ[16] ਰੰਗੁ[17] ॥੨॥੯੩॥੧੧੬॥

Nanak has obtained the wealth[14] of God's feet[13] and he is imbued with[16] the Lord's love[17].

ਨਾਨਕ ਨੂੰ ਵਾਹਿਗੁਰੂ ਦੇ ਪੈਰਾਂ[13] ਦੀ ਦੌਲਤ[14] ਪਰਾਪਤ ਹੋ ਗਈ ਹੈ ਅਤੇ ਉਹ ਪ੍ਰਭੂ ਦੀ ਪ੍ਰੀਤ[17] ਦੇ ਨਾਲ[16] ਰੰਗਿਆ ਗਿਆ ਹੈ ।

ਸਾਰਗ ਮਹਲਾ ੫ ॥
ਮਾਈ ਰੀ ਪੇਖਿ[18] ਰਹੀ ਬਿਸਮਾਦ[19] ॥
ਅਨਹਦ[20] ਧੁਨੀ ਮੇਰਾ ਮਨੁ[22] ਮੋਹਿਓ[21] ਅਚਰਜ[23] ਤਾਕੇ[24] ਸ੍ਵਾਦ[25] ॥ ੧ ॥ ਰਹਾਉ ॥
ਮਾਤ[26] ਪਿਤਾ[27] ਬੰਧਪ[28] ਹੈ ਸੋਈ[29] ਮਨਿ ਹਰਿ ਕੋ ਅਹਿਲਾਦ[30] ॥
ਸਾਧ ਸੰਗਿ ਗਾਏ ਗੁਨ[31] ਗੋਬਿੰਦ ਬਿਨਸਿਓ[32] ਸਭੁ ਪਰਮਾਦ[33] ॥ ੧॥
ਡੋਰੀ[34] ਲਪਟਿ[35] ਰਹੀ ਚਰਨਹ[36] ਸੰਗਿ[37] ਭ੍ਰਮ[38] ਭੈ[39] ਸਗਲੇ ਖਾਦ[40] ॥
ਏਕੁ ਅਧਾਰੁ[41] ਨਾਨਕ ਜਨ[42] ਕੀਆ ਬਹੁਰਿ[43] ਨ ਜੋਨਿ[44] ਭ੍ਰਮਾਦ[45] ॥ ੨ ॥ ੯੪॥੧੧੭॥

Sarang 5th Guru.

O my mother, I am wonderstuck[19] to see[18] my Lord.

My soul[22] is bewitched[21] by the unstruck melody[20], wondrous[23] is whose[24] relish[25]. Pause.

He[29], the Lord, is my Mother[26], Father[27] and kinsman[28] and my mind is blessed with His Bliss[30].

Singing the Lord's praise[31] in the saints' society, all my illusions[33] are dispelled[32].

I am attached[35] in love[34] with[37] the Lord's feet[36] and my doubt[38] and dread[39] are all eaten up[40].

Slave[42] Nanak has taken the support[41] of One Lord and so he shall wander[45] not in existences[44] again[43].

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹੇ ਮੇਰੀ ਮਾਤਾ ! ਆਪਣੇ ਸੁਆਮੀ ਨੂੰ ਵੇਖ[18] ਮੈਂ ਅਸਚਰਜ ਹੋ ਗਈ[19] ਹਾਂ ।

ਸੁਤੇ ਸਿਧ ਹੋਣ ਵਾਲੇ ਕੀਰਤਨ[20], ਅਦਭੁਤ[23] ਹੈ ਜਿਸ ਦਾ[24] ਸੁਆਦ[25], ਨਾਲ ਮੇਰੀ ਜਿੰਦੜੀ[22] ਫਰੇਫਤਾ ਹੋ ਗਈ[21] ਹੈ ।

ਉਹ[29] ਪ੍ਰਭੂ ਮੇਰੀ ਮਾਂ[26], ਪਿਉ[27] ਤੇ ਸਨਬੰਧੀ[28] ਹੈ ਅਤੇ ਮੇਰੇ ਚਿਤ ਨੂੰ ਉਸ ਦੀ ਖੁਸ਼ੀ[30] ਦੀ ਦਾਤ ਪਰਾਪਤ ਹੋਈ ਹੈ ।

ਸਤਿਸੰਗਤ ਅੰਦਰ ਪ੍ਰਭੂ ਦੀ ਕੀਰਤੀ[31] ਗਾਇਨ ਕਰਨ ਦੁਆਰਾ, ਮੇਰੇ ਸਾਰੇ ਭੁਲੇਖੇ[33] ਦੂਰ ਹੋ ਗਏ[32] ਹਨ ।

ਮੇਰੀ ਪ੍ਰੀਤ[34] ਪ੍ਰਭੂ ਦੇ ਚਰਨਾਂ[36] ਨਾਲ[37] ਲਗੀ ਹੋਈ[35] ਹੈ ਅਤੇ ਮੇਰਾ ਸੰਦੇਹ[38] ਅਤੇ ਡਰ[39] ਸਾਰੇ ਖਾਧੇ ਗਏ[40] ਹਨ ।

ਗੋਲੇ[42] ਨਾਨਕ ਨੇ ਇਕ ਸੁਆਮੀ ਦਾ ਹੀ ਆਸਰਾ[41] ਲਿਆ ਹੈ ਤੇ ਇਸ ਲਈ ਉਹ ਮੁੜ ਕੇ[43] ਜੂਨੀਆਂ[44] ਅੰਦਰ ਨਹੀਂ ਭਟਕੇਗਾ[45] ।

੧੨੨੭ / 1227

ਸਾਰਗ ਮਹਲਾ ੫ ॥
ਮਾਈ ਰੀ ਮਾਤੀ[46] ਚਰਣ[47] ਸਮੂਹ[48] ॥
ਏਕਸੁ ਬਿਨੁ ਹਉ ਆਨ[49] ਨ ਜਾਨਉ ਦੁਤੀਆ ਭਾਉ[50] ਸਭ[51] ਲੂਹ[52]॥੧॥ ਰਹਾਉ॥
ਤਿਆਗਿ[53] ਗੁਪਾਲ[54] ਅਵਰ[55] ਜੋ ਕਰਣਾ ਤੇ[56] ਬਿਖਿਆ[57] ਕੇ ਖੂਹ[58] ॥
ਦਰਸ[59] ਪਿਆਸ[60] ਮੇਰਾ ਮਨੁ ਮੋਹਿਓ[63] ਕਾਢੀ[61] ਨਰਕ[62] ਤੇ ਧੂਹ[64] ॥ ੧ ॥
ਸੰਤ ਪ੍ਰਸਾਦਿ[65] ਮਿਲਿਓ ਸੁਖਦਾਤਾ[66] ਬਿਨਸੀ[67]

Sarang 5th Guru.

O mother, I am wholly[48] absorbed[46] in the love of my Lord's feet[47].

Without the One Lord, I know not another[49] I have wholly[51] burnt off[52] my sense of duality[50] Pause.

Abandoning[53] the Lord[54], to do aught else[55] ; that[56] is to fall into the well[58] of vice[57].

My soul is bewitched[63] by the thirst[60] of the Lord's vision[59] and my Lord has pulled[64] me out[61] of the hell[62].

By the saints grace[65], I have met with my bliss-giving[66] Lord and my

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹੇ ਮੇਰੀ ਮਾਤਾ ! ਮੈਂ ਆਪਣੇ ਪ੍ਰਭੂ ਦੇ ਪੈਰਾਂ[47] ਦੀ ਪ੍ਰੀਤ ਅੰਦਰ ਪੂਰੀ ਤਰ੍ਹਾਂ[48] ਲੀਨ ਹੋਈ ਹੋਈ[46] ਹਾਂ ।

ਇਕ ਸੁਆਮੀ ਦੇ ਬਗੈਰ ਮੈਂ ਹੋਰਸ ਕਿਸੇ[49] ਨੂੰ ਨਹੀਂ ਜਾਣਦੀ । ਆਪਣੇ ਦਵੈਤ ਭਾਵ[50] ਨੂੰ ਮੈਂ ਪੂਰੀ ਤਰ੍ਹਾਂ[51] ਸਾੜ ਸੁਟਿਆ[52] ਹੈ । ਠਹਿਰਾਉ ।

ਪ੍ਰਭੂ[54] ਨੂੰ ਛਡ ਕੇ[53], ਹੋਰ ਕੁਝ[55] ਭੀ ਕਰਨਾ; ਉਹ[56] ਪਾਪ[57] ਦੇ ਖੂਹ[58] ਵਿਚ ਡਿਗਣਾ ਹੈ ।

ਮੇਰੀ ਜਿੰਦੜੀ ਨੂੰ ਪ੍ਰਭੂ ਦੇ ਦੀਦਾਰ[59] ਦੀ ਤਰੇਹ[60] ਨੇ ਮੋਹਿਤ ਕਰ ਲਿਆ[63] ਹੈ ਅਤੇ ਮੇਰੇ ਪ੍ਰਭੂ ਨੇ ਮੈਨੂੰ ਦੋਜ਼ਕ[62] ਵਿੱਚੋਂ ਬਾਹਰ[61] ਖਿਚ ਲਿਆ[64] ਹੈ ।

ਸਾਧੂਆਂ ਦੀ ਦਇਆ[65] ਦੁਆਰਾ, ਮੈਂ ਆਪਣੇ ਖੁਸ਼ੀ ਦੇਣਹਾਰ[66] ਪ੍ਰਭੂ ਨੂੰ ਮਿਲ ਪਿਆ ਹਾਂ ਅਤੇ ਮੇਰਾ ਹੰਕਾਰ[68]

ਹਉਮੈ[68] ਹੂਹ[69] ॥	noise[69] of ego[68] is stilled[67].	ਦਾ ਰੌਲਾ[69] ਮਿਟ ਗਿਆ[67] ਹੈ ।
ਰਾਮ ਰੰਗਿ[70] ਰਾਤੇ[71] ਦਾਸ[72] ਨਾਨਕ ਮਉਲਿਓ[73] ਮਨੁ ਤਨੁ ਜੂਹ[74] ॥ ੨ ॥ ੯੫ ॥ ੧੧੮ ॥	Servant[72] Nanak is imbued[71] with the love[70] of his Lord and the forest[74] of his soul and body has flowered[73].	ਨਫਰ[72] ਨਾਨਕ ਆਪਣੇ ਪ੍ਰਭੂ ਦੀ ਪ੍ਰੀਤ[70] ਨਾਲ ਰੰਗਿਆ ਗਿਆ[71] ਹੈ ਅਤੇ ਉਸ ਦੀ ਜਿੰਦੜੀ ਤੇ ਦਿਹ ਦਾ ਬਨ[74] ਪ੍ਰਫੁਲਤ ਹੋ ਗਿਆ[73] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਬਿਨਸੇ[75] ਕਾਚ[76] ਕੇ ਬਿਉਹਾਰ[77] ॥	O man, the false[76] worldly affairs[77] are of no avail[75].	ਹੇ ਬੰਦੇ ! ਕੂੜੇ[76] ਸੰਸਾਰੀ ਵਿਹਾਰ[77] ਕਿਸੇ ਕੰਮ[75] ਨਹੀਂ ਆਉਂਦੇ ।
ਰਾਮ ਭਜੁ[78] ਮਿਲਿ ਸਾਧ ਸੰਗਤਿ ਇਹੈ ਜਗ ਮਹਿ ਸਾਰ[79] ॥੧॥ ਰਹਾਉ ॥	Meeting with the saints' society, contemplate[78] thou thy Lord. This alone is the sublime[79] thing in this world. Pause	ਸਤਿਸੰਗਤ ਨਾਲ ਮਿਲ ਕੇ, ਤੂੰ ਆਪਣੇ ਸੁਆਮੀ ਦਾ ਸਿਮਰਨ ਕਰ[78] । ਇਸ ਜਹਾਨ ਵਿਚ ਕੇਵਲ ਇਹ ਵਸਤੂ ਹੀ ਸਰੇਸ਼ਟ[79] ਹੈ । ਠਹਿਰਾਉ ।
ਈਤ[80] ਊਤ[81] ਨ ਡੋਲਿ[82] ਕਤਹੂ[83] ਨਾਮੁ ਹਿਰਦੈ[84] ਧਾਰਿ[85] ॥	Enshrining[85] the Lord's Name in thy mind[84], here[80] and hereafter[81], thou shalt waver[82] not ever[83].	ਸਾਂਈਂ ਦੇ ਨਾਮ ਨੂੰ ਆਪਣੇ ਮਨ[84] ਵਿਚ ਟਿਕਾਉਣ[85] ਦੁਆਰਾ, ਏਥੇ[80] ਅਤੇ ਓਥੇ[81] ਤੂੰ ਕਦੇ ਭੀ[83] ਡਿਕਡੋਲੇ[82] ਨਹੀਂ ਖਾਵੇਂਗਾ ।
ਗੁਰ ਚਰਨ[86] ਬੋਹਿਥ[87] ਮਿਲਿਓ[91] ਭਾਗੀ[88] ਉਤਰਿਓ[89] ਸੰਸਾਰ[90] ॥੧॥	Obtaining[91] the boat[87] of the Guru's feet[86] by good fortune[88], thou shalt cross[89] the world[90] ocean.	ਭਾਰੀ ਪ੍ਰਾਲਬਧ[88] ਦੁਆਰਾ ਗੁਰਾਂ ਦੇ ਪੈਰਾਂ[86] ਦਾ ਜਹਾਜ਼[87] ਪਰਾਪਤ[91] ਕਰ ਕੇ ਤੂੰ ਜਗ[90] ਦੇ ਸਮੁੰਦਰ ਤੋਂ ਪਾਰ ਉਤਰ ਜਾਵੇਂਗਾ[89] ।
ਜਲਿ[92] ਥਲਿ[93] ਮਹੀਅਲਿ[94] ਪੂਰਿ[95] ਰਹਿਓ ਸਰਬ[96] ਨਾਥ[97] ਅਪਾਰ[98] ॥	The Infinite[98] Lord[97] of all[96] is fully-filling[95] the ocean[92], the land[93] and the sky[94].	ਸਾਰਿਆਂ[96] ਦਾ ਬੇਅੰਤ[98] ਸੁਆਮੀ[97], ਸਮੁੰਦਰ[92], ਧਰਤੀ[93] ਅਤੇ ਅਸਮਾਨ[94] ਨੂੰ ਪਰੀਪੂਰਨ ਕਰ ਰਿਹਾ[95] ਹੈ ।
ਹਰਿ ਨਾਮੁ ਅੰਮ੍ਰਿਤੁ[99] ਪੀਉ[100] ਨਾਨਕ ਆਨ[2] ਰਸ[3] ਸਭਿ ਖਾਰ[4] ॥ ੨ ॥ ੯੬॥੧੧੯॥	Says Nanak, quaff[100] thou the nectar[99] of the God's Name. Bitter[4] are all other[2] relishes[3].	ਗੁਰੂ ਜੀ ਫੁਰਮਾਉਂਦੇ ਹਨ, ਤੂੰ ਵਾਹਿਗੁਰੂ ਦੇ ਨਾਮ ਦੇ ਸੁਧਾਰਸ[99] ਨੂੰ ਪਾਨ ਕਰ[100] । ਕੌੜੇ[4] ਹਨ ਹੋਰ ਸਾਰੇ[2] ਸੁਆਦ[3] ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਤਾਤੇ[5] ਕਰਣੁ[6] ਪਲਾਹ ਕਰੇ ॥ ਮਹਾ[7] ਬਿਕਾਰ[8] ਮੋਹ[9] ਮਦ[10] ਮਾਤੇ[12] ਸਿਮਰਤ[13] ਨਾਹਿ ਹਰੇ ॥ ੧॥ ਰਹਾਉ ॥	Inebriated[12] with the great[7] sins[8] of worldly love[9] and self-conceit[10], the mortal contemplates[13] not his God and so[5] wails[6] he in pain. Pause.	ਸੰਸਾਰੀ ਮਮਤਾ[9] ਅਤੇ ਸਵੈ-ਹੰਗਤਾ[10] ਦੇ ਪਰਮ[7] ਪਾਪਾਂ[8] ਨਾਲ ਨਸ਼ਈ ਹੋਇਆ ਹੋਇਆ[12], ਪ੍ਰਾਣੀ ਆਪਣੇ ਵਾਹਿਗੁਰੂ ਨੂੰ ਨਹੀਂ ਅਰਾਧਦਾ[13] ਤੇ ਇਸ ਲਈ[5] ਉਹ ਦੁਖ ਅੰਦਰ ਵਿਰਲਾਪ ਕਰਦਾ[6] ਹੈ । ਠਹਿਰਾਉ ।
ਸਾਧ ਸੰਗਿ ਜਪਤੇ[14] ਨਾਰਾਇਣ ਤਿਨ[15] ਕੇ ਦੋਖ[16] ਜਰੇ[17] ॥	Associating with the saints, they who remember[14] their Lord; their[15] sins[16] are burnt off[17].	ਸੰਤਾਂ ਨਾਲ ਮਿਲ ਕੇ ਜੋ ਆਪਣੇ ਸੁਆਮੀ ਨੂੰ ਸਿਮਰਦੇ[14] ਹਨ; ਉਹਨਾਂ[15] ਦੇ ਪਾਪ[16] ਸੜ ਜਾਂਦੇ[17] ਹਨ ।

ਸਫਲ[18] ਦੇਹ[19] ਧੰਨਿ[20] ਓਇ ਜਨਮੇ[21] ਪ੍ਰਭ ਕੈ ਸੰਗਿ[22] ਰਲੇ[23] ॥੧॥

Fruitful[18] is the body[19] and blessed[20] the birth[21] of those, who meet[23] with[22] their Lord.

ਫਲਦਾਇਕ[18] ਹੈ ਸਰੀਰ[19] ਅਤੇ ਮੁਬਾਰਕ[20] ਜਨਮ[21] ਉਹਨਾਂ ਦਾ, ਜੋ ਆਪਣੇ ਮਾਲਕ ਨਾਲ[22] ਮਿਲ ਜਾਂਦੇ[23] ਹਨ।

ਚਾਰਿ ਪਦਾਰਥ[24] ਅਸਟ ਦਸਾ[25] ਸਿਧਿ[26] ਸਭ ਊਪਰਿ ਸਾਧ ਭਲੇ[27] ॥

The four boons[24] and the eighteen[25] supernatural powers[26]; above all these are the pious[27] saints of God.

ਚਾਰ ਦਾਤਾਂ[24] ਅਤੇ ਅਠਾਰਾਂ[25] ਕਰਾਮਾਤੀ ਸ਼ਕਤੀਆਂ[26]; ਇਨ੍ਹਾਂ ਸਾਰਿਆਂ ਦੇ ਉਪਰ ਹਨ, ਵਾਹਿਗੁਰੂ ਦੇ ਨੇਕ[27] ਸੰਤ।

ਨਾਨਕ ਦਾਸ[28] ਧੂਰਿ[29] ਜਨ[30] ਬਾਂਛੈ[31] ਉਧਰਹਿ[32] ਲਾਗਿ[33] ਪਲੇ[34] ॥ ੨ ॥ ੯੭॥੧੨੦॥

Slave[28] Nanak, longs for[31] the dust[29] of the saints'[30] feet and attached[33] to their skirt[34], he is saved[32].

ਗੋਲਾ[28] ਨਾਨਕ ਸਾਧੂਆਂ[30] ਦੇ ਪੈਰਾਂ ਦੀ ਧੂੜ[29] ਚਾਹੁੰਦਾ[31] ਹੈ ਅਤੇ ਉਹਨਾਂ ਦੇ ਲੜ[34] ਲਗ ਕੇ[33], ਪਾਰ ਉਤਰ ਗਿਆ[32] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਹਰਿ ਕੇ ਨਾਮ ਕੇ ਜਨ[35] ਕਾਂਖੀ[36] ॥

God's slaves[35] are desirous[36] of the God's Name.

ਰਬ ਦੇ ਗੋਲੇ[35] ਰਬ ਦੇ ਨਾਮ ਦੇ ਚਾਹਵਾਨ[36] ਹਨ।

ਮਨਿ[37] ਤਨਿ[38] ਬਚਨਿ[39] ਏਹੀ ਸੁਖੁ[44] ਚਾਹਤ[40] ਪ੍ਰਭ ਦਰਸੁ[41] ਦੇਖਹਿ ਕਬ[42] ਆਖੀ[43] ॥੧॥ ਰਹਾਉ ॥

With their mind[37], body[38] and word[39], they long for[40] this peace[44], that when[42] shall they see the sight[41] of their Lord, with their eyes[43]. Pause.

ਆਪਣੇ ਚਿਤ[37], ਸਰੀਰ[38] ਅਤੇ ਬਾਣੀ[39] ਨਾਲ ਉਹ ਇਸ ਠੰਡ-ਚੈਨ[44] ਦੀ ਤਾਂਘ ਕਰਦੇ[40] ਹਨ ਕਿ ਆਪਣਿਆਂ ਨੇਤਰਾਂ[43] ਨਾਲ ਉਹ ਕਦ[42] ਆਪਣੇ ਸਾਈਂ ਦੇ ਦੀਦਾਰ[41] ਨੂੰ ਵੇਖਣਗੇ। ਠਹਿਰਾਉ।

ਤੂ ਬੇਅੰਤੁ[45] ਪਾਰਬ੍ਰਹਮ[46] ਸੁਆਮੀ[47] ਗਤਿ[48] ਤੇਰੀ ਜਾਇ ਨ ਲਾਖੀ[49] ॥

O my supreme Lord[46] Master[47], Thou art infinite[45] and Thy state[48] can be known[49] not.

ਹੇ ਮੇਰੇ ਸ਼ਰੋਮਣੀ ਸਾਹਿਬ[46] ਮਾਲਕ[47]! ਤੂੰ ਅਨੰਤ[45] ਹੈਂ ਅਤੇ ਤੇਰੀ ਅਵਸਥਾ[48] ਜਾਣੀ[49] ਨਹੀਂ ਜਾ ਸਕਦੀ।

ਚਰਨ[50] ਕਮਲ[51] ਪ੍ਰੀਤਿ[52] ਮਨੁ[53] ਬੇਧਿਆ[54] ਕਰਿ[55] ਸਰਬਸੁ[56] ਅੰਤਰਿ[57] ਰਾਖੀ[58] ॥੧॥

With the love[52] of Thine lotus[51] feet[50], my soul[53] is pierced[54] through and deeming[55] this love to be everything[56], I have enshrined[58] it in my mind[57].

ਤੇਰੇ ਕੰਵਲ[51] ਪੈਰਾਂ[50] ਦੀ ਪਿਰਹੜੀ[52] ਨਾਲ ਮੇਰੀ ਜਿੰਦੜੀ[53] ਵਿੰਨ੍ਹੀ ਗਈ[54] ਹੈ ਅਤੇ ਇਸ ਪਿਰਹੜੀ ਨੂੰ ਸਾਰਾ ਕੁਝ[56] ਸਮਝ[55], ਮੈਂ ਇਸ ਨੂੰ ਆਪਣੇ ਰਿਦੇ[57] ਅੰਦਰ ਟਿਕਾ ਲਿਆ[58] ਹੈ।

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ[59] ਇਹ ਬਾਣੀ[60] ਰਸਨਾ[61] ਭਾਖੀ[62] ॥

Going through the Vedas, the Puranas and the Simirtis, the holy men[59] have uttered[62] this true word[60] with their tongue[61].

ਵੇਦਾਂ, ਪੁਰਾਨਾਂ ਅਤੇ ਸਿਮ੍ਰਤੀਆਂ ਨੂੰ ਘੋਖ ਕੇ, ਨੇਕ ਪੁਰਸ਼ਾਂ[59] ਨੇ ਇਹ ਸੱਚਾ ਬਚਨ[60] ਆਪਣੀ ਜੀਭਾ[61] ਨਾਲ ਉਚਾਰਨ ਕੀਤਾ[62] ਹੈ।

ਜਪਿ[63] ਰਾਮਨਾਮੁ ਨਾਨਕ ਨਿਸਤਰੀਐ[64] ਹੋਰੁ[65] ਦੁਤੀਆ[66] ਬਿਰਥੀ[67] ਸਾਖੀ[68] ॥੨॥੯੮॥੧੨੧॥

Uttering[63] the Lord's Name, one is emancipated[64], O Nanak. In vain[67] are other[65] stories[68] of duality[66].

ਪ੍ਰਭੂ ਦੇ ਨਾਮ ਦਾ ਉਚਾਰਨ ਕਰਨ[63] ਦੁਆਰਾ, ਜੀਵ ਮੁਕਤ ਹੋ ਜਾਂਦਾ[64] ਹੈ, ਹੇ ਨਾਨਕ! ਵਿਅਰਥ[67] ਹਨ ਹੋਰਸ[65] ਦਵੈਤ-ਭਾਵ[66] ਦੀਆਂ ਕਹਾਣੀਆਂ[68]।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਮਾਖੀ[69] ਰਾਮ[70] ਕੀ ਤੂ

O fly[69], O fly like mammon, thou

ਹੇ ਮੱਖੀਏ[69]! ਹੇ ਮੱਖੀ ਵਰਗੀ ਮਾਇਆ, ਤੂੰ ਪ੍ਰਭੂ[70] ਦੀ

ਮਾਖੀ ॥	art created by the Lord[70].	ਰਚੀ ਹੋਈ ਹੈ ।
ਜਹ[71] ਦੁਰਗੰਧ[72] ਤਹਾ[73] ਤੂ ਬੈਸਹਿ ਮਹਾ[74]ਬਿਖਿਆ[75] ਮਦ[76] ਚਾਖੀ॥੧॥ ਰਹਾਉ॥	Where[71] there is foul smell[72], there[73] sittest thou and tastest thou very[74] poisonous[75] relishes[76]. Pause.	ਜਿਥੇ[71] ਬਦਬੂ[72] ਹੈ, ਉਥੇ[73] ਹੀ ਤੂੰ ਬੈਠਦੀ ਹੈਂ ਅਤੇ ਤੂੰ ਪਰਮ[74] ਜ਼ਹਿਰੀਲੇ[75] ਰਸਾਂ[76] ਨੂੰ ਚੱਖਦੀ ਹੈਂ । ਠਹਿਰਾਉ ।
ਕਿਤਹਿ ਅਸਥਾਨਿ[77] ਤੂ ਟਿਕਨੁ[78] ਨ ਪਾਵਹਿ ਇਹ ਬਿਧਿ[79] ਦੇਖੀ ਆਖੀ[80] ॥	Thou stayest[78] nowhere[77]. This way[79] of thine I have seen with my eyes[80].	ਤੂੰ ਕਿਸੇ ਭੀ ਥਾਂ[77] ਤੇ ਨਹੀਂ ਠਹਿਰਦੀ[78] । ਤੇਰੀ ਇਹ ਰੀਤੀ[79] ਮੈਂ ਆਪਣਿਆਂ ਨੇਤ੍ਰਾਂ[80] ਨਾਲ ਵੇਖ ਲਈ ਹੈ ।
ਸੰਤਾਂ ਬਿਨੁ ਤੈ ਕੋਇ ਨ ਛਾਡਿਆ[81] ਸੰਤ ਪਰੇ [82]ਗੋਬਿਦ[83] ਕੀ ਪਾਖੀ[84] ॥ ੧ ॥	Save the saints, thou hast spared[81] no one. The saints keep on the side[84] of the [82]World-Lord[83].	ਸਾਧੂਆਂ ਦੇ ਬਗ਼ੈਰ, ਤੂੰ ਕਿਸੇ ਨੂੰ ਭੀ ਨਹੀਂ ਛਡਿਆ[81] । ਸਾਧੂ ਸ੍ਰਿਸ਼ਟੀ[82] ਦੇ ਸੁਆਮੀ[83] ਦੇ ਪਾਸੇ[84] ਰਹਿੰਦੇ ਹਨ ।
ਜੀਅ[85] ਜੰਤ ਸਗਲੇ ਤੈ ਮੋਹੇ[86] ਬਿਨੁ ਸੰਤਾ ਕਿਨੈ ਨ ਲਾਖੀ[87] ॥	All the sentient beings[85] thou hast bewitched[86]. Without the saints no one knows[87] thee.	ਸਾਰੇ ਪ੍ਰਾਣਧਾਰੀ[85] ਤੂੰ ਫ਼ਰੇਫ਼ਤਾ ਕਰ ਲਏ[86] ਹਨ । ਬਗ਼ੈਰ ਸਾਧੂਆਂ ਦੇ ਕੋਈ ਭੀ ਤੈਨੂੰ ਨਹੀਂ ਜਾਣਦਾ[87] ।
ਨਾਨਕ ਦਾਸੁ[88] ਹਰਿ ਕੀਰਤਨਿ[89]ਰਾਤਾ[90]ਸਬਦੁ[91] ਸੁਰਤਿ[92] ਸਚੁ[93] ਸਾਖੀ[94] ॥ ੨॥੯੯॥੧੨੨॥	Slave[88] Nanak is imbued[90] with the Lord's praise[89] and fixing his mind[92] on the Name[91], realises the True Lord's[93] presence[94].	ਗੋਲਾ[88] ਨਾਨਕ, ਸੁਆਮੀ ਦੀ ਮਹਿਮਾ[89] ਨਾਲ ਰੰਗੀਜ ਗਿਆ[90] ਹੈ ਅਤੇ ਆਪਣੇ ਮਨ[92] ਨੂੰ ਨਾਮ[91] ਨਾਲ ਜੋੜਨ ਦੁਆਰਾ, ਸੱਚੇ ਸਾਹਿਬ[93] ਦੀ ਹਜ਼ੂਰੀ[94] ਨੂੰ ਅਨੁਭਵ ਕਰਦਾ ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਮਾਈ ਰੀ ਕਾਟੀ ਜਮ[95] ਕੀ ਫਾਸ[96] ॥	O my mother, my noose[96] of death[95] is snapped.	ਹੇ ਮੇਰੀ ਮਾਤਾ ! ਮੇਰੀ ਮੌਤ[95] ਦੀ ਫਾਹੀ[96] ਕੱਟੀ ਗਈ ਹੈ ।
ਹਰਿ ਹਰਿ[97] ਜਪਤ[98] ਸਰਬ[99] ਸੁਖ ਪਾਏ ਬੀਚੇ[100] ਗ੍ਰਸਤ[2] ਉਦਾਸ[3] ॥ ੧ ॥ ਰਹਾਉ ॥	Uttering[98] the Lord's Name[97], I have obtained all[99] the comforts and have become detached[3] in[100] the midst of family life[2]. Pause.	ਸੁਆਮੀ ਦੇ ਨਾਮ[97] ਦਾ ਉਚਾਰਣ ਕਰਨ[98] ਦੁਆਰਾ, ਮੈਂ ਸਾਰੇ[99] ਆਰਾਮ ਪਾ ਲਏ ਹਨ ਅਤੇ ਘਰਬਾਰੀ ਜੀਵਨ[2] ਅੰਦਰ[100] ਹੀ ਮੈਂ ਨਿਰਲੇਪ ਹੋ ਗਿਆ[3] ਹਾਂ । ਠਹਿਰਾਉ ।
ਕਰਿ[9] ਕਿਰਪਾ[4] ਲੀਨੇ ਕਰਿ ਅਪੁਨੇ[5] ਉਪਜੀ[6] ਦਰਸ[7] ਪਿਆਸ[8] ॥	Showing[9] His mercy[4], the Lord has made me His own[5] and within me has welled[6] up the thirst[8] to see His sight[7].	ਆਪਣੀ ਮਿਹਰ[4] ਧਾਰ[9], ਪ੍ਰਭੂ ਨੇ ਮੈਨੂੰ ਆਪਣਾ ਨਿਜ[5] ਦਾ ਬਣਾ ਲਿਆ ਹੈ ਤੇ ਮੇਰੇ ਅੰਦਰ ਉਸ ਦੇ ਦੀਦਾਰ[7] ਵੇਖਣ ਦੀ ਤਰੇਹ[8] ਉਤਪੰਨ[6] ਹੋ ਗਈ ਹੈ ।
੧੨੨੮	**1228**	**੧੨੨੮**
ਸੰਤ ਸੰਗਿ ਮਿਲਿ ਹਰਿ ਗੁਣ[10] ਗਾਏ ਬਿਨਸੀ[12] ਦੁਤੀਆ[13] ਆਸ[14] ॥ ੧ ॥	Meeting with the saint's congregation, I sing the Lord's praise[10] and other[13] hopes[14], I have, now, abandoned[12].	ਸਾਧ ਸੰਗਤ ਨਾਲ ਜੁੜ ਕੇ, ਮੈਂ ਪ੍ਰਭੂ ਦੀ ਕੀਰਤੀ[10] ਗਾਇਨ ਕਰਦਾ ਹਾਂ ਅਤੇ ਹੋਰ[13] ਉਮੈਦਾਂ[14], ਮੈਂ ਹੁਣ ਲਾਹ ਛੱਡੀਆਂ[12] ਹਨ ।
ਮਹਾ[15] ਉਦਿਆਨ[16]	Informing[19] me of the path[18], the	ਰਸਤਾ[18] ਦਸ[19] ਕੇ, ਸਾਧੂ-ਗੁਰਦੇਵ ਜੀ ਮੈਨੂੰ ਪਰਮ[15]

ਅਟਵੀ[17] ਤੇ ਕਾਢੇ ਮਾਰਗੁ[18] ਸੰਤ ਕਹਿਓ[19] ॥	Saint-Guru has pulled me out of the very[15] desolate[16] forest[17].	ਉਜਾੜ[16] ਜੰਗਲ[17] ਵਿੱਚੋਂ ਬਾਹਰ ਕੱਢ ਲਿਆ ਹੈ।
ਦੇਖਤ[26] ਦਰਸੁ[20] ਪਾਪ[22] ਸਭਿ ਨਾਸੇ[23] ਹਰਿ ਨਾਨਕ ਰਤਨੁ[24] ਲਹਿਓ[25] ॥ ੨ ॥ ੧੦੦॥੧੨੩॥	Seeing[26] the Lord's vision[20], I am rid of[23] the sins[22] and am blessed[25] with the jewel[24] of His Name.	ਪ੍ਰਭੂ ਦਾ ਦਰਸ਼ਨ[20] ਪੇਖਣ[26] ਦੁਆਰਾ, ਮੇਰੇ ਸਾਰੇ ਪਾਪ[22] ਨਸ਼ਟ ਹੋ ਗਏ[23] ਹਨ ਅਤੇ ਮੈਨੂੰ ਉਸ ਦੇ ਨਾਮ ਦੇ ਹੀਰੇ[24] ਦੀ ਦਾਤ ਪਰਾਪਤ ਹੋ ਗਈ[25] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਾਈ ਰੀ[27] ਅਰਿਓ[28] ਪ੍ਰੇਮ[29] ਕੀ ਖੋਰਿ[30] ॥	O[27] my mother, I am involved[28] and inebriated[30] with the love[29] of my Lord.	ਨੀ[27] ਮੇਰੀ ਮਾਤਾ! ਮੈਂ ਆਪਣੇ ਪ੍ਰਭੂ ਦੀ ਪ੍ਰੀਤ[29] ਨਾਲ ਗੁਸਿਆ[28] ਅਤੇ ਮਤਵਾਲਾ ਹੋਇਆ ਹੋਇਆ[30] ਹਾਂ।
ਦਰਸਨ[31] ਰੁਚਿਤ[32] ਪਿਆਸ[33] ਮਨਿ ਸੁੰਦਰ[34] ਸਕਤ[36] ਨ ਕੋਈ ਤੋਰਿ[35] ॥ ੧॥ ਰਹਾਉ ॥	Within my mind is the longing[32] and thirst[33] for the vision[31] of my Beauteous Lord[34], no one can[36] break[35] this love. Pause.	ਮੇਰੇ ਚਿਤ ਅੰਦਰ ਆਪਣੇ ਸੁਨੱਖੇ ਸੁਆਮੀ[34] ਦੇ ਦੀਦਾਰ[31] ਦੀ ਚਾਹਨਾ[32] ਅਤੇ ਤਰੇਹ[33] ਹੈ, ਕੋਈ ਜਣਾ ਇਸ ਪ੍ਰੀਤ ਨੂੰ ਤੋੜ[35] ਨਹੀਂ ਸਕਦਾ[36]। ਠਹਿਰਾਉ।
ਪ੍ਰਾਨ[37] ਮਾਨ[38] ਪਤਿ[39] ਪਿਤ[40] ਸੁਤ[41] ਬੰਧਪ[42] ਹਰਿ[46] ਸਰਬਸੁ[43] ਧਨ[44] ਮੋਰ[45] ॥	The Lord[46] is my[45] vital-breath[37], honour[38], spouse[39], father[40], son[41], kinsman[42], riches[44] and everything[43].	ਪ੍ਰਭੂ[46] ਮੇਰੀ[45] ਜਿੰਦ-ਜਾਨ[37], ਇਜ਼ਤ-ਆਬਰੂ[38], ਪਤੀ[39], ਪਿਤਾ[40], ਪੁੱਤ੍ਰ[41] ਸਨਬੰਧੀ[42], ਧਨ-ਦੌਲਤ[44] ਅਤੇ ਸਾਰਾ ਕੁਛ[43] ਹੈ।
ਧ੍ਰਿਗੁ[47] ਸਰੀਰੁ[48] ਅਸਤ[49] ਬਿਸਟਾ[50] ਕ੍ਰਿਮ[51] ਬਿਨੁ ਹਰਿ ਜਾਨਤ ਹੋਰ ॥੧॥	Accursed[47] is this body[48] of bones[49], ordure[50] and worms[51], if save God, it knows any other.	ਲਾਅਨਤ ਮਾਰੀ[47] ਹੈ ਇਹ ਹੱਡੀਆਂ[49], ਟਟੀ[50] ਤੇ ਕੀੜਿਆਂ[51] ਵਾਲੀ ਦੇਹਿ[48], ਜੇਕਰ ਰਬ ਦੇ ਬਗੈਰ ਇਹ ਹੋਰ ਕਿਸੇ ਨੂੰ ਜਾਣਦੀ ਹੈ।
ਭਇਓ ਕ੍ਰਿਪਾਲ[52] ਦੀਨ[53] ਦੁਖ[54] ਭੰਜਨੁ[55] ਪਰਾ ਪੂਰਬਲਾ[56] ਜੋਰ[57] ॥	By virtue of the power[57] of past[56] deeds, God, the Destroyer[55] of the pain[54] of the poor[53] has become merciful[52] to me.	ਪਿਛਲੇ[56] ਕਰਮਾਂ ਦੇ ਬਲ[57] ਦੀ ਬਦੌਲਤ, ਗਰੀਬਾਂ[53] ਦੀ ਪੀੜ[54] ਦੂਰ ਕਰਨ ਵਾਲਾ[55], ਵਾਹਿਗੁਰੂ ਮੇਰੇ ਉਤੇ ਮਿਹਰਬਾਨ[52] ਹੋ ਗਿਆ ਹੈ।
ਨਾਨਕ ਸਰਣਿ[58] ਕ੍ਰਿਪਾ[59] ਨਿਧਿ[60] ਸਾਗਰ[61] ਬਿਨਸਿਓ[62] ਆਨ[63] ਨਿਹੋਰ[64] ॥ ੨ ॥ ੧੦੧ ॥ ੧੨੪ ॥	Nanak has sought the protection[58] of God, the treasure[60] and ocean[61] of compassion[59] and his sub-servience[64] of others[63] is ended[62].	ਨਾਨਕ ਨੇ ਰਹਿਮਤ[59] ਦੇ ਖ਼ਜ਼ਾਨੇ[60] ਅਤੇ ਸਮੁੰਦਰ[61], ਵਾਹਿਗੁਰੂ ਦੀ ਪਨਾਹ ਲਈ[58] ਹੈ ਅਤੇ ਉਸ ਦੀ ਹੋਰਨਾਂ[63] ਦੀ ਮੁਥਾਜੀ[64] ਚੁਕੀ ਗਈ[62] ਹੈ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਨੀਕੀ[65] ਰਾਮ[66] ਕੀ ਧੁਨਿ[67] ਸੋਇ[68] ॥	Sublime[65] is the love[67] of (for) that[68] Lord[66].	ਸਰੇਸ਼ਟ[65] ਹੈ ਉਸ[68] ਪ੍ਰਭੂ[66] ਦੀ (ਲਈ) ਪਿਰਹੜੀ[67]।
ਚਰਨ[69] ਕਮਲ[70] ਅਨੂਪ[71]	Supremely beauteous[71] are the Lord's	ਪਰਮ ਸੁੰਦਰ[71] ਹਨ ਪ੍ਰਭੂ ਦੇ ਕੰਵਲ[70] ਪੈਰ[69]।

ਸੁਆਮੀ ਜਪਤ[72] ਸਾਧੂ ਹੋਇ[73] ॥੧॥ ਰਹਾਉ ॥

lotus[70] feet[69]. Those who meditate[72] on them become[73] saints. Pause.

ਜੋ ਉਨ੍ਹਾਂ ਦਾ ਸਿਮਰਨ ਕਰਦੇ[72] ਹਨ ਸੰਤ ਹੋ ਜਾਂਦੇ[73] ਹਨ । ਠਹਿਰਾਉ ।

ਚਿਤਵਤਾ[74] ਗੋਪਾਲ[75] ਦਰਸਨ[76] ਕਲਮਲਾ[77] ਕਢੁ[78] ਧੋਇ ॥

He cherishes[74] his Lord's[75] vision[76] and washes off[78] his sins[77].

ਉਹ ਆਪਣੇ ਪ੍ਰਭੂ[75] ਦੇ ਦੀਦਾਰ[76] ਦਾ ਧਿਆਨ ਧਾਰਦਾ[74] ਹੈ ਅਤੇ ਆਪਣੇ ਪਾਪਾਂ[77] ਨੂੰ ਧੋ ਸੁਟਦਾ[78] ਹੈ ।

ਜਨਮ[79] ਮਰਨ[80] ਬਿਕਾਰ[81] ਅੰਕੁਰ[82] ਹਰਿ ਕਾਟਿ[83] ਛਾਡੇ ਖੋਇ[84] ॥੧॥

He is rid of birth[79] and death[80] and whatever sin[81] sprouts[82] in him, that the Lord mows[83] and weeds[84] out.

ਉਹ ਜੰਮਣ[79] ਅਤੇ ਮਰਨ[80] ਤੋਂ ਖ਼ਲਾਸੀ ਪਾ ਜਾਂਦਾ ਹੈ ਅਤੇ ਜਿਹੜਾ ਭੀ ਪਾਪ[81] ਉਸ ਦੇ ਅੰਦਰ ਪੁੰਗਰਦਾ[82] ਹੈ, ਉਸ ਨੂੰ ਕਟ[83] ਕੇ ਪ੍ਰਭੂ ਬਾਹਰ ਸੁਟ ਦਿੰਦਾ[84] ਹੈ ।

ਪਰਾ ਪੂਰਬਿ[85] ਜਿਸਹਿ ਲਿਖਿਆ ਬਿਰਲਾ[86] ਪਾਏ[87] ਕੋਇ[88] ॥

He, in whose destiny, it is so pre[85]-writ ; such rare[88] person[86] attains[87] unto his Lord.

ਜਿਸ ਦੀ ਪ੍ਰਾਲਬਧ ਵਿਚ, ਮੁਢ[85] ਤੋਂ ਐਸਾ ਲਿਖਿਆ ਹੋਇਆ ਹੈ; ਐਹੋ ਜੇਹਾ ਟਾਂਵਾਂ ਟੱਲਾ[88] ਪੁਰਸ਼[86] ਹੀ ਆਪਣੇ ਪ੍ਰਭੂ ਨੂੰ ਪਾਉਂਦਾ[87] ਹੈ ।

ਰਵਣ[87]*ਗੁਣ[88]* ਗੋਪਾਲ[89] ਕਰਤੇ[90] ਨਾਨਕਾ ਸਚੁ[91] ਜੋਇ[92]॥੨॥੧੦੨॥੧੨੫॥

The utterance[87]* of the praise[88]* of the Creator[90]-Lord[89], O Nanak, is the way to see[92] the True One[91].

ਸਿਰਜਣਹਾਰ[90] ਸੁਆਮੀ[89] ਦੀ ਸਿਫ਼ਤ ਸ਼ਲਾਘਾ[88]* ਦਾ ਉਚਾਰਨ[87]* ਹੀ, ਹੇ ਨਾਨਕ ! ਸਤਿਪੁਰਖ[91] ਨੂੰ ਵੇਖਣ[92] ਦਾ ਮਾਰਗ ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹਰਿ ਕੇ ਨਾਮ ਕੀ ਮਤਿ[93] ਸਾਰ[94] ॥

Sublime[94] is the intellect[93] of him, who contemplates the Lord's Name.

ਸਰੇਸ਼ਟ[94] ਹੈ ਅਕਲ[93] ਉਸ ਦੀ, ਜੋ ਸੁਆਮੀ ਦੇ ਨਾਮ ਦਾ ਸਿਮਰਨ ਕਰਦਾ ਹੈ ।

ਹਰਿ ਬਿਸਾਰਿ[95] ਜੁ ਆਨ[96] ਰਾਚਹਿ[97] ਮਿਥਨ[98] ਸਭ ਬਿਸਥਾਰ[99] ॥੧॥ ਰਹਾਉ॥

False[98] are all the ostentations[99] of him, who forgetting[95] his God, is engrossed[97] in another[96]. Pause.

ਕੂੜੇ[98] ਹਨ ਉਸ ਦੇ ਸਾਰੇ ਅਡੰਬਰ[99], ਜੋ ਆਪਣੇ ਵਾਹਿਗੁਰੂ ਨੂੰ ਭੁਲਾ ਕੇ[95], ਹੋਰਸ[96] ਅੰਦਰ ਖਚਤ ਹੋਇਆ ਹੋਇਆ[97] ਹੈ । ਠਹਿਰਾਉ ।

ਸਾਧ[100] ਸੰਗਮਿ ਭਜੁ[2] ਸੁਆਮੀ ਪਾਪ[4] ਹੋਵਤ ਖਾਰ[3] ॥

Meditating[2] on the Lord in the saint's society[100], one's sins[4] are dissolved[3].

ਸਤਿਸੰਗਤ[100] ਅੰਦਰ ਸਾਹਿਬ ਦਾ ਸਿਮਰਨ ਕਰਨ[2] ਦੁਆਰਾ, ਇਨਸਾਨ ਦੇ ਗੁਨਾਹ[4] ਖੁਰ ਜਾਂਦੇ[3] ਹਨ ।

[5]ਚਰਨਾਰਬਿੰਦ[6] ਬਸਾਇ[7] ਹਿਰਦੈ[8] ਬਹੁਰਿ[9] ਜਨਮ[10] ਨ ਮਾਰ[12] ॥੧॥

Enshrining[7] the Lord's lotus[6] feet[5] in the mind[8] one is born[10] and dies[12] not again[9].

ਪ੍ਰਭੂ ਦੇ ਕੰਵਲ[6] ਪੈਰ[5] ਮਨ[8] ਅੰਦਰ ਟਿਕਾਉਣ[7] ਦੁਆਰਾ ਇਨਸਾਨ ਮੁੜ[9] ਕੇ ਜੰਮਦਾ[10] ਅਤੇ ਮਰਦਾ[12] ਨਹੀਂ ।

ਕਰਿ[13] ਅਨੁਗ੍ਰਹੁ[14] ਰਾਖਿ[15] ਲੀਨੇ ਏਕ[16] ਨਾਮ ਅਧਾਰ[17] ॥

Showering[13] His benediction[14], the Lord saves[15] those, who have the support[17] of His Name alone[16].

ਆਪਣੀ ਰਹਿਮਤ[14] ਧਾਰ ਕੇ[13], ਪ੍ਰਭੂ ਉਨ੍ਹਾਂ ਦਾ ਪਾਰ ਉਤਾਰਾ ਕਰ ਦਿੰਦਾ[15] ਹੈ, ਜਿਨ੍ਹਾਂ ਨੂੰ ਕੇਵਲ[16] ਉਸ ਦੇ ਨਾਮ ਦਾ ਹੀ ਆਸਰਾ[17] ਹੈ ।

ਦਿਨ ਰੈਨਿ[18] ਸਿਮਰਤ[19] ਸਦਾ ਨਾਨਕ ਮੁਖ[20] ਊਜਲ[21] ਦਰਬਾਰਿ[22] ॥ ੨॥੧੦੩॥੧੨੬॥

Ever contemplating[19] the Lord day and night[18], one's countenance[20], sparkles[21] in the Lord's court[22], O Nanak.

ਦਿਨ ਅਤੇ ਰਾਤ[18] ਸਦੀਵ ਹੀ ਸੁਆਮੀ ਦਾ ਆਰਾਧਨ ਕਰਨ[19] ਦੁਆਰਾ, ਇਨਸਾਨ ਦਾ ਚਿਹਰਾ[20], ਸੁਆਮੀ ਦੀ ਦਰਗਾਹ[22] ਅੰਦਰ ਉਜਲਾ ਹੁੰਦਾ[21] ਹੈ, ਹੇ ਨਾਨਕ !

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਮਾਨੀ[23] ਤੂ ਰਾਮ ਕੈ ਦਰਿ[24]

O bride, thou shalt be honoured[23],

ਹੇ ਪਤਨੀਏ ! ਤੂੰ ਆਪਣੇ ਸੁਆਮੀ ਦੇ ਦਰਬਾਰ[24] ਅੰਦਰ

ਮਾਨੀ ॥ ਸਾਧ ਸੰਗਿ ਮਿਲਿ[25] ਹਰਿ ਗੁਨ[26] ਗਾਏ[30] ਬਿਨਸੀ[27] ਸਭ[28] ਅਭਿਮਾਨੀ[29] ॥੧॥ਰਹਾਉ॥

honoured in thy Lord's court[24], if stilling[27] thy entire[28] ego[29], thou singest[30] God's praise[26] meeting[25] with the saint's congregation. Pause.

ਮਾਣ[23], ਮਾਣ ਪਾਵੇਂਗੀ, ਜੇਕਰ ਆਪਣੀ ਸਮੂਹ[28] ਹੰਗਤਾ[29] ਨੂੰ ਮਾਰ[27], ਤੂੰ ਸਤਿਸੰਗਤ ਨਾਲ ਜੁੜ ਕੇ[25] ਵਾਹਿਗੁਰੂ ਦਾ ਜੱਸ[26] ਗਾਇਨ ਕਰਦੀ[30] ਹੈਂ । ਠਹਿਰਾਉ ।

ਧਾਰਿ[30*] ਅਨੁਗ੍ਰਹੁ[31]ਅਪੁਨੀ ਕਰਿ ਲੀਨੀ ਗੁਰਮੁਖਿ[32] ਪੂਰ ਗਿਆਨੀ[33] ॥

Showing[30*] His mercy[31] thy Lord shall make thee His own and by the Guru's grace, thou shalt be blessed with perfect wisdom[33].

ਆਪਣੀ ਮਿਹਰ[31] ਧਾਰ[30*] ਕੇ ਸੁਆਮੀ ਤੈਨੂੰ ਆਪਣੀ ਨਿੱਜ ਦੀ ਬਣਾ ਲਵੇਗਾ ਅਤੇ ਗੁਰਾਂ ਦੀ ਦਇਆ ਦੁਆਰਾ, ਤੈਨੂੰ ਪੂਰਨ ਗਿਆਤ[33] ਪਰਾਪਤ ਹੋ ਜਾਵੇਗੀ ।

ਸਰਬ[34] ਸੂਖ ਆਨੰਦ ਘਨੇਰੇ[35] ਠਾਕੁਰ ਦਰਸ[36] ਧਿਆਨੀ[37] ॥੧॥

Reflecting[37] on her Lord's vision[36], she enjoys all[34] comforts and good many[35] joys.

ਆਪਣੇ ਸੁਆਮੀ ਦੇ ਦਰਸ਼ਨ[36] ਦਾ ਚਿੰਤਨ ਕਰਨ[37] ਦੁਆਰਾ, ਉਹ ਸਾਰੇ[34] ਆਰਾਮ ਅਤੇ ਬਹੁਤੀਆਂ[35] ਖੁਸ਼ੀਆਂ ਮਾਣਦੀ ਹੈ ।

ਨਿਕਟਿ[38] ਵਰਤਨਿ[39] ਸਾ[40] ਸਦਾ[41] ਸੁਹਾਗਨਿ[42] ਦਹ[43] ਦਿਸ[44] ਸਾਈ[45] ਜਾਨੀ[46] ॥

She[40] alone is ever[41] the chaste bride[42], who lives[39] near[38] her spouse and she[45] is renowned[46] in ten[43] directions[44].

ਕੇਵਲ ਉਹ[40] ਹੀ ਹਮੇਸ਼ਾਂ[41] ਲਈ ਪਵਿੱਤਰ ਪਤਨੀ[42] ਹੈ, ਜੋ ਆਪਣੇ ਕੰਤ ਦੇ ਨੇੜੇ[38] ਵਸਦੀ[39] ਹੈ ਅਤੇ ਉਹ[45] ਦਸੀਂ[43] ਪਾਸੀਂ[44] ਪ੍ਰਸਿੱਧ ਹੋ ਜਾਂਦੀ[46] ਹੈ ।

ਪ੍ਰਿਅ[47] ਰੰਗ[48] ਰੰਗਿ ਰਤੀ[49] ਨਾਰਾਇਨ[50]ਨਾਨਕ ਤਿਸੁ[51] ਕੁਰਬਾਨੀ[52] ॥ ੨॥੧੦੪॥ ੧੨੭॥

She remains imbued[49] with the love[48], love of her Beloved[47] Lord[50] Unto her[51] Nanak is a sacrifice[52].

ਉਹ ਆਪਣੇ ਪਿਆਰੇ[47] ਪ੍ਰਭੂ[50] ਦੇ ਪਿਆਰ, ਪਿਆਰ[48] ਨਾਲ ਰੰਗੀ ਰਹਿੰਦੀ[49] ਹੈ । ਉਸ[51] ਉਤੋਂ ਨਾਨਕ ਘੋਲੀ ਜਾਂਦਾ[52] ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਤੁਅ ਚਰਣ[53] ਆਸਰੋ ਈਸ[54] ॥

I have the support of Thine feet[53], O my Lord[54].

ਮੈਨੂੰ ਤੇਰੇ ਚਰਨਾਂ[53] ਦਾ ਆਸਰਾ ਹੈ, ਹੇ ਮੇਰੇ ਸੁਆਮੀ[54] !

ਤੁਮਹਿ ਪਛਾਨੂ[55] ਸਾਕੁ[56] ਤੁਮਹਿ ਸੰਗਿ[57]ਰਾਖਨਹਾਰੁ[58] ਤੁਮੈ [59]ਜਗਦੀਸ[60] ॥ ੧ ॥ ਰਹਾਉ ॥

O Lord[60] of the universe[59], Thou art my Friend[55]. With[57] Thee I have relationship[86] and Thou alone art my Protector[58]. Pause.

ਹੇ ਆਲਮ[59] ਦੇ ਸੁਆਮੀ[60] ! ਤੂੰ ਮੇਰਾ ਮਿੱਤਰ[55] ਹੈਂ । ਤੇਰੇ ਨਾਲ[57] ਹੀ ਮੇਰਾ ਰਿਸ਼ਤਾ[56] ਹੈ ਅਤੇ ਤੂੰ ਹੀ ਮੇਰਾ ਰੱਖਿਅਕ[58] ਹੈਂ । ਠਹਿਰਾਉ ।

ਤੂ ਹਮਰੋ[61] ਹਮ ਤੁਮਰੇ ਕਹੀਐ[62] ਇਤੁ[63] ਉਤ[64] ਤੁਮਹੀ ਰਾਖੇ[65] ॥

Thou art mine[61] and I am said to[62] be Thine. Here[63] and hereafter[64], Thou alone art my Saviour[65].

ਤੂੰ ਮੇਰਾ[61] ਹੈਂ ਅਤੇ ਮੈਂ ਤੇਰਾ ਆਖਿਆ[62] ਜਾਂਦਾ ਹਾਂ । ਇਥੇ[63] ਅਤੇ ਉਥੇ[64] ਕੇਵਲ ਤੂੰ ਹੀ ਮੇਰਾ ਰਾਖਾ[65] ਹੈਂ ।

ਤੂ ਬੇਅੰਤੁ[66] ਅਪਰੰਪਰੁ[67] ਸੁਆਮੀ ਗੁਰ ਕਿਰਪਾ[68] ਕੋਈ[69] ਲਾਖੈ[70] ॥੧॥

Infinite[66] and the Highest of the high[67] art Thou. Rare[69] is the one, who understands[70] Thee by the Guru's grace[68], O Lord.

ਅਨੰਤ[66] ਅਤੇ ਉਚਿਆਂ ਦਾ ਪਰਮ ਉੱਚਾ[67] ਹੈਂ ਤੂੰ ! ਕੋਈ ਵਿਰਲਾ[69] ਜਣਾ ਹੀ, ਗੁਰਾਂ ਦੀ ਦਇਆ[68] ਦੁਆਰਾ ਤੈਨੂੰ ਸਮਝਦਾ[70] ਹੈ, ਹੇ ਸਾਹਿਬ !

ਬਿਨੁ[71] ਬਕਨੇ[72] ਬਿਨੁ

[71]Untold[72] and unuttered[73], Thou,

ਬਗੈਰ[71] ਬੋਲਣ[72] ਅਤੇ ਬਗੈਰ ਆਖਣ[73] ਦੇ, ਤੂੰ, ਹੇ

ਕਹਨ ਕਹਾਵਨ[73] ਅੰਤਰਜਾਮੀ[74] ਜਾਨੈ ॥

O Inner-knower[74], knowest every thing.

ਅੰਦਰਲੀਆਂ ਜਾਣਨਹਾਰ[74], ਸਭ ਕਿਛ ਜਾਣਦਾ ਹੈ ।

੧੨੨੯

1229

੧੨੨੯

ਜਾਕਉ ਮੇਲਿ ਲਏ ਪ੍ਰਭੁ ਨਾਨਕ ਸੇ[75] ਜਨ[76] ਦਰਗਹ[77] ਮਾਨੇ[78] ॥ ੨ ॥ ੧੦੫॥੧੨੮॥

He whom the Lord unites with Himself; that[75] person[76] is approved[78] in His court[77], O Nanak.

ਜਿਸ ਨੂੰ ਸੁਆਮੀ ਆਪਣੇ ਨਾਲ ਮਿਲਾ ਲੈਂਦਾ ਹੈ; ਉਹ[75] ਪੁਰਸ਼[76] ਉਸ ਦੇ ਦਰਬਾਰ[77] ਅੰਦਰ ਪ੍ਰਮਾਣੀਕ[78] ਹੋ ਜਾਂਦਾ ਹੈ, ਹੇ ਨਾਨਕ !

ਸਾਰੰਗ ਮਹਲਾ ੫
ਚਉਪਦੇ ਘਰੁ ੫

Sarang 5th Guru
Chaupadas

ਸਾਰੰਗ ਪੰਜਵੀਂ ਪਾਤਿਸ਼ਾਹੀ
ਚਉਪਦੇ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਹ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਹਰਿ ਭਜਿ[79] ਆਨ[80] ਕਰਮ[81] ਬਿਕਾਰ[82] ॥ ਮਾਨ[83] ਮੋਹੁ[84] ਨ ਬੁਝਤ[85] ਤ੍ਰਿਸਨਾ[86] ਕਾਲ[87] ਗ੍ਰਸ[88] ਸੰਸਾਰ[89] ॥ ੧ ॥ ਰਹਾਉ ॥

Remember[79] thou thy God. Other[80] deeds[81] are of no avail[82]. One's ego[83], worldly love[84] and desire[86] are stilled[85] not. The world[89] is seized[88] by death[87]. Pause.

ਆਪਣੇ ਹਰੀ ਦਾ ਸਿਮਰਨ[79] ਕਰ । ਹੋਰ[80] ਕੰਮ[81] ਕਿਸੇ ਅਰਥ[82] ਨਹੀਂ । ਜੀਵ ਦੀ ਹੰਗਤਾ[83], ਸੰਸਾਰੀ ਮਮਤਾ[84] ਅਤੇ ਖ਼ਾਹਿਸ਼[86] ਨਸ਼ਟ[85] ਨਹੀਂ ਹੁੰਦੇ । ਦੁਨੀਆਂ[89] ਨੂੰ ਮੌਤ[87] ਨੇ ਪਕੜਿਆ[88] ਹੋਇਆ ਹੈ । ਠਹਿਰਾਉ ।

ਖਾਤ ਪੀਵਤ ਹਸਤ ਸੋਵਤ ਅਉਧ[90] ਬਿਤੀ[91] ਅਸਾਰ[92] ॥

Eating, drinking, laughing and sleeping man's life[90] passes[91] in vain[92].

ਖਾਂਦਿਆਂ, ਪੀਂਦਿਆਂ ਹਸਦਿਆਂ ਅਤੇ ਸੌਂਦਿਆਂ ਇਨਸਾਨ ਦੀ ਉਮਰ[90] ਵਿਅਰਥ[92] ਬੀਤ ਜਾਂਦੀ[91] ਹੈ ।

ਨਰਕ[93] ਉਦਰ[94] ਭ੍ਰਮੰਤ[95] ਜਲਤੋ[96] ਜਮਹਿ[97] ਕੀਨੀ ਸਾਰ[98] ॥ ੧ ॥

He wanders[95] and burns[96] in the womb's[94] hell[93] and ultimately the death[97] destroys[98] him.

ਉਹ ਬੱਚੇਦਾਨੀ[94] ਦੇ ਜਹੰਨਮ[93] ਅੰਦਰ ਭਟਕਦਾ[95] ਤੇ ਸੜਦਾ[96] ਹੈ ਤੇ ਓੜਕ ਨੂੰ ਮੌਤ[97] ਉਸ ਨੂੰ ਨਸ਼ਟ ਕਰ ਦਿੰਦੀ[98] ਹੈ ।

ਪਰ[99] ਦ੍ਰੋਹ[100] ਕਰਤ[2] ਬਿਕਾਰ[3] ਨਿੰਦਾ[4] ਪਾਪ[5] ਰਤ[6] ਕਰ[7] ਝਾਰ[8] ॥

He practises[2] fraud[100] and indulges in misdeeds[3] and slandering[4] others[99]. Washing[8] his hands[7] off virtue, he is steeped[6] in sins[5].

ਉਹ ਦਗਾ ਫ਼ਰੇਬ[100] ਕਰਦਾ[2] ਹੈ ਅਤੇ ਕੁਕਰਮਾਂ[3] ਤੇ ਹੋਰਨਾ[99] ਦੀ ਬਦਖੋਈ[4] ਕਰਨ ਵਿਚ ਪਰਵਿਰਤ ਹੁੰਦਾ ਹੈ । ਨੇਕੀ ਵਲੋਂ ਆਪਣੇ ਹੱਥ[7] ਧੋ[8], ਉਹ ਗੁਨਾਹਾਂ[5] ਦੇ ਵਿਚ ਰੰਗਿਆ ਜਾਂਦਾ[6] ਹੈ ।

ਬਿਨਾ ਸਤਿਗੁਰ ਬੂਝ[9] ਨਾਹੀ ਤਮ[10] ਮੋਹ[12] ਮਹਾਂ[13] ਅੰਧਾਰ[14] ॥੨॥

Without the True Guru, he attains not understanding[9] and wanders in the supreme[13] darkness[14] of wrath[10] and worldly love[12].

ਸੱਚੇ ਗੁਰਾਂ ਦੇ ਬਾਝੋਂ, ਉਸ ਨੂੰ ਸਮਝ[9] ਪਰਾਪਤ ਨਹੀਂ ਹੁੰਦੀ ਤੇ ਉਹ ਗੁੱਸੇ[10] ਤੇ ਸੰਸਾਰੀ ਮਮਤਾ[12] ਦੇ ਪ੍ਰਮ[13] ਅਨ੍ਹੇਰੇ[14] ਅੰਦਰ ਭਟਕਦਾ ਹੈ ।

ਬਿਖੁ ਠਗਉਰੀ[15] ਖਾਇ[16] ਮੂਠੋ[17] ਚਿਤਿ[18] ਨ ਸਿਰਜਨਹਾਰ[19] ॥

Taking[16] the potion of sins[15], he is rendered unconscious and is therefore plundered[17]. His Creator-Lord[19], he cherishes not in his mind[18].

ਪਾਪਾਂ ਦੀ[15] ਦਵਾਈ ਖਾ[16] ਕੇ, ਉਹ ਬੇਸੁਰਤ ਹੋ ਜਾਂਦਾ ਹੈ ਅਤੇ ਇਸ ਲਈ ਲੁਟਿਆ ਪੁਟਿਆ ਜਾਂਦਾ[17] ਹੈ । ਆਪਣੇ ਰਚਨਹਾਰ ਸਾਂਈਂ[19] ਨੂੰ ਉਹ ਆਪਣੇ ਰਿਦੇ[18] ਵਿਚ ਨਹੀਂ ਟਿਕਾਉਂਦਾ ।

ਗੋਬਿੰਦ[20] ਗੁਪਤ[21] ਹੋਇ ਰਹਿਓ ਨਿਆਰੋ[22] ਮਾਤੰਗ[23] ਮਤਿ[24] ਅਹੰਕਾਰ[25] ॥ ੩ ॥	Inebriated[24] with ego[25] like an elephant[23], he sees not his recondite[21] and detached[22] Lord[20].	ਹਾਥੀ[23] ਦੀ ਮਾਨੰਦ ਹੰਗਤਾ[25] ਨਾਲ ਮਤਵਾਲਾ[24] ਹੋਇਆ ਹੋਇਆ, ਉਹ ਆਪਣੇ ਅਲੋਪ[21] ਅਤੇ ਨਿਰਲੇਪ[22] ਸੁਆਮੀ[20] ਨੂੰ ਨਹੀਂ ਵੇਖਦਾ।
ਕਰਿ[26] ਕ੍ਰਿਪਾ[27] ਪ੍ਰਭ ਸੰਤ ਰਾਖੇ[28] ਚਰਨ[29] ਕਮਲ[30] ਅਧਾਰ[31] ॥	Showing[26] His mercy[27], the Lord saves[28] His saints, for they have the support[31] of His lotus[30] feet[29].	ਆਪਣੀ ਮਿਹਰ[27] ਧਾਰ[26], ਸਾਂਈਂ ਆਪਣੇ ਸਾਧੂਆਂ ਦੀ ਰੱਖਿਆ ਕਰਦਾ[28] ਹੈ, ਕਿਉਂ ਜੋ ਉਨ੍ਹਾਂ ਨੂੰ ਉਸ ਦੇ ਕੰਵਲ[30] ਰੂਪੀ ਪੈਰਾਂ[29] ਦਾ ਆਸਰਾ[31] ਹੈ।
ਕਰ[32] ਜੋਰਿ[33] ਨਾਨਕੁ ਸਰਨਿ[34] ਆਇਓ[35] [36]ਗੋਪਾਲ[37] ਪੁਰਖ[38] ਅਪਾਰ[39] ॥ ੪॥੧॥੧੨੯॥	Joining[33] his hands[32], Nanak has sought[35] the protection[34] of his Infinite[39] Lord[38], the Cherisher[37] of the world[36].	ਹੱਥ[32] ਬੰਨ੍ਹ[33] ਕੇ, ਨਾਨਕ ਨੇ ਜਗਤ[36] ਪਾਲਣ-ਪੋਸਣਹਾਰ[37] ਆਪਣੇ ਬੇਅੰਤ[39] ਪ੍ਰਭੂ[38] ਦੀ ਪਨਾਹ[34] ਲਈ[35] ਹੈ।
ਸਾਰਗ ਮਹਲਾ ੫ ਘਰੁ ੬ ਪੜਤਾਲ	Sarang 5th Guru Partal	ਸਾਰੰਗ ਪੰਜਵੀਂ ਪਾਤਿਸ਼ਾਹੀ। ਪੜਤਾਲ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸੁਭ[40] ਬਚਨ[41] ਬੋਲਿ[42] ਗੁਨ[43] ਅਮੋਲ[44] ॥	Utter[42] thou the Guru's sublime[40] word[41] and the Lord's priceless[44] praise[43].	ਤੂੰ ਗੁਰਾਂ ਦੀ ਸਰੇਸ਼ਟ[40] ਬਾਣੀ[41] ਅਤੇ ਪ੍ਰਭੂ ਦੀ ਅਣਮੁੱਲੀ[44] ਮਹਿਮਾ[43] ਦਾ ਉਚਾਰਣ[42] ਕਰ।
[45]ਕਿੰਕਰੀ[46] ਬਿਕਾਰ[47] ॥ ਦੇਖੁ[48] ਰੀ[49] ਬੀਚਾਰ[50] ॥	Why[45] doest[46] thou evil deeds[47]? O[49] thee, reflect[50] on it and see[48].	ਤੂੰ ਮਾੜੇ ਕਰਮ[47] ਕਿਉਂ[45] ਕਰਦੀ[46] ਹੈਂ? ਨੀ[49] ਤੂੰ, ਇਸ ਨੂੰ ਸੋਚ ਸਮਝ[50] ਅਤੇ ਵੇਖ[48]।
ਗੁਰ ਸਬਦੁ[51] ਧਿਆਇ[52] ਮਹਲੁ[53] ਪਾਇ[54] ॥	Dwell[52] thou on the Guru's word[51] and mount[54] to thy Master's mansion[53].	ਤੂੰ ਗੁਰਾਂ ਦੀ ਬਾਣੀ[51] ਨੂੰ ਵੀਚਾਰ[52] ਅਤੇ ਆਪਣੇ ਮਾਲਕ ਦੇ ਮੰਦਰ[53] ਨੂੰ ਪਰਾਪਤ ਹੋ[54]।
ਹਰਿ[55] ਸੰਗਿ[56] ਰੰਗ[57] ਕਰਤੀ ਮਹਾ[58] ਕੇਲ[59] ॥ ੧ ॥ ਰਹਾਉ ॥	Thiswise, imbued with[56] love[57], thou shalt greatly[58] sport[59] with thy Lord[55]. Pause.	ਇਸ ਤਰ੍ਹਾਂ, ਪ੍ਰੀਤ[57] ਨਾਲ[56] ਰੰਗੀ ਹੋਈ, ਤੂੰ ਆਪਣੇ ਸੁਆਮੀ[55] ਨਾਲ ਬਹੁਤ[58] ਹੀ ਖੇਲੇ ਮਲੇਂਗੀ[59]। ਠਹਿਰਾਉ।
ਸੁਪਨ[60] ਰੀ[61] ਸੰਸਾਰੁ[62] ॥ ਮਿਥਨੀ[63] ਬਿਸਥਾਰੁ[64] ॥	O[61] mate, the world[62] is like a dream[60] and false[63] is its expanse[64].	ਨੀ[61] ਸਹੇਲੀਏ! ਦੁਨੀਆਂ[62] ਇਕ ਸੁਪਨੇ[60] ਦੀ ਨਿਆਂਈ ਹੈ ਅਤੇ ਕੂੜਾ[63] ਹੈ ਇਸ ਦਾ ਖਿਲਾਰਾ[64]।
ਸਖੀ[65] ਕਾਇ[66] ਮੋਹਿ[67] ਮੋਹਿਲੀ[68] ਪ੍ਰਿਅ[69] ਪ੍ਰੀਤਿ[70] ਰਿਦੈ[71] ਮੇਲ[72] ॥ ੧॥	O mate[65], why[66] art thou bewitched[68] in the love[67] of mammon? Enshrine[72] thou thy Beloved's[69] love[70] within thy mind[71].	ਨੀ ਸਹੀਏ[65]! ਤੂੰ ਮਾਇਆ ਦੀ ਮਮਤਾ[67] ਅੰਦਰ ਕਿਉਂ[66] ਮੋਹੀ ਗਈ[68] ਹੈਂ? ਤੂੰ ਆਪਣੇ ਪ੍ਰੀਤਮ[69] ਦੀ ਪਿਰਹੜੀ[70] ਨੂੰ ਆਪਣੇ ਮਨ[71] ਅੰਦਰ ਟਿਕਾ[72]।
ਸਰਬ[73] ਰੀ ਪ੍ਰੀਤਿ[74] ਪਿਆਰੁ[75] ॥	O mate, the Lord is the embodiment[73] of love[74] and affection[75].	ਨੀ ਸਖੀਏ! ਪ੍ਰਭੂ ਨੇਹੁੰ[74] ਅਤੇ ਪ੍ਰੇਮ[75] ਦਾ ਪੁੰਜ[73] ਹੈ।

ਪ੍ਰਭੁ ਸਦਾ[76] ਰੀ ਦਇਆਰੁ[77] ਕਾਂਏ[78] ਆਨ[79] ਆਨ ਰੁਚੀਐ[80] ॥ ਹਰਿ ਸੰਗਿ[81] ਸੰਗਿ ਖਚੀਐ[82] ॥ ਜਉ[83] ਸਾਧ ਸੰਗ ਪਾਏ ॥ ਕਹੁ[84] ਨਾਨਕ ਹਰਿ ਧਿਆਏ[85] ॥ ਅਬ[86] ਰਹੇ[87] ਜਮਹਿ[88] ਮੇਲ[89] ॥ ੨ ॥੧॥ ੧੩੦॥

O mate, ever[76] Merciful[77] is my Master. Why[78] lovest[80] thou another[79], another ? With[81], with thy Lord, remain thou ever attached[82]. Says[84] Nanak, now[86] when[83] she obtains the saint's society, she contemplates[85] her Lord and her association[89] with the death's courier[88] is ended[87].

ਨੀ ਸਖੀਏ ! ਹਮੇਸ਼ਾਂ[76] ਹੀ ਮਿਹਰਬਾਨ[77] ਹੈ ਮੇਰਾ ਮਾਲਕ। ਤੂੰ ਹੋਰਸ[79], ਹੋਰਸ ਨੂੰ ਕਿਉਂ[78] ਪਿਆਰ ਕਰਦੀ[80] ਹੈਂ ? ਆਪਣੇ ਸੁਆਮੀ ਨਾਲ[81], ਨਾਲ ਤੂੰ ਸਦਾ ਹੀ ਜੁੜੀ[82] ਰਹੁ। ਗੁਰੂ ਜੀ ਫ਼ੁਰਮਾਉਂਦੇ[84] ਹਨ, ਹੁਣ[86] ਜਦ[83] ਉਸ ਨੂੰ ਸਤਿਸੰਗਤ ਪਰਾਪਤ ਹੋ ਜਾਂਦੀ ਹੈ, ਉਹ ਆਪਣੇ ਸੁਆਮੀ ਦਾ ਸਿਮਰਨ ਕਰਦੀ[85] ਹੈ ਅਤੇ ਉਸ ਦਾ ਮੌਤ ਦੇ ਦੂਤ[88] ਨਾਲੋਂ ਮੇਲ ਮਿਲਾਪ[89] ਮੁਕ ਜਾਂਦਾ[87] ਹੈ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ।

ਕੰਚਨਾ[90] [91]ਬਹੁਦਤ[92] ਕਰਾ ॥ ਭੂਮਿ[93] ਦਾਨੁ[94] ਅਰਪਿ[95] ਧਰਾ ॥ ਮਨ[96] ਅਨਿਕ[97] ਸੋਚ[99] ਪਵਿਤੁ ਕਰਤ[100] ॥ ਨਾਹੀ ਰੇ[2] ਨਾਮ ਤੁਲਿ[3] ਮਨ[4] ਚਰਨ[5] ਕਮਲ[6] ਲਾਗੇ[7] ॥ ੧ ॥ ਰਹਾਉ ॥

If thou givest away much[91] gold[90] in alms[92], offerest[95] thy land[93] in charity[94] and purifiest[99] and sanctifiest[100] thy mind[96] in various[97] ways, but, O[2], it equals[3] not the Lord's Name. So, O man[4], remain thou attached[7] to the Lord's lotus[6] feet[5]. Pause.

ਜੇਕਰ ਤੂੰ ਬਹੁਤ[91] ਸੋਨਾ[90] ਖ਼ੈਰਾਤ[92] ਵਿਚ ਦੇਵੇਂ, ਆਪਣੀ ਜ਼ਮੀਨ[93] ਪੁੰਨ-ਦਾਨ[94] ਵਿਚ ਭੇਟਾ ਕਰੇਂ[95] ਅਤੇ ਆਪਣੇ ਚਿਤ[96] ਨੂੰ ਅਨੇਕਾਂ[97] ਤਰੀਕਿਆਂ ਨਾਲ ਪਵਿੱਤਰ[99] ਤੇ ਸ਼ੁੱਧ[100] ਕਰੇਂ, ਪਰ ਓ[2] ! ਇਹ ਪ੍ਰਭੂ ਦੇ ਨਾਮ ਦੇ ਬਰਾਬਰ[3] ਨਹੀਂ ਪੁਜਦੇ। ਇਸ ਲਈ, ਹੇ ਬੰਦੇ[4] ! ਤੂੰ ਪ੍ਰਭੂ ਦੇ ਕੰਵਲ[6] ਰੂਪੀ ਪੈਰਾਂ[5] ਨਾਲ ਜੁੜਿਆ ਰਹੁ[7]। ਠਹਿਰਾਉ।

ਚਾਰਿ ਬੇਦ ਜਿਹਵ[8] ਭਨੇ[9] ॥ ਦਸ ਅਸਟ[10] ਖਸਟ[12] ਸ੍ਰਵਨ[13] ਸੁਨੇ ॥ ਨਹੀ ਤੁਲਿ ਗੋਬਿੰਦ ਨਾਮ ਧੁਨੇ[14] ॥ ਮਨ ਚਰਨ ਕਮਲ ਲਾਗੇ[15] ॥੧॥

If thou utterest[9] the four Vedas with thy tongue[8] and hearest the eighteen[10] Puranas and six[12] Shashtras with thine ears[13], but these equal not the Divine melody[14] of the Lord's Name. So, O man, remain thou clung[15] to the Lord's lotus feet.

ਜੇਕਰ ਆਪਣੀ ਜੀਭਾ[8] ਨਾਲ ਤੂੰ ਚਾਰ ਵੇਦ ਉਚਾਰਦਾ[9] ਹੈਂ ਅਤੇ ਆਪਣੇ ਕੰਨਾਂ[13] ਨਾਲ ਅਠਾਰਾਂ[10] ਪੁਰਾਣ ਤੇ ਛੇ ਸ਼ਾਸਤ੍ਰ[12] ਸੁਣਦਾ ਹੈਂ, ਪਰੰਤੂ ਇਹ ਪ੍ਰਭੂ ਦੇ ਨਾਮ ਦੇ ਰੱਬੀ ਕੀਰਤਨ[14] ਦੇ ਬਰਾਬਰ ਨਹੀਂ ਪੁਜਦੇ। ਇਸ ਲਈ, ਹੇ ਇਨਸਾਨ ! ਤੂੰ ਪ੍ਰਭੂ ਦੇ ਕੰਵਲ ਰੂਪੀ ਪੈਰਾਂ ਨਾਲ ਚਿਮੜਿਆ[15] ਰਹੁ।

ਬਰਤ[16] ਸੰਧਿ[17] ਸੋਚ[18] ਚਾਰ[19] ॥

Thou keepest fasts[16], sayest vesper-prayers[17], purifiest[18] hyself and doest good deeds[19].

ਤੂੰ ਵਰਤ[16] ਰਖਦਾ ਹੈਂ, ਸੰਧਿਆ[17] ਕਰਦਾ ਹੈਂ, ਆਪਣੇ ਆਪ ਨੂੰ ਸ਼ੁੱਧ ਕਰਦਾ[18] ਹੈਂ ਤੇ ਚੰਗੇ ਕਰਮ[19] ਕਮਾਉਂਦਾ ਹੈਂ।

ਕ੍ਰਿਆ[20] ਕੁੰਟ[21] ਨਿਰਾਹਾਰ[22] ॥

Thou goest on pilgrimages[20] in all directions[21] and eatest not[22] anything.

ਤੂੰ ਸਾਰੀ ਪਾਸੀਂ[21] ਯਾਤ੍ਰਾ[20] ਤੇ ਜਾਂਦਾ ਹੈਂ ਅਤੇ ਕੁਝ ਭੀ ਖਾਂਦਾ ਨਹੀਂ[22]।

ਅਪਰਸ[23] ਕਰਤ[24] ਪਾਕਸਾਰ[25] ॥	Touching no one[23], thou cookest[24] thy food[25].	ਕਿਸੇ ਦੇ ਨਾਲ ਲਗਣ[23] ਦੇ ਬਿਨਾਂ, ਤੂੰ ਆਪਣਾ ਭੋਜਨ[25] ਬਣਾਉਂਦਾ[24] ਹੈਂ ।
ਨਿਵਲੀ ਕਰਮ[26] ਬਹੁ[27] ਬਿਸਥਾਰ[28] ॥	Thou makest a great[27] display[28] of thy inly-washings[26].	ਤੂੰ ਆਪਣੇ ਅੰਤ੍ਰੀਵ ਨ੍ਹਾਉਣ ਧੋਣ[26] ਦਾ ਭਾਰਾ[27] ਮੁਜ਼ਾਹਰਾ[28] (ਵਖਾਵਾ) ਕਰਦਾ ਹੈਂ ।
ਧੂਪ[29] ਦੀਪ[30] ਕਰਤੇ[31] ਹਰਿ ਨਾਮ ਤੁਲਿ[32] ਨ ਲਾਗੇ ॥	Thou burnest[31] incense[29] and lamps[30] in the temples. All these equal[32] not God's Name.	ਤੂੰ ਮੰਦਰਾਂ ਵਿਚ ਧੂਪ[29] ਤੇ ਦੀਵੇ[30] ਬਾਲਦਾ[31] ਹੈਂ । ਇਹ ਸਾਰੇ ਰਬ ਦੇ ਨਾਮ ਦੇ ਬਰਾਬਰ[32] ਨਹੀਂ ਪੁਜਦੇ ।
ਰਾਮ[33] ਦਇਆਰ[34] ਸੁਨਿ ਦੀਨ[35] ਬੇਨਤੀ[36] ॥	O Merciful[34] Master[33], hear Thou the supplication[36] of Thy meek[35] slave.	ਹੇ ਮਿਹਰਬਾਨ[34] ਮਾਲਕ[33] ! ਤੂੰ ਆਪਣੇ ਮਸਕੀਨ[35] ਗੋਲੇ ਦੀ ਪ੍ਰਾਰਥਨਾ[36] ਸੁਣ ।
ਦੇਹੁ[37] ਦਰਸੁ[38] ਨੈਨ[39] ਪੇਖਉ[40] ਜਨ[41] ਨਾਨਕ ਨਾਮ ਮਿਸਟ[42] ਲਾਗੇ[43] ॥ ੨॥੨॥੧੩੧॥	Bless[37] Thou me with Thy vision[38], O Lord, that I may behold[40] Thee with mine eyes[39]. Thy Name seems[43] sweet[42] unto slave[41] Nanak.	ਤੂੰ ਮੈਨੂੰ ਆਪਣਾ ਦਰਸ਼ਨ[38] ਬਖ਼ਸ਼[37] ਹੇ ਪ੍ਰਭੂ ! ਤਾਂ ਜੋ ਮੈਂ ਆਪਣੀਆਂ ਅੱਖਾਂ[39] ਨਾਲ ਤੈਨੂੰ ਵੇਖਾਂ[40] । ਤੇਰਾ ਨਾਮ ਗੋਲੇ[41] ਨਾਨਕ ਨੂੰ ਮਿੱਠਾ[42] ਲੱਗਦਾ[43] ਹੈ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਰਾਮ[44] ਰਾਮ ਰਾਮ ਜਾਪਿ[45] ਰਮਤ[46] ਰਾਮ ਸਹਾਈ[47] ॥ ੧ ॥ ਰਹਾਉ ॥	Contemplate[45] thou thy Lord[44], Lord, Lord and the Omnipresent[46] Lord shalt be thy succourer[47]. Pause.	ਤੂੰ ਆਪਣੇ ਸੁਆਮੀ[44], ਸੁਆਮੀ ਸੁਆਮੀ ਦਾ ਸਿਮਰਨ[45] ਕਰ ਅਤੇ ਸਰਬ-ਵਿਆਪਕ[46] ਸੁਆਮੀ ਤੇਰਾ ਸਹਾਇਕ[47] ਹੋਵੇਗਾ । ਠਹਿਰਾਉ ।
੧੨੩੦	1230	੧੨੩੦
ਸੰਤਨ ਕੈ ਚਰਨ[48] ਲਾਗੇ[49] ॥ ਕਾਮ[50] ਕ੍ਰੋਧ[51] ਲੋਭ[52] ਤਿਆਗੇ[53] ॥	Clinging[49] to the saints' feet[48] I have abandoned[53] lust[50], wrath[51] and avarice[52].	ਸਾਧੂਆਂ ਦੇ ਪੈਰਾਂ[48] ਨਾਲ ਲਗ[49] ਕੇ, ਮੈਂ ਸ਼ਹਿਵਤ[50], ਗੁੱਸੇ[51] ਅਤੇ ਲਾਲਚ[52] ਨੂੰ ਛੱਡ ਦਿੱਤਾ[53] ਹੈ ।
ਗੁਰ ਗੋਪਾਲ[54] ਭਏ ਕ੍ਰਿਪਾਲ[55] ਲਬਧਿ[56] ਅਪਨੀ ਪਾਈ[57] ॥੧॥	The Guru-God[54] has become merciful[55] unto me and I have obtained[57] what was writ in my destiny[56].	ਗੁਰੂ-ਪ੍ਰਮੇਸ਼ਰ[54] ਮੇਰੇ ਉਤੇ ਮਿਹਰਬਾਨ[55] ਹੋ ਗਏ ਹਨ ਅਤੇ ਜਿਹੜਾ ਕੁਛ ਮੇਰੀ ਪਰਾਲਭਧ[56] ਵਿਚ ਲਿਖਿਆ ਹੋਇਆ ਸੀ, ਉਸ ਨੂੰ ਮੈਂ ਪਾ ਲਿਆ[57] ਹੈ ।
ਬਿਨਸੇ[58] ਭ੍ਰਮ[59] ਮੋਹ[60] ਅੰਧ[61] ਟੂਟੇ[62] ਮਾਇਆ[63] ਕੇ ਬੰਧ[64] ਪੂਰਨ[65] ਸਰਬਤ੍ਰ[66] ਠਾਕੁਰ[67] ਨਹ ਕੋਊ ਬੈਰਾਈ[68] ॥	My doubt[59] and worldly love[60] are dispelled[58], the blind[61] bonds[64] of mammon[63] are broken[62], I see the Lord[67] fullyfilling[65] all[66] and now, no one is an enemy[68] of mine.	ਮੇਰਾ ਸੰਦੇਹ[59] ਅਤੇ ਸੰਸਾਰੀ ਮਮਤਾ[60] ਦੂਰ ਹੋ ਗਏ[58] ਹਨ, ਮੋਹਨੀ[63] ਦੇ ਅੰਨ੍ਹੇ[61] ਜੂੜ[64] ਕਟੇ ਗਏ[62] ਹਨ, ਮੈਂ ਪ੍ਰਭੂ[67] ਨੂੰ ਸਾਰਿਆਂ[66] ਵਿਚ ਪਰੀਪੂਰਨ[65] ਵੇਖਦਾ ਹਾਂ ਅਤੇ ਹੁਣ ਮੇਰਾ ਕੋਈ ਭੀ ਦੁਸ਼ਮਨ[68] ਨਹੀਂ ।
ਸੁਆਮੀ [69]ਸੁਪ੍ਰਸੰਨ[70] ਭਏ ਜਨਮ ਮਰਨ ਦੋਖ[71] ਗਏ[72] ਸੰਤਨ ਕੈ ਚਰਨ[73] ਲਾਗਿ[74]	My Lord is mightily[69] pleased[70] with me and I am rid[72] of the pain[71] of birth and death. Clinging[74] to the	ਮੇਰਾ ਸਾਹਿਬ ਮੇਰੇ ਉਤੇ ਅਤਿਅੰਤ[69] ਖੁਸ਼ ਹੋ ਗਿਆ[70] ਹੈ ਅਤੇ ਮੈਂ ਜੰਮਣ ਤੇ ਮਰਨ ਦੇ ਦੁਖ[71] ਤੋਂ ਖ਼ਲਾਸੀ ਪਾ ਗਿਆ[72] ਹਾਂ । ਸਾਧੂਆਂ ਦੇ ਪੈਰਾਂ ਨਾਲ[73] ਜੁੜ[74] ਕੇ

ਨਾਨਕ ਗੁਨ[75] ਗਾਈ ॥ ੨॥੩॥੧੩੨॥

saints' feet[73], Nanak sings the praises[75] of his Lord.

ਨਾਨਕ ਆਪਣੇ ਸੁਆਮੀ ਦੀਆਂ ਸਿਫ਼ਤਾਂ[75] ਗਾਇਨ ਕਰਦਾ ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਹਰਿ ਹਰੇ[76] ਹਰਿ[77] ਮੁਖਹੁ[78] ਬੋਲਿ[79] ਹਰਿ ਹਰ ਮਨਿ[80] ਧਾਰੇ[81] ॥੧॥ਰਹਾਉ ॥

With thy mouth[78], utter[79] thou thy Lord Master's[76] Name[77] and thy Lord Master, enshrine[81] thou within thy mind[80], O man. Pause.

ਆਪਣੇ ਮੂੰਹ[78] ਨਾਲ, ਤੂੰ ਆਪਣੇ ਸੁਆਮੀ-ਮਾਲਕ[76] ਦੇ ਨਾਮ[77] ਦਾ ਉਚਾਰਨ[79] ਕਰ ਅਤੇ ਸੁਆਮੀ ਮਾਲਕ ਨੂੰ ਹੀ ਤੂੰ ਆਪਣੇ ਹਿਰਦੇ[80] ਅੰਦਰ ਟਿਕਾ[81], ਹੇ ਬੰਦੇ ! ਠਹਿਰਾਉ ।

ਸ੍ਰਵਨ[82] ਸੁਨਨ ਭਗਤਿ[83] ਕਰਨ[84]ਅਨਿਕ[85]ਪਾਤਿਕ[86] ਪੁਨਹ ਚਰਨ[87] ॥

To hear the Lord's Name with the ears[82] and to embrace[84] the Lord's meditation[83], are the true deeds of expiation[87] to destroy myriads[85] of sins[86].

ਕੰਨਾਂ[82] ਨਾਲ ਸਾਹਿਬ ਦਾ ਨਾਮ ਸੁਣਨਾ ਅਤੇ ਸਾਹਿਬ ਦਾ ਸਿਮਰਨ[83] ਧਾਰਨ[84] ਕਰਨਾ, ਕ੍ਰੋੜਾਂ[85] ਹੀ ਪਾਪਾਂ[86] ਨੂੰ ਨਾਸ ਕਰਨ ਲਈ ਸੱਚੇ ਪ੍ਰਾਸਚਿਤ ਕਰਮ[87] ਹਨ ।

ਸਰਨ[88] ਪਰਨ[89] ਸਾਧੂ ਆਨ[90] ਬਾਨਿ[91] ਬਿਸਾਰੇ[92]॥ ੧ ॥

Seek[89] thou the saints' refuge[88] and forget[92] all other[90] habits[91].

ਤੂੰ ਸੰਤਾਂ ਦੀ ਸ਼ਰਣਾਗਤ[88] ਸੰਭਾਲ[89] ਅਤੇ ਹੋਰ[90] ਸਾਰੀਆਂ ਆਦਤਾਂ[91] ਨੂੰ ਭੁਲਾ[92] ਦੇ ।

ਹਰਿ ਚਰਨ[93] ਪ੍ਰੀਤਿ[94] ਨੀਤ[95] ਨੀਤਿ ਪਾਵਨਾ ਮਹਿ ਮਹਾ ਪੁਨੀਤ[96] ਸੇਵਕ[97] ਭੈ[98] ਦੂਰਿ[3] ਕਰਨ ਕਲਿਮਲ[99]ਦੋਖ[100] ਜਾਰੇ[2]॥

Ever[95], ever love[94] thou the God's feet[93], the purest of the pure[96]. They rid[3] the Lord's slave[97] his fear[98] and burn off[2] his sins[99] and demerits[100].

ਸਦਾ[95], ਸਦਾ ਹੀ ਤੂੰ ਪਵਿੱਤ੍ਰਾਂ ਦੇ ਪਰਮ-ਪਵਿੱਤ੍ਰ[96] ਵਾਹਿਗੁਰੂ ਦੇ ਪੈਰਾਂ[93] ਨੂੰ ਪਿਆਰ[94] ਕਰ । ਉਹ ਸਾਂਈਂ ਦੇ ਗੋਲੇ[97] ਦਾ ਡਰ[98] ਨਾਸ ਕਰ ਦਿੰਦੇ[3] ਤੇ ਉਸ ਦੇ ਪਾਪਾਂ[99] ਤੇ ਅਉਗੁਣਾਂ[100] ਨੂੰ ਸਾੜ ਸੁਟਦੇ[2] ਹਨ ।

ਕਹਤ[4] ਮੁਕਤ[5] ਸੁਨਤ[6] ਮੁਕਤ ਰਹਤ[7] ਜਨਮ[8] ਰਹਤੇ[9] ॥

Emancipated[5] are the utterers[4] of the Lord's Name and emancipated the hearers[6] of it. They who practise[7] the Name are born[8] not[9] again

ਮੁਕਤ[5] ਹਨ ਪ੍ਰਭੂ ਦੇ ਨਾਮ ਨੂੰ ਉਚਾਰਨ ਕਰਨ ਵਾਲੇ[4] ਅਤੇ ਮੁਕਤ ਹਨ ਇਸ ਨੂੰ ਸੁਣਨ ਵਾਲੇ[6] । ਜੋ ਨਾਮ ਦੀ ਕਮਾਈ[7] ਕਰਦੇ ਹਨ, ਉਹ ਮੁੜ ਕੇ ਜਨਮ[8] ਨਹੀਂ[9] ਧਾਰਦੇ ।

ਰਾਮ ਰਾਮ[10] ਸਾਰ ਭੂਤ[12] ਨਾਨਕ ਤਤੁ[13] ਬੀਚਾਰੇ[14] ॥ ੨॥੪॥੧੩੩॥

The Lord's Name[10] is the quintessence[12] of all. Nanak reflects[14] on the 'Real Thing'[13].

ਸੁਆਮੀ ਦਾ ਨਾਮ[10] ਸਾਰਿਆਂ ਦਾ ਨਿਚੋੜ[12] ਹੈ । ਨਾਨਕ ਅਸਲ ਵਸਤੂ[13] ਦਾ ਧਿਆਨ ਧਾਰਦਾ[14] ਹੈ ।

ਸਾਰਗ ਮਹਲਾ ੫ ॥

Sarang 5th Guru.

ਸਾਰੰਗ ਪੰਜਵੀਂ ਪਾਤਿਸ਼ਾਹੀ ।

ਨਾਮ ਭਗਤਿ[15] ਮਾਗੁ[16] ਸੰਤ ਤਿਆਗਿ[17] ਸਗਲ ਕਾਮੀ[18] ॥੧॥ ਰਹਾਉ ॥

Ask[16] for the Lord's Name and His meditation[15] from the saints and abandon[17] all other affairs[18]. Pause.

ਸਾਧੂਆਂ ਪਾਸੋਂ ਪ੍ਰਭੂ ਦੇ ਨਾਮ ਅਤੇ ਉਸ ਦੀ ਬੰਦਗੀ[15] ਦੀ ਯਾਚਨਾ[16] ਕਰ ਅਤੇ ਹੋਰ ਸਾਰੇ ਕੰਮ[18] ਛਡ ਦੇ[17] । ਠਹਿਰਾਉ ।

ਪ੍ਰੀਤਿ[19] ਲਾਇ ਹਰਿ ਧਿਆਇ[20] ਗੁਨ[20*] [21]ਗੁਬਿੰਦ[22] ਸਦਾ ਗਾਇ ॥

Contemplate[20] and love[19] thou thy God and ever sing thou the praise[20*] of the [21]World-Lord[22].

ਤੂੰ ਆਪਣੇ ਵਾਹਿਗੁਰੂ ਨੂੰ ਸਿਮਰ[20] ਤੇ ਪਿਆਰ[19] ਕਰ ਅਤੇ ਸਦੀਵ ਹੀ ਸੰਸਾਰ[21] ਦੇ ਸੁਆਮੀ[22] ਦੀ ਕੀਰਤੀ[20*] ਗਾਇਨ ਕਰ ।

ਹਰਿ ਜਨ[26] ਕੀ ਰੇਨੁ[23] ਬਾਂਛੁ[24] ਦੇਨਹਾਰ[25] ਸੁਆਮੀ ॥੧॥	Long[24] thou for the dust[23] of the God's slave[26] and the Lord shall bless[25] thee therewith.	ਤੂੰ ਵਾਹਿਗੁਰੂ ਦੇ ਗੋਲੇ[26] ਦੇ ਪੈਰਾਂ ਦੀ ਧੂੜ[23] ਦੀ ਚਾਹਨਾ[24] ਕਰ ਅਤੇ ਪ੍ਰਭੂ ਤੈਨੂੰ ਉਸ ਦੀ ਦਾਤ ਬਖ਼ਸ਼[25] ਦੇਵੇਗਾ ।
ਸਰਬ[27] ਕੁਸਲ[28] ਸੁਖ[29] ਬਿਸ੍ਰਾਮ[30] ਆਨਦਾ ਆਨੰਦ[31] ਨਾਮ ਜਮ[32] ਕੀ ਕਛੁ ਨਾਹਿ[36] ਤ੍ਰਾਸ[33] ਸਿਮਰਿ[34] ਅੰਤਰਜਾਮੀ[35] ॥	The Lord's Name is the joy[31] of joys and the abode[30] of all[27] the mirths[28] and comforts[29]. Meditating[34] on the Lord, the Inner-knower[35], one is rid of[36] the fear[33] of death[32].	ਪ੍ਰਭੂ ਦਾ ਨਾਮ ਖ਼ੁਸ਼ੀਆਂ ਦੀ ਖ਼ੁਸ਼ੀ[31] ਅਤੇ ਸਾਰਿਆਂ[27] ਅਨੰਦਾਂ[28] ਤੇ ਆਰਾਮਾਂ[29] ਦਾ ਟਿਕਾਣਾ[30] ਹੈ । ਅੰਦਰਲੀਆਂ ਜਾਨਣਹਾਰ[35] ਸਾਈਂ ਦਾ ਭਜਨ[34] ਕਰਨ ਦੁਆਰਾ, ਜੀਵ ਮੌਤ[32] ਦੇ ਡਰ[33] ਤੋਂ ਖ਼ਲਾਸੀ[36] ਪਾ ਜਾਂਦਾ ਹੈ ।
ਏਕ[37] ਸਰਨ[38] ਗੋਬਿੰਦ[39] ਚਰਨ[40] ਸੰਸਾਰ[41] ਸਗਲ[44] ਤਾਪ[42] ਹਰਨ[43] ॥	The refuge[38] of the Lord's[39] feet[40] alone[37], destroys[43] all[44] the sufferings[42] of the world[41].	ਕੇਵਲ[37] ਪ੍ਰਭੂ[39] ਦੇ ਪੈਰਾਂ[40] ਦੀ ਪਨਾਹ[38] ਹੀ ਦੁਨੀਆਂ[41] ਦੇ ਸਾਰੇ[44] ਦੁਖੜਿਆਂ[42] ਨੂੰ ਨਾਸ[43] ਕਰਦੀ ਹੈ ।
ਨਾਵ[45] ਰੂਪ[46]* ਸਾਧ ਸੰਗ[47] ਨਾਨਕ ਪਾਰਗਰਾਮੀ[46] ॥੨॥੫॥੧੩੪॥	The saints congregation[47] is like[45]* a boat[45], wherewith one crosses[46] the world ocean, O Nanak.	ਸਤਿਸੰਗਤ[47] ਇਕ ਬੇੜੀ[45] ਦੀ ਤਰ੍ਹਾਂ[45]* ਹੈ, ਜਿਸ ਦੇ ਨਾਲ ਜੀਵ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ[46] ਹੈ, ਹੇ ਨਾਨਕ !
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਗੁਨ[48] ਲਾਲ[49] ਗਾਵਉ ਗੁਰ ਦੇਖੇ[50] ॥	Seeing[50] the vision of my Guru, I sing the praises[48] of my love[49].	ਆਪਣੇ ਗੁਰਾਂ ਦਾ ਦਰਸ਼ਨ ਵੇਖਣ[50] ਦੁਆਰਾ, ਮੈਂ ਆਪਣੇ ਪਿਆਰੇ[49] ਦੀਆਂ ਸਿਫ਼ਤਾਂ[48] ਗਾਉਂਦਾ ਹਾਂ ।
ਪੰਚਾ[51] ਤੇ ਏਕੁ ਛੂਟਾ[52] ਜਉ[53] ਸਾਧ ਸੰਗਿ[54] ਪਗਰਉ[55] ॥੧॥ ਰਹਾਉ ॥	When[53] I am attached[55] with the saints' society[54] then this mind of mine is rid of[52] the five[51] demons. Pause.	ਜਦ[53] ਮੈਂ ਸਤਿਸੰਗਤ[54] ਨਾਲ ਜੁੜ ਜਾਂਦਾ[55] ਹਾਂ, ਤਾਂ ਮੇਰਾ ਇਹ ਮਨੂਆ ਪੰਜਾਂ[51] ਭੂਤਨਿਆਂ ਤੋਂ ਖ਼ਲਾਸੀ ਪਾ ਜਾਂਦਾ[52] ਹੈ । ਠਹਿਰਾਉ ।
ਦ੍ਰਿਸਟਉ[56] ਕਛੁ ਸੰਗਿ[57] ਨ ਜਾਇ ਮਾਨੁ[58] ਤਿਆਗਿ[59] ਮੋਹਾ[60] ॥	All that is seen[56], shall go not with[57] thee, O man. So abandon[59] thou thy self-conceit[58] and worldly attachment[60].	ਸਾਰਾ ਕੁਛ ਜੋ ਦਿਸਦਾ[56] ਹੈ, ਤੇਰੇ ਨਾਲ[57] ਨਹੀਂ ਜਾਣਾ, ਹੇ ਇਨਸਾਨ ! ਇਸ ਲਈ ਤੂੰ ਆਪਣੀ ਸਵੈ-ਹੰਗਤਾ[58] ਅਤੇ ਸੰਸਾਰੀ ਲਗਨ[60] ਨੂੰ ਛਡ ਦੇ[59] ।
ਏਕੈ ਹਰਿ ਪ੍ਰੀਤਿ[61] ਲਾਇ ਮਿਲਿ ਸਾਧ ਸੰਗਿ ਸੋਹਾ[62] ॥੧॥	Love[61] thou thy One Lord and be embellished[62] meeting with the saints' guild.	ਤੂੰ ਆਪਣੇ ਇਕ ਪ੍ਰਭੂ ਨੂੰ ਪਿਆਰ[61] ਕਰ ਅਤੇ ਸਤਿਸੰਗਤ ਨਾਲ ਮਿਲ ਕੇ ਸੁਸ਼ੋਭਤ[62] ਹੋ ।
ਪਾਇਓ ਹੈ ਗੁਣ[63] ਨਿਧਾਨੁ[64] ਸਗਲ ਆਸ[65] ਪੂਰੀ[66] ॥	I have obtained God, the Treasure[64] of virtues[63] and all my hopes[65] are fulfilled[66].	ਮੈਂ ਨੇਕੀਆਂ[63] ਦੇ ਖ਼ਜ਼ਾਨੇ[64], ਵਾਹਿਗੁਰੂ ਨੂੰ ਪਾ ਲਿਆ ਹੈ ਅਤੇ ਮੇਰੀਆਂ ਸਾਰੀਆਂ ਉਮੈਦਾਂ[65] ਪੂਰੀਆਂ ਹੋ ਗਈਆਂ[66] ਹਨ ।
ਨਾਨਕ ਮਨਿ ਅਨੰਦ[67] ਭਏ ਗੁਰਿ ਬਿਖਮ[68] ਗਾਰੁ[69] ਤੋਰੀ[70] ॥੨॥੬॥੧੩੫॥	Nanak's mind is in bliss[67]. The Guru has shattered[70] the strong[68] fortress[69].	ਨਾਨਕ ਦੇ ਚਿਤ ਅੰਦਰ ਖ਼ੁਸ਼ੀ[67] ਹੈ । ਗੁਰਦੇਵ ਜੀ ਨੇ ਮਜ਼ਬੂਤ[68] ਗੜ੍ਹ[69] ਨੂੰ ਤੋੜ ਦਿੱਤਾ[70] ਹੈ ।

ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਮਨਿ[71] ਬਿਰਾਗੈ[72] ਗੀ ॥ ਖੋਜਤੀ[73] ਦਰਸਾਰ[74] ॥੧॥ ਰਹਾਉ ॥	Seeking[73] the Lord's vision[74], my soul[71] has become detached[72]. Pause.	ਪ੍ਰਭੂ ਦੇ ਦਰਸ਼ਨ[74] ਦੀ ਤਲਾਸ਼ ਕਰਦੀ ਹੋਈ[73], ਮੇਰੀ ਜਿੰਦੜੀ[71] ਉਪਰਾਮ[72] ਹੋ ਗਈ ਹੈ। ਠਹਿਰਾਉ।
ਸਾਧੂ[75] ਸੰਤਨ[76] ਸੇਵਿ[80] ਕੈ ਪ੍ਰਿਉ[77] ਹੀਅਰੈ[78] ਧਿਆਇਓ[79] ॥	Serving[80] the holymen[75] and the pious persons[76], I contemplate[79] my Love[77] within my mind[78].	ਨੇਕ ਬੰਦਿਆਂ[75] ਤੇ ਪਵਿੱਤਰ ਪੁਰਸ਼ਾਂ[76] ਦੀ ਘਾਲ ਕਮਾ[80], ਮੈਂ ਆਪਣੇ ਪ੍ਰੀਤਮ[77] ਨੂੰ ਆਪਣੇ ਚਿਤ[78] ਵਿਚ ਯਾਦ ਕਰਦੀ[79] ਹਾਂ।
ਆਨੰਦ[81] ਰੂਪੀ[82] ਪੇਖਿ[83] ਕੈ ਹਉ[84] ਮਹਲੁ[85] ਪਾਵਉਗੀ[86] ॥੧॥	Seeing[83] my Groom, the Embodiment[82] of bliss[81], I[84] shall mount[86] to His mansion[85].	ਪਰਸੰਨਤਾ[81] ਸਰੂਪ[82], ਆਪਣੇ ਪਤੀ ਨੂੰ ਵੇਖ[83], ਮੈਂ[84] ਉਸ ਦੇ ਮੰਦਰ[85] ਨੂੰ ਪਰਾਪਤ ਹੋ ਜਾਵਾਂਗੀ[86]।
[87]ਕਾਮਕਰੀ[88] ਸਭ[89] ਤਿਆਗਿ[90] ਕੈ ਹਉ ਸਰਣਿ[91] ਪਰਉਗੀ[92] ॥	Abandoning[90] everything[89], I perform[88] His service[87] and seek[92] His refuge[91].	ਸਾਰਾ ਕੁਛ[89] ਛਡ[90] ਕੇ, ਮੈਂ ਉਸ ਦੀ ਸੇਵਾ[87] ਕਰਦੀ[88] ਅਤੇ ਉਸ ਦੀ ਪਨਾਹ[91] ਲੈਂਦੀ[92] ਹਾਂ।
ਨਾਨਕ ਸੁਆਮੀ ਗੁਰਿ[93] ਮਿਲੇ[95] ਹਉ ਗੁਰ ਮਨਾਵਉਗੀ[94] ॥ ੨ ॥ ੭ ॥ ੧੩੬ ॥	Nanak, the Lord has hugged[95] me to His bosom[93] and I shall now propitiate[94] my Guru.	ਨਾਨਕ, ਪ੍ਰਭੂ ਨੇ ਮੈਨੂੰ ਆਪਣੀ ਛਾਤੀ[93] ਨਾਲ ਲਾ[95] ਲਿਆ ਹੈ ਅਤੇ ਮੈਂ ਹੁਣ ਆਪਣੇ ਗੁਰਾਂ ਨੂੰ ਪ੍ਰਸੰਨ ਕਰਾਂਗੀ[94]।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ।
ਐਸੀ[96] ਹੋਇ ਪਰੀ[97] ॥	Such[96] has become[97] my inmost state, now.	ਮੇਰੀ ਅੰਤ੍ਰੀਵੀ ਅਵਸਥਾ, ਹੁਣ, ਐਹੋ ਜਿਹੀ[96] ਹੋ ਗਈ[97] ਹੈ।
ਜਾਨਤੇ[98] ਦਇਆਰ[99] ॥ ੧ ॥ ਰਹਾਉ ॥	My merciful Master[99] alone knows[98] it. Pause.	ਕੇਵਲ ਮੇਰਾ ਮਿਹਰਬਾਨ ਮਾਲਕ[99] ਹੀ ਇਸ ਨੂੰ ਜਾਣਦਾ[98] ਹੈ। ਠਹਿਰਾਉ।
ਮਾਤਰ[100] ਪਿਤਰ[2] ਤਿਆਗਿ[3] ਕੈ ਮਨੁ[4] ਸੰਤਨ ਪਾਹਿ[5] ਬੇਚਾਇਓ[6] ॥	Abandoning[3] my mother[100] and father[2], I have sold[6] off my soul[4] to[5] the saints.	ਆਪਣੀ ਅੰਮੜੀ[100] ਅਤੇ ਬਾਬਲ[2] ਨੂੰ ਛੱਡ[3] ਕੇ, ਮੈਂ ਆਪਣੀ ਜਿੰਦੜੀ[4] ਸਾਧੂਆਂ ਕੋਲ[5] ਵੇਚ ਛੱਡੀ[6] ਹੈ।
ਜਾਤਿ[7] ਜਨਮ[8] ਕੁਲ[9] ਖੋਈਐ[10] ਹਉ ਗਾਵਉ ਹਰਿ ਹਰੀ[12] ॥ ੧ ॥	I have lost[10] my caste[7], birth[8] and lineage[9] and sing I the praise of my Lord God[12].	ਮੇਰੀ ਜਾਤੀ[7], ਪੈਦਾਇਸ਼[8] ਅਤੇ ਵੰਸ਼[9] ਜਾਂਦੀਆਂ[10] ਰਹੀਆਂ ਹਨ ਅਤੇ ਮੈਂ ਆਪਣੇ ਸਾਂਈ ਹਰੀ[12] ਦਾ ਜੱਸ ਗਾਉਂਦਾ ਹਾਂ।
ਲੋਕ[13] ਕੁਟੰਬ[14] ਤੇ ਟੂਟੀਐ[15] ਪ੍ਰਭ ਕਿਰਤਿ[16] ਕਿਰਤਿ ਕਰੀ[17] ॥	I have snapped[15] the bonds with men[13] and my kinsmen[14] and now perform[17] the service[16], service of my Lord alone.	ਮੈਂ ਲੋਕਾਂ[13] ਅਤੇ ਆਪਣੇ ਸਨਬੰਧੀਆਂ[14] ਨਾਲੋਂ ਗੰਢ ਤੋੜ ਲਏ[15] ਹਨ ਅਤੇ ਹੁਣ ਕੇਵਲ ਆਪਣੇ ਸੁਆਮੀ ਦੀ ਹੀ ਸੇਵਾ[16] ਸੇਵਾ, ਕਮਾਉਂਦਾ[17] ਹਾਂ।
ਗੁਰਿ ਮੋਕਉ ਉਪਦੇਸਿਆ[18] ਨਾਨਕ ਸੇਵਿ[19] ਏਕ[20] ਹਰੀ ॥੨॥੮॥੧੩੭॥	Nanak, such is the instruction[18] of my Guru, that I should serve[19] my God alone[20].	ਨਾਨਕ, ਇਹੋ ਜਿਹੀ ਹੈ ਸਿੱਖ-ਮਤ[18] ਮੇਰੇ ਗੁਰਦੇਵ ਜੀ ਦੀ, ਕਿ ਮੈਂ ਕੇਵਲ[20] ਆਪਣੇ ਵਾਹਿਗੁਰੂ ਦੀ ਹੀ ਘਾਲ[19] ਕਮਾਵਾਂ।

੧੨੩੧	1231	੧੨੩੧
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਲਾਲ[21] ਲਾਲ ਮੋਹਨ[22] [23]ਗੋਪਾਲ[24] ਤੂ ॥	O my Fascinating[22] Beloved[21], Beloved, Thou alone art the Cherisher[24] of the world[23].	ਹੇ ਮੇਰੇ ਮਨਮੋਹਣੇ[22] ਪ੍ਰੀਤਮ[21], ਪ੍ਰੀਤਮ, ਕੇਵਲ ਤੂੰ ਹੀ ਸੰਸਾਰ[23] ਦਾ ਪਾਲਣ-ਪੋਸਣਹਾਰ[24] ਹੈਂ ।
ਕੀਟ[25] ਹਸਤਿ[26] ਪਾਖਾਣ[27] ਜੰਤ[28] ਸਰਬ[29] ਮੈ[30] ਪ੍ਰਤਿਪਾਲ[31] ਤੂ ॥ ੧ ॥ ਰਹਾਉ ॥	Thou art contained in[30] worms[25], elephants[26], stones[27] and other beings[28] and sustaineth[31] all[29] of them. Pause.	ਤੂੰ ਕੀੜਿਆਂ[25], ਹਾਥੀਆਂ[26], ਪੱਥਰਾਂ[27] ਤੇ ਹੋਰ ਜੀਵਾਂ[28] ਅੰਦਰ[30] ਵਿਆਪਕ ਹੈਂ ਅਤੇ ਸਾਰਿਆਂ[29] ਦੀ ਪਰਵਰਸ਼ ਕਰਦਾ[31] ਹੈਂ । ਠਹਿਰਾਉ ।
ਨਹ ਦੂਰਿ[32] ਪੂਰਿ[33] ਹਜੂਰਿ[34] ਸੰਗੇ[35] ॥	Thou art not far[32], but art ever near[34]. Thou pervadest[33] all and art with[35] all.	ਤੂੰ ਦੁਰੇਡੇ[32] ਨਹੀਂ ਪ੍ਰੰਤੂ ਸਦਾ ਹੀ ਨੇੜੇ[34] ਹੈਂ । ਤੂੰ ਸਾਰਿਆਂ ਅੰਦਰ ਵਿਆਪਕ[33] ਅਤੇ ਸਾਰਿਆਂ[35] ਦੇ ਨਾਲ ਹੈਂ ।
ਸੁੰਦਰ[36] ਰਸਾਲ[37] ਤੂ ॥ ੨ ॥	Beauteous[36] and the 'Home of elixir'[37] art Thou, O Lord.	ਸੋਹਣਾ ਸੁਨੱਖਾ[36] ਅਤੇ 'ਅੰਮ੍ਰਿਤ ਦਾ ਘਰ'[37] ਹੈਂ । ਤੂੰ, ਹੇ ਸੁਆਮੀ !
ਨਹ ਬਰਨ ਬਰਨ[38] ਨਹ ਕੁਲਹ ਕੁਲ[39] ॥	Amongst castes, Thou hast no caste[38] and amongst families no family[39].	ਜਾਤਾਂ ਵਿੱਚੋਂ, ਤੇਰੀ ਕੋਈ ਜਾਤੀ[38] ਨਹੀਂ ਅਤੇ ਵੰਸ਼ਾਂ ਵਿੱਚੋਂ ਕੋਈ ਵੰਸ਼[39] ਨਹੀਂ ।
ਨਾਨਕ ਪ੍ਰਭ ਕਿਰਪਾਲ[40] ਤੂ ॥੨॥੯॥੧੩੮॥	Says Nanak, Thou alone art my Merciful[40] Master.	ਗੁਰੂ ਜੀ ਫੁਰਮਾਉਂਦੇ ਹਨ, ਕੇਵਲ ਤੂੰ ਹੀ ਮੇਰਾ ਮਿਹਰਬਾਨ[40] ਮਾਲਕ ਹੈਂ ।
ਸਾਰਗ ਮਹਲਾ ੫ ॥	Sarang 5th Guru.	ਸਾਰੰਗ ਪੰਜਵੀਂ ਪਾਤਿਸ਼ਾਹੀ ।
ਕਰਤ[41] ਕੇਲ[42] ਬਿਖੈ[43] ਮੇਲ[44] ਚੰਦ੍ਰ[45] ਸੂਰ[46] ਮੋਹੇ[47] ॥	Mammon exhibits[41] wondrous plays[42] and yokes[44] one to sin[43]. She entices away[47] even the moon[45] and the sun[46].	ਮਾਇਆ ਅਸਚਰਜ ਖੇਡਾਂ[42] ਖੇਡਦੀ[41] ਹੈ ਅਤੇ ਬੰਦੇ ਨੂੰ ਪਾਪ[43] ਨਾਲ ਜੋੜ ਦਿੰਦੀ[44] ਹੈ । ਉਹ ਚੰਦ[45] ਅਤੇ ਸੂਰਜ[46] ਨੂੰ ਭੀ ਭੇਚਲ[47] (ਲੁਭਾਇਮਾਨ ਕਰ) ਲੈਂਦੀ ਹੈ ।
ਉਪਜਤਾ[48] ਬਿਕਾਰ[49] ਦੁੰਦਰ[50] ਨਉਪਰੀ[51] ਝੁਨੰਤਕਾਰ[52] ਸੁੰਦਰ[53] ਅਨਿਗ[54] ਭਾਉ[55] ਕਰਤ ਫਿਰਤ[56] ਬਿਨੁ[57] ਗੋਪਾਲ[58] ਧੋਹੇ[59] ॥ ਰਹਾਉ ॥	The noisy[50] evils[49] well up[48] from the tinkling[52] of the ankle-bells[51] of beauteous[53] mammon. She wanders[56] about making many[54] dalliances[55] and beguiles[59] everyone except[57] the Lord[58]. Pause.	ਸੋਹਣੀ[53] ਮਾਇਆ ਦੇ ਪੈਰਾਂ ਦੀਆਂ ਝਾਂਜਰਾਂ[51] ਦੀ ਛਣਕਾਰ[52] ਤੋਂ ਰੌਲਾ ਪਾਉਣ ਵਾਲੀਆਂ[50] ਬਦੀਆਂ[49] ਉਤਪੰਨ[48] ਹੁੰਦੀਆਂ ਹਨ । ਉਹ ਅਨੇਕਾਂ[54] ਨਾਜ-ਨਖਰੇ[55] ਕਰਦੀ ਫਿਰਦੀ[56] ਹੈ ਅਤੇ ਪ੍ਰਭੂ[58] ਦੇ ਬਗੈਰ[57] ਹਰ ਇਕਸ ਨੂੰ ਠਗ ਲੈਂਦੀ[59] ਹੈ । ਠਹਿਰਾਉ ।
ਤੀਨਿ ਭਉਨੇ[60] ਲਪਟਾਇ[61] ਰਹੀ ਕਾਚ[62] ਕਰਮਿ[63] ਨ ਜਾਤ[64] ਸਹੀ[65] ॥	It is clinging[61] to the three worlds[60] and through the imperfect[62] deeds[63] its stroke can[64] be endured[65] not.	ਇਹ ਤਿੰਨਾਂ ਹੀ ਜਹਾਨਾਂ[60] ਨੂੰ ਚਿਮੜ ਰਹੀ[61] ਹੈ ਅਤੇ ਮਾੜੇ-ਮੋਟੇ[62] ਅਮਲਾਂ[63] ਰਾਹੀਂ ਇਸ ਦੀ ਸੱਟ ਸਹਾਰੀ[65] ਨਹੀਂ ਜਾ ਸਕਦੀ[64] ।
ਉਨਮਤ[66] ਅੰਧ[67] ਧੰਧ[68]	Engrossed[69] in the blind[67] worldly	ਅੰਨ੍ਹੇ[67] ਸੰਸਾਰੀ ਕੰਮਾਂ[68] ਵਿਚ ਖਚਤ[69] ਹੋ ਪ੍ਰਾਣੀ ਮਤਵਾਲੇ[66]

ਰਚਿਤ[69] ਜੈਸੇ[70] ਮਹਾ[71] ਸਾਗਰ[72] ਹੋਹੇ[73] ॥੧॥

pursuits,[68] the mortals are inebriated[66] and are tossed about[73] as[70] on the high[71] ocean[72].

ਹੋਏ ਹੋਏ ਹਨ ਅਤੇ ਭਾਰੇ[71] ਸਮੁੰਦਰ[72] ਅੰਦਰ ਹੋਣ ਦੀ ਮਾਨੰਦ[70] ਧਕੇ-ਧੋਲੇ ਖਾਂਦੇ[73] ਹਨ।

ਉਧਰੇ[74] ਹਰਿ ਸੰਤ[75] ਦਾਸ[76] ਕਾਟਿ[77] ਦੀਨੀ ਜਮ[78] ਕੀ ਫਾਸ[79] ਪਤਿਤ[80] ਪਾਵਨ[81] ਨਾਮੁ ਜਾ[82] ਕੋ ਸਿਮਰਿ[83] ਨਾਨਕ ਓਹੇ[84] ॥੨॥੧੦॥੧੩੯॥੩॥੧੩॥੧੫੫॥

The God's saintly[75] slaves[76] escape[74] from the mammon's clutches and the Lord snaps[77] their death's[78] noose[79]. O Nanak, meditate[83] thou on Him[84] whose[82] Name is the purifier[81] of sinners[80].

ਰਬ ਦੇ ਸਾਧ ਸਰੂਪ[75] ਗੋਲੇ[76] ਮਾਇਆ ਦੇ ਪੰਜੇ ਵਿੱਚੋਂ ਬੱਚ ਨਿਕਲਦੇ[74] ਹਨ ਅਤੇ ਪ੍ਰਭੂ ਉਨ੍ਹਾਂ ਦੀ ਮੌਤ[78] ਦੀ ਫਾਹੀ[79] ਕਟ ਦਿੰਦਾ[77] ਹੈ। ਹੇ ਨਾਨਕ! ਤੂੰ ਉਸ[84] ਦਾ ਆਰਾਧਨ[83] ਕਰ, ਜਿਸ ਦਾ[82] ਨਾਮ ਪਾਪੀਆਂ[80] ਨੂੰ ਪਵਿੱਤਰ ਕਰਨ ਵਾਲਾ[81] ਹੈ।

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਰਾਗੁ ਸਾਰਗ ਮਹਲਾ ੯ ॥

Rag Sarang 9th Guru.

ਰਾਗੁ ਸਾਰੰਗ ਨੌਵੀਂ ਪਾਤਿਸ਼ਾਹੀ।

ਹਰਿ ਬਿਨੁ[85] ਤੇਰੋ ਕੋ ਨ ਸਹਾਈ[86] ॥

O man, save[85] God, none is an helper[86] of thine.

ਹੇ ਬੰਦੇ! ਰਬ ਦੇ ਬਗੈਰ[85], ਤੇਰਾ ਕੋਈ ਭੀ ਸਹਾਇਕ[86] ਨਹੀਂ।

ਕਾਂ ਕੀ[87] ਮਾਤ[88] ਪਿਤਾ[89] ਸੁਤ[90] ਬਨਿਤਾ[91] ਕੋ ਕਾਹੂ ਕੋ ਭਾਈ[92] ॥੧॥ ਰਹਾਉ ॥

Who[87] has a mother[88], father[89], son[90] and wife[91]? Who is any one's brother[92]? Pause.

ਕਿਸ[87] ਦੀ ਮਾਂ[88], ਪਿਓ[89], ਪੁੱਤ੍ਰ[90] ਅਤੇ ਵਹੁਟੀ[91] ਹਨ? ਕੌਣ ਕਿਸੇ ਦਾ ਕੋਈ ਭਰਾ[92] ਹੈ? ਠਹਿਰਾਉ।

ਧਨੁ[93] ਧਰਨੀ[94] ਅਰੁ[95] ਸੰਪਤਿ[96] ਸਗਰੀ[97] ਜੋ ਮਾਨਿਓ[98] ਅਪਨਾਈ[99] ॥ ਤਨ[100] ਛੂਟੈ[2] ਕਛੁ ਸੰਗਿ[3] ਨ ਚਾਲੈ[4] ਕਹਾ[5] ਤਾਹਿ[6] ਲਪਟਾਈ[7] ॥੧॥

Of all[97] the wealth,[93] land[94] and[95] property[96] that thou considerest[98] thine own,[99] why thy body[100] is deserted,[2] nothing shall depart[4] with[3] thee, why[5] clingest[7] thou to them[6]?

ਸਾਰੀ[97] ਦੌਲਤ[93], ਜ਼ਮੀਨ[94] ਅਤੇ[95] ਜਾਇਦਾਦ[96], ਜਿਨ੍ਹਾਂ ਨੂੰ ਤੂੰ ਆਪਣੀਆਂ ਨਿਜ[99] ਦੀਆਂ ਖਿਆਲ ਕਰਦਾ[98] ਹੈਂ, ਵਿੱਚੋਂ ਕੁਝ ਭੀ ਤੇਰੇ ਨਾਲ[3] ਨਹੀਂ ਜਾਣਾ[4], ਜਦ ਤੇਰੀ ਦੇਹਿ[100] ਤਿਆਗੀ ਜਾਣੀ[2] ਹੈ, ਤੂੰ ਉਹਨਾਂ[6] ਨਾਲ ਕਿਉਂ[5] ਚਿਮੜਦਾ[7] ਹੈ?

ਦੀਨ[8] ਦਇਆਲ[9] ਸਦਾ[10] ਦੁਖ[12] ਭੰਜਨ[13] ਤਾ[14] ਸਿਉ[15] ਰੁਚਿ[16] ਨ ਬਢਾਈ[17] ॥

He, who is Merciful[9] to the meek[8], and ever[10] the Destroyer[13] of pain[12]; with[15] Him[14] thou increaseth[17] not thy love[16].

ਜੋ ਮਸਕੀਨਾਂ[8] ਤੇ ਮਿਹਰਬਾਨ[9] ਅਤੇ ਸਦੀਵ[10] ਹੀ ਪੀੜ[12] ਨਾਸ ਕਰਨਹਾਰ[13] ਹੈ, ਉਸ[14] ਨਾਲ[15] ਤੂੰ ਆਪਣੀ ਪ੍ਰੀਤ[16] ਵਧੇਰੇ[17] ਨਹੀਂ ਕਰਦਾ।

ਨਾਨਕ ਕਹਤ ਜਗਤੁ[22] ਸਭੁ ਮਿਥਿਆ[18] ਜਿਉ[19] ਸੁਪਨਾ[20] ਰੈਨਾਈ[21] ॥੨॥੧॥

Says Nanak, the whole world[22] is false[18] like[19] the nightly[21] dream[20].

ਗੁਰੂ ਜੀ ਫੁਰਮਾਉਂਦੇ ਹਨ, ਸਾਰਾ ਸੰਸਾਰ[22] ਰਾਤ੍ਰੀ[21] ਦੇ ਸੁਫਨੇ[20] ਦੀ ਨਿਆਈਂ[19] ਝੂਠਾ[18] ਹੈ।

ਸਾਰੰਗ ਮਹਲਾ ੯ ॥

Sarang 9th Guru.

ਸਾਰੰਗ ਨੌਵੀਂ ਪਾਤਿਸ਼ਾਹੀ।

ਕਹਾ[23] ਮਨ[24] ਬਿਖਿਆ[25]

O my soul[24], why[23] clingest[27] thou

ਹੇ ਮੇਰੀ ਜਿੰਦੇ[24]! ਤੂੰ ਪਾਪਾਂ[25] ਨਾਲ[26] ਕਿਉਂ[23]

ਸਿਉ[26] ਲਪਟਾਹੀ[27] ॥	with[26] sins[25] ?	ਚਿਮੜਦੀ[27] ਹੈਂ ?
ਯਾ ਜਗ ਮਹਿ ਕੋਊ ਰਹਨੁ[28] ਨ ਪਾਵੈ ਇਕਿ ਆਵਹਿ ਇਕਿ ਜਾਹੀ[29] ॥੧॥ਰਹਾਉ॥	In this world, no one is allowed to stay[28]. One comes and another goes[29]. Pause.	ਇਸ ਜਹਾਨ ਅੰਦਰ,ਕਿਸੇ ਨੂੰ ਠਹਿਰਨਾ[28] ਨਹੀਂ ਮਿਲਦਾ । ਇਕ ਆਉਂਦਾ ਅਤੇ ਇਕ ਟੁਰ ਜਾਂਦਾ[29] ਹੈ । ਠਹਿਰਾਉ ।
ਕਾਂ[30] ਕੇ ਤਨੁ[31] ਧਨੁ[32] ਸੰਪਤਿ[33] ਕਾਂਕੀ ਕਾ ਸਿਉ ਨੇਹੁ[34] ਲਗਾਹੀ[35] ॥	Who[30] has body[31] and wealth[32] ? Who has property[33] ? With whom should one cultivate[35] love[34] ?	ਕਿਸਦਾ[30] ਸਰੀਰ[31] ਅਤੇ ਦੌਲਤ[32] ਹੈ ? ਕਿਸ ਦੀ ਜਾਇਦਾਦ[33] ਹੈ ? ਕੀਹਦੇ ਨਾਲ ਪ੍ਰਾਣੀ ਪਿਰਹੜੀ[34] ਪਾਵੇ[35] ?
ਜੋ[40] ਦੀਸੈ[41] ਸੋ[42] ਸਗਲ ਬਿਨਾਸੈ[36] ਜਿਉ[37] ਬਾਦਰ[38] ਕੀ ਛਾਹੀ[39] ॥੧॥	Whatever[40] comes to view[41], that[42] all shall pass away[36] like[37] the shade[39] of a cloud[38].	ਜਿਹੜਾ ਕੁਛ[40] ਭੀ ਦਿੱਸ ਆਉਂਦਾ[41] ਹੈ, ਉਹ[42] ਸਮੂਹ ਬੱਦਲ[38] ਦੀ ਛਾਂ[39] ਦੀ ਮਾਨੰਦ[37] ਅਲੋਪ ਹੋ ਜਾਵੇਗਾ[36] ।
ਤਜਿ[43]ਅਭਿਮਾਨੁ[44]ਸਰਣਿ[45] ਸੰਤਨ ਗਹੁ[46] ਮੁਕਤਿ[47] ਹੋਹਿ ਛਿਨ[48] ਮਾਹੀ[49] ॥	Abandon[43] thy ego[44], grasp[46] the protection[45] of the saints and thou shalt be emancipated[47] in[49] a moment[48].	ਤੂੰ ਆਪਣੀ ਹੰਗਤਾ[44] ਛੱਡ ਕੇ[43], ਸਾਧੂਆਂ ਦੀ ਪਨਾਹ[45] ਪਕੜ[46] ਅਤੇ ਤੂੰ ਇਕ ਮੁਹਤ[49] ਵਿਚ[49] ਮੁਕਤ ਹੋ ਜਾਵੇਂਗਾ[47] ।
ਜਨ[50] ਨਾਨਕ ਭਗਵੰਤ[51] ਭਜਨ[52] ਬਿਨੁ ਸੁਖੁ ਸੁਪਨੈ[53] ਭੀ ਨਾਹੀ ॥੨॥੨॥	O slave[50] Nanak, without the Lord's[51] meditation[52], there is no peace even in dream[53].	ਹੇ ਗੋਲੇ[50] ਨਾਨਕ ! ਸੁਆਮੀ[51] ਦੇ ਸਿਮਰਨ[52] ਦੇ ਬਗੈਰ, ਸੁਫਨੇ[53] ਵਿਚ ਭੀ ਆਰਾਮ ਪਰਾਪਤ ਨਹੀਂ ਹੁੰਦਾ ।
ਸਾਰਗ ਮਹਲਾ ੯ ॥	Sarang 9th Guru.	ਸਾਰੰਗ ਨੌਵੀਂ ਪਾਤਿਸ਼ਾਹੀ ।
ਕਹਾ[54] ਨਰ[55] ਅਪਨੋ ਜਨਮੁ[56] ਗਵਾਵੈ[57] ॥	Why[54], O man[55], losest[57] thou thy life[56] ?	ਹੇ ਬੰਦੇ[55] ! ਤੂੰ ਆਪਣਾ ਜੀਵਨ[56] ਕਿਉਂ[54] ਗੁਆਉਂਦਾ[57] ਹੈਂ ?
ਮਾਇਆ[58] ਮਦਿ[59] ਬਿਖਿਆ[60]ਰਸਿ[61] ਰਚਿਓ[62] ਰਾਮ ਸਰਨਿ[63] ਨਹੀ ਆਵੈ[64] ॥੧॥ ਰਹਾਉ॥	Thou art engrossed[62] in the pride[59] of riches[58] and the pleasures[61] of sins[60] and seekest[64] not thy Lord's protection[63]. Pause.	ਤੂੰ ਧਨ-ਦੌਲਤ[58] ਦੇ ਹੰਕਾਰ[59] ਅਤੇ ਪਾਪਾਂ[60] ਦੇ ਸੁਆਦਾਂ[61] ਅੰਦਰ ਖਚਤ ਹੋਇਆ ਹੋਇਆ[62] ਹੈਂ ਅਤੇ ਆਪਣੇ ਪ੍ਰਭੂ ਦੀ ਪਨਾਹ[63] ਨਹੀਂ ਲੈਂਦਾ[64] । ਠਹਿਰਾਉ ।
ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ[65] ਲੋਭਾਵੈ[66] ॥	This world is all a dream, so why[65] art thou coveted[66] on beholding it ?	ਇਹ ਦੁਨੀਆ ਸਮੂਹ ਸੁਫਨਾ ਹੀ ਹੈ, ਇਸ ਲਈ ਇਸ ਨੂੰ ਵੇਖ ਤੂੰ ਕਿਉਂ[65] ਲੁਭਾਇਮਾਨ[66] ਹੋ ਗਿਆ ਹੈਂ ?
ਜੋ ਉਪਜੈ[67] ਸੁ[68] ਸਗਲ ਬਿਨਾਸੈ[69] ਰਹਨੁ[70] ਨ ਕੋਊ ਪਾਵੈ ॥ ੧ ॥	Everything, that is created[67], all that[68] shall perish[69]. Nothing is allowed to stay[70] here.	ਹਰ ਸ਼ੈ ਜੋ ਰਚੀ ਗਈ[67] ਹੈ, ਉਹ[68] ਸਮੂਹ ਨਾਸ਼ ਹੋ ਜਾਏਗੀ[69] । ਕੁਝ ਭੀ ਏਥੇ ਠਹਿਰਨਾ[70] ਨਹੀਂ ਮਿਲਦਾ ।
ਮਿਥਿਆ[71] ਤਨੁ[72] ਸਾਚੋ ਕਰਿ[73] ਮਾਨਿਓ[74] ਇਹ ਬਿਧਿ[75] ਆਪੁ ਬੰਧਾਵੈ[76] ॥	This false[71] body[72], thou deemest[74] as[73] true, O man. In this way[75], thou hast bound[76] thyself.	ਇਸ ਕੂੜੀ[71] ਦੇਹਿ[72] ਨੂੰ, ਤੂੰ ਸੱਚੀ ਕਰ ਕੇ[73] ਜਾਣਦਾ[74] ਹੈਂ, ਹੇ ਬੰਦੇ ! ਇਸ ਤਰੀਕੇ[75] ਨਾਲ, ਤੂੰ ਆਪਣੇ ਆਪ ਨੂੰ ਨਰੜ ਲਿਆ[76] ਹੈ ।
ਜਨ[77] ਨਾਨਕ ਸੋਊ[78]	O serf[77] Nanak, he[78] alone is	ਹੇ ਨਫ਼ਰ[77] ਨਾਨਕ ! ਕੇਵਲ ਉਹੀ ਪ੍ਰਾਣੀ[78]

ਜਨੁ[79] ਮੁਕਤਾ[80] ਰਾਮ ਭਜਨ[81] ਚਿਤੁ[82] ਲਾਵੈ[83] ॥੨॥੩॥

emancipated[80] person[79], who applies[83] his mind[82] to the Lord's meditation[81].

ਹੀ ਬੰਦ-ਖ਼ਲਾਸ[80] ਹੈ, ਜੋ ਸੁਆਮੀ ਦੇ ਸਿਮਰਨ[81] ਨਾਲ ਆਪਣੇ ਮਨ[82] ਨੂੰ ਜੋੜਦਾ[83] ਹੈ।

ਸਾਰਗ ਮਹਲਾ ੯ ॥

Sarang 9th Guru.

ਸਾਰੰਗ ਨੌਵੀਂ ਪਾਤਿਸ਼ਾਹੀ।

ਮਨ[84] ਕਰ[85] ਕਬਹੂ[86] ਨ ਹਰਿ ਗੁਨ[87] ਗਾਇਓ ॥

With[85] my heart[84], I have not ever[86] sung my God's praise[87].

ਆਪਣੇ ਦਿਲ[84] ਨਾਲ[85], ਮੈਂ ਕਦੇ[86] ਭੀ ਆਪਣੇ ਵਾਹਿਗੁਰੂ ਦੀਆਂ ਸਿਫ਼ਤਾਂ[87] ਗਾਇਨ ਨਹੀਂ ਕੀਤੀਆਂ।

੧੨੩੨ **1232** **੧੨੩੨**

ਬਿਖਿਆ[88] ਸਕਤ[89] ਰਹਿਓ ਨਿਸਿ[90] ਬਾਸੁਰ[91] ਕੀਨੋ[92] ਅਪਨੋ ਭਾਇਓ[93] ॥੧॥ਰਹਾਉ॥

Night[90] and day[91], I remain under the sway[89] of sins[88] and do[92] what pleases[93] my mind. Pause.

ਰੈਣ[90] ਅਤੇ ਦਿਨ[91] ਮੈਂ ਪਾਪਾਂ[88] ਦੇ ਵਸ[89] ਵਿਚ ਰਹਿੰਦਾ ਹਾਂ ਅਤੇ ਉਹ ਕੁਛ ਕਰਦਾ[92] ਹਾਂ ਜੋ ਮੇਰੇ ਚਿਤ ਨੂੰ ਚੰਗਾ ਲਗਦਾ[93] ਹੈ। ਠਹਿਰਾਉ।

ਗੁਰ ਉਪਦੇਸੁ[94] ਸੁਨਿਓ ਨਹਿ ਕਾਨਨਿ[95] [96]ਪਰਦਾਰਾ[97]ਲਪਟਾਇਓ[98]॥

With mine ears[95], I hear not my Guru's instruction[94] and remain involved[98] with another's[96] woman[97].

ਆਪਣਿਆਂ ਕੰਨਾਂ[95] ਨਾਲ, ਮੈਂ ਆਪਣੇ ਗੁਰਾਂ ਦੀ ਸਿਖ-ਮਤ[94] ਨਹੀਂ ਸੁਣਦਾ ਅਤੇ ਪਰਾਈ[96] ਇਸਤਰੀ[97] ਨਾਲ ਫਸਿਆ[98] ਰਹਿੰਦਾ ਹਾਂ।

ਪਰ[99] ਨਿੰਦਾ[100] ਕਾਰਨਿ[2] ਬਹੁ[3] ਧਾਵਤ[4] ਸਮਝਿਓ[5] ਨਹ ਸਮਝਾਇਓ ॥

I greatly[3] run[4] for[2] slandering[100] others[99] and even though instructed, am instructed[5] not.

ਮੈਂ ਹੋਰਨਾਂ[99] ਤੇ ਦੂਸ਼ਨ ਲਾਉਣ[100] ਲਈ[2] ਬੜੀ[3] ਦੌੜ ਭੱਜ[4] ਕਰਦਾ ਹਾਂ ਅਤੇ ਸਮਝਾਏ ਜਾਣ ਦੇ ਬਾਵਜੂਦ ਭੀ ਸਮਝਦਾ[5] ਨਹੀਂ।

ਕਹਾ[6] ਕਹਉ[7] ਮੈ ਅਪੁਨੀ ਕਰਨੀ[8] ਜਿਹ[9] ਬਿਧਿ[10] ਜਨਮੁ[12] ਗਵਾਇਓ[13] ॥

How[6] should I describe[7] my deeds[8]; the way[10] by which[9] I have wasted[13] my life[12].

ਮੈਂ ਆਪਣੇ ਅਮਲਾਂ[8] ਨੂੰ ਕਿਸ ਤਰ੍ਹਾਂ[6] ਵਰਣਨ ਕਰਾਂ[7]; ਉਹ ਰੀਤੀ[10] ਜਿਸ ਦੁਆਰਾ[9] ਮੈਂ ਆਪਣਾ ਜੀਵਨ[12] ਗੁਆ ਲਿਆ[13] ਹੈ।

ਕਹਿ ਨਾਨਕ ਸਭਿ ਅਉਗਨ[14] ਮੈ[15] ਮਹਿ[16] ਰਾਖਿ[17] ਲੇਹੁ ਸਰਨਾਇਓ[18] ॥੨॥੪॥ ੩ ॥੧੩॥੧੩੯॥ ੪॥੧੫੯॥

Says Nanak, in[16] me[15] are all demerits[14]. Save[17] Thou me, O Lord, I have entered Thine sanctuary[18].

ਗੁਰੂ ਜੀ ਫ਼ੁਰਮਾਉਂਦੇ ਹਨ, ਮੇਰੇ[15] ਵਿਚ[16] ਸਾਰੀਆਂ ਹੀ ਬਦੀਆਂ[14] ਹਨ। ਤੂੰ ਮੇਰੀ ਰੱਖਿਆ[17] ਕਰ, ਹੇ ਸੁਆਮੀ! ਮੈਂ ਤੇਰੀ ਸ਼ਰਣਾਗਤ[18] ਸੰਭਾਲੀ ਹੈ।

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧

Rag Sarang Ashtpadis Ist Guru

ਰਾਗ ਸਾਰੰਗ ਅਸ਼ਟਪਦੀਆਂ ਪਹਿਲੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਹਰਿ ਬਿਨੁ ਕਿਉ[19] ਜੀਵਾ ਮੇਰੀ ਮਾਈ[20] ॥

Without my God, how[19] can I live, O my mother[20]?

ਹਰੀ ਦੇ ਬਾਝੋਂ, ਮੈਂ ਕਿਸ ਤਰ੍ਹਾਂ[19] ਜੀਊ ਸਕਦੀ ਹਾਂ, ਹੇ ਮੇਰੀ ਮਾਤਾ[20]!

ਜੈ[21] [22]ਜਗਦੀਸ[23] ਤੇਰਾ ਜਸੁ[24] ਜਾਚਉ[25] ਮੈ ਹਰਿ

Hail[21], hail unto Thee, O Lord[23] of the Universe[22]. I ask for[25] Thine

ਵਾਹ[21], ਵਾਹ ਹੈ ਤੈਨੂੰ, ਹੇ ਆਲਮ[22] ਦੇ ਸੁਆਮੀ[23]! ਮੈਂ ਤੇਰੀ ਉਪਮਾਂ[24] ਮੰਗਦਾ[25] ਹਾਂ। ਤੇਰੇ

ਬਿਨੁ ਰਹਨੁ ਨ ਜਾਈ ॥ ੧॥ਰਹਾਉ॥	praise[24]. Without Thee, O my God, I can live not. Pause	ਬਗੈਰ ਮੈਂ ਰਹਿ ਨਹੀਂ ਸਕਦਾ, ਹੇ ਮੇਰੇ ਵਾਹਿਗੁਰੂ! ਠਹਿਰਾਉ।
ਹਰਿ ਕੀ ਪਿਆਸ[26] ਪਿਆਸੀ[27] ਕਾਮਨਿ[28] ਦੇਖਉ[31] ਰੈਨਿ[29]ਸਬਾਈ[30]॥	I, Thy bride[28], O Lord, am thirsty[27] after Thy vision's thirst[26] and I look[31] towards Thee, the whole[30] night[29]	ਮੈਂ ਤੇਰੀ ਪਤਨੀ[28], ਹੇ ਸਾਈਂ! ਤੇਰੇ ਦਰਸ਼ਨ ਦੀ ਤਰੇਹ[26] ਦੀ ਤ੍ਰਿਹਾਈ[27] ਹਾਂ ਅਤੇ ਸਾਰੀ[30] ਰਾਤ੍ਰੀ[29] ਤੇਰੇ ਵਲ ਝਾਕਦੀ ਰਹਿੰਦੀ[31] ਹਾਂ।
ਸ੍ਰੀ[32] ਧਰ[33] ਨਾਥ[34] ਮੇਰਾ ਮਨੁ[38] ਲੀਨਾ[35] ਪ੍ਰਭੁ ਜਾਨੈ ਪੀਰ[36] ਪਰਾਈ[37] ॥੧॥	My soul[38] is merged[35] in my Master[34] the Spouse[33] of Lakhshmi[32]. The Lord knows the pain[36] of others[37].	ਲਖਸ਼ਮੀ[32] ਦੇ ਪਤੀ[33], ਮੇਰੇ ਮਾਲਕ[34] ਅੰਦਰ ਮੇਰੀ ਜਿੰਦੜੀ[38] ਸਮਾਈ[35] ਹੋਈ ਹੈ। ਸੁਆਮੀ ਹੋਰਨਾਂ[37] ਦੀ ਪੀੜ[36] ਨੂੰ ਜਾਣਦਾ ਹੈ।
ਗਣਤ[39] ਸਰੀਰਿ[40] ਪੀਰ[41] ਹੈ ਹਰਿ ਬਿਨੁ ਗੁਰ ਸਬਦੀ[42] ਹਰਿ ਪਾਂਈ ॥	Without God my body[40] is afflicted with anxiety[39] and pain[41]. Through the Guru's word[42], attain I unto my God	ਵਾਹਿਗੁਰੂ ਦੇ ਬਗੈਰ ਚਿੰਤਾ[39] ਅਤੇ ਪੀੜ[41] ਮੇਰੀ ਦੇਹਿ ਨੂੰ[40] ਸਤਾਉਂਦੀਆਂ ਹਨ। ਗੁਰਾਂ ਦੀ ਬਾਣੀ[42] ਰਾਹੀਂ, ਮੈਂ ਆਪਣੇ ਵਾਹਿਗੁਰੂ ਨੂੰ ਪ੍ਰਾਪਤ ਹੁੰਦਾ ਹਾਂ।
ਹੋਹੁ ਦਇਆਲ[43] ਕ੍ਰਿਪਾ[44] ਕਰਿ ਹਰਿ ਜੀਉ[45] ਹਰਿ ਸਿਉ[46] ਰਹਾਂ ਸਮਾਈ[47] ॥੨॥	O my Reverend[45] God Lord, be Thou merciful[43] and take pity[44] on me, that I may remain blended[47] with[46] Thee.	ਹੇ ਮੇਰੇ ਮਾਣਨੀਜ[45]ਵਾਹਿਗੁਰੂ ਸੁਆਮੀ! ਤੂੰ ਦਇਆਵਾਨ[43] ਹੋ ਅਤੇ ਮੇਰੇ ਉਤੇ ਤਰਸ[44] ਕਰ, ਤਾਂ ਜੋ ਮੈਂ ਤੇਰੇ ਨਾਲ[46] ਅਭੇਦ ਹੋਇਆ[47] ਰਹਾਂ।
ਐਸੀ[48] ਰਵਤ[49] ਰਵਹੁ[50] ਮਨ ਮੇਰੇ ਹਰਿ ਚਰਣੀ[51] ਚਿਤੁ[52] ਲਾਈ[53] ॥	O my soul, walk[50] thou along such[48] a path[49], that thy mind[52] be attached[53] to the Guru's feet[51].	ਹੇ ਮੇਰੀ ਜਿੰਦੜੀਏ! ਤੂੰ ਐਹੋ ਜਿਹੇ[48] ਰਾਹੇ[49] ਟੁਰ[50] ਕਿ ਤੇਰਾ ਮਨ[52] ਗੁਰਾਂ ਦੇ ਪੈਰਾਂ[51] ਨਾਲ ਜੁੜ ਜਾਵੇ[53]।
ਬਿਸਮ[54] ਭਏ ਗੁਣ[59] ਗਾਇ ਮਨੋਹਰ[55]ਨਿਰਭਉ[56] ਸਹਜਿ[57] ਸਮਾਈ[58] ॥੩॥	Singing the praise[59] of the Fascinating Lord[55], I am wonder-struck[54] and am easily[57] absorbed[58] in the Fear-free[56] Lord.	ਮਨਮੋਹਨ ਮਾਲਕ[55] ਦੀ ਮਹਿਮਾ[59] ਗਾਇਨ ਕਰਨ ਦੁਆਰਾ, ਮੈਂ ਅਸਚਰਜ ਹੋ ਗਿਆ[54] ਹਾਂ ਅਤੇ ਨਿੱਡਰ[56] ਸੁਆਮੀ ਅੰਦਰ ਸੁਖੈਨ[57] ਹੀ ਲੀਨ ਹੋ ਗਿਆ[58] ਹਾਂ।
ਹਿਰਦੈ[60] ਨਾਮੁ ਸਦਾ[61] ਧੁਨਿ[62] ਨਿਹਚਲ[63] ਘਟੈ[64] ਨ ਕੀਮਤ[65] ਪਾਈ ॥	[61]Ever-stable[63] is the love[62] of those, in whose mind[60] the Name abides. It diminishes[64] not, nor can it be evaluated[65]	ਸਦੀਵੀ[61] ਸਥਿਰ[63] ਹੈ ਪ੍ਰੀਤ[62] ਉਨ੍ਹਾਂ ਦੀ, ਜਿਨ੍ਹਾਂ ਦੇ ਮਨ[60] ਵਿਚ ਨਾਮ ਵਸਦਾ ਹੈ। ਇਹ ਘੱਟ[64] ਨਹੀਂ ਹੁੰਦੀ, ਨਾ ਹੀ ਇਸ ਦਾ ਮੁੱਲ[65] ਪਾਇਆ ਜਾ ਸਕਦਾ ਹੈ।
ਬਿਨੁ ਨਾਵੈ ਸਭੁ ਕੋਈ ਨਿਰਧਨੁ[66] ਸਤਿਗੁਰਿ ਬੂਝ[67] ਬੁਝਾਈ[68] ॥੪॥	Without the Name, every one is a pauper[66]. The True Guru has imparted[68] this understanding[67] unto me.	ਨਾਮ ਦੇ ਬਾਝੋਂ, ਹਰ ਕੋਈ ਕੰਗਾਲ[66] ਹੈ। ਸੱਚੇ ਗੁਰਾਂ ਨੇ ਮੈਨੂੰ ਇਹ ਸਮਝ[67] ਦਰਸਾਈ[68] ਹੈ।
ਪ੍ਰੀਤਮ[69] ਪ੍ਰਾਨ[70] ਭਏ ਸੁਨਿ ਸਜਨੀ[71] ਦੂਤ[72] ਮੁਏ ਬਿਖੁ[73] ਖਾਈ[74] ॥	Hear, O mate[71], my Beloved[69] is my vital-breath[70]. The demons[72] have all died by taking[74] poison[73].	ਸੁਣ ਨੀ ਸਹੇਲੀਏ[71]! ਮੇਰਾ ਪਿਆਰਾ[69] ਮੇਰੀ ਜਿੰਦ-ਜਾਨ[70] ਹੈ। ਸਾਰੇ ਦੂਤਨੇ[72] ਜ਼ਹਿਰ[73] ਖਾ ਕੇ[74] ਮਰ ਗਏ ਹਨ।

ਜਬ[75] ਕੀ ਉਪਜੀ[76] ਤਬ[77] ਕੀ ਤੈਸੀ[78] ਰਗੁਲ[79] ਭਈ ਮਨਿ[80] ਭਾਈ[81] ॥੫॥

When[75] this love welled up[76], since then[77] it is the same[78]. Imbued[79] with this love, I have become pleasing[81] to my Lord's mind[80].

ਜਦ[75] ਦੀ ਇਹ ਪ੍ਰੀਤ ਉਤਪੰਨ ਹੋਈ[76] ਹੈ, ਉਦੋਂ[77] ਦੀ ਇਹ ਉਹੋ ਜੇਹੀ[78]ਹੀ ਹੈ । ਇਸ ਪ੍ਰੀਤ ਨਾਲ ਰੰਗੀਜ[79] ਕੇ ਮੈਂ ਆਪਣੇ ਪ੍ਰਭੂ ਦੇ ਚਿਤ[80] ਨੂੰ ਚੰਗੀ[81] ਲਗਣ ਲਗ ਗਈ ਹਾਂ ।

ਸਹਜ[82] ਸਮਾਧਿ ਸਦਾ ਲਿਵ[83] ਹਰਿ ਸਿਉ[84] ਜੀਵਾਂ ਹਰਿ ਗੁਨ[85] ਗਾਈ ॥

In profound concentration[82], I am ever attached to[84] the love[83] of my God. I live by singing the Lord's praise[85].

ਪੂਰਨ ਇਕਾਗਰਤਾ[82] ਅੰਦਰ, ਮੈਂ ਹਮੇਸ਼ਾ ਆਪਣੇ ਵਾਹਿਗੁਰੂ ਦੀ ਪ੍ਰੀਤ[83] ਨਾਲ[84] ਜੁੜਿਆ ਹੋਇਆ ਹਾਂ । ਮੈਂ ਸੁਆਮੀ ਦੀ ਕੀਰਤੀ[85] ਗਾਇਨ ਕਰਕੇ ਜੀਊਂਦਾ ਹਾਂ ।

ਗੁਰ ਕੈ ਸਬਦਿ[86] ਰਤਾ[87] ਬੈਰਾਗੀ[88] ਨਿਜ[89] ਘਰਿ[90] ਤਾੜੀ[91] ਲਾਈ ॥੬॥

Imbued[87] with the Guru's word[86], I have become detached[88] and in meditative mood[91], bide in my very[89] home[90].

ਗੁਰਬਾਣੀ[86] ਨਾਲ ਰੰਗੀਜ[87], ਮੈਂ ਨਿਰਲੇਪ ਹੋ ਗਿਆ[88] ਹਾਂ ਅਤੇ ਧਿਆਨ ਅਵਸਥਾ[91] ਅੰਦਰ, ਆਪਣੇ ਨਿਜ[89] ਦੇ ਧਾਮ[90] ਵਿਚ ਵਸਦਾ ਹਾਂ ।

ਸੁਧਰਸ[92] ਨਾਮੁ ਮਹਾ[93] ਰਸੁ[94] ਮੀਠਾ[95] ਨਿਜ ਘਰਿ ਤਤੁ[96] ਗੁਸਾਂਈ[97] ॥

Supremely[93] delicious[94] and sweet[95] is the Name-Nectar[92]. In my very home, I have found[97] God, the Embodiment of quintessence[96].

ਪਰਮ[93] ਸੁਆਦਲਾ[94] ਅਤੇ ਮਿੱਠੜਾ[95] ਹੈ ਨਾਮ-ਸੁਧਾਰਸ[92] ਆਪਣੇ ਗ੍ਰਿਹ ਵਿਚ ਹੀ, ਮੈਂ ਅਸਲੀਅਤ ਦੇ ਪੁੰਜ[96] ਹਰੀ ਨੂੰ ਪਾ ਲਿਆ[97] ਹੈ ।

ਤਹ[98] ਹੀ ਮਨੁ ਜਹ[99] ਹੀ ਤੈ ਰਾਖਿਆ ਐਸੀ[100] ਗੁਰਮਤਿ[2] ਪਾਈ[3] ॥੭॥

Wherever[99], Thou, O Lord, keepest my mind, there[98] it abides now. Such[100] an understanding[2] I have obtained[3] from my Guru.

ਜਿਥੇ ਕਿਤੇ[99] ਤੂੰ, ਹੇ ਸੁਆਮੀ ! ਮੇਰੇ ਮਨੂਏ ਨੂੰ ਰਖਦਾ ਹੈਂ, ਉਥੇ[98] ਹੀ, ਹੁਣ, ਇਹ ਰਹਿੰਦਾ ਹੈ । ਐਹੋ ਜੇਹੀ[100] ਸਮਝ[2] ਮੈਨੂੰ ਗੁਰਾਂ ਪਾਸੋਂ ਪਰਾਪਤ ਹੋਈ[3] ਹੈ ।

ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ[4] ਰਤੇ[5] ਬਨਿ[6] ਆਈ ॥

Sanak, Sanandan, Brahma and Indra are imbued[5] with the Lord's meditation[4] and so the Lord is pleased[6] with them.

ਸਨਕ, ਸਨੰਦਨ; ਬਰ੍ਹਮਾਂ ਅਤੇ ਇੰਦਰ ਸੁਆਮੀ ਦੇ ਸਿਮਰਨ[4] ਨਾਲ ਰੰਗੇ ਹੋਏ[5] ਹਨ ਤੇ ਇਸ ਲਈ ਸੁਆਮੀ ਉਹਨਾਂ ਉਤੇ ਪ੍ਰਸੰਨ[6] ਹੈ ।

ਨਾਨਕ ਹਰਿ ਬਿਨੁ ਘਰੀ[7] ਨ ਜੀਵਾਂ ਹਰਿ ਕਾ ਨਾਮੁ ਵਡਾਈ[8] ॥੮॥੧॥

Nanak, without God, I can live not even for an instant[7]. Greatness[8] abides in God's Name.

ਨਾਨਕ, ਵਾਹਿਗੁਰੂ ਦੇ ਬਾਝੋਂ, ਮੈਂ ਇਕ ਮੁਹਤ ਭਰ[7] ਭੀ ਜੀਊ ਨਹੀਂ ਸਕਦਾ । ਬਜ਼ੁਰਗੀ[8] ਰਬ ਦੇ ਨਾਮ ਵਿਚ ਵਸਦੀ ਹੈ ।

ਸਾਰਗ ਮਹਲਾ ੧ ॥

Sarang Ist Guru.

ਸਾਰੰਗ ਪਹਿਲੀ ਪਾਤਿਸ਼ਾਹੀ ।

ਹਰਿ ਬਿਨੁ ਕਿਉ[9] ਧੀਰੈ[10] ਮਨੁ[12] ਮੇਰਾ ॥

Without God, how[9] can my soul[12] be comforted[10] ?

ਰਬ ਦੇ ਬਗੈਰ, ਮੇਰੀ ਜਿੰਦੜੀ[12] ਕਿਸ ਤਰ੍ਹਾਂ[9] ਧੀਰਜ[10] ਕਰ ਸਕਦੀ ਹੈ ।

ਕੋਟਿ[13] ਕਲਪ[14] ਕੇ ਦੂਖ[15] ਬਿਨਾਸਨ[16] ਸਾਚੁ[17] ਦ੍ਰਿੜਾਇ[18] ਨਿਬੇਰਾ[19] ॥੧॥ ਰਹਾਉ ॥

Through Him, the sins[15] of the millions[13] of ages[14] are destroyed[16] and implanting[18] His True Name[17] within, one is emancipated[19]. Pause.

ਉਸ ਦੇ ਰਾਹੀਂ, ਕ੍ਰੋੜਾਂ[13] ਹੀ ਯੁਗਾਂ[14] ਦੇ ਪਾਪ[15] ਨਸ਼ਟ ਹੋ ਜਾਂਦੇ[16] ਹਨ ਅਤੇ ਉਸ ਦੇ ਸਚੇ ਨਾਮ[17] ਨੂੰ ਅੰਦਰ ਪੱਕਾ[18] ਕਰਨ ਦੁਆਰਾ ਬੰਦਾ ਬੰਦਖਲਾਸ ਹੋ ਜਾਂਦਾ[19] ਹੈ । ਠਹਿਰਾਉ ।

ਕ੍ਰੋਧੁ[20] ਨਿਵਾਰਿ[21] ਜਲੇ[22] ਹਉ[23] ਮਮਤਾ[24] ਪ੍ਰੇਮੁ[25] ਸਦਾ[26] ਨਉ[27] ਰੰਗੀ[28] ॥

Banishing[21] wrath[20] and burning[22] ego[23] and worldly love[24], ever[26] freshly[27]-coloured[28] love[25] has welled up within me.

ਗੁੱਸਾ[20] ਦੂਰ ਕਰਨ[21] ਅਤੇ ਹੰਗਤਾ[23] ਤੇ ਮੋਹ[24] ਸਾੜ ਸੁਟਣ[22] ਦੁਆਰਾ,ਮੇਰੇ ਅੰਦਰ ਸਦੀਵ[26] ਹੀ ਨਵੀਂ-ਨੁਕ[27] ਰੰਗਤ ਵਾਲਾ[28] ਪਿਆਰ[25] ਉਤਪੰਨ ,ਹੋ ਗਿਆ ਹੈ।

[29]ਅਨਭਉ[30] ਬਿਸਰਿ[31] ਗਏ ਪ੍ਰਭੁ ਜਾਚਿਆ[32] ਹਰਿ ਨਿਰਮਾਇਲੁ[33] ਸੰਗੀ[34] ॥੧॥

Begging[32] alms at the door of the Immaculate[33] Lord God, my comrade[34], all other[29] fears[30] of mine are dispelled[31].

ਆਪਣੇ ਸਾਥੀ[34], ਪਵਿੱਤ੍ਰ[33] ਸੁਆਮੀ ਵਾਹਿਗੁਰੂ ਦੇ ਬੂਹੇ ਤੇ ਖੈਰ ਮੰਗਣ[32] ਦੁਆਰਾ ਮੇਰੇ ਹੋਰ, ਸਾਰੇ[29] ਡਰ[30] ਦੂਰ ਹੋ ਗਏ[31] ਹਨ।

ਚੰਚਲ[35] ਮਤਿ[36] ਤਿਆਗਿ[37] ਭਉ[38] ਭੰਜਨੁ[39] ਪਾਇਆ ਏਕ ਸਬਦਿ[40] ਲਿਵ ਲਾਗੀ[41] ॥

Shedding[37] my mercurial[35] nature[36], I have obtained my God, the Destroyer[39] of dread[38] and am attuned[41] to the One Name[40].

ਆਪਣੇ ਚੁਲਬੁਲੇ[35] ਸੁਭਾਅ[36] ਨੂੰ ਛੱਡਣ ਦੁਆਰਾ[37], ਮੈਂ ਡਰ[38] ਨਾਸ ਕਰਨ ਵਾਲੇ[39] ਆਪਣੇ ਵਾਹਿਗੁਰੂ ਨੂੰ ਪਾ ਲਿਆ ਹੈ ਅਤੇ ਇਕ ਨਾਮ[40] ਨਾਲ ਮੇਰਾ ਪ੍ਰੇਮ ਪੈ ਗਿਆ[41] ਹੈ।

ਹਰਿ ਰਸੁ[42] ਚਾਖਿ[43] ਤ੍ਰਿਖਾ[44] ਨਿਵਾਰੀ[45] ਹਰਿ ਮੇਲਿ ਲਏ [46]ਵਡਭਾਗੀ[47] ॥੨॥

Tasting[43] the Lord's elixir[42], my thirst[44] is quenched[45] and by very[46] good destiny[47], my Lord has united me with Himself.

ਪ੍ਰਭੂ ਦੇ ਅੰਮ੍ਰਿਤ[42] ਨੂੰ ਚਖ ਕੇ[43], ਮੇਰੀ ਪਿਆਸ[44] ਬੁਝ ਗਈ[45] ਹੈ ਅਤੇ ਪਰਮ[46] ਚੰਗੀ ਪ੍ਰਾਲਬਧ[47] ਦੁਆਰਾ, ਮੇਰੇ ਮਾਲਕ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ।

੧੨੩੩ 1233 ੧੨੩੩

ਅਭਰਤ[48] ਸਿੰਚਿ[49] ਭਏ ਸੁਭਰ[50] ਸਰ[51] ਗੁਰਮਤਿ[52] ਸਾਚੁ[53] ਨਿਹਾਲਾ[54] ॥

My mind's empty[48] tank[51] is now irrigated[49] and fullyfilled[50] with my God's Nectar and through the Guru's instruction[52], I have seen[54] the True Lord[53].

ਮੇਰੇ ਮਨ ਦਾ ਖ਼ਾਲੀ[48] ਸਰੋਵਰ[51] ਹੁਣ ਮੇਰੇ ਵਾਹਿਗੁਰੂ ਦੇ ਅੰਮ੍ਰਿਤ ਨਾਲ ਸਿੰਜਿਆ[49] ਜਾ ਕੇ ਪਰੀਪੂਰਨ ਹੋ ਗਿਆ[50] ਹੈ ਅਤੇ ਗੁਰਾਂ ਦੇ ਉਪਦੇਸ਼[52] ਰਾਹੀਂ; ਮੈਂ ਸੱਚੇ ਸੁਆਮੀ[53] ਨੂੰ ਵੇਖ ਲਿਆ[54] ਹੈ।

ਮਨ[55] ਰਤਿ[56] ਨਾਮਿ ਰਤੇ[57] ਨਿਹਕੇਵਲ[58] ਆਦਿ ਜੁਗਾਦਿ[59] ਦਇਆਲਾ[60] ॥੩॥

Through hearty[55] love[56], I am imbued[57] with the Name of the Immaculate Lord[58], who is compassionate[60], since the primordial times[59].

ਦਿਲੀ[55] ਪ੍ਰੇਮ[56] ਦੇ ਰਾਹੀਂ, ਮੈਂ ਪਵਿੱਤ੍ਰ ਪ੍ਰਭੂ[58], ਜੋ ਮੁਢ ਕਦੀਮਾਂ[59] ਤੋਂ ਮਿਹਰਬਾਨ[60] ਹੈ, ਦੇ ਨਾਮ ਨਾਲ ਰੰਗਿਆ ਗਿਆ[57] ਹਾਂ।

ਮੋਹਨਿ ਮੋਹਿ[61] ਲੀਆ ਮਨੁ ਮੋਰਾ [62]ਬਡੈ ਭਾਗ[63] ਲਿਵਲਾਗੀ[64] ॥

The Fascinating Lord has fascinated my[61] mind and by good[62] destiny[63] I am attuned[64] to Him.

ਮੋਹ ਲੈਣ ਵਾਲੇ ਮਾਲਕ ਨੇ ਮੇਰਾ[61] ਮਨੂਆ ਫ਼ਰੇਫ਼ਤਾ ਕਰ ਲਿਆ ਹੈ ਅਤੇ ਭਾਰੀ[62] ਪ੍ਰਾਲਬਧ[63] ਰਾਹੀਂ ਮੇਰਾ ਉਸ ਨਾਲ ਪ੍ਰੇਮ ਪੈ ਗਿਆ[64] ਹੈ।

ਸਾਚੁ[65] ਬੀਚਾਰਿ[66] ਕਿਲਵਿਖ[67] ਦੁਖ[68] ਕਾਟੇ[69] ਮਨੁ ਨਿਰਮਲੁ[70] ਅਨਰਾਗੀ[71] ॥੪॥

Reflecting[66] on the True Lord[65] I am rid of[69] sins[67] and sufferings[68] and my mind has become pure[70] in His love[71].

ਸੱਚੇ ਸਾਂਈਂ[65] ਦਾ ਧਿਆਨ ਧਾਰਨ ਦੁਆਰਾ[66] ਮੇਰੇ ਪਾਪ[67] ਤੇ ਦੁਖੜੇ[68] ਦੂਰ ਹੋ ਗਏ[69] ਹਨ ਤੇ ਉਸ ਦੀ ਪ੍ਰੀਤ[71] ਅੰਦਰ ਮੇਰਾ ਚਿਤ ਪਵਿੱਤ੍ਰ[70] ਹੋ ਗਿਆ ਹੈ।

ਗਹਿਰ[72] ਗੰਭੀਰ[73] ਸਾਗਰ[74]

Deep[72] and Unfathomable[73] is He

ਡੂੰਘਾ[72] ਅਤੇ ਬੇਥਾਹ[73] ਹੈ ਉਹ ਪ੍ਰਭੂ ਜੋ ਜਵਾਹਿਰਾਤ[75] ਦਾ

[75]ਰਤਨਾਗਰ[76] ਅਵਰ[77] ਨਹੀ ਅਨ[78] ਪੂਜਾ[79] ॥

the Lord, who is the ocean[74] and mine[76] of jewels[75] and[77] none else[78] is worthy of worship[79].

ਸਮੁੰਦਰ[74] ਅਤੇ ਖਾਣ[76] ਹੈ ਅਤੇ[77] ਹੋਰ ਕੋਈ[78] ਭੀ ਉਪਾਸ਼ਨਾ[79] ਦੇ ਯੋਗ ਨਹੀਂ।

ਸਬਦੁ[80] ਬੀਚਾਰਿ[81] ਭਰਮ[82] ਭਉ[83] ਭੰਜਨੁ[84] ਅਵਰੁ[85] ਨ ਜਾਨਿਆ ਦੂਜਾ[86] ॥ ੫ ॥

I meditate[81] on the Lord[80], the Destroyer[84] of doubt[82] and dread[83] and know not any[85] other[86].

ਮੈਂ ਸੰਦੇਹ[82] ਅਤੇ ਡਰ[83] ਨਾਸ ਕਰਨ ਵਾਲੇ[84] ਸੁਆਮੀ[80] ਦਾ ਸਿਮਰਨ[81] ਕਰਦਾ ਹਾਂ ਅਤੇ ਹੋਰ[86] ਕਿਸੇ[85] ਨੂੰ ਨਹੀਂ ਜਾਣਦਾ।

ਮਨੂਆ[87] ਮਾਰਿ[88] ਨਿਰਮਲੁ[89] ਪਦੁ[90] ਚੀਨਿਆ[91] ਹਰਿ ਰਸ[92] ਰਤੇ[93] ਅਧਿਕਾਈ[94] ॥

Subduing[88] my mind[87], I have realised[91] the pure[89] status[90] and am greatly[94] imbued[93] with the God's elixir[92].

ਆਪਣੇ ਮਨ[87] ਨੂੰ ਕਾਬੂ ਕਰਕੇ[88], ਮੈਂ ਪਵਿੱਤਰ[89] ਪਦਵੀ[90] ਨੂੰ ਅਨੁਭਵ ਕਰ ਲਿਆ[91] ਹੈ ਅਤੇ ਹਰੀ ਦੇ ਅੰਮ੍ਰਿਤ[92] ਨਾਲ ਖਰਾ[94] ਹੀ ਰੰਗਿਆ ਗਿਆ[93] ਹਾਂ।

ਏਕਸ ਬਿਨੁ ਮੈ ਅਵਰੁ[95] ਨ ਜਾਨਾਂ ਸਤਿਗੁਰਿ ਬੂਝ[96] ਬੁਝਾਈ[97] ॥੬॥

Without One Lord, I know not another[95]. The True Guru has imparted[97] this understanding[96] unto me.

ਇਕ ਪ੍ਰਭੂ ਦੇ ਬਗ਼ੈਰ, ਮੈਂ ਹੋਰ ਕਿਸੇ[95] ਨੂੰ ਨਹੀਂ ਜਾਣਦਾ। ਸੱਚੇ ਗੁਰਾਂ ਨੇ ਮੈਨੂੰ ਇਹ ਸਮਝ[96] ਦਰਸਾਈ[97] ਹੈ।

ਅਗਮ[98] ਅਗੋਚਰੁ[99] ਅਨਾਥੁ[100] ਅਜੋਨੀ[2] ਗੁਰਮਤਿ[3] ਏਕੋ ਜਾਨਿਆ ॥

He is Inaccessible[98] and Incomprehensible[99], who has no Master[100] and is Unborn[2]. I know the One Lord, by the Guru's instruction[3].

ਉਹ ਅਪੁਜ[98] ਅਤੇ ਅਗਾਧ[99] ਹੈ, ਜਿਸ ਦਾ ਕੋਈ ਸੁਆਮੀ[100] ਨਹੀਂ ਤੇ ਜੋ ਅਜਨਮਾ[2] ਹੈ। ਗੁਰਾਂ ਦੇ ਉਪਦੇਸ਼[3] ਦੁਆਰਾ ਮੈਂ ਇਕ ਸਾਂਈਂ ਨੂੰ ਸਮਝਦਾ ਹਾਂ।

ਸੁਭਰ[4] ਭਰੇ[5] ਨਾਹੀ ਚਿਤੁ[6] ਡੋਲੈ[7] ਮਨ ਹੀ ਤੇ ਮਨੁ ਮਾਨਿਆ[8] ॥੭॥

Being filled[5] to the brim[4], my soul[6] now wavers[7] not and through the mind, my mind is satisfied[8].

ਲਬਾਲਬ[4] ਪੂਰਤ[5] ਹੋਣ ਕਾਰਨ ਮੇਰੀ ਆਤਮਾ[6] ਹੁਣ ਡੋਲਦੀ[7] ਨਹੀਂ ਅਤੇ ਮੇਰਾ ਮਨੂਆ, ਮਨੂਏ ਦੇ ਰਾਹੀਂ ਹੀ, ਪਤੀਜ ਗਿਆ[8] ਹੈ।

ਗੁਰ ਪਰਸਾਦੀ[9] ਅਕਥਉ[10] ਕਥੀਐ[12] ਕਹਉ ਕਹਾਵੈ[13] ਸੋਈ ॥

By the Guru's grace[9], I describe[12] the Indescribable[10] One and utter what the Lord makes me utter[13].

ਗੁਰਾਂ ਦੀ ਦਇਆ[9] ਦੁਆਰਾ, ਮੈਂ ਵਰਣਨ-ਰਹਿਤ[10] ਪੁਰਖ ਨੂੰ ਵਰਣਨ[12] ਕਰਦਾ ਹਾਂ ਅਤੇ ਉਹ ਹੀ ਆਖਦਾ ਹਾਂ ਜਿਹੜਾ ਕੁਛ ਉਹ ਮੇਰੇ ਕੋਲੋਂ ਅਖਵਾਉਂਦਾ[13] ਹੈ।

ਨਾਨਕ ਦੀਨ[14] ਦਇਆਲ[15] ਹਮਾਰੇ[16] ਅਵਰੁ[17] ਨ ਜਾਨਿਆ ਕੋਈ[18] ॥ ੮ ॥੨॥

O Nanak, my[16] Master is merciful[15] to the meek[14]. Without my Lord, I know not any[18] other[17].

ਹੇ ਨਾਨਕ! ਮੇਰਾ[16] ਮਾਲਕ ਮਸਕੀਨਾਂ[14] ਤੇ ਮਿਹਰਬਾਨ[15] ਹੈ। ਆਪਣੇ ਸੁਆਮੀ ਦੇ ਬਗ਼ੈਰ ਮੈਂ ਹੋਰ[17] ਕਿਸੇ[18] ਨੂੰ ਨਹੀਂ ਜਾਣਦਾ।

ਸਾਰਗ ਮਹਲਾ ੩ ਅਸਟਪਦੀਆ ਘਰੁ ੧

Sarang 3rd Guru Ashtpadis

ਸਾਰੰਗ ਤੀਜੀ ਪਾਤਿਸ਼ਾਹੀ ਅਸ਼ਟਪਦੀਆਂ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਮਨ[19] ਮੇਰੇ ਹਰਿ ਕੈ ਨਾਮਿ ਵਡਾਈ[20] ॥

O my soul[19], all magnificence[20] is in the Lord's Name.

ਹੇ ਮੇਰੀ ਜਿੰਦੇ[19]! ਸਾਰੀ ਵਿਸ਼ਾਲਤਾ[20] ਪ੍ਰਭੂ ਦੇ ਨਾਮ ਵਿਚ ਹੀ ਹੈ।

ਹਰਿ ਬਿਨੁ ਅਵਰੁ ਨ

Without my God, I know not

ਆਪਣੇ ਵਾਹਿਗੁਰੂ ਦੇ ਬਗ਼ੈਰ, ਮੈਂ ਹੋਰਸ ਕਿਸੇ ਨੂੰ ਨਹੀਂ

ਜਾਣਾ ਕੋਈ ਹਰਿ ਕੈ ਨਾਮਿ ਮੁਕਤਿ[21] ਗਤਿ[22] ਪਾਈ ॥੧॥ ਰਹਾਉ ॥	another. Through the God's Name, I have obtained emancipation[21] and loftiness[22]. Pause.	ਜਾਣਦਾ । ਵਾਹਿਗੁਰੂ ਦੇ ਨਾਮ ਰਾਹੀਂ, ਮੈਨੂੰ ਕਲਿਆਣ[21] ਅਤੇ ਉਚਤਾ[22] ਪਰਾਪਤ ਹੋਈਆਂ ਹਨ । ਠਹਿਰਾਉ ।
ਸਬਦਿ[23] ਭਉ[24] ਭੰਜਨੁ[25] [26]ਜਮਕਾਲ[27] ਨਿਖੰਜਨੁ[28] ਹਰਿ ਸੇਤੀ[29] ਲਿਵ ਲਾਈ[30] ॥	Through the Guru's word[23], I am attuned[30] to[29] my Lord, the Destroyer[25] of dread[24] and the slayer[28] of the death's[27] myrmidon[26].	ਗੁਰਾਂ ਦੀ ਬਾਣੀ[23] ਰਾਹੀਂ, ਡਰ[24] ਨੂੰ ਨਾਸ ਕਰਨਹਾਰ[25] ਅਤੇ ਮੌਤ[27] ਦੇ ਫ਼ਰੇਸ਼ਤੇ[26] ਨੂੰ ਮਾਰਨ ਵਾਲੇ[28] ਆਪਣੇ ਪ੍ਰਭੂ ਨਾਲ[29] ਮੇਰੀ ਪਿਰਹੜੀ ਪੈ ਗਈ[30] ਹੈ ।
ਹਰਿ [31]ਸੁਖਦਾਤਾ[32] ਗੁਰਮੁਖਿ[33] ਜਾਤਾ[34] ਸਹਜੇ[35] ਰਹਿਆ ਸਮਾਈ[36] ॥ ੧ ॥	By the Guru's grace[33], I have realised[34] my [31]Peace-giving[32] God and easily[35] remain merged[36] in Him.	ਗੁਰਾਂ ਦੀ ਦਇਆ ਦੁਆਰਾ[33], ਮੈਂ ਆਪਣੇ [31]ਆਰਾਮ-ਬਖਸ਼ਣਹਾਰ[32] ਹਰੀ ਨੂੰ ਅਨੁਭਵ[34] ਕਰ ਲਿਆ ਹੈ ਅਤੇ ਸੁਖੈਨ[35] ਹੀ ਉਸ ਅੰਦਰ ਲੀਨ ਰਹਿੰਦਾ[36] ਹਾਂ ।
ਭਗਤਾਂ[37] ਕਾ ਭੋਜਨੁ[38] ਹਰਿ ਨਾਮ ਨਿਰੰਜਨੁ[39] ਪੈਨਣੁ[40] ਭਗਤਿ ਬਡਾਈ[41] ॥	The Immaculate[39] Lord's Name is the feed[38] of His saints[37] and the Lord's praise[41] is their wear[40].	ਪਵਿੱਤ੍ਰ[39] ਪ੍ਰਭੂ ਦਾ ਨਾਮ ਉਸ ਦੇ ਸੰਤਾਂ[37] ਦਾ ਅਹਾਰ[38] ਹੈ ਅਤੇ ਪ੍ਰਭੂ ਦੀ ਸਿਫ਼ਤ-ਸ਼ਲਾਘਾ[41] ਉਹਨਾਂ ਦੀ ਪੁਸ਼ਾਕ[40] ਹੈ ।
ਨਿਜ[42] ਘਰਿ[48] ਵਾਸਾ[43] ਸਦਾ[49] ਹਰਿ ਸੇਵਨਿ[44] ਹਰਿ ਦਰਿ[45] ਸੋਭਾ[46] ਪਾਈ[47] ॥੨॥	They abide[43] in their own[42] home[48], ever[49] serve[44] their God and obtain[47] esteem[46] in the Lord's Court[45].	ਉਹ ਆਪਣੇ ਨਿਜ[42] ਦੇ ਧਾਮ[48] ਵਿਚ ਵਸਦੇ[43] ਹਨ, ਹਮੇਸ਼ਾ[49] ਆਪਣੇ ਵਾਹਿਗੁਰੂ ਦੀ ਘਾਲ ਕਮਾਉਂਦੇ[44] ਹਨ ਤੇ ਸਾਂਈਂ ਦੇ ਦਰਬਾਰ[45] ਵਿਚ ਇਜ਼ਤ-ਆਬਰੂ[46] ਪਾਉਂਦੇ[47] ਹਨ ।
ਮਨਮੁਖ[50] ਬੁਧਿ[51] ਕਾਚੀ[52] ਮਨੂਆ ਡੋਲੈ[53] ਅਕਥੁ[54] ਨ ਕਥੈ[55] ਕਹਾਨੀ[56] ॥	False[52] is the intellect[51] of the egocentric[50]. His mind wavers[53] and he utters[55] not the Lord's unutterable[54] story[56].	ਕੂੜੀ[52] ਹੈ ਅਕਲ[51] ਮਨ-ਮਤੀਏ[50] ਦੀ । ਉਸ ਦਾ ਮਨ ਡਿਕੋ-ਡੋਲੇ[53] ਖਾਂਦਾ ਹੈ ਅਤੇ ਉਹ ਪ੍ਰਭੂ ਦੀ ਅਕਹਿ[54] ਸਾਖੀ[56] ਨੂੰ ਨਹੀਂ ਉਚਾਰਦਾ[55] ।
ਗੁਰਮਤਿ[57] ਨਿਹਚਲੁ[58] ਹਰਿ ਮਨਿ ਵਸਿਆ[59] ਅੰਮ੍ਰਿਤੁ[60] ਸਾਚੀ ਬਾਨੀ[61] ॥ ੩ ॥	By the Guru's instruction[57], the Moveless Lord[58], abides[59] in man's mind and sweet[60] and true becomes his speech[61].	ਗੁਰਾਂ ਦੇ ਉਪਦੇਸ਼[57] ਦੁਆਰਾ, ਅਹਿੱਲ ਪ੍ਰਭੂ[58] ਬੰਦੇ ਦੇ ਚਿਤ ਵਿਚ ਟਿਕ ਜਾਂਦਾ[59] ਹੈ ਤੇ ਮਿੱਠੀ[60] ਤੇ ਸੱਚੀ ਹੋ ਜਾਂਦੀ ਹੈ ਉਸ ਦੀ ਬੋਲ ਬਾਣੀ[61] ।
ਮਨ ਕੇ ਤਰੰਗ[62] ਸਬਦਿ[63] ਨਿਵਾਰੇ[64] ਰਸਨਾ[65] ਸਹਜਿ[66] ਸੁਭਾਈ[67] ॥	The Lord's Name[63] becalms[64] his mind's waves[62] and his tongue[65] acquires peaceful[66] disposition[67].	ਪ੍ਰਭੂ ਦਾ ਨਾਮ[63] ਉਸ ਦੇ ਚਿਤ ਦੀਆਂ ਲਹਿਰਾਂ[62] ਨੂੰ ਦੂਰ ਕਰ ਦਿੰਦਾ[64] ਹੈ ਤੇ ਉਸ ਦੀ ਜੀਭਾ[65] ਸ਼ਾਂਤ[66] ਸੁਭਾਅ[67] ਧਾਰਨ ਕਰ ਲੈਂਦੀ ਹੈ ।
ਸਤਿਗੁਰ ਮਿਲਿ[68] ਰਹੀਐ ਸਦ[69] ਅਪੁਨੇ ਜਿਨਿ ਹਰਿ ਸੇਤੀ[70] ਲਿਵ ਲਾਈ[71] ॥੪॥	Ever[69] remain thou united[68] with thy True Guru, who is attuned[71] to[70] his Lord.	ਤੂੰ ਸਦੀਵ ਹੀ[69] ਆਪਣੇ ਸੱਚੇ ਗੁਰਦੇਵ ਜੀ ਨਾਲ ਜੁੜਿਆ ਰਹੁ[68] ਜਿਨ੍ਹਾਂ ਦੀ ਪਿਰਹੜੀ[71] ਆਪਣੇ ਪ੍ਰਭੂ ਨਾਲ[70] ਪਈ ਹੋਂਦੀ ਹੈ ।
ਮਨੁ ਸਬਦਿ[72] ਮਰੈ ਤਾ[73] ਮੁਕਤੋ[74] ਹੋਵੈ ਹਰਿ ਚਰਣੀ[75] ਚਿਤੁ ਲਾਈ[76] ॥	If man dies of the Guru's word[72], then[73] is he emancipated[74] and fixes[76] his mind with the Lord's feet[75].	ਜੇਕਰ ਬੰਦਾ ਗੁਰਾਂ ਦੀ ਬਾਣੀ[72] ਨਾਲ ਮਰ ਜਾਵੇ, ਤਦ[73] ਉਹ ਮੁਕਤ[74] ਹੋ ਜਾਂਦਾ ਹੈ ਤੇ ਆਪਣਾ ਮਨ ਪ੍ਰਭੂ ਦੇ ਪੈਰਾਂ[75] ਨਾਲ ਜੋੜ ਲੈਂਦਾ[76] ਹੈ ।

ਹਰਿ ਸਰੁ[77] ਸਾਗਰੁ[78] ਸਦਾ ਜਲੁ[79] ਨਿਰਮਲੁ[80] ਨਾਵੈ[81] ਸਹਜਿ[82] ਸੁਭਾਈ[83] ॥੫॥

God is like[77] an ocean[78], ever immaculate[80] is whose Name-water[79]. Whosoever bathes[81] in it, he is easily[82] embellished[83].

ਵਾਹਿਗੁਰੂ ਸਮੁੰਦਰ[78] ਦੇ ਤੁਲ[77] ਹੈ, ਸਦੀਵ ਹੀ ਪਵਿੱਤ੍ਰ[80] ਹੈ ਜਿਸ ਦੇ ਨਾਮ ਦਾ ਪਾਣੀ[79] । ਜੋ ਕੋਈ ਭੀ ਇਸ ਵਿਚ ਇਸ਼ਨਾਨ[81] ਕਰਦਾ ਹੈ, ਉਹ ਸਖੈਨ[82] ਹੀ ਸੁਸ਼ੋਭਤ[83] ਹੋ ਜਾਂਦਾ ਹੈ।

ਸਬਦੁ[84] ਵੀਚਾਰਿ[85] ਸਦਾ ਰੰਗਿ[86] ਰਾਤੇ[87] ਹਉਮੈ[88] ਤ੍ਰਿਸਨਾ[89] ਮਾਰੀ[90] ॥

They who meditate[85] on their Lord[84] are imbued[87] with His love[86] and their ego[88] and desire[89] are stilled[90].

ਜੋ ਆਪਣੇ ਸਾਂਈ[84] ਨੂੰ ਸਿਮਰਦੇ[85] ਹਨ, ਉਹ ਉਸ ਦੀ ਪ੍ਰੀਤ[86] ਨਾਲ ਰੰਗੇ ਜਾਂਦੇ[87] ਹਨ ਤੇ ਉਨ੍ਹਾਂ ਦੀ ਹੰਗਤਾ[88] ਤੇ ਖ਼ਾਹਿਸ਼[89] ਮਿਟ ਜਾਂਦੀਆਂ[90] ਹਨ।

ਅੰਤਰਿ[91] ਨਿਹਕੇਵਲੁ[92] ਹਰਿ ਰਵਿਆ[93] ਸਭੁ[94] ਆਤਮ ਰਾਮੁ[95] [96]ਮੁਰਾਰੀ[97] ॥ ੬ ॥

The Pure[92] Lord is pemeating[93] there within[91] and amongst all[94] they see the Pervading God[95], the Enemy[97] of ego[96].

ਪਵਿੱਤ੍ਰ[92] ਪ੍ਰਭੂ ਉਨ੍ਹਾਂ ਦੇ ਅੰਦਰ[91] ਰਮ ਰਿਹਾ[93] ਹੈ ਅਤੇ ਸਾਰਿਆਂ[94] ਦੇ ਅੰਦਰ ਉਹ ਹੰਕਾਰ[96] ਦੇ ਵੈਰੀ[97], ਵਿਆਪਕ ਵਾਹਿਗੁਰੂ[95] ਨੂੰ ਵੇਖਦੇ ਹਨ।

ਸੇਵਕ[98] ਸੇਵਿ[99] ਰਹੇ ਸਚਿ[100] ਰਾਤੇ[2] ਜੋ ਤੇਰੈ ਮਨਿ[3] ਭਾਣੇ[4] ॥

O Lord, Thy slaves[98], who are dyed[2] with the True Name[100] and are pleasing[4] to Thy mind[3] are preforming Thy service[99].

ਹੇ ਸਾਂਈਂ ਤੇਰੇ ਗੋਲੇ[98] ਜੋ ਸੱਚੇ ਨਾਮ[100] ਨਾਲ ਰੰਗੇ ਹੋਏ[2] ਹਨ ਤੇ ਜੋ ਤੇਰੇ ਚਿਤ[3] ਨੂੰ ਚੰਗੇ ਲਗਦੇ[4] ਹਨ, ਤੇਰੀ ਘਾਲ[99] ਕਮਾ ਰਹੇ ਹਨ।

ਦੁਬਿਧਾ[5] ਮਹਲੁ[6] ਨ ਪਾਵੈ ਜਗਿ[7] ਝੂਠੀ[8] ਗੁਣ[9] ਅਵਗਣ[10] ਨ ਪਛਾਣੇ[12] ॥ ੭ ॥

The false[8] bride who, in this world[7], is involved in duality[5] and discriminates[12] not between virtues[9] and vices[10] mounts not to her Master's mansion[6]

ਕੂੜੀ[8] ਪਤਨੀ ਜੋ ਇਸ ਸੰਸਾਰ[7] ਵਿਚ ਦਵੈਤ ਭਾਵ[5] ਅੰਦਰ ਫਾਥੀ ਹੋਈ ਹੈ ਅਤੇ ਨੇਕੀਆਂ[9] ਅਤੇ ਬਦੀਆਂ[10] ਦੀ ਪਛਾਣ ਨਹੀਂ ਕਰਦੀ[12], ਆਪਣੇ ਮਾਲਕ ਦੇ ਮੰਦਰ[6] ਨੂੰ ਨਹੀਂ ਪਾਉਂਦੀ ।

ਆਪੇ[13] ਮੇਲਿ[14] ਲਏ ਅਕਥੁ[15] ਕਥੀਐ[16] ਸਚੁ ਸਬਦੁ[17] ਸਚੁ ਬਾਣੀ[18] ॥

If she utters[16] the Indescribable[15] True Name[17] and the True Gurbani[18], the Lord unites[14] her with Himself[13].

ਜੇਕਰ ਉਹ ਅਕਥਨੀਯ[15] ਸੱਚੇ ਨਾਮ[17] ਅਤੇ ਸੱਚੀ ਗੁਰਬਾਣੀ[18] ਦਾ ਉਚਾਰਣ[16] ਕਰੇ ਤਾਂ ਸਾਹਿਬ ਉਸ ਨੂੰ ਆਪਣੇ[13] ਨਾਲ ਮਿਲਾ ਲੈਂਦਾ[14] ਹੈ।

ਨਾਨਕ ਸਾਚੇ[19] ਸਚਿ[20] ਸਮਾਣੇ[21] ਹਰਿ ਕਾ ਨਾਮੁ ਵਖਾਣੀ[22] ॥੮॥੧॥

Nanak, the true persons[19], who utter[22] the Lord's Name, are absorbed[21] in the True Lord[20].

ਨਾਨਕ, ਸੱਚੇ ਪੁਰਸ਼[19] ਜੋ ਸੁਆਮੀ ਦੇ ਨਾਮ ਦਾ ਉਚਾਰਨ ਕਰਦੇ[22] ਹਨ, ਸੱਚੇ ਸੁਆਮੀ[20] ਵਿਚ ਲੀਨ ਹੋ ਜਾਂਦੇ[21] ਹਨ।

ਸਾਰਗ ਮਹਲਾ ੩ ॥

Sarang 3rd Guru.

ਸਾਰੰਗ ਤੀਜੀ ਪਾਤਿਸ਼ਾਹੀ।

ਮਨ[23] ਮੇਰੇ ਹਰਿ ਕਾ ਨਾਮੁ ਅਤਿ[24] ਮੀਠਾ[25] ॥

O my soul[23], supremely[24] sweet[25] is God's Name.

ਹੇ ਮੇਰੀ ਜਿੰਦੇ[23] ! ਪਰਮ[24] ਮਿਠੜਾ[25] ਹੈ ਵਾਹਿਗੁਰੂ ਦਾ ਨਾਮ ।

ਜਨਮ ਜਨਮ[26] ਕੇ ਕਿਲਵਿਖ[27] ਭਉ[28] ਭੰਜਨੁ[29] ਗੁਰਮੁਖਿ[30] ਏਕੋ[31] ਡੀਠਾ[32] ॥੧॥ ਰਹਾਉ ॥

It is the Destroyer[29] of the sins[27] and fears[28] of millions of births[26] By the Guru's grace[30], the Unique[31] Lord is seen[32]. Pause.

ਇਹ ਕ੍ਰੋੜਾਂ ਹੀ ਜਨਮਾਂ[26] ਦੇ ਪਾਪਾਂ[27] ਤੇ ਡਰਾਂ[28] ਨੂੰ ਨਾਸ ਕਰਨ[29] ਵਾਲਾ ਹੈ।, ਗੁਰਾਂ ਦੀ ਦਇਆ ਦੁਆਰਾ[30] ਅਦੁਤੀ[31] ਪ੍ਰਭੂ ਪੇਖਿਆ ਜਾਂਦਾ[32] ਹੈ। ਠਹਿਰਾਉ।

੧੨੩੪	1234	੧੨੩੪
ਕੋਟਿ[33] ਕੋਟੰਤਰ ਕੇ ਪਾਪ[34] ਬਿਨਾਸਨ[35] ਹਰਿ ਸਾਚਾ[37] ਮਨਿ[36] ਭਾਇਆ[38] ॥	When the True God[37] becomes[38] pleasing[38] to man's mind[36], myriads over myriads[33] of his sins[34] are eradicated[35].	ਜਦ ਸੱਚਾ ਭਗਵਾਨ[37] ਬੰਦੇ ਦੇ ਚਿਤ[36] ਨੂੰ ਚੰਗਾ ਲਗਣ ਲਗ ਜਾਂਦਾ[38] ਹੈ ਤਾਂ ਉਸ ਦੇ ਕ੍ਰੋੜਾਂ ਉਤੇ ਕ੍ਰੋੜਾਂ[33] ਪਾਪ[34] ਕਟੇ ਜਾਂਦੇ[35] ਹਨ।
ਹਰਿ ਬਿਨੁ[39] ਅਵਰੁ[40] ਨ ਸੂਝੈ[41] ਦੂਜਾ[42] ਸਤਿਗੁਰਿ ਏਕੁ[44] ਬੁਝਾਇਆ[43] ॥ ੧ ॥	Without[39] God I see[41] not any[40] other[42]. The True Guru has revealed[43] to me the One Lord[44].	ਭਗਵਾਨ ਦੇ ਬਗ਼ੈਰ[39], ਮੈਨੂੰ ਹੋਰ[42] ਕੋਈ[40] ਦਿੱਸਦਾ[41] ਨਹੀਂ। ਸੱਚੇ ਗੁਰਾਂ ਨੇ ਮੈਨੂੰ ਇਕ ਪ੍ਰਭੂ[44] ਦਰਸਾ ਦਿੱਤਾ[43] ਹੈ।
ਪ੍ਰੇਮ[45] ਪਦਾਰਥੁ[46] ਜਿਨ ਘਟਿ[47] ਵਸਿਆ ਸਹਜੇ[48] ਰਹੇ ਸਮਾਈ[49] ॥	They, within whose mind[47] the wealth[46] of the Lord's love[45] abides, remain easily[48] absorbed[49] in Him.	ਜਿਨ੍ਹਾਂ ਦੇ ਮਨ[47] ਅੰਦਰ ਪ੍ਰਭੂ ਦੇ ਪਿਆਰ[45] ਦੀ ਦੌਲਤ[46] ਵਸਦੀ ਹੈ, ਉਹ ਸੁਖੈਨ[48] ਹੀ ਉਸ ਅੰਦਰ ਲੀਨ ਹੋਏ ਰਹਿੰਦੇ[49] ਹਨ।
ਸਬਦਿ[50] ਰਤੇ[51] ਸੇ[52] ਰੰਗਿ[53] ਚਲੂਲੈ[54] ਰਾਤੇ[55] ਸਹਜਿ[56] [57]ਸੁਭਾਈ[58] ॥ ੨ ॥	They, who are imbued[51] with the Name[50]; they[52] assume deep red[54] dye[53] and are naturally[56] steeped[55] in the Lord's sublime[57] love[58].	ਜੋ ਨਾਮ[50] ਨਾਲ ਰੰਗੀਜੇ[51] ਹਨ; ਉਹ[52] ਗੂੜ੍ਹੀ ਲਾਲ[54] ਰੰਗਤ[53] ਧਾਰਨ ਕਰ ਲੈਂਦੇ ਹਨ ਅਤੇ ਕੁਦਰਤਨ[56] ਹੀ ਪ੍ਰਭੂ ਦੀ ਸਰੇਸ਼ਟ[57] ਪ੍ਰੀਤ[58] ਨਾਲ ਤਰੋਤਰ[55] ਹੋ ਜਾਂਦੇ ਹਨ।
ਰਸਨਾ[59] ਸਬਦੁ[60] ਵੀਚਾਰਿ[61] ਰਸਿ[62] ਰਾਤੀ[63] ਲਾਲ[64] ਭਈ[65] ਰੰਗੁ[66] ਲਾਈ[67] ॥	Contemplating[61] the Lord[60] my tongue[59] is absorbed[63] in bliss[62] and embracing[67] His love[66] has become[65] red[64].	ਸਾਂਈਂ[60] ਦਾ ਸਿਮਰਨ ਕਰਕੇ[61] ਮੇਰੀ ਜੀਭਾ[59] ਖ਼ੁਸ਼ੀ[62] ਵਿਚ ਲੀਨ ਹੋ ਗਈ[63] ਹੈ ਤੇ ਉਸ ਨਾਲ ਪ੍ਰੇਮ[66] ਪਾ[67] ਸੂਹੀ[64] ਹੋ ਗਈ[65] ਹੈ।
ਰਾਮ ਨਾਮੁ ਨਿਹਕੇਵਲੁ[68] ਜਾਣਿਆ[69] ਮਨੁ ਤ੍ਰਿਪਤਿਆ[70] ਸਾਂਤਿ[71] ਆਈ ॥੩॥	I have realised[69] the Lord's Immaculate[68] Name so my mind is satiated[70] and comforted[71].	ਮੈਂ ਪ੍ਰਭੂ ਦੇ ਪਵਿੱਤ੍ਰ[68] ਨਾਮ ਨੂੰ ਅਨੁਭਵ ਕਰ ਲਿਆ[69] ਹੈ, ਇਸ ਲਈ ਮੇਰਾ ਮਨੂਆ ਰੱਜ[70] ਗਿਆ ਹੈ ਤੇ ਇਸ ਨੂੰ ਠੰਢ ਚੈਨ ਪੈ ਗਈ[71] ਹੈ।
ਪੰਡਿਤ[72] ਪੜਿ ਪੜਿ[73] ਮੋਨੀ[74] ਸਭਿ ਥਾਕੇ[75] ਭ੍ਰਮਿ[76] ਭੇਖ[77] ਥਕੇ ਭੇਖਧਾਰੀ[78] ॥ ੪ ॥	Of reading, reading[73] are tired[75] all the men of letters[72] and silence[74] and the sectarians[78] have grown weary of wandering[76] and wearing religious[77] garbs.	ਵਾਚ ਵਾਚ[73] ਕੇ ਵਿਦਵਾਨ[72] ਤੇ ਖ਼ਾਮੋਸ਼[74] ਬੰਦੇ ਸਾਰੇ ਹੰਭ ਗਏ[75] ਹਨ ਅਤੇ ਰਟਨ ਕਰਦੇ[76] ਤੇ ਧਾਰਮਕ ਲਿਬਾਸ[77] ਪਹਿਨਦੇ, ਸੰਪ੍ਰਦਾਈ[78] ਹਾਰ ਹੁਟ ਗਏ ਹਨ।
ਗੁਰ ਪਰਸਾਦਿ[79] ਨਿਰੰਜਨੁ[80] ਪਾਇਆ ਸਾਚੈ ਸਬਦਿ[81] ਵੀਚਾਰੀ[82] ॥੪।	Reflecting[82] on the True Name[81], I have obtained the pure Lord[80], by the Guru's grace[79].	ਸੱਚੇ ਨਾਮ[81] ਦਾ ਸਿਮਰਨ ਕਰਕੇ[82], ਗੁਰਾਂ ਦੀ ਦਇਆ[79] ਦੁਆਰਾ ਮੈਂ ਪਵਿੱਤ੍ਰ ਪ੍ਰਭੂ[80] ਨੂੰ ਪਾ ਲਿਆ ਹੈ।
[83]ਆਵਾਗਉਣੁ[84] ਨਿਵਾਰਿ[85] ਸਚਿ ਰਾਤੇ[86] ਸਾਚ ਸਬਦੁ[87] ਮਨਿ ਭਾਇਆ[88] ॥	Shaking off[85] comings[83] and goings[84], I am imbued[86] with Truth and the True Name[87] is pleasing[88] to my mind.	ਆਉਣਿਆਂ[83] ਤੇ ਜਾਣਿਆਂ[84] ਨੂੰ ਕਟ[85] ਕੇ, ਮੈਂ ਸੱਚ ਨਾਲ ਰੰਗਿਆ ਗਿਆ[86] ਹਾਂ ਅਤੇ ਸੱਚਾ ਨਾਮ[87] ਮੇਰੇ ਚਿਤ ਨੂੰ ਚੰਗਾ ਲਗਦਾ[88] ਹੈ।

ਸਤਿਗੁਰੁ ਸੇਵਿ[89] ਸਦਾ[90] ਸੁਖੁ ਪਾਈਐ ਜਿਨਿ ਵਿਚਹੁ ਆਪੁ[91] ਗਵਾਇਆ[92] ॥੫॥	Serving[89] the True Guru, who has eradicated[92] his self-conceit[91] from within, everlasting[90] peace is obtained.	ਸੱਚੇ ਗੁਰਾਂ, ਜਿਨ੍ਹਾਂ ਨੇ ਆਪਣੇ ਅੰਦਰੋਂ ਆਪਣੀ ਸਵੈ-ਹੰਗਤਾ[91] ਮੇਟ ਛੱਡੀ[92] ਹੈ, ਨੂੰ ਘਾਲ ਕਮਾਉਣ ਦੁਆਰਾ[89] ਸਦੀਵੀ[90] ਆਰਾਮ ਪਰਾਪਤ ਹੁੰਦਾ ਹੈ।
ਸਾਚੈ ਸਬਦਿ[93] ਸਹਜ[94] ਧੁਨਿ[95] ਉਪਜੈ[96] ਮਨਿ ਸਾਚੈ[97] ਲਿਵ[98] ਲਾਈ ॥	Through the True Name[93] wells up[96] the melody[95] of celestial bliss[94] and the mind is attuned[98] to the True Lord[97].	ਸਤਿਨਾਮ[93] ਦੇ ਰਾਹੀਂ ਬੈਕੁੰਠੀ ਅਨੰਦ[94] ਦਾ ਕੀਰਤਨ[95] ਉਤਪੰਨ ਹੁੰਦਾ[96] ਹੈ ਅਤੇ ਮਨੂਏ ਦਾ ਸੱਚੇ ਸੁਆਮੀ[97] ਨਾਲ ਪ੍ਰੇਮ ਪੈ ਜਾਂਦਾ[98] ਹੈ।
ਅਗਮ[99] ਅਗੋਚਰੁ[100] ਨਾਮੁ ਨਿਰੰਜਨੁ[2] ਗੁਰਮੁਖਿ[3] ਮੰਨਿ[4] ਵਸਾਈ[5] ॥੬॥	By the Guru's grace[3], the Immaculate[2] Name of the Unapproachable[99] and Unperceivable[100] Lord is enshrined[5] in the mind[4].	ਗੁਰਾਂ ਦੀ ਦਇਆ ਦੁਆਰਾ[3], ਪਹੁੰਚ ਤੋਂ ਪਰੇ[99] ਅਤੇ ਅਦ੍ਰਿਸ਼ਟ[100] ਸੁਆਮੀ ਦਾ ਪਵਿੱਤ੍ਰ[2] ਨਾਮ ਹਿਰਦੇ[4] ਅੰਦਰ ਟਿਕਾਇਆ[5] ਜਾਂਦਾ ਹੈ।
ਏਕਸ[6] ਮਹਿ[7] ਸਭੁ ਜਗਤੋ ਵਰਤੈ[8] ਵਿਰਲਾ[9] ਏਕੁ ਪਛਾਣੈ[10] ॥	In[7] the One Lord[6], the whole world is contained[8] and some rare one[9] understands[10] the One Lord.	ਇਕ ਪ੍ਰਭੂ[6] ਅੰਦਰ[7], ਸਾਰਾ ਸੰਸਾਰ ਪਰਵਿਰਤ ਹੋਇਆ ਹੋਇਆ[8] ਹੈ ਅਤੇ ਕੋਈ ਟਾਂਵਾਂ ਟੱਲਾ[9] ਜਣਾ ਹੀ ਇਕ ਪ੍ਰਭੂ ਨੂੰ ਸਮਝਦਾ[10] ਹੈ।
ਸਬਦਿ[12] ਮਰੈ ਤਾ[13] ਸਭੁ ਕਿਛੁ ਸੂਝੈ[14] ਅਨਦਿਨੁ[15] ਏਕੋ ਜਾਣੈ[16] ॥੭॥	If one dies by the Guru's word[12], then[13] he comes to know[14] everything and night[15] and day realises[16] the One Lord.	ਜੇਕਰ ਜੀਵ ਗੁਰਾਂ ਦੀ ਬਾਣੀ[12] ਦੁਆਰਾ ਮਰ ਜਾਵੇ, ਤਦ[13] ਉਹ ਸਾਰਾ ਕੁਝ ਜਾਣ ਲੈਂਦਾ[14] ਹੈ ਅਤੇ ਰਾਤ[15] ਦਿਨ ਇਕ ਸਾਂਈਂ ਨੂੰ ਹੀ ਅਨੁਭਵ ਕਰਦਾ[16] ਹੈ।
ਜਿਸ ਨੋ ਨਦਰਿ[17] ਕਰੇ[18] ਸੋਈ[19] ਜਨੁ[20] ਬੂਝੈ[21] ਹੋਰੁ ਕਹਣਾ[22] ਕਥਨੁ[23] ਨ ਜਾਈ ॥	That[19] man[20] alone, on whom the Lord casts[18] His merciful glance[17], understands[21] Him, nothing else can be said[22] and uttered[23].	ਕੇਵਲ ਉਹ[19] ਜਣਾ[20] ਹੀ ਜਿਸ ਉਤੇ ਸੁਆਮੀ ਆਪਣੀ ਮਿਹਰ ਦੀ ਨਜ਼ਰ[17] ਧਾਰਦਾ[18] ਹੈ, ਉਸ ਨੂੰ ਸਮਝਦਾ[21] ਹੈ, ਹੋਰ ਕੁਝ ਆਖਿਆ[22] ਤੇ ਉਚਾਰਿਆ[23] ਨਹੀਂ ਜਾ ਸਕਦਾ।
ਨਾਨਕ ਨਾਮਿ ਰਤੇ[24] ਸਦਾ ਬੈਰਾਗੀ[25] ਏਕ[29] ਸਬਦਿ[26] ਲਿਵ[27] ਲਾਈ[28] ॥ ੧॥੨॥	Nanak, ever detached[25] are they, who are imbued[24] with the Name. They enshrine[28] affection[27] for their Lord[26] alone[29].	ਨਾਨਕ, ਹਮੇਸ਼ਾ ਹੀ ਨਿਰਲੇਪ[25] ਹਨ ਉਹ ਜੋ ਨਾਮ ਨਾਲ ਰੰਗੀਜੇ[24] ਹਨ। ਉਹ ਕੇਵਲ[29] ਆਪਣੇ ਪ੍ਰਭੂ[26] ਨਾਲ ਹੀ ਪਿਰਹੜੀ[27] ਪਾਉਂਦੇ[28] ਹਨ।
ਸਾਰਗ ਮਹਲਾ ੩ ॥	Sarang 3rd Guru.	ਸਾਰੰਗ ਤੀਜੀ ਪਾਤਿਸ਼ਾਹੀ।
ਮਨ ਮੇਰੇ ਹਰਿ ਕੀ ਅਕਥ[30] ਕਹਾਣੀ[31] ॥	O my soul, Ineffable[30] is the gospel[31] of God.	ਹੇ ਮੇਰੀ ਜਿੰਦੇ! ਅਕਹਿ[30] ਹੈ ਕਥਾ-ਵਾਰਤਾ[31] ਵਾਹਿਗੁਰੂ ਦੀ।
ਹਰਿ ਨਦਰਿ[32] ਕਰੇ ਸੋਈ ਜਨੁ ਪਾਏ[36] ਗੁਰਮੁਖਿ[33] ਵਿਰਲੈ[34] ਜਾਣੀ[35] ॥ ੧ ॥ ਰਹਾਉ ॥	That man alone, on whom is the God's grace[32] is blessed[36] with it. By the Guru's grace[33], rare[34] is the one, who understands[35] it. Pause.	ਕੇਵਲ ਉਹ ਜਣਾ ਹੀ ਜਿਸ ਉਤੇ ਵਾਹਿਗੁਰੂ ਦੀ ਮਿਹਰ[32] ਹੈ, ਇਸ ਨੂੰ ਪਾਉਂਦਾ[36] ਹੈ। ਗੁਰਾਂ ਦੀ ਦਇਆ ਦੁਆਰਾ[33] ਕੋਈ ਇਕ ਅਧਾ ਜਣਾ[34] ਹੀ ਇਸ ਨੂੰ ਸਮਝਦਾ[35] ਹੈ। ਠਹਿਰਾਉ।
ਹਰਿ ਗਹਿਰ[37] ਗੰਭੀਰੁ[38]	The Lord is deep[37], Unfathomable[38]	ਪ੍ਰਭੂ ਡੂੰਘਾ[37], ਅਥਾਹ[38] ਅਤੇ ਨੇਕੀਆਂ[39] ਦਾ ਸਮੁੰਦਰ[40]

ਗੁਣੀ[39] ਗਹੀਰੁ[40] ਗੁਰ ਕੈ ਸਬਦਿ[41] ਪਛਾਨਿਆ[42] ॥ ਬਹੁ[43] ਬਿਧਿ[44] ਕਰਮ[45] ਕਰਹਿ ਭਾਇ ਦੂਜੈ[46] ਬਿਨੁ ਸਬਦੈ[47] ਬਉਰਾਨਿਆ[48] ॥ ੧ ॥	and an Ocean[40] of virtues[39] Him I have realised[42] by the Guru's word[41]. Through duality[46], whosoever does worldly deeds[45] in various[43] ways[44]; without the Name[47], he is but a mad man[48].	ਹੈ । ਉਸ ਨੂੰ ਮੈਂ ਗੁਰਾਂ ਦੀ ਬਾਣੀ[41] ਦੁਆਰਾ ਅਨੁਭਵ ਕਰ ਲਿਆ[42] ਹੈ । ਦਵੈਤਭਾਵ[46] ਰਾਹੀਂ, ਜੋ ਭੀ ਅਨੇਕਾਂ[43] ਰੀਤੀਆਂ[44] ਨਾਲ ਸੰਸਾਰੀ ਕੰਮ[45] ਕਰਦਾ ਹੈ; ਨਾਮ[47] ਦੇ ਬਗ਼ੈਰ, ਉਹ ਕੇਵਲ ਪਗਲਾ ਪੁਰਸ਼[48] ਹੀ ਹੈ ।
ਹਰਿ ਨਾਮਿ ਨਾਵੈ ਸੋਈ ਜਨੁ[49] ਨਿਰਮਲੁ[50] ਫਿਰਿ[51] ਮੈਲਾ[52] ਮੂਲਿ[53] ਨ ਹੋਈ ॥	He, who bathes in the Lord's Name; that man[49] alone is immaculate[50]. He becomes not dirty[52] ever[53] again[51].	ਜੋ ਕੋਈ ਪ੍ਰਭੂ ਦੇ ਨਾਮ ਅੰਦਰ ਨ੍ਹਾਉਂਦਾ ਹੈ; ਕੇਵਲ ਉਹ ਜੀਵ[49] ਹੀ ਪਵਿੱਤ੍ਰ[50] ਹੈ । ਉਹ ਮੁੜ[51] ਕੇ ਕਦੇ ਭੀ[53] ਗੰਦਾ[52] ਨਹੀਂ ਹੁੰਦਾ ।
ਨਾਮ ਬਿਨਾ ਸਭੁ ਜਗੁ[54] ਹੈ ਮੈਲਾ ਦੂਜੈ[55] ਭਰਮਿ[56] ਪਤਿ[57] ਖੋਈ[58] ॥੨॥	Without the Name, the entire world[54] is dirty and wandering[56] in duality[55], it loses[58] its honour[57].	ਨਾਮ ਦੇ ਬਾਝੋਂ, ਸਾਰਾ ਸੰਸਾਰ[54] ਗੰਦਾ ਹੈ ਅਤੇ ਦਵੈਤ-ਭਾਵ[55] ਅੰਦਰ ਭਟਕ[56] ਕੇ ਇਹ ਆਪਣੀ ਇੱਜ਼ਤ[57] ਗੁਆ ਲੈਂਦਾ[58] ਹੈ ।
ਕਿਆ[59] ਦ੍ਰਿੜਾਂ[60] ਕਿਆ ਸੰਗ੍ਰਹਿ[61] ਤਿਆਗੀ[62] ਮੈ ਤਾ ਬੂਝ[63] ਨ ਪਾਈ ॥	What[59] should I seize[60] upon, what should I amass[61] or abandon[62] ? Of this I have no understanding[63].	ਮੈਂ ਕੀ[59] ਪਕੜਾਂ[60], ਮੈਂ ਕੀ ਇਕੱਤ੍ਰ[61] ਕਰਾਂ ਜਾਂ ਛੱਡਾਂ[62] ? ਮੈਨੂੰ ਤਾਂ ਇਸ ਦੀ ਕੋਈ ਸਮਝ[63] ਨਹੀਂ ਪੈਂਦੀ ।
ਹੋਹਿ ਦਇਆਲੁ[64] ਕ੍ਰਿਪਾ[65] ਕਰਿ[66] ਹਰਿ ਜੀਉ[67] ਨਾਮੋ ਹੋਇ ਸਖਾਈ[68] ॥੩॥	O my Reverend[67] Lord, he, to whom Thou art compassionate[64] and showest[66] Thine mercy[65]; Thy Name becomes his succourer[68].	ਹੇ ਮੇਰੇ ਪੂਜਯ[67] ਪ੍ਰਭੂ ! ਜਿਸ ਉਤੇ ਤੂੰ ਮਇਆਵਾਨ[64] ਹੈਂ ਅਤੇ ਆਪਣੀ ਦਇਆ[65] ਧਾਰਦਾ[66] ਹੈਂ; ਤੇਰਾ ਨਾਮ ਉਸ ਦਾ ਸਹਾਇਕ[68] ਹੋ ਜਾਂਦਾ ਹੈ ।
ਸਚਾ ਸਚੁ ਦਾਤਾ[69] ਕਰਮ[70] ਬਿਧਾਤਾ[71] ਜਿਸੁ ਭਾਵੈ[72] ਤਿਸੁ[73] ਨਾਇ ਲਾਏ[74] ॥	The True Lord is the True Giver[69] and the Destiny[70] scribe[71]. He, whom He loves[72]; him[73] He yokes[74] to His Name.	ਸੱਚਾ ਪ੍ਰਭੂ ਸੱਚਾ ਦਾਤਾਰ[69] ਤੇ ਪ੍ਰਾਲਬਧ[70] ਦਾ ਲਿਖਾਰੀ[71] ਹੈ । ਜਿਸ ਨੂੰ ਉਹ ਪਿਆਰ ਕਰਦਾ[72] ਹੈ; ਉਸ ਨੂੰ[73] ਉਹ ਆਪਣੇ ਨਾਮ ਨਾਲ ਜੋੜ ਦਿੰਦਾ[74] ਹੈ ।
ਗੁਰੂ ਦੁਆਰੈ[75] ਸੋਈ[76] ਬੂਝੈ[77] ਜਿਸ ਨੋ ਆਪਿ[78] ਬੁਝਾਏ[79] ॥੪॥	He[76] alone understands[77], through[75] the Guru, whom He Himself[78] instructs[79].	ਕੇਵਲ ਉਹ[76] ਹੀ ਗੁਰਾਂ ਦੇ ਰਾਹੀਂ[75] ਸਮਝਦਾ[77] ਹੈ, ਜਿਸ ਨੂੰ ਉਹ ਖ਼ੁਦ[78] ਸਿਖ-ਮਤ ਦਿੰਦਾ[79] ਹੈ ।
ਦੇਖਿ ਬਿਸਮਾਦੁ[80] ਇਹੁ ਮਨੁ[81] ਨਹੀ ਚੇਤੇ[82] [83]ਆਵਾ ਗਉਣੁ[84] ਸੰਸਾਰਾ[85] ॥	Seeing even the Lord's wonders[80], this soul[81] contemplates[82] Him not. This world[85] is subject to coming[83] and going[84].	ਪ੍ਰਭੂ ਦੇ ਅਚੰਭੇ[80] ਵੇਖ ਕੇ ਭੀ, ਇਹ ਜਿੰਦੜੀ[81] ਉਸ ਦਾ ਆਰਾਧਨ[82] ਨਹੀਂ ਕਰਦੀ । ਇਹ ਜਗਤ[85] ਆਉਣ[83] ਅਤੇ ਜਾਣ[84] ਦੇ ਅਧੀਨ ਹੈ ।
ਸਤਿਗੁਰੁ ਸੇਵੇ[86] ਸੋਈ[87] ਬੂਝੈ[88] ਪਾਏ ਮੋਖ[89] ਦੁਆਰਾ[90] ॥ ੫ ॥	Whosoever serves[86] the True Guru; he[87] alone realises[88] the Lord and obtains the door[90] of salvation[89].	ਜੋ ਕੋਈ ਭੀ ਸੱਚੇ ਗੁਰਾਂ ਦੀ ਘਾਲ ਕਮਾਉਂਦਾ[86] ਹੈ; ਕੇਵਲ ਉਹ[87] ਹੀ ਪ੍ਰਭੂ ਨੂੰ ਅਨੁਭਵ ਕਰਦਾ[88] ਤੇ ਮੁਕਤੀ[89] ਦੇ ਦਰ[90] ਨੂੰ ਪਾਉਂਦਾ ਹੈ ।

ਜਿਨ ਦਰੁ[91] ਸੂਝੈ[92] ਸੇ ਕਦੇ[93] ਨ ਵਿਗਾੜਹਿ[94] ਸਤਿਗੁਰਿ ਬੂਝ[95] ਬੁਝਾਈ[96] ॥	They who see[92] the Lord's court[91], spoil[94] not their human life ever[93]. The True Guru has imparted[96] this understanding[95] unto me.	ਜੋ ਪ੍ਰਭੂ ਦੇ ਦਰਬਾਰ[91] ਨੂੰ ਵੇਖਦੇ[92] ਹਨ, ਉਹ ਆਪਣੇ ਮਨੁਖੀ ਜੀਵਨ ਨੂੰ ਕਦਾਚਿਤ[93] ਵਿਗਾੜਦੇ[94] ਨਹੀਂ। ਸੱਚੇ ਗੁਰਾਂ ਨੇ ਮੈਨੂੰ ਇਹ ਸਮਝ[95] ਦਰਸਾਈ[96] ਹੈ।
ਸਚੁ ਸੰਜਮੁ[97] ਕਰਣੀ[98] ਕਿਰਤਿ[99] ਕਮਾਵਹਿ[100] ਆਵਣ ਜਾਣੁ ਰਹਾਈ[2] ॥੬॥	They practise[100] truth, self-control[97], pious way of life[98] and good deeds[99] and cease[2] their comings and goings.	ਉਹ ਸੱਚ, ਸਵੈ-ਜ਼ਬਤ[97], ਪਵਿੱਤ੍ਰ ਜੀਵਨ[98] ਰਹੁ-ਰੀਤੀ ਅਤੇ ਸ਼ੁਭ ਅਮਲਾਂ[99] ਦੀ ਕਮਾਈ ਕਰਦੇ[100] ਹਨ ਅਤੇ ਮੁਕ ਜਾਂਦੇ[2] ਹਨ ਉਨ੍ਹਾਂ ਦੇ ਆਉਣੇ ਅਤੇ ਜਾਣੇ।
ਸੇ[3] ਦਰਿ[4] ਸਾਚੈ[5] ਸਾਚੁ ਕਮਾਵਹਿ ਜਿਨ ਗੁਰਮੁਖਿ[6] ਸਾਚੁ[7] ਅਧਾਰਾ[8] ॥	They[3] alone practise truth, standing at the True Lord's[5] door[4], who lean[8] on the True God[7], by the Guru's grace[6].	ਕੇਵਲ ਉਹ[3] ਹੀ ਸੱਚੇ ਸੁਆਮੀ[5] ਦੇ ਬੂਹੇ[4] ਤੇ ਖੜੇ ਕੇ ਸੱਚ ਦੀ ਕਮਾਈ ਕਰਦੇ ਹਨ, ਜਿਨ੍ਹਾਂ ਨੂੰ ਗੁਰਾ ਦੀ ਮਿਹਰ[6] ਸਦਕਾ ਸੱਚੇ ਵਾਹਿਗੁਰੂ[7] ਦਾ ਹੀ ਆਸਰਾ[8] ਹੈ।
ਮਨਮੁਖ[9] ਦੂਜੈ[10] ਭਰਮਿ[12] ਭੁਲਾਏ[13] ਨਾ ਬੂਝਹਿ[14] ਵੀਚਾਰਾ[15] ॥੭॥	The egocentrics[9] stray[13] in the doubt[12] of duality[10]; they know[14] not the Lord's meditation[15].	ਮਨਮਤੀਏ[9] ਦਵੈਤ-ਭਾਵ[10] ਦੇ ਸੰਦੇਹ[12] ਅੰਦਰ ਭੁਲੇ ਹੋਏ[13] ਹਨ; ਉਹ ਸੁਆਮੀ ਦੇ ਸਿਮਰਨ[15] ਨੂੰ ਨਹੀਂ ਜਾਣਦੇ[14]।
ਆਪੇ ਗੁਰਮੁਖਿ[16] ਆਪੇ ਦੇਵੈ[17] ਆਪੇ ਕਰਿ[18] ਕਰਿ[19] ਵੇਖੈ[20] ॥	The Lord Himself is the Supreme Guru[16], Himself blesses[17] with His meditation and creating[18] the creation[19], Himself beholds[20] it.	ਪ੍ਰਭੂ ਆਪ ਮੁਖੀ ਗੁਰੂ[16] ਹੈ, ਆਪ ਹੀ ਆਪਣਾ ਸਿਮਰਨ ਬਖਸ਼ਦਾ[17] ਹੈ ਅਤੇ ਰਚਨਾ[19] ਨੂੰ ਰਚ ਕੇ[18] ਆਪ ਹੀ ਇਸ ਨੂੰ ਦੇਖਦਾ[20] ਹੈ।
੧੨੩੫	**1235**	**੧੨੩੫**
ਨਾਨਕ ਸੇ[21] ਜਨ[22] ਥਾਇ[23] ਪਏ ਹੈ ਜਿਨ ਕੀ ਪਤਿ[24] ਪਾਵੈ ਲੇਖੈ[25] ॥੮॥੩॥	Nanak, those[21] persons[22] alone are approved[23], whose honour[24] the Lord Himself accepts[25].	ਨਾਨਕ, ਕੇਵਲ ਉਹ[21] ਪੁਰਸ਼[22] ਹੀ ਪ੍ਰਮਾਣੀਕ ਹੁੰਦੇ[23] ਹਨ, ਜਿਨ੍ਹਾਂ ਦੀ ਇਜ਼ਤ ਆਬਰੂ[24] ਪ੍ਰਭੂ ਖੁਦ ਕਬੂਲ ਕਰ ਲੈਂਦਾ[25] ਹੈ।
ਸਾਰਗ ਮਹਲਾ ੫ ਅਸਟਪਦੀਆ ਘਰੁ ੧	Sarang 5th Guru Ashtpadis	ਸਾਰੰਗ ਪੰਜਵੀਂ ਪਾਤਿਸ਼ਾਹੀ ਅਸ਼ਟਪਦੀਆਂ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
[26]ਗੁਸਾਈ[27] ਪਰਤਾਪੁ[28] ਤੁਹਾਰੋ[30] ਡੀਠਾ[29] ॥	O Lord[27] of the world[26], Thine[30] glory[28] I have seen[29].	ਹੇ ਸੰਸਾਰ[26] ਦੇ ਸੁਆਮੀ[27]! ਤੇਰੀ[30] ਕੀਰਤੀ[28] ਮੈਂ ਤੱਕ ਲਈ[29] ਹੈ।
ਕਰਨ[31] ਕਰਾਵਨ[32] ਉਪਾਇ[33] ਸਮਾਵਨ[34] ਸਗਲ[35] [36]ਛਤ੍ਰਪਤਿ[37] ਬੀਠਾ[38] ॥੧॥ ਰਹਾਉ ॥	O my pervading God[38], the Lord[37] of crown and throne[36]. Thou art the Doer[31] and the Cause[32] and the Creator[33] and the Destroyer[34] of all[35]. Pause.	ਹੇ ਤਾਜ ਤੇ ਤਖ਼ਤ[36] ਦੇ ਸੁਆਮੀ[37], ਮੇਰੇ ਵਿਆਪਕ ਵਾਹਿਗੁਰੂ[38]! ਤੂੰ ਕਰਨ ਵਾਲਾ[31] ਤੇ ਕਰਾਉਣ ਵਾਲਾ[32] ਹੈਂ ਅਤੇ ਸਾਰਿਆਂ[35] ਦਾ ਰਚਣਹਾਰ[33] ਅਤੇ ਨਾਸ ਕਰਨ ਵਾਲਾ[34] ਹੈਂ। ਠਹਿਰਾਉ।

ਰਾਣਾ[39] ਰਾਉ[40] ਰਾਜ[41] ਭਏ ਰੰਕਾ[42] ਉਨਿ[43] ਝੂਠੇ ਕਹਣੁ ਕਹਾਇਓ[44] ॥

The dukes[39], nobles[40] and kings[41] turn paupers[42]. False ostentations[44] make they[43].

ਨਵਾਬ[39], ਸਰਦਾਰ[40] ਅਤੇ ਪਾਤਿਸ਼ਾਹ[41] ਕੰਗਾਲ[42] ਹੋ ਜਾਂਦੇ ਹਨ। ਉਹ[43] ਕੂੜੇ ਦਾਹਵੇ[44] ਬੰਨ੍ਹਦੇ ਹਨ।

ਹਮਰਾ ਰਾਜਨੁ[45] ਸਦਾ ਸਲਾਮਤਿ[50] ਤਾਕੋ[46] ਸਗਲ ਘਟਾ[47] ਜਸੁ[48] ਗਾਇਓ[49] ॥੧॥

My Sovereign[45] is ever stable[50]. His[46] praises[48] all the hearts[47] sing[49].

ਮੇਰਾ ਸੁਲਤਾਨ[45] ਸਦੀਵੀ ਸਥਿਰ[50] ਹੈ। ਉਸ ਦੀਆਂ[46] ਸਿਫ਼ਤਾਂ[48] ਸਾਰੇ ਦਿਲ[47] ਗਾਇਨ ਕਰਦੇ[49] ਹਨ।

ਉਪਮਾ[51] ਸੁਨਹੁ ਰਾਜਨ ਕੀ ਸੰਤਹੁ ਕਹਤ[52] ਜੇਤ[53] ਪਾਹੂਚਾ[54] ॥

O saints hear ye the praises[51] of the Sovereign. I utter[52] them as it lies[53] in my power[54].

ਹੇ ਸਾਧੂਓ! ਤੁਸੀਂ ਸੁਲਤਾਨ ਦੀਆਂ ਉਸਤਤੀਆਂ[51] ਸੁਣੋ ਜਿਥੋਂ ਤਾਂਈ[53] ਮੇਰੀ ਪਹੁੰਚ[54] ਹੈ, ਮੈਂ ਉਨ੍ਹਾਂ ਨੂੰ ਵਰਣਨ ਕਰਦਾ[52] ਹਾਂ।

ਬੇਸੁਮਾਰ[55] ਵਡ ਸਾਹ[56] ਦਾਤਾਰਾ[57] ਊਚੇ[58] ਹੀ ਤੇ ਊਚਾ ॥੨॥

My Beneficent Lord[57] is Inestimable[55], the great Monarch[56] and the Highest of the high[58].

ਮੇਰਾ ਸਖੀ ਸਾਹਿਬ[57], ਬੇ-ਅੰਦਾਜ਼[55], ਵਡਾ ਮਹਾਰਾਜਾ[56] ਅਤੇ ਬੁਲੰਦਾਂ ਦਾ ਪਰਮ ਬੁਲੰਦ[58] ਹੈ।

ਪਵਨਿ[59] ਪਰੋਇਓ[64] ਸਗਲ ਅਕਾਰਾ[60] ਪਾਵਕ[61] ਕਾਸਟ[62] ਸੰਗੇ[63] ॥

He has stringed[64] the whole world[60] with breath[59] and has kept the fire[61] along with[63] the wood[62].

ਉਸ ਨੇ ਸਾਰੇ ਸੰਸਾਰ[60] ਨੂੰ ਸੁਆਸ[59] ਨਾਲ ਪਰੋਤਾ ਹੋਇਆ[64] ਹੈ ਅਤੇ ਅੱਗ[61] ਨੂੰ ਲੱਕੜ[62] ਦੇ ਨਾਲ[63] ਰੱਖਿਆ ਹੋਇਆ ਹੈ।

ਨੀਰੁ[65] ਧਰਣਿ[66] ਕਰਿ ਰਾਖੇ ਏਕਤ[67] ਕੋਇ ਨ ਕਿਸ ਹੀ ਸੰਗੇ[68] ॥੩॥

He has kept the water[65] and the earth[66] together[67] and no one bears enmity with[68] the other.

ਉਸ ਨੇ ਪਾਣੀ[65] ਅਤੇ ਧਰਤੀ[66] ਨੂੰ ਇਕੱਠੇ[67] ਰੱਖਿਆ ਹੋਇਆ ਹੈ ਅਤੇ ਕੋਈ ਕਿਸੇ ਨਾਲ[68] ਵੈਰ ਨਹੀਂ ਕਰਦਾ।

ਘਟਿ ਘਟਿ[69] ਕਥਾ[70] ਰਾਜਨ[74] ਕੀ ਚਾਲੈ[71] ਘਰਿ[72] ਘਰਿ ਤੁਝਹਿ ਉਮਾਹਾ[73] ॥

In every heart[69], the King's[74] gospel[70] is current[71] and in every home[72], there is zeal[73] for Him.

ਹਰ ਦਿਲ[69] ਵਿਚ ਪਾਤਿਸ਼ਾਹ[74] ਦੀ ਕਥਾ ਵਾਰਤਾ[70] ਪ੍ਰਚਲਤ[71] ਹੈ ਅਤੇ ਹਰ ਧਾਮ[72] ਅੰਦਰ ਉਸ ਲਈ ਉਮੰਗ[73] ਹੈ।

ਜੀਅ ਜੰਤ[75] ਸਭਿ ਪਾਛੈ[76] ਕਰਿਆ[77] ਪ੍ਰਥਮੇ[78] ਰਿਜਕੁ[79] ਸਮਾਹਾ[80] ॥੪॥

At first[78] He provided[80] sustenance[79] and afterwards[76] created[77] all the creatures[75].

ਪਹਿਲਾਂ[78] ਉਸ ਨੇ ਰੋਜ਼ੀ[79] ਮੁਹੱਈਆ ਕੀਤੀ[80] ਅਤੇ ਮਗਰੋਂ[76] ਸਾਰੇ ਜੀਵ-ਜੰਤੂ[75] ਪੈਦਾ ਕੀਤੇ[77]।

ਜੋ ਕਿਛੁ[81] ਕਰਣਾ[82] ਸੁ[83] ਆਪੇ[84] ਕਰਣਾ ਮਸਲਤਿ[85] ਕਾਹੂ[86] ਦੀਨੀ ॥

Whatever[81] He does[82], that[83] He does of Himself[84]. Who[86] has ever given Him counsel[85]?

ਜਿਹੜਾ[81] ਕੁਝ ਕਰਦਾ[82] ਹੈ, ਉਸ[83] ਨੂੰ ਉਹ ਖੁਦ[84] ਹੀ ਕਰਦਾ ਹੈ। ਉਸ ਨੂੰ ਕਦੋਂ ਕਿਸੇ[86] ਨੇ ਸਲਾਹ ਮਸਵਰਾ[85] ਦਿੱਤਾ ਹੈ?

ਅਨਿਕ[87] ਜਤਨ[88] ਕਰਿ ਕਰਹ[89] ਦਿਖਾਏ[90] ਸਾਚੀ ਸਾਖੀ[91] ਚੀਨੀ[92] ॥੫॥

Making various[87] efforts[88] we exhibit[89] displays[90], but it is through the Guru's true instruction[91], that reality is realised[92].

ਅਨੇਕਾਂ[87] ਉਪਰਾਲੇ[88] ਕਰ ਕੇ ਅਸੀਂ ਵਿਖਾਵੇ[90] ਕਰਦੇ[89] ਹਾਂ ਪ੍ਰੰਤੂ ਗੁਰਾਂ ਦੇ ਉਪਦੇਸ਼[91] ਰਾਹੀਂ ਹੀ ਅਸਲੀਅਤ ਅਨੁਭਵ ਕੀਤੀ ਜਾਂਦੀ[92] ਹੈ।

ਹਰਿ ਭਗਤਾ[93] ਕਰਿ

Making them His own[95], God

ਉਨ੍ਹਾਂ ਨੂੰ ਆਪਣੇ ਨਿਜ[95] ਦੇ ਬਣਾ, ਵਾਹਿਗੁਰੂ ਆਪਣੇ

ਰਾਖੇ[94] ਅਪਨੇ[95] ਦੀਨੀ[96] ਨਾਮੁ ਵਡਾਈ[97] ॥ ਜਿਨਿ ਜਿਨਿ[98] ਕਰੀ ਅਵਗਿਆ[99] ਜਨ[100] ਕੀ ਤੇ[2] ਤੈਂ ਦੀਏ ਰੁੜਾਈ[3] ॥ ੬ ॥	saves[94] His saints[93] and blesses[96] them with the glory[97] of His Name. Whosoever[98] shows disrespect[99] to the Lord's slave[100]; Him[2] the Lord destroys[3].	ਸੰਤਾਂ[93] ਦੀ ਰੱਖਿਆ ਕਰਦਾ[94] ਹੈ ਤੇ ਉਹਨਾਂ ਨੂੰ ਆਪਣੇ ਨਾਮ ਦੀ ਪ੍ਰਭਤਾ[97] ਬਖ਼ਸ਼ਦਾ[96] ਹੈ। ਜੋ ਕੋਈ[98] ਭੀ ਪ੍ਰਭੂ ਦੇ ਗੋਲੇ[100] ਦੀ ਬੇਅਦਬੀ ਕਰਦਾ[99] ਹੈ, ਉਸ[2] ਨੂੰ ਪ੍ਰਭੂ ਤਬਾਹ ਕਰ ਦਿੰਦਾ[3] ਹੈ।
ਮੁਕਤਿ[4] ਭਏ ਸਾਧ ਸੰਗਤਿ ਕਰਿ[5] ਤਿਨ ਕੇ ਅਵਗਨ[6] ਸਭਿ ਪਰ ਹਰਿਆ[7] ॥	They who associate[5] with the saints' society; their sins[6] are all washed off[7] and they are emancipated[4].	ਜੋ ਸਤਿਸੰਗਤ ਨਾਲ ਜੁੜਦੇ[5] ਹਨ; ਉਨ੍ਹਾਂ ਦੇ ਸਾਰੇ ਪਾਪ[6] ਧੋਤੇ ਜਾਂਦੇ[7] ਹਨ ਅਤੇ ਉਹਨਾਂ ਦੀ ਕਲਿਆਣ ਹੋ ਜਾਂਦੀ[4] ਹੈ।
ਤਿਨ ਕਉ ਦੇਖਿ ਭਏ ਕਿਰਪਾਲਾ[8] ਤਿਨ[9] ਭਵ[10] ਸਾਗਰੁ[12] ਤਰਿਆ[13] ॥ ੭ ॥	Seeing them God becomes merciful[8] and they[9] cross[13] the dreadful[10] world-ocean[12].	ਉਹਨਾਂ ਨੂੰ ਵੇਖ ਹਰੀ ਮਇਆਵਾਨ[8] ਹੋ ਜਾਂਦਾ ਹੈ ਅਤੇ ਉਹ[9] ਭਿਆਨਕ[10] ਸੰਸਾਰ ਸਮੁੰਦਰ[12] ਤੋਂ ਪਾਰ ਹੋ ਜਾਂਦੇ[13] ਹਨ।
ਹਮ[14] ਨਾਨੇ[15] ਨੀਚ[16] ਤੁਮ੍ਹੇ ਬਡ[17] ਸਾਹਿਬ ਕੁਦਰਤਿ[18] ਕਉਣ[19] ਬੀਚਾਰਾ[20] ॥	My God, I[14] am insignificant[15] and low[16], and Thou art the great[17] Lord. What[19] power[18] have I to reflect[20] on Thee ?	ਮੇਰੇ ਵਾਹਿਗੁਰੂ, ਮੈਂ[14] ਤੁਛ[15] ਅਤੇ ਨੀਵਾਂ[16] ਹਾਂ ਅਤੇ ਤੂੰ ਵਿਸ਼ਾਲ[17] ਸੁਆਮੀ ਹੈਂ। ਮੇਰੇ ਵਿਚ ਤੇਰਾ ਚਿੰਤਨ ਕਰਨ[20] ਦੀ ਕਿਹੜੀ[19] ਸੱਤਿਆ[18] ਹੈ ?
ਮਨੁ[21] ਤਨੁ[22] ਸੀਤਲੁ[23] ਗੁਰ ਦਰਸ[24] ਦੇਖੇ ਨਾਨਕ ਨਾਮੁ ਅਧਾਰਾ[25] ॥੮॥੧॥	O Lord, seeing the sight[24] of the Guru, Nanak's mind[21] and body[22] become cool[23] and he is blessed with the support[25] of Thy Name.	ਹੇ ਸੁਆਮੀ ! ਗੁਰਾਂ ਦਾ ਦਰਸ਼ਨ[24] ਵੇਖ, ਨਾਨਕ ਦਾ ਚਿੱਤ[21] ਅਤੇ ਸਰੀਰ[22] ਠੰਢੇ-ਠਾਰ[23] ਹੋ ਜਾਂਦੇ ਹਨ ਅਤੇ ਉਸ ਨੂੰ ਤੇਰੇ ਨਾਮ ਦਾ ਆਸਰਾ[25] ਪਰਾਪਤ ਹੋ ਜਾਂਦਾ ਹੈ।
ਸਾਰਗ ਮਹਲਾ ੫ ਅਸਟਪਦੀ ਘਰੁ ੬	Sarang 5th Guru. Ashtpadis	ਸਾਰੰਗ ਪੰਜਵੀਂ ਪਾਤਿਸ਼ਾਹੀ ਅਸ਼ਟਪਦੀਆਂ ਘਰੁ ੬
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਅਗਮ[26] ਅਗਾਧਿ[27] ਸੁਨਹੁ ਜਨ[28] ਕਥਾ[29] ॥	O man[28], hear thou the gospel[29] of the Unapproachable[26] and Unfathomable[27] Lord.	ਹੇ ਇਨਸਾਨ[28] ! ਤੂੰ ਪਹੁੰਚ ਤੋਂ ਪਰੇ[26] ਅਤੇ ਅਥਾਹ[27] ਪ੍ਰਭੂ ਦੀ ਕਥਾ ਵਾਰਤਾ[29] ਸ੍ਰਵਣ ਕਰ।
ਪਾਰਬ੍ਰਹਮ[30] ਕੀ ਅਚਰਜ[31] ਸਭਾ[32] ॥੧॥ ਰਹਾਉ ॥	Wondrous[31] is the Court[32] of the Transcendent Lord[30]. Pause.	ਅਸਚਰਜ[31] ਹੈ ਕਚਹਿਰੀ[32] ਪਰਮ ਪ੍ਰਭੂ[30] ਦੀ। ਠਹਿਰਾਉ।
ਸਦਾ[33] ਸਦਾ ਸਤਿਗੁਰ ਨਮਸਕਾਰ[34] ॥	Ever[33], ever make thou obeisance[34] unto thy True Guru.	ਸਦੀਵ, ਸਦੀਵ[33] ਹੀ ਤੂੰ ਆਪਣੇ ਸੱਚੇ ਗੁਰਾਂ ਨੂੰ ਬੰਦਨਾ[34] ਕਰ।
ਗੁਰ ਕਿਰਪਾ[35] ਤੇ[36] ਗੁਨ[37] ਗਾਇ ਅਪਾਰ[38] ॥	By[36] the Guru's grace[35] sing thou the praise[37] of the Infinite Lord[38].	ਗੁਰਾਂ ਦੀ ਦਇਆ[35] ਦੁਆਰਾ[36], ਤੂੰ ਬੇਅੰਤ ਪ੍ਰਭੂ[38] ਦੀ ਮਹਿਮਾ[37] ਗਾਇਨ ਕਰ।
ਮਨ[45] ਭੀਤਰਿ[39] ਹੋਵੈ	The Divine light[40] shall shine in[39]	ਈਸ਼ਵਰੀ ਨੂਰ[40] ਤੇਰੇ ਹਿਰਦੇ[45] ਅੰਦਰ[39] ਚਮਕ ਪਵੇਗਾ,

ਪਰਗਾਸੁ[40] ॥ ਗਿਆਨ[41] ਅੰਜਨੁ[42] ਅਗਿਆਨ[43] ਬਿਨਾਸੁ[44] ॥੧॥	thy mind[45] and with the collyrium[42] of gnosis[41], thy spiritual ignorance[43] shall be dispelled[44].	ਅਤੇ ਬ੍ਰਹਮ-ਗਿਆਤ[41] ਦੇ ਸੁਰਮੇ[42] ਨਾਲ ਤੇਰੀ ਆਤਮਕ ਬੇਸਮਝੀ[43] ਦੂਰ ਹੋ ਜਾਵੇਗੀ।
ਮਿਤਿ[46] ਨਾਹੀ ਜਾਕਾ[47] ਬਿਸਥਾਰੁ[48] ॥	Such is the Lord, to whose[47] expanse[48], there is no limit[46].	ਐਹੋ ਜੇਹਾ ਹੈ ਸੁਆਮੀ, ਜਿਸ[47] ਦੇ ਖਿਲਾਰੇ[48] ਦਾ ਕੋਈ ਹੱਦ-ਬੰਨਾ[46] ਹੈ ਹੀ ਨਹੀਂ।
ਸੋਭਾ[49] ਤਾਕੀ[50] ਅਪਰ[51] ਅਪਾਰ[52] ॥	His[50] glory[49] is boundless[51] and infinite[52].	ਉਸ[50] ਦੀ ਪ੍ਰਭਤਾ[49] ਬੇਹੱਦ[51] ਅਤੇ ਬੇਅੰਤ[52] ਹੈ।
ਅਨਿਕ[53] ਰੰਗ[54] ਜਾ[55] ਕੇ ਗਨੇ[56] ਨ ਜਾਹਿ ॥	Many[53] are His[55] wondrous plays[54] which can be counted[56] not.	ਅਨੇਕਾਂ[53] ਹਨ ਉਸ ਦੀਆਂ[55] ਅਸਚਰਜ ਖੇਡਾਂ[54], ਜੋ ਗਿਣੀਆਂ ਨਹੀਂ ਜਾ ਸਕਦੀਆਂ[56]।
ਸੋਗ[57] ਹਰਖ[58] ਦੁਹਹੂ[59] ਮਹਿ ਨਾਹਿ ॥੨॥	Both[59] in weal[58] and woe[57], He is not.	ਖੁਸ਼ੀ[58] ਅਤੇ ਗ਼ਮੀ[57], ਦੋਨਾ[59] ਵਿਚ ਹੀ, ਉਹ ਨਹੀਂ।
ਅਨਿਕ[60] ਬ੍ਰਹਮੇ ਜਾ[61] ਕੇ ਬੇਦ ਧੁਨਿ ਕਰਹਿ[62] ॥	Millions[60] of Brahmas sing[62] His[61] praise through the Vedas.	ਕ੍ਰੋੜਾਂ[60] ਹੀ ਬ੍ਰਹਮੇ, ਵੇਦਾਂ ਦੇ ਰਾਹੀਂ ਉਸ ਦੀ[61] ਉਸਤਤੀ ਗਾਇਨ ਕਰਦੇ[62] ਹਨ।
ਅਨਿਕ ਮਹੇਸ[63] ਬੈਸਿ[64] ਧਿਆਨੁ[65] ਧਰਹਿ[66] ॥	Millions of Shivas[63] sit[64] and fix[66] their attention[65] on Him.	ਕ੍ਰੋੜਾਂ ਹੀ ਸ਼ਿਵਜੀ[63] ਬਹਿ ਕੇ[64] ਉਸ ਨਾਲ, ਆਪਣੀ ਬਿਰਤੀ[65] ਜੋੜਦੇ[66] ਹਨ।
ਅਨਿਕ ਪੁਰਖ[67] ਅੰਸਾ[68] ਅਵਤਾਰ[69] ॥	With a particle[68] of the Lord's power, millions of persons[67] become His prophets[69]	ਪ੍ਰਭੂ ਦੀ ਕਿਣਕਾ[68] ਮਾਤ੍ਰ ਸੱਤਿਆ ਦੇ ਨਾਲ, ਕ੍ਰੋੜਾਂ ਹੀ ਪੁਰਸ਼[67] ਉਸ ਦੇ ਪੈਗੰਬਰ[69] ਬਣ ਜਾਂਦੇ ਹਨ।
ਅਨਿਕ ਇੰਦ੍ਰ ਊਭੇ[70] ਦਰਬਾਰ[71] ॥੩॥	Millions of Indras stand[70] at the Lord's door[71].	ਕ੍ਰੋੜਾਂ ਹੀ ਇੰਦ੍ਰ ਪ੍ਰਭੂ ਦੇ ਬੂਹੇ[71] ਤੇ ਖੜੇ[70] ਹਨ।
੧੨੩੬	**1236**	**੧੨੩੬**
ਅਨਿਕ ਪਵਨ[72] ਪਾਵਕ[73] ਅਰੁ[74] ਨੀਰ[75] ॥	Myriads are winds[72], fires[73] and[74] waters[75].	ਕੋਟਾਂ ਹੀ ਹਨ ਹਵਾਵਾਂ[72], ਅੱਗਾਂ[73] ਅਤੇ[74] ਪਾਣੀ[75]।
ਅਨਿਕ ਰਤਨ[76] ਸਾਗਰ[77] ਦਧਿ[78] ਖੀਰ[79] ॥	Myriads are the oceans[77], jewels[76], curd[78] and milk[79].	ਕੋਟਾਂ ਹੀ ਹਨ ਸਮੁੰਦਰ[77], ਜਵਾਹਿਰਾਤ[76], ਦਹੀਂ[78] ਅਤੇ ਦੁੱਧ[79]।
ਅਨਿਕ ਸੂਰ[80] ਸਸੀਅਰ[81] ਨਖਿਆਤਿ[82] ॥	Myriads are the suns[80], the moons[81] and the stars[82].	ਕੋਟਾਂ ਹੀ ਹਨ ਸੂਰਜ[80], ਚੰਦ੍ਰਮੇ[81] ਅਤੇ ਤਾਰੇ[82]।
ਅਨਿਕ ਦੇਵੀ[86] ਦੇਵਾ[83] ਬਹੁ[84] ਭਾਂਤਿ[85] ॥੪॥	Myriads are godesses[86] and gods[83] of many[84] kinds[85].	ਕੋਟਾਂ ਹੀ ਹਨ ਦੇਵੀਆਂ[86] ਤੇ ਦੇਵਤੇ[83] ਘਣੇਰੀਆਂ[84] ਕਿਸਮਾਂ[85] ਦੇ।
ਅਨਿਕ ਬਸੁਧਾ[87] ਅਨਿਕ ਕਾਮਧੇਨ[88] ॥	Myriads are the earths[87] and millions elysian cows[88].	ਕੋਟਾਂ ਹੀ ਹਨ ਧਰਤੀਆਂ[87] ਤੇ ਕੋਟਾਂ ਹੀ ਸਵਰਗੀ ਗਾਈਆਂ[88]।
ਅਨਿਕ ਪਾਰਜਾਤ[89] ਅਨਿਕ ਮੁਖਿ[90] ਬੇਨ[92] ॥	Myriads are miraculous trees[89] and myriads they, in whose mouth[90] is the flute[92].	ਕੋਟਾਂ ਹੀ ਹਨ ਕਰਾਮਾਤੀ ਬਿਰਛ[89] ਤੇ ਕੋਟਾਂ ਹੀ ਉਹ ਜਿਨ੍ਹਾਂ ਦੇ ਮੂੰਹ[90] ਵਿਚ ਬੰਸਰੀ[92] ਹੈ।

ਅਨਿਕ ਅਕਾਸ[93] ਅਨਿਕ ਪਾਤਾਲ[94] ॥	Myriads are skies[93] and myriads under worlds[94]	ਕੋਟਾਂ ਹੀ ਹਨ ਅਸਮਾਨ[93] ਤੇ ਕੋਟਾਂ ਹੀ ਪਇਆਲ[94] ।
ਅਨਿਕ ਮੁਖੀ[95] ਜਪੀਐ[96] ਗੋਪਾਲ[97] ॥੫॥	Myriads of supreme persons[95] contemplate[96] their Lord[97].	ਕੋਟਾਂ ਹੀ ਪਰਮ ਮਨੁੱਖ[95] ਆਪਣੇ ਸੁਆਮੀ[97] ਦਾ ਸਿਮਰਨ ਕਰਦੇ[96] ਹਨ ।
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥	There are millions of Shashtras, Simirtis and Puranas.	ਕ੍ਰੋੜਾਂ ਹੀ ਸ਼ਾਸਤਰ, ਸਿਮ੍ਰਿਤੀਆਂ ਅਤੇ ਪੁਰਾਣ ਹਨ ।
ਅਨਿਕ ਜੁਗਤਿ[98] ਹੋਵਤ ਬਖਿਆਨ[99] ॥	In millions of way[98] men discourse[99] upon Him.	ਕ੍ਰੋੜਾਂ ਹੀ ਤਰੀਕਿਆਂ[98] ਨਾਲ ਇਨਸਾਨ ਉਸ ਬਾਰੇ ਭਾਸ਼ਨ ਦਿੰਦੇ[99] ਹਨ ।
ਅਨਿਕ ਸਰੋਤੇ[100] ਸੁਨਹਿ ਨਿਧਾਨ[2] ॥	Millions of listeners[100] hear the praise of God, the Treasure[2] of virtues.	ਕ੍ਰੋੜਾਂ ਹੀ ਸੁਣਨ ਵਾਲੇ[100] ਨੇਕੀਆਂ ਦੇ ਖ਼ਜ਼ਾਨੇ[2], ਵਾਹਿਗੁਰੂ ਦੀ ਮਹਿਮਾ ਸੁਣਦੇ ਹਨ ।
ਸਰਬ[3] ਜੀਅ[4] ਪੂਰਨ[5] ਭਗਵਾਨ[6] ॥੬॥	The Illustrious Lord[6] is fully-filling[5] all[3] the beings[4].	ਕੀਰਤੀਮਾਨ ਪ੍ਰਭੂ[6] ਸਾਰਿਆਂ[3] ਜੀਵਾਂ[4] ਨੂੰ ਪਰੀਪੂਰਨ ਕਰ ਰਿਹਾ[5] ਹੈ ।
ਅਨਿਕ ਧਰਮ[7] ਅਨਿਕ ਕੁਮੇਰ[8] ॥	There are countless the righteous judges[7] and countless the gods of wealth[8].	ਅਣਗਿਣਤ ਹਨ ਧਰਮਰਾਜੇ[7] ਅਤੇ ਅਣਗਿਣਤ ਦੌਲਤ ਦੇ ਦੇਵਤੇ[8] ।
ਅਨਿਕ ਬਰਨ[9] ਅਨਿਕ ਕਨਿਕ[10] ਸੁਮੇਰ[12] ॥	There are countless gods of water[9] and countless mountains[12] of gold[10].	ਅਣਗਿਣਤ ਹਨ ਪਾਣੀ ਦੇ ਦੇਵ[9] ਅਤੇ ਅਣਗਿਣਤ ਸੋਨੇ[10] ਦੇ ਪਹਾੜ[12] ।
ਅਨਿਕ ਸੇਖ[13] ਨਵਤਨ[14] ਨਾਮੁ ਲੇਹਿ[15] ॥	There are countless a thousand-hooded[13] serpents, who utter[15] God's new[14] Names.	ਅਣਗਿਣਤ ਹਨ ਹਜ਼ਾਰ-ਫਣਾਂ ਵਾਲੇ ਸਰਪ[13] ਜੋ ਵਾਹਿਗੁਰੂ ਦੇ ਨਵੇਂ[14] ਨਾਮ ਉਚਾਰਨ ਕਰਦੇ[15] ਹਨ ।
ਪਾਰਬ੍ਰਹਮ[16] ਕਾ ਅੰਤੁ[17] ਨ ਤੇਹਿ[18] ॥੭॥	They[18] know not the limit[17] of the Lofty Lord[16].	ਉਹ[18] ਸ਼੍ਰੋਮਣੀ ਸਾਹਿਬ[16] ਦੇ ਓੜਕ[17] ਨੂੰ ਨਹੀਂ ਜਾਣਦੇ ।
ਅਨਿਕ ਪੁਰੀਆ[19] ਅਨਿਕ ਤਹ[20] ਖੰਡ[21] ॥	Millions are the universes[19] and millions their[20] parts[21].	ਕ੍ਰੋੜਾਂ ਹੀ ਹਨ ਆਲਮ[19] ਅਤੇ ਕ੍ਰੋੜਾਂ ਹੀ ਉਹਨਾਂ[20] ਦੇ ਹਿੱਸੇ[21] ।
ਅਨਿਕ ਰੂਪ[22] ਰੰਗ[23] ਬ੍ਰਹਮੰਡ[24] ॥	Millions are forms[22], colours[23] and solar systems[24].	ਕ੍ਰੋੜਾਂ ਹੀ ਹਨ ਸਰੂਪ[22], ਰੰਗਤ[23] ਅਤੇ ਸੂਰਜ-ਬੰਧਾਨ[24] ।
ਅਨਿਕ ਬਨਾ[25] ਅਨਿਕ ਫਲ[26] ਮੂਲ[27] ॥	Millions are gardens[25] and millions of fruits[26] and roots[27].	ਕ੍ਰੋੜਾਂ ਹੀ ਹਨ ਬਾਗ[25] ਤੇ ਕ੍ਰੋੜਾਂ ਹੀ ਮੇਵੇ[26] ਅਤੇ ਜੜ੍ਹਾਂ[27] ।
ਆਪਹਿ[28] ਸੂਖਮ[29] ਆਪਹਿ ਅਸਥੂਲ[30] ॥੮॥	Of Himself[28], the Lord is the mind[29] and of Himself, the matter[30]	ਸੁਆਮੀ ਆਪੇ[28] ਮਨ[29] ਹੈ ਅਤੇ ਆਪੇ ਹੀ ਮਾਦਾ[30] ।
ਅਨਿਕ ਜੁਗਾਦਿ[31] ਦਿਨਸ[32] ਅਰੁ[33] ਰਾਤਿ[34] ॥	There are millions of ages[31], days[32] and[33] nights[34].	ਕ੍ਰੋੜਾਂ ਹੀ ਹਨ ਯੁਗ[31], ਦਿਹਾੜੇ[32] ਅਤੇ[33] ਰਾਤਰੀਆਂ[34] ।
ਅਨਿਕ ਪਰਲਉ[35] ਅਨਿਕ ਉਤਪਾਤਿ[36] ॥	There are millions of creations[36] and millions of deluges[35].	ਕ੍ਰੋੜਾਂ ਹੀ ਹਨ ਰਚਨਾਵਾਂ[36] ਅਤੇ ਕ੍ਰੋੜਾਂ ਹੀ ਕਿਆਮਤਾਂ[35] ।

ਅਨਿਕ ਜੀਅ[37] ਜਾ ਕੇ ਗ੍ਰਿਹ[38] ਮਾਹਿ[39] ॥	There are millions of beings[37] in[39] His Home[38].	ਕ੍ਰੋੜਾਂ ਹੀ ਹਨ ਜੀਵ[37] ਉਸ ਦੇ ਘਰ[38] ਵਿਚ[39]।
ਰਮਤ[40] ਰਾਮੁ ਪੂਰਨ[41] ਸ੍ਰਬ ਠਾਇ[42] ॥੯॥	The Omnipresent Lord[40] is filling[41] all the places[42].	ਸਰਬ-ਵਿਆਪਕ ਸੁਆਮੀ[40] ਸਾਰੀਆਂ ਥਾਵਾਂ[42] ਨੂੰ ਭਰ ਰਿਹਾ[41] ਹੈ।
ਅਨਿਕ ਮਾਇਆ[43] ਜਾਕੀ[44] ਲਖੀ[45] ਨ ਜਾਇ ॥	Millions are His[44] powers[43], which can be known[45] not.	ਕ੍ਰੋੜਾਂ ਹੀ ਹਨ ਉਸ ਦੀਆਂ[44] ਸ਼ਕਤੀਆਂ[43] ਜੋ ਜਾਣੀਆਂ[45] ਨਹੀਂ ਜਾ ਸਕਦੀਆਂ।
ਅਨਿਕ ਕਲਾ[46] ਖੇਲੈ[47] ਹਰਿ ਰਾਇ[48] ॥	In myriads of ways[46], God, the King[48], plays[47].	ਕੋਟਾਂ ਹੀ ਤਰੀਕਿਆਂ[46] ਨਾਲ, ਵਾਹਿਗੁਰੂ, ਪਾਤਿਸ਼ਾਹ[48] ਖੇਡਦਾ[47] ਹੈ।
ਅਨਿਕ ਧੁਨਿਤ[49] ਲਲਿਤ[50] ਸੰਗੀਤ[51] ॥	Myriads are the beauteous[50] melodies[51], which sing[49] of the Lord.	ਕ੍ਰੋੜਾਂ ਹੀ ਹਨ ਸੁੰਦਰ[50] ਰਾਗ[51] ਜੋ ਸੁਆਮੀ ਨੂੰ ਗਾਉਂਦੇ[49] ਹਨ।
ਅਨਿਕ ਗੁਪਤ[52] ਪ੍ਰਗਟੇ[53] ਤਹ[54] ਚੀਤ ॥੧੦॥	Myriads of unmanifest[52] scribes are seen[53] there[54].	ਕ੍ਰੋੜਾਂ ਹੀ ਚਿਤਰ ਗੁਪਤ[52] ਓਥੇ[54] ਵੇਖੇ ਜਾਂਦੇ[53] ਹਨ।
ਸਭ ਤੇ ਊਚ[55] ਭਗਤ[56] ਜਾ ਕੈ[57] ਸੰਗਿ[58] ॥	The Lord is the Highest of the high[55], with[58] whom[57] abide His saints[56].	ਪ੍ਰਭੂ ਬੁਲੰਦਾਂ[55] ਦਾ ਪਰਮ ਬੁਲੰਦ ਹੈ, ਜਿਸ[57] ਦੇ ਨਾਲ[58] ਵਸਦੇ ਹਨ ਉਸ ਦੇ ਸਾਧੂ[56]।
ਆਠ ਪਹਰ ਗੁਨ[59] ਗਾਵਹਿ ਰੰਗਿ[60] ॥	Throughout the eight watches, they sing His praises[59] with love[60].	ਅਠੇ ਪਹਿਰ ਹੀ, ਉਹ ਉਸ ਦੀਆਂ ਸਿਫ਼ਤਾਂ[59] ਪਿਆਰ[60] ਨਾਲ ਗਾਇਨ ਕਰਦੇ ਹਨ।
ਅਨਿਕ ਅਨਾਹਦ[61] ਆਨੰਦ[62] ਝੁਨਕਾਰ[63] ॥	Millions of celestial strains[61] sing[63] of the Lord's supreme bliss[62].	ਕ੍ਰੋੜਾਂ ਹੀ ਬੈਕੁੰਠੀ ਕੀਰਤਨ[61] ਪ੍ਰਭੂ ਦੀ ਪਰਮ ਪਰਸੰਨਤਾ[62] ਦਾ ਅਲਾਪ ਕਰਦੇ[63] ਹਨ।
ਉਆ ਰਸ[64] ਕਾ ਕਛੁ ਅੰਤੁ[65] ਨ ਪਾਰ[66] ॥ ੧੧ ॥	Of that relish[64] there is no limit[65] and end[66]	ਉਸ ਸੁਆਦ[64] ਦਾ ਕੋਈ ਓੜਕ[65] ਤੇ ਅਖ਼ੀਰ[66] ਨਹੀਂ।
ਸਤਿਪੁਰਖੁ[67] ਸਤਿ ਅਸਥਾਨੁ[68] ॥	He is the True Lord[67] and true is His abode[68].	ਉਹ ਸੱਚਾ ਸੁਆਮੀ[67] ਹੈ ਅਤੇ ਸੱਚਾ ਹੈ ਉਸ ਦਾ ਟਿਕਾਣਾ[68]।
ਊਚ[69] ਤੇ ਊਚ ਨਿਰਮਲ[70] ਨਿਰਬਾਨੁ[71] ॥	The Lord is the Highest of the high[69], Immaculate[70] and Detached[71].	ਪ੍ਰਭੂ ਉਚਿਆਂ[69] ਦਾ ਪਰਮ ਉੱਚਾ, ਪਵਿੱਤਰ[70] ਅਤੇ ਨਿਰਲੇਪ[71] ਹੈ।
ਅਪੁਨਾ ਕੀਆ[72] ਜਾਨਹਿ ਆਪਿ ॥	His craftmanship[72], He Himself knows.	ਆਪਣੀ ਕਾਰੀਗਰੀ[72] ਨੂੰ ਉਹ ਆਪੇ ਹੀ ਜਾਣਦਾ ਹੈ।
ਆਪੇ ਘਟਿ[73] ਘਟਿ ਰਹਿਓ ਬਿਆਪਿ[74] ॥	He Himself is pervading[74] all hearts[73].	ਉਹ ਖ਼ੁਦ ਹੀ ਸਾਰਿਆਂ ਦਿਲਾਂ[73] ਅੰਦਰ ਰਮ ਰਿਹਾ[74] ਹੈ।
ਕ੍ਰਿਪਾ[75] ਨਿਧਾਨ[76] ਨਾਨਕ ਦਇਆਲ[77] ਜਿਨਿ ਜਪਿਆ[78] ਨਾਨਕ ਤੇ ਭਏ[79] ਨਿਹਾਲ[80] ॥੧੨॥੧॥੨॥੨॥੩॥੭॥	Nanak, the Merciful Master[77] is the Treasure[76] of compassion[75]. They, who contemplate[78] Him, O Nanak, become[79] exceedingly happy[80].	ਨਾਨਕ ਮਿਹਰਬਾਨ ਮਾਲਕ[77] ਰਹਿਮਤ[75] ਦਾ ਖ਼ਜ਼ਾਨਾ[76] ਹੈ। ਜੋ ਉਸ ਦਾ ਸਿਮਰਨ ਕਰਦੇ[78] ਹਨ, ਹੇ ਨਾਨਕ! ਉਹ ਪਰਮ ਪਰਸੰਨ[80] ਹੋ ਜਾਂਦੇ[79] ਹਨ।

ਸਾਰਗ ਛੰਤ ਮਹਲਾ ੫ ॥	Sarang Chhant 5th Guru.	ਸਾਰੰਗ ਛੰਤ ਪੰਜਵੀਂ ਪਾਤਿਸ਼ਾਹੀ ।
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਸਭ ਦੇਖੀਐ ਅਨਭੈ[81] ਕਾ ਦਾਤਾ[82] ॥	See thou amongst all, God, the Giver[82] of fearlessness[81].	ਤੂੰ ਸਾਰਿਆਂ ਅੰਦਰ ਨਿਡਰਤਾ[81] ਬਖਸ਼ਣਹਾਰ[82] ਵਾਹਿਗੁਰੂ ਨੂੰ ਵੇਖ।
ਘਟਿ ਘਟਿ[83] ਪੂਰਨ[84] ਹੈ ਅਲਿਪਾਤਾ[85] ॥	The Detached Lord[85] is filling[84] all hearts[83].	ਨਿਰਲੇਪ ਪ੍ਰਭੂ[85] ਸਾਰਿਆਂ ਦਿਲਾਂ[83] ਨੂੰ ਭਰ ਰਿਹਾ[84] ਹੈ।
ਘਟਿ ਘਟਿ ਪੂਰਨੁ ਕਰਿ[86] ਬਿਸਥੀਰਨੁ[87] ਜਲ[88] ਤਰੰਗ[89] ਜਿਉ[90] ਰਚਨੁ[91] ਕੀਆ[92] ॥	Thou, O Lord, art fully pervading every heart. Thou hast fashioned[86] the world[87] and created[92] the creation[91] from within Thee, like[90] the waves[89] in water[88].	ਤੂੰ ਹਰ ਦਿਲ ਨੂੰ ਪਰੀਪੂਰਨ ਕਰ[86] ਰਿਹਾ ਹੈਂ; ਹੇ ਪ੍ਰਭੂ! ਪਾਣੀ[88] ਵਿਚ ਲਹਿਰਾਂ[89] ਦੀ ਮਾਨੰਦ[90], ਤੂੰ ਆਪਣੇ ਵਿਚੋਂ ਹੀ ਸੰਸਾਰ ਨੂੰ ਸਾਜਿਆ[87] ਅਤੇ ਰਚਨਾ ਨੂੰ ਰਚਿਆ[92] ਹੈ।
ਹਭਿ[93] ਰਸ[94] ਮਾਣੇ[95] ਭੋਗ[96] ਘਟਾਣੇ[97] ਆਨ[98] ਨ ਬੀਆ[99] ਕੋ[100] ਥੀਆ[2] ॥	Thou enjoyest[95] the sweetness[94] and relish[96] of all[93] hearts[97]. Like Thee there is[2] not any[100] other[98] second[99].	ਤੂੰ ਸਾਰਿਆਂ[93] ਦਿਲਾਂ[97] ਦੇ ਮਿਠਾਸ[94] ਅਤੇ ਸੁਆਦ[96] ਦਾ ਅਨੰਦ ਲੈਂਦਾ[95] ਹੈਂ। ਤੇਰੇ ਵਰਗਾ ਹੋਰ[98] ਕੋਈ[100] ਦੂਸਰਾ[99] ਹੈ[2] ਹੀ ਨਹੀਂ।
ਹਰਿ[3] ਰੰਗੀ[4] ਇਕ ਰੰਗੀ ਠਾਕੁਰੁ ਸੰਤ ਸੰਗਿ ਪ੍ਰਭੁ ਜਾਤਾ[5] ॥	The Lord Master of one colour plays in each and every[3] colour[4] and is known[5] through the saints' society.	ਇਕਸੁ ਰੰਗ ਵਾਲਾ ਸੁਆਮੀ ਮਾਲਕ ਹਰ[3] ਇਕ ਰੰਗ[4] ਅੰਦਰ ਖੇਲਦਾ ਹੈ ਅਤੇ ਸਤਿਸੰਗਤ ਰਾਹੀਂ ਜਾਣਿਆ ਜਾਂਦਾ[5] ਹੈ।
ਨਾਨਕ ਦਰਸਿ[6] ਲੀਨਾ[7] ਜਿਉ[8] ਜਲ[9] ਮੀਨਾ[10] ਸਭ ਦੇਖੀਐ ਅਨਭੈ[12] ਕਾ ਦਾਤਾ[13] ॥੧॥	Like[8] the fish[10] in water[9], Nanak is absorbed[7] in the Lord's vision[6] and sees Him, the Blesser[13] of fearlessness[12] amongst all.	ਪਾਣੀ[9] ਵਿਚ ਮੱਛੀ[10] ਦੀ ਨਿਆਈ[8], ਨਾਨਕ ਸੁਆਮੀ ਦੇ ਦਰਸ਼ਨ[6] ਅੰਦਰ ਲੀਨ ਹੋਇਆ[7] ਹੈ ਅਤੇ ਉਸ ਨਿਰਭੈਤਾ[12] ਦੇ ਦੇਣਹਾਰ[13] ਨੂੰ ਸਾਰਿਆਂ ਅੰਦਰ ਵੇਖਦਾ ਹੈ।
ਕਉਨ[14] ਉਪਮਾ[15] ਦੇਉ[16] ਕਵਨ ਵਡਾਈ[17] ਪੂਰਨ[18] ਪੂਰ ਰਹਿਓ[19] ਸ੍ਰਬ[20] ਠਾਈ[21] ॥	What[14] praise[15] and what commendation[17] should I attribute[16] to my Perfect Lord[18]? He is filling[19] all[20] places[21].	ਕਿਹੜੀ[14] ਮਹਿਮਾ[15] ਅਤੇ ਕਿਹੜੀ ਉਸਤਤੀ[17] ਮੈਂ ਆਪਣੇ ਮੁਕੰਮਲ ਮਾਲਕ[18] ਨੂੰ ਨਿਰੂਪਣ[16] ਕਰਾਂ? ਉਹ ਸਾਰੀਆਂ[20] ਥਾਵਾਂ[21] ਨੂੰ ਭਰ ਰਿਹਾ[19] ਹੈ।
ਪੂਰਨ ਮਨਮੋਹਨ[22] ਘਟ ਘਟ[23] ਸੋਹਨ[24] ਜਬ[25] ਖਿੰਚੈ[26] ਤਬ[27] ਛਾਈ[28] ॥	The Soul-charmer[22], Perfect Lord looks beauteous[24] in every heart[23]. When[25] He withdraws[26], then[27] one becomes ashes[28].	ਜਿੰਦੜੀ ਨੂੰ ਫ਼ਰੇਫ਼ਤਾ ਕਰਨਹਾਰ[22], ਮੁਕੰਮਲ ਮਾਲਕ, ਹਰ ਦਿਲ[23] ਅੰਦਰ ਸੁੰਦਰ[24] ਲਗਦਾ ਹੈ। ਜਦ[25] ਉਹ ਵੱਖ ਹੋ ਜਾਂਦਾ[26] ਹੈ ਤਾਂ[27] ਬੰਦਾ ਛਾਰ[28] ਹੋ ਜਾਂਦਾ ਹੈ।
ਕਿਉ ਨ ਅਰਾਧਹੁ[29] ਮਿਲਿ ਕਰਿ ਸਾਧਹੁ[30] ਘਰੀ[31] ਮੁਹਤਕ[32] ਬੇਲਾ[33] ਆਈ ॥	Meeting with the saint[30], why contemplatest[29] not thy Lord, O man? In an instant[31] and a moment[32], thy time[33] of death is to arrive.	ਸੰਤਾਂ[30] ਨਾਲ ਮਿਲ ਕੇ, ਤੂੰ ਕਿਉਂ ਆਪਣੇ ਸੁਆਮੀ ਦਾ ਸਿਮਰਨ[29] ਨਹੀਂ ਕਰਦਾ, ਹੇ ਬੰਦੇ? ਇਕ ਨਿਮਖ[31] ਅਤੇ ਪਲ[32] ਦੇ ਅੰਦਰ ਤੇਰਾ ਮਰਨ ਦਾ ਵਕਤ[33] ਆਉਣ ਵਾਲਾ ਹੈ।

੧੨੩੭	1237	੧੨੩੭
ਅਰਥੁ[34] ਦਰਬੁ[35] ਸਭੁ ਜੋ ਕਿਛੁ[36] ਦੀਸੈ ਸੰਗਿ ਨ ਕਛਹੂ ਜਾਈ ॥	Of all the property[34], wealth[35] and whatever[36] is seen, naught shall go with thee.	ਸਾਰੀ ਜਾਇਦਾਦ[34], ਦੌਲਤ[35] ਅਤੇ ਜਿਹੜਾ ਕੁਝ[36] ਭੀ ਦਿੱਸਦਾ ਹੈ ਇਸ ਵਿਚੋਂ ਕੁਝ ਭੀ ਤੇਰੇ ਨਾਲ ਨਹੀਂ ਜਾਣਾ।
ਕਹੁ ਨਾਨਕ ਹਰਿ ਹਰਿ[37] ਆਰਾਧਹੁ ਕਵਨ ਉਪਮਾ ਦੇਉ ਕਵਨ ਬਡਾਈ ॥ ੨ ॥	Says Nanak, remember thou thy Lord God[37]. What praise and what commendation can I attribute to my God ?	ਗੁਰੂ ਜੀ ਆਖਦੇ ਹਨ ਤੂੰ ਆਪਣੇ ਸਾਂਈਂ ਹਰੀ[37] ਦਾ ਸਿਮਰਨ ਕਰ। ਕਿਹੜੀ ਮਹਿਮਾ ਤੇ ਕਿਹੜੀ ਉਸਤਤੀ ਮੈਂ ਆਪਣੇ ਹਰੀ ਨੂੰ ਨਿਰੂਪਣ ਕਰ ਸਕਦਾ ਹਾਂ।
ਪੂਛਉ ਸੰਤ ਮੇਰੋ ਠਾਕੁਰੁ ਕੈਸਾ[38] ॥	I ask the saints, as to what my Lord is like[38] ?	ਮੈਂ ਸਾਧੂਆਂ ਤੋਂ ਪੁਛਦਾ ਹਾਂ ਕਿ ਮੇਰਾ ਸੁਆਮੀ ਕਿਹੋ ਜਿਹਾ[38] ਹੈ ?
ਹੀਉ[39] ਅਰਾਪਉ[40] ਦੇਹੁ ਸਦੇਸਾ[41] ॥	I surrender[40] my soul[39] to him, who gives me His news[41].	ਮੈਂ ਆਪਣੀ ਜਿੰਦੜੀ[39] ਉਸ ਨੂੰ ਸਮਰਪਣ ਕਰਦਾ[40] ਹਾਂ ਜੋ ਮੈਨੂੰ ਉਸ ਦਾ ਸੁਨੇਹਾ[41] ਦੇਵੇ।
ਦੇਹੁ ਸਦੇਸਾ ਪ੍ਰਭ ਜੀਉ[42] ਕੈਸਾ ਕਹ[43] ਮੋਹਨ[44] ਪਰਵੇਸਾ[45] ॥	Give thou me His news and tell me what kind is my Sire Master[42] and where[43] He, the Bewitcher[44], does reside[45] ?	ਤੂੰ ਮੈਨੂੰ ਉਸ ਦਾ ਸੁਨੇਹਾ ਦੇ ਤੇ ਮੈਨੂੰ ਦਸ ਮੇਰਾ ਮਹਾਰਾਜ ਮਾਲਕ[42] ਕਿਹੋ ਜਿਹਾ ਹੈ ਤੇ ਉਹ ਮਨ ਨੂੰ ਕੀਲਣ ਵਾਲਾ[44] ਕਿੱਥੇ[43] ਨਿਵਾਸ ਰਖਦਾ[45] ਹੈ ?
ਅੰਗ ਅੰਗ[46] ਸੁਖਦਾਈ[47] ਪੂਰਨ[48] ਬ੍ਰਹਮਾਈ[49] ਥਾਨ[50] ਥਾਨੰਤਰ[51] ਦੇਸਾ[52] ॥	In all the bodies[46], places[50], interspaces[51] and countries[52], He, the Peace-giving[47] Perfect[48] Lord[49] is pervading.	ਸਾਰਿਆਂ ਸਰੀਰਾਂ[46], ਥਾਵਾਂ[50], ਉਨ੍ਹਾਂ ਦੀਆਂ ਵਿੱਥਾਂ[51] ਅਤੇ ਮੁਲਕਾਂ[52] ਅੰਦਰ, ਉਹ ਆਰਾਮ-ਬਖ਼ਸ਼ਣਹਾਰ[47], ਪੂਰਾ[48] ਪ੍ਰਭੂ[49] ਵਿਆਪਕ ਹੋ ਰਿਹਾ ਹੈ।
ਬੰਧਨ[53] ਤੇ ਮੁਕਤਾ[54] ਘਟਿ ਘਟਿ[55] ਜੁਗਤਾ[56] ਕਹਿ[57] ਨ ਸਕਉ ਹਰਿ ਜੈਸਾ[58] ॥	He is free[54] from bonds[53] and is united[56] with all hearts[55]. I can say[57] not, who else is like[58] my Lord ?	ਉਹ ਅਲਸੇਟਿਆਂ[53] ਤੋਂ ਅਜ਼ਾਦ[54] ਹੈ ਅਤੇ ਸਾਰਿਆਂ ਦਿਲਾਂ[55] ਨਾਲ ਜੁੜਿਆ ਹੋਇਆ[56] ਹੈ। ਮੈਂ ਨਹੀਂ ਆਖ ਸਕਦਾ[57], ਹੋਰ ਕਿਹੜਾ ਮੇਰੇ ਸੁਆਮੀ ਵਰਗਾ[58] ਹੈ ?
ਦੇਖਿ ਚਰਿਤ[59] ਨਾਨਕ ਮਨੁ[60] ਮੋਹਿਓ[61] ਪੂਛੈ ਦੀਨੁ[62] ਮੇਰੋ ਠਾਕੁਰੁ ਕੈਸਾ ॥ ੩ ॥	Seeing His wondrous plays[59], Nanak's soul[60] is fascinated[61]. I, the meek one[62], ask as to of what kind is my Lord ?	ਉਸ ਦੀਆਂ ਅਸਚਰਜ ਖੇਡਾਂ[59] ਵੇਖ, ਨਾਨਕ ਦੀ ਜਿੰਦੜੀ[60] ਮੋਹਿਤ ਹੋ ਗਈ[61] ਹੈ। ਮੈਂ ਮਸਕੀਨ[62], ਪੁਛਦਾ ਹਾਂ ਕਿ ਮੇਰਾ ਸੁਆਮੀ ਕਿਹੋ ਜਿਹਾ ਹੈ ?
ਕਰਿ[63] ਕਿਰਪਾ[64] ਅਪੁਨੇ ਪਹਿ[65] ਆਇਆ ॥	Showing[63] His mercy[64], the Lord has come to[65] His slave.	ਆਪਣੀ ਹਿਕਮਤ[64] ਧਾਰ ਕੇ[63], ਸੁਆਮੀ ਆਪਣੇ ਗੋਲੇ ਕੋਲ[65] ਆਇਆ ਹੈ।
ਧੰਨਿ[66] ਸੁ[67] ਰਿਦਾ[68] ਜਿਹ ਚਰਨ[69] ਬਸਾਇਆ[70] ॥	Blessed[66] is the[67] mind[68], wherein are enshrined[70] the Lord's feet[69].	ਮੁਬਾਰਕ[66] ਹੈ ਉਹ[67] ਹਿਰਦਾ[68], ਜਿਸ ਅੰਦਰ ਪ੍ਰਭੂ ਦੇ ਪੈਰ[69] ਬਿਰਾਜਮਾਨ[70] ਹਨ।
ਚਰਨ ਬਸਾਇਆ ਸੰਤ ਸੰਗਾਇਆ[71] ਅਗਿਆਨ[72]	Through the saints' society[71], the Lord's feet are enshrined in man's	ਸਤਿਸੰਗਤ[71] ਰਾਹੀਂ, ਪ੍ਰਭੂ ਦੇ ਪੈਰ ਇਨਸਾਨ ਦੇ ਦਿਲ ਅੰਦਰ ਟਿਕ ਜਾਂਦੇ ਹਨ ਅਤੇ ਉਸ ਦੀ ਆਤਮਕ

ਅੰਧੇਰੁ[73] ਗਵਾਇਆ[74] ॥	heart and the darkness[73] of his spiritual ignorance[72] is dispelled[74].	ਬੇਸਮਝੀ ਦਾ ਅਨ੍ਹੇਰਾ[73] ਦੂਰ ਹੋ ਜਾਂਦਾ[74] ਹੈ।
ਭਇਆ ਪ੍ਰਗਾਸੁ[75] ਰਿਦੈ[76] ਉਲਾਸੁ[77] ਪ੍ਰਭੁ ਲੋੜੀਦਾ[78] ਪਾਇਆ ॥	His mind[76] is illumined[75] and enraptured[77], and he attains unto his Desirable[78] Lord.	ਉਸ ਦਾ ਮਨ[76] ਪ੍ਰਕਾਸ਼[75] ਅਤੇ ਪ੍ਰਸੰਨ ਹੋ ਜਾਂਦਾ[77] ਹੈ ਅਤੇ ਲੋੜੀਂਦੜੇ[78] ਪ੍ਰਭੂ ਨੂੰ ਪਰਾਪਤ ਹੋ ਜਾਂਦਾ ਹੈ।
ਦੂਖੁ[79] ਨਾਠਾ[80] ਸੁਖੁ[87] ਘਰ[81] ਮਹਿ[82] ਵੂਠਾ[83] ਮਹਾ[84] ਅਨੰਦ[85] ਸਹਜਾਇਆ[86] ॥	His pain[79] hastens away[80], peace[87] abides[83] in[82] his home[81] and he is blessed with supreme[84] bliss[85] and poise[86].	ਉਸ ਦੀ ਪੀੜ[79] ਦੌੜ ਜਾਂਦੀ[80] ਹੈ, ਆਰਾਮ[87] ਉਸ ਦੇ ਧਾਮ[81] ਵਿਚ[82] ਵਸ ਜਾਂਦਾ[83] ਹੈ ਅਤੇ ਉਸ ਨੂੰ ਪਰਮ[84] ਪਰਸੰਨਤਾ[85] ਅਤੇ ਅਡੋਲਤਾ[86] ਦੀ ਦਾਤ ਮਿਲ ਜਾਂਦੀ ਹੈ।
ਕਹੁ ਨਾਨਕ ਮੈ ਪੂਰਾ[88] ਪਾਇਆ ਕਰਿ ਕਿਰਪਾ ਅਨੁਪੇ ਪਹਿ ਆਇਆ ॥ ੪॥੧॥	Says Nanak, I have attained unto my Perfect Master[88], who, in his mercy, has come to his slave.	ਗੁਰੂ ਜੀ ਫੁਰਮਾਉਂਦੇ ਹਨ, ਮੈਂ ਆਪਣੇ ਮੁਕੰਮਲ ਮਾਲਕ[88] ਨੂੰ ਪਾ ਲਿਆ ਹੈ, ਜੋ ਆਪਣੀ ਮਿਹਰ ਸਦਕਾ, ਆਪਣੇ ਗੋਲੇ ਕੋਲ ਆ ਗਿਆ ਹੈ।
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਸਾਰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ ॥	Slok 2nd Guru Var of Sarang 4th Guru To be sung to the tune of Mahma-Hasna.	ਸਾਰੰਗ ਕੀ ਵਾਰ ਚੌਥੀ ਪਾਤਿਸ਼ਾਹੀ ਮਹਿਮੇ-ਹਸਨੇ ਦੀ ਸੁਰ ਉਤੇ ਗਾਉਣੀ।
ਸਲੋਕ ਮਹਲਾ ੨		ਸਲੋਕ ਦੂਜੀ ਪਾਤਿਸ਼ਾਹੀ
ਗੁਰੁ ਕੁੰਜੀ[89] ਪਾਹੂ[90] ਨਿਵਲੁ[91] ਮਨੁ[92] ਕੋਠਾ[93] ਤਨੁ[94] ਛਤਿ[95] ॥	The [94]body-roofed[95] mind's[92] house[93] is locked with the lock[91] of mammonish attachment[90] and its key[89] is with the Guru.	ਦੇਹਿ[94] ਦੀ ਛਤ[95] ਵਾਲੇ ਮਨੂਏ[92] ਦੇ ਮਕਾਨ[93] ਨੂੰ ਮਾਇਆ ਦੀ ਲਗਨ[90] ਦਾ ਜੰਦਰਾ[91] ਲੱਗਾ ਹੋਇਆ ਹੈ ਅਤੇ ਇਸ ਦੀ ਚਾਬੀ[89] ਗੁਰਾਂ ਦੇ ਕੋਲ ਹੈ।
ਨਾਨਕ ਗੁਰ ਬਿਨੁ ਮਨ ਕਾ ਤਾਕੁ[96] ਨ ਉਘੜੈ[97] ਅਵਰ ਨ[98] ਕੁੰਜੀ ਹਥਿ॥੧॥	Nanak, without the Guru, the mind's door[96] is opened[97] not, since the key is in no one else's[98] hand.	ਨਾਨਕ, ਗੁਰਾਂ ਦੇ ਬਗ਼ੈਰ, ਮਨੂਏ ਦਾ ਬੂਹਾ[96] ਖੁਲ੍ਹਦਾ[97] ਨਹੀਂ, ਕਿਉਂ ਜੋ ਕਿਸੇ[98] ਦੇ ਹੱਥ ਵਿਚ ਚਾਬੀ ਨਹੀਂ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਨ ਭੀਜੈ[99] ਰਾਗੀ[100] ਨਾਦੀ[2] ਬੇਦਿ ॥	The Lord is pleased[99] not by making music[100], tuning[2] musical instrument and reading the Vedas.	ਪ੍ਰਭੂ ਰਾਗ[100] ਆਲਾਪਣ, ਸੰਗੀਤਕ ਸਾਜ਼ ਸੁਰ ਕਰਨ[2] ਅਤੇ ਵੇਦਾਂ ਨੂੰ ਵਾਚਣ ਦੁਆਰਾ ਪ੍ਰਸੰਨ ਨਹੀਂ ਹੁੰਦਾ[99]।
ਨ ਭੀਜੈ ਸੁਰਤੀ[3] ਗਿਆਨੀ[4] ਜੋਗਿ[5] ॥	Through wisdom[3], knowledge[4] and Yoga[5], He is pleased not.	ਸਿਆਣਪ[3], ਗਿਆਤਾ[4] ਅਤੇ ਯੋਗ[5] ਰਾਹੀਂ, ਉਹ ਪ੍ਰਸੰਨ ਨਹੀਂ ਹੁੰਦਾ।
ਨ ਭੀਜੈ ਸੋਗੀ[6] ਕੀਤੈ[7] ਰੋਜਿ[8] ॥	The Lord is pleased not by ever[8] feeling[7] sorrow[6].	ਪ੍ਰਭੂ ਸਦਾ[8] ਅਫ਼ਸੋਸ[6] ਕਰਨ[7] ਦੁਆਰਾ ਪ੍ਰਸੰਨ ਨਹੀਂ ਹੁੰਦਾ।

ਨ ਭੀਜੈ ਰੂਪੀ[9] ਮਾਲੀ[10] ਰੰਗਿ[12] ॥	He is pleased not with beauty[9], wealth[10] and revelments[12].	ਉਹ ਸੁੰਦਰਤਾ[9], ਦੌਲਤ[10] ਅਤੇ ਰੰਗ-ਰਲੀਆਂ[12] ਨਾਲ ਪ੍ਰਸੰਨ ਨਹੀਂ ਹੁੰਦਾ ।
ਨ ਭੀਜੈ ਤੀਰਥਿ[12] ਭਵਿਐ[14] ਨੰਗਿ[15] ॥	He is pleased not by wandering[14] naked[15] at the places of pilgrimage[13].	ਉਹ ਯਾਤ੍ਰਾ-ਅਸਥਾਨਾਂ[13] ਤੇ ਨੰਗਿਆਂ[15] ਰਟਨ ਕਰਨ[14] ਦੁਆਰਾ ਪ੍ਰਸੰਨ ਨਹੀਂ ਹੁੰਦਾ ।
ਨ ਭੀਜੈ[22] ਦਾਤੀ[16] ਕੀਤੈ[17] ਪੁੰਨਿ[18] ॥	By giving[17] gifts[16] and alms[18], the Lord is softened[22] not.	ਬਖਸ਼ੀਸ਼ਾਂ[16] ਅਤੇ ਖ਼ੈਰਾਤਾਂ[18] ਦੇਣ[17] ਨਾਲ, ਪ੍ਰਭੂ ਦ੍ਰਵਦਾ[22] ਨਹੀਂ ।
ਨ ਭੀਜੈ ਬਾਹਰਿ[19] ਬੈਠਿਆਂ[20] ਸੁੰਨਿ[21] ॥	Sitting[20] outside[19] alone in wilderness[21], He is softened not.	ਸੁੰਨਮਸਾਨ[21] ਅੰਦਰ ਬਾਹਰਵਾਰ[19] ਇਕੱਲਿਆਂ ਬਹਿਣ[20] ਨਾਲ, ਉਹ ਦ੍ਰਵਦਾ ਨਹੀਂ ।
ਨ ਭੀਜੈ[23] ਭੇੜਿ[24] ਮਰਹਿ[25] ਭਿੜਿ[26] ਸੂਰ[27] ॥	Fighting[24] to death[25] as a warrior[27] in a battle[26], the Lord is melted[23] not.	ਲੜਾਈ[26] ਵਿਚ ਯੋਧੇ[27] ਦੀ ਤਰ੍ਹਾਂ ਲੜ ਕੇ[24] ਮਰ ਜਾਣ[25] ਦੁਆਰਾ, ਮਾਲਕ ਪਸੀਜਦਾ[23] ਨਹੀਂ ।
ਨ ਭੀਜੈ ਕੇਤੇ[28] ਹੋਵਹਿ[29] ਧੂੜ[30] ॥	Becoming[29] the dust[30] of the feet of many[28], He is melted not.	ਬਹੁਤਿਆਂ[28] ਦੇ ਪੈਰਾਂ ਦੀ ਖ਼ਾਕ[30] ਹੋ ਜਾਣ[29] ਦੁਆਰਾ, ਉਹ ਪਿਘਲਦਾ ਨਹੀਂ ।
ਲੇਖਾ[31] ਲਿਖੀਐ ਮਨ[32] ਕੈ ਭਾਇ[33] ॥ ਨਾਨਕ ਭੀਜੈ[34] ਸਾਚੈ ਨਾਇ[35] ॥ ੨ ॥	The account[31] of hearty[32] love[33] alone is writ there. O Nanak, if one utters the True Name[35], the Lord is supremely pleased[34].	ਉਥੇ ਕੇਵਲ ਦਿਲੀ[32] ਪ੍ਰੀਤ[33] ਦਾ ਹਿਸਾਬ ਕਿਤਾਬ[31] ਹੀ ਲਿਖਿਆ ਜਾਂਦਾ ਹੈ । ਹੇ ਨਾਨਕ ! ਜੇਕਰ ਜੀਵ ਸੱਚੇ ਨਾਮ[35] ਦਾ ਉਚਾਰਨ ਕਰੇ, ਤਾਂ ਪ੍ਰਭੂ ਪਰਮ ਪਰਸੰਨ ਹੁੰਦਾ[34] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਨਵ[36] ਛਿਅ[37] ਖਟ[38] ਕਾ ਕਰੇ ਬੀਚਾਰ[39] ॥ ਨਿਸਿ[40] ਦਿਨ ਉਚਰੈ[41] ਭਾਰ[42] ਅਠਾਰ ॥	People reflect[39] on nine[36] grammers, six[37] Shastras and the six[38] chapters of the Vedas, and night[40] and day utter[41] the Mahabharta of eighteen divisions[42].	ਲੋਕ ਨੌ[36] ਵਿਆਕਰਣਾਂ, ਛੇ[37] ਸ਼ਾਸਤਰਾਂ ਤੇ ਵੇਦਾਂ ਦੇ ਛੇ[38] ਕਾਂਡਾਂ ਨੂੰ ਸੋਚਦੇ ਸਮਝਦੇ[39] ਹਨ ਅਤੇ ਰੈਣ[40] ਤੇ ਦਿਨ ਅਠਾਰਾਂ ਖੰਡਾਂ[42] ਵਾਲੇ ਮਹਾਂਭਾਰਤ ਦਾ ਉਚਾਰਨ[41] ਕਰਦੇ ਹਨ ।
ਤਿਨਿ[43] ਭੀ ਅੰਤੁ[44] ਨ ਪਾਇਆ ਤੋਹਿ[45] ॥	Even they[43] can find not Thy[45] limit[44], O Lord.	ਉਹ ਭੀ[43] ਤੇਰੇ[45] ਓੜਕ[44] ਨੂੰ ਨਹੀਂ ਪਾ ਸਕਦੇ, ਹੇ ਪ੍ਰਭੂ !
ਨਾਮ ਬਿਹੂਣ[46] ਮੁਕਤਿ[47] ਕਿਉ[48] ਹੋਇ ॥	Bereft[46] of the Name, how[48] can one be emancipated[47] ?	ਨਾਮ ਤੋਂ ਸੱਖਣਾ[46] ਜੀਵ, ਕਿਸ ਤਰ੍ਹਾਂ[48] ਮੋਖਸ਼ ਹੋ ਸਕਦਾ[47] ਹੈ ?
ਨਾਭਿ[49] ਵਸਤ[50] ਬ੍ਰਹਮੈ ਅੰਤੁ ਨ ਜਾਣਿਆ ॥	Abiding[50] in the Navel[49], Brahma knows not the Lord's end	ਧੁੰਨੀ[49] ਅੰਦਰ ਵਸਦਾ ਹੋਇਆ[50], ਬ੍ਰਹਮਾ ਪ੍ਰਭੂ ਦੇ ਓੜਕ ਨੂੰ ਨਹੀਂ ਜਾਣਦਾ ।
ਗੁਰਮੁਖਿ[51] ਨਾਨਕ ਨਾਮੁ ਪਛਾਣਿਆ[52] ॥੩॥	By the Guru's grace[51], Nanak, realises[52] the Lord's name.	ਗੁਰਾਂ ਦੀ ਦਇਆ[51] ਦੁਆਰਾ, ਨਾਨਕ ਸੁਆਮੀ ਦੇ ਨਾਮ ਨੂੰ ਅਨੁਭਵ ਕਰਦਾ[52] ਹੈ ।
ਪਉੜੀ ॥	Pauri	ਪਉੜੀ ।
ਆਪੇ ਆਪਿ[53] ਨਿਰੰਜਨਾ[54] ਜਿਨਿ ਆਪੁ[55] ਉਪਾਇਆ[56] ॥	The Immaculate Lord[54], who created[56] His ownself[55], is all by Himself[53].	ਪਵਿਤ੍ਰ ਪ੍ਰਭੂ[54], ਜਿਸ ਨੇ ਆਪਣੇ ਆਪ[55] ਨੂੰ ਰਚਿਆ[56] ਹੈ, ਸਾਰਾ ਕੁਛ ਖੁਦ[53] ਹੀ ਹੈ ।

ਆਪੇ ਖੇਲੁ[57] ਰਚਾਇਓਨੁ[58] ਸਭੁ[59] ਜਗਤੁ[60] ਸਬਾਇਆ[61] ॥	He Himself has created[58] the whole[59] play[57] of the entire[61] world[60].	ਉਸ ਨੇ ਆਪ ਹੀ ਸਾਰੇ[61] ਸੰਸਾਰ[60] ਦੀ ਸਮੂਹ[59] ਖੇਡ[57] ਸਾਜੀ[58] ਹੈ ।
ਤ੍ਰੈ[62] ਗੁਣ[63] ਆਪਿ ਸਿਰਜਿਅਨੁ[64] ਮਾਇਆ[65] ਮੋਹ[66] ਵਧਾਇਆ[67] ॥	He Himself has created[64] the three[62] qualities[63] and increased[67] the love[66] of worldly valuables[65].	ਉਸ ਨੇ ਖੁਦ ਹੀ ਤਿੰਨਾ[62] ਲਛਣਾਂ[63] ਨੂੰ ਰਚਿਆ[64] ਹੈ ਅਤੇ ਸੰਸਾਰੀ ਪਦਾਰਥਾਂ[65] ਦੇ ਪਿਆਰ[66] ਨੂੰ ਵਧੇਰਾ ਕੀਤਾ[67] ਹੈ ।
ਗੁਰ ਪਰਸਾਦੀ[68] ਉਬਰੇ[69] ਜਿਨ ਭਾਣਾ[70] ਭਾਇਆ[71] ॥	They alone are delivered[69] by the Guru's grace[68], who love[71] the Lord's will[70].	ਗੁਰਾਂ ਦੀ ਦਇਆ[68] ਦੁਆਰਾ, ਕੇਵਲ ਉਹ ਹੀ ਪਾਰ ਉਤਰਦੇ[69] ਹਨ, ਜਿਨ੍ਹਾਂ ਨੂੰ ਪ੍ਰਭੂ ਦੀ ਰਜ਼ਾ[70] ਪਿਆਰੀ[71] ਲਗਦੀ ਹੈ ।
ਨਾਨਕ ਸਚੁ[72] ਵਰਤਦਾ[73] ਸਭ ਸਚਿ ਸਮਾਇਆ[74] ॥ ੧ ॥	Nanak, the True Lord[72] is pervading[73] amongst all and all are contained[74] in the True Lord.	ਨਾਨਕ ਸੱਚਾ ਪ੍ਰਭੂ[72] ਸਾਰਿਆਂ ਅੰਦਰ ਵਿਆਪਕ ਹੋ ਰਿਹਾ[73] ਹੈ ਅਤੇ ਸਾਰੇ ਹੀ ਸੱਚੇ ਸੁਆਮੀ ਵਿਚ ਰਮੇ ਹੋਏ[74] ਹਨ ।
ਸਲੋਕ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ ।
ਆਪਿ ਉਪਾਏ[75] ਨਾਨਕਾ ਆਪੇ ਰਖੈ ਵੇਕ[76] ॥	God Himself creates[75] and Himself keeps the creatures in different[76] places.	ਵਾਹਿਗੁਰੂ ਖ਼ੁਦ ਰਚਦਾ[75] ਹੈ ਅਤੇ ਖ਼ੁਦ ਹੀ ਜੀਵਾਂ ਨੂੰ ਵੱਖਰੀਆਂ ਵੱਖਰੀਆਂ[76] ਥਾਵਾਂ ਤੇ ਰਖਦਾ ਹੈ ।
ਮੰਦਾ[77] ਕਿਸਨੋ ਆਖੀਐ ਜਾਂ[78] ਸਭਨਾ ਸਾਹਿਬੁ[79] ਏਕੁ[80] ॥	Whom should we call bad[77], when[78] all have One and the same[80] Lord[79] ?	ਅਸੀਂ ਕਿਸ ਨੂੰ ਮਾੜਾ[77] ਕਹੀਏ, ਜਦ[78] ਸਾਰਿਆਂ ਦਾ ਸੁਆਮੀ[79] ਕੇਵਲ ਉਹੀ ਇਕ[80] ਹੈ ।
੧੨੩੮	**1238**	**੧੨੩੮**
ਸਭਨਾ ਸਾਹਿਬੁ[81] ਏਕੁ ਹੈ ਵੇਖੈ ਧੰਧੈ[82] ਲਾਇ[83] ॥	The Lord[81] of all is One and the same. He yokes[83] each to his task[82] and watches over him.	ਸਾਰਿਆਂ ਦਾ ਸੁਆਮੀ[81] ਇਕ ਉਹ ਹੀ ਹੈ । ਉਹ ਹਰ ਇਕ ਨੂੰ ਉਸ ਦੇ ਕੰਮ[82] ਲਾਉਂਦਾ[83] ਅਤੇ ਉਸ ਨੂੰ ਦੇਖਦਾ ਹੈ ।
ਕਿਸੈ ਥੋੜਾ[84] ਕਿਸੈ ਅਗਲਾ[85] ਖਾਲੀ[86] ਕੋਈ ਨਾਹਿ ॥	Some the Lord blesses with more[85] and some with less[84], but no one departs unrewarded[86].	ਕਈਆਂ ਨੂੰ ਸੁਆਮੀ ਬਹੁਤਾ[85] ਬਖ਼ਸ਼ਦਾ ਹੈ ਤੇ ਕਈਆਂ ਨੂੰ ਘਟ[84], ਪ੍ਰੰਤੂ ਕੋਈ ਭੀ ਸੱਖਣੀ ਹੱਥੀਂ[86] ਨਹੀਂ ਮੁੜਦਾ ।
ਆਵਹਿ ਨੰਗੇ[87] ਜਾਹਿ ਨੰਗੇ ਵਿਚੇ[88] ਕਰਹਿ[90] ਵਿਥਾਰ[89] ॥	The mortals come naked[87], they depart naked and in-between[88] they make[90] ostentations[89].	ਪ੍ਰਾਣੀ ਨਾਂਗੜੇ[87] ਆਉਂਦੇ ਹਨ, ਉਹ ਨਾਂਗੇ ਹੀ ਜਾਂਦੇ ਹਨ ਅਤੇ ਵਿਚ ਵਿਚਾਲੇ[88] ਉਹ ਅਡੰਬਰ[89] ਰਚਦੇ[90] ਹਨ ।
ਨਾਨਕ ਹੁਕਮੁ[91] ਨ ਜਾਣੀਐ[92] ਅਗੈ ਕਾਈ ਕਾਰ ॥੧॥	Nanak, man knows[95] not the Lord's will[91] nor what[93], work[94], the Lord shall make him do hereafter[92].	ਨਾਨਕ, ਜੀਵ ਪ੍ਰਭੂ ਦੀ ਰਜ਼ਾ[91], ਨਾ ਹੀ ਕੀ[93] ਕੰਮ[94] ਪ੍ਰਭੂ ਨੇ ਉਸ ਪਾਸੋਂ ਏਦੂੰ ਮਗਰੋਂ[92] ਕਰਵਾਉਣਾ ਹੈ, ਨੂੰ ਨਹੀਂ ਜਾਣਦਾ[95] ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਜਿਨਸਿ[96] ਥਾਪਿ[97] ਜੀਆਂ[98]	Creating[97] the miscellaneous[96]	ਨਾਨ੍ਹਾਂ ਪਰਕਾਰ[96] ਦੇ ਜੀਵਾਂ[98] ਨੂੰ ਰਚ ਕੇ[97], ਪ੍ਰਭੂ ਉਨ੍ਹਾਂ

ਕਉ ਭੇਜੈ[99] ਜਿਨਸਿ ਥਾਪਿ ਲੈ ਜਾਵੈ[100] ॥	beings[98], the Lord sends[99] them and the so miscellaneously[100] created beings, He ultimately takes away	ਨੂੰ ਘਲਦਾ[99] ਹੈ ਅਤੇ ਇਸ ਤਰ੍ਹਾਂ ਦੇ ਨਾਨ੍ਹਾਂ ਪਰਕਾਰ ਦੇ ਰਚੇ ਹੋਏ ਜੀਵਾਂ ਨੂੰ, ਓੜਕ ਨੂੰ ਉਹ ਲੈ ਜਾਂਦਾ[100] ਹੈ।
ਆਪੇ ਥਾਪਿ[2] ਉਥਾਪੈ[3] ਆਪੇ ਏਤੇ[4] ਵੇਸ[5] ਕਰਾਵੈ[6] ॥	He Himself establishes[2] and Himself disestablishes[3] and makes men assume[6] various[4] forms[5].	ਉਹ ਆਪ ਟਿਕਾਉਂਦਾ[2] ਹੈ ਅਤੇ ਆਪ ਉਖੇੜਦਾ[3] ਹੈ ਤੇ ਬੰਦਿਆਂ ਪਾਸੋਂ ਅਨੇਕਾਂ[4] ਸਰੂਪ[5] ਧਾਰਨ ਕਰਵਾਉਂਦਾ[6] ਹੈ।
ਜੇਤੇ[7] ਜੀਅ[8] ਫਿਰਹਿ[9] ਅਉਧੂਤੀ[10] ਆਪੇ[12] ਭਿਖਿਆ[13] ਪਾਵੈ[14] ॥	As many[7] beings[8] as walk about[9] as beggars[10], to so many, He Himself[12] blesses with[14] His alms[13].	ਜਿੰਨੇ[7] ਭੀ ਜੀਵ[8] ਮੰਗਤਿਆਂ[10] ਦੀ ਤਰ੍ਹਾਂ ਤੁਰੇ ਫਿਰਦੇ[9] ਹਨ, ਉਨਿਆਂ ਨੂੰ ਹੀ ਉਹ ਖ਼ੁਦ[12] ਖ਼ੈਰ[13] ਪਾਉਂਦਾ[14] ਹੈ।
ਲੇਖੈ[15] ਬੋਲਣੁ[16] ਲੇਖੈ ਚਲਣੁ[17] ਕਾਇਤੁ[18] ਕੀਚਹਿ[19] ਦਾਵੇ[20] ॥	In account[15] man utters[16] and in account he walks[17]. Then what for[18] does he make[19] excessive pretensions[20] ?	ਹਿਸਾਬ[15] ਵਿਚ ਆਦਮੀ ਬੋਲਦਾ[16] ਹੈ ਅਤੇ ਹਿਸਾਬ ਵਿਚ ਹੀ ਉਹ ਤੁਰਦਾ[17] ਹੈ। ਤਦ ਉਹ ਕਾਹਦੇ ਲਈ[18] ਲੰਮੇ ਚੌੜੇ ਹੱਕ[20] ਜਮਾਉਂਦਾ[19] ਹੈ ?
ਮੂਲੁ[21] ਮਤਿ[22] ਪਰਵਾਣਾ[23] ਏਹੋ ਨਾਨਕੁ ਆਖਿ[24] ਸੁਣਾਏ[25] ॥	This alone is the real[21] wisdom[22], which the Lord approves[23] and this is what Nanak proclaims[24] and preaches[25].	ਕੇਵਲ ਇਹ ਹੀ ਅਸਲ[21] ਦਾਨਾਈ[22] ਹੈ, ਜਿਸ ਨੂੰ ਸਾਈਂ ਕਬੂਲ ਕਰਦਾ[23] ਹੈ ਅਤੇ ਇਸ ਨੂੰ ਹੀ ਨਾਨਕ ਪੁਕਾਰਦਾ[24] ਅਤੇ ਪ੍ਰਚਾਰਦਾ[25] ਹੈ।
ਕਰਣੀ[26] ਉਪਰਿ ਹੋਇ ਤਪਾਵਸੁ[27] ਜੇ[28] ਕੋ[29] ਕਹੈ ਕਹਾਏ[30] ॥ ੨ ॥	Only on one's deeds[26], justice[27] is administered. If[28] some body[29] says and utters[30] aught else ; that is all a prattle.	ਕੇਵਲ ਜੀਵ ਦੇ ਅਮਲਾਂ[26] ਤੇ ਹੀ, ਨਿਆਉ[27] ਹੋਣਾ ਹੈ। ਜੇਕਰ[28] ਕੋਈ ਜਣਾ[29] ਕੁਛ ਹੋਰ ਉਚਾਰਦਾ ਅਤੇ ਆਖਦਾ[30] ਹੈ; ਉਹ ਨਿਰਾ ਪੁਰਾ ਬਕਵਾਸ ਹੀ ਹੈ।
ਪਉੜੀ ॥	Pauri	ਪਉੜੀ।
ਗੁਰਮੁਖਿ[31] ਚਲਤੁ[32] ਰਚਾਇਓਨੁ[33] ਗੁਣ[34] ਪਰਗਟੀ[35] ਆਇਆ ॥	The great God[31] has created[23] the world play[32] and through virtues[34], He becomes manifest[35].	ਵਿਸ਼ਾਲ ਵਾਹਿਗੁਰੂ[31] ਨੇ ਸੰਸਾਰ ਖੇਡ[32] ਰਚੀ[33] ਹੈ ਅਤੇ ਨੇਕੀਆਂ[34] ਰਾਹੀਂ, ਉਹ ਪ੍ਰਤੱਖਸ਼[35] ਹੋ ਜਾਂਦਾ ਹੈ।
ਗੁਰਬਾਣੀ[36] ਸਦ[37] ਉਚਰੈ[38] ਹਰਿ ਮੰਨਿ[39] ਵਸਾਇਆ[40] ॥	Whosoever ever[37] utters[38] Guru's word[36]; he enshrines[40] the Lord in his mind[39].	ਜਿਹੜਾ ਕੋਈ ਹਮੇਸ਼ਾ ਗੁਰਾਂ[37] ਦੀ ਬਾਣੀ[36] ਨੂੰ ਉਚਾਰਦਾ[38] ਹੈ; ਉਹ ਆਪਣੇ ਹਿਰਦੇ[39] ਅੰਦਰ ਪ੍ਰਭੂ ਨੂੰ ਟਿਕਾ ਲੈਂਦਾ[40] ਹੈ।
ਸਕਤਿ[41] ਗਈ[42] ਭ੍ਰਮੁ[43] ਕਟਿਆ[44] ਸਿਵ[45] ਜੋਤਿ[46] ਜਗਾਇਆ[47] ॥	He is rid of[42] mammon[41], his doubt[43] is dispelled[44] and the Lord's[45] Light[46] shines[47] within him.	ਉਹ ਮਾਇਆ[41] ਤੋਂ ਖ਼ਲਾਸੀ ਪਾ ਜਾਂਦਾ[42] ਹੈ, ਉਸ ਦਾ ਸੰਦੇਹ[43] ਦੂਰ ਹੋ ਜਾਂਦਾ[44] ਹੈ ਅਤੇ ਪ੍ਰਭੂ[45] ਦਾ ਪ੍ਰਕਾਸ਼[46] ਉਸ ਦੇ ਅੰਦਰ ਚਮਕਦਾ[47] ਹੈ।
ਜਿਨ ਕੈ ਪੋਤੈ[48] ਪੁੰਨੁ[49] ਹੈ ਗੁਰੁ ਪੁਰਖੁ[50] ਮਿਲਾਇਆ ॥	They, in whose treasure[48] virtue[49] is, meet with the Omnipotent[50] Guru.	ਜਿਨ੍ਹਾਂ ਦੇ ਖ਼ਜ਼ਾਨੇ[48] ਵਿਚ ਨੇਕੀ[49] ਹੈ, ਉਹ ਸਰਬ ਸ਼ਕਤੀਵਾਨ[50] ਗੁਰਾਂ ਨੂੰ ਮਿਲ ਪੈਂਦੇ ਹਨ।
ਨਾਨਕ ਸਹਜੇ[51] ਮਿਲਿ[52]	Nanak, they merge[53] in the Lord's	ਨਾਨਕ, ਉਹ ਸੁਆਮੀ ਦੇ ਨਾਮ ਅੰਦਰ ਲੀਨ ਹੋ ਜਾਂਦੇ[53]

ਰਹੇ ਹਰਿ ਨਾਮਿ ਸਮਾਇਆ[53] ॥੨॥	Name and easily[51] remain blended[52] with it.	ਹਨ ਅਤੇ ਸੁਖੈਨ ਹੀ[51] ਇਸ ਨਾਲ ਅਭੇਦ ਰਹਿੰਦੇ[52] ਹਨ ।
ਸਲੋਕ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ ।
ਸਾਹ[54] ਚਲੇ[55] ਵਣਜਾਰਿਅ [56]ਲਿਖਿਆ[56*] ਦੇਵੈ[57] ਨਾਲਿ[58] ॥	The traders[56] come[55] from God, the Merchant[54]. He sends[87] their destiny[56*] with[58] them.	ਵਾਪਾਰੀ[56] ਵਾਹਿਗੁਰੂ, ਸੁਦਾਗਰ[54] ਪਾਸੋਂ ਆਉਂਦੇ[55] ਹਨ । ਉਨ੍ਹਾਂ ਦੀ ਪ੍ਰਾਲਬਧ[56*], ਉਹ ਉਨ੍ਹਾਂ ਦੇ ਸਾਥ[58] ਭੇਜਦਾ[57] ਹੈ ।
ਲਿਖੇ[59] ਉਪਰਿ[60] ਹੁਕਮੁ[61] ਹੋਇ[62] ਲਈਐ ਵਸਤੁ[64] ਸਮ੍ਾਲਿ[63] ॥	On[60] the basis of the writ[59], the order[61] is issued[62] and each one takes care of the goods[64], he is endowed with[63].	ਲਿਖਤਾਕਾਰ[59] ਦੀ ਬਿਨਾ ਉਤੇ[60] ਫ਼ੁਰਮਾਨ[61] ਜਾਰੀ ਹੁੰਦਾ[62] ਹੈ ਅਤੇ ਹਰ ਕੋਈ ਉਸ ਨੂੰ ਮਿਲੇ ਹੋਏ ਵਸਤ-ਵਲੇਵੇ[64] ਨੂੰ ਸੰਭਾਲ ਲੈਂਦਾ[63] ਹੈ ।
ਵਸਤੁ[65] ਲਈ[66] ਵਣਜਾਰਈ[67] ਵਖਰੁ[68] ਬਧਾ ਪਾਇ[69] ॥	The traders[67] have purchased[66] their merchandise[65] and have packed[69] up their cargo[68].	ਵਾਪਾਰੀਆਂ[67] ਨੇ ਆਪਣਾ ਸੌਦਾ ਸੂਤ[65] ਖ਼ਰੀਦ ਲਿਆ[66] ਹੈ ਅਤੇ ਆਪਣੀ ਖੇਪ[68] ਨੂੰ ਬੰਨ੍ਹ ਲਿਆ[69] ਹੈ ।
ਕੇਈ[70] ਲਾਹਾ[71] ਲੈ[72] ਚਲੇ[73] ਇਕਿ ਚਲੇ ਮੂਲੁ[74] ਗਵਾਇ[75] ॥	Some[70] depart[73] after earning[72] profit[71] and some go losing[75] even their capital[74].	ਕਈ[70] ਨਫ਼ਾ[71] ਕਮਾ ਕੇ[72] ਟੁਰਦੇ[73] ਹਨ ਅਤੇ ਕਈ ਆਪਣੀ ਅਸਲ ਰਕਮ[74] ਭੀ ਗੁਆ ਜਾਂਦੇ[75] ਹਨ ।
ਥੋੜਾ[76] ਕਿਨੈ ਨ ਮੰਗਿਓ ਕਿਸੁ[77] ਕਹੀਐ ਸਾਬਾਸਿ[78]॥	No one asks for less[76]. Whom[77] should we acclaim[78] then ?	ਕੋਈ ਭੀ ਘਟ[76] ਨਹੀਂ ਮੰਗਦਾ । ਤਾਂ ਅਸੀਂ ਕਿਸ[77] ਨੂੰ ਆਫ਼ਰੀਨ[78] ਆਖੀਏ ?
ਨਦਰਿ[79] ਤਿਨਾ ਕਉ ਨਾਨਕਾ ਜਿ ਸਾਬਤੁ[80] ਲਾਏ[82] ਰਾਸਿ[81] ॥੧॥	Nanak, the Lord looks with favour[79] on those, who have kept[82] their stock-in-trade[81] intact[80].	ਨਾਨਕ, ਸੁਆਮੀ ਉਹਨਾਂ ਉਤੇ ਮਿਹਰ[79] ਦੀ ਨਜ਼ਰ ਧਾਰਦਾ ਹੈ, ਜੋ ਆਪਣੇ ਮਾਲਮੱਤੇ[81] ਨੂੰ ਸਹੀ ਸਲਾਮਤ[80] ਰਖਦੇ[82] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਜੁੜਿ ਜੁੜਿ[83] ਵਿਛੁੜੇ[84] ਵਿਛੁੜਿ ਜੁੜੇ ॥	Uniting together[83], the soul and body separate[84] and having separated they unite again.	ਇਕੱਠੇ ਜੁੜ ਕੇ[83] ਆਤਮਾ ਤੇ ਦੇਹਿ ਵਖਰੇ[84] ਹੋ ਜਾਂਦੇ ਹਨ ਅਤੇ ਵਖਰੇ ਹੋ ਮੁੜ ਜੁੜ ਜਾਂਦੇ ਹਨ ।
ਜੀਵਿ[85] ਜੀਵਿ ਮੁਏ[86] ਮੁਏ ਜੀਵੇ ॥	Mortal lives[85], lives to die[86] and he dies to be born again.	ਪ੍ਰਾਣੀ ਜੀਊਂਦਾ[85], ਜੀਊਂਦਾ ਹੈ ਮਰਨ[86] ਲਈ ਅਤੇ ਉਹ ਮਰਦਾ ਹੈ ਮੁੜ ਜਨਮ ਧਾਰਨ ਲਈ ।
ਕੇਤਿਆ[87] ਕੇ ਬਾਪ[88] ਕੇਤਿਆ ਕੇ ਬੇਟੇ[89] ਕੇਤੇ ਗੁਰ ਚੇਲੇ[90] ਹੂਏ ॥	He becomes the father[88] of many[87], the son[89] of many and the Guru and the disciple[90] of many.	ਉਹ ਬਹੁਤਿਆਂ[87] ਦਾ ਪਿਉ[88] ਬਣਦਾ ਹੈ, ਬਹੁਤਿਆਂ ਦਾ ਪੁਤ੍ਰ[89] ਅਤੇ ਬਹੁਤਿਆਂ ਦਾ ਗੁਰੂ ਅਤੇ ਮੁਰੀਦ[90] ।
ਆਗੈ[91] ਪਾਛੈ[92] ਗਣਤ[93] ਨ ਆਵੈ ਕਿਆ[94] ਜਾਤੀ[95] ਕਿਆ ਹੁਣਿ[96] ਹੂਏ[97] ॥	One can make not the count[93] of the future[91] and the past[92]. What[94] know[95] I what I was[97] in the past and what I shall be[96] in future ?	ਭਵਿਖਤ[91] ਅਤੇ ਭੂਤ[92] ਦੀ ਇਨਸਾਨ ਗਿਣਤੀ[93] ਕਰ ਨਹੀਂ ਸਕਦਾ ! ਮੈਂ ਕੀ[94] ਜਾਣਦਾ[95] ਹਾਂ ਕਿ ਮੈਂ ਪਿਛੇ ਕੀ ਸਾਂ[97] ਅਤੇ ਅਗੇ ਨੂੰ ਕੀ ਹੋਵਾਂਗਾ[96] ?
ਸਭੁ ਕਰਣਾ[98] ਕਿਰਤੁ[99]	All the doings[98] and deeds[99] that	ਸਾਰੇ ਕਰਤਬ[98] ਅਤੇ ਕਰਮ[99] ਜੋ ਜੀਵ ਕਮਾਉਂਦਾ[100]

ਕਰਿ[100] ਲਿਖੀਐ ਕਰਿ ਕਰਿ[2] ਕਰਤਾ[3] ਕਰੇ ਕਰੇ[4] ॥	one does[100], are recorded. This is what the Creator[3] has been doing[2] and shall continue to do[4].	ਹੈ, ਲਿਖੇ ਜਾਂਦੇ ਹਨ। ਇਹ ਹੈ ਜੋ ਸਿਰਜਣਹਾਰ[3] ਕਰਦਾ ਰਿਹਾ[2] ਹੈ ਅਤੇ ਕਰਦਾ ਰਹੇਗਾ[4]।
ਮਨਮੁਖਿ[5] ਮਰੀਐ ਗੁਰਮੁਖਿ[6] ਤਰੀਐ ਨਾਨਕ ਨਦਰੀ[7] ਨਦਰਿ[8] ਕਰੇ ॥ ੨ ॥	The mind-ward[5] dies and the Guru-ward[6] is saved and on him is the mercy[8] of the Merciful Master[7], O Nanak.	ਮਨ-ਮਤੀਆ[5] ਮਰ ਜਾਂਦਾ ਹੈ ਤੇ ਗੁਰੂ-ਅਨੁਸਾਰੀ[6] ਤਰ ਜਾਂਦਾ ਹੈ ਅਤੇ ਉਸ ਉਤੇ ਮਿਹਰਬਾਨ ਮਾਲਕ[7] ਦੀ ਮਿਹਰ[8] ਹੈ, ਹੇ ਨਾਨਕ!
ਪਉੜੀ ॥	Pauri	ਪਉੜੀ।
ਮਨਮੁਖਿ[9] ਦੂਜਾ[10] ਭਰਮੁ[12] ਹੈ ਦੂਜੈ[13] ਲੋਭਾਇਆ[14] ॥	The egocentric[9] wanders in duality[10] and doubt[12] and is bewitched[14] by another's[13] love.	ਆਪ-ਹੁਦਰਾ[9] ਦਵੈਤਭਾਵ[10] ਤੇ ਸੰਦੇਹ[12] ਅੰਦਰ ਭਟਕਦਾ ਹੈ ਅਤੇ ਉਸ ਨੂੰ ਹੋਰਸ ਦੇ ਪਿਆਰ[13] ਨੇ ਮੋਹਿਆ ਹੋਇਆ[14] ਹੈ।
ਕੂੜੁ[15] ਕਪਟੁ[16] ਕਮਾਵਦੇ[17] ਕੂੜੋ ਆਲਾਇਆ[18] ॥	He practises[17] falsehood[15] and deception[16] and utters[18] falsehood.	ਉਹ ਝੂਠ[15] ਅਤੇ ਵਲਛਲ[16] ਦੀ ਕਮਾਈ ਕਰਦਾ[17] ਹੈ ਅਤੇ ਝੂਠ ਹੀ ਬੋਲਦਾ[18] ਹੈ।
ਪੁਤ੍ਰ[19] ਕਲਤ੍ਰ[20] ਮੋਹੁ[21] ਹੇਤੁ[22] ਹੈ ਸਭੁ[23] ਦੁਖੁ[24] ਸਬਾਇਆ[25] ॥	The love[21] and affection[22] of sons[19] and wife[20] is misery[24] all[23] in all[25].	ਪੁੱਤਾਂ[19] ਅਤੇ ਪਤਨੀ[20] ਦਾ ਪਿਆਰ[21] ਅਤੇ ਪ੍ਰੇਮ[22] ਸਾਰੇ[23] ਦਾ ਸਾਰਾ[25] ਬਿਪਤਾ[24] ਹੀ ਹੈ।
[26]ਜਮਦਰਿ[27] ਬਧੇ[28] ਮਾਰੀਅਹਿ[29] ਭਰਮਹਿ[30] ਭਰਮਾਇਆ[31] ॥	Bound[28] at the door[27] of the death's courier[26], he is punished[29] and rambles[30] and roams[31] in existences.	ਮੌਤ ਦੇ ਦੂਤ[26] ਦੇ ਬੂਹੇ[27] ਉਤੇ ਬੱਝੇ ਹੋਏ[28] ਨੂੰ ਉਸ ਨੂੰ ਸਜ਼ਾ ਮਿਲਦੀ[29] ਹੈ ਅਤੇ ਉਹ ਜੂਨੀਆਂ ਅੰਦਰ ਭਰਮਦਾ[30] ਅਤੇ ਭਟਕਦਾ[31] ਹੈ।
ਮਨਮੁਖਿ ਜਨਮੁ[32] ਗਵਾਇਆ[33] ਨਾਨਕ ਹਰਿ ਭਾਇਆ[34] ॥੩॥	The egocentric loses[33] his human life[32], while Nanak loves[34] his God.	ਆਪ-ਹੁਦਰਾ ਆਪਣਾ ਮਨੁਖੀ-ਜੀਵਨ[32] ਗੁਆ ਲੈਂਦਾ[33] ਹੈ, ਜਦ ਕਿ ਨਾਨਕ ਆਪਣੇ ਵਾਹਿਗੁਰੂ ਨੂੰ ਪਿਆਰ ਕਰਦਾ[34] ਹੈ।
ਸਲੋਕ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ।
ਜਿਨ ਵਡਿਆਈ[35] ਤੇਰੇ ਨਾਮ ਕੀ ਤੇ[36] ਰਤੇ[37] ਮਨ[39] ਮਾਹਿ[38] ॥	They who are blessed with the glory[35] of Thy Name, O Lord; they[36] remain imbued[37] with bliss in[38] their mind[39].	ਜਿਨ੍ਹਾਂ ਨੂੰ ਤੇਰੇ ਨਾਮ ਦੀ ਪ੍ਰਭਤਾ[35] ਦੀ ਦਾਤ ਪਰਾਪਤ ਹੋਈ ਹੈ, ਹੇ ਪ੍ਰਭੂ! ਉਹ[36] ਆਪਣੇ ਹਿਰਦੇ[39] ਅੰਦਰ[38] ਖੁਸ਼ੀ ਨਾਲ ਰੰਗੇ ਰਹਿੰਦੇ[37] ਹਨ।
ਨਾਨਕ ਅੰਮ੍ਰਿਤੁ[39]* ਏਕੁ[40] ਹੈ ਦੂਜਾ[41] ਅੰਮ੍ਰਿਤੁ ਨਾਹਿ ॥	Nanak, there is but one[40] Name-Nectar[39]*. Any other[41] Nectar there is not.	ਨਾਨਕ, ਕੇਵਲ ਇਕ[40] ਹੀ ਨਾਮ-ਸੁਧਾਰਸ[39]* ਹੈ। ਕੋਈ ਹੋਰ[41] ਸੁਧਾਰਸ ਹੈ ਹੀ ਨਹੀਂ।
ਨਾਨਕ ਅੰਮ੍ਰਿਤੁ ਮਨੈ ਮਾਹਿ[42] ਪਾਈਐ ਗੁਰ ਪਰਸਾਦਿ[43] ॥	Nanak, the elixir of the Name is within[42] the mind and is obtained by the Guru's grace[33].	ਨਾਨਕ, ਨਾਮ ਦਾ ਆਬਿ-ਹਿਯਾਤ ਹਿਰਦੇ ਅੰਦਰ[42] ਹੈ ਅਤੇ ਗੁਰਾਂ ਦੀ ਦਇਆ[43] ਦੁਆਰਾ ਪਾਇਆ ਜਾਂਦਾ ਹੈ।
ਤਿਨੀ[44] ਪੀਤਾ[45] ਰੰਗ[46] ਸਿਉ[47] ਜਿਨ ਕਉ	They[44] alone quaff[45] it with[47] love[46], who are so destined by the Primal[48]	ਕੇਵਲ ਉਹ[44] ਹੀ ਇਸ ਨੂੰ ਪਿਆਰ[46] ਨਾਲ[47] ਪਾਨ ਕਰਦੇ[45] ਹਨ, ਜਿਨ੍ਹਾਂ ਦੇ ਭਾਗਾਂ ਵਿਚ ਐਸ ਤਰ੍ਹਾਂ ਆਦੀ

ਲਿਖਿਆ ਆਦਿ[48] ॥ ੧ ॥	Lord[48].	ਪ੍ਰਭੂ[48] ਨੇ ਲਿਖਿਆ ਹੋਇਆ ਹੈ ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ ।
ਕੀਤਾ[49] ਕਿਆ[50] ਸਾਲਾਹੀਐ[51] ਕਰੈ[53] ਸੋਇ[52] ਸਾਲਾਹਿ ॥	Why[50] praise[51] the created one[49]. Praise thou Him[52], who creates[53] all.	ਰਚੇ ਹੋਏ[49] ਦੀ ਕੀ[50] ਸਿਫ਼ਤ ਕਰਨੀ[51] ਹੈ । ਤੂੰ ਉਸ[52] ਦੀ ਸਿਫ਼ਤ ਕਰ ਜੋ ਸਾਰਿਆਂ ਨੂੰ ਰਚਦਾ[53] ਹੈ ।
ਨਾਨਕ ਏਕੀ ਬਾਹਰਾ[53*] ਦੂਜਾ[54] ਦਾਤਾ[55] ਨਾਹਿ ॥	Nanak, without[53*] the One Lord, there is not another[54] donor[55].	ਨਾਨਕ ਇਕ ਪ੍ਰਭੂ ਦੇ ਬਗੈਰ[53*], ਹੋਰ ਕੋਈ[54] ਦਾਤਾਰ[55] ਹੈ ਹੀ ਨਹੀਂ ।
੧੨੩੯	1239	੧੨੩੯
ਕਰਤਾ[56] ਸੋ[57] ਸਾਲਾਹੀਐ ਜਿਨਿ ਕੀਤਾ[58] ਆਕਾਰੁ[59] ॥	Praise thou the[57] Creator-Lord[56], who has created[58] the universe[59].	ਤੂੰ ਉਸ[57] ਸਿਰਜਣਹਾਰ-ਸੁਆਮੀ[56] ਦਾ ਜੱਸ ਕਰ ਜਿਸ ਨੇ ਆਲਮ[59] ਨੂੰ ਸਾਜਿਆ[58] ਹੈ ।
ਦਾਤਾ[60] ਸੋ ਸਾਲਾਹੀਐ ਜਿ ਸਭਸੈ[61] ਦੇ[62] ਆਧਾਰੁ[63] ॥	Eulogise thou the Beneficent Lord[60], who gives[62] sustenance[63] to all[61].	ਤੂੰ ਉਸ ਦੇਣਹਾਰ-ਪ੍ਰਭੂ[60] ਦੀ ਕੀਰਤੀ ਕਰ ਜੋ ਸਾਰਿਆਂ[61] ਨੂੰ ਰੋਜ਼ੀ[63] ਦਿੰਦਾ[62] ਹੈ ।
ਨਾਨਕ ਆਪਿ ਸਦੀਵ[64] ਹੈ ਪੂਰਾ[65] ਜਿਸੁ ਭੰਡਾਰੁ[66] ॥	Nanak, the Lord, brimful[65] is whose treasure[66], is ever eternal[64] Himself.	ਨਾਨਕ, ਪ੍ਰਭੂ, ਪਰੀਪੂਰਨ[65] ਹੈ ਜਿਸ ਦਾ ਖ਼ਜ਼ਾਨਾ[66], ਖ਼ੁਦ ਸਦੀਵ ਕਾਲ ਸਥਾਈ[64] ਹੈ ।
ਵਡਾ ਕਰਿ[67] ਸਾਲਾਹੀਐ[68] ਅੰਤੁ[69] ਨ ਪਾਰਾਵਾਰੁ[70] ॥੨॥	Praise[67] and eulogise[68] thou Him, who has no end[69] and limit[70].	ਤੂੰ ਉਸ ਦੀ ਉਸਤਤੀ[67] ਅਤੇ ਮਹਿਮਾ[68] ਕਰ ਜਿਸ ਦਾ ਕੋਈ ਅਖ਼ੀਰ[69] ਅਤੇ ਓੜਕ[70] ਨਹੀਂ ।
ਪਉੜੀ ॥	Pauri.	ਪਉੜੀ ।
ਹਰਿ ਕਾ ਨਾਮੁ ਨਿਧਾਨੁ[71] ਹੈ ਸੇਵਿਐ[72] ਸੁਖੁ[73] ਪਾਈ ॥	Treasure[71] of bliss is the God's Name. Serving[72] it, peace[73] is obtained.	ਖ਼ੁਸ਼ੀ ਦਾ ਖ਼ਜ਼ਾਨਾ[71] ਹੈ ਰਬ ਦਾ ਨਾਮ । ਇਸ ਦੀ ਸੇਵਾ ਕਰਨ[72] ਦੁਆਰਾ, ਆਰਾਮ[73] ਪਰਾਪਤ ਹੁੰਦਾ ਹੈ ।
ਨਾਮੁ ਨਿਰੰਜਨੁ[74] ਉਚਰਾਂ[75] ਪਤਿ[76] ਸਿਉ[77] ਘਰਿ ਜਾਂਈ ॥	I utter[75] the Name of the Immaculate Lord[74], that I may go to my home with[77] honour[76].	ਮੈਂ ਪਵਿੱਤ੍ਰ ਪ੍ਰਭੂ[74] ਦੇ ਨਾਮ ਦਾ ਉਚਾਰਨ ਕਰਦਾ[75] ਹਾਂ, ਤਾਂ ਜੋ ਮੈਂ ਇਜ਼ਤ[76] ਨਾਲ[77] ਆਪਣੇ ਗ੍ਰਿਹ ਨੂੰ ਜਾਵਾਂ ।
ਗੁਰਮੁਖਿ[78] ਬਾਣੀ ਨਾਮੁ ਹੈ ਨਾਮੁ ਰਿਦੈ[79] ਵਸਾਈ[80] ॥	The Supreme Guru's[78] word is the Lord's Name and this Name, I enshrine[80] in my mind[79].	ਮੁਖੀ ਗੁਰਾਂ[78] ਦੀ ਬਾਣੀ ਪ੍ਰਭੂ ਦਾ ਨਾਮ ਹੈ ਅਤੇ ਇਸ ਨਾਮ ਨੂੰ ਮੈਂ ਆਪਣੇ ਮਨ[79] ਅੰਦਰ ਟਿਕਾਉਂਦਾ[80] ਹਾਂ ।
ਮਤਿ[81] ਪੰਖੇਰੂ[82] ਵਸਿ[83] ਹੋਇ ਸਤਿਗੁਰੂ ਧਿਆਇੰ[84] ॥	Dwelling[84] on the True Guru, the mind[81] bird[82] comes under one's sway[83].	ਸੱਚੇ ਗੁਰਾਂ ਦਾ ਆਰਾਧਨ ਕਰਨ[84] ਦੁਆਰਾ, ਮਨ[81] ਪੰਛੀ[82] ਇਨਸਾਨ ਦੇ ਕਾਬੂ[83] ਵਿਚ ਆ ਜਾਂਦਾ ਹੈ ।
ਨਾਨਕ ਆਪਿ ਦਇਆਲੁ[86] ਹੋਇ ਨਾਮੇ ਲਿਵ[85] ਲਾਈ[87] ॥੪॥	Nanak, if He, the Lord becomes merciful[85], the mortal comes to embrace[87] love[86] for His Name.	ਨਾਨਕ, ਜੇਕਰ ਉਹ ਸੁਆਮੀ ਮਿਹਰਬਾਨ[85] ਹੋ ਜਾਵੇ, ਤਾਂ ਪ੍ਰਾਣੀ ਦੀ ਉਸ ਦੇ ਨਾਮ ਨਾਲ ਪ੍ਰੀਤ[86] ਪੈ ਜਾਂਦੀ[87] ਹੈ ।
ਸਲੋਕ ਮਹਲਾ ੨ ॥	Slok 2nd Guru	ਸਲੋਕ ਦੂਜੀ ਪਾਤਿਸ਼ਾਹੀ ।
ਤਿਸੁ ਸਿਉ ਕੈਸਾ[88]	How[88] should one speak[89] to Him,	ਇਨਸਾਨ ਉਸ ਨਾਲ ਕਿਸ ਤਰ੍ਹਾਂ[88] ਗੱਲ ਕਰੇ[89], ਜੋ

ਬੋਲਣਾ[89] ਜਿ ਆਪੇ ਜਾਣੈ ਜਾਣੁ[90] ॥	who, of Himself, knows everything[90] ?	ਖ਼ੁਦ ਹੀ ਸਾਰਾ ਕੁਛ[90] ਜਾਣਦਾ ਹੈ।
ਚੀਰੀ[91] ਜਾ ਕੀ ਨਾ ਫਿਰੈ[92] ਸਾਹਿਬੁ ਸੋ[93] ਪਰਵਾਣੁ[94] ॥	Supreme[94] is He[93], the Lord whose warrant[91] can be challenged[92] not.	ਸ਼ਰੋਮਣੀ[94] ਹੈ ਉਹ[93] ਸੁਆਮੀ ਜਿਸ ਦਾ ਪਰਵਾਨਾ[91] ਮੋੜਿਆ[92] ਨਹੀਂ ਜਾ ਸਕਦਾ।
ਚੀਰੀ ਜਿਸ[95] ਕੀ ਚਲਣਾ[96] ਮੀਰ[97] ਮਲਕ[98] ਸਲਾਰ[99]॥	He is the Lord, subject to whose[95] writ, depart[96] the kings[97], nobles[98] and commanders[99].	ਉਹ ਉਹ ਸੁਆਮੀ ਹੈ, ਜਿਸ ਦੀ[95] ਲਿਖਤ ਦੇ ਤਾਬੇ ਪਾਤਿਸ਼ਾਹ[97], ਸਰਦਾਰ[98] ਅਤੇ ਸੈਨਾਪਤੀ[99] ਟੁਰ ਪੈਂਦੇ[96] ਹਨ।
ਜੋ ਤਿਸੁ[100] ਭਾਵੈ[2] ਨਾਨਕਾ ਸਾਈ[3] ਭਲੀ[4] ਕਾਰ[5] ॥	Whatever pleases[2] Him[100], O Nanak; that[3] alone is the good[4] deed[5].	ਜਿਹੜਾ ਕੁਛ ਉਸ ਨੂੰ[100] ਚੰਗਾ ਲਗਦਾ[2] ਹੈ, ਹੇ ਨਾਨਕ! ਕੇਵਲ ਉਹ[3] ਹੀ ਚੰਗਾ[4] ਕੰਮ[5] ਹੈ।
ਜਿਨਾ ਚੀਰੀ[6] ਚਲਣਾ[7] ਹਥਿ ਤਿਨਾ ਕਿਛੁ ਨਾਹਿ ॥	Nothing is in their hands, who have to walk[7] subject to the Lord's command[6].	ਉਨ੍ਹਾਂ ਦੇ ਹੱਥ ਵਿਚ ਕੁਝ ਵੀ ਨਹੀਂ, ਜਿਨ੍ਹਾਂ ਨੇ ਸਾਹਿਬ ਦੇ ਹੁਕਮ[6] ਤਾਬੇ ਤੁਰਨਾ[7] ਹੈ।
ਸਾਹਿਬ ਕਾ ਫੁਰਮਾਣੁ[8] ਹੋਇ[13] ਉਠੀ[9] ਕਰਲੈ[10] ਪਾਹਿ[12] ॥	When the Lord's order[8] is issued[13], they arise[9] and take[12] the road[10].	ਜਦ ਸੁਆਮੀ ਦਾ ਹੁਕਮ[8] ਜਾਰੀ ਹੋ ਜਾਂਦਾ[13] ਹੈ, ਉਹ ਉਠ ਕੇ[9] ਰਾਹੇ[10] ਪੈ ਜਾਂਦੇ[12] ਹਨ।
ਜੇਹਾ[14] ਚੀਰੀ[15] ਲਿਖਿਆ ਤੇਹਾ[16]ਹੁਕਮੁ[17] ਕਮਾਹਿ[18]॥	As[14] is the order[17], writ in the deed[15], so[16] do they act[18].	ਜਿਹੋ ਜਿਹਾ[14] ਫ਼ੁਰਮਾਨ[17], ਪਰਵਾਨੇ[15] ਵਿਚ ਲਿਖਿਆ ਹੋਇਆ ਹੈ, ਉਸੇ ਤਰ੍ਹਾਂ[16] ਹੀ ਉਹ ਕਰਦੇ[18] ਹਨ।
ਘਲੇ[19] ਆਵਹਿ ਨਾਨਕਾ ਸਦੇ[20] ਉਠੀ[21] ਜਾਹਿ ॥੧॥	O Nanak, the mortals come, when they are sent[19] by God and depart[21], when called[20] back.	ਹੇ ਨਾਨਕ! ਜਦ ਉਨ੍ਹਾਂ ਨੂੰ ਵਾਹਿਗੁਰੂ ਭੇਜਦਾ[19] ਹੈ, ਪ੍ਰਾਣੀ ਆ ਜਾਂਦੇ ਹਨ ਅਤੇ ਬੁਲਾਏ[20] ਹੋਏ ਟੁਰ ਜਾਂਦੇ[21] ਹਨ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਸਿਫਤਿ[22] ਜਿਨਾ ਕਉ ਬਖਸੀਐ[23] ਸੇਈ[24] ਪੋਤੇਦਾਰ[25] ॥	They, whom the Lord blesses with[23] His praise[22]; they[24] alone are the Lord of the treasure[25].	ਜਿਨ੍ਹਾਂ ਨੂੰ ਪ੍ਰਭੂ ਆਪਣੀ ਸਿਫ਼ਤ-ਸ਼ਲਾਘਾ[22] ਪਰਦਾਨ ਕਰਦਾ[23] ਹੈ, ਕੇਵਲ ਉਹ[24] ਹੀ ਖ਼ਜ਼ਾਨੇ ਦੇ ਸੁਆਮੀ[25] ਹਨ।
ਕੁੰਜੀ[26] ਜਿਨ ਕਉ ਦਿਤੀਆ[27] ਤਿਨ੍ਾ[28] ਮਿਲੇ ਭੰਡਾਰ[29] ॥	They, who are blessed with[27] the key[26]; they[28] alone obtain the treasure[29].	ਜਿਨ੍ਹਾਂ ਨੂੰ ਚਾਬੀ[26] ਦੀ ਦਾਤ ਮਿਲੀ[27] ਹੈ ਕੇਵਲ ਉਹ ਹੀ[28] ਖ਼ਜ਼ਾਨੇ[29] ਨੂੰ ਪਾਉਂਦੇ ਹਨ।
ਜਹ ਭੰਡਾਰੀ[30] ਹੂ ਗੁਣ[31] ਨਿਕਲਹਿ[32] ਤੇ ਕੀਅਹਿ ਪਰਵਾਣੁ[33] ॥	The treasures[30] from whom virtues[31] well up[32]; they alone are approved[33] by the Lord.	ਜਿਨ੍ਹਾਂ ਖਜ਼ਾਨਚੀਆਂ[30] ਪਾਸੋਂ ਨੇਕੀਆਂ[31] ਉਤਪੰਨ[32] ਹੁੰਦੀਆਂ ਹਨ, ਕੇਵਲ ਉਹਨਾਂ ਨੂੰ ਹੀ ਸਾਂਈਂ ਕਬੂਲ[33] ਕਰਦਾ ਹੈ।
ਨਦਰਿ[34] ਤਿਨਾ[36] ਕਉ ਨਾਨਕਾ ਨਾਮੁ ਜਿਨਾ ਨੀਸਾਣੁ[35] ॥੨॥	They[36] alone are blessed with God's grace[34], O Nanak, who bear the standard[35] of His Name	ਕੇਵਲ ਉਹਨਾਂ[36] ਉਤੇ ਹੀ ਵਾਹਿਗੁਰੂ ਦੀ ਮਿਹਰ[34] ਹੁੰਦੀ ਹੈ, ਹੇ ਨਾਨਕ! ਜਿਨ੍ਹਾਂ ਕੋਲ ਉਸ ਦੇ ਨਾਮ ਦਾ ਝੰਡਾ[35] ਹੈ।
ਪਉੜੀ ॥	Pauri.	ਪਉੜੀ।
ਨਾਮੁ ਨਿਰੰਜਨੁ[37]	Immaculate[37] and pure[38] in the	ਪਵਿਤ੍ਰ[37] ਅਤੇ ਪਾਵਨ[38] ਹੈ ਪ੍ਰਭੂ ਦਾ ਨਾਮ, ਜਿਸ ਨੂੰ

ਨਿਰਮਲਾ[38] ਸੁਣਿਐ ਸੁਖੁ[39] ਹੋਈ ॥	Lord's Name, hearing which peace[39] is obtained	ਸੁਣ ਕੇ ਆਰਾਮ[39] ਪਰਾਪਤ ਹੁੰਦਾ ਹੈ।
ਸੁਣਿ ਸੁਣਿ ਮੰਨਿ ਵਸਾਈਐ[40] ਬੂਝੈ[41] ਜਨੁ[42] ਕੋਈ[43] ॥	Hearing, hearing it, one enshrines[40] it in his mind, but rare[43] is the one[42] who realises[41] it.	ਸੁਣ ਸੁਣ ਕੇ, ਪ੍ਰਾਣੀ ਇਸ ਨੂੰ ਆਪਣੇ ਹਿਰਦੇ ਅੰਦਰ ਟਿਕਾ ਲੈਂਦਾ[40] ਹੈ। ਕੋਈ ਵਿਰਲਾ[43] ਜਣਾ[42] ਹੀ ਇਸ ਨੂੰ ਅਨੁਭਵ ਕਰਦਾ[41] ਹੈ।
ਬਹਦਿਆ ਉਠਦਿਆ ਨ ਵਿਸਰੈ[44] ਸਾਚਾ ਸਚੁ[45] ਸੋਈ[46] ॥	Down-sitting and up-standing I forget[44] not that[46] Truest of the true[45] Lord.	ਬੈਠਦਿਆਂ ਅਤੇ ਖਲੋਤਿਆਂ ਮੈਂ ਉਸ[46] ਸਚਿਆਰਾਂ ਦੇ ਪਰਮ[45] ਸਚਿਆਰ ਸਾਂਈਂ ਨੂੰ ਨਹੀਂ ਭੁਲਾਉਂਦਾ[44]।
ਭਗਤਾ[47] ਕਉ ਨਾਮ ਅਧਾਰੁ[48] ਹੈ ਨਾਮੇ ਸੁਖੁ ਹੋਈ[49] ॥	The saints[47] have the Name's support[48] alone and through the Name, they are blest with[49] peace.	ਸਾਧੂਆਂ[47] ਨੂੰ ਕੇਵਲ ਨਾਮ ਦਾ ਹੀ ਆਸਰਾ[48] ਹੈ ਅਤੇ ਨਾਮ ਦੇ ਰਾਹੀਂ ਹੀ ਉਹ ਆਰਾਮ ਪਾਉਂਦੇ[49] ਹਨ।
ਨਾਨਕ ਮਨਿ[50] ਤਨਿ[51] ਰਵਿ ਰਹਿਆ[52] ਗੁਰਮੁਖਿ[53] ਹਰਿ ਸੋਈ[54] ॥੫॥	Nanak, the Lord is pervading[52] our soul[50] and body[51] and by the Guru's grace[53], He[54], the Lord is realised.	ਨਾਨਕ ਉਹ ਪ੍ਰਭੂ ਸਾਡੀ ਆਤਮਾ[50] ਅਤੇ ਦੇਹ[51] ਅੰਦਰ ਵਿਆਪਕ ਹੋ ਰਿਹਾ[52] ਹੈ ਅਤੇ ਉਹ[54] ਹੀ ਗੁਰਾਂ ਦੀ ਦਇਆ[53] ਦੁਆਰਾ, ਅਨੁਭਵ ਕੀਤਾ ਜਾਂਦਾ ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਨਾਨਕ ਤੁਲੀਅਹਿ[55] ਤੋਲ ਜੇ[57] ਜੀਉ[58] ਪਿਛੈ[56] ਪਾਈਐ[59] ॥	Nanak, if[57] man puts[59] hearty love[58] in the hind[56] scale, then alone can he be deemed to be of the full weight[55].	ਨਾਨਕ, ਜੇਕਰ[57] ਇਨਸਾਨ ਦਿਲੀ-ਪਿਆਰ[58] ਨੂੰ ਪਿਛਲੇ[56] ਪੱਲੜੇ ਵਿਚ ਪਾ ਲਵੇ[59], ਕੇਵਲ ਤਾਂ ਹੀ ਉਹ ਪੂਰੇ ਵਜ਼ਨ[55] ਦਾ ਜਾਣਿਆ ਜਾ ਸਕਦਾ ਹੈ।
ਇਕਸੁ[60] ਨ ਪੁਜਹਿ[61] ਬੋਲ[62] ਜੇ[63] ਪੂਰੇ[64] ਪੂਰਾ[65] ਕਰਿ[66] ਮਿਲੈ[67] ॥	Nothing can equal[61] the utterance[62] of the one[60] Name, which[63] making[66] mortal perfect[65], unites[67] him with the Perfect Lord[64].	ਕੁਛ ਭੀ ਇਕ[60] ਨਾਮ ਦੇ ਉਚਾਰਨ[62] ਨੂੰ ਨਹੀਂ ਪੁਜ[61] ਸਕਦਾ। ਜੋ[63] ਪ੍ਰਾਣੀ ਨੂੰ ਮੁਕੰਮਲ[65] ਕਰ[66] ਕੇ ਪੂਰਨ ਪ੍ਰਭੂ[64] ਨਾਲ ਮਿਲਾ ਦਿੰਦਾ[67] ਹੈ।
ਵਡਾ[68] ਆਖਣੁ[69] ਭਾਰਾ[70] ਤੋਲੁ[71] ॥	To call[69] the Lord grand[68], carries great[70] weight[71].	ਸਾਹਿਬ ਨੂੰ ਵਿਸ਼ਾਲ[68] ਕਹਿਣਾ[69], ਬਹੁਤਾ[70] ਹੀ ਵਜ਼ਨ[71] ਰਖਦਾ ਹੈ।
ਹੋਰ[72] ਹਉਲੀ[73] ਮਤੀ[74] ਹਉਲੇ ਬੋਲ[75] ॥	Light[73] are other[72] intellects[74] and light other utterances[75].	ਹਲਕੀਆਂ[73] ਹਨ ਹੋਰਸ[72] ਅਕਲਾਂ[74] ਅਤੇ ਹਲਕੇ ਹੋਰ ਉਚਾਰਨ[75]।
ਧਰਤੀ[76] ਪਾਣੀ[77] ਪਰਬਤ[78] ਭਾਰੁ[79] ॥ ਕਿਉ[80] ਕੰਡੈ[81] ਤੋਲੈ[82] ਸੁਨਿਆਰੁ[83] ॥ ਤੋਲਾ ਮਾਸਾ ਰਤਕ[84] ਪਾਇ[85] ॥	With his balance[81], how[80] can a goldsmith[83] know[82] the weight[79] of the earth[76], the ocean[77] and the mountain[78], by using[85] the weights of a tola, 1/12 of a tola and a jequitery[84]?	ਆਪਣੇ ਤਰਾਜੂ[81] ਨਾਲ ਇਕ ਸੁਨਿਆਰਾ[83], ਜ਼ਮੀਨ[76] ਸਮੁੰਦਰ[77] ਅਤੇ ਪਹਾੜ[78] ਦੇ ਵਜ਼ਨ[79] ਨੂੰ ਇਕ ਤੋਲੇ ਮਾਸੇ ਅਤੇ ਰੱਤੀ[84] ਦੇ ਵੱਟਿਆਂ ਨੂੰ ਵਰਤ[85] ਕੇ, ਕਿਸ ਤਰ੍ਹਾਂ[80] ਜਾਣ[82] ਸਕਦਾ ਹੈ?
ਨਾਨਕ ਪੁਛਿਆ[86] ਦੇਇ ਪੁਜਾਇ[87] ॥	When questioned[86], he satisfies[87] the questioner, O Nanak.	ਸੁਆਲ ਕਰਨ[86] ਤੇ, ਉਹ ਸੁਆਲੀ ਦਾ ਘਰ ਪੂਰਾ ਕਰ ਦਿੰਦਾ ਹੈ[87], ਹੇ ਨਾਨਕ!
ਮੂਰਖ[88] ਅੰਧਿਆ[89] ਅੰਧੀ[91] ਧਾਤੁ[90] ॥	Blind[91] is the running about[90] of the blind[89] fools[88].	ਅੰਨ੍ਹੀ[91] ਹੈ ਦੌੜ-ਭੱਜ[90] ਅੰਨ੍ਹੇ[89] ਬੇਵਕੂਫ਼[88] ਦੀ।

ਕਹਿ[92] ਕਹਿ[93] ਕਹਣੁ[94] ਕਹਾਇਨਿ[95] ਆਪੁ[96] ॥੧॥	The more they say[92], utter[93] and talk[94], the more they expose[95] themselves[96].	ਜਿੰਨਾ ਬਹੁਤਾ ਉਹ ਆਖਦੇ[92], ਉਚਾਰਦੇ[93] ਅਤੇ ਕਹਿੰਦੇ[94] ਹਨ ਉਨਾਂ ਬਹੁਤਾ ਹੀ ਉਹ ਆਪਣੇ[96] ਆਪ ਨੂੰ ਪਰਗਟ ਕਰਦੇ[95] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਆਖਣਿ[97] ਅਉਖਾ[98] ਸੁਨਣਿ[99] ਅਉਖਾ ਆਖਿ[100] ਨ ਜਾਪੀ[2] ਆਖਿ[3] ॥	Difficult[98] it is to utter[97] the Lord's Name and difficult it is to hear[99] it. The Lord's Name can[2] be uttered[100] not with the mouth[3].	ਮੁਸ਼ਕਲ[98] ਹੈ ਪ੍ਰਭੂ ਦੇ ਨਾਮ ਦਾ ਉਚਾਰਨ[97] ਅਤੇ ਮੁਸ਼ਕਲ ਹੈ ਇਸ ਦਾ ਸ੍ਰਵਣ[99] ਕਰਨਾ । ਪ੍ਰਭੂ ਦਾ ਨਾਮ ਮੂੰਹ[3] ਨਾਲ ਉਚਾਰਨ[100] ਕੀਤਾ ਨਹੀਂ ਜਾ ਸਕਦਾ[2] ।
ਇਕਿ[4] ਆਖਿ[5] ਆਖਹਿ[6] ਸਬਦੁ[7] ਭਾਖਹਿ[8] ਅਰਧ[9] ਉਰਧ[10] ਦਿਨੁ ਰਾਤਿ ॥	Some[4], the low[9] and the high[10], with their mouth[5], day and night speak[6] of God and utter[8] His Name[7].	ਕਈ[4], ਨੀਵੇਂ[9] ਅਤੇ ਉਚੇ[10], ਆਪਣੇ ਮੂੰਹ[5] ਨਾਲ ਦਿਨ ਅਤੇ ਰੈਣ ਵਾਹਿਗੁਰੂ ਬੋਲਦੇ[6] ਅਤੇ ਉਸ ਦੇ ਨਾਮ[7] ਦਾ ਉਚਾਰਨ ਕਰਦੇ[8] ਹਨ ।
ਜੇ[12] ਕਿਹੁ[13] ਹੋਇ[14] ਤ[15] ਕਿਹੁ[16] ਦਿਸੈ[17] ਜਾਪੈ[18] ਰੂਪੁ[19] ਨ ਜਾਤਿ[20] ॥	If[12] God be[14] in some[13] form, then[15] something[16] may be seen[17], but His form[19] and kind[20] can be seen[18] not.	ਜੇਕਰ[12] ਵਾਹਿਗੁਰੂ ਦਾ ਕੋਈ[13] ਸਰੂਪ ਹੋਵੇ[14], ਤਦ[15] ਕੁਝ ਨਾ ਕੁਝ[16] ਦਿੱਸ ਹੀ ਪਵੇ[17], ਪ੍ਰੰਤੂ ਉਸ ਦਾ ਸਰੂਪ[19] ਅਤੇ ਕਿਸਮ[20] ਦੇਖੇ ਨਹੀਂ ਜਾ ਸਕਦੇ[18] ।
ਸਭਿ ਕਾਰਣ[21] ਕਰਤਾ[22] ਕਰੇ ਘਟ[23] ਅਉਘਟ[24] ਘਟ[25] ਥਾਪਿ[26] ॥	The Creator-Lord[22] does all the deeds[21] and establishes[26] He all places[25], high[23] and low[24].	ਸਿਰਜਣਹਾਰ-ਸੁਆਮੀ[22] ਸਾਰੇ ਕੰਮ[21] ਕਰਦਾ ਹੈ ਅਤੇ ਉਹ ਸਾਰੀਆਂ ਉੱਚੀਆਂ[23] ਤੇ ਨੀਵੀਆਂ[24] ਥਾਵਾਂ[25] ਅਸਥਾਪਨ ਕਰਦਾ[26] ਹੈ ।
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥	It is difficult to utter the Lord's Name, O Nanak. It can be uttered not with the mouth.	ਪ੍ਰਭੂ ਦੇ ਨਾਮ ਦਾ ਉਚਾਰਨ ਕਰਨਾ ਮੁਸ਼ਕਲ ਹੈ, ਹੇ ਨਾਨਕ ! ਮੂੰਹ ਦੇ ਨਾਲ ਇਹ ਉਚਾਰਨ ਕੀਤਾ ਨਹੀਂ ਜਾ ਸਕਦਾ ।
ਪਉੜੀ ॥	Pauri.	ਪਉੜੀ ।
ਨਾਇ ਸੁਣਿਐ ਮਨੁ ਰਹਸੀਐ[27] ਨਾਮੇ ਸਾਂਤਿ[28] ਆਈ ॥	Hearing the Name, the mind is pleased[27] and through the Name, one is comforted[28].	ਨਾਮ ਨੂੰ ਸੁਣਨ ਦੁਆਰਾ, ਚਿਤ ਪ੍ਰਸੰਨ ਹੋ ਜਾਂਦਾ[27] ਹੈ ਅਤੇ ਨਾਮ ਦੇ ਰਾਹੀਂ, ਜੀਵ ਨੂੰ ਠੰਡ-ਚੈਨ ਪੈ ਜਾਂਦੀ[28] ਹੈ ।
ਨਾਇ ਸੁਣਿਐ ਮਨੁ[29] ਤ੍ਰਿਪਤੀਐ[30] ਸਭ ਦੁਖ[31] ਗਵਾਈ[32] ॥	Hearing the Lord's Name, the soul[29] is satiated[30] and all ailments[31] are eradicated[32].	ਸੁਆਮੀ ਦੇ ਨਾਮ ਨੂੰ ਸੁਣਨ ਦੁਆਰਾ, ਜਿੰਦੜੀ[29] ਸੰਤੁਸ਼ਟ ਹੋ ਜਾਂਦੀ[30] ਹੈ ਅਤੇ ਸਾਰੇ ਰੋਗ[31] ਕੱਟੇ ਜਾਂਦੇ[32] ਹਨ ।
੧੨੪੦	1240	੧੨੪੦
ਨਾਇ ਸੁਣਿਐ ਨਾਉ[33] ਊਪਜੈ ਨਾਮੇ ਵਡਿਆਈ[34] ॥	Hearing the Lord's Name, man is renowned[33] and through the Name, he is blessed with glory[34].	ਸੁਆਮੀ ਦੇ ਨਾਮ ਨੂੰ ਸ੍ਰਵਣ ਕਰ, ਬੰਦਾ ਨਾਮਵਰ ਹੋ ਜਾਂਦਾ[33] ਹੈ ਅਤੇ ਨਾਮ ਦੇ ਰਾਹੀਂ, ਉਸ ਨੂੰ ਪ੍ਰਭਤਾ[34] ਪਰਾਪਤ ਹੋ ਜਾਂਦੀ ਹੈ ।
ਨਾਮੇ ਹੀ ਸਭ ਜਾਤਿ[35] ਪਤਿ[36] ਨਾਮੇ ਗਤਿ[37] ਪਾਈ ॥	Through the Name is all honour[36] and caste[35], and through the Name, salvation[37] is obtained.	ਨਾਮੇ ਦੇ ਰਾਹੀਂ ਸਾਰੀ ਇੱਜ਼ਤ[36] ਅਤੇ ਵਰਨ[35] ਹੈ ਅਤੇ ਨਾਮ ਦੇ ਰਾਹੀਂ ਹੀ ਮੁਕਤੀ[37] ਪਰਾਪਤ ਹੁੰਦੀ ਹੈ ।
ਗੁਰਮੁਖਿ[38] ਨਾਮੁ	O Nanak, by the Guru's grace[38], the	ਹੇ ਨਾਨਕ ! ਗੁਰਾਂ ਦੀ ਦਇਆ[38] ਦੁਆਰਾ, ਨਾਮ

ਧਿਆਈਐ[39] ਨਾਨਕ ਲਿਵ[40] ਲਾਈ[41] ॥੬॥	Name is meditated[39] upon and love[40] for it is embraced[41].	ਸਿਮਰਿਆ[39] ਜਾਂਦਾ ਹੈ ਅਤੇ ਇਸ ਨਾਲ ਪ੍ਰੀਤ[40] ਪੈ ਜਾਂਦੀ[41] ਹੈ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਜੂਠਿ[42] ਨ ਰਾਗੀ[43] ਜੂਠਿ ਨ ਵੇਦੀ[44] ॥	There is no impurity[42] in music[43] and nor there is any impurity in the Vedas[44].	ਸਰੋਦ[43] ਵਿਚ ਕੋਈ ਅਪਵਿਤਰਤਾ[42] ਨਹੀਂ ਤੇ ਨਾ ਹੀ ਕੋਈ ਅਪਵਿਤਰਤਾ ਹੈ ਬੇਦਾਂ[44] ਵਿਚ ।
ਜੂਠਿ ਨ ਚੰਦ[45] ਸੂਰਜ[46] ਕੀ ਭੇਦੀ[47] ॥	There is no impurity in the different[47] phases of the moon[45] and the sun[46].	ਚੰਦ੍ਰਮੇ[45] ਅਤੇ ਸੂਰਜ[46] ਦੀਆਂ ਭਿੰਨ ਭਿੰਨ[47] ਹਾਲਤਾਂ ਵਿਚ ਕੋਈ ਅਪਵਿੱਤਰਤਾ ਨਹੀਂ ।
ਜੂਠਿ ਨ ਅੰਨੀ[48] ਜੂਠਿ ਨ ਨਾਈ[49] ॥	There is no impurity in corn[48], nor there is any impurity in ablution[49].	ਅਨਾਜ[48] ਵਿਚ ਕੋਈ ਅਪਵਿੱਤਰਤਾ ਨਹੀਂ, ਨਾ ਹੀ ਕੋਈ ਅਪਵਿੱਤਰਤਾ ਹੈ ਇਸ਼ਨਾਨ[49] ਵਿਚ ।
ਜੂਠਿ ਨ ਮੀਹੁ[50] ਵਰ੍ਹਿਐ[51] ਸਭ ਥਾਈ[52] ॥	There is no impurity in the rain[50], which falls[51] at all places[52].	ਬਰਖਾ[50] ਵਿਚ ਕੋਈ ਅਪਵਿੱਤਰਤਾ ਨਹੀਂ, ਜੋ ਸਾਰੀਆਂ ਥਾਵਾਂ[52] ਤੇ ਪੈਂਦੀ[51] ਹੈ ।
ਜੂਠਿ ਨ ਧਰਤੀ[53] ਜੂਠਿ ਨ ਪਾਣੀ[54] ॥	There is no impurity in the earth[53], nor there is any impurity in the water[54].	ਜ਼ਮੀਨ[53] ਵਿਚ ਕੋਈ ਅਪਵਿੱਤਰਤਾ ਨਹੀਂ, ਨਾ ਹੀ ਕੋਈ ਅਪਵਿੱਤਰਤਾ ਹੈ ਜਲ[54] ਵਿਚ ।
ਜੂਠਿ ਨ ਪਉਣੈ[55] ਮਾਹਿ[56] ਸਮਾਣੀ[57] ॥	No impurity is contained[57] in[56] the air[55] too.	ਹਵਾ[55] ਵਿਚ[56] ਭੀ ਕੋਈ ਅਪਵਿੱਤਰਤਾ ਲੀਨ ਹੋਈ ਹੋਈ[57] ਨਹੀਂ ।
ਨਾਨਕ ਨਿਗੁਰਿਆ[58] ਗੁਣੁ[59] ਨਾਹੀ ਕੋਇ ॥	Nanak, there is no virtue[59], in the man, without the Guru[58].	ਨਾਨਕ, ਗੁਰੂ-ਬਿਹੂਨ[58] ਇਨਸਾਨ ਵਿਚ ਕੋਈ ਨੇਕੀ[59] ਨਹੀਂ ।
ਮੁਹਿ[60] ਫੇਰਿਐ[61] ਮੁਹੁ ਜੂਠਾ[62] ਹੋਇ ॥੧॥	Nanak, turning away[61] one's face[60] from the Lord, the mouth is defiled[62]	ਨਾਨਕ ਪ੍ਰਭੂ ਵੱਲੋਂ ਮੂੰਹ[60] ਮੋੜਨ[61] ਦੁਆਰਾ, ਮੂੰਹ ਪਲੀਤ ਹੋ ਜਾਂਦਾ[62] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਨਾਨਕ ਚੁਲੀਆ[63] ਸੁਚੀਆ[64] ਜੇ[65] ਭਰਿ[66] ਜਾਣੈ[67] ਕੋਇ[68] ॥	Nanak, pure[64] is the mouthful[63] of water, if[65] some[68] one fully[66] knows[67] how to gargle it.	ਨਾਨਕ, ਪਵਿੱਤਰ[64] ਹੈ ਕੁਰਲੀ[63], ਜੇਕਰ[65] ਕੋਈ ਜਣਾ[68] ਪੂਰੀ ਤਰ੍ਹਾਂ[66] ਇਸ ਨੂੰ ਕਰਣੀ ਜਾਣਦਾ[67] ਹੋਵੇ ।
ਸੁਰਤੇ[69] ਚੁਲੀ ਗਿਆਨ[70] ਕੀ ਜੋਗੀ ਕਾ ਜਤੁ[71] ਹੋਇ ॥	For the man of wisdom[69] of mouthful is of the gnosis[70] and for the yogi of chastity[71].	ਸਿਆਣੇ ਬੰਦੇ[69] ਲਈ ਕੁਰਲੀ ਗਿਆਨ[70] ਦੀ ਹੈ ਅਤੇ ਯੋਗੀ ਲਈ ਪਵਿੱਤਰਤਾ[71] ਦੀ ।
ਬ੍ਰਹਮਣ ਚੁਲੀ ਸੰਤੋਖ[72] ਕੀ ਗਿਰਹੀ[73] ਕਾ ਸਤੁ[74] ਦਾਨੁ[75] ॥	For the Brahman, the mouthful is of contentment[72] and for the householder[73] of truth[74] and charity[75].	ਬ੍ਰਾਹਮਣ ਲਈ ਕੁਰਲੀ ਸੰਤੁਸ਼ਟਤਾ[72] ਦੀ ਹੈ ਅਤੇ ਗ੍ਰਿਹਸਥੀ[73] ਲਈ ਸੱਚ[74] ਅਤੇ ਦਾਨ-ਪੁੰਨ[75] ਦੀ ।
ਰਾਜ[76] ਚੁਲੀ ਨਿਆਵ[77] ਕੀ ਪੜਿਆ[78] ਸਚੁ ਧਿਆਨੁ[79] ॥	For the King[76] the mouthful is of justice[77] and for the learned man[78] of the true reflection[79].	ਪਾਤਿਸ਼ਾਹ[76] ਲਈ ਕੁਰਲੀ ਨਿਆਂ[77] ਦੀ ਹੈ ਅਤੇ ਵਿਦਵਾਨ ਪੁਰਸ਼[78] ਲਈ ਸੱਚੀ ਸੋਚ ਵਿਚਾਰ[79] ਦੀ ।

ਪਾਣੀ ਚਿਤੁ[80] ਨ ਧੋਪਈ[81] ਮੁਖਿ[82] ਪੀਤੈ[83] ਤਿਖ[84] ਜਾਇ[85] ॥
ਪਾਣੀ ਪਿਤਾ[86] ਜਗਤ[87] ਕਾ ਫਿਰਿ[88] ਪਾਣੀ ਸਭੁ ਖਾਇ[89] ॥੨॥

With water, the mind[80] is washed[81] not, but by drinking[83] it with mouth[82], one's thirst[84] is quenched[85]
The water is the birth-giver[86] of creation[87] and ultimately[88] the water destroys[89] it all.

ਜਲ ਨਾਲ, ਮਨ[80] ਧੋਤਾ[81] ਨਹੀਂ ਜਾਂਦਾ, ਪ੍ਰੰਤੂ ਇਸ ਨੂੰ ਮੂੰਹ[82] ਨਾਲ ਪੀਣ[83] ਦੁਆਰਾ, ਪ੍ਰਾਣੀ ਦੀ ਤਰੇਹ[84] ਬੁਝ ਜਾਂਦੀ[85] ਹੈ।
ਜਲ ਰਚਨਾ[87] ਦਾ ਜਨਮ-ਦਾਤਾ[86] ਹੈ ਅਤੇ ਓੜਕ[88] ਨੂੰ ਜਲ ਹੀ ਇਸ ਸਾਰੀ ਨੂੰ ਨਾਸ ਕਰਦਾ[89] ਹੈ।

ਪਉੜੀ ॥

Pauri.

ਪਉੜੀ।

ਨਾਇ ਸੁਣਿਐ ਸਭ ਸਿਧਿ[90] ਹੈ ਰਿਧਿ[91] ਪਿਛੈ[92] ਆਵੈ ॥

Hearing the Name, all the super-natural powers[90] are obtained and wealth[91] follows[92] the mortal.

ਪ੍ਰਭੂ ਦਾ ਨਾਮ ਸੁਣਨ ਦੁਆਰਾ, ਸਾਰੀਆਂ ਕਰਾਮਾਤੀ ਸ਼ਕਤੀਆਂ[90] ਪਰਾਪਤ ਹੋ ਜਾਂਦੀਆਂ ਹਨ ਤੇ ਦੌਲਤ[91] ਪ੍ਰਾਣੀ ਦੇ ਮਗਰ ਆਉਂਦੀ[92] ਹੈ।

ਨਾਇ ਸੁਣਿਐ ਨਉ ਨਿਧਿ[93] ਮਿਲੈ ਮਨ[94] ਚਿੰਦਿਆ[95] ਪਾਵੈ ॥

Hearing the Lord's Name, man is blest with nine treasures[93] and obtains his heart[94]-desired[95] boons.

ਸੁਆਮੀ ਦਾ ਨਾਮ ਸੁਣ ਕੇ, ਬੰਦੇ ਨੂੰ ਨੌਂ ਖ਼ਜ਼ਾਨਿਆਂ[93] ਦੀ ਦਾਤ ਮਿਲ ਜਾਂਦੀ ਹੈ ਤੇ ਉਹ ਆਪਣੇ ਚਿਤ[94]-ਚਾਹੁੰਦੀਆਂ[95] ਮੁਰਾਦਾਂ ਪਾ ਲੈਂਦਾ ਹੈ।

ਨਾਇ ਸੁਣਿਐ ਸੰਤੋਖੁ[96] ਹੋਇ ਕਵਲਾ[97] ਚਰਨ[98] ਧਿਆਵੈ[99] ॥

Hearing the Name, one earns contentment[96] and mammon[97] worships[99] one's feet[98].

ਨਾਮ ਨੂੰ ਸ੍ਰਵਣ ਕਰਨ ਦੁਆਰਾ, ਜੀਵ ਨੂੰ ਸੰਤੁਸ਼ਟਤਾ[96] ਆ ਜਾਂਦੀ ਹੈ ਅਤੇ ਮਾਇਆ[97] ਉਸ ਦੇ ਪੈਰਾਂ[98] ਨੂੰ ਪੂਜਦੀ[99] ਹੈ।

ਨਾਇ ਸੁਣਿਐ ਸਹਜੁ[100] ਊਪਜੈ[2] ਸਹਜੇ[3] ਸੁਖੁ[4] ਪਾਵੈ ॥

Hearing the Lord's Name, poise[100] wells up[2] and one easily[3] obtains peace[4].

ਪ੍ਰਭੂ ਦੇ ਨਾਮ ਨੂੰ ਸੁਣਨ ਦੁਆਰਾ, ਅਡੋਲਤਾ[100] ਉਤਪੰਨ ਹੋ ਆਉਂਦੀ[2] ਹੈ ਅਤੇ ਇਨਸਾਨ ਸੁਖੈਨ[3] ਹੀ ਆਰਾਮ[4] ਪਾ ਲੈਂਦਾ ਹੈ।

ਗੁਰਮਤੀ[5] ਨਾਉ ਪਾਈਐ ਨਾਨਕ ਗੁਣ[6] ਗਾਵੈ ॥੭॥

By the Guru's instruction[5], God's Name is attained and the mortal sings His praises[6].

ਗੁਰਾਂ ਦੇ ਉਪਦੇਸ਼[5] ਦੁਆਰਾ, ਰੱਬ ਦਾ ਨਾਮ ਪਰਾਪਤ ਹੁੰਦਾ ਹੈ ਅਤੇ ਪ੍ਰਾਣੀ ਉਸ ਦੀਆਂ ਸਿਫ਼ਤਾਂ[6] ਗਾਇਨ ਕਰਦਾ ਹੈ।

ਸਲੋਕ ਮਹਲਾ ੧ ॥

Slok 1st Guru.

ਸਲੋਕ ਪਹਿਲੀ ਪਾਤਿਸ਼ਾਹੀ।

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ[7] ਸੰਸਾਰਿ[8] ॥

In pain, man is born, in pain he dies and in pain, he deals with[7] the world[8].

ਤਕਲੀਫ਼ ਅੰਦਰ ਬੰਦਾ ਜੰਮਦਾ ਹੈ, ਤਕਲੀਫ਼ ਵਿਚ ਉਹ ਮਰਦਾ ਹੈ ਅਤੇ ਤਕਲੀਫ਼ ਵਿਚ ਹੀ ਉਹ ਜੱਗ[8] ਨਾਲ ਵਿਹਾਰ ਕਰਦਾ[7] ਹੈ।

ਦੁਖੁ ਦੁਖੁ ਅਗੈ[9] ਆਖੀਐ[10] ਪੜ੍ਹਿ ਪੜ੍ਹਿ[12] ਕਰਹਿ ਪੁਕਾਰ[13] ॥

Pain overpain, he is said[10] to suffer hereafter[9] The more he reads and utters[12], the more he wails[13].

ਤਕਲੀਫ਼ ਉਤੇ ਤਕਲੀਫ਼, ਏਦੂੰ[9] ਮਗਰੋਂ, ਉਠਾਉਂਦਾ ਕਿਹਾ ਜਾਂਦਾ[10] ਹੈ। ਜਿੰਨਾ ਉਹ ਵਾਚਦਾ ਤੇ ਉਚਾਰਦਾ[12] ਹੈ, ਉਨਾਂ ਹੀ ਬਹੁਤਾ ਉਹ ਪਿਟਦਾ[13] ਹੈ।

ਦੁਖ ਕੀਆ ਪੰਡਾ[13*] ਖੁਲ੍ਹੀਆ[14] ਸੁਖੁ ਨ ਨਿਕਲਿਓ[15] ਕੋਇ ॥

For him the packages[13*] of pain are united[14] and no comfort emerges[15] out of them.

ਉਸ ਦੇ ਲਈ ਤਕਲੀਫ਼ ਦੀਆਂ ਗੰਢਾਂ[13*] ਖੁਲ੍ਹ ਜਾਂਦੀਆਂ[14] ਹਨ ਅਤੇ ਉਹਨਾਂ ਵਿਚ ਕੋਈ ਭੀ ਆਰਾਮ ਨਹੀਂ ਨਿਕਲਦਾ[15]।

ਦੁਖ ਵਿਚਿ ਜੀਉ[16] ਜਲਾਇਆ[17] ਦੁਖੀਆ[18] ਚਲਿਆ[19] ਰੋਇ[20] ॥

In pain, the mortal[16] burns[17] and in pain[18] he departs[19] bewailing[20].

ਤਕਲੀਫ਼ ਅੰਦਰ, ਪ੍ਰਾਣੀ[16] ਸੜਦਾ[17] ਹੈ ਅਤੇ ਦੁਖਾਤੁਰ[18] ਹੋ ਉਹ ਵਿਰਲਾਪ ਕਰਦਾ[20] ਤੁਰ ਜਾਂਦਾ[19] ਹੈ।

ਨਾਨਕ ਸਿਫਤੀ[21] ਰਤਿਆ[22] ਮਨੁ[23] ਤਨੁ[24] ਹਰਿਆ[25] ਹੋਇ ॥

Imbued[22] with the Lord's praise[21], O Nanak, one's soul[23] and body[24] are reverdured[25].

ਸਾਹਿਬ ਦੀਆਂ ਸਿਫ਼ਤਾਂ[21] ਨਾਲ ਰੰਗੀਜਣ[22] ਦੁਆਰਾ, ਹੇ ਨਾਨਕ ! ਜੀਵ ਦੀ ਜਿੰਦੜੀ[23] ਤੇ ਦੇਹ[24] ਹਰੇ ਭਰੇ ਹੋ ਜਾਂਦੇ[25] ਹਨ ।

ਦੁਖ ਕੀਆ ਅਗੀ[26] ਮਾਰੀਅਹਿ[27] ਭੀ ਦੁਖੁ ਦਾਰੂ[28] ਹੋਇ ॥੧॥

With the fire[26] of pain, the mortals are scorched to death[27], but pain is also the cure[28] of all ills.

ਪੀੜ ਦੀ ਅੱਗ[26] ਨਾਲ[28], ਪ੍ਰਾਣੀ ਸੜ ਕੇ ਮਰ ਜਾਂਦੇ[27] ਹਨ, ਪਰੰਤੂ ਪੀੜ ਸਾਰੇ ਰੋਗਾਂ ਦੀ ਦਵਾਈ[28] ਭੀ ਹੈ ।

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ ।

ਨਾਨਕ ਦੁਨੀਆ[29] ਭਸੁ[30] ਰੰਗੁ[31] ਭਸੂ ਹੂ ਭਸੁ ਖੇਹ[32] ॥

Nanak, the worldly[29] revelments[31] are but dust[30]. They are altogether dust of dust and ashes[32].

ਨਾਨਕ, ਸੰਸਾਰੀ[29] ਰੰਗ-ਰਲੀਆਂ[31] ਕੇਵਲ ਮਿੱਟੀ[30] ਹੀ ਹਨ । ਉਹ ਨਿਰੀ ਪੁਰੀ ਮਿੱਟੀ ਦੀ ਮਿੱਟੀ ਅਤੇ ਸੁਆਹ[32] ਹਨ ।

ਭਸੋ ਭਸੁ ਕਮਾਵਣੀ[33] ਭੀ ਭਸੁ ਭਰੀਐ[34] ਦੇਹ[35] ॥

The dust of dust, the mortal earns[33] and with dust, he soils[34] his body[35].

ਮਿੱਟੀ ਦੀ ਮਿੱਟੀ ਦੀ ਹੀ, ਪ੍ਰਾਣੀ ਕਮਾਈ ਕਰਦਾ[33] ਹੈ ਅਤੇ ਮਿੱਟੀ ਨਾਲ ਹੀ ਆਪਣੀ ਕਾਇਆਂ[35] ਨੂੰ ਲਬੇੜ ਲੈਂਦਾ[34] ਹੈ ।

ਜਾ[36] ਜੀਉ[37] ਵਿਚਹੁ ਕਢੀਐ[38] ਭਸੂ ਭਰਿਆ ਜਾਇ[39] ॥

When[36] the soul[37] is taken[38] out of the body, it goes[39], sated with the dust of sins.

ਜਦ[36] ਆਤਮਾ[37] ਦੇਹ ਵਿੱਚੋਂ ਬਾਹਰ ਕੱਢ ਲਈ ਜਾਂਦੀ[38] ਹੈ, ਇਹ ਪਾਪਾਂ ਦੀ ਭੁਬਲ ਨਾਲ ਲਿਬੜੀ ਹੋਈ ਜਾਂਦੀ[39] ਹੈ ।

ਅਗੈ[40] ਲੇਖੈ[41] ਮੰਗੀਐ[42] ਹੋਰ ਦਸੂਣੀ[43] ਪਾਇ[44] ॥੨॥

Hereafter[40], when the mortal is asked[42] the account[41], he receives[44] ten times[43] the more dust.

ਏਦੂੰ ਮਗਰੋ[40] ਜਦ ਪ੍ਰਾਣੀ ਕੋਲੋਂ ਹਿਸਾਬ[41] ਪੁਛਿਆ ਜਾਂਦਾ[42] ਹੈ ਤਾਂ ਉਸ ਨੂੰ ਦਸ ਗੁਣੀ[43] ਹੋਰ ਭੁਬਲ ਮਿਲ ਜਾਂਦੀ[44] ਹੈ ।

ਪਉੜੀ ॥

Pauri.

ਪਉੜੀ ।

ਨਾਇ ਸੁਣਿਐ ਸੁਚਿ[45] ਸੰਜਮੋ[46] ਜਮੁ[47] ਨੇੜਿ[48] ਨ ਆਵੈ ॥

Hearing the Lord's Name, man is blessed with purity[45] and self-control[46] and death's courier[47] comes not near[48] him.

ਸਾਹਿਬ ਦਾ ਨਾਮ ਸ੍ਰਵਣ ਕਰਨ ਦੁਆਰਾ, ਇਨਸਾਨ ਨੂੰ ਪਵਿੱਤਰਤਾ[45] ਅਤੇ ਸਵੈ-ਜ਼ਬਤ[46] ਦੀ ਦਾਤ ਮਿਲ ਜਾਂਦੀ ਹੈ ਅਤੇ ਮੌਤ ਦਾ ਦੂਤ[47] ਉਸ ਦੇ ਨਜ਼ਦੀਕ[48] ਨਹੀਂ ਆਉਂਦਾ ।

ਨਾਇ ਸੁਣਿਐ ਘਟਿ[49] ਚਾਨਣਾ[50] ਆਨੇਰੁ[51] ਗਵਾਵੈ[52] ॥

Hearing the Lord's Name, one's mind[49] is illumined[50] and one's darkness[51] is dispelled[52].

ਸਾਂਈਂ ਦਾ ਨਾਮ ਸ੍ਰਵਣ ਕਰਨ ਦੁਆਰਾ, ਜੀਵ ਦਾ ਮਨ[49] ਰੋਸ਼ਨ ਹੋ ਜਾਂਦਾ[50] ਹੈ ਅਤੇ ਉਸ ਦਾ ਅਨ੍ਹੇਰਾ[51] ਦੂਰ ਹੋ ਜਾਂਦਾ[52] ਹੈ ।

ਨਾਇ ਸੁਣਿਐ ਆਪੁ[53] ਬੁਝੀਐ[54] ਲਾਹਾ[55] ਨਾਉ ਪਾਵੈ[56] ॥

Hearing the Lord's Name, one realises[54] one's ownself[53] and attains[56] the profit[55] of the Name.

ਸਾਹਿਬ ਦੇ ਨਾਮ ਨੂੰ ਸੁਣ ਕੇ, ਜੀਵ ਆਪਣੇ ਆਪ[53] ਨੂੰ ਅਨੁਭਵ ਕਰ ਲੈਂਦਾ[54] ਹੈ ਅਤੇ ਨਾਮ ਦੇ ਮੁਨਾਫ਼ੇ[55] ਨੂੰ ਪਾ ਲੈਂਦਾ[56] ਹੈ ।

ਨਾਇ ਸੁਣਿਐ ਪਾਪ[57] ਕਟੀਅਹਿ[58] ਨਿਰਮਲ[59] ਸਚੁ ਪਾਵੈ[60] ॥

Hearing the Lord's Name, the sins[57] are washed off[58] and one meets[60] with the Immaculate[59] True Lord.

ਸੁਆਮੀ ਦੇ ਨਾਮ ਨੂੰ ਸ੍ਰਵਣ ਕਰਨ ਦੁਆਰਾ, ਕਸਮਲ[57] ਧੋਤੇ[58] ਜਾਂਦੇ ਹਨ ਅਤੇ ਜੀਵ ਪਵਿੱਤਰ[59] ਸੱਚੇ ਪ੍ਰਭੂ ਨੂੰ ਮਿਲ ਪੈਂਦਾ[60] ਹੈ ।

ਨਾਨਕ ਨਾਇ ਸੁਣਿਐ ਮੁਖ[61] ਉਜਲੇ[62] ਨਾਉ

O Nanak, hearing the Lord's Name, man's countenance[61] becomes

ਹੇ ਨਾਨਕ ! ਸਾਈਂ ਦਾ ਨਾਮ ਸੁਣਨ ਦੁਆਰਾ, ਮਨੁੱਖ ਦਾ ਚਿਹਰਾ[61] ਰੋਸ਼ਨ[62] ਹੋ ਜਾਂਦਾ ਹੈ । ਗੁਰਾਂ ਦੀ

ਗੁਰਮੁਖਿ[63] ਧਿਆਵੈ[64]॥੮॥	bright[62]. It is through the Guru's grace[63], that he contemplates[64] the Name.	ਦਇਆ[63] ਰਾਹੀਂ ਹੀ, ਉਹ ਨਾਮ ਦਾ ਆਰਾਧਨ ਕਰਦਾ[64] ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਘਰਿ[65] ਨਾਰਾਇਣੁ[66] ਸਭਾ[67] ਨਾਲਿ[68] ॥	In thy house[65], thou keepest the idol of God[66], with[68] all[67] other gods.	ਆਪਣੇ ਧਾਮ[65] ਵਿਚ, ਤੂੰ ਰਬ[66] ਦੇ ਬੁੱਤ ਨੂੰ ਹੋਰ ਸਾਰੇ[67] ਦੇਵਤਿਆਂ ਸਮੇਤ[68] ਰਖਦਾ ਹੈਂ।
ਪੂਜ[69] ਕਰੇ ਰਖੈ ਨਾਵਾਲਿ[70] ॥	Thou, O Pandit, washest[70] it and worshippest[69] it.	ਹੇ ਪੰਡਤ! ਤੂੰ ਇਸ ਨੂੰ ਨੁਹਾਉਂਦਾ[70] ਤੇ ਇਸ ਦੀ ਉਪਾਸ਼ਨਾ ਕਰਦਾ[69] ਹੈਂ।
ਕੰਗੂ[71] ਚੰਨਣੁ[72] ਫੁਲ[73] ਚੜਾਏ[74] ॥	Thou offerest[74] it saffron[71], sandal[72] and flowers[73].	ਤੂੰ ਇਸ ਨੂੰ ਕੇਸਰ[71], ਚੰਦਨ[72] ਅਤੇ ਫੂਲ[73] ਭੇਟਾ ਕਰਦਾ[74] ਹੈਂ।
ਪੈਰੀ[75] ਪੈ ਪੈ[76] ਬਹੁਤੁ[77] ਮਨਾਏ[78] ॥	Falling[76] falling at its feet[75], thou greatly[77] propitiatest[78] it.	ਇਸ ਦੇ ਪੈਰਾਂ[75] ਤੇ ਡਿਗ[76], ਡਿਗ ਕੇ ਤੂੰ ਇਸ ਨੂੰ ਬੜਾ[77] ਪਰਸੰਨ[78] ਕਰਦਾ ਹੈਂ।
ਮਾਣੂਆ[79] ਮੰਗਿ[80] ਮੰਗਿ ਪੈਨੈ[81] ਖਾਇ[82] ॥	Begging[80], begging of men[79], thou wearest[81] and eatest[82].	ਮਨੁੱਖਾਂ[79] ਨੂੰ ਪਿੰਨ[80], ਪਿੰਨ ਕੇ ਤੂੰ ਪਹਿਨਦਾ[81] ਤੇ ਖਾਂਦਾ[82] ਹੈਂ।
ਅੰਧੀ[83] ਕੰਮੀ[84] ਅੰਧ[85] ਸਜਾਇ[86] ॥	For thine dark[83] deeds[84], thou shalt receive unforeseen[85] punishment[86].	ਤੇਰੇ ਕਾਲੇ[83] ਕਰਮਾਂ[84] ਦੀ ਤੈਨੂੰ ਅਣਦੇਖੀ-ਭਾਲੀ[85] ਸਜ਼ਾ[86] ਮਿਲੇਗੀ।
ਭੁਖਿਆ[87] ਦੇਇ ਨ ਮਰਦਿਆ ਰਖੈ[88] ॥	The idol gives not the hungry[87] and saves[88] not the dying.	ਬੁੱਤ ਭੁਖਿਆਂ[87] ਨੂੰ ਦਿੰਦਾ ਨਹੀਂ ਅਤੇ ਮੁਰਦਿਆਂ ਨੂੰ ਬਚਾਉਂਦਾ[88] ਨਹੀਂ।
੧੨੪੧	1241	੧੨੪੧
ਅੰਧਾ ਝਗੜਾ[89] ਅੰਧੀ ਸਥੈ[90] ॥ ੧ ॥	It is a blind wrangling[89] of the society[90] of the blind.	ਇਹ ਅੰਨ੍ਹਿਆਂ ਦੀ ਸਭਾ[90] ਦਾ ਇਕ ਅੰਨ੍ਹਾ ਹੀ ਬਖੇੜਾ[89] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਸਭੇ[91] ਸੁਰਤੀ[92] ਜੋਗ ਸਭਿ ਸਭੇ ਬੇਦ ਪੁਰਾਣ ॥	All[91] understandings[92], all yogas and all the Vedas and the Puranas,	ਸਾਰੀਆਂ[91] ਸਮਝਾਂ[92], ਸਾਰੇ ਯੋਗ ਅਤੇ ਸਾਰੇ ਵੇਦ ਅਤੇ ਪੁਰਾਨ,
ਸਭੇ ਕਰਣੇ[93] ਤਪ[94] ਸਭਿ ਸਭੇ ਗੀਤ[95] ਗਿਆਨ[96] ॥	All the deeds[93], all penances[94] and all the songs[95] and wisdoms[96],	ਸਾਰੇ ਕਰਮ[93], ਸਾਰੀਆਂ ਤਪੱਸਿਆਂ[94] ਅਤੇ ਸਾਰੇ ਗਾਉਣੇ[95] ਅਤੇ ਗਿਆਤਾਂ[96],
ਸਭੇ ਬੁਧੀ[97] ਸੁਧਿ[98] ਸਭਿ ਸਭਿ ਤੀਰਥ[99] ਸਭਿ ਥਾਨ[100] ॥	All intellects[97], all ingenuities[98] all holies[99] and all places[100],	ਸਾਰੀਆਂ ਅਕਲਮੰਦੀਆਂ[97], ਸਾਰੀਆਂ ਪ੍ਰਬੀਨਤਾਈਆਂ[98], ਸਾਰੇ ਧਰਮ ਅਸਥਾਨ[99] ਅਤੇ ਸਾਰੇ ਅਸਥਾਨ[100],
ਸਭਿ ਪਾਤਿਸਾਹੀਆ[2] ਅਮਰ[3] ਸਭਿ ਸਭਿ ਖੁਸੀਆ[4] ਸਭਿ ਖਾਨ[5] ॥	All kingdoms[2], all commands[3], all joys[4] and all delicacies[5],	ਸਾਰੇ ਰਾਜ ਭਾਗ[2], ਸਾਰੇ ਫੁਰਮਾਨ[3], ਸਾਰੀਆਂ ਰੰਗ ਰਲੀਆਂ[4] ਅਤੇ ਸਾਰੇ ਖਾਣੇ[5],
ਸਭੇ ਮਾਣਸ[6] ਦੇਵ[7] ਸਭਿ ਸਭੇ ਜੋਗ[8] ਧਿਆਨ[9] ॥	All mortals,[6] all deities[7], all unions[8] and all inclination[9],	ਸਾਰੇ ਪ੍ਰਾਣੀ[6], ਸਮੂਹ ਦੇਵਤੇ[7], ਸਾਰੇ ਮੇਲ ਮਿਲਾਪ[8] ਅਤੇ ਸਮੂਹ ਰੁਚੀਆਂ[9],
ਸਭੇ ਪੁਰੀਆ[10] ਖੰਡ[12]	All the worlds[10], all the continents[12]	ਸਾਰੇ ਸੰਸਾਰ[10], ਸਾਰੇ ਮਹਾਂਦੀਪ[12] ਅਤੇ ਆਲਮ[14] ਦੇ

ਸਭਿ ਸਭੇ ਜੀਅ[13] ਜਹਾਨ[14] ॥	and all the beings[13] of the universe[14].	ਸਮੂਹ ਜੀਵ ਜੰਤੂ[13],
ਹੁਕਮਿ[15] ਚਲਾਏ[16] ਆਪਣੈ ਕਰਮੀ[17] ਵਹੈ[18] ਕਲਾਮ[19]॥	All of them, the Lord drives[16] according to His will[15] and His pen[19] flows[18] as are our deeds[17].	ਸਾਰਿਆਂ ਨੂੰ ਸੁਆਮੀ ਆਪਣੀ ਰਜ਼ਾ[15] ਅਨੁਸਾਰ ਤੋਰਦਾ[16] ਹੈ ਅਤੇ ਉਸ ਦੀ ਕਲਮ[19] ਸਾਡੇ ਅਮਲਾਂ[17] ਅਨੁਕੂਲ ਵਗਦੀ[18] ਹੈ ।
ਨਾਨਕ ਸਚਾ[20]ਸਚਿ ਨਾਇ[21] ਸਚੁ ਸਭਾ[22] ਦੀਬਾਨੁ[23] ॥ ੨ ॥	Nanak, True[20] is the Lord, True is His Name[21] and True is His congregation[22] and His court[23].	ਨਾਨਕ ਸੱਚ[20] ਹੈ ਸੁਆਮੀ, ਸੱਚਾ ਹੈ ਉਸ ਦਾ ਨਾਮ[21] ਅਤੇ ਸੱਚੀ ਹੈ ਉਸ ਦੀ ਸੰਗਤ[22] ਅਤੇ ਦਰਗਾਹ[23] ।
ਪਉੜੀ ॥	Pauri	ਪਉੜੀ ।
ਨਾਇ ਮੰਨਿਐ[24] ਸੁਖੁ ਊਪਜੈ[25] ਨਾਮੇ ਗਤਿ[26] ਹੋਈ ॥	Worshipping[24] the Lord's Name, peace wells[25] up and through the Name, one is emancipated[26].	ਪ੍ਰਭੂ ਦਾ ਨਾਮ ਪੂਜਣ[24] ਦੁਆਰਾ, ਆਰਾਮ ਉਤਪੰਨ ਹੋ ਜਾਂਦਾ[25] ਹੈ ਅਤੇ ਨਾਮ ਦੇ ਰਾਹੀਂ, ਜੀਵ ਦੀ ਕਲਿਆਣ ਹੋ ਜਾਂਦੀ[26] ਹੈ ।
ਨਾਇ ਮੰਨਿਐ ਪਤਿ[27] ਪਾਈਐ ਹਿਰਦੈ[28] ਹਰਿ ਸੋਈ[29] ॥	Adoring the Lord's Name, honour[27] is obtained and He[29], the Lord is enshrined in the mind[28].	ਪ੍ਰਭੂ ਦੇ ਨਾਮ ਦੀ ਉਪਾਸ਼ਨਾ ਕਰਨ ਦੁਆਰਾ, ਇੱਜ਼ਤ[27] ਪਰਾਪਤ ਹੁੰਦੀ ਹੈ ਅਤੇ ਉਹ[29], ਪ੍ਰਭੂ ਮਨ[28] ਅੰਦਰ ਆ ਟਿਕਦਾ ਹੈ ।
ਨਾਇਮੰਨਿਐ[30] [31]ਭਵਜਲੁ[32] ਲੰਘੀਐ[33] ਫਿਰਿ[34] ਬਿਘਨੁ[35] ਨ ਹੋਈ[36] ॥	Contemplating[30] the Name, the terrible[31] world-ocean[32] is crossed[33] and[34] no hinderance[35] befalls[36] one.	ਨਾਮ ਦਾ ਸਿਮਰਨ[30] ਕਰਨ ਦੁਆਰਾ, ਭਿਆਨਕ[31] ਸੰਸਾਰ ਸਮੁੰਦਰ[32] ਤੋਂ ਪਾਰ ਹੋ ਜਾਈਦਾ[33] ਹੈ ਅਤੇ[34] ਆਦਮੀ ਨੂੰ ਕੋਈ ਔਕੜ[35] ਪੇਸ਼ ਨਹੀਂ ਆਉਂਦੀ[36] ।
ਨਾਇ ਮੰਨਿਐ[37] ਪੰਥੁ[38] ਪਰਗਟਾ[39] ਨਾਮੇ ਸਭ[40] ਲੋਈ[41] ॥	Believing[37] in the Name, the Lord's path[38] becomes manifest[39] and through the Name, one's mind is all[40]-illumined[41].	ਨਾਮ ਵਿਚ ਭਰੋਸਾ ਧਾਰਨ ਕਰਨ[37] ਦੁਆਰਾ, ਪ੍ਰਭੂ ਦਾ ਮਾਰਗ[38] ਪ੍ਰਤੱਖ[39] ਹੋ ਜਾਂਦਾ ਹੈ ਅਤੇ ਨਾਮ ਦੇ ਰਾਹੀਂ, ਮਨੁੱਖ ਦਾ ਮਨ ਸਾਰਾ[40] ਪਰਕਾਸ਼ਵਾਨ ਹੋ ਜਾਂਦਾ[41] ਹੈ ।
ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ[42] ਦੇਵੈ[43] ਸੋਈ[44] ॥੯॥	Nanak, meeting with the True Guru, the Name is meditated upon. But he alone obtains the Name, whom[42] He[44], the Lord, blesses with[43] it.	ਨਾਨਕ, ਸੱਚੇ ਗੁਰਾਂ ਨਾਲ ਮਿਲਣ ਦੁਆਰਾ, ਨਾਮ ਦਾ ਆਰਾਧਨ ਕੀਤਾ ਜਾਂਦਾ ਹੈ । ਕੇਵਲ ਉਸ ਨੂੰ ਹੀ ਨਾਮ ਮਿਲਦਾ ਹੈ, ਜਿਸ[42] ਨੂੰ ਉਹ[44] ਸੁਆਮੀ ਇਸ ਦੀ ਦਾਤ ਦਿੰਦਾ[43] ਹੈ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਪੁਰੀਆ[45] ਖੰਡਾ[46] ਸਿਰਿ[47] ਕਰੇ ਇਕ ਪੈਰਿ ਧਿਆਏ[48]॥	Man walks headlong[47] through the continents[46] of the world[45]. He contemplates[48] the Lord, standing on one foot.	ਮਨੁਖ ਸੰਸਾਰ[45] ਦੇ ਮਹਾਂਦੀਪਾਂ[46] ਅੰਦਰ ਸੀਸ ਪਰਨੇ[47] ਫਿਰਦਾ ਹੈ । ਉਹ ਇਕ ਲਤ ਤੇ ਖੜਾ ਹੋ, ਰੱਬ ਦਾ ਆਰਾਧਨ ਕਰਦਾ[48] ਹੈ ।
ਪਉਣੁ[49] ਮਾਰਿ[50] ਮਨਿ[51] ਜਪੁ[52] ਕਰੇ ਸਿਰੁ[53] ਮੁੰਡੀ[54] ਤਲੈ[55] ਦੇਇ[56] ॥	Controlling[50] his wind-like[49] mercurial mind, he remembers[52] God in his mind[51], lowering[56] his head[53] below[55] his neck[54].	ਆਪਣੇ ਹਵਾ-ਵਰਗੇ[49] ਚੰਚਲ ਮਨੂਏ ਨੂੰ ਕਾਬੂ ਕਰਕੇ[50] ਆਪਣਾ ਸੀਸ[53] ਗਿੱਚੀਓਂ[54] ਹੇਠਾਂ[55] ਕਰ[56], ਉਹ ਆਪਣੇ ਚਿੱਤ[51] ਅੰਦਰ ਰੱਬ ਨੂੰ ਯਾਦ ਕਰਦਾ[52] ਹੈ ।

ਕਿਸੁ ਉਪਰਿ ਓਹੁ ਟਿਕ[57] ਟਿਕੈ ਕਿਸ ਨੋ ਜੋਰੁ[58] ਕਰੇਇ ॥

On whom does he lean[57] ? Whom does he want to force[58] ?

ਕੀਹਦੇ ਉਤੇ ਉਹ ਟੇਕ ਰਖਦਾ[57] ਹੈ ? ਉਹ ਕੀਹਨੂੰ ਮਜਬੂਰ[58] ਕਰਨਾ ਚਾਹੁੰਦਾ ਹੈ ?

ਕਿਸਨੋ[59] ਕਹੀਐ[60] ਨਾਨਕਾ ਕਿਸ ਨੋ[61] ਕਰਤਾ[62] ਦੇਇ[63] ॥

How[59] can it be said[60], O Nanak, to whom[61] will the Creator[62] Lord bless with[63] his bounties ?

ਇਹ ਕਿਸ ਤਰ੍ਹਾਂ[59] ਆਖਿਆ ਜਾ ਸਕਦਾ[60] ਹੈ,ਹੇ ਨਾਨਕ ! ਕਿ ਸਿਰਜਣਹਾਰ-ਸੁਆਮੀ[62] ਕੀਹਨੂੰ[61] ਆਪਣੀ ਦਾਤ ਬਖ਼ਸ਼ੇਗਾ[63] ?

ਹੁਕਮਿ[64] ਰਹਾਏ[65] ਆਪਣੈ ਮੂਰਖੁ[66] ਆਪੁ ਗਣੇਇ[67] ॥ ੧ ॥

The Lord keeps[65] all under His command[64] but the fool[66] displays[67] his ownself.

ਸੁਆਮੀ ਸਾਰਿਆਂ ਨੂੰ ਆਪਣੇ ਫੁਰਮਾਨ[64] ਹੇਠਾਂ ਰਖਦਾ[65] ਹੈ, ਪ੍ਰੰਤੂ ਮੂਰਖ[66] ਆਪਣੇ ਆਪ ਨੂੰ ਜਣਾਉਂਦਾ[67] ਹੈ ।

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ ।

ਹੈ ਹੈ ਆਖਾਂ[68] ਕੋਟਿ[69] ਕੋਟਿ ਕੋਟੀ ਹੂ ਕੋਟਿ ਕੋਟਿ ॥

If myriads[69] over myriads and millions, millions, millions times I say[68] that God is, my God is.

ਜੇਕਰ ਮੈਂ ਕੋਟਾਂ[69] ਉਤੇ ਕੋਟਾਂ ਅਤੇ ਕ੍ਰੋੜਾਂ, ਕ੍ਰੋੜਾਂ, ਕ੍ਰੋੜਾਂ ਵਾਰੀ ਕਹਾਂ[68] ਕਿ ਵਾਹਿਗੁਰੂ ਹੈ, ਮੇਰਾ ਵਾਹਿਗੁਰੂ ਹੈ ।

ਆਖੂੰ[70] ਆਖਾਂ[74] ਸਦਾ ਸਦਾ[71] ਕਹਣਿ[72] ਨ ਆਵੈ ਤੋਟਿ[73] ॥ ਨਾ ਹਉ ਥਕਾਂ[75] ਨ ਠਾਕੀਆ[76] ਏਵਡ[77] ਰਖਹਿ[78] ਜੋਤਿ[79] ॥

And with my mouth[70] I utter[74] for ever and aye[71] and there be no end[73] to this utterance[72] and so great[77] be[78] my tenacity[79] that I tire[75] not of uttering and be held not in check[76].

ਅਤੇ ਆਪਣੇ ਮੂੰਹ[70] ਨਾਲ, ਹਮੇਸ਼ਾ ਤੇ[71] ਹਮੇਸ਼ਾ ਲਈ ਮੈਂ ਕਹਾਂ ਅਤੇ ਇਸ ਆਖਣ[72] ਦਾ ਕੋਈ ਓੜਕ[73] ਨਾ ਹੋਵੇ ਅਤੇ ਏਡੀ ਵਡੀ[77] ਮੇਰੀ ਦ੍ਰਿੜ੍ਹਤਾ[79] ਹੋਵੇ[78] ਕਿ ਆਖਦਾ ਹੋਇਆ, ਮੈਂ ਹਾਰਾਂ[75] ਹੀ ਨਾ ਅਤੇ ਰੋਕਿਆ[76] ਭੀ ਨਾ ਜਾਵਾਂ ।

ਨਾਨਕ ਚਸਿਅਹੁ[80] ਚੁਖ[81] ਬਿੰਦ[82] ਉਪਰਿ[83] ਆਖਣੁ[84] ਦੋਸੁ[85] ॥

This, O Nanak, is but a particle[80], a trice[81] and an iota[82] of God's glory. To claim, to say[84] more[83] than this is but a sin[85].

ਇਹ, ਹੇ ਨਾਨਕ ! ਪ੍ਰਭੂ ਦੀ ਪ੍ਰਭਤਾ ਦਾ ਇਕ ਕਿਣਕਾ[80], ਇਕ ਭੋਰਾ[81] ਤੇ ਇਕ ਰੇਚਕ-ਮਾਤ੍ਰ[82] ਹੀ ਹੈ । ਏਦੂੰ ਵਧ[83] ਕਹਿਣ[84] ਦਾ ਦਾਹਵਾ ਕਰਨਾ ਨਿਰਾਪੁਰਾ ਪਾਪ[85] ਹੈ ।

ਪਉੜੀ ॥

Pauri.

ਪਉੜੀ ।

ਨਾਇ ਮੰਨਿਐ[86] ਕੁਲੁ[87] ਉਧਰੈ[88] ਸਭੁ[89] ਕੁਟੰਬੁ[90] ਸਬਾਇਆ[91] ॥

Adoring[86] the Lord's Name, the entire[89] lineage[87] and all[91] generations[90] are redeemed[88].

ਪ੍ਰਭੂ ਦੇ ਨਾਮ ਦੀ ਪੂਜਾ ਕਰਨ[86] ਦੁਆਰਾ, ਸਮੂਹ[91] ਵੰਸ਼[87] ਅਤੇ ਸਾਰੀਆਂ[89] ਪੀੜ੍ਹੀਆਂ[90] ਪਾਰ ਉਤਰ ਜਾਂਦੀਆਂ[88] ਹਨ ।

ਨਾਇ ਮੰਨਿਐ ਸੰਗਤਿ[92] ਉਧਰੈ ਜਿਨ ਰਿਦੈ[93] ਵਸਾਇਆ[94] ॥

He, who adores the Name and enshrines[94] it in his mind[93] ; through his association[92] all are redeemed.

ਜੋ ਨਾਮ ਨੂੰ ਪੂਜਦਾ ਅਤੇ ਇਸ ਨੂੰ ਆਪਣੇ ਮਨ[93] ਵਿਚ ਟਿਕਾਉਂਦਾ[94] ਹੈ; ਉਸ ਦੇ ਮੇਲ ਮਿਲਾਪ[92] ਰਾਹੀਂ ਸਾਰੇ ਹੀ ਪਾਰ ਉਤਰ ਜਾਂਦੇ ਹਨ ।

ਨਾਇ ਮੰਨਿਐ ਸੁਣਿ ਉਧਰੇ[95] ਜਿਨ ਰਸਨ[96] ਰਸਾਇਆ[97] ॥

They who adore the Name, who hear the Name and whose tongue[96] is delighted[97] with the Name; They all are emancipated[95].

ਜੋ ਨਾਮ ਨੂੰ ਪੂਜਦੇ ਹਨ, ਜੋ ਨਾਮ ਨੂੰ ਸੁਣਦੇ ਹਨ ਅਤੇ ਜਿੰਨਾ ਦੀ ਜੀਭਾ[96] ਨਾਮ ਨਾਲ ਪ੍ਰਸੰਨ ਹੋਈ[97] ਹੈ; ਉਹ ਸਾਰੇ ਮੁਕਤ ਹੋ ਜਾਂਦੇ[95] ਹਨ ।

ਨਾਇ ਮੰਨਿਐ[98] ਦੁਖ[99] ਭੁਖ[100] ਗਈ[2] ਜਿਨ ਨਾਮਿ ਚਿਤੁ[3] ਲਾਇਆ[4] ॥	He who believes[98] in the Name and who attaches[4] his mind[3] with the Name; he is rid of[2] sorrow[99] and hunger[100].	ਜੋ ਨਾਮ ਵਿਚ ਭਰੋਸਾ ਧਾਰਦਾ[98] ਹੈ ਅਤੇ ਜੋ ਨਾਮ ਨਾਲ ਆਪਣਾ ਮਨ[3] ਜੋੜਦਾ[4] ਹੈ; ਉਹ ਦੁਖੜੇ[99] ਤੇ ਭੁਖ[100] ਤੋਂ ਖ਼ਲਾਸੀ ਪਾ ਜਾਂਦਾ[2] ਹੈ।
ਨਾਨਕ ਨਾਮੁ ਤਿਨੀ[5] ਸਾਲਾਹਿਆ[6] ਜਿਨ ਗੁਰੂ ਮਿਲਾਇਆ[7] ॥੧੦॥	Nanak, they[5] alone praise[6] the Lord's Name, whom the Lord makes meet[7] the Guru.	ਨਾਨਕ ਕੇਵਲ ਉਹ[5] ਹੀ ਪ੍ਰਭੂ ਦੇ ਨਾਮ ਦੀ ਮਹਿਮਾ ਕਰਦੇ[6] ਹਨ ਜਿਨ੍ਹਾਂ ਨੂੰ ਪ੍ਰਭੂ, ਗੁਰਾਂ ਨਾਲ ਮਿਲਾ ਦਿੰਦਾ[7] ਹੈ।
ਸਲੋਕ ਮਹਲਾ ੧	Slok 1st Guru.	ਸਲੋਕ ਪਹਿਲੀ ਪਾਤਿਸ਼ਾਹੀ।
ਸਭੇ[8] ਰਾਤੀ ਸਭਿ ਦਿਹ ਸਭਿ ਥਿਤੀ[9] ਸਭਿ ਵਾਰ[10]॥	All[8] nights, all days, all lunar days[9] and all week days[10];	ਸਾਰੀਆਂ[8] ਰਾਤਾਂ, ਸਾਰੇ ਦਿਹਾੜੇ, ਸਾਰੀਆਂ ਤਿਥਾਂ[9] ਅਤੇ ਹਫ਼ਤੇ ਦੇ ਸਾਰੇ ਦਿਨ[10],
ਸਭੇ ਰੁਤੀ[12] ਮਾਹ[13] ਸਭਿ ਸਭਿ ਧਰਤੀ[14] ਸਭਿ ਭਾਰ[15] ॥	All seasons[12], all months[13], the entire earth[14] and all its loads[15];	ਸਾਰੇ ਮੌਸਮ[12], ਸਾਰੇ ਮਹੀਨੇ[13], ਸਾਰੀ ਜ਼ਮੀਨ[14] ਅਤੇ ਇਸ ਦੇ ਸਾਰੇ ਬੋਝ[15];
ਸਭੇ ਪਾਣੀ[16] ਪਉਣ[17] ਸਭਿ ਸਭਿ ਅਗਨੀ[18] ਪਾਤਾਲ[19] ॥	All waters[16] all winds[17], all the fires[18] and underworlds[19];	ਸਾਰੇ ਜਲ[16], ਸਾਰੀਆਂ ਹਵਾਵਾਂ[17] ਸਾਰੀਆਂ ਅੱਗਾਂ[18] ਅਤੇ ਪਾਤਾਲ[19];
ਸਭੇ ਪੁਰੀਆ[20] ਖੰਡ[21] ਸਭਿ ਸਭਿ ਲੋਅ[22] ਲੋਅ[23] ਆਕਾਰ[24] ॥	All spheres[20], all divisions of earth[21] and all worlds[22], men[23] and forms[24];	ਸਾਰੇ ਗੋਲਾਕਾਰ[20], ਧਰਤੀ ਦੇ ਸਾਰੇ ਹਿੱਸੇ[21] ਤੇ ਸਾਰੇ ਜਹਾਨ[22], ਲੋਕ[23] ਅਤੇ ਸਰੂਪ[24];
ਹੁਕਮੁ[25] ਨ ਜਾਪੀ[26] ਕੇਤੜਾ[27] ਕਹਿ[28] ਨ ਸਕੀਜੈ[29] ਕਾਰ[30] ॥	How great[27] is the Lord's command[25], over them all can be known[26] not, nor can[29] the Lord's deeds[30] be described[28].	ਕਿੱਡਾ ਵੱਡਾ[27] ਹੈ ਪ੍ਰਭੂ ਦਾ ਹੁਕਮ[25], ਉਨ੍ਹਾਂ ਸਾਰਿਆਂ ਦੇ ਉਤੇ, ਜਾਣਿਆ[26] ਨਹੀਂ ਜਾ ਸਕਦਾ, ਨਾ ਹੀ ਪ੍ਰਭੂ ਦੇ ਕੰਮ[30] ਬਿਆਨ ਕੀਤੇ[28] ਜਾ ਸਕਦੇ[29] ਹਨ।
ਆਖਹਿ[31] ਥਕਹਿ[32] ਆਖਿ ਆਖਿ ਕਰਿ ਸਿਫਤੀ[33] ਵੀਚਾਰ[34] ॥	Uttering[31], uttering, uttering[34] the Lord's praises[33] and deliberating over them good many have grown weary[32].	ਸਾਹਿਬ ਦੀਆਂ ਸਿਫ਼ਤਾਂ[33] ਨੂੰ ਉਚਾਰਦੇ[31] ਉਚਾਰਦੇ ਅਤੇ ਉਨ੍ਹਾਂ ਨੂੰ ਸੋਚਦੇ ਸਮਝਦੇ[34] ਅਨੇਕਾਂ ਹੀ ਹਾਰ ਹੁਟ[32] ਗਏ ਹਨ।
ਤ੍ਰਿਣੁ[35] ਨ ਪਾਇਉ[36] ਬਪੁੜੀ[37] ਨਾਨਕੁ ਕਹੈ[38] ਗਵਾਰ[39] ॥੧॥	Says[38] Nanak, the poor[37] fools[39], can find[36] not even an iota[35] of the Lord's limit.	ਗੁਰੂ ਜੀ ਫ਼ੁਰਮਾਉਂਦੇ[38] ਹਨ; ਵਿਚਾਰੇ[37] ਮੂਰਖ[39], ਸਾਹਿਬ ਦੇ ਓੜਕ ਨੂੰ ਇਕ ਭੋਰਾ[35] ਭਰ ਭੀ ਨਹੀਂ ਪਾ ਸਕਦੇ[36]।
ਮਹਲਾ ੧ ॥	1st Guru	ਪਹਿਲੀ ਪਾਤਿਸ਼ਾਹੀ।
ਅਖੀ[40] ਪਰਣੈ ਜੇ ਫਿਰਾਂ[42] ਦੇਖਾਂ ਸਭੁ ਆਕਾਰੁ[41] ॥	If I walk[42] on my eyes[40] and see all the forms[41] this wise;	ਜੇਕਰ ਆਪਣਿਆਂ ਨੇਤਰਾਂ[40] ਦੇ ਭਾਰ ਟੁਰਾਂ[42] ਅਤੇ ਸਾਰੇ ਸਰੂਪ[41] ਇਸ ਤਰ੍ਹਾਂ ਵੇਖਾਂ;
ਪੁਛਾਂ[43] ਗਿਆਨੀ[44] ਪੰਡਤਾਂ[45]	If I ask[43] the divines[44] and men of	ਜੇਕਰ ਮੈਂ ਬ੍ਰਹਮ-ਬੇਤਿਆਂ[44] ਅਤੇ ਵਿਦਵਾਨਾਂ[45] ਤੋਂ ਪਤਾ

ਪੁਛਾ ਬੇਦ ਬੀਚਾਰ[46] ॥	tellers[45] and ask also the reflectors[46] of the Vedas;	ਕਰਾਂ[43] ਅਤੇ ਵੇਦਾਂ ਨੂੰ ਵਿਚਾਰਣ ਵਾਲਿਆਂ[46] ਤੋਂ ਭੀ ਪਤਾ ਲਵਾਂ;
ਪੁਛਾ ਦੇਵਾਂ[47] ਮਾਣਸਾਂ[48] ਜੋਧ[49] ਕਰਹਿ[50] ਅਵਤਾਰ[51] ॥	If I question gods[47], men[48], warriors[49] and the prophets[51] created[50] by the Lord;	ਜੇਕਰ ਮੈਂ ਦੇਵਤਿਆਂ[47] ਇਨਸਾਨਾਂ[48], ਯੋਧਿਆਂ[49] ਅਤੇ ਪ੍ਰਭੂ ਦੇ ਰਚੇ ਹੋਏ[50] ਪੈਗੰਬਰਾਂ[51] ਤੇ ਸੁਆਲ ਕਰਾਂ;
ਸਿਧ[52] ਸਮਾਧੀ[53] ਸਭਿ ਸੁਣੀ[54] ਜਾਇ ਦੇਖਾਂ ਦਰਬਾਰੁ[55] ॥	If I consult[54] all the perfect persons[52], wrapt in trance[53] and go and see the Lord's court[55];	ਜੇਕਰ ਮੈਂ ਤਾੜੀ[53] ਅੰਦਰ ਲੀਨ ਸਾਰੇ ਪੂਰਨ ਪੁਰਸ਼ਾਂ[52] ਦੀ ਸਲਾਹ ਲਵਾਂ[54] ਅਤੇ ਜਾ ਕੇ ਸਾਂਈਂ ਦੀ ਦਰਗਾਹ[55] ਨੂੰ ਵੇਖਾਂ;
ਅਗੈ[56] ਸਚਾ ਸਭਿ ਨਾਇ[57] ਨਿਰਭਉ[58] ਭੈ ਵਿਣੁ[59] ਸਾਰੁ[60] ॥	Then would I know, that hereafter[56] the True, Dauntless[58], Fear-free[59] and Sublime[60] Lord accepts only the True Name[57].	ਤਦ ਮੈਨੂੰ ਪਤਾ ਲਗੇਗਾ ਕਿ ਪ੍ਰਲੋਕ[56] ਵਿਚ ਸੱਚਾ, ਨਿਧੜਕ[58], ਡਰ-ਰਹਿਤ[59] ਅਤੇ ਸਰੇਸ਼ਟ[60] ਸੁਆਮੀ ਕੇਵਲ ਸੱਚੇ ਨਾਮ[57] ਨੂੰ ਹੀ ਪਰਵਾਨ ਕਰਦਾ ਹੈ।
੧੨੪੨	**1242**	**੧੨੪੨**
ਹੋਰ[61] ਕਚੀ[62] ਮਤੀ[63] ਕਚੁ[64] ਪਿਚੁ[65] ਅੰਧਿਆ[66] ਅੰਧੁ[67] ਬੀਚਾਰੁ[68] ॥	False[62], immature[64] and shallow[65] is all other[61] intellect[63]. Blind[67] is the reflection[68] of the blind person[66].	ਕੂੜੀ[62], ਨਾ-ਤਜਰਬਾਕਾਰ[64] ਅਤੇ ਹੋਛੀ[65] ਹੈ ਹੋਰ ਸਾਰੀ ਅਕਲ[63]। ਅੰਨ੍ਹੀ[67] ਹੈ ਸੋਚ ਵੀਚਾਰ[68] ਅੰਨ੍ਹੇ ਪੁਰਸ਼[66] ਦੀ।
ਨਾਨਕ ਕਰਮੀ[69] ਬੰਦਗੀ[70] ਨਦਰਿ[71] ਲੰਘਾਏ[72] ਪਾਰਿ ॥੨॥	Nanak, by the Lord's grace[69], man is blessed with His meditation[70] and by His grace[71] he is ferried across[72].	ਨਾਨਕ, ਸੁਆਮੀ ਦੀ ਰਹਿਮਤ[69] ਦੁਆਰਾ, ਮਨੁੱਖ ਨੂੰ ਉਸ ਦੇ ਸਿਮਰਨ[70] ਦੀ ਦਾਤ ਮਿਲਦੀ ਹੈ ਅਤੇ ਉਸ ਦੀ ਰਹਿਮਤ[71] ਦੁਆਰਾ ਹੀ ਉਸਦਾ ਪਾਰ ਉਤਾਰਾ ਹੁੰਦਾ[72] ਹੈ।
ਪਉੜੀ ॥	Pauri.	ਪਉੜੀ।
ਨਾਇ ਮੰਨਿਐ[73] ਦੁਰਮਤਿ[74] ਗਈ[75] ਮਤਿ[76] ਪਰਗਟੀ[77] ਆਇਆ ॥	Believing in the Lord's Name, evil[73]-intellect[74] is eradicated[75] and wisdom[76] becomes manifest[77].	ਪ੍ਰਭੂ ਦੇ ਨਾਮ ਤੇ ਭਰੋਸਾ ਧਾਰਨ ਕਰਨ ਦੁਆਰਾ, ਖੋਟੀ[73] ਬੁੱਧੀ[74] ਨਾਸ ਹੋ ਜਾਂਦੀ[75] ਹੈ ਅਤੇ ਸਿਆਣਪ[76] ਪਰਕਾਸ਼[77] ਹੋ ਜਾਂਦੀ ਹੈ।
ਨਾਉ ਮੰਨਿਐ ਹਉਮੈ[78] ਗਈ[79] ਸਭਿ ਰੋਗ[80] ਗਵਾਇਆ[81] ॥	Believing in the Name, ego[78] is eliminated[79] and one is rid of[81] all the ailments[80].	ਨਾਮ ਤੇ ਯਕੀਨ ਕਰਨ ਨਾਲ, ਹੰਕਾਰ[78] ਨਵਿਰਤ ਹੋ ਜਾਂਦਾ[79] ਹੈ ਅਤੇ ਬੰਦਾ ਸਾਰੀਆਂ ਬੀਮਾਰੀਆਂ[80] ਤੋਂ ਛੁਟਕਾਰਾ ਪਾ ਜਾਂਦਾ[81] ਹੈ।
ਨਾਇ ਮੰਨਿਐ ਨਾਮੁ ਊਪਜੈ[82] ਸਹਜੇ[83] ਸੁਖੁ[84] ਪਾਇਆ ॥	Believing in the Name, the Name wells[82] up in man and he easily[83] obtains peace[84].	ਨਾਮ ਤੇ ਭਰੋਸਾ ਰਖਣ ਦੁਆਰਾ, ਜੀਵ ਅੰਦਰ ਨਾਮ ਉਤਪੰਨ ਹੋ ਆਉਂਦਾ[82] ਹੈ ਅਤੇ ਉਹ ਸੁਖੈਨ[83] ਹੀ ਆਰਾਮ[84] ਨੂੰ ਪਰਾਪਤ ਹੋ ਜਾਂਦਾ ਹੈ।
ਨਾਇ ਮੰਨਿਐ ਸਾਂਤਿ[85] ਊਪਜੈ ਹਰਿ ਮੰਨਿ ਵਸਾਇਆ[86] ॥	Believing in the Name, tranquillity[85] wells up in one and the Name is enshrined[86] in one's mind.	ਨਾਮ ਤੇ ਭਰੋਸਾ ਰਖਣ ਦੁਆਰਾ, ਜੀਵ ਅੰਦਰ ਠੰਡ-ਚੈਨ[85] ਪੈਦਾ ਹੋ ਜਾਂਦੀ ਹੈ ਅਤੇ ਨਾਮ ਉਸ ਦੇ ਚਿਤ ਵਿਚ ਟਿਕ ਜਾਂਦਾ[86] ਹੈ।
ਨਾਨਕ ਨਾਮ ਰਤੰਨੁ[87] ਹੈ ਗੁਰਮੁਖਿ[88] ਹਰਿ ਧਿਆਇਆ[89] ॥੧੧॥	Nanak, the Lord's Name is the jewel[87] and God is meditated[89] upon by the Guru's grace[88].	ਨਾਨਕ, ਪ੍ਰਭੂ ਦਾ ਨਾਮ ਜਵੇਹਰ[87] ਹੈ ਅਤੇ ਵਾਹਿਗੁਰੂ ਗੁਰਾਂ ਦੀ ਦਇਆ ਦੁਆਰਾ[88] ਸਿਮਰਿਆ ਜਾਂਦਾ[89] ਹੈ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਹੋਰੁ[92] ਸਰੀਕੁ[90] ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ[91] ॥

If there be any other[92] equal[90] of Thine, O Lord, I may utter[91] Thy praise before him.

ਜੇਕਰ ਕੋਈ ਹੋਰ ਤੇਰੇ[92] ਬਰਾਬਰ[90] ਦਾ ਹੋਵੇ; ਹੇ ਪ੍ਰਭੂ! ਤਦ ਉਸ ਦੇ ਮੂਹਰੇ ਮੈਂ ਤੇਰੀ ਮਹਿਮਾ ਉਚਾਰਨ ਕਰਾਂ[91]।

ਤੁਧ ਅਗੈ ਤੁਧੈ ਸਾਲਾਹੀ[93] ਮੈ ਅੰਧ[94] ਨਾਉ ਸੁਜਾਖਾ[95]॥

I praise[93] Thee before Thee, O Lord. Through Thine Name, I, the blind one[94], have become a seer[95].

ਤੇਰੇ ਮੂਹਰੇ ਮੈਂ ਤੇਰੀ ਕੀਰਤੀ ਕਰਦਾ[93] ਹਾਂ, ਹੇ ਸੁਆਮੀ! ਤੇਰੇ ਨਾਮ ਦੇ ਰਾਹੀਂ, ਮੈਂ ਅੰਨ੍ਹਾ[94], ਵੇਖਣ ਵਾਲਾ[95] ਹੋ ਗਿਆ ਹਾਂ।

ਜੇਤਾ[96] ਆਖਣੁ[97] ਸਾ[98] ਹੀ[99] ਸਬਦੀ[100] ਭਾਖਿਆ[2] ਭਾਇ[3] ਸੁਭਾਈ[4] ॥

Whatever[96] is uttered[97] in Thy praise, O Lord, that[98] is[99] through words[100]. Uttering[2] Thy praise with love[3], one is embellished[4]

ਜੋ ਕੁਛ[96] ਤੇਰੀ ਮਹਿਮਾ ਵਿਚ ਕਿਹਾ ਜਾਂਦਾ[97] ਹੈ, ਉਹ[98] ਲਫ਼ਜ਼ਾਂ[100] ਦੁਆਰਾ ਹੀ[99] ਹੈ, ਹੇ ਪ੍ਰਭੂ! ਪਿਆਰ[3] ਨਾਲ ਤੇਰੀ ਮਹਿਮਾ ਉਚਾਰਨ ਕਰਨ[2] ਦੁਆਰਾ, ਜੀਵ ਸਸ਼ੋਭਤ ਹੋ ਜਾਂਦਾ[4] ਹੈ।

ਨਾਨਕ ਬਹੁਤਾ[5] ਏਹੋ ਆਖਣੁ[6] ਸਭ ਤੇਰੀ ਵਡਿਆਈ[7] ॥੧॥

Nanak, the greatest[5] thing to say[6] is this, that all glory[7] is in Thee, O Lord.

ਨਾਨਕ, ਸਭ ਤੋਂ ਵੱਡੀ[5] ਕਹਿਣ[6] ਵਾਲੀ ਗੱਲ ਇਹ ਹੈ ਕਿ ਸਮੂਹ ਪ੍ਰਭਤਾ[7] ਤੇਰੇ ਵਿਚ ਹੀ ਹੈ, ਹੇ ਪ੍ਰਭੂ!

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ।

ਜਾਂ[8] ਨ[9] ਸਿਆ[10] ਕਿਆ[13] ਚਾਕਰੀ[12] ਜਾਂ ਜੰਮੇ[14] ਕਿਆ ਕਾਰ[15] ॥

When[8] man was[10] nothing[9], what[13] service[12] did he perform then? When born[14], what work[15] does he do?

ਜਦ[8] ਬੰਦਾ ਕੁਛ ਭੀ[9] ਨਹੀਂ[10] ਸੀ, ਉਹ ਉਦੋਂ ਕੀ[13] ਘਾਲ[12] ਕਮਾਉਂਦਾ ਸੀ? ਜਦ ਜੰਮਿਆ[14], ਉਹ ਕੀ ਕੰਮ[15] ਕਰਦਾ ਹੈ?

ਸਭਿ ਕਾਰਣ[16] ਕਰਤਾ[17] ਕਰੇ ਦੇਖੈ[19] ਵਾਰੋ ਵਾਰ[18] ॥

All affairs[16] the Creator[17] Lord does and watches[18] He all over and over[19] again.

ਸਾਰੇ ਕਾਰਜ[16] ਸਿਰਜਣਹਾਰ-ਸੁਆਮੀ[17] ਕਰਦਾ ਹੈ ਅਤੇ ਸਾਰਿਆਂ ਨੂੰ ਬਾਰੰਬਾਰ[18] ਵੇਖਦਾ[19] ਹੈ।

ਜੇ[20] ਚੁਪੈ[21] ਜੇ ਮੰਗੀਐ[22] ਦਾਤਿ[23] ਕਰੇ[24] ਦਾਤਾਰੁ[25]॥

Whether[20] we keep mum[21] and whether we ask[22], the Beneficent Lord[25] continues to bless[24] us with His bounties[23].

ਭਾਵੇਂ[20] ਅਸੀਂ ਚੁਪ[21] ਕਰ ਰਹੀਏ ਤੇ ਭਾਵੇਂ ਅਸੀਂ ਯਾਚਨਾ ਕਰੀਏ[22], ਦੇਣਹਾਰ ਸੁਆਮੀ[25] ਸਾਨੂੰ ਆਪਣੀਆਂ ਦਾਤਾਂ[23] ਬਖਸ਼ੀ ਜਾਂਦਾ[24] ਹੈ।

ਇਕੁ[26] ਦਾਤਾ[27] ਸਭਿ ਮੰਗਤੇ[28] ਫਿਰਿ[29] ਦੇਖਹਿ[30] ਆਕਾਰੁ[31] ॥

The Lord alone[26] is the Giver[27]. All others are but mumpers[28]. Going round[29] the world[31], I have seen[30] this.

ਕੇਵਲ[26] ਪ੍ਰਭੂ ਹੀ ਦੇਣ ਵਾਲਾ[27] ਹੈ। ਹੋਰ ਸਾਰੇ ਭਿਖਾਰੀ[28] ਹਨ। ਸੰਸਾਰ[31] ਦਾ ਚੱਕਰ ਕੱਟ[29] ਕੇ ਮੈਂ ਇਸ ਨੂੰ ਵੇਖ ਲਿਆ[30] ਹੈ।

ਨਾਨਕ ਏਵੈ[32] ਜਾਣੀਐ[33] ਜੀਵੈ[34] ਦੇਵਣਹਾਰੁ[35] ॥੨॥

Nanak knows[33] it like this[32] that ever alive[34] is his Beneficent[35] Lord.

ਨਾਨਕ, ਇਸ ਨੂੰ ਇਸ ਤਰ੍ਹਾਂ[32] ਜਾਣਦਾ[33] ਹੈ ਕਿ ਸਦੀਵ ਹੀ ਜੀਉਂਦਾ[34] ਰਹਿਣ ਵਾਲਾ ਹੈ, ਉਸ ਦਾ ਦਾਤਾਰ ਪ੍ਰਭੂ[35]।

ਪਉੜੀ ॥

Pauri

ਪਉੜੀ।

ਨਾਇ ਮੰਨਿਐ[36] ਸੁਰਤਿ[37] ਉਪਜੈ[38] ਨਾਮੇ ਮਤਿ[39] ਹੋਈ ॥

Contemplating[36] the Name, understanding[37] grows[38] and through the Name, one's intellect[39] is illumined[40].

ਨਾਮ ਦਾ ਸਿਮਰਨ[36] ਕਰਨ ਦੁਆਰਾ, ਸਮਝ[37] ਉਤਪੰਨ ਹੋ ਆਉਂਦੀ[38] ਹੈ ਤੇ ਨਾਮ ਦੇ ਰਾਹੀਂ, ਜੀਵ ਦੀ ਅਕਲ[39] ਰੋਸ਼ਨ ਹੋ ਜਾਂਦੀ[40] ਹੈ।

ਨਾਇ ਮੰਨਿਐ ਗੁਣ[40] ਉਚਰੈ[41] ਨਾਮੇ ਸੁਖਿ ਸੋਈ[42] ॥	Contemplating the Name, man utters[41] God's praise[40] and through the Name, he sleeps[42] in peace.	ਨਾਮ ਦਾ ਸਿਮਰਨ ਕਰਨ ਦੁਆਰਾ, ਬੰਦਾ ਹਰੀ ਦਾ ਜੱਸ[40] ਉਚਾਰਦਾ[41] ਹੈ ਅਤੇ ਨਾਮ ਦੇ ਰਾਹੀਂ, ਉਹ ਆਰਾਮ ਅੰਦਰ ਸੌਂਦਾ[42] ਹੈ।
ਨਾਇ ਮੰਨਿਐ ਭ੍ਰਮੁ[43] ਕਟੀਐ[44] ਫਿਰਿ[48] ਦੁਖੁ[49] ਨ ਹੋਈ[50] ॥	Contemplating the Name, doubt[43] is dispelled[44] and one suffers[50] not sorrow[49] again[48].	ਨਾਮ ਦਾ ਸਿਮਰਨ ਕਰਨ ਦੁਆਰਾ, ਸੰਦੇਹ[43] ਦੂਰ ਹੋ ਜਾਂਦਾ[44] ਹੈ ਅਤੇ ਇਨਸਾਨ ਨੂੰ ਮੁੜ ਕੇ[48] ਕਸ਼ਟ[49] ਨਹੀਂ ਵਿਆਪਦਾ[50]।
ਨਾਇ ਮੰਨਿਐ ਸਾਲਾਹੀਐ[51] ਪਾਪੀ[52] ਮਤਿ[53] ਧੋਈ[54] ॥	Contemplating the Name, man sings his Lord's praise[51] and his sinful[52] mind[53] is cleansed[54].	ਨਾਮ ਦਾ ਸਿਮਰਨ ਕਰਨ ਦੁਆਰਾ, ਪ੍ਰਾਣੀ ਆਪਣੇ ਪ੍ਰਭੂ ਦੀ ਮਹਿਮਾ[51] ਗਾਇਨ ਕਰਦਾ ਹੈ ਤੇ ਉਸ ਦਾ ਗੁਨਹਗਾਰ[52] ਮਨ[53] ਧੋਤਾ ਜਾਂਦਾ[54] ਹੈ।
ਨਾਨਕ ਪੂਰੇ[55] ਗੁਰ ਤੇ[56] ਨਾਉ ਮੰਨਿਐ ਜਿਨ[57] ਦੇਵੈ[58] ਸੋਈ[59] ॥੧੨॥	Nanak, through[56] the Perfect[55] Guru, the Name is contemplated. He alone obtains the Name, whom[57] He[59], the Lord blesses with[58] it.	ਨਾਨਕ, ਪੂਰਨ[55] ਗੁਰਾਂ ਦੇ ਰਾਹੀ[56], ਨਾਮ ਸਿਮਰਿਆ ਜਾਂਦਾ ਹੈ। ਕੇਵਲ ਉਹ ਹੀ ਨਾਮ ਨੂੰ ਪਾਉਂਦਾ ਹੈ, ਜਿਸ[57] ਨੂੰ ਉਹ[59] ਸੁਆਮੀ ਇਸ ਨੂੰ ਬਖਸ਼ਦਾ[58] ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਸਾਸਤ੍ਰ ਬੇਦ ਪੁਰਾਣ ਪੜ੍ਹੰਤਾ[60] ॥	Man reads[60] the Shashtras, the Vedas and the Puranas.	ਪ੍ਰਾਣੀ ਸ਼ਾਸਤਰਾਂ, ਵੇਦਾਂ ਤੇ ਪੁਰਾਣਾਂ ਨੂੰ ਵਾਚਦਾ[60] ਹੈ।
ਪੂਕਾਰਤਾ[61] ਅਜਾਣੰਤਾ[62] ॥	Though he utters[61] them but he understands[62] them not.	ਭਾਵੇਂ ਉਹ ਉਨ੍ਹਾਂ ਨੂੰ ਉਚਾਰਦਾ[61] ਹੈ ਪ੍ਰੰਤੂ ਉਹ ਉਨ੍ਹਾਂ ਨੂੰ ਸਮਝਦਾ[62] ਨਹੀਂ।
ਜਾਂ[63] ਬੂਝੈ[64] ਤਾਂ[65] ਸੂਝੈ[66] ਸੋਈ[67] ॥	If[63] man comprehends[64] them, then[65] alone can he realise[66] the Lord[67].	ਜੇਕਰ[63] ਬੰਦਾ ਉਹਨਾਂ ਨੂੰ ਸਮਝ[64] ਲਵੇ, ਕੇਵਲ ਤਦ[65] ਹੀ ਉਹ ਉਸ ਪ੍ਰਭੂ[67] ਨੂੰ ਅਨੁਭਵ ਕਰਦਾ[66] ਹੈ।
ਨਾਨਕੁ ਆਖੈ[68] ਕੂਕ[69] ਨ ਹੋਈ ॥੧॥	Says[68] Nanak, the mortal shall, then no more cry[69] in pain.	ਗੁਰੂ ਜੀ ਫੁਰਮਾਉਂਦੇ[68] ਹਨ, ਤਦ ਪ੍ਰਾਣੀ ਦੁਖ ਅੰਦਰ ਮੁੜ ਚੀਕੇਗਾ[69] ਨਹੀਂ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਜਾਂ[70] ਹਉ[71] ਤੇਰਾ ਤਾਂ[74] ਸਭੁ ਕਿਛੁ ਮੇਰਾ ਹਉ[72] ਨਾਹੀ ਤੂ ਹੋਵਹਿ[73] ॥	When[70] I[71] am Thine, O Lord, then[74] everything is mine. Where ego[72] is not, there Thou art[73].	ਜਦ[70] ਮੈਂ[71] ਤੇਰਾ ਹਾਂ, ਤਦ[74] ਸਭ ਕੁਛ ਮੇਰਾ ਹੈ, ਹੇ ਪ੍ਰਭੂ! ਜਿਥੇ ਹੰਗਤਾ[72] ਨਹੀਂ, ਉਥੇ ਤੂੰ ਹੈਂ[73]।
ਆਪੇ ਸਕਤਾ[78] ਆਪੇ ਸੁਰਤਾ[75] ਸਕਤੀ[76] ਜਗਤੁ[77] ਪਰੋਵਹਿ[79] ॥	Thou Thyself art All-powerful[78] and Thyself the Listener[75]. In the string of Thy power[76], Thou hast strung[79] the whole world[77].	ਤੂੰ ਖ਼ੁਦ ਹੀ ਸਰਬ-ਸ਼ਕਤੀਵਾਨ[78] ਹੈਂ ਅਤੇ ਖ਼ੁਦ ਹੀ ਸੁਣਨ ਵਾਲਾ[75]। ਆਪਣੀ ਸੱਤਿਆ[76] ਦੀ ਰੱਸੀ ਵਿਚ ਤੂੰ ਸਾਰੇ ਜਹਾਨ[77] ਨੂੰ ਪਰੋਤਾ ਹੋਇਆ[79] ਹੈ।
ਆਪੇ ਭੇਜੇ[80] ਆਪੇ ਸਦੇ[81] ਰਚਨਾ[82] ਰਚਿ[83] ਰਚਿ ਵੇਖੈ[84] ॥	Thou Thyself sendest[80] the beings into the world and Thyself recallest[81] them. Creating[83], creating the creation[82], Thou beholdest[84] it.	ਤੂੰ ਆਪ ਹੀ ਜੀਵਾਂ ਨੂੰ ਜਗਤ ਵਿਚ ਘੱਲਦਾ[80] ਹੈਂ ਤੇ ਆਪ ਹੀ ਵਾਪਸ ਬੁਲਾ ਲੈਂਦਾ[81] ਹੈਂ। ਸੰਸਾਰ[82] ਨੂੰ ਸਾਜ ਕੇ[83] ਤੂੰ ਇਸ ਨੂੰ ਵੇਖਦਾ[84] ਹੈਂ।
ਨਾਨਕ ਸਚਾ ਸਚੀ ਨਾਂਈ[85]	Nanak, True is the Lord and True is	ਨਾਨਕ ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ[85]

ਸਚੁ[86] ਪਵੈ[87] ਧੁਰਿ[88] ਲੇਖੈ[87] ॥੨॥	His Name[85] and it is through the True Name[86], that one is accepted[87] by the Primal Lord[88].	ਅਤੇ ਸੱਚੇ ਨਾਮ[86] ਦੇ ਰਾਹੀਂ ਹੀ, ਆਦੀ ਪ੍ਰਭੂ[88] ਪ੍ਰਾਣੀ ਨੂੰ ਕਬੂਲ ਕਰ ਲੈਂਦਾ[87] ਹੈ।
ਪਉੜੀ ॥	Pauri.	ਪਉੜੀ।
ਨਾਮੁ ਨਿਰੰਜਨ[89] ਅਲਖੁ[90] ਹੈ ਕਿਉ[91] ਲਖਿਆ[92] ਜਾਈ ॥	Unknowable[90] is the Name of the Pure Lord[89]. How[91] can one know[92] it ?	ਅਗਾਧ[90] ਹੈ ਪਵਿੱਤਰ[89] ਪ੍ਰਭੂ ਦਾ ਨਾਮ। ਇਨਸਾਨ ਇਸ ਨੂੰ ਕਿਸ ਤਰ੍ਹਾਂ[91] ਜਾਣ ਸਕਦਾ[92] ਹੈ।
ਨਾਮੁ ਨਿਰੰਜਨ ਨਾਲਿ[94] ਹੈ ਕਿਉ[95] ਪਾਈਐ ਭਾਈ[96] ॥	The Immaculate Name is with[94] the mortal. How[95] can it be obtained, O my brother[96] ?	ਪਵਿੱਤਰ ਨਾਮ ਪ੍ਰਾਣੀ ਦੇ ਅੰਗ ਸੰਗ[94] ਹੈ। ਇਹ ਕਿਸ ਤਰ੍ਹਾਂ[95] ਪਰਾਪਤ ਹੋ ਸਕਦਾ ਹੈ, ਹੇ ਵੀਰ[96]!
ਨਾਮੁ ਨਿਰੰਜਨ ਵਰਤਦਾ[97] ਰਵਿਆ[98] ਸਭ ਠਾਂਈ[99] ॥	The Immaculate Name abides[97] within all and is contained[98] in all places[99].	ਪਵਿੱਤ੍ਰ ਨਾਮ ਸਾਰਿਆਂ ਅੰਦਰ ਵਸਦਾ[97] ਹੈ ਅਤੇ ਸਾਰੀਆਂ ਥਾਵਾਂ[99] ਵਿਚ ਰਮਿਆ ਹੋਇਆ[98] ਹੈ।
ਗੁਰ ਪੂਰੇ[100] ਤੇ[2] ਪਾਈਐ ਹਿਰਦੈ[3] ਦੇਇ ਦਿਖਾਈ[4] ॥	Through[2] the Perfect[100] Guru, man procures the Name and the Guru makes it manifest[4] in his very mind[3].	ਪੂਰਨ[100] ਗੁਰਾਂ ਦੇ ਰਾਹੀਂ[2], ਪ੍ਰਾਣੀ ਨਾਮ ਨੂੰ ਪਾਉਂਦਾ ਹੈ ਅਤੇ ਗੁਰੂ ਜੀ ਇਸ ਨੂੰ ਉਸ ਦੇ ਮਨ[3] ਵਿਚ ਹੀ ਪਰਗਟ[4] ਕਰ ਦਿੰਦੇ ਹਨ।
ਨਾਨਕ ਨਦਰੀ[5] ਕਰਮੁ[6] ਹੋਇ ਗੁਰ ਮਿਲੀਐ ਭਾਈ[7] ॥੧੩॥	Nanak, by the mercy[6] of the Merciful Master[5], man meets with the Guru, O brother[7].	ਨਾਨਕ ਮਿਹਰਬਾਨ ਮਾਲਕ[5] ਦੀ ਮਿਹਰ[6] ਰਾਹੀਂ, ਮਨੁੱਖ ਗੁਰਾਂ ਨੂੰ ਮਿਲ ਪੈਂਦਾ ਹੈ, ਹੇ ਵੀਰਾ[7]!
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਕਲਿ[8] ਹੋਈ ਕੁਤੇ[9] ਮੁਹੀ[10] ਖਾਜੁ[12] ਹੋਆ ਮੁਰਦਾਰੁ[13] ॥	In this age of darkness[8], men have faces[10] like dogs[9] and carrion[13] is their food[12].	ਇਸ ਹਨ੍ਹੇਰੇ ਦੇ ਯੁਗ[8] ਅੰਦਰ, ਆਦਮੀਆਂ ਦੇ ਕੂਕਰਾਂ[9] ਵਰਗੇ ਮੂੰਹ[10] ਹਨ ਅਤੇ ਲੋਥ[13] ਉਨ੍ਹਾਂ ਦੀ ਖੁਰਾਕ[12] ਹੈ।
ਕੂੜੁ[14] ਬੋਲਿ[15] ਬੋਲਿ ਭਉਕਣਾ[16] ਚੂਕਾ[17] ਧਰਮੁ[18] ਬੀਚਾਰੁ[19] ॥	They bark[16] as they utter[15], utter falsehood[14] and they are rid of[17] the thought[19] of piety[18].	ਝੂਠ[14] ਬਕ ਬਕ[15] ਕੇ ਉਹ ਭੌਂਕਦੇ[16] ਹਨ ਅਤੇ ਉਹ ਪਵਿੱਤਰਤਾ[18] ਦੇ ਖਿਆਲ[19] ਤੋਂ ਸੱਖਣੇ[17] ਹਨ।
ਜਿਨ ਜੀਵੰਦਿਆ ਪਤਿ[20] ਨਹੀ ਮੁਇਆ ਮੰਦੀ[21] ਸੋਇ[22] ॥	They who possess no honour[20] while alive, shall have an evil[21] repute[22] after death.	ਜਿਨ੍ਹਾਂ ਦੀ ਜੀਉਂਦਿਆਂ ਕੋਈ ਇੱਜ਼ਤ[20] ਨਹੀਂ, ਮਰਨ ਮਗਰੋਂ ਉਨ੍ਹਾਂ ਦੀ ਭੈੜੀ[21] ਸ਼ੁਹਰਤ[22] ਹੋਵੇਗੀ।
ਲਿਖਿਆ[23] ਹੋਵੈ[24] ਨਾਨਕਾ ਕਰਤਾ[25] ਕਰੇ ਸੁ[26] ਹੋਇ[27] ॥ ੧ ॥	What is destined[23] takes place[24], O Nanak and what the Creator[25] does, that[26] alone comes to pass[27]	ਜੋ ਕੁਛ ਲਿਖਿਆ ਹੋਇਆ[23] ਹੈ, ਉਹ ਹੀ ਵਾਪਰਦਾ[24] ਹੈ ਹੇ ਨਾਨਕ! ਅਤੇ ਜਿਹੜਾ ਕੁਝ ਕਰਤਾਰ[25] ਕਰਦਾ ਹੈ, ਕੇਵਲ ਉਹ[26] ਹੀ ਹੁੰਦਾ[27] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਰੰਨਾ[28] ਹੋਈਆਂ ਬੋਧੀਆ[29] ਪੁਰਸ[30] ਹੋਏ ਸਈਆਦ[31] ॥	Women[28] have become divines[29] and men[30] have become hunters[31].	ਤੀਵੀਆਂ[28] ਗਿਆਨਣਾਂ[29] ਹੋ ਗਈਆਂ ਹਨ ਅਤੇ ਆਦਮੀ[30] ਸ਼ਿਕਾਰੀ[31] ਹੋ ਗਏ ਹਨ।

ਘਣੇਰਿਆਂ[51] ਤਰੀਕਿਆਂ[52] ਨਾਲ ਮੋਹਨੀ[53] ਦੀ ਮਮਤਾ[54] ਨੇ ਪ੍ਰਾਣੀ ਨੂੰ ਠੱਗ ਲਿਆ[55] ਹੈ। ਕ੍ਰੋੜਾਂ[56] ਵਿਚੋਂ[57] ਕੋਈ ਟਾਵਾਂ ਟੱਲਾ[58] ਹੀ ਵਾਹਿਗੁਰੂ ਦਾ ਗੋਲਾ[59] ਹੈ, ਜੋ ਚਿਰ ਤਾਂਈ[62] ਸੁਆਮੀ ਦਾ ਪੂਰਾ[60] ਸਾਧੂ[61] ਬਣਿਆ ਰਹਿੰਦਾ ਹੈ। ਠਹਿਰਾਉ।

ਇਤ[63] ਉਤ[64] ਡੋਲਿ[65] ਡੋਲਿ ਸ੍ਰਮੁ[66] ਪਾਇਓ[67] ਤਨੁ[68] ਧਨੁ[69] ਹੋਤ[70] ਬਿਰਾਨੋ[71] ॥

The body[68] and wealth[69] for which man undergoes[67] trouble[66], by wandering[65], wandering hither[63] and thither[64], ultimately become[70] stranger[71] to him.

ਦੇਹ[68] ਅਤੇ ਦੌਲਤ[69] ਜਿਨ੍ਹਾਂ ਲਈ ਐਧਰ[63] ਤੇ ਓਧਰ[64] ਭਟਕ[65], ਭਟਕ ਕੇ ਇਨਸਾਨ ਦੁਖ[66] ਉਠਾਉਂਦਾ[67] ਹੈ, ਅੰਤ ਨੂੰ ਉਸ ਲਈ ਪਰਾਏ[71] ਹੋ ਜਾਂਦੇ[70] ਹਨ।

ਲੋਗ[72] ਦੁਰਾਇ[73] ਕਰਤ[74] ਠਗਿਆਈ[75] ਹੋਤੈ[76] ਸੰਗਿ[77] ਨ ਜਾਨੋ ॥੧॥

Concealing[73] from people[72], the mortal practises[74] deception[75]; and knows not Him, who is[76] ever with[77] him.

ਲੋਕਾਂ[72] ਤੋਂ ਲੁਕਾ[73] ਕੇ, ਠੱਗੀ ਠੋਰੀ[75] ਕਰਦਾ[74] ਹੈ ਅਤੇ ਉਸ ਨੂੰ ਨਹੀਂ ਜਾਣਦਾ, ਜੋ ਸਦੀਵ ਹੀ ਉਸ ਦੇ ਅੰਗ[77] ਸੰਗ ਹੈ[76]।

ਮ੍ਰਿਗ[78] ਪੰਖੀ[79] ਮੀਨ[80] ਦੀਨ[85] ਨੀਚ[81] ਇਹ[82] ਸੰਕਟ[83] ਫਿਰਿ[84] ਆਨੋ ॥

Because of this[82], he wanders[84] in the travail[83] of the low[81] and helpless[85] species of the deer[78], bird[79] and fish[80].

ਇਸ[82] ਕਾਰਨ ਉਹ ਹਰਨ[78], ਪੰਛੀ[79] ਅਤੇ ਮਛੀ[80] ਦੀਆਂ ਨੀਵੀਆਂ[81] ਅਤੇ ਬੇਬਸ[85] ਜੂਨੀਆਂ ਦੇ ਕਸ਼ਟ[83] ਅੰਦਰ ਭਟਕਦਾ[84] ਹੈ।

ਕਹੁ ਨਾਨਕ ਪਾਹਨ[85]* ਪ੍ਰਭ ਤਾਰਹੁ[86] ਸਾਧ ਸੰਗਤਿ ਸੁਖ[87] ਮਾਨੋ[88] ॥੨॥੧੧॥੧੫॥

Says Nanak, O Lord, float[86] Thou me, the stone[85],* that I may enjoy[88] peace[87] in the saints' society.

ਗੁਰੂ ਜੀ ਆਖਦੇ ਹਨ, ਹੇ ਸੁਆਮੀ! ਤੂੰ ਮੈਂ, ਪੱਥਰ[85]* ਦਾ ਪਾਰ ਉਤਾਰਾ[86] ਕਰ ਦੇ, ਤਾਂ ਜੋ ਮੈਂ ਸਤਿਸੰਗਤ ਅੰਦਰ ਆਰਾਮ[87] ਭੋਗਾਂ[88]।

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ।

ਦੁਸਟ[89] ਮੁਏ ਬਿਖੁ[90] ਖਾਈ ਰੀ[91] ਮਾਈ[62] ॥
ਜਿਸ ਕੇ ਜੀਅ[93] ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ[94] ਆਈ[95] ॥੧॥ ਰਹਾਉ ॥

The evil-doers[89], have perished, by eating poison[90], O[91] my mother[92]. He, to whom the beings[93] belong, has saved them. My Lord has taken[95] pity[94] on them. Pause.

ਬੁਰਾ ਕਰਨ ਵਾਲੇ[89] ਜ਼ਹਿਰ[90] ਖਾ ਕੇ ਮਰ ਗਏ ਹਨ, ਹੇ[91] ਮੇਰੀ ਮਾਤਾ[92]! ਜਿਸ ਦੇ ਉਹ ਜੀਵ[93] ਹਨ, ਉਸ ਨੇ ਉਹਨਾਂ ਨੂੰ ਬਚਾ ਲਿਆ ਹੈ। ਮੇਰੇ ਸੁਆਮੀ ਨੇ ਉਹਨਾਂ ਉਤੇ ਰਹਿਮਤ[94] ਧਾਰੀ[95] ਹੈ। ਠਹਿਰਾਉ।

ਅੰਤਰਜਾਮੀ[96] ਸਭ ਮਹਿ[97] ਵਰਤੈ[98] ਤਾਂ[99] ਭਉ[100]

When God, the Inner-knower[96] is contained[98] within[97] all, then[99] why[2]

ਜਦ ਅੰਦਰਲੀਆਂ ਜਾਣਨਹਾਰ[96], ਵਾਹਿਗੁਰੂ, ਸਾਰਿਆਂ ਅੰਦਰ[97] ਰਮ ਰਿਹਾ[98] ਹੈ, ਤਦ[99] ਮੈਂ ਕਿਉਂ[2] ਭੈ[100]

ਕੈਸਾ[2] ਭਾਈ[3] ॥
ਸੰਗਿ[4] ਸਹਾਈ[5] ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਂਈ[6] ॥੧॥

should I feel fear[100], O my brother[3] ? God, my succourer[5], is with[4] me. Leaving me He goes not away and I see the Lord in all the places[6]

ਕਰਾਂ ਹੇ ਮੇਰੇ ਵੀਰ[3] ? ਮੇਰਾ ਮਦਦਗਾਰ[5] ਵਾਹਿਗੁਰੂ ਮੇਰੇ ਨਾਲ[4] ਹੈ। ਮੈਨੂੰ ਤਿਆਗ ਉਹ ਦੂਰ ਨਹੀਂ ਜਾਂਦਾ ਅਤੇ ਸੁਆਮੀ ਨੂੰ ਮੈਂ ਸਾਰੀਆਂ ਥਾਵਾਂ[6] ਤੇ ਵੇਖਦਾ ਹਾਂ।

ਅਨਾਥ[7] ਨਾਥੁ[8] ਦੀਨ[9] ਦੁਖ[10] ਭੰਜਨ[12] ਆਪਿ ਲੀਏ ਲੜਿ[13] ਲਾਈ[14] ॥

God, the Master[8] of the Masterless[7] and the Destroyer[12] of the sorrows[10] of the meek[9], has Himself attached[14] me to His skirt[13].

ਨਿਖਸਮਿਆਂ[7] ਦੇ ਖਸਮ[8] ਅਤੇ ਮਸਕੀਨਾਂ[9] ਦੇ ਦੁਖੜੇ[10] ਨਾਸ ਕਰਨਹਾਰ[12], ਵਾਹਿਗੁਰੂ ਨੇ ਖ਼ੁਦ ਮੈਨੂੰ ਆਪਣੇ ਪੱਲੇ[13] ਨਾਲ ਜੋੜ ਲਿਆ[14] ਹੈ।

ਹਰਿ ਕੀ ਓਟ[15] ਜੀਵਹਿ ਦਾਸ[16] ਤੇਰੇ ਨਾਨਕ ਪ੍ਰਭ ਸਰਣਾਈ[17] ॥੨॥੧੨॥੧੬॥

My God, Thine attendants[16] live by Thy prop[15]. Nanak has sought the Lord's protection[17].

ਮੇਰੇ ਵਾਹਿਗੁਰੂ, ਤੇਰੇ ਸੇਵਕ[16] ਤੇਰੇ ਆਸਰੇ[15] ਜੀਊਂਦੇ ਹਨ। ਨਾਨਕ ਨੇ ਪ੍ਰਭੂ ਦੀ ਪਨਾਹ[17] ਲਈ ਹੈ।

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ।

ਮਨ[18] ਮੇਰੇ ਹਰਿ ਕੇ ਚਰਨ[19] ਰਵੀਜੈ[20] ॥

O my soul[18], meditate[20] thou on thy God's feet[19].

ਹੇ ਮੇਰੀ ਜਿੰਦੇ[18] ! ਤੂੰ ਆਪਣੇ ਹਰੀ ਦੇ ਪੈਰਾਂ[19] ਦਾ ਸਿਮਰਨ[20] ਕਰ।

ਦਰਸ[21] ਪਿਆਸ[22] ਮੇਰੋ ਮਨੁ ਮੋਹਿਓ[23] ਹਰਿ ਪੰਖ[24] ਲਗਾਇ[25] ਮਿਲੀਜੈ[26] ॥੧॥ਰਹਾਉ॥

The thirst[22] of the Lord's vision[21] has bewitched[23] my mind I take[25] wings[24] to fly out to meet[26] my God. Pause.

ਪ੍ਰਭੂ ਦੇ ਦੀਦਾਰ[21] ਦੀ ਤਰੇਹ[22] ਨੇ ਮੇਰਾ ਚਿਤ ਫ਼ਰੇਫ਼ਤਾ[23] ਕਰ ਲਿਆ ਹੈ। ਹਰੀ ਨੂੰ ਉਡ ਕੇ ਮਿਲਣ ਲਈ[26] ਮੈਂ ਆਪਣੇ ਆਪ ਨੂੰ ਫੰਗ[24] ਲਾਉਂਦਾ[25] ਹਾਂ। ਠਹਿਰਾਉ।

ਖੋਜਤ[27] ਖੋਜਤ ਮਾਰਗੁ[28] ਪਾਇਓ[29] ਸਾਧੂ ਸੇਵ[30] ਕਰੀਜੈ ॥

Seeking and searching[27], I have found[29] this path[28], that I should serve[30] the saints.

ਢੂੰਡ-ਭਾਲ[27] ਕਰਦਿਆਂ, ਮੈਂ ਇਹ ਰਸਤਾ[28] ਲੱਭਿਆ[29] ਹੈ, ਕਿ ਮੈਂ ਸੰਤਾਂ ਦੀ ਟਹਿਲ ਸੇਵਾ[30] ਕਮਾਵਾਂ।

੧੨੭੦ 1270 ੧੨੭੦

ਧਾਰਿ[31] ਅਨੁਗ੍ਰਹੁ[32] ਸੁਆਮੀ ਮੇਰੇ ਨਾਮੁ ਮਹਾ[33] ਰਸੁ[34] ਪੀਜੈ[35] ॥੧॥

O my Lord, show[31] Thou mercy[32] unto me, that I may indrink[35] the great[33] elixir[34] of Thy Name.

ਹੇ ਮੇਰੇ ਸਾਹਿਬ ! ਤੂੰ ਮੇਰੇ ਉਤੇ ਰਹਿਮ[32] ਕਰ[31], ਤਾਂ ਜੋ ਮੈਂ ਤੇਰੇ ਨਾਮ ਦੇ ਪਰਮ[33] ਅੰਮ੍ਰਿਤ[34] ਨੂੰ ਪਾਨ[35] ਕਰਾਂ।

ਤ੍ਰਾਹਿ ਤ੍ਰਾਹਿ[36] ਕਰਿ ਸਰਨੀ[37] ਆਏ ਜਲਤਉ[38] ਕਿਰਪਾ[39] ਕੀਜੈ[40] ॥

Imploring and beseeching[36], I have entered Thy sanctuary[37], O Lord. I am on fire[38], shower[40] Thou Thine benediction[39] on me.

ਹਾੜੇ ਅਤੇ ਤਰਲੇ ਕਰਦਾ[36] ਹੋਇਆ, ਮੈਂ ਤੇਰੀ ਸ਼ਰਣਾਗਤ[37] ਆਇਆ ਹਾਂ, ਹੇ ਸੁਆਮੀ ! ਮੈਂ ਸੜ ਬਲ[38] ਰਿਹਾ ਹਾਂ, ਤੂੰ ਮੇਰੇ ਉਤੇ ਆਪਣੀ ਮਿਹਰ[39] ਧਾਰ[40]।

ਕਰੁ[41] ਗਹਿ[42] ਲੇਹੁ ਦਾਸ[43] ਅਪੁਨੇ ਕਉ ਨਾਨਕ ਅਪੁਨੋ[44] ਕੀਜੈ[45] ॥੨॥੧੩॥੧੭॥

Hold[42] Thou me Thy slave[43], by Thy Hand[41], O Lord and make[45] Nanak Thine own[44].

ਤੂੰ ਮੈਂ, ਆਪਣੇ ਗੋਲੇ[43], ਨੂੰ ਆਪਣੇ ਹੱਥ[41] ਨਾਲ ਫੜ[42] ਲੈ, ਹੇ ਸਾਂਈਂ ! ਤੇ ਨਾਨਕ ਨੂੰ ਆਪਣਾ ਨਿਜ[44] ਦਾ ਬਣਾ[45] ਲੈ।

ਮਲਾਰ ਮਹਲਾ ੫ ॥	Malar 5th Guru	ਮਲਾਰ ਪੰਜਵੀਂ ਪਾਤਿਸ਼ਾਹੀ।
ਪ੍ਰਭ ਕੋ ਭਗਤਿ ਵਛਲੁ[46] ਬਿਰਦਾਇਓ[47] ॥	The innate nature[47] of God is to love[46] His saints.	ਹਰੀ ਦਾ ਕੁਦਰਤੀ ਸੁਭਾਅ[47] ਆਪਣੇ ਸੰਤਾਂ ਨੂੰ ਪਿਆਰ[46] ਕਰਨਾ ਹੈ।
ਨਿੰਦਕ[48] ਮਾਰਿ[49] ਚਰਨ[50] ਤਲ[51] ਦੀਨੇ ਅਪੁਨੋ ਜਸੁ[52] ਵਰਤਾਇਓ[53] ॥੧॥ ਰਹਾਉ॥	Crushing[49] the slanderers[48], the Lord puts them beneath[51] the feet[50] of His saints and thiswise He manifests[53] His glory[52]. Pause.	ਬਦਖੋਈ ਕਰਨ ਵਾਲਿਆਂ[48] ਨੂੰ ਕੁਚਲ[49] ਕੇ, ਸੁਆਮੀ ਉਨ੍ਹਾਂ ਨੂੰ ਆਪਣੇ ਸਾਧੂਆਂ ਦੇ ਪੈਰਾਂ[50] ਹੇਠ[51] ਦਿੰਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੀ ਕੀਰਤੀ[52] ਪਰਗਟ[53] ਕਰਦਾ ਹੈ। ਠਹਿਰਾਉ।
ਜੈਜੈਕਾਰੁ[55] ਕੀਨੋ ਸਭ ਜਗ[56] ਮਹਿ[57] ਦਇਆ[58] ਜੀਅਨ[59]ਮਹਿ[60]ਪਾਇਓ[61]॥	His saints, the Lord glorifies[55] in[57] the whole world[56] and for them, the Lord infuses[61] the sentiments of kindness[58] amongst[60] the beings[59].	ਆਪਣੇ ਸਾਧੂਆਂ ਦੀ, ਸਾਂਈਂ ਸਾਰੇ ਸੰਸਾਰ[56] ਵਿਚ[57] ਉਸਤਤੀ ਕਰਵਾਉਂਦਾ[55] ਹੈ ਤੇ ਉਹਨਾਂ ਲਈ, ਸਾਂਈਂ ਮਿਹਰਬਾਨੀ[58] ਦੇ ਸੰਕਲਪ ਜੀਵਾਂ[59] ਅੰਦਰ[60] ਪਾ ਦਿੰਦਾ[61] ਹੈ।
ਕੰਠਿ[62] ਲਾਇ[66] ਅਪੁਨੋ ਦਾਸੁ[63] ਰਾਖਿਓ[67] ਤਾਤੀ ਵਾਉ[64] ਨ ਲਾਇਓ[65] ॥ ੧ ॥	Hugging[66] to His bosom[62], the Lord saves[67] His slave[63] and allows not even the hot wind[64] to touch[65] him.	ਆਪਣੀ ਛਾਤੀ[62] ਨਾਲ ਲਾ[66], ਸੁਆਮੀ ਆਪਣੇ ਗੋਲੇ[63] ਦੀ ਰੱਖਿਆ ਕਰਦਾ[67] ਹੈ ਅਤੇ ਉਸ ਨੂੰ ਤੱਤੀ ਹਵਾ[64] ਤਕ ਭੀ ਲਗਣ[65] ਨਹੀਂ ਦਿੰਦਾ।
ਅੰਗੀਕਾਰੁ[68] ਕੀਓ ਮੇਰੇ ਸੁਆਮੀ ਭ੍ਰਮੁ[69] ਭਉ[70] ਮੇਟਿ[71] ਸੁਖਾਇਓ[72] ॥	My Lord has made me His own[68] and dispelling[71] my doubt[69] and dread[70] has made me happy[72].	ਮੇਰੇ ਮਾਲਕ ਨੇ ਮੈਨੂੰ ਆਪਣਾ ਨਿਜ[68] ਦਾ ਬਣਾ ਲਿਆ ਹੈ ਅਤੇ ਮੇਰਾ ਸੰਦੇਹ[69] ਤੇ ਡਰ[70] ਦੂਰ ਕਰ,[71] ਮੈਨੂੰ ਸੁਖੀ[72] ਕਰ ਦਿਤਾ ਹੈ।
ਮਹਾ[73] ਅਨੰਦ[74] ਕਰਹੁ[75] ਦਾਸ[76] ਹਰਿ ਕੇ ਨਾਨਕ ਬਿਸ੍ਵਾਸੁ[77] ਮਨਿ ਆਇਓ[78] ॥੨॥੧੪॥੧੮॥	Enjoy[75] supreme[73] bliss[74], O ye slaves[76] of God, as faith[77] has welled up[78] within my mind.	ਪਰਮ[73] ਖੁਸ਼ੀ[74] ਮਨਾਉ[75], ਤੁਸੀਂ ਹੇ ਰਬ ਦੇ ਗੋਲਿਓ[76]! ਕਿਉਂ ਜੋ ਮੇਰੇ ਚਿਤ ਅੰਦਰ ਭਰੋਸਾ[77] ਉਤਪੰਨ ਹੋ ਆਇਆ[78] ਹੈ।
ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨	Rag Malar 5th Guru Chaupadas	ਰਾਗੁ ਮਲਾਰ ਪੰਜਵੀਂ ਪਾਤਿਸ਼ਾਹੀ ਚੌਪਦੇ
੧ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਗੁਰਮੁਖਿ[79] ਦੀਸੈ[80] ਬ੍ਰਹਮ[81] ਪਸਾਰੁ[82] ॥	Through the Guru[79], the Lord[81] is seen[80] permeating the whole universe[82].	ਗੁਰਾਂ ਦੇ ਰਾਹੀਂ[79], ਸੁਆਮੀ[81] ਸਾਰੇ ਆਲਮ[82] ਅੰਦਰ ਰਮਿਆ ਹੋਇਆ ਦਿੱਸ ਆਉਂਦਾ[80] ਹੈ।
ਗੁਰਮੁਖਿ ਤ੍ਰੈ[83] ਗੁਣੀਆਂ[84] ਬਿਸਥਾਰੁ[85] ॥	Through the Guru, one sees the world to be extension[85] of the three[83] modes[84].	ਗੁਰਾਂ ਦੇ ਰਾਹੀਂ, ਬੰਦਾ ਸੰਸਾਰ ਨੂੰ ਤਿੰਨਾਂ[83] ਅਵਸਥਾਵਾਂ[84] ਦਾ ਖਿਲਾਰਾ[85] ਵੇਖ ਲੈਂਦਾ ਹੈ।
ਗੁਰਮੁਖਿ ਨਾਦ[86] ਬੇਦ[87]	Through the Guru, the mortal	ਗੁਰਾਂ ਦੇ ਰਾਹੀਂ, ਪ੍ਰਾਣੀ ਬੈਕੁੰਠੀ[86] ਕੀਰਤਨ ਅਤੇ ਧਾਰਮਕ

ਬੀਚਾਰੁ[88] ॥	realises[88] the import of celestial strain[86] and religious texts[87].	ਪੁਸਤਕਾਂ[87] ਦੇ ਮਤਲਬ ਨੂੰ ਅਨੁਭਵ ਕਰ ਲੈਂਦਾ[88] ਹੈ ।
ਬਿਨੁ ਗੁਰ ਪੂਰੇ[89] ਘੋਰ[90] ਅੰਧਾਰੁ[91] ॥੧॥	Without the Perfect[89] Guru, there is all pitch[90] darkness[91].	ਪੂਰਨ[89] ਗੁਰਾਂ ਦੇ ਬਗ਼ੈਰ, ਸਮੂਹ ਅਨ੍ਹੇਰਾ[91] ਘੁਪ[90] ਹੀ ਹੈ।
ਮੇਰੇ ਮਨ[92] ਗੁਰੁ[93] ਗੁਰੁ ਕਰਤ[94] ਸਦਾ[95] ਸੁਖੁ ਪਾਈਐ ॥	O my soul[92], invoking[94] the great[93] Guru, eternal[95] peace is obtained.	ਹੇ ਮੇਰੀ ਜਿੰਦੜੀਏ[92] ! ਵਡੇ[93] ਗੁਰਦੇਵ ਜੀ ਦਾ ਸਿਮਰਨ[94] ਕਰਨ ਦੁਆਰਾ, ਸਦੀਵੀ[95] ਆਰਾਮ ਪ੍ਰਾਪਤ ਹੋ ਜਾਂਦਾ ਹੈ।
ਗੁਰ ਉਪਦੇਸਿ[96] ਹਰਿ ਹਿਰਦੈ[97] ਵਸਿਓ[98] ਸਾਸਿ[99] ਗਿਰਾਸਿ[100] ਅਪਣਾ ਖਸਮੁ[2] ਧਿਆਈਐ[3] ॥੧॥ਰਹਾਉ॥	By the Guru's instruction[96], the Lord is enshrined[98] within my mind[97] and with every breath[99] and morsel[100] of mine contemplate[3] I my Lord[2]. Pause.	ਗੁਰਾਂ ਦੀ ਸਿਖਮਤ[96] ਦੁਆਰਾ, ਪ੍ਰਭੂ ਮੇਰੇ ਅੰਤਸ਼ਕਰਨ[97] ਅੰਦਰ ਟਿਕ ਗਿਆ[98] ਹੈ ਅਤੇ ਆਪਣੇ ਹਰ ਇਕ ਸੁਆਸ[99] ਅਤੇ ਬੁਰਕੀ[100] ਨਾਲ ਮੈਂ ਆਪਣੇ ਸਿਰ ਦੇ ਸਾਂਈ[2] ਨੂੰ ਸਿਮਰਦਾ[3] ਹਾਂ । ਠਹਿਰਾਉ ।
ਗੁਰ ਕੇ ਚਰਣ[4] ਵਿਟਹੁ[5] ਬਲਿ[6] ਜਾਉ ॥	Unto[5] the Guru's feet[4], I am a sacrifice[6].	ਗੁਰਾਂ ਦੇ ਪੈਰਾਂ[4] ਉਤੋਂ[5], ਮੈਂ ਵਾਰਨੇ[6] ਜਾਂਦਾ ਹਾਂ ।
ਗੁਰ ਕੇ ਗੁਣ[7] ਅਨਦਿਨੁ[8] ਨਿਤ[9] ਗਾਉ[10] ॥	Night and day[8], ever[9] hymn[10] I the praises[7] of the Guru.	ਰੈਣ ਅਤੇ ਦਿਨ[8] ਸਦੀਵ[9] ਹੀ ਮੈਂ ਗੁਰਾਂ ਦੀਆਂ ਸਿਫ਼ਤਾਂ[7] ਗਾਇਨ ਕਰਦਾ[10] ਹਾਂ ।
ਗੁਰ ਕੀ ਧੂੜਿ[12] ਕਰਉ ਇਸਨਾਨੁ[13] ॥	I bathe[13] myself in the dust[12] of the Guru's feet.	ਮੈਂ ਗੁਰਾਂ ਦੇ ਪੈਰਾਂ ਦੀ ਰੇਣ[12] ਅੰਦਰ ਗੁਸਲ ਕਰਦਾ[13] ਹਾਂ ।
ਸਾਚੀ ਦਰਗਹ[14] ਪਾਈਐ ਮਾਨੁ[15] ॥੨॥	This wise, attain I honour[15] in the True Court[14].	ਇਸ ਤਰ੍ਹਾਂ, ਮੈਂ ਸੱਚੇ ਦਰਬਾਰ[14] ਅੰਦਰ ਇਜ਼ਤ ਆਬਰੂ[15] ਪਾਉਂਦਾ ਹਾਂ ।
ਗੁਰੁ ਬੋਹਿਥੁ[16] [17]ਭਵਜਲ[18] ਤਾਰਣਹਾਰੁ[19] ॥	The Guru is the ship[16] to ferry[19] me across the terrible[17] world ocean[18].	ਭਿਆਨਕ[17] ਸੰਸਾਰ ਸਮੁੰਦਰ[18] ਤੋਂ ਪਾਰ[19] ਕਰਨ ਲਈ ਗੁਰੂ ਜੀ ਇਕ ਜਹਾਜ਼[16] ਹਨ ।
ਗੁਰਿ ਭੇਟਿਐ[20] ਨ ਹੋਇ ਜੋਨਿ[21] ਅਉਤਾਰੁ[22] ॥	Meeting[20] with the Guru, the mortal is cast[22] not into existences[21].	ਗੁਰਾਂ ਨਾਲ ਮਿਲਣ[20] ਦੁਆਰਾ, ਪ੍ਰਾਣੀ ਨੂੰ ਜੂਨੀਆਂ[21] ਅੰਦਰ ਨਹੀਂ ਪਾਇਆ ਜਾਂਦਾ[22] ।
ਗੁਰ ਕੀ[23] ਸੇਵਾ ਸੋ[24] ਜਨੁ[25] ਪਾਏ[29] ॥ ਜਾ ਕਉ ਕਰਮਿ[26] ਲਿਖਿਆ[27] ਧੁਰਿ[28] ਆਏ ॥੩॥	That[24] person[25] alone is blessed[29] with the service[23] of the Guru, in whose destiny[26] it is so writ[27] by the Primal Lord[28].	ਕੇਵਲ ਉਸ[24] ਪੁਰਸ਼[25] ਨੂੰ ਹੀ ਗੁਰਾਂ ਦੀ ਚਾਕਰੀ[23] ਪਰਾਪਤ ਹੁੰਦੀ[29] ਹੈ, ਜਿਸ ਦੀ ਪ੍ਰਾਲਬਧ[26] ਵਿਚ ਆਦਿ ਪ੍ਰਭੂ[28] ਨੇ ਇਸ ਤਰ੍ਹਾਂ ਲਿਖਿਆ ਹੋਇਆ[27] ਹੈ ।
ਗੁਰੁ ਮਰੀ ਜੀਵਨਿ[30] ਗੁਰੁ ਆਧਾਰੁ[31] ॥ ਗੁਰੁ ਮੇਰੀ ਵਰਤਣਿ[32] ਗੁਰੁ ਪਰਵ ਰੁ[33] ॥	The Guru is my vital-breath[30] and the Guru is my mainstay[31]. The Guru is my way[32] of life and the Guru is my family[33].	ਗੁਰੂ ਜੀ ਮੇਰੀ ਜਿੰਦ-ਜਾਨ[30] ਹਨ ਅਤੇ ਗੁਰੂ ਜੀ ਹੀ ਮੇਰਾ ਆਸਰਾ[31] ਹਨ । ਗੁਰੂ ਜੀ ਮੇਰੀ ਜੀਵਨ ਰਹੁ ਰੀਤੀ[32] ਹਨ ਤੇ ਗੁਰੂ ਜੀ ਹੀ ਮੇਰਾ ਟੱਬਰ-ਕਬੀਲਾ[33] ਹਨ।
ਗੁਰੁ ਮੇਰਾ ਖਸਮੁ[34] ਸਤਿਗੁਰ ਸਰਣਾਈ[35] ॥	The Guru is my Lord[34] and I seek the protection[35] of the True Guru.	ਗੁਰੂ ਜੀ ਮੇਰੇ ਸਿਰ ਦੇ ਸਾਂਈ[34] ਹਨ ਅਤੇ ਮੈਂ ਸੱਚੇ ਗੁਰਾਂ ਦੀ ਹੀ ਪਨਾਹ[35] ਲੋੜਦਾ ਹਾਂ ।

ਨਾਨਕ ਗੁਰੁ ਪਾਰਬ੍ਰਹਮੁ[36] ਜਾ ਕੀ[37] ਕੀਮ[38] ਨ ਪਾਈ[39] ॥੪॥੧॥੧੯॥	Nanak, the Guru is the embodiment of the Supreme Lord[36], whose[37] worth[38] can be appraised[39] not.	ਨਾਨਕ, ਗੁਰੂ ਜੀ ਸ਼ਰੋਮਣੀ ਸਾਹਿਬ[36] ਦੇ ਸਰੂਪ ਹਨ, ਜਿਨ੍ਹਾਂ[37] ਦਾ ਮੁੱਲ[38] ਪਾਇਆ[39] ਨਹੀਂ ਜਾ ਸਕਦਾ।
ਮਲਾਰ ਮਹਲਾ ੫ ॥	Malar 5th Guru.	ਮਲਾਰ ਪੰਜਵੀਂ ਪਾਤਿਸ਼ਾਹੀ।
ਗੁਰ ਕੇ ਚਰਨ[40] ਹਿਰਦੈ[41] ਵਸਾਏ[42] ॥ ਕਰਿ ਕਿਰਪਾ[43] ਪ੍ਰਭਿ ਆਪਿ[44] ਮਿਲਾਏ[45] ॥	The Guru's feet[40], I have enshrined[42] within my mind[41] and the Lord, has mercifully[43] united[45] me with Himself[44].	ਗੁਰਾਂ ਦੇ ਪੈਰ[40], ਮੈਂ ਆਪਣੇ ਮਨ[41] ਅੰਦਰ ਟਿਕਾ ਲਏ[42] ਹਨ ਅਤੇ ਮਿਹਰ ਧਾਰ ਕੇ[43] ਸੁਆਮੀ ਨੇ ਮੈਨੂੰ ਆਪਣੇ[44] ਨਾਲ ਮਿਲਾ ਲਿਆ[45] ਹੈ।
ਅਪਨੇ ਸੇਵਕ[46] ਕਉ ਲਏ ਪ੍ਰਭੁ ਲਾਇ[47] ॥	His slave[46], the Lord yokes[47] to His service.	ਆਪਣੇ ਗੋਲੇ[46] ਨੂੰ ਸੁਆਮੀ ਆਪਣੀ ਸੇਵਾ ਵਿਚ ਜੋੜ[47] ਲੈਂਦਾ ਹੈ।
ਤਾ ਕੀ[48] ਕੀਮਤਿ[49] ਕਹੀ[50] ਨ ਜਾਇ ॥੧॥	The worth[49] of His[48] slave can be told[50] not.	ਉਸ ਦੇ[48] ਗੋਲੇ ਦਾ ਮੁਲ[49] ਆਖਿਆ[50] ਨਹੀਂ ਜਾ ਸਕਦਾ।
ਕਰਿ[51] ਕਿਰਪਾ[52] ਪੂਰਨ[53] ਸੁਖ ਦਾਤੇ[54] ॥	O my Bliss-giving[54] Perfect Lord[53], show[51] Thou mercy[52] unto me.	ਹੇ ਮੇਰੇ ਖੁਸ਼ੀ-ਬਖਸ਼ਣਹਾਰ[54], ਪੂਰੇ[53] ਪ੍ਰਭੂ! ਤੂੰ ਮੇਰੇ ਉਤੇ ਮਿਹਰ[52] ਧਾਰ[51]।
ਤੁਮ੍ਰੀ ਕ੍ਰਿਪਾ[55] ਤੇ[56] ਤੂੰ ਚਿਤਿ[57] ਆਵਹਿ ਆਠ ਪਹਰ ਤੇਰੈ ਰੰਗਿ[58] ਰਾਤੇ[59] ॥੧॥ਰਹਾਉ॥	By[56] Thy grace[55], O Lord, I meditate[57] upon Thee and remain imbued[59] with Thy love[58], throughout the eight watches. Pause.	ਤੇਰੀ ਦਇਆ[55] ਦੁਆਰਾ[56], ਹੇ ਸੁਆਮੀ! ਮੈਂ ਤੈਨੂੰ ਸਿਮਰਦਾ[57] ਹਾਂ ਅਤੇ ਅੱਠੇ ਪਹਿਰ ਹੀ ਤੇਰੀ ਪ੍ਰੀਤ[58] ਵਿਚ ਰੰਗਿਆ ਰਹਿੰਦਾ[59] ਹਾਂ। ਠਹਿਰਾਉ।
ਗਾਵਣੁ[60] ਸੁਨਣੁ ਸਭੁ ਤੇਰਾ ਭਾਣਾ[61] ॥	To sing[60] and hear Thy Name, O Lord, is all in Thy will[61].	ਤੇਰੇ ਨਾਮ ਦਾ ਗਾਇਨ[60] ਕਰਨਾ ਅਤੇ ਸੁਣਨਾ, ਹੇ ਸੁਆਮੀ! ਤੇਰੀ ਰਜ਼ਾ[61] ਅੰਦਰ ਹੈ।
ਹੁਕਮੁ[62] ਬੂਝੈ[63] ਸੋ[64] ਸਾਚਿ[65] ਸਮਾਣਾ[66] ॥	Whosoever realises[63] Thy will[62]; he[64] merges[66] in the True Name[65].	ਜੋ ਕੋਈ ਤੇਰੀ ਰਜ਼ਾ[62] ਨੂੰ ਅਨੁਭਵ ਕਰਦਾ[63] ਹੈ; ਉਹ[64] ਸੱਚੇ ਨਾਮ[65] ਅੰਦਰ ਲੀਨ[66] ਹੋ ਜਾਂਦਾ ਹੈ।
ਜਪਿ[67] ਜਪਿ ਜੀਵਹਿ[71] ਤੇਰਾ ਨਾਂਉ ॥ ਤੁਝ ਬਿਨੁ[68] ਦੂਜਾ[69] ਨਾਹੀ ਥਾਉ[70]॥੨॥	He lives[71] by contemplating[67], contemplating Thy Name and for him, without[68] Thee, there is not other[69] place[70].	ਉਹ ਤੇਰੇ ਨਾਮ ਨੂੰ ਸਿਮਰ[67], ਸਿਮਰ ਕੇ ਜੀਉਂਦਾ[71] ਹੈ ਅਤੇ ਉਸ ਦੇ ਲਈ, ਤੇਰੇ ਬਗੈਰ[68] ਹੋਰ[69] ਕੋਈ ਜਗ੍ਹਾ[70] ਨਹੀਂ।
੧੨੭੧	**1271**	**੧੨੭੧**
ਦੁਖ[72] ਸੁਖ[73] ਕਰਤੇ[74] ਹੁਕਮੁ[75] ਰਜਾਇ[76] ॥	O Creator-Lord[74], woe[72] and weal[73] are all in Thy command[75] and will[76].	ਹੇ ਸਿਰਜਣਹਾਰ ਸੁਆਮੀ[74]! ਗਮੀ[72] ਅਤੇ, ਖੁਸ਼ੀ[73] ਸਮੂਹ ਤੇਰੇ ਫੁਰਮਾਨ[75] ਅਤੇ ਭਾਣੇ[76] ਵਿਚ ਹਨ।
ਭਾਣੈ[77] ਬਖਸ[78] ਭਾਣੈ ਦੇਇ ਸਜਾਇ[79] ॥	In Thy will[77] Thou forgivest[78] and in Thy will Thou punishest[79].	ਆਪਣੀ ਰਜ਼ਾ[77] ਅੰਦਰ ਤੂੰ ਮੁਆਫ ਕਰ ਦਿੰਦਾ[78] ਹੈਂ ਅਤੇ ਆਪਣੀ ਰਜ਼ਾ ਅੰਦਰ ਸਜ਼ਾ ਦਿੰਦਾ[79] ਹੈਂ।
ਦੁਹਾਂ[80] ਸਿਰਿਆਂ[81] ਕਾ ਕਰਤਾ[82] ਆਪਿ[83] ॥	Of both[80] the ends[81] of here and hereafter, Thou Thyself[83] art the Creator[82].	ਏਥੇ ਅਤੇ ਉਥੇ ਦੇ ਦੋਨਾਂ[80] ਕਿਨਾਰਿਆਂ[81] ਦਾ, ਤੂੰ ਖੁਦ[83] ਹੀ ਸਿਰਜਣਹਾਰ[82] ਹੈਂ।
ਕੁਰਬਾਣੁ[84] ਜਾਂਈ ਤੇਰੇ	O Lord, I am a sacrifice[84] unto	ਹੇ ਸੁਆਮੀ! ਮੈਂ ਤੇਰੀ ਸੋਭਾ[85] ਉਤੋਂ ਘੋਲੀ[84]

ਪਰਤਾਪ[85] ॥੩॥

Thine glory[85].

ਜਾਂਦਾ ਹਾਂ।

ਤੇਰੀ ਕੀਮਤਿ[86] ਤੂਹੈ ਜਾਣਹਿ ॥

Thy worth[86], O God, Thou Thyself knowest.

ਆਪਣੇ ਮੁੱਲ[86] ਨੂੰ, ਹੇ ਵਾਹਿਗੁਰੂ ! ਤੂੰ ਆਪ ਹੀ ਜਾਣਦਾ ਹੈਂ।

ਤੂ ਆਪੇ ਬੂਝਹਿ[87] ਸੁਣਿ ਆਪਿ ਵਖਾਣਹਿ[88] ॥

Thou Thyself understandest[87] and hearest and Thyself describest[88] Thine wonders.

ਤੂੰ ਖ਼ੁਦ ਆਪਣਿਆਂ ਕ੍ਰਿਸ਼ਮਿਆਂ ਨੂੰ ਸਮਝਦਾ[87] ਤੇ ਸੁਣਦਾ ਹੈਂ ਅਤੇ ਖ਼ੁਦ ਹੀ ਬਿਆਨ[88] ਕਰਦਾ ਹੈਂ।

ਸੇਈ[89] ਭਗਤ[90] ਜੋ ਤੁਧੁ ਭਾਣੇ[91] ॥ ਨਾਨਕ ਤਿਨ[92]ਕੈ ਸਦ[93] ਕੁਰਬਾਣੇ[94] ॥੪॥੨॥੨੦॥

They[89] alone are the saints[90], who are pleasing[91] to Thee and Nanak is ever[93] a sacrifice[94] unto them[92], O Lord.

ਕੇਵਲ ਉਹ[89] ਹੀ ਸੰਤ[90] ਹਨ, ਜੋ ਤੈਨੂੰ ਚੰਗੇ ਲਗਦੇ[91] ਹਨ ਅਤੇ ਨਾਨਕ ਉਨ੍ਹਾਂ[92] ਉਤੋਂ ਹਮੇਸ਼ਾ[93] ਹੀ ਵਾਰਨੇ[94] ਜਾਂਦਾ ਹੈ, ਹੇ ਸੁਆਮੀ !

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ।

ਪਰਮੇਸਰੁ[95] ਹੋਆ ਦਇਆਲੁ[96] ॥ ਮੇਘੁ[97] ਵਰਸੈ[98] [99]ਅੰਮ੍ਰਿਤਧਾਰ[100]॥

The Transcendent Lord[95] has become merciful[96] and the cloud[97] is pouring[98] forth the ambrosial[99] stream[100].

ਪਰਮ ਪ੍ਰਭੂ[95] ਮਿਹਰਬਾਨ[96] ਹੋ ਗਿਆ ਹੈ ਅਤੇ ਬੱਦਲ[97] ਆਬਿ-ਹਿਯਾਤ[99] ਦਾ ਪਰਵਾਹ[100] ਬਰਸਾ[98] ਰਿਹਾ ਹੈ।

ਸਗਲੇ ਜੀਅ[2] ਜੰਤ ਤ੍ਰਿਪਤਾਸੇ[3] ॥ ਕਾਰਜ[4] ਆਏ ਪੂਰ[5] ਰਾਸੇ[6] ॥੧॥

All the creatures[2] are satiated[3] and the affairs[4] are perfectly well[5] arranged[6].

ਸਾਰੇ ਜੀਵ-ਜੰਤੂ[2] ਸੰਤੁਸ਼ਟ[3] ਹੋ ਗਏ ਹਨ ਅਤੇ ਕੰਮ[4] ਪੂਰੀ ਤਰ੍ਹਾਂ[5] ਨੇਪਰੇ ਚੜ੍ਹ ਗਏ[6] ਹਨ।

ਸਦਾ ਸਦਾ ਮਨ[7] ਨਾਮੁ ਸਮਾਲਿ[8] ॥

O my soul[7], ever, ever remember[8] thou thy Lord's Name.

ਹੇ ਮੇਰੀ ਜਿੰਦੇ[7] ! ਤੂੰ ਹਮੇਸ਼ਾ, ਹਮੇਸ਼ਾ ਹੀ ਆਪਣੇ ਸਾਂਈਂ ਦਾ ਸਿਮਰਨ[8] ਕਰ।

ਗੁਰ ਪੂਰੇ[9] ਕੀ ਸੇਵਾ[10] ਪਾਇਆ ਐਥੈ ਓਥੈ ਨਿਬਹੈ[12] ਨਾਲਿ ॥੧॥ ਰਹਾਉ॥

Through the service[10] of the Perfect[9] Guru, I am blessed with the Name and it shall last[12] with me, here and hereafter. Pause.

ਪੂਰਨ[9] ਗੁਰਾਂ ਦੀ ਟਹਿਲ ਸੇਵਾ[10] ਰਾਹੀਂ, ਮੈਨੂੰ ਨਾਮ ਪਰਾਪਤ ਹੋ ਗਿਆ ਹੈ ਅਤੇ ਏਥੇ ਤੇ ਓਥੇ ਇਹ ਮੇਰਾ ਸਾਥ[12] ਦੇਵੇਗਾ। ਠਹਿਰਾਉ।

ਦੁਖੁ[13] ਭੰਨਾ[14] ਭੈ[15] ਭੰਜਨਹਾਰ[16] ॥

The Lord is the Destroyer[14] of pain[13] and the Remover[16] of fear[15].

ਪ੍ਰਭੂ ਦੁਖੜਾ[13] ਹਰਨਹਾਰ[14] ਅਤੇ ਡਰ[15] ਨੂੰ ਦੂਰ ਕਰਨ ਵਾਲਾ[16] ਹੈ।

ਆਪਣਿਆ ਜੀਆ[17] ਕੀ ਕੀਤੀ ਸਾਰ[18] ॥

He takes care[18] of His beings[17].

ਉਹ ਆਪਣੇ ਜੀਵਾਂ[17] ਦੀ ਸੰਭਾਲ ਕਰਦਾ[18] ਹੈ।

ਰਾਖਨਹਾਰ[19] ਸਦਾ ਮਿਹਰਵਾਨ[20]॥ਸਦਾ[21] ਸਦਾ ਜਾਈਐ ਕੁਰਬਾਨ[22] ॥੨॥

The Saviour-Lord[19] is ever merciful[20]. Ever[21], ever I am a sacrifice[22] unto Him.

ਰੱਖਿਆ ਕਰਨ ਵਾਲਾ-ਸੁਆਮੀ[19] ਸਦੀਵ ਹੀ ਦਇਆਲੂ[20] ਹੈ। ਹਮੇਸ਼ਾ[21], ਹਮੇਸ਼ਾ ਹੀ ਮੈਂ ਉਸ ਉਤੋਂ ਘੋਲੀ[22] ਜਾਂਦਾ ਹਾਂ।

ਕਾਲੁ[23] ਗਵਾਇਆ[24] ਕਰਤੈ[25] ਆਪਿ ॥

The Creator-Lord[25], of Himself has rid[24] me of the fear of death[23].

ਸਿਰਜਣਹਾਰ-ਸੁਆਮੀ[25] ਨੇ ਆਪੇ ਹੀ, ਮੇਰਾ ਮੌਤ[23] ਦਾ ਡਰ ਦੂਰ ਕਰ ਦਿੱਤਾ[24] ਹੈ।

ਸਦਾ ਸਦਾ ਮਨ ਤਿਸ[26] ਨੋ ਜਾਪਿ[27] ॥

Ever, ever contemplate[27] thou Him[26], O my soul.

ਸਦੀਵ, ਸਦੀਵ ਹੀ ਤੂੰ ਉਸ[26] ਦਾ ਅਰਾਧਨ[27] ਕਰ, ਹੇ ਮੇਰੀ ਜਿੰਦੜੀਏ !

ਦ੍ਰਿਸਟਿ[28] ਧਾਰਿ[29] ਰਾਖੇ[30] ਸਭਿ ਜੰਤ[31] ॥	Casting[29] His merciful glance[28], He protects[30] all the beings[31].	ਆਪਣੀ ਮਿਹਰ ਦੀ ਨਜ਼ਰ[28] ਕਰ ਕੇ[29], ਉਹ ਸਾਰਿਆਂ ਜੀਵਾਂ[31] ਦੀ ਰੱਖਿਆ[30] ਕਰਦਾ ਹੈ ।
ਗੁਣ[32] ਗਾਵਹੁ[33] ਨਿਤ[34] ਨਿਤ ਭਗਵੰਤ[35] ॥੩॥	Ever[34], ever hymn[33] thou the praise[32] of the Auspicious Lord[35], O man.	ਸਦਾ[34], ਸਦਾ ਹੀ ਤੂੰ ਸੁਲਖਣੇ ਸੁਆਮੀ[35] ਦੀ ਮਹਿਮਾ[32] ਗਾਇਨ[33] ਕਰ, ਹੇ ਬੰਦੇ !
ਏਕੋ[36] ਕਰਤਾ[37] ਆਪੇ ਆਪ[38] ॥	The Unique[36] Creator[37] is all by Himself[38].	ਅਦੁਤੀ[36] ਸਿਰਜਣਹਾਰ[37] ਸਾਰਾ ਕੁਛ[38] ਆਪ ਹੀ ਹੈ ।
ਹਰਿ ਕੇ ਭਗਤ[39] ਜਾਨਹਿ[40] ਪਰਤਾਪ[41] ॥	God's saints[39] realise[40] His grandeur[41].	ਵਾਹਿਗੁਰੂ ਦੇ ਸੰਤ[39] ਉਸ ਦੇ ਤਪ-ਤੇਜ[41] ਨੂੰ ਅਨੁਭਵ ਕਰਦੇ[40] ਹਨ ।
ਨਾਵੈ ਕੀ ਪੈਜ[42] ਰਖਦਾ ਆਇਆ ॥	The Lord has been preserving the honour[42] of His Name.	ਸਾਂਈਂ ਆਪਣੇ ਨਾਮ ਦੀ ਲੱਜਿਆ[42] ਰਖਦਾ ਰਿਹਾ ਹੈ ।
ਨਾਨਕੁ ਬੋਲੈ[43] ਤਿਸ[44] ਕਾ ਬੋਲਾਇਆ ॥੪॥੩॥੨੧॥	Made to speak by Him[44], Nanak utters[43] the Lord's praise.	ਉਸ ਦਾ[44] ਬੁਲਾਇਆ ਹੋਇਆ, ਨਾਨਕ ਸੁਆਮੀ ਦੀ ਸਿਫ਼ਤ ਸ਼ਲਾਘਾ ਉਚਾਰਨ ਕਰਦਾ[43] ਹੈ ।
ਮਲਾਰ ਮਹਲਾ ੫ ॥	Malar 5th Guru.	ਮਲਾਰ ਪੰਜਵੀਂ ਪਾਤਿਸ਼ਾਹੀ ।
ਗੁਰ ਸਰਣਾਈ[45] ਸਗਲ ਨਿਧਾਨੁ[46] ॥ ਸਾਚੀ ਦਰਗਹਿ[47] ਪਾਈਐ ਮਾਨੁ[48] ॥	In the Guru's refuge[45], man is blessed with all the treasures[46] and he attains honour[48], in the True Court[47].	ਗੁਰਾਂ ਦੀ ਪਨਾਹ[45] ਵਿਚ, ਜੀਵ ਨੂੰ ਸਾਰੇ ਖ਼ਜ਼ਾਨੇ[46] ਪਰਦਾਨ ਹੋ ਜਾਂਦੇ ਹਨ ਅਤੇ ਉਹ ਸੱਚੇ ਦਰਬਾਰ[47] ਵਿਚ ਇਜ਼ਤ ਪਾਉਂਦਾ[48] ਹੈ ।
ਭ੍ਰਮੁ[49] ਭਉ[50] ਦੂਖੁ[51] ਦਰਦੁ[52] ਸਭੁ ਜਾਇ[53] ਸਾਧ ਸੰਗਿ ਸਦ ਹਰਿ ਗੁਣ[54] ਗਾਇ ॥	He is rid of[53] all his doubt[49], dreads[50], pains[51] and trouble[52] and he ever sings God's praise[54] in the society of the saints.	ਉਸ ਦੇ ਸਾਰੇ ਸੰਦੇਹ[49], ਡਰ[50], ਪੀੜ[51] ਅਤੇ ਤਕਲੀਫ਼ਾਂ[52] ਦੂਰ ਹੋ ਜਾਂਦੀਆਂ[53] ਹਨ ਅਤੇ ਉਹ ਹਮੇਸ਼ਾ, ਸਤਿ ਸੰਗਤ ਅੰਦਰ ਵਾਹਿਗੁਰੂ ਦਾ ਜੱਸ[54] ਗਾਇਨ ਕਰਦਾ ਹੈ ।
ਮਨ[57] ਮੇਰੇ ਗੁਰੁ ਪੂਰਾ[55] ਸਾਲਾਹਿ[56] ॥	O my soul[57], ever praise[56] thou thy Perfect[55] Guru.	ਹੇ ਮੇਰੀ ਜਿੰਦੇ[57] ! ਤੂੰ ਸਦਾ ਆਪਣੇ ਪੂਰਨ[55] ਗੁਰਾਂ ਦੀ ਸਿਫ਼ਤ ਸ਼ਲਾਘਾ[56] ਕਰ ।
ਨਾਮੁ ਨਿਧਾਨੁ[57]* ਜਪਹੁ[58] ਦਿਨੁ ਰਾਤੀ ਮਨ[59] ਚਿੰਦੇ[60] ਫਲ[61] ਪਾਇ ॥੧॥ਰਹਾਉ॥	Day and night, meditate[58] thou on the Name treasure[57]* and obtain thy heart[59]-desired[60] fruits[61]. Pause.	ਦਿਨ ਅਤੇ ਰੈਣ, ਤੂੰ ਨਾਮ ਦੇ ਖ਼ਜ਼ਾਨੇ[57]* ਦਾ ਆਰਾਧਨ[58] ਕਰ ਅਤੇ ਆਪਣੇ ਚਿਤ[59]-ਚਾਹੁੰਦੇ[60] ਮੇਵੇ[61] ਹਾਸਲ ਕਰ । ਠਹਿਰਾਉ ।
ਸਤਿਗੁਰ ਜੇਵਡੁ[62] ਅਵਰੁ ਨ ਕੋਇ ॥	No one else is as great[62] as the True Guru.	ਕੋਈ ਹੋਰ ਜਣਾ ਸੱਚੇ ਗੁਰਾਂ ਜਿਡਾ ਵਡਾ[62] ਨਹੀਂ ।
ਗੁਰੁ ਪਾਰਬ੍ਰਹਮੁ[63] ਪਰਮੇਸਰੁ[64] ਸੋਇ[65] ॥	He[65], the Guru, is Himself the Supreme Lord[63] Master[64].	ਉਹ[65], ਗੁਰੂ ਜੀ, ਖ਼ੁਦ ਹੀ ਸ਼ਰੋਮਣੀ ਸੁਆਮੀ[63] ਮਾਲਕ[64] ਹਨ ।
ਜਨਮ ਮਰਣ ਦੂਖ[66] ਤੇ ਰਾਖੈ[67] ॥ ਮਾਇਆ[68] ਬਿਖੁ[69] ਫਿਰਿ[70] ਬਹੁੜਿ[71] ਨਾ ਚਾਖੈ[72] ॥੨॥	He saves[67] man from the pain[66] of birth and death and[70] he tastes[72] not again[71] poison[69] of mammon[68].	ਉਹ, ਬੰਦੇ ਨੂੰ ਜੰਮਣ ਤੇ ਮਰਨ ਦੀ ਪੀੜ[66] ਤੋਂ ਬਚਾ ਲੈਂਦੇ[67] ਹਨ ਅਤੇ[70] ਉਹ ਮੁੜ[71] ਮੋਹਣੀ[68] ਦੀ ਜ਼ਹਿਰ[69] ਨੂੰ ਨਹੀਂ ਚਖਦਾ[72] ।

ਗੁਰ ਕੀ ਮਹਿਮਾ[73] ਕਥਨੁ[74] ਨ ਜਾਇ ॥	The Guru's glory[73] can be uttered[74] not.	ਗੁਰਾਂ ਦੀ ਪ੍ਰਭੁਤਾ[73] ਆਖੀ[74] ਨਹੀਂ ਜਾ ਸਕਦੀ ।
ਗੁਰੁ ਪਰਮੇਸਰੁ[75] ਸਾਚੈ ਨਾਇ[76] ॥	By contemplating the True Name[76], the Guru has become the Lord's[75] embodiment.	ਸੱਚੇ ਨਾਮ[76] ਦਾ ਸਿਮਰਨ ਕਰਨ ਦੁਆਰਾ, ਗੁਰੂ ਜੀ ਸੁਆਮੀ[75] ਦਾ ਸਰੂਪ ਹੋ ਗਏ ਹਨ ।
ਸਚੁ ਸੰਜਮੁ[77] ਕਰਣੀ[78] ਸਭੁ ਸਾਚੀ ॥	True is the Guru's self-discipline[77] and true are all his deeds[78].	ਸੱਚਾ ਹੈ ਗੁਰਾਂ ਦਾ ਸਵੈ-ਜ਼ਬਤ[77] ਅਤੇ ਸੱਚੇ ਹਨ ਉਹਨਾਂ ਦੇ ਸਾਰੇ ਕਰਮ[78] ।
ਸੋ[79] ਮਨੁ[80] ਨਿਰਮਲੁ[81] ਜੋ ਗੁਰ ਸੰਗਿ[82] ਰਾਚੀ[83] ॥੩॥	Immaculate[81] is the[79] man[80], who is imbued[83] with[82] the love of the Guru.	ਪਵਿੱਤਰ[81] ਹੈ ਉਹ[79] ਪੁਰਸ਼[80], ਜੋ ਗੁਰਾਂ ਦੀ ਪ੍ਰੀਤ ਨਾਲ[82] ਰੰਗਿਆ ਹੋਇਆ[83] ਹੈ ।
ਗੁਰੁ ਪੂਰਾ[84] ਪਾਈਐ [85]ਵਡਭਾਗਿ[86] ॥	By the great[85] good destiny[86], the Perfect[84] Guru, is obtained.	ਭਾਰੀ[85] ਚੰਗੀ ਪ੍ਰਾਲਬਧ[86] ਦੁਆਰਾ, ਪੂਰਨ[84] ਗੁਰਦੇਵ ਜੀ ਪਰਾਪਤ ਹੁੰਦੇ ਹਨ ।
ਕਾਮੁ[87] ਕ੍ਰੋਧੁ[88] ਲੋਭੁ[89] ਮਨ ਤੇ[90] ਤਿਆਗਿ[91] ॥	From[90] thy mind drive out[91] thou lust[87], wrath[88] and avarice[89], O man.	ਆਪਣੇ ਚਿਤ ਵਿੱਚੋਂ[90] ਤੂੰ ਸ਼ਹਿਵਤ[87], ਗੁੱਸੇ[88] ਅਤੇ ਲਾਲਚ[89] ਨੂੰ ਬਾਹਰ ਕੱਢ ਦੇ[91], ਹੇ ਬੰਦੇ !
ਕਰਿ ਕਿਰਪਾ[92] ਗੁਰ ਚਰਣ[93] ਨਿਵਾਸਿ[94] ॥ ਨਾਨਕ ਕੀ ਪ੍ਰਭ ਸਚੁ[96] ਅਰਦਾਸਿ[95] ॥੪॥੪॥੨੨॥	Nanak prays[95] to the True Lord[96], to mercifully[92] enshrine[94] the Guru's feet[93] in his mind.	ਨਾਨਕ ਸੱਚੇ ਸੁਆਮੀ[96] ਮੂਹਰੇ ਪ੍ਰਾਰਥਨਾ ਕਰਦਾ[95] ਹੈ ਕਿ ਮਿਹਰ ਧਾਰ ਕੇ[92] ਉਹ ਗੁਰਾਂ ਦੇ ਪੈਰ[93] ਉਸ ਦੇ ਅੰਤਰ-ਆਤਮੇ ਟਿਕਾ ਦੇਣ[94] ।
ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩	Rag Malar 5th Guru Partal	ਰਾਗੁ ਮਲਾਰ ਪੰਜਵੀਂ ਪਾਤਿਸ਼ਾਹੀ ਪੜਤਾਲ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਗੁਰ ਮਨਾਰਿ[97] ਪ੍ਰਿਅ[98] ਦਇਆਰ[99] ਸਿਉ[100] ਰੰਗੁ[2] ਕੀਆ[3] ॥	Propitiating[97] the Guru, I have made[3] love[2] with[100] my Merciful[99] Beloved[98].	ਗੁਰਾਂ ਨੂੰ ਮਨਾ ਕੇ[97], ਮੈਂ ਆਪਣੇ ਮਇਆਵਾਨ[99] ਪ੍ਰੀਤਮ[98] ਨਾਲ[100] ਪਿਆਰ[2] ਕੀਤਾ[3] ਹੈ ।
ਕੀਨੋ ਰੀ ਸਗਲ ਸੀਂਗਾਰ[4] ॥ ਤਜਿਓ[5] ਰੀ ਸਗਲ ਬਿਕਾਰ[6] ॥ ਧਾਵਤੌ[7] ਅਸਥਿਰੁ[8] ਥੀਆ[9] ॥੧॥ ਰਹਾਉ ॥	I have made all the decorations[4], have renounced[5] all evils[6] and my wandering[7] mind has become[9] moveless[8]. Pause.	ਮੈਂ ਸਾਰੇ ਹਾਰ ਸ਼ਿੰਗਾਰ[4] ਲਾਏ ਹਨ, ਸਾਰੀਆਂ ਬਦੀਆਂ[6] ਛੱਡ ਦਿੱਤੀਆਂ[5] ਹਨ ਅਤੇ ਮੇਰਾ ਭੱਜਾ ਫਿਰਦਾ[7] ਮਨੂਆ ਅਹਿੱਲ[8] ਹੋ ਗਿਆ[9] ਹੈ । ਠਹਿਰਾਉ ।
੧੨੭੨	1272	੧੨੭੨
ਐਸੇ[10] ਰੇ[12] ਮਨ[13] ਪਾਇ[14] ਕੈ ਆਪੁ[15]	O[12] my soul[13], still[16] thou thy ego[15] and associate[17] with the saints. So[10]	ਹੇ[12] ਮੇਰੀ ਜਿੰਦੇ[13] ! ਤੂੰ ਆਪਣੀ ਹੰਗਤਾ[15] ਨੂੰ ਮਾਰ[16] ਸੁੱਟ ਅਤੇ ਸੰਤਾਂ ਦੀ ਸੰਗਤ[17] ਕਰ । ਜਿਵੇਂ[10] ਤੂੰ

ਗਵਾਇ[16] ਕੈ ਕਰਿ ਸਾਧਨ ਸਿਉ ਸੰਗੁ[17] ॥	shalt thou obtain[14] thy Lord.	ਆਪਣੇ ਸਾਂਈਂ ਨੂੰ ਪਾ[14] ਲਵੇਂਗੀ ।
ਬਾਜੇ[18] ਬਜਹਿ[19] ਮ੍ਰਿਦੰਗ[20] ਅਨਾਹਦ[21] ਕੋਕਿਲ[22] ਰੀ ਰਾਮ[23] ਨਾਮੁ ਬੋਲੈ[24] ਮਧੁਰ[25] ਬੈਨ[26] ਅਤਿ[27] ਸੁਹੀਆ[28] ॥੧॥	This wise the musical instruments[18] and drums[20] shall incessantly[21] play[19] for thee and thy tongue, like the cuckoo[22], shall with sweet[25] words[26] and very[27] gracefully[28] utter[24] the Lord's[23] Name	ਇਸ ਤਰ੍ਹਾਂ ਸੰਗੀਤਕ ਸਾਜ਼[18] ਅਤੇ ਢੋਲ ਤੇਰੇ ਲਈ ਇਕ-ਰਸ[21] ਵਜਣਗੇ[19] ਅਤੇ[20] ਕੋਇਲ[22] ਦੀ ਮਾਨੰਦ, ਤੇਰੀ ਜੀਭ[25] ਮਿਠੇ ਬਚਨਾਂ[26] ਨਾਲ ਅਤੇ ਪਰਮ[27] ਸੋਹਣੀ ਤਰ੍ਹਾਂ[28] ਪ੍ਰਭੂ[23] ਦਾ ਨਾਮ ਉਚਾਰਨ ਕਰੇਗੀ[24] ।
ਐਸੀ[29] ਤੇਰੇ ਦਰਸਨ[30] ਕੀ ਸੋਭ[31] ਅਤਿ[32] ਅਪਾਰ[33] ਪ੍ਰਿਅ[34] ਅਮੋਘ[35] ਤੈਸੇ[36] ਹੀ ਸੰਗਿ[37] ਸੰਤ ਬਨੇ[38] ॥	My Love[34], such[29] is the glory[31] of Thy vision[30], that it is exceedingly[32] beauteous[33] and fruitful[35] So[36] do Thy saints become[38] through Thine association[37].	ਮੇਰੇ ਪ੍ਰੀਤਮ[34] ਐਹੋ ਜਿਹੀ[29] ਹੈ ਪ੍ਰਭਤਾ[31] ਤੇਰੇ ਦੀਦਾਰ[30] ਦੀ, ਕਿ ਇਹ ਪਰਮ[32] ਸੁੰਦਰ[33] ਅਤੇ ਫਲਦਾਇਕ[35] ਹੈ । ਤੇਰੀ ਸੰਗਤ[37] ਰਾਹੀਂ ਉਹੋ ਜਿਹੇ[36] ਹੀ ਬਣ[38] ਜਾਂਦੇ ਹਨ ਤੇਰੇ ਸਾਧੂ ।
ਭਵ[39] ਉਤਾਰ[40] ਨਾਮ ਭਨੇ[41] ॥	They, O Lord, utter[41] Thy Name and Thou ferriest[40] them across the world[39]-ocean.	ਹੇ ਸੁਆਮੀ ! ਉਹ ਤੇਰੇ ਨਾਮ ਦਾ ਉਚਾਰਨ ਕਰਦੇ[41] ਹਨ ਅਤੇ ਤੂੰ ਉਨ੍ਹਾਂ ਨੂੰ ਸੰਸਾਰ[39]-ਸਮੁੰਦਰ ਤੋਂ ਪਾਰ[40] ਕਰ ਦਿੰਦਾ ਹੈਂ ।
ਰਮ ਰਾਮ[42] ਰਾਮ[43] ਮਾਲ[44] ॥ ਮਨਿ[45] ਫੇਰਤੇ[46] ਹਰਿ ਸੰਗਿ[47] ਸੰਗੀਆ[48] ॥	Associating[48] with the God's associates[47], they tell[46] the rosary[44] of their Lord Master's[42] Name[43] with their heart[45].	ਵਾਹਿਗੁਰੂ ਦੇ ਸਾਥੀਆਂ[47] ਦੀ ਸੰਗਤ[48] ਕਰਨ ਦੁਆਰਾ, ਉਹ ਆਪਣੇ ਦਿਲ[45] ਨਾਲ ਸੁਆਮੀ[42] ਮਾਲਕ ਦੇ ਨਾਮ[43] ਦੀ ਮਾਲਾ[44] ਫੇਰਦੇ[46] ਹਨ ।
ਜਨ[49] ਨਾਨਕ ਪ੍ਰਿਉ[50] ਪ੍ਰੀਤਮੁ[51] ਥੀਆ[52] ॥੨॥੧॥੨੩॥	O slave[49] Nanak, the Beloved Lord[50] becomes[52] sweet[51] unto them.	ਹੇ ਗੋਲੇ[49] ਨਾਨਕ ! ਪਿਆਰਾ ਪ੍ਰਭੂ[50] ਉਹਨਾਂ ਨੂੰ ਮਿੱਠੜਾ[51] ਲਗਣ[52] ਲਗ ਜਾਂਦਾ ਹੈ ।
ਮਲਾਰ ਮਹਲਾ ੫ ॥	Malar 5th Guru.	ਮਲਾਰ ਪੰਜਵੀਂ ਪਾਤਿਸ਼ਾਹੀ ।
ਮਨੁ ਘਨੈ[53] ਭ੍ਰਮੈ[54] ਬਨੈ[55] ॥	My mind passes through[54] the dense[53] forest[55].	ਮੇਰਾ ਮਨੂਆ ਸੰਘਣੇ[53] ਜੰਗਲ[55] ਵਿਚ ਦੀ ਲੰਘਦਾ[54] ਹੈ।
ਉਮਕਿਤ[56] ਰਸਿ[57] ਚਾਲੈ[58] ॥ ਪ੍ਰਭ ਮਿਲਬੇ[59] ਕੀ ਚਾਹ[60] ॥੧॥ਰਹਾਉ॥	It walks[58] with zeal[56] and love[57], in the desire[60] of meeting[59] with its Lord. Pause.	ਆਪਣੇ ਸੁਆਮੀ ਨਾਲ ਮਿਲਣ[59] ਦੀ ਖ਼ਾਹਿਸ਼[60] ਅੰਦਰ, ਇਹ ਉਮੰਗ[56] ਤੇ ਪਿਆਰ[57] ਨਾਲ ਤੁਰਦਾ[58] ਹੈ । ਠਹਿਰਾਉ ।
ਤ੍ਰੈ ਗੁਨ[61] ਮਾਈ[62] ਮੋਹਿ[63] ਆਈ ਕਹੰਉ[64] ਬੇਦਨ[65] ਕਾਹਿ[66] ॥੧॥	The mammon[62] of three qualities[61] has come to entice[63] me. To whom[66] should I tell[64] of my pain[65] ?	ਤਿੰਨਾਂ ਲੱਛਣਾਂ[61] ਵਾਲੀ ਮਾਇਆ[62] ਮੈਨੂੰ ਗੁਮਰਾਹ[63] ਕਰਨ ਨੂੰ ਆਈ ਹੈ । ਮੈਂ ਆਪਣੀ ਪੀੜ[65] ਕਿਸ[66] ਨੂੰ ਦੱਸਾਂ[64] ?
ਆਨ[67] ਉਪਾਵ[68] ਸਗਰ[69] ਕੀਏ ਨਹਿ ਦੂਖ[70] ਸਾਕਹਿ[72] ਲਾਹਿ[71] ॥	I have made all[69] other[67] efforts[68], but they could[72] rid[71] me not of my sorrow[70].	ਮੈਂ ਹੋਰ[67] ਸਾਰੇ[69] ਉਪਰਾਲੇ[68] ਕੀਤੇ ਹਨ, ਪਰੰਤੂ ਉਹ ਮੇਰੇ ਦੁਖੜੇ[70] ਨੂੰ ਦੂਰ[71] ਨਹੀਂ ਕਰ[72] ਸਕੇ ।

ਭਜੁ[73] ਸਰਨਿ[74] ਸਾਧੂ ਨਾਨਕਾ ਮਿਲੁ ਗੁਨ[75] [76]ਗੋਬਿੰਦਹਿ[77] ਗਾਹਿ[78] ॥੨॥੨॥੨੪॥

Hasten[73] thou to the saints' sanctuary[74], O Nanak and meeting with them hymn[78] thou the World[76]-Lord's[77] praise[75].

ਦੌੜ[73] ਕੇ ਤੂੰ ਸੰਤਾਂ ਦੀ ਪਨਾਹ[74] ਲੈ ਲੈ, ਹੇ ਨਾਨਕ ! ਅਤੇ ਉਹਨਾਂ ਨਾਲ ਮਿਲ ਕੇ, ਤੂੰ ਸ੍ਰਿਸ਼ਟੀ[76] ਦੇ ਸੁਆਮੀ[77] ਦੀ ਮਹਿਮਾ[75] ਗਾਇਨ[78] ਕਰ ।

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ ।

ਪ੍ਰਿਅ[79] ਕੀ ਸੋਭ[80] ਸੁਹਾਵਨੀ[81] ਨੀਕੀ[82] ॥

Beauteous[81] and sublime[82] is the glory[80] of my love[79].

ਸੁੰਦਰ[81] ਅਤੇ ਸਰੇਸ਼ਟ[82] ਹੈ ਮੇਰੇ ਪ੍ਰੀਤਮ[79] ਦੀ ਪ੍ਰਭਤਾ[80] ।

ਹਾਹਾ ਹੂਹੂ ਗੰਧ੍ਰਬ[83] ਅਪਸਰਾ[84] ਅਨੰਦ[85] ਮੰਗਲ[86] ਰਸ[87] ਗਾਵਨੀ[88] ਨੀਕੀ[89] ॥੧॥ਰਹਾਉ ॥

The celestial singers[83], Haha and Huhu by Name and fairies[84] sing[88] His sublime[89] praise with joy[85] bliss[86] and love[87]. Pause.

ਹਾ ਹਾ ਤੇ ਹੂ ਹੂ ਨਾਮ ਵਾਲੇ ਸਵਰਗੀ ਗਵੱਈਏ[83] ਅਤੇ ਹੂਰਾਂ[84] ਉਸ ਦੀ ਸਰੇਸ਼ਟ[89] ਕੀਰਤੀ ਨੂੰ ਖ਼ੁਸ਼ੀ[85] ਪ੍ਰਸੰਨਤਾ[86] ਅਤੇ ਪ੍ਰੀਤ[87] ਨਾਲ ਗਾਇਨ[88] ਕਰਦੇ ਹਨ । ਠਹਿਰਾਉ ।

ਧੁਨਿਤ[90] ਲਲਿਤ[91] ਗੁਨਗ[92] ਅਨਿਕ[93] ਭਾਂਤਿ[94] ਬਹੁ[95] ਬਿਧਿ[96] ਰੂਪ[97] ਦਿਖਾਵਨੀ[98] ਨੀਕੀ[99] ॥੧॥

The men of merits[92] hymn[90] the Lord's beauteous[91] melodies in various[93] ways[94] and manifest[98] His superb[99] forms[97] by myriad[95] kinds[96].

ਗੁਣੀ[92] ਪੁਰਸ਼ ਸਾਹਿਬ ਦੇ ਸੋਹਣੇ[91] ਰਾਗ ਅਨੇਕਾਂ[93] ਤਰੀਕਿਆਂ[94] ਨਾਲ ਗਾਇਨ ਕਰਦੇ[90] ਹਨ ਅਤੇ ਉਸ ਦੇ ਉਤਕ੍ਰਿਸ਼ਟ[99] ਸਰੂਪ[97] ਕ੍ਰੋੜਾਂ[95] ਹੀ ਢੰਗਾਂ[96] ਦੁਆਰਾ ਵਿਖਾਲਦੇ[98] ਹਨ ।

ਗਿਰਿ[100] ਤਰ[2] ਥਲ[3] ਜਲ[4] ਭਵਨ[5] ਭਰਪੁਰਿ[6] ਘਟਿ ਘਟਿ[7] ਲਾਲਨ[8] ਛਾਵਨੀ[9] ਨੀਕੀ[10] ॥

In mountains[100], trees[2], deserts[3], oceans[4], universes[5] and all hearts[7], the beauteous[10] grandeur of my Beloved[8] is fully[6] pervading[9].

ਪਰਬਤਾਂ[100], ਬਿਰਛਾਂ[2], ਮਾਰੂਥਲਾਂ[3], ਸਮੁੰਦਰਾਂ[4], ਆਲਮਾਂ[5] ਅਤੇ ਸਾਰਿਆਂ[7] ਦਿਲਾਂ ਅੰਦਰ ਮੇਰੇ ਪ੍ਰੀਤਮ[8] ਦੀ ਸੁੰਦਰ[10] ਵਡਿਆਈ ਪੂਰੀ[6] ਤਰ੍ਹਾਂ ਵਿਆਪਕ ਹੋ ਰਹੀ[9] ਹੈ ।

ਸਾਧ ਸੰਗਿ[12] ਰਾਮਈਆ[13] ਰਸੁ[14] ਪਾਇਓ[15] ਨਾਨਕ ਜਾ ਕੈ ਭਾਵਨੀ[16] ਨੀਕੀ[17] ॥੨॥੩॥੨੫॥

He, who has sublime[17] faith[16], O Nanak, is blessed[15] with the love[14] of the Omnipresent[13] Lord, in the society of the saints[12].

ਜਿਸ ਦੇ ਪੱਲੇ ਸਰੇਸ਼ਟ[17] ਸ਼ਰਧਾ[16] ਹੈ, ਹੇ ਨਾਨਕ ! ਉਸ ਨੂੰ ਸਤਿਸੰਗਤ[12] ਅੰਦਰ ਸਰਬ-ਵਿਆਪਕ[13] ਸੁਆਮੀ ਦੀ ਪ੍ਰੀਤ[14] ਦੀ ਦਾਤ ਪਰਾਪਤ ਹੋ ਜਾਂਦੀ[15] ਹੈ ।

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ ।

ਗੁਰ ਪ੍ਰੀਤਿ[18] ਪਿਆਰੇ[19] ਚਰਨ[20] ਕਮਲ[21] ਰਿਦ[22] ਅੰਤਰਿ[23] ਧਾਰੇ[24] ॥੧॥ ਰਹਾਉ ॥

Through the love[18] of the Guru, I have enshrined[24] within[23] my mind[22] the lotus[21] feet[20] of my Beloved[19]. Pause.

ਗੁਰਾਂ ਦੇ ਪ੍ਰੇਮ[18] ਰਾਹੀਂ, ਮੈਂ ਆਪਣੇ ਹਿਰਦੇ[22] ਅੰਦਰ[23], ਆਪਣੇ ਪ੍ਰੀਤਮ[19] ਦੇ ਕੰਵਲ[21] ਰੂਪੀ ਪੈਰ[20] ਟਿਕਾ[24] ਲਏ ਹਨ । ਠਹਿਰਾਉ ।

ਦਰਸ[25] ਸਫਲਿਓ[26] ਦਰਸੁ[27] ਪੇਖਿਓ[28] ਗਏ[29] ਕਿਲਬਿਖ[30] ਗਏ ॥

Beholding the Guru's sight[25], I have seen[28] the Lord's accredited[26] vision[27] and I am rid[29], rid of my sins[30].

ਗੁਰਾਂ ਦਾ ਦੀਦਾਰ[25] ਦੇਖਣ ਦੁਆਰਾ, ਮੈਂ ਪ੍ਰਭੂ ਦਾ ਅਮੋਘ[26] ਦਰਸ਼ਨ[27] ਵੇਖ ਲਿਆ[28] ਹੈ ਅਤੇ ਮੇਰੇ ਪਾਪ[30] ਨਸ਼ਟ, ਨਸ਼ਟ[29] ਹੋ ਗਏ ਹਨ ।

ਮਨ ਨਿਰਮਲ[31] ਉਜੀਆਰੇ[32] ॥੧॥

My mind has now become immaculate[31] and enlightened[32].

ਮੇਰਾ ਮਨੂਆ ਹੁਣ ਪਵਿੱਤ੍ਰ[31] ਅਤੇ ਰੋਸ਼ਨ ਹੋ ਗਿਆ[32] ਹੈ ।

ਬਿਸਮ[33] ਬਿਸਮੇ ਬਿਸਮ ਭਈ[34] ॥	Wonderstruck[33], wonderstruck, wonderstuck have I become[34].	ਹੈਰਾਨ[33], ਹੈਰਾਨ, ਹੈਰਾਨ ਮੈਂ ਹੋ ਗਈ[34] ਹਾਂ ।
ਅਘ[35] ਕੋਟਿ[36] ਹਰਤੇ[37] ਨਾਮ ਲਈ[38] ॥	Uttering[38] the Lord's Name millions[36] of my sins[35] are washed off[37].	ਪ੍ਰਭੂ ਦੇ ਨਾਮ ਦਾ ਉਚਾਰਨ ਕਰਨ[38] ਦੁਆਰਾ, ਮੇਰੇ ਕ੍ਰੋੜਾਂ[36] ਹੀ ਪਾਪ[35] ਧੋਤੇ ਗਏ[37] ਹਨ ।
ਗੁਰਚਰਨ[39] ਮਸਤਕੁ[40] ਡਾਰਿ ਪਹੀ[41] ॥	Placing my forehead[40] on them, I have fallen[41] at the Guru's feet[39].	ਉਨ੍ਹਾਂ ਉਤੇ ਆਪਣਾ ਮੱਥਾ[40] ਰੱਖ ਕੇ, ਮੈਂ ਗੁਰਾਂ ਦੇ ਪੈਰਾਂ[39] ਤੇ ਡਿਗ ਪਈ[41] ਹਾਂ ।
ਪ੍ਰਭ[42] ਏਕ[43] ਤੂੰਹੀ ਏਕ ਤੁਹੀ ॥	Thou alone[43], Thou alone, O God, art my Lord[42].	ਕੇਵਲ ਤੂੰ ਹੀ, ਕੇਵਲ[43] ਤੂੰ ਹੀ, ਹੇ ਵਾਹਿਗੁਰੂ ! ਮੇਰਾ ਸੁਆਮੀ[42] ਹੈਂ ।
ਭਗਤ[44] ਟੇਕ[45] ਤੁਹਾਰੇ[46]॥	Thine devotees[44] seek but Thy[46] support[45].	ਤੇਰੇ ਅਨੁਰਾਗੀ[44] ਕੇਵਲ ਤੇਰਾ[46] ਹੀ ਆਸਰਾ[45] ਲੋੜਦੇ ਹਨ ।
ਜਨ[47] ਨਾਨਕ ਸਰਨਿ[48] ਦੁਆਰੇ[49] ॥੨॥੪॥੨੬॥	Slave[47] Nanak has sought the protection[48] of Thy door[49], O Lord.	ਗੋਲੇ[47] ਨਾਨਕ ਨੇ ਤੇਰੇ ਦਰ[49] ਦੀ ਪਨਾਹ[48] ਲਈ ਹੈ, ਹੇ ਸੁਆਮੀ !
ਮਲਾਰ ਮਹਲਾ ੫ ॥	Malar 5th Guru.	ਮਲਾਰ ਪੰਜਵੀਂ ਪਾਤਿਸ਼ਾਹੀ ।
ਬਰਸੁ[50] ਸਰਸੁ[51] ਆਗਿਆ[52] ॥ ਹੋਹਿ[53] ਆਨੰਦ[54] ਸਗਲ[55] ਭਾਗ[56] ॥੧॥ ਰਹਾਉ॥	Happily[51] burst forth[50], O cloud, in the Lord's will[52], that I may be blessed with[53] all[55] bliss[54] and good fortune[56]. Pause.	ਪ੍ਰਭੂ ਦੀ ਰਜ਼ਾ[52] ਅੰਦਰ ਤੂੰ ਖ਼ੁਸ਼ੀ[51] ਨਾਲ ਵਰ੍ਹ[50], ਹੇ ਬੱਦਲਾ ! ਤਾਂ ਜੋ ਮੈਨੂੰ ਸਮੂਹ[55] ਪ੍ਰਸੰਨਤਾ[54] ਅਤੇ ਚੰਗੀ ਪ੍ਰਾਲਭਧ[56] ਦੀ ਦਾਤ ਮਿਲ ਜਾਵੇ[53] । ਠਹਿਰਾਉ ।
ਸੰਤ ਸੰਗੇ ਮਨੁ ਪਰਫੜੈ[57] ਮਿਲਿ[58] ਮੇਘ[59] ਧਰ[60] ਸੁਹਾਗ[61] ॥੧॥	As the earth[60] is reverdured[61], receiving[58] the rain[59], so flowers[57] the mind in the saint's society.	ਜਿਸ ਤਰ੍ਹਾਂ ਮੀਂਹ[59] ਦੇ ਮਿਲਣ[58] ਦੁਆਰਾ ਧਰਤੀ[60] ਹਰੀ ਭਰੀ[61] ਹੋ ਜਾਂਦੀ ਹੈ ਏਸੇ ਤਰ੍ਹਾਂ ਹੀ ਸਤਿਸੰਗਤ ਅੰਦਰ ਮਨੂਆ ਪ੍ਰਫੁਲਤ ਹੋ ਜਾਂਦਾ[57] ਹੈ ।
[62]ਘਨਘੋਰ[63] ਪ੍ਰੀਤਿ[64] ਮੋਰ[65] ॥	The peacock[65] loves the cloud's[62] rumbling[63].	ਮੋਰ[65] ਬੱਦਲਾਂ[62] ਦੀ ਗਰਜ[63] ਨੂੰ ਪਿਆਰ[64] ਕਰਦਾ ਹੈ ।
ਚਿਤੁ[66] ਚਾਤ੍ਰਿਕ[67] ਬੂੰਦ[68] ਓਰ[69] ॥	The pied cuckoo's[67] mind[66] goes towards[69] the rain-drop[68].	ਪਪੀਹੇ[67] ਦਾ ਮਨ[66] ਮੀਂਹ ਦੀ ਕਣੀ[68] ਵਲ[69] ਨੂੰ ਜਾਂਦਾ ਹੈ ।
ਐਸੋ[70] ਹਰਿ ਸੰਗੇ[71] [72]ਮਨਮੋਹ[73] ॥	Such[70] love[73] my soul[72] has with[71] the Lord.	ਐਹੋ ਜੇਹਾ[70] ਪਿਆਰ[73] ਮੇਰੀ ਜਿੰਦੜੀ[72] ਦਾ ਪ੍ਰਭੂ ਨਾਲ[71] ਹੈ ।
ਤਿਆਗਿ[74] ਮਾਇਆ[75] ਧੋਹ[76] ॥	The deceitful[76] mammon[75], I have renounced[74].	ਠਗਣੀ[76] ਮੋਹਣੀ[75] ਨੂੰ, ਮੈਂ ਛਡ ਛਡਿਆ[74] ਹੈ ।
ਮਿਲਿ ਸੰਤ ਨਾਨਕ ਜਾਗਿਆ[77] ॥੨॥੫॥੨੭॥	Meeting with the saints, Nanak's mind has awakened[77].	ਸਾਧੂਆਂ ਨਾਲ ਮਿਲ ਕੇ, ਨਾਨਕ ਦਾ ਮਨ ਜਾਗ ਉਠਿਆ[77] ਹੈ ।
ਮਲਾਰ ਮਹਲਾ ੫ ॥	Malar 5th Guru.	ਮਲਾਰ ਪੰਜਵੀਂ ਪਾਤਿਸ਼ਾਹੀ ।
ਗੁਨ[78] ਗੋੁਪਾਲ[79] ਗਾਉ[81] ਨੀਤ[80] ॥ ਰਾਮ[84] ਨਾਮ	Ever[80] sing[81] thou the praises[78] of the Lord[79] and enshrine[82] the praises	ਤੂੰ ਸਦੀਵ[80] ਹੀ ਸੁਆਮੀ[79] ਦੀਆਂ ਸਿਫ਼ਤ-ਸ਼ਲਾਘਾਂ[78] ਗਾਇਨ ਕਰਨ[81] ਅਤੇ ਮਾਲਕ[84] ਦੇ ਨਾਮ ਨੂੰ ਆਪਣੇ

ਧਾਰਿ[82] ਚੀਤਿ[83] ॥੧॥ ਰਹਾਉ ॥

of the Lord[79] and enshrine[82] the Master's[84] Name in thy mind[83]. Pause.

ਮਨ[83] ਅੰਦਰ ਟਿਕਾ[82] । ਠਹਿਰਾਉ ।

ਛੋਡਿ[85] ਮਾਨੁ[86] ਤਜਿ[87] ਗੁਮਾਨੁ[88] ਮਿਲਿ[89] ਸਾਧੂਆ ਕੈ ਸੰਗਿ[90] ॥

Associating[89] with[90] the saints, forsake[85] thou self-conceit[86] and still[87] thy ego[88].

ਸੰਤਾਂ ਨਾਲ[90] ਸੰਗਤ[89] ਕਰਨ ਦੁਆਰਾ, ਤੂੰ ਆਪਣੀ ਸਵੈ-ਹੰਗਤਾ[86] ਛਡ[85] ਦੇ ਅਤੇ ਹੰਕਾਰ[88] ਨੂੰ ਮਾਰ[87] ਸੁਟ ।

ਹਰਿ ਸਿਮਰਿ[91] ਏਕ ਰੰਗਿ[92] ਮਿਟਿ[93] ਜਾਂਹਿ ਦੋਖ[94] ਮੀਤ[95] ॥੧॥

Contemplating[91] the One Lord with love[92], thy sorrows[94] shall be ended[93], O friend[95].

ਪਿਆਰ[92] ਨਾਲ ਇਕ ਪ੍ਰਭੂ ਦਾ ਆਰਾਧਨ[91] ਕਰਨ ਦੁਆਰਾ, ਤੇਰੇ ਦੁਖੜੇ[94] ਨਵਿਰਤ[93] ਹੋ ਜਾਣਗੇ, ਹੇ ਮਿਤ੍ਰ[95] !

ਪਾਰਬ੍ਰਹਮ[96] ਭਏ ਦਇਆਲ[97] ॥ ਬਿਨਸਿ[98] ਗਏ ਬਿਖੈ[99] ਜੰਜਾਲ[100] ॥

When the Transcendent Lord[96] becomes Merciful[97], then all the entanglements[100] of mammon[99] are past[98].

ਜਦ ਪਰਮ ਪ੍ਰਭੂ[96] ਮਿਹਰਬਾਨ[97] ਹੋ ਜਾਂਦਾ ਹੈ, ਤਾਂ ਮਾਇਆ[99] ਦੇ ਸਾਰੇ ਅਲਸੇਟੇ[100] ਮੁਕ ਜਾਂਦੇ[98] ਹਨ ।

ਸਾਧ ਜਨਾਂ[2] ਕੈ ਚਰਨ[3] ਲਾਗਿ[4] ॥ ਨਾਨਕ ਗਾਵੈ[8] [5]ਗੋਬਿੰਦ[6] ਨੀਤ[7] ॥੨॥੬॥੨੮॥

Clinging[4] to the feet[3] of the holy persons[2], Nanak ever[7] sings[8] the praise of the Lord[6] of the World[5].

ਨੇਕ ਪੁਰਸ਼ਾਂ[2] ਦੇ ਪੈਰਾਂ[3] ਨਾਲ ਜੁੜ[4] ਕੇ, ਨਾਨਕ ਸਦੀਵ[7] ਹੀ ਸ੍ਰਿਸ਼ਟੀ[5] ਦੇ ਸੁਆਮੀ[6] ਦੀ ਕੀਰਤੀ ਗਾਇਨ ਕਰਦਾ[8] ਹੈ ।

੧੨੭੩

1273

੧੨੭੩

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ ।

ਘਨੁ[8*] ਗਰਜਤ[9] ਗੋਬਿੰਦ[10] ਰੂਪ[12] ॥

The Guru, the embodiment[12] of God[10], roars[9] like the cloud[8*].

ਵਾਹਿਗੁਰੂ[10] ਸਰੂਪ[12], ਗੁਰੂ ਜੀ, ਬੱਦਲ[8*] ਦੀ ਤਰ੍ਹਾਂ ਗੱਜਦੇ[9] ਹਨ ।

ਗੁਨ[13] ਗਾਵਤ[14] ਸੁਖ[15] ਚੈਨ[16] ॥੧॥ਰਹਾਉ॥

He sings[14] the Lord's praise[13] and so is in peace[15] and bliss[16]. Pause.

ਉਹ ਪ੍ਰਭੂ ਦਾ ਜੱਸ[13] ਗਾਇਨ ਕਰਦੇ[14] ਹਨ ਅਤੇ ਇੰਜ ਆਰਾਮ[15] ਤੇ ਅਨੰਦ[16] ਵਿਚ ਹਨ । ਠਹਿਰਾਉ ।

ਹਰਿ ਚਰਨ[17] ਸਰਨ[18] ਤਰਨ[19] ਸਾਗਰ[20] ਧੁਨਿ[21] ਅਨਹਤਾ[22] ਰਸ[23] ਬੈਨ[24] ॥ ॥੧॥

The refuge[18] of God's feet[17] ferries[19] man across the world-ocean[20] and the Guru's ambrosial[23] word[24] is the unstruck[22] melody[21].

ਵਾਹਿਗੁਰੂ ਦੇ ਪੈਰਾਂ[17] ਦੀ ਸ਼ਰਣਾਗਤ[18] ਮਨੁੱਖ ਨੂੰ ਸੰਸਾਰ-ਸਮੁੰਦਰ[20] ਤੋਂ ਪਾਰ[19] ਕਰ ਦਿੰਦੀ ਹੈ ਤੇ ਗੁਰਾਂ ਦੀ ਅੰਮ੍ਰਿਤਮਈ[23] ਬਾਣੀ[24] ਇਕ ਰਸ[22] ਹੋਣ ਵਾਲਾ ਕੀਰਤਨ[21] ਹੈ ।

ਪਥਿਕ[25] ਪਿਆਸ[26] ਚਿਤ[27] ਸਰੋਵਰ[28] ਆਤਮ[29] ਜਲੁ[30] ਲੈਨ[31] ॥

The thirsty[26] way-farer's[25] mind[27] is attached to the Guru-Tank[28] to obtain[31] the spiritual[29] water[30].

ਤਿਹਾਏ[26] ਰਾਹੀ[25] ਦਾ ਮਨ[27] ਰੂਹਾਨੀ[29] ਪਾਣੀ[30] ਪਰਾਪਤ[31] ਕਰਨ ਲਈ ਗੁਰੂ-ਤਾਲਾਬ[28] ਦੇ ਨਾਲ ਜੁੜਿਆ ਹੋਇਆ ਹੈ ।

ਹਰਿ ਦਰਸ[32] ਪ੍ਰੇਮ[33] ਜਨ[34] ਨਾਨਕ ਕਰਿ ਕਿਰਪਾ[35] ਪ੍ਰਭ ਦੇਨ[36] ॥੨॥੭॥੨੯॥

Slave[34] Nanak loves[33] to see the Lord's vision[32] and the Lord, in His mercy[35], has blessed[36] him with it.

ਗੋਲੇ[34] ਨਾਨਕ ਦਾ ਪ੍ਰਭੂ ਦੇ ਦਰਸ਼ਨ[32] ਵੇਖਣ ਨਾਲ ਪਿਆਰ[33] ਹੈ ਅਤੇ ਪ੍ਰਭੂ ਨੇ, ਆਪਣੀ ਰਹਿਮਤ[35] ਦੁਆਰਾ, ਉਸ ਨੂੰ ਇਸ ਦੀ ਦਾਤ ਬਖਸ਼[36] ਦਿੱਤੀ ਹੈ ।

ਮਲਾਰ ਮਹਲਾ ੫ ॥

Malar 5th Guru.

ਮਲਾਰ ਪੰਜਵੀਂ ਪਾਤਿਸ਼ਾਹੀ ।

ਹੇ[37] ਗੋਬਿੰਦ[38] ਹੇ ਗੋਪਾਲ[39]

O Lord[38] of the World[37], O

ਹੇ ਸੰਸਾਰ[37] ਦੇ ਸੁਆਮੀ[38] ! ਹੇ ਆਲਮ ਦੇ ਪਾਲਣ-

ਹੇ ਦਇਆਲ[40] ਲਾਲ[41] ॥ ੧॥ਰਹਾਉ॥

Cherisher[39] of the Universe, O my Compassionate[40] Beloved[41]. Pause.

ਪੋਸਣਹਾਰ[39], ਹੇ ਮੇਰੇ ਮਇਆਵਾਨ[40] ਪ੍ਰੀਤਮ[41] । ਠਹਿਰਾਉ ।

ਪ੍ਰਾਨ[42] ਨਾਥ[43] ਅਨਾਥ[44] ਸਖੇ[45] ਦੀਨ[46] ਦਰਦ[47] ਨਿਵਾਰਿ[48] ॥੧॥

Thou art the Lord[43] of the vital-breath[42], the Comrade[45] of the Masterless[44] and the Destroyer[48] of the pain[47] of the poor[46].

ਤੂੰ ਜਿੰਦ-ਜਾਨ[42] ਦਾ ਸੁਆਮੀ[43], ਨਿਖਸਮਿਆਂ[44] ਦਾ ਸਾਥੀ[45] ਅਤੇ ਗ਼ਰੀਬਾਂ[66] ਦਾ ਦੁਖ[47] ਦੂਰ ਕਰਨਹਾਰ[48] ਹੈਂ ।

ਹੇ ਸਮ੍ਰਥ[49] ਅਗਮ[50] ਪੂਰਨ[51] ਮੋਹਿ[52] ਮਇਆ[53] ਧਾਰਿ[54] ॥੨॥

O my Omnipotent[49], Unfathomable[50] and Omnipresent[51] Lord, show[54] Thou mercy[53] unto me[52].

ਹੇ ਮੇਰੇ ਸਰਬ-ਸ਼ਕਤੀਵਾਨ[49], ਅਥਾਹ[50] ਅਤੇ ਸਰਬ-ਵਿਆਪਕ[51] ਸੁਆਮੀ, ਤੂੰ ਮੇਰੇ[52] ਉਤੇ ਮਿਹਰਬਾਨੀ[53] ਕਰ[54] ।

ਅੰਧ[55] ਕੂਪ[56] ਮਹਾ[57] ਭਇਆਨ[58] ਨਾਨਕ ਪਾਰਿ[59] ਉਤਾਰ ॥੩॥੮॥੩੦॥

Ferry[59] Thou me across the very[57] terrible[58], blind[55] well[56] of the world, says Nanak.

ਤੂੰ ਮੈਨੂੰ ਸੰਸਾਰ ਦੇ ਪਰਮ[57] ਭਿਆਨਕ[58], ਅੰਨ੍ਹੇ[55] ਖੂਹ[56] ਤੋਂ ਪਾਰ[59] ਕਰ ਦੇ, ਗੁਰੂ ਜੀ ਫ਼ੁਰਮਾਉਂਦੇ ਹਨ ।

ਮਲਾਰ ਮਹਲਾ ੧ ਅਸਟਪਦੀਆ ਘਰੁ ੧

Malar Ist Guru Ashtpadies

ਮਲਾਰ ਪਹਿਲੀ ਪਾਤਿਸ਼ਾਹੀ ਅਸ਼ਟਪਦੀਆਂ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਚਕਵੀ[59*] ਨੈਨ[60] ਨੀਂਦ[61] ਨਹਿ ਚਾਹੈ[62] ਬਿਨੁ ਪਿਰ[63] ਨੀਂਦ[64] ਨ ਪਾਈ ॥

The she-ruddy goose[59*] desires[62] not sleepy[61] eyes[60] and has no sleep[64] without her beloved[63].

ਸੁਰਖਾਬਣੀ[59*] ਨਿੰਦ੍ਰਾਵਲੇ[61] ਨੇਤ੍ਰ[60] ਨਹੀਂ ਚਾਹੁੰਦੀ[62] ਅਤੇ ਆਪਣੇ ਪ੍ਰੀਤਮ[63] ਦੇ ਬਾਝੋਂ ਉਸ ਨੂੰ ਨੀਂਦ੍ਰ[64] ਨਹੀਂ ਪੈਂਦੀ ।

ਸੂਰੁ[65] ਚਰ੍ਹੈ[66] ਪ੍ਰਿਉ ਦੇਖੈ ਨੈਨੀ[67] ਨਿਵਿ ਨਿਵਿ[68] ਲਾਗੈ[69] ਪਾਈ[70] ॥੧॥

When the sun[65] rises[66], she sees her beloved, with her eyes[67] and bowing[68] low, touches[69] His feet[70].

ਜਦ ਸੂਰਜ[65] ਚੜ੍ਹ ਆਉਂਦਾ[66] ਹੈ, ਉਹ ਆਪਣੀਆਂ ਅੱਖਾਂ[67] ਨਾਲ ਆਪਣੇ ਪ੍ਰੀਤਮ ਨੂੰ ਵੇਖਦੀ ਹੈ ਅਤੇ ਨੀਵੀਂ ਝੁਕ[68], ਉਸ ਦੇ ਪੈਰੀਂ[70] ਪੈਂਦੀ[69] ਹੈ ।

ਪਿਰ[71] ਭਾਵੈ[72] ਪ੍ਰੇਮੁ[73] ਸਖਾਈ[74] ॥

The love[73] of my Beloved[71] is dear[72] unto me. It shall be my succourer[74] in the yond.

ਮੇਰੇ ਪ੍ਰੀਤਮ[71] ਦਾ ਪਿਆਰ[73] ਮੈਨੂੰ ਭਾਉਂਦਾ[72] ਹੈ । ਪਰਲੋਕ ਵਿਚ ਇਹ ਮੇਰਾ ਸਹਾਇਕ[74] ਹੋਵੇਗਾ ।

ਤਿਸੁ[75] ਬਿਨੁ ਘੜੀ[76] ਨਹੀ ਜਗਿ[77] ਜੀਵਾ ਐਸੀ[78] ਪਿਆਸ[79] ਤਿਸਾਈ[80] ॥ ੧॥ਰਹਾਉ॥

Without Him[75], I can live not in this world[77], even for an instant[76]. So[78] do I hunger[79] and thirst[80] for Him. Pause.

ਉਸ[75] ਦੇ ਬਾਝੋਂ, ਮੈਂ ਇਕ ਮੁਹਤ[76] ਭਰ ਭੀ ਇਸ ਜਗਤ[77] ਵਿਚ ਜੀਉਂਦੀ ਨਹੀਂ ਰਹਿ ਸਕਦੀ । ਇਹੋ ਜੇਹੀ[78] ਹੈ ਮੇਰੀ ਭੁਖ[79] ਤੇ ਤਰੇਹ[80] ਉਸ ਲਈ । ਠਹਿਰਾਉ ।

ਸਰਵਰਿ[81] ਕਮਲੁ[82] ਕਿਰਣਿ[83] ਆਕਾਸੀ[84] ਬਿਗਸੈ[85] ਸਹਜਿ ਸੁਭਾਈ[86] ॥

The lotus[82] in the tank[81], naturally[86] blossoms[85] seeing the rays[83] of the sun, in the sky[84].

ਤਾਲਾਬ[81] ਵਿਚ ਦਾ ਕੰਵਲ[82], ਅਸਮਾਨ[84] ਵਿਚਲੇ ਸੂਰਜ ਦੀਆਂ ਕਿਰਨਾਂ[83] ਵੇਖ ਕੇ ਕੁਦਰਤਨ[86] ਹੀ ਖਿੜ ਜਾਂਦਾ[85] ਹੈ ।

ਪ੍ਰੀਤਮ[87] ਪ੍ਰੀਤਿ[88] ਬਨੀ[89] ਅਭ[90] ਐਸੀ[91] ਜੋਤੀ[92] ਜੋਤਿ[93] ਮਿਲਾਈ[94] ॥੨॥	Such[91] an affection[88] I have cultivated[89] in my mind[90] for my Beloved[87], that my light[93] has blended with[94] His Supreme Light[92].	ਆਪਣੇ ਹਿਰਦੇ[90] ਅੰਦਰ ਮੈਂ ਆਪਣੇ ਪਿਆਰੇ[87] ਨਾਲ ਇਹੋ ਜੇਹੀ[91] ਪਿਰਹੜੀ[88] ਪਾ[89] ਲਈ ਹੈ, ਕਿ ਮੇਰਾ ਨੂਰ[93] ਉਸ ਦੇ ਪਰਮ ਨੂਰ[92] ਨਾਲ ਅਭੇਦ ਹੋ ਗਿਆ[94] ਹੈ।
ਚਾਤ੍ਰਿਕੁ[95] ਜਲ[96] ਬਿਨੁ ਪ੍ਰਿਉ[97] ਪ੍ਰਿਉ ਟੇਰੈ[98] ਬਿਲਪ[99] ਕਰੈ ਬਿਲਲਾਈ[100] ॥	Without water[96], the sparrow hawk[95] cries[98], "O Beloved[97], O my beloved" and wails[99] and laments[100].	ਪਾਣੀ[96] ਦੇ ਬਗੈਰ, ਬਬੀਹਾ[95] "ਪ੍ਰੀਤਮਾ[97], ਹੇ ਮੇਰੇ ਪ੍ਰੀਤਮਾ"! ਪੁਕਾਰਦਾ[98] ਹੈ ਅਤੇ ਰੋਂਦਾ[99] ਤੇ ਵਿਰਲਾਪ ਕਰਦਾ[100] ਹੈ।
ਘਨਹਰ[2] ਘੋਰ[3] ਦਸੌਦਿਸਿ[4] ਬਰਸੈ[5] ਬਿਨੁ ਜਲ[6] ਪਿਆਸ[7] ਨ ਜਾਈ[8] ॥੩॥	The roaring[3] cloud[2] rains[5] in ten directions[4], but without the rain-drop[6] its thirst[7] departs[8] not.	ਘੋਰਦਾ[3] ਹੋਇਆ ਬੱਦਲ[2] ਦੱਸੀਂ[4] ਪਾਸੀਂ ਵਰ੍ਹਦਾ[5] ਹੈ, ਪਰੰਤੂ ਮੀਂਹ ਦੀ ਕਣੀ[6] ਬਗੈਰ ਇਸ ਦੀ ਤ੍ਰੇਹ[7] ਨਹੀਂ ਬੁਝਦੀ[8]।
ਮੀਨ[9] ਨਿਵਾਸ[10] ਉਪਜੈ[12] ਜਲ[13] ਹੀ ਤੇ ਸੁਖ[14] ਦੁਖ[15] ਪੁਰਬਿ[16] ਕਮਾਈ[17] ॥	The fish[9], which is born[12] and lives[10] in water[13], obtains weal[14] and woe[15] according to its past[16] deeds[17].	ਮੱਛੀ[9], ਜੋ ਪਾਣੀ[13] ਵਿਚ ਜੰਮਦੀ[12] ਅਤੇ ਰਹਿੰਦੀ[10] ਹੈ, ਆਪਣੇ ਪੂਰਬਲੇ[16] ਕਰਮਾਂ[17] ਅਨੁਸਾਰ ਖੁਸ਼ੀ[14] ਅਤੇ ਗਮੀ[15] ਨੂੰ ਪਰਾਪਤ ਹੁੰਦੀ ਹੈ।
ਖਿਨੁ[18] ਤਿਲੁ[19] ਰਹਿ[20] ਨ ਸਕੈ ਪਲੁ[21] ਜਲ ਬਿਨੁ ਮਰਨੁ[22] ਜੀਵਨੁ[23] ਤਿਸੁ[24] ਤਾਂਈ ॥੪॥	She can live[20] not without water even for an instant[18], a moment[19] and a trice[21]. Her[24] death[22] and life[23] depends upon it.	ਪਾਣੀ ਦੇ ਬਗੈਰ ਉਹ ਇਕ ਛਿਨ[18], ਲਮ੍ਹੇ[19] ਅਤੇ ਮੁਹਤ[21] ਭਰ ਲਈ ਭੀ ਜੀਉਂਦੀ[20] ਨਹੀਂ ਰਹਿ ਸਕਦੀ। ਉਸ ਦੀ[24] ਮੌਤ[22] ਅਤੇ ਜ਼ਿੰਦਗੀ[23] ਇਸ ਉਤੇ ਨਿਰਭਰ ਹੈ।
ਧਨ[25] ਵਾਂਢੀ[26] ਪਿਰੁ[27] ਦੇਸ[28] ਨਿਵਾਸੀ[29] ਸਚੇ ਗੁਰ ਪਹਿ[30] ਸਬਦੁ[31] ਪਠਾਂਈ[32] ॥	The bride[25] separated[26] from her groom[27], who resides[29] in his own country[28]. She sends[32] Him a message[31] through[30] the True Guru.	ਪਤਨੀ[25] ਆਪਣੇ ਪਤੀ[27] ਜੋ ਆਪਣੇ ਨਿਜ ਦੇ ਵਤਨ[28] ਵਿਚ ਵਸਦਾ[29] ਹੈ, ਨਾਲੋਂ ਵਿਛੜੀ ਹੋਈ[26] ਹੈ। ਸੱਚੇ ਗੁਰਾਂ ਦੇ ਰਾਹੀਂ[30] ਉਹ ਉਸ ਨੂੰ ਸੰਦੇਸਾ[31] ਘਲਦੀ[32] ਹੈ।
ਗੁਣ[33] ਸੰਗ੍ਰਹਿ[34] ਪ੍ਰਭੁ ਰਿਦੈ[35] ਨਿਵਾਸੀ[36] ਭਗਤਿ[37] ਰਤੀ[38] ਹਰਖਾਈ[39] ॥੫॥	She amasses[34] virtues[33], enshrines[36] her Lord in her mind[35] and imbued[38] with His devotional service[37] becomes happy[39].	ਉਹ ਨੇਕੀਆਂ[33] ਨੂੰ ਇਕੱਤਰ[34] ਕਰਦੀ ਹੈ, ਆਪਣੇ ਸਿਰ ਦੇ ਸਾਈਂ ਨੂੰ ਆਪਣੇ ਹਿਰਦੇ[35] ਅੰਦਰ ਟਿਕਾਉਂਦੀ[36] ਹੈ ਅਤੇ ਉਸ ਦੀ ਪ੍ਰੇਮ-ਮਈ ਸੇਵਾ[37] ਨਾਲ ਰੰਗੀਜ[38] ਕੇ ਖੁਸ਼[39] ਹੁੰਦੀ ਹੈ।
ਪ੍ਰਿਉ[40] ਪ੍ਰਿਉ ਕਰੈ[43] ਸਭੈ ਹੀ ਜੇਤੀ[41] ਗੁਰ ਭਾਵੈ[42] ਪ੍ਰਿਉ ਪਾਂਈ ॥	Every one[41] cries[43] out, "Beloved[40], my Beloved" but he alone obtains the Beloved, who is pleasing[42] to the Guru.	ਹਰ ਕੋਈ[41] ਪੁਕਾਰਦਾ[43] ਹੈ, "ਪ੍ਰੀਤਮ[40], ਮੇਰਾ ਪ੍ਰੀਤਮ" ਪਰੰਤੂ ਕੇਵਲ ਉਹੀ ਪ੍ਰੀਤਮ ਨੂੰ ਪਾਉਂਦਾ ਹੈ, ਜੋ ਗੁਰਦੇਵ ਜੀ ਨੂੰ ਚੰਗਾ ਲਗਦਾ[42] ਹੈ।
ਪ੍ਰਿਉ ਨਾਲੇ[43*] ਸਦ[44] ਹੀ ਸਚਿ[45] ਸੰਗੇ[46] ਨਦਰੀ[47]	The Beloved is with[43*] us. He ever[44] associates[46] with the True[45] Through	ਪ੍ਰੀਤਮ ਸਾਡੇ ਨਾਲ[43*] ਹੈ। ਉਹ ਸਦੀਵ[44] ਹੀ ਸਚਿਆਰਾਂ[45] ਦੇ ਅੰਗ ਸੰਗ[46] ਹੈ। ਆਪਣੀ ਦਇਆ[47]

ਮੇਲਿ[48] ਮਿਲਾਈ[49] ॥੬॥

His grace[47], He unites[49] the mortal in His union[48].

ਰਾਹੀਂ, ਉਹ ਪ੍ਰਾਣੀ ਨੂੰ ਆਪਣੇ ਮਿਲਾਪ[48] ਅੰਦਰ ਮਿਲਾ ਲੈਂਦਾ[49] ਹੈ।

ਸਭ[50] ਮਹਿ[51] ਜੀਉ[52] ਜੀਉ[53] ਹੈ ਸੋਈ[54] ਘਟਿ ਘਟਿ[55] ਰਹਿਆ ਸਮਾਈ[56] ॥

He[54], the Lord is the life[53] within[51] all[50] the lives[52] and is pervading[56] all the hearts[55].

ਉਹ[54] ਪ੍ਰਭੂ ਸਮੂਹ[50] ਜ਼ਿੰਦਗੀਆਂ[52] ਅੰਦਰ[51] ਦੀ ਜਿੰਦ-ਜਾਨ[53] ਹੈ ਅਤੇ ਸਾਰਿਆਂ ਦਿਲਾਂ[55] ਅੰਦਰ ਵਿਆਪਕ ਹੋ ਰਿਹਾ[56] ਹੈ!

ਗੁਰ ਪਰਸਾਦਿ[57] ਘਰ[58] ਹੀ ਪਰਗਾਸਿਆ[59] ਸਹਜੇ ਸਹਜਿ[60] ਸਮਾਈ[61] ॥੭॥

By the Guru's grace[57], the Lord has become manifest[59] in my very home[58] and I have easily[60] merged[61] in Him.

ਗੁਰਾਂ ਦੀ ਦਇਆ[57] ਦੁਆਰਾ, ਪ੍ਰਭੂ ਮੇਰੇ ਗ੍ਰਿਹ[58] ਅੰਦਰ ਹੀ ਪਰਗਟ[59] ਹੋ ਗਿਆ ਹੈ ਅਤੇ ਮੈਂ ਸੁਖੈਨ[60] ਹੀ ਉਸ ਵਿਚ ਲੀਨ ਹੋ ਗਿਆ[61] ਹਾਂ।

ਅਪਨਾ ਕਾਜੁ[62] ਸਵਾਰਹੁ[63] ਆਪੇ[64] ਸੁਖਦਾਤੇ[65] ਗੋਸਾਈਂ[66] ॥

Meeting with the Bliss-giving[65] Lord[66], O man, thyself[64] arrange[63] thou thy affair[62].

ਖੁਸ਼ੀ-ਬਖ਼ਸ਼ਣਹਾਰ[65] ਸੁਆਮੀ[66] ਨਾਲ ਮਿਲ ਕੇ, ਹੇ ਬੰਦੇ! ਤੂੰ ਖੁਦ[64] ਹੀ ਆਪਣਾ ਕਾਰਜ[62] ਰਾਸ[63] ਕਰ ਲੈ।

ਗੁਰ ਪਰਸਾਦਿ[67] ਘਰ ਹੀ ਪਿਰੁ[68] ਪਾਇਆ ਤਉ[69] ਨਾਨਕ ਤਪਤਿ[70] ਬੁਝਾਈ[71] ॥੮॥੧॥

When by the Guru's grace[67], man finds the Love[68] in his very home, then[69] is his inner-fire[70] quenched[71].

ਜਦ ਗੁਰਾਂ ਦੀ ਦਇਆ[67] ਦੁਆਰਾ, ਬੰਦਾ ਆਪਣੇ ਘਰ ਵਿਚ ਹੀ ਪ੍ਰੀਤਮ[68] ਨੂੰ ਪਾ ਲੈਂਦਾ ਹੈ ਤਦ[69] ਉਸ ਦੀ ਅੰਦਰਲੀ ਅੱਗ[70] ਬੁਝ ਜਾਂਦੀ[71] ਹੈ।

ਮਲਾਰ ਮਹਲਾ ੧ ॥

Malar Ist Guru.

ਮਲਾਰ ਪਹਿਲੀ ਪਾਤਿਸ਼ਾਹੀ।

ਜਾਗਤ[72] ਜਾਗਿ ਰਹੈ ਗੁਰ ਸੇਵਾ[73] ਬਿਨੁ ਹਰਿ ਮੈ ਕੋ ਨਾਹੀ ॥

Awake[72], ever awake remain I in the Guru's service[73] and without God, no one is mine.

ਜਾਗਦਾ[72], ਸਦਾ ਜਾਗਦਾ ਰਹਿੰਦਾ ਹਾਂ ਮੈਂ ਗੁਰਾਂ ਦੀ ਟਹਿਲ ਸੇਵਾ[73] ਅੰਦਰ ਅਤੇ ਹਰੀ ਦੇ ਬਗੈਰ ਮੇਰਾ ਕੋਈ ਨਹੀਂ।

੧੨੭੪ 1274 ੧੨੭੪

ਅਨਿਕ[74] ਜਤਨ[75] ਕਰਿ ਰਹਣੁ[76] ਨ ਪਾਵੈ ਆਂਚੁ[77] ਕਾਚੁ[78] ਢਰਿ[79] ਪਾਂਹੀ ॥੧॥

Inspite of making various[74] efforts[75], the body stays[76] not and melts away[79] like glass[78] in the fire[77].

ਅਨੇਕਾਂ[74] ਉਪਰਾਲੇ[75] ਕਰਨ ਦੇ ਬਾਵਜੂਦ, ਦੇਹ ਠਹਿਰਦੀ[76] ਨਹੀਂ ਅਤੇ ਅੱਗ[77] ਵਿਚ ਕੱਚ[78] ਦੀ ਮਾਨੰਦ ਢਲ ਜਾਂਦੀ[79] ਹੈ।

ਇਸੁ ਤਨ[80] ਧਨ[81] ਕਾ ਕਹਹੁ[82] ਗਰਬੁ[83] ਕੈਸਾ[84] ॥ ਬਿਨਸਤ[85] ਬਾਰ[86] ਨ ਲਾਗੈ ਬਵਰੇ[87] ਹਉਮੈ[88] ਗਰਬਿ[89] ਖਪੈ[90] ਜਗੁ[91] ਐਸਾ[92] ॥੧॥ਰਹਾਉ॥

Say[82], O man, why[84] pridest[83] thou on this body[80] and wealth[81] ? They take no time[86] in perishing[85]. O mad man[87], in such[92] a way the world[91] is wasting away[90] in pride[88] and ego[89]. Pause.

ਦਸ[82], ਹੇ ਬੰਦੇ! ਤੂੰ ਇਸ ਦੇਹ[80] ਅਤੇ ਦੌਲਤ[81] ਦਾ ਕਿਉਂ[84] ਹੰਕਾਰ[83] ਕਰਦਾ ਹੈਂ? ਨਸ਼ਟ[85] ਹੋਣ ਲਈ ਉਹ ਕੋਈ ਸਮਾਂ[86] ਨਹੀਂ ਲੈਂਦੇ। ਹੇ ਪਗਲੇ ਪ੍ਰਾਣੀ[87]! ਹੰਕਾਰ[88] ਅਤੇ ਗ਼ਰੂਰ[89] ਅੰਦਰ ਇਸ ਤਰ੍ਹਾਂ[92] ਦੁਨੀਆਂ[91] ਬਰਬਾਦ[90] ਹੋ ਰਹੀ ਹੈ। ਠਹਿਰਾਉ।

ਜੈ[93] [94]ਜਗਦੀਸ[95] ਪ੍ਰਭੂ[96] ਰਖਵਾਰੇ[97] ਰਾਖੈ[98] ਪਰਖੈ[99] ਸੋਈ[100] ॥

Hail[93] ! hail is unto the Master[96], who is the Lord[95] and the saviour[97] of the world[94]. He[100], the Lord protects[98] and assays[99] the mortals.

ਵਾਹ[93] ਵਾਹ! ਹੈ ਮਾਲਕ[96] ਨੂੰ ਜੋ ਸੰਸਾਰ[94] ਦਾ ਸੁਆਮੀ[95] ਅਤੇ ਰਖਿਅਕ[97] ਹੈ। ਉਹ[100] ਸੁਆਮੀ ਹੀ ਪ੍ਰਾਣੀਆਂ ਦੀ ਰੱਖਿਆ[98] ਅਤੇ ਪ੍ਰੀਖਿਆ ਕਰਦਾ[99] ਹੈ।

ਜੇਤੀ[2] ਹੈ ਤੇਤੀ[3] ਤੁਝ[4] ਹੀ ਤੇ ਤੁਮ੍ ਸਰਿ[5] ਅਵਰੁ[6] ਨ ਕੋਈ ॥੨॥	As much as[2] the creation is, that much[3] belongs to Thee[4], O Lord. None else[6] is equal[5] to Thee.	ਜਿੰਨੀ ਭੀ[2] ਰਚਨਾ ਹੈ, ਓਨੀ[3] ਹੀ ਤੇਰੀ[4] ਮਲਕੀਅਤ ਹੈ, ਹੇ ਸੁਆਮੀ ! ਕੋਈ ਹੋਰ[6] ਤੇਰੇ ਬਰਾਬਰ[5] ਦਾ ਨਹੀਂ ।
ਜੀਅ[7] ਉਪਾਇ[8] ਜੁਗਤਿ[9] ਵਸਿ[10] ਕੀਨੀ ਆਪੇ[14] ਗੁਰਮੁਖਿ[12] ਅੰਜਨੁ[13] ॥	Creating[8] the beings[7], Thou keepest under Thy control[10] their life-deportment[9] and Thyself[14] blesseth them with the collyrium[13] of gnosis through the Guru[12].	ਜੀਵਾਂ[7] ਨੂੰ ਰਚ ਕੇ[8], ਤੂੰ ਉਨ੍ਹਾਂ ਦੀ ਜੀਵਨ-ਰਹੁ ਰੀਤੀ[9] ਨੂੰ ਆਪਣੇ ਇਖਤਿਆਰ[10] ਵਿਚ ਰਖਦਾ ਹੈਂ ਅਤੇ ਗੁਰਾਂ ਦੇ ਰਾਹੀਂ[12], ਖੁਦ[14] ਹੀ ਉਹਨਾਂ ਨੂੰ ਬ੍ਰਹਮ ਗਿਆਨ ਦਾ ਸੁਰਮਾ[13] ਬਖਸ਼ਦਾ ਹੈਂ ।
ਅਮਰੁ[14]* ਅਨਾਥ[15] ਸਰਬ[16] ਸਿਰਿ[17] ਮੋਰਾ[18] ਕਾਲ[19] ਬਿਕਾਲ[20] ਭਰਮ[21] ਭੈ[22] ਖੰਜਨੁ[23] ॥੩॥	My[18] Eternal[14]* and Masterless Lord[15] is over the head[17] of all[16] He is the Destroyer[23] of death[19], birth[20], doubt[21] and dread[22].	ਮੇਰਾ[18] ਅਕਾਲ[14]* ਅਤੇ ਮਾਲਕ-ਰਹਿਤ ਸੁਆਮੀ[15] ਸਾਰਿਆਂ[16] ਦੇ ਸੀਸ[17] ਉਤੇ ਹੈ । ਉਹ ਮਰਣ[19], ਜੰਮਣ[20], ਸੰਦੇਹ[21] ਅਤੇ ਡਰ[22] ਦੇ ਨਾਸ ਕਰਨ ਵਾਲਾ[23] ਹੈ ।
ਕਾਗਦ[24] ਕੋਟੁ[25] ਇਹੁ ਜਗੁ[26] ਹੈ ਬਪੁਰੋ[27] ਰੰਗਨਿ[28] ਚਿਹਨ[29] ਚਤੁਰਾਈ[30] ॥	This poor[27] world[26] together with its colour[28], form[29] and cleverness[30] is a fortress[25] of paper[24].	ਇਹ ਗ਼ਰੀਬੜਾ[27] ਸੰਸਾਰ[26] ਆਪਣੀ ਰੰਗਤ[28], ਸਰੂਪ[29] ਅਤੇ ਹੁਸ਼ਿਆਰੀ[30] ਸਮੇਤ ਕਾਗਜ਼[24] ਦਾ ਇਕ ਕਿਲ੍ਹਾ[25] ਹੈ ।
ਨਾਨੀ[31] ਸੀ ਬੂੰਦ[32] ਪਵਨੁ[33] ਪਤਿ[34] ਖੋਵੈ[35] ਜਨਮਿ[36] ਮਰੈ[37] ਖਿਨੁ[38] ਤਾਈਂ[39] ॥੪॥	A little[31] drop[32] of water or a puff of wind[33] mars[35] its glory[34] and in[39] an instant[38], ends[37] its existence[36].	ਪਾਣੀ ਦਾ ਇਕ ਛੋਟਾ[31] ਜੇਹਾ ਤੁਪਕਾ[32] ਜਾਂ ਹਵਾ[33] ਦਾ ਇਕ ਬੁੱਲਾ ਇਸ ਦੀ ਸੋਭਾ[34] ਨੂੰ ਨਾਸ[35] ਅਤੇ ਇਸ ਦੀ ਹੋਂਦ[36] ਨੂੰ ਇਕ ਮੁਹਤ[38], ਵਿਚ[39] ਖ਼ਤਮ ਕਰ ਦਿੰਦਾ[37] ਹੈ ।
ਨਦੀ[40] ਉਪ[41] ਕੰਠਿ[42] ਜੈਸੇ[43] ਘਰੁ[44] ਤਰਵਰ[45] ਸਰਪਨਿ[46] ਘਰੁ[47] ਘਰ[48] ਮਾਹੀ[49] ॥ ਉਲਟੀ[50] ਨਦੀ ਕਹਾਂ[51] ਘਰੁ ਤਰਵਰੁ ਸਰਪਨਿ ਡਸੈ[51]* ਦੂਜਾ[52] ਮਨ[53] ਮਾਂਹੀ ॥੫॥	As[43] is a house[44] or a tree[45] near[41] the bank[42] of a river[40] or is a serpent's[46] lair[47] in[49] the home[48] so is duality[52] in the mortal's mind[53]. When the river overflows[50], where[51] can the house or tree be, or when the serpent stings[51]*, how can the mortal escape death ?	ਜਿਸ ਤਰ੍ਹਾਂ[43] ਦਰਿਆ[40] ਦੇ ਕਿਨਾਰੇ[42] ਦੇ ਲਾਗੇ[41] ਮਕਾਨ[44] ਜਾ ਬਿਰਛ[45] ਹੁੰਦਾ ਹੈ ਜਾਂ ਗ੍ਰਿਹ[48] ਅੰਦਰ[49] ਨਾਗਨੀ[46] ਦੀ ਖੁੱਡ[47] ਹੈ ਏਸੇ ਤਰ੍ਹਾਂ ਹੀ ਹੈ ਦਵੈਤ ਭਾਵ[52] ਪ੍ਰਾਣੀ ਦੇ ਹਿਰਦੇ[53] ਅੰਦਰ । ਜਦ ਦਰਿਆ ਉਛਲਦਾ[50] ਹੈ ਤਾਂ ਮਕਾਨ ਜਾਂ ਬਿਰਛ ਕਿਥੇ[51] ਠਹਿਰ ਸਕਦਾ ਹੈ, ਜਾਂ ਜਦੋਂ ਨਾਗਨੀ ਡੰਗ ਮਾਰਦੀ[51]* ਹੈ ਤਾਂ ਪ੍ਰਾਣੀ ਮੌਤ ਤੋਂ ਕਿਸ ਤਰ੍ਹਾਂ ਬਚ ਸਕਦਾ ਹੈ ?
ਗਾਰੜੁ[54] ਗੁਰ ਗਿਆਨ[55] ਧਿਆਨੁ[56] ਗੁਰ ਬਚਨੀ[57] ਬਿਖਿਆ[58] ਗੁਰਮਤਿ[59] ਜਾਰੀ[60] ॥	Through the spell[54] of the Guru's wisdom[55], the contemplation[56] of the Guru's word[57] and the Guru's instruction[59] the sins[58] are burnt[60].	ਗੁਰਾਂ ਦੀ ਗਿਆਤ[55], ਗੁਰਬਾਣੀ[57] ਦੇ ਸਿਮਰਨ[56] ਅਤੇ ਗੁਰਾਂ ਦੇ ਉਪਦੇਸ਼[59] ਦੇ ਮੰਤਰ[54] ਰਾਹੀਂ, ਪਾਪ[58] ਸੜ ਬਲ ਜਾਂਦੇ[60] ਹਨ ।
ਮਨ[61] ਤਨ[62] ਹੇਂਵ[63] ਭਏ ਸਚੁ ਪਾਇਆ ਹਰਿ ਕੀ ਭਗਤਿ[64] ਨਿਰਾਰੀ[65] ॥੬॥	Through the wondrous[65] meditation[64] of the Lord, the mind[61] and body[62] are cooled[63] and one attains truth.	ਸੁਆਮੀ ਦੇ ਅਦਭੁਤ[65] ਸਿਮਰਨ[64] ਦੇ ਰਾਹੀਂ, ਆਤਮਾ[61] ਅਤੇ ਦੇਹ[62] ਸੀਤਲ ਹੋ ਜਾਂਦੇ[63] ਹਨ ਅਤੇ ਇਨਸਾਨ ਸੱਚ ਨੂੰ ਪਾ ਲੈਂਦਾ ਹੈ ।
ਜੇਤੀ[66] ਹੈ ਤੇਤੀ[67] ਤੁਧੁ	As much as[66] the creation is,	ਜਿੰਨੀ[66] ਭੀ ਰਚਨਾ ਹੈ, ਓਨੀ[67] ਹੀ ਤੇਰੇ ਕੋਲੋਂ ਮੰਗਦੀ[68]

ਜਾਚੈ[68] ਤੂ ਸਰਬ[69] ਜੀਆਂ[70] ਦਇਆਲਾ[71] ॥	that much[67] begs[68] of Thee, O Lord. Thou art Merciful[71] to all[69] the beings[70].	ਹੈ, ਹੇ ਸੁਆਮੀ ! ਤੂੰ ਸਮੂਹ[69] ਜੀਵਾਂ[70] ਉਤੇ ਮਿਹਰਬਾਨ[71] ਹੈਂ।
ਤੁਮ੍ਹਰੀ ਸਰਣਿ[72] ਪਰੈ[73] ਪਤਿ ਰਾਖਹੁ[74] ਸਾਚੁ[75] ਮਿਲੈ[76] ਗੋਪਾਲਾ[77] ॥੭॥	O Lord[77], I have sought[73] Thy refuge[72]. Save Thou my honour[74] and bless[76] me with Thy True Name[75].	ਹੇ ਸੁਆਮੀ[77] ! ਮੈਂ ਤੇਰੀ ਸ਼ਰਣ[72] ਆਇਆ[73] ਹਾਂ। ਤੂੰ ਮੇਰੀ ਇਜ਼ਤ[74] ਰੱਖ ਅਤੇ ਮੈਨੂੰ ਆਪਣਾ ਸੱਚਾ ਨਾਮ[75] ਬਖ਼ਸ਼[76]।
ਬਾਧੀ[78] ਧੰਧਿ[79] ਅੰਧ[80] ਨਹੀ ਸੂਝੈ[81] ਬਧਿਕ[82] ਕਰਮ[83] ਕਮਾਵੈ[84] ॥	Bound[78] in worldly affairs[79], the blind man[80] sees[81] not and does[84] the butcher's[82] deeds[83].	ਸੰਸਾਰੀ ਧੰਧਿਆਂ[79] ਅੰਦਰ ਬੱਝੇ ਹੋਏ[78] ਅੰਨ੍ਹੇ ਮਨੁੱਖ[80] ਨੂੰ ਦਿੱਸਦਾ[81] ਨਹੀਂ ਤੇ ਉਹ ਬੁਚੜਾਂ[82] ਵਾਲੇ ਕੰਮ[83] ਕਰਦਾ[84] ਹੈ।
ਸਤਿਗੁਰ ਮਿਲੈ ਤ[85] ਸੂਝਸਿ ਬੂਝਸਿ[86] ਸਚ ਮਨਿ[89] ਗਿਆਨੁ[87] ਸਮਾਵੈ[88] ॥੮॥	If he meets with the True Guru, then[85] alone he sees and realises[86] and the true knowledge[87] enters[88] his mind[89].	ਜੇਕਰ ਉਹ ਸੱਚੇ ਗੁਰਾਂ ਨੂੰ ਮਿਲ ਪਵੇ, ਕੇਵਲ ਤਦ[85] ਹੀ ਉਹ ਵੇਖਦਾ ਅਤੇ ਅਨੁਭਵ ਕਰਦਾ[86] ਹੈ ਅਤੇ ਉਸ ਦੇ ਰਿਦੇ[89] ਅੰਦਰ ਸੱਚੀ ਗਿਆਤ[87] ਪ੍ਰਵੇਸ਼ ਕਰਦੀ[88] ਹੈ।
ਨਿਰਗੁਣ[90] ਦੇਹ ਸਾਚ[91] ਬਿਨੁ ਕਾਚੀ[92] ਮੈ ਪੂਛਉ[93] ਗੁਰੁ ਅਪਨਾ ॥	Consulting[93] my Guru, I have found out that without the True Name[91], this meritless[90] body is but false[92].	ਆਪਣੇ ਗੁਰਦੇਵ ਜੀ ਪਾਸੋਂ ਪੁੱਛ ਕੇ[93] ਮੈਨੂੰ ਪਤਾ ਲੱਗਾ ਹੈ ਕਿ ਸੱਚੇ ਨਾਮ[91] ਦੇ ਬਗ਼ੈਰ, ਇਹ ਖੂਬੀ ਵਿਹੂਣਾ[90] ਸਰੀਰ ਕੇਵਲ ਕੂੜਾ[92] ਹੀ ਹੈ।
ਨਾਨਕ ਸੋ[94] ਪ੍ਰਭੁ[95] ਪ੍ਰਭੂ[96] ਦਿਖਾਵੈ[97] ਬਿਨੁ[98] ਸਾਚੇ[99] ਜਗੁ[99]* ਸੁਪਨਾ[100] ॥੯॥੨॥	Nanak, the[94] [95]Guru-God[96] has shown[97] me the Lord[99]. Without the True Name[98], the world[99]* is all a dream[100].	ਨਾਨਕ ਉਸ[94] [95]ਗੁਰੂ-ਪ੍ਰਮੇਸ਼ਰ[96] ਨੇ ਮੈਨੂੰ ਸੁਆਮੀ[99] ਵਿਖਾਲ ਦਿੱਤਾ[97] ਹੈ। ਸੱਚੇ ਨਾਮ[98] ਦੇ ਬਾਝੋਂ, ਸੰਸਾਰ[99]* ਸਮੂਹ ਇਕ ਸੁਫ਼ਨਾ[100] ਹੀ ਹੈ।
ਮਲਾਰ ਮਹਲਾ ੧ ॥	Malar 1st Guru.	ਮਲਾਰ ਪਹਿਲੀ ਪਾਤਿਸ਼ਾਹੀ।
ਚਾਤ੍ਰਿਕ[2] ਮੀਨ[3] ਜਲ[4] ਹੀ ਤੇ ਸੁਖੁ ਪਾਵਹਿ ਸਾਰਿੰਗ[5] ਸਬਦਿ[6] ਸੁਹਾਈ[7] ॥੧॥	The pied cuckoo[2] and the fish[3] find peace through water[4], and to the deer[5] the bell's note[6] is pleasing[7].	ਪਪੀਹਾ[2] ਅਤੇ ਮੱਛੀ[3] ਪਾਣੀ[4] ਦੇ ਰਾਹੀਂ ਆਰਾਮ ਪਾਉਂਦੇ ਹਨ ਅਤੇ ਹਰਨ[5] ਨੂੰ ਘੰਡੇ ਹੇੜੇ ਦੀ ਆਵਾਜ਼[6] ਚੰਗੀ ਲਗਦੀ[7] ਹੈ।
ਰੈਨਿ[8] ਬਬੀਹਾ[9] ਬੋਲਿਓ[10] ਮੇਰੀ ਮਾਈ[12] ॥੧॥ ਰਹਾਉ॥	The sparrow hawk[9] chirps[10] during the night[8], O my mother[12]. Pause.	ਪਪੀਹਾ[9] ਰਾਤ[8] ਨੂੰ ਚਹਿਚਹਾਉਂਦਾ[10] ਹੈ, ਹੇ ਮੇਰੀ ਮਾਤਾ[12]। ਠਹਿਰਾਉ।
ਪ੍ਰਿਅ[13] ਸਿਉ ਪ੍ਰੀਤਿ[14] ਨ ਉਲਟੈ[15] ਕਬਹੂ[16] ਜੋ[17] ਤੈ ਭਾਵੈ[18] ਸਾਈ ॥੨॥	If[17] such be Thy will[18], O Lord, then my love[14] for Thee, O my Love[13], shall sunder[15] not ever[16]	ਜੇਕਰ[17] ਤੇਰੀ ਐਸੀ ਰਜ਼ਾ[18] ਹੋਵੇ, ਹੇ ਸਾਹਿਬ ! ਤਾਂ ਮੇਰਾ ਪਿਆਰ[14] ਤੇਰੇ ਨਾਲੋਂ, ਹੇ ਪ੍ਰੀਤਮਾ[13] ! ਕਦੇ[16] ਭੀ ਨਹੀਂ ਟੁੱਟੇਗਾ[15]।
ਨੀਦ[19] ਗਈ[20] ਹਉਮੈ[21] ਤਨਿ[22] ਥਾਕੀ[23] ਸਚ	My sleep[19] is gone[20], my self-conceit[21] is stilled[23] from my body[22] and the	ਮੇਰੀ ਨੀਂਦ[19] ਜਾਂਦੀ ਰਹੀ[20] ਹੈ, ਮੇਰੀ ਸਵੈ-ਹੰਗਤਾ[21] ਮੇਰੀ ਦੇਹ[22] ਵਿੱਚੋਂ ਨਵਿਰਤ ਹੋ ਗਈ[23] ਹੈ ਅਤੇ ਸੱਚਾ

ਮਤਿ[24] ਰਿਦੈ[25] ਸਮਾਈ[26] ॥੩॥	true instruction[24] has permeated[26] my mind[25].	ਉਪਦੇਸ਼[24] ਮੇਰੇ ਅੰਤਰ-ਆਤਮੇ[25] ਰਮ ਗਿਆ[26] ਹੈ ।
ਰੂਖੀ[27] ਬਿਰਖੀ[28] ਊਡਉ[29] ਭੂਖਾ[30] ਪੀਵਾ[31] ਨਾਮੁ ਸੁਭਾਈ[32] ॥੪॥	Flying[29] amidst trees[27] and plants[28] I remain hungry[30], but by lovingly[32] indrinking[31] the Name I am sated.	ਬਿਰਛਾਂ[27] ਤੇ ਪੌਦਿਆਂ[28] ਵਿਚ ਉਡਣ[29] ਦੁਆਰਾ, ਮੈਂ ਭੁੱਖਾ[30] ਰਹਿੰਦਾ ਹਾਂ, ਪ੍ਰੰਤੂ ਪਿਆਰ[32] ਨਾਲ ਨਾਮ ਨੂੰ ਪਾਨ ਕਰ ਕੇ[31] ਮੈਂ ਸੰਤੁਸ਼ਟ ਹੋ ਜਾਂਦਾ ਹਾਂ ।
ਲੋਚਨ[33] ਤਾਰ[34] ਲਲਤਾ[35] ਬਿਲਲਾਤੀ[36] ਦਰਸਨ[37] ਪਿਆਸ[38] ਰਜਾਈ[39] ॥੫॥	Mine eyes'[33] gaze[34] is fixed on Thee, my tongue[35] cries[36] out Thy Name and I thirst[38] for Thine vision[37], O Lord of the will[39].	ਮੇਰੀਆਂ ਅੱਖਾਂ[33] ਦੀ ਟਿਕ ਟਿਕੀ[34] ਤੇਰੇ ਤੇ ਬੱਝੀ ਹੋਈ ਹੈ, ਮੇਰੀ ਜੀਭ[35] ਤੇਰੇ ਨਾਮ ਨੂੰ ਪੁਕਾਰਦੀ[36] ਹੈ ਅਤੇ ਮੈਨੂੰ ਤੇਰੇ ਦੀਦਾਰ[37] ਦੀ ਤਰੇਹ[38] ਹੈ, ਹੇ ਰਜ਼ਾ[39] ਦੇ ਸੁਆਮੀ !
ਪ੍ਰਿਅ[40] ਬਿਨੁ ਸੀਗਾਰੁ[41] ਕਰੀ ਤੇਤਾ[42] ਤਨੁ[43] ਤਾਪੈ[44] ਕਾਪਰੁ[45] ਅੰਗਿ[46] ਨ ਸੁਹਾਈ[47] ॥੬॥	Without my Love[40], the more decorations[41] I make, the more[42] my body[43] burns[44] and the clothes[45] become not[47] my body[46].	ਆਪਣੇ ਪਿਆਰੇ[40] ਦੇ ਬਾਝੋਂ, ਜਿੰਨੇ ਬਹੁਤੇ ਮੈਂ ਸ਼ਿੰਗਾਰ[41] ਕਰਦੀ ਹਾਂ ਓਨੀ ਬਹੁਤੀ[42] ਮੇਰੀ ਦੇਹ[43] ਸੜਦੀ[44] ਹੈ ਅਤੇ ਕਪੜੇ[45] ਮੇਰੀ ਦੇਹ[46] ਨੂੰ ਚੰਗੇ ਨਹੀਂ ਲਗਦੇ[47] ।
ਅਪਨੇ ਪਿਆਰੇ[48] ਬਿਨੁ ਇਕੁ ਖਿਨੁ[49] ਰਹਿ ਨ ਸਕਉ ਬਿਨੁ ਮਿਲੇ ਨੰਦਿ[50] ਨ ਪਾਈ ॥੭॥	Without my Beloved[48], I can live not even for an instant[49] and without meeting Him, I have no sleep[50].	ਆਪਣੇ ਪ੍ਰੀਤਮ[48] ਦੇ ਬਗ਼ੈਰ, ਮੈਂ ਇਕ ਮੁਹਤ ਭਰ[49] ਭੀ ਨਹੀਂ ਰਹਿ ਸਕਦੀ ਅਤੇ ਉਸ ਨੂੰ ਮਿਲਣ ਦੇ ਬਾਝੋਂ, ਮੈਨੂੰ ਨੀਂਦਰ[50] ਨਹੀਂ ਪੈਂਦੀ ।
ਪਿਰੁ[51] ਨਜੀਕਿ[52] ਨ ਬੂਝੈ[53] ਬਪੁੜੀ[54] ਸਤਿਗੁਰਿ ਦੀਆ ਦਿਖਾਈ[55] ॥੮॥	The Groom[51] is all-too-near[52] but the wretched bride[54] knows[53] it not. The true Guru makes her see[55] her Groom.	ਕੰਤ[51] ਐਨ-ਨੇੜੇ[52] ਹੀ ਹੈ ਪਰੰਤੂ ਨਿਕਰਮਣ ਪਤਨੀ[54] ਨੂੰ ਇਸ ਗੱਲ ਦਾ ਪਤਾ[53] ਹੀ ਨਹੀਂ। ਸੱਚੇ ਗੁਰੂ ਜੀ ਉਸ ਨੂੰ ਉਸ ਦਾ ਕੰਤ ਵਿਖਾਲ ਦਿੰਦੇ[55] ਹਨ ।
ਸਹਜਿ[56] ਮਿਲਿਆ ਤਬ ਹੀ[57] ਸੁਖੁ ਪਾਇਆ ਤ੍ਰਿਸਨਾ[58] ਸਬਦਿ[59] ਬੁਝਾਈ[60] ॥੯॥	When the Spouse meets all-too-spontaneously[56], then[57] attain I peace and through the Name[59], my desire[58] is quenched[60]	ਜਦ ਭਰਤਾ ਸੁਤੇਸਿਧ[56] ਹੀ ਮਿਲ ਪੈਂਦਾ ਹੈ, ਤਦ[57] ਮੈਨੂੰ ਆਰਾਮ ਪਰਾਪਤ ਹੋ ਜਾਂਦਾ ਹੈ ਅਤੇ ਨਾਮ[59] ਦੇ ਰਾਹੀਂ, ਮੇਰੀ ਖ਼ਾਹਿਸ਼[58] ਬੁਝ ਜਾਂਦੀ[60] ਹੈ ।
ਕਹੁ ਨਾਨਕ ਤੁਝ ਤੇ ਮਨੁ ਮਾਨਿਆ[61] ਕੀਮਤਿ[62] ਕਹਨੁ[63] ਨ ਜਾਈ ॥੧੦॥੩॥	Says Nanak, O Lord, it is through Thee, that my mind is propitiated[61]. I can say[63] not Thy price[62], O my Master.	ਗੁਰੂ ਜੀ ਫ਼ੁਰਮਾਉਂਦੇ ਹਨ, ਹੇ ਸੁਆਮੀ ! ਤੇਰੇ ਰਾਹੀਂ ਮੇਰੇ ਚਿਤ ਦੀ ਤਸੱਲੀ[61] ਹੋ ਗਈ ਹੈ । ਮੈਂ ਤੇਰਾ ਮੁੱਲ[62] ਦਸ[63] ਨਹੀਂ ਸਕਦਾ, ਹੇ ਮੇਰੇ ਮਾਲਕ !
ਮਲਾਰ ਮਹਲਾ ੧ ਅਸਟਪਦੀਆ ਘਰੁ ੨ ੧੨੭੫	**Malar Ist Guru Ashtapadis 1275**	**ਮਲਾਰ ਪਹਿਲੀ ਪਾਤਿਸ਼ਾਹੀ ਅਸਟਪਦੀਆਂ ੧੨੭੫**
ੴ ਸਤਿਗੁਰ ਪ੍ਰਸਾਦਿ ॥	There is but One God By the true Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਅਖਲੀ[64] ਊਂਡੀ[65] ਜਲੁ[66] ਭਰ[67] ਨਾਲਿ ॥ ਡੂਗਰੁ[68] ਊਚਉ[69] ਗੜੁ[70] ਪਾਤਾਲਿ[71] ॥	The entire earth[64] is bent[65] with the weight[67] of the water[66] of the oceans, the high[69] mountains[68] and the ditches[70], deep like the under-world[71].	ਸਾਰੀ ਧਰਤੀ[64] ਸਮੁੰਦਰਾਂ ਦੇ ਪਾਣੀ[66], ਉਚੇ[69] ਪਹਾੜਾਂ[68] ਅਤੇ ਪਇਆਲ[71] ਵਰਗੀਆਂ ਡੂੰਘੀਆਂ ਖਾਈਆਂ[70] ਦੇ ਭਾਰ[67] ਨਾਲ ਝੁਕੀ ਹੋਈ[65] ਹੈ।
ਸਾਗਰੁ[72] ਸੀਤਲ[73] ਗੁਰ ਸਬਦਿ[74] ਵੀਚਾਰਿ[75] ॥ ਮਾਰਗੁ[76] ਮੁਕਤਾ[77] ਹਉਮੈ[78] ਮਾਰਿ[79] ॥੧॥	Reflecting[75] on the Guru's word[74], the oceans[72] are calmed[73], self-conceit[78] is stilled[79] and the way[76] of salvation[77] is found.	ਗੁਰਾਂ ਦੀ ਬਾਣੀ[74] ਦੀ ਸੋਚ ਵੀਚਾਰ[75] ਕਰਨ ਦੁਆਰਾ, ਸਮੁੰਦਰ[72] ਸ਼ਾਂਤ ਹੋ ਜਾਂਦੇ[73] ਹਨ, ਸਵੈ-ਹੰਗਤਾ[78] ਮਿਟ ਜਾਂਦੀ[79] ਹੈ ਅਤੇ ਮੁਕਤੀ[77] ਦਾ ਰਸਤਾ[76] ਲੱਭ ਪੈਂਦਾ ਹੈ।
ਮੈ ਅੰਧੁਲੇ[80] ਨਾਵੈ ਕੀ ਜੋਤਿ[81] ॥	I, the blind[80] one, am illumined[81] by the Lord's Name.	ਮੈਂ, ਅੰਨ੍ਹਾ[80], ਵਾਹਿਗੁਰੂ ਦੇ ਨਾਮ ਨਾਲ ਰੋਸ਼ਨ ਹੁੰਦਾ[81] ਹਾਂ।
ਨਾਮ ਅਧਾਰਿ[82] ਚਲਾ[83] ਗੁਰ ਕੈ ਭੈ[84] ਭੇਤਿ[85] ॥੧॥ ਰਹਾਉ॥	I have the Name's support[82] alone and walk[83] on the mysterious[85] path in the fear[84] of the Guru. Pause.	ਮੈਨੂੰ ਕੇਵਲ ਨਾਮ ਦਾ ਹੀ ਆਸਰਾ[82] ਹੈ ਅਤੇ ਗੁਰਾਂ ਦੇ ਡਰ[84] ਵਿਚ ਮੈਂ ਗੈਬੀ[85] ਰਸਤੇ ਤੇ ਟੁਰਦਾ[83] ਹਾਂ। ਠਹਿਰਾਉ।
ਸਤਿਗੁਰ ਸਬਦੀ[86] ਪਾਧਰੁ[87] ਜਾਣਿ ॥	Through the True Guru's word[86], God's way[87] is known.	ਸੱਚੇ ਗੁਰਾਂ ਦੀ ਬਾਣੀ[86] ਰਾਹੀਂ, ਰੱਬ ਦਾ ਰਾਹ[87] ਜਾਣਿਆ ਜਾਂਦਾ ਹੈ।
ਗੁਰ ਕੈ ਤਕੀਐ[88] ਸਾਚੈ[89] ਤਾਣਿ[90] ॥ ਨਾਮੁ ਸਮਾਲਸਿ[91] ਰੂੜ੍ਹੀ[92] ਬਾਣਿ[93] ॥	By the support[88] of the Guru, one is blessed with the power[90] of the True Lord[89] and one remembers[91] the Name, through the beauteous[92] Gurbani[93].	ਗੁਰਦੇਵ ਜੀ ਦੇ ਆਸਰੇ[88] ਦੁਆਰਾ ਇਨਸਾਨ ਨੂੰ ਸੱਚੇ[89] ਸਾਈਂ ਦੀ ਸਤਿਆ[90] ਪਰਦਾਨ ਹੋ ਜਾਂਦੀ ਹੈ ਅਤੇ ਉਹ ਸੁੰਦਰ[92] ਗੁਰਬਾਣੀ[93] ਰਾਹੀਂ, ਨਾਮ ਦਾ ਸਿਮਰਨ ਕਰਦਾ[91] ਹੈ।
ਥੈਂ[94] ਭਾਵੈ[95] ਦਰੁ[96] ਲਹਸਿ ਪਿਰਾਣਿ[97] ॥੨॥	If Thou[94] so willest[95], O Lord, then man recognises[97] Thy door[96].	ਜੇ ਤੈਨੂੰ[94] ਇਸ ਤਰ੍ਹਾਂ ਚੰਗਾ ਲੱਗੇ[95] ਹੇ ਪ੍ਰਭੂ! ਤਾਂ ਇਨਸਾਨ ਤੇਰੇ ਦਰਵਾਜ਼ੇ[96] ਨੂੰ ਪਛਾਣ ਲੈਂਦਾ[97] ਹੈ।
ਊਡਾਂ[98] ਬੈਸਾ[99] ਏਕ[100] [2]ਲਿਵਤਾਰ[3] ॥	Flying[98] in the sky or sitting[99] on the ground, my attention[2] is fixed[3] in the One Lord[100].	ਅਸਮਾਨ ਵਿਚ ਉਡਦਿਆਂ[98], ਜਾਂ ਧਰਤੀ ਤੇ ਬੈਠਿਆਂ[99], ਮੇਰੀ ਬਿਰਤੀ[2] ਇਕ ਸਾਂਈਂ[100] ਅੰਦਰ ਜੁੜੀ ਹੋਈ[3] ਹੈ।
ਗੁਰ ਕੈ ਸਬਦਿ[4] ਨਾਮ ਆਧਾਰ[5] ॥	By virtue of the Guru's word[4], the Lord's Name has become my mainstay[5].	ਗੁਰਾਂ ਦੀ ਬਾਣੀ[4] ਦੀ ਬਰਕਤ, ਸੁਆਮੀ ਦਾ ਨਾਮ ਮੇਰਾ ਆਸਰਾ[5] ਹੋ ਗਿਆ ਹੈ।
ਨਾ ਜਲੁ[5*] ਡੂੰਗਰੁ[6] ਨ ਊਚੀ[7] ਧਾਰ[8] ॥	For me now there is neither any ocean[5*] nor the high[7] range[8] of mountains[6].	ਮੇਰੇ ਲਈ ਹੁਣ ਨਾ ਕੋਈ ਸਮੁੰਦਰ[5*] ਅਤੇ ਨਾ ਹੀ ਪਹਾੜਾਂ[6] ਦੀ ਉੱਚੀ[7] ਕਤਾਰ[8] ਹੈ।
ਨਿਜ[9] ਘਰਿ[15] ਵਾਸਾ[10] ਤਹ[12] ਮਗੁ[13] ਨ ਚਾਲਣਹਾਰ[14] ॥੩॥	I abide[10] in my own[9] Home[15], where[12] there is no path[13], nor any way-farer[14].	ਮੈਂ ਆਪਣੇ ਨਿਜ[9] ਦੇ ਧਾਮ[15] ਅੰਦਰ ਵਸਦਾ[10] ਹਾਂ, ਜਿਥੇ[12] ਨਾ ਮਾਰਗ[13] ਹੈ, ਨਾ ਹੀ ਕੋਈ ਰਾਹੀ[14]।

ਜਿਤੁ[16] ਘਰਿ ਵਸਹਿ[17] ਤੂਹੈ ਬਿਧਿ[18] ਜਾਣਹਿ ਬੀਜਉ[19] ਮਹਲੁ[20] ਨ ਜਾਪੈ[21] ॥

Thou alone knowest the way[18] to the House, in which[16] Thou dwellest[17], O Lord. None else[19] can know[21] Thine mansion[20].

ਕੇਵਲ ਤੂੰ ਹੀ ਉਸ ਗ੍ਰਿਹਿ ਦੇ ਮਾਰਗ[18] ਨੂੰ ਜਾਣਦਾ ਹੈਂ ਜਿਸ[16] ਵਿਚ ਤੂੰ ਨਿਵਾਸ ਰਖਦਾ[17] ਹੈਂ, ਹੇ ਸੁਆਮੀ! ਕੋਈ ਹੋਰ[19] ਤੇਰੇ ਮੰਦਰ[20] ਨੂੰ ਨਹੀਂ ਜਾਣ[21] ਸਕਦਾ।

ਸਤਿਗੁਰ ਬਾਝਹੁ[23] ਸਮਝ[22] ਨ ਹੋਵੀ ਸਭ ਜਗੁ ਦਬਿਆ[24] ਛਾਪੈ[25] ॥

Without[23] the True Guru, understanding[22] is attained not. The whole world is weighed[24] down by the night mare[25] of mammon.

ਸੱਚੇ ਗੁਰਾਂ ਦੇ ਬਗ਼ੈਰ[23], ਗਿਆਤ[22] ਪਰਾਪਤ ਨਹੀਂ ਹੁੰਦੀ। ਸਾਰਾ ਸੰਸਾਰ ਮਾਇਆ ਦੇ ਭਿਆਨਕ ਸੁਪਨੇ[25] ਦੇ ਦਬਾ[24] ਹੇਠਾਂ ਆਇਆ ਹੋਇਆ ਹੈ।

ਕਰਣ ਪਲਾਵ[26] ਕਰੈ ਬਿਲਲਾਤਉ[27] ਬਿਨੁ ਗੁਰ ਨਾਮੁ ਨ ਜਾਪੈ[28] ॥

Though man may make efforts[26] and lamentations[27], but without the Guru, he can realise[28] not the Name.

ਭਾਵੇਂ ਪ੍ਰਾਣੀ ਯਤਨ[26] ਅਤੇ ਰੁਦਨ[27] ਪਿਆ ਕਰੇ, ਪਰੰਤੂ ਗੁਰਾਂ ਦੇ ਬਗ਼ੈਰ ਉਹ ਨਾਮ ਨੂੰ ਅਨੁਭਵ[28] ਨਹੀਂ ਕਰ ਸਕਦਾ।

ਪਲ[29] ਪੰਕਜ[40] ਮਹਿ[41] ਨਾਮੁ ਛਡਾਏ[42] ਜੇ[43] ਗੁਰ ਸਬਦੁ[44] ਸਿਞਾਪੈ[45] ॥੪॥

If[43] mortal knows[45] the Guru's word[44], the Name gets him released[42] in[41] the twinkling[29] of an eye[40].

ਜੇਕਰ[43] ਪ੍ਰਾਣੀ ਗੁਰਾਂ ਦੀ ਬਾਣੀ[44] ਨੂੰ ਜਾਣ ਲਵੇ[45] ਤਾਂ ਨਾਮ ਉਸ ਨੂੰ ਅੱਖ[40] ਦੇ ਇਕ ਫੋਰੇ[29] ਵਿਚ[41] ਬੰਦਖ਼ਲਾਸ ਕਰ ਦਿੰਦਾ[42] ਹੈ।

ਇਕਿ[46] ਮੂਰਖ[47] ਅੰਧੇ[48] ਮੁਗਧ[49] ਗਵਾਰ[50] ॥

Some[46] are foolish[47], blind[48], stupid[49] and ignorant[50].

ਕਈ[46] ਮੂੜ੍ਹ[47], ਅੰਨ੍ਹੇ[48], ਬੇਵਕੂਫ਼[49] ਅਤੇ ਬੇਸਮਝ[50] ਹਨ।

ਇਕਿ ਸਤਿਗੁਰ ਕੈ ਭੈ[51] ਨਾਮ ਅਧਾਰ[52] ॥

Some there are, who through the Guru's fear[51] lean[52] on the Lord's Name.

ਕਈਆਂ ਨੂੰ ਗੁਰਾਂ ਦੇ ਡਰ[51] ਰਾਹੀਂ ਪ੍ਰਭੂ ਦੇ ਨਾਮ ਦਾ ਹੀ ਆਸਰਾ[52] ਹੈ।

ਸਾਚੀ ਬਾਣੀ[53] ਮੀਠੀ[54] [55]ਅੰਮ੍ਰਿਤਧਾਰ[56] ॥

The Guru's word[53] is true, sweet[54] and the stream[56] of Nectar[55].

ਗੁਰਾਂ ਦੀ ਬਾਣੀ[53] ਸੱਚੀ, ਮਿਠੜੀ[54] ਅਤੇ ਆਬਿਹਿਯਾਤ[55] ਦੀ ਨਦੀ[56] ਹੈ।

ਜਿਨਿ ਪੀਤੀ[57] ਤਿਸੁ[58] ਮੋਖ[59] ਦੁਆਰ[60] ॥੫॥

Who-so-ever indrinks[57] it, he[58] obtains the door[60] of emancipation[59].

ਜੋ ਕੋਈ ਭੀ ਇਸ ਨੂੰ ਪਾਨ ਕਰਦਾ[57] ਹੈ, ਉਹ[58] ਮੁਕਤੀ[59] ਦੇ ਦਰਵਾਜ਼ੇ[60] ਨੂੰ ਪਾ ਲੈਂਦਾ ਹੈ।

ਨਾਮੁ ਭੈ[61] ਭਾਇ[62] ਰਿਦੈ[63] ਵਸਾਹੀ[64] ਗੁਰ[65] ਕਰਣੀ[66] ਸਚ ਬਾਣੀ[67] ॥

Great[65] is the way of life[66] and true the speech[67] of him, who through the Lord's fear[61] and love[62] enshrines[64] His Name within his mind[63].

ਵਿਸ਼ਾਲ[65] ਹੈ ਜੀਵਨ[66] ਰਹੁ-ਰੀਤੀ ਅਤੇ ਸੱਚੀ ਬੋਲ ਬਾਣੀ[67] ਉਸ ਦੀ, ਜੋ ਪ੍ਰਭੂ ਦੇ ਡਰ[61] ਅਤੇ ਪ੍ਰੇਮ[62] ਰਾਹੀਂ ਉਸ ਦੇ ਨਾਮ ਨੂੰ, ਆਪਣੇ ਹਿਰਦੇ[63] ਅੰਦਰ ਵਸਾਉਂਦਾ[64] ਹੈ।

ਇੰਦੁ[68] ਵਰਸੈ[69] ਧਰਤਿ[70] ਸੁਹਾਵੀ[71] ਘਟਿ ਘਟਿ[72] ਜੋਤਿ[73] ਸਮਾਣੀ[74] ॥

When the Guru-cloud[68] rains[69], mind's earth[70] becomes beauteous[71] and one sees God's Light[73] pervading[74] all the hearts[72].

ਜਦ ਗੁਰੂ-ਬੱਦਲ[68] ਵਰ੍ਹਦਾ[69] ਹੈ, ਮਨ ਦੀ ਧਰਤੀ[70] ਸੋਹਣੀ[71] ਹੋ ਜਾਂਦੀ ਹੈ ਤੇ ਜੀਵ ਹਰੀ ਦੇ ਨੂਰ[73] ਨੂੰ ਸਾਰਿਆਂ ਦਿਲਾਂ[72] ਅੰਦਰ ਵਿਆਪਕ[74] ਵੇਖ ਲੈਂਦਾ ਹੈ।

ਕਾਲਰਿ[75] ਬੀਜਸਿ[76] [77]ਦੁਰਮਤਿ[78] ਐਸੀ[79] ਨਿਗੁਰੇ[80] ਕੀ ਨੀਸਾਣੀ[81] ॥

Such[79] is the insignia[81] of the Guruless[80] evil[77]-minded man[78], that he sows[76] the seed in the saline-land[75].

ਐਹੋ ਜੇਹੀ[79] ਹੈ ਨਿਸ਼ਾਨੀ[81] ਗੁਰੂ-ਵਿਹੂਣ[80] ਮੰਦੇ[77]-ਮਨ ਵਾਲੇ ਮਨੁਸ਼[78] ਦੀ, ਕਿ ਉਹ ਸ਼ੋਰੇ ਵਾਲੀ ਧਰਤੀ[75] ਵਿਚ ਬੀਜ ਬੀਜਦਾ[76] ਹੈ।

ਨਾਨਕ ਮੁਕਤਿ[84] ਨਹੀ ਬਿਨੁ ਨਾਵੈ ਸਾਚੇ ॥੮॥੨॥੫॥	Nanak, without the True Name, one attains not emancipation[84].	ਨਾਨਕ ਸੱਚੇ ਨਾਮ ਦੇ ਬਗ਼ੈਰ, ਇਨਸਾਨ ਨੂੰ ਕਲਿਆਣ ਨਹੀਂ[84] ਹੁੰਦੀ ।
ਮਲਾਰ ਮਹਲਾ ੩ ਅਸਟਪਦੀਆ ਘਰੁ ੧	Malar 3rd Guru Ashtpadis	ਮਲਾਰ ਤੀਜੀ ਪਾਤਿਸ਼ਾਹੀ ਅਸ਼ਟਪਦੀਆਂ
੧ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਕਰਮੁ ਹੋਵੈ ਤਾ[86] ਸਤਿਗੁਰੁ ਪਾਈਐ ਵਿਣੁ ਕਰਮੈ[85] ਪਾਇਆ ਨ ਜਾਇ ॥	When the Lord is merciful, then[86] alone the mortal attains unto the True Guru. Without His grace[85] he is obtained not.	ਜਦ ਮਾਲਕ ਮਿਹਰਬਾਨ ਹੁੰਦਾ ਹੈ, ਕੇਵਲ ਤਦ[86] ਹੀ ਸੱਚੇ ਗੁਰੂ ਜੀ ਪਰਾਪਤ ਹੁੰਦੇ ਹਨ । ਉਸ ਦੀ ਮਿਹਰ[85] ਦੇ ਬਗ਼ੈਰ ਉਹ ਪਰਾਪਤ ਨਹੀਂ ਹੁੰਦੇ ।
ਸਤਿਗੁਰੁ ਮਿਲਿਐ ਕੰਚਨੁ[87] ਹੋਈਐ[90] ਜਾਂ[98] ਹਰਿ ਕੀ ਹੋਇ ਰਜਾਇ[89] ॥੧॥	When[88] such is the Lord's will[89], meeting with the True Guru, man is transmuted[90] into gold[87].	ਜਦ[88] ਵਾਹਿਗੁਰੂ ਦੀ ਐਸੀ ਰਜ਼ਾ[89] ਹੁੰਦੀ ਹੈ ਬੰਦਾ ਸੱਚੇ ਗੁਰਾਂ ਨਾਲ ਮਿਲ ਕੇ ਸੋਨਾ[87] ਹੋ ਜਾਂਦਾ[90] ਹੈ ।
ਮਨ[91] ਮੇਰੇ ਹਰਿ ਹਰਿ[92] ਨਾਮਿ ਚਿਤੁ[93] ਲਾਇ[94] ॥	O my soul[91], fix[94] thou thy mind[93] with thy Lord Master's[92] Name.	ਹੇ ਮੇਰੀ ਜਿੰਦੜੀਏ[91] ! ਤੂੰ ਆਪਣੇ ਮਨ[93] ਨੂੰ ਆਪਣੇ ਸੁਆਮੀ ਮਾਲਕ[92] ਦੇ ਨਾਮ ਨਾਲ ਜੋੜ[94] ।
ਸਤਿਗੁਰ ਤੇ[95] ਹਰਿ ਪਾਈਐ ਸਾਚਾ ਹਰਿ ਸਿਉ[96] ਰਹੈ ਸਮਾਇ[97] ॥੧॥ਰਹਾਉ॥	Through[95] the True Guru, the True God is obtained and one remains blended[97] with[96] one's God. Pause.	ਸੱਚੇ ਗੁਰਾਂ ਦੇ ਰਾਹੀਂ[95], ਸੱਚਾ ਵਾਹਿਗੁਰੂ ਪਾਇਆ ਜਾਂਦਾ ਹੈ ਅਤੇ ਮਨੁਖ ਆਪਣੇ ਵਾਹਿਗੁਰੂ ਨਾਲ[96] ਅਭੇਦ ਹੋਇਆ[97] ਰਹਿੰਦਾ ਹੈ । ਠਹਿਰਾਉ ।
ਸਤਿਗੁਰ ਤੇ ਗਿਆਨੁ[98] ਊਪਜੈ[99] ਤਾਂ[100] ਇਹ ਸੰਸਾ[2] ਜਾਇ[3] ॥	Through the True Guru, Divine knowledge[98] wells up[99] and then[100] is this doubt[2] dispelled[3].	ਸੱਚੇ ਗੁਰਾਂ ਦੇ ਰਾਹੀਂ, ਬ੍ਰਹਮ ਗਿਆਤ[98] ਉਤਪੰਨ[99] ਹੁੰਦੀ ਹੈ ਅਤੇ ਤਦ[100] ਇਹ ਭਰਮ[2] ਦੂਰ ਹੁੰਦਾ[3] ਹੈ ।
ਸਤਿਗੁਰ ਤੇ ਹਰਿ ਬੂਝੀਐ[4] ਗਰਭ[5] ਜੋਨੀ[6] ਨਹ ਪਾਇ[7] ॥੨॥	Through the True Guru, the Lord is realised[4] and one is cast[7] not into womb[5] existences[6] again.	ਸੱਚੇ ਗੁਰਾਂ ਦੇ ਰਾਹੀਂ ਸਾਹਿਬ ਅਨੁਭਵ ਕੀਤਾ ਜਾਂਦਾ[4] ਹੈ ਅਤੇ ਪ੍ਰਾਨੀ ਨੂੰ ਮੁੜ ਕੇ ਉਦਰ[5] ਦੀਆਂ ਜੂਨੀਆਂ[6] ਵਿਚ ਨਹੀਂ ਪਾਇਆ ਜਾਂਦਾ[7] ।
ਗੁਰਪਰਸਾਦੀ[8] ਜੀਵਤੁ ਮਰੈ ਮਰਿ ਜੀਵੈ ਸਬਦੁ[9] ਕਮਾਇ[10] ॥	By the Guru's grace[8], the mortal dies in life and after so dying lives only to practice[10] the Name[9].	ਗੁਰਾਂ ਦੀ ਦਇਆ[8] ਦੁਆਰਾ, ਪ੍ਰਾਨੀ ਜੀਉਂਦੇ ਜੀ ਮਰਿਆ ਰਹਿੰਦਾ ਹੈ ਅਤੇ ਇਸ ਤਰ੍ਹਾਂ ਮਰ ਕੇ, ਕੇਵਲ ਨਾਮ[9] ਦੀ ਕਮਾਈ[10] ਕਰਨ ਲਈ ਜੀਉਂਦਾ ਹੈ ।
ਮੁਕਤਿ[12] ਦੁਆਰਾ[13] ਸੋਈ[14] ਪਾਏ ਜਿ ਵਿਚਹੁ[15] ਆਪੁ[16] ਗਵਾਇ[17] ॥੩॥	He alone[14] obtains the door[13] of salvation[12], who stills[17] his ego[16] from within[15] himself.	ਕੇਵਲ ਉਹ[14] ਹੀ ਮੋਖਸ਼[12] ਦੇ ਦਰ[13] ਨੂੰ ਪਰਾਪਤ ਹੁੰਦਾ ਹੈ ਜੋ ਆਪਣੇ ਅੰਦਰੋਂ[15] ਆਪਣੀ ਹੰਗਤਾ[16] ਨੂੰ ਦੂਰ[17] ਕਰ ਦਿੰਦਾ ਹੈ ।
ਗੁਰ ਪਰਸਾਦੀ[18] ਸਿਵ[19]	Banishing[21] mammon[20] from within	ਗੁਰਾਂ ਦੀ ਦਇਆ[18] ਦੁਆਰਾ, ਆਪਣੇ ਅੰਦਰੋਂ

ਘਰਿ[23] ਜੰਮੈ[22] ਵਿਚਹੁ ਸਕਤਿ[20] ਗਵਾਇ[21] ॥

him, by the Guru's grace[18], man is reborn[22] into the Lord's[19] home[23].

ਮਾਇਆ[20] ਨੂੰ ਬਾਹਰ[21] ਕਢ, ਬੰਦਾ ਸਾਈਂ[19] ਦੇ ਧਾਮ[23] ਅੰਦਰ ਮੁੜ ਜੰਮ[22] ਪੈਂਦਾ ਹੈ ।

ਅਚਰੁ[24] ਚਰੈ[25] ਬਿਬੇਕ[26] ਬੁਧਿ[27] ਪਾਏ[30] ਪੁਰਖੈ[28] ਪੁਰਖੁ[29] ਮਿਲਾਇ ॥੪॥

The person[28], who eats[25] the uneatable[24], is blessed with[30] discerning[26] intellect[27] and meets with the Supreme Person[29].

ਜਿਹੜਾ ਪੁਰਸ਼[28], ਅਖਾਧ[24] ਨੂੰ ਖਾ ਜਾਂਦਾ[25] ਹੈ, ਉਸ ਨੂੰ ਪ੍ਰਬੀਨ[26] ਅਕਲ[27] ਦੀ ਬਖ਼ਸ਼ਸ਼ ਹੁੰਦੀ[30] ਹੈ ਅਤੇ ਉਹ ਪਰਮ ਪੁਰਸ਼[29] ਨਾਲ ਮਿਲ ਜਾਂਦਾ ਹੈ ।

ਧਾਤੁਰ[31] ਬਾਜੀ ਸੰਸਾਰੁ[32] ਅਚੇਤੁ[33] ਹੈ ਚਲੈ[34] ਮੂਲੁ[35] ਗਵਾਇ[36] ॥

The unknowing[33] world[32] is a passing show[31] and in it, man departs[34] losing[36] his very capital[35].

ਬੇਸਮਝ[33] ਦੁਨੀਆਂ[32] ਇਕ ਉਡਪੁਡ ਜਾਣ ਵਾਲਾ ਤਮਾਸ਼ਾ[31] ਹੈ ਅਤੇ ਇਸ ਅੰਦਰ ਬੰਦਾ ਆਪਣੀ ਮੂੜੀ[35] ਗੁਆ[36] ਟੁਰ ਜਾਂਦਾ[34] ਹੈ ।

ਲਾਹਾ[37] ਹਰਿ[38] ਸਤਸੰਗਤਿ ਪਾਈਐ ਕਰਮੀ[39] ਪਲੈ ਪਾਇ[40] ॥੫॥

The profit[37] of the God's Name[38] is procured in the saints congregation, but it is through the Lord's grace[39], that one is blessed with[40] it.

ਵਾਹਿਗੁਰੂ[38] ਦੇ ਨਾਮ ਦਾ ਲਾਭ[37] ਸਾਧ ਸੰਗਤ ਅੰਦਰ ਪਰਾਪਤ ਹੁੰਦਾ ਹੈ, ਪਰੰਤੂ ਪ੍ਰਭੂ ਦੀ ਦਇਆ[39] ਦੁਆਰਾ, ਇਨਸਾਨ ਨੂੰ ਇਸ ਦੀ ਬਖ਼ਸ਼ਸ਼ ਹੁੰਦੀ[40] ਹੈ ।

ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ[41] ਵੇਖਹੁ[42] ਰਿਦੈ[43] ਬੀਚਾਰਿ[44] ॥

Without the True Guru, no one attains unto the Lord. Think[44] it out in thy mind[43] and see[42], O man[41].

ਸੱਚੇ ਗੁਰਾਂ ਦੇ ਬਗ਼ੈਰ, ਕੋਈ ਭੀ ਪ੍ਰਭੂ ਨੂੰ ਪਰਾਪਤ ਨਹੀਂ ਹੁੰਦਾ, ਤੂੰ ਆਪਣੇ ਚਿਤ[43] ਅੰਦਰ ਸੋਚ[44] ਕੇ ਦੇਖ ਲੈ[42], ਹੇ ਬੰਦੇ[41] !

[45]ਵਡਭਾਗੀ[46] ਗੁਰੁ ਪਾਇਆ[47] [48]ਭਵਜਲੁ[49] ਉਤਰੇ[50] ਪਾਰਿ ॥੬॥

By the great[45] good fortune[46], man meets[47] with the Guru and crosses[50] the terrible[48] world-ocean[49].

ਵਡੀ ਚੰਗੀ[45] ਪ੍ਰਾਲਬਧ[46] ਦੁਆਰਾ, ਬੰਦਾ ਗੁਰਦੇਵ ਜੀ ਨੂੰ ਮਿਲਦਾ[47] ਹੈ ਅਤੇ ਭਿਆਨਕ[48] ਸੰਸਾਰ ਸਮੁੰਦਰ[49] ਤੋਂ ਪਾਰ ਉਤਰਦਾ[50] ਹੈ ।

ਹਰਿ ਨਾਮਾਂ ਹਰਿ ਟੇਕ[51] ਹੈ ਹਰਿ ਹਰਿ[52] ਨਾਮੁ ਅਧਾਰੁ[53] ॥

The Lord and the Lord's Name is my sole protection[51] and I have but the support[53] of the Lord God's[52] Name.

ਸੁਆਮੀ ਤੇ ਸੁਆਮੀ ਦਾ ਨਾਮ ਹੀ ਮੇਰੀ ਕਲਮਕੱਲੀ ਪਨਾਹ[51] ਹੈ ਅਤੇ ਮੈਨੂੰ ਕੇਵਲ ਸਾਂਈਂ ਹਰੀ[52] ਦੇ ਨਾਮ ਦਾ ਹੀ ਆਸਰਾ[53] ਹੈ ।

ਕ੍ਰਿਪਾ[54] ਕਰਹੁ[55] ਗੁਰੁ ਮੇਲਹੁ ਹਰਿ ਜੀਉ[56] ਪਾਵਉ ਮੋਖ[57] ਦੁਆਰੁ[58] ॥੭॥

O Sire[56] God, show[55] Thou mercy[54] unto me and unite me with the Guru, that I may obtain the door[58] of salvation[57].

ਹੇ ਮਹਾਰਾਜ[56] ਹਰੀ ! ਤੂੰ ਮੇਰੇ ਤੇ ਮਿਹਰ[54] ਧਾਰ[55] ਅਤੇ ਮੈਨੂੰ ਗੁਰਾਂ ਨਾਲ ਮਿਲਾ ਦੇ, ਤਾਂ ਜੋ ਮੈਂ ਮੁਕਤੀ[57] ਦੇ ਦਰ[58] ਨੂੰ ਪਾ ਲਵਾਂ ।

ਮਸਤਕਿ[59] ਲਿਲਾਟਿ[60] ਲਿਖਿਆ[61] ਧੁਰਿ[62] ਠਾਕੁਰਿ[63] ਮੇਟਣਾ[64] ਨ ਜਾਇ ॥

The writ, [62]predestined[61] on the forehead[60], by the Supreme[59] Lord[63], can be erased[64] not.

ਸ਼ਰੋਮਣੀ[59] ਸਾਹਿਬ[63] ਦੀ ਮੁੱਢ ਤੋਂ[62] ਲਿਖੀ ਹੋਈ[61] ਮੱਥੇ[60] ਦੀ ਲਿਖਤਾਕਾਰ, ਮੇਸੀ ਨਹੀਂ ਜਾ ਸਕਦੀ[64] ।

ਨਾਨਕ ਸੇ[65] ਜਨ[66] ਪੂਰਨ[67] ਹੋਏ ਜਿਨ ਹਰਿ ਭਾਣਾ[68] ਭਾਇ[69] ॥੮॥੧॥

O Nanak, only those[65] persons[66] become perfect[67], to whom the Lord's Will[68] is pleasing[69].

ਹੇ ਨਾਨਕ ! ਕੇਵਲ ਉਹ[65] ਪੁਰਸ਼[66] ਹੀ ਮੁਕੰਮਲ[67] ਹੁੰਦੇ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਰਜ਼ਾ[68] ਚੰਗੀ ਲਗਦੀ[69] ਹੈ ।

ਮਲਾਰ ਮਹਲਾ ੩ ॥

Malar 3rd Guru.

ਮਲਾਰ ਤੀਜੀ ਪਾਤਿਸ਼ਾਹੀ

ਬੇਦ ਬਾਣੀ[70] ਜਗੁ[71]

The world[71] is involved[72] in the

ਦੁਨੀਆਂ[71] ਵੇਦਾਂ ਦੇ ਮੰਤਰਾਂ[70] ਅੰਦਰ ਪ੍ਰਵਿਰਤ ਹੋਈ

ਵਰਤਦਾ[72] ਤੂੰ[73] ਗੁਣ[74] ਕਰੇ ਬੀਚਾਰੁ[75] ॥	sermons[70] of the Vedas and reflects[75] on the three[73] modes[74].	ਹੋਈ[72] ਹੈ ਅਤੇ ਤਿੰਨਾ[73] ਅਵਸਥਾਵਾਂ[74] ਨੂੰ ਹੀ ਸੋਚਦੀ ਵੀਚਾਰਦੀ[75] ਹੈ।
ਬਿਨੁ ਨਾਵੈ ਜਮ[76] ਡੰਡੁ[77] ਸਹੈ[78] ਮਰਿ[79] ਜਨਮੈ[80] ਵਾਰੋ ਵਾਰ[81] ॥	Without the Name, it suffers[78] punishment[77] of the Death's courier[76] and comes[80] and goes[79] over and over again[81].	ਨਾਮ ਦੇ ਬਾਝੋਂ, ਇਹ ਮੌਤ ਦੇ ਦੂਤ[76] ਦੀ ਸਜ਼ਾ[77] ਸਹਾਰਦੀ[78] ਹੈ ਅਤੇ ਮੁੜ ਮੁੜ ਕੇ[81] ਆਉਂਦੀ[80] ਤੇ ਜਾਂਦੀ[79] ਹੈ।
ਸਤਿਗੁਰ ਭੇਟੇ[82] ਮੁਕਤਿ[83] ਹੋਇ ਪਾਏ ਮੋਖ[84] ਦੁਆਰੁ[85] ॥੧॥	Meeting[82] with the True Guru, it is emancipated[83] and obtains the door[85] of salvation[84].	ਸੱਚੇ ਗੁਰਾਂ ਨਾਲ ਮਿਲ[82] ਕੇ, ਇਹ ਬੰਦਖਲਾਸ ਹੋ ਜਾਂਦੀ[83] ਹੈ ਅਤੇ ਮੁਕਤੀ[84] ਦੇ ਦਰਵਾਜ਼ੇ[85] ਨੂੰ ਪਾ ਲੈਂਦੀ ਹੈ।
ਮਨ[86] ਰੇ[87] ਸਤਿਗੁਰੁ ਸੇਵਿ[88] ਸਮਾਇ[89] ॥	O[87] man[86], be thou absorbed[89] in the True Guru's service[88].	ਹੇ[87] ਬੰਦੇ[86]! ਤੂੰ ਸੱਚੇ ਗੁਰਾਂ ਦੀ ਟਹਿਲ-ਸੇਵਾ[88] ਅੰਦਰ ਲੀਨ ਹੋ ਜਾ[89]।
ਵਡੈ[90] ਭਾਗਿ[91] ਗੁਰੁ ਪੂਰਾ[92] ਪਾਇਆ ਹਰਿ ਹਰਿ ਨਾਮੁ ਧਿਆਇ[93] ॥ ੧॥ਰਹਾਉ॥	By great[90] good destiny[91], the Perfect[92] Guru is obtained and one meditates[93] on the Lord Guru's Name Pause.	ਭਾਰੀ[90] ਚੰਗੀ ਪ੍ਰਾਲਬਧ[91] ਦੁਆਰਾ ਪੂਰਨ[92] ਗੁਰਦੇਵ ਜੀ ਪਰਾਪੰਤ ਹੁੰਦੇ ਹਨ ਅਤੇ ਇਨਸਾਨ ਸੁਆਮੀ ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰਦਾ[93] ਹੈ। ਠਹਿਰਾਉ।
ਹਰਿ ਆਪਣੈ ਭਾਣੈ[94] ਸ੍ਰਿਸਟਿ[95] ਉਪਾਈ[96] ਹਰਿ ਆਪੇ ਦੇਇ ਅਧਾਰੁ[97] ॥	In His will[94], God has created[96] the world[95] and Himself provides it with sustenance[97].	ਆਪਣੀ ਰਜ਼ਾ[94] ਅੰਦਰ ਵਾਹਿਗੁਰੂ ਨੇ ਦੁਨੀਆਂ[95] ਰਚੀ[96] ਹੈ ਅਤੇ ਆਪ ਹੀ ਇਸ ਨੂੰ ਰੋਜ਼ੀ[97] ਦਿੰਦਾ ਹੈ।
ਹਰਿ ਆਪਣੈ ਭਾਣੈ ਮਨੁ ਨਿਰਮਲੁ[98] ਕੀਆ ਹਰਿ ਸਿਉ[100] ਲਾਗਾ[99] ਪਿਆਰੁ ॥	In His will, the Lord makes the man's mind immaculate[98] and he is attuned[99] to[100] the Lord.	ਆਪਣੀ ਰਜ਼ਾ ਅੰਦਰ ਪ੍ਰਭੂ ਮਨੁੱਖ ਦੇ ਮਨੂਏ ਨੂੰ ਪਵਿੱਤਰ ਕਰ ਦਿੰਦਾ[98] ਹੈ ਅਤੇ ਉਸ ਦੀ ਪ੍ਰਭੂ ਨਾਲ[100] ਪ੍ਰੀਤ ਪੈ ਜਾਂਦੀ[99] ਹੈ।
ਹਰਿ ਕੈ ਭਾਣੈ ਸਤਿਗੁਰੁ ਭੇਟਿਆ[2] ਸਭੁ ਜਨਮੁ[3] ਸਵਾਰਣਹਾਰੁ[4] ॥੨॥	In the Lord's will, man meets[2] with the True Guru, who is the embellisher[4] of his entire life[3].	ਪ੍ਰਭੂ ਦੀ ਰਜ਼ਾ ਅੰਦਰ ਇਨਸਾਨ ਸੱਚੇ ਗੁਰੂ ਨੂੰ ਮਿਲ ਪੈਂਦਾ[3] ਹੈ, ਜੋ ਉਸ ਦੇ ਸਾਰੇ ਜੀਵਨ[2] ਨੂੰ ਸ਼ਸ਼ੋਭਤ ਕਰਨ ਵਾਲੇ[4] ਹਨ।
੧੨੭੭	**1277**	**੧੨੭੭**
ਵਾਹੁ[5] ਵਾਹੁ ਬਾਣੀ[6] ਸਤਿ[7] ਹੈ ਗੁਰਮੁਖਿ[8] ਬੂਝੈ[9] ਕੋਇ[10] ॥	Praiseworthy[5], praiseworthy and true[7] is the Guru's word[6]. Some rare[10] God-conscious being[8] understands[9] this thing.	ਸ਼ਲਾਘਾ ਯੋਗ[5], ਸ਼ਲਾਘਾ ਯੋਗ, ਅਤੇ ਸੱਚੀ[7] ਹੈ ਗੁਰਾਂ[6] ਦੀ ਬਾਣੀ, ਕੋਈ ਵਿਰਲਾ[10] ਰੱਬ ਨੂੰ ਜਾਨਣ ਵਾਲਾ ਜੀਵ[8] ਇਸ ਗੱਲ ਨੂੰ ਸਮਝਦਾ[9] ਹੈ।
ਵਾਹੁ[12] ਵਾਹੁ ਕਰਿ[13] ਪ੍ਰਭੁ ਸਾਲਾਹੀਐ[14] ਤਿਸੁ[15] ਜੇਵਡੁ[16] ਅਵਰੁ[17] ਨ ਕੋਇ ॥	Uttering[13] "Bravo[12], bravo" praise[14] thou the Lord. No one else[17] is as great[16] as He[15].	"ਸ਼ਾਬਾਸ਼[12]! ਸ਼ਾਬਾਸ਼!" ਉਚਾਰਦਾ ਹੋਇਆ[13] ਤੂੰ ਆਪਣੇ ਸਾਹਿਬ ਦੀ ਸਿਫ਼ਤ-ਸ਼ਲਾਘਾ ਕਰ[14]। ਉਸ[15] ਜਿੱਡਾ ਵੱਡਾ[16] ਹੋਰ ਕੋਈ[17] ਨਹੀਂ।
ਆਪੇ ਬਖਸੇ[18] ਮੇਲਿ ਲਏ ਕਰਮਿ[19] ਪਰਾਪਤਿ[20]	When man becomes the recipient[20] of God's grace[19], then forgiving[18]	ਜਦ ਬੰਦਾ ਹਰੀ ਦੀ ਮਿਹਰ[19] ਦਾ ਪਾਤ੍ਰ[20] ਹੋ ਜਾਂਦਾ ਹੈ, ਤਦ ਉਹ ਉਸ ਨੂੰ ਮੁਆਫ਼ ਕਰ[18] ਆਪਣੇ[21] ਨਾਲ ਮਿਲਾ

ਹੋਇ ॥੩॥

him, He unites him with Himself[21].

ਲੈਂਦਾ ਹੈ।

ਸਾਚਾ ਸਾਹਿਬੁ ਮਾਹਰੋ[22] ਸਤਿਗੁਰਿ ਦੀਆ ਦਿਖਾਇ ॥

The True Guru has shown me the Supreme[22] True Lord.

ਸੱਚੇ ਗੁਰਾਂ ਨੇ ਮੈਨੂੰ ਸ਼ਰੋਮਣੀ[22] ਸੱਚਾ ਸੁਆਮੀ ਵਿਖਾਲ ਦਿੱਤਾ ਹੈ।

ਅੰਮ੍ਰਿਤੁ[23] ਵਰਸੈ[24] ਮਨੁ[25] ਸੰਤੋਖੀਐ[26] ਸਚਿ[27] ਰਹੈ ਲਿਵ ਲਾਇ[28] ॥

When the True Lord[27] rains[24] His Name-Nectar[23], my soul[25] is satiated[26] and remains attuned[28] to Him.

ਜਦ ਸੱਚਾ ਸੁਆਮੀ[27] ਆਪਣੇ ਨਾਮ ਦੇ ਆਬਿ-ਹਿਯਾਤ[23] ਦੀ ਬਰਖਾ ਕਰਦਾ[24] ਹੈ ਤਾਂ ਮੇਰੀ ਆਤਮਾ[25] ਰੱਜ ਜਾਂਦੀ[26] ਹੈ ਤੇ ਉਸ ਨਾਲ ਪ੍ਰੀਤ ਅੰਦਰ ਜੁੜੀ[28] ਰਹਿੰਦੀ ਹੈ।

ਹਰਿ ਕੈ ਨਾਇ[29] ਸਦਾ[30] ਹਰੀਆਵਲੀ[31] ਫਿਰਿ[32] ਸੁਕੇ[33] ਨਾ ਕੁਮਲਾਇ[34] ॥੪॥

Through the God's name[29], the soul ever[30] remains fresh[31] and dries[33] and withers[34] not again[32].

ਰੱਬ ਦੇ ਨਾਮ[29] ਰਾਹੀਂ ਜਿੰਦੜੀ ਸਦੀਵ[30] ਹੀ ਤਰੋ[31] ਤਾਜ਼ਾ ਰਹਿੰਦੀ ਹੈ ਅਤੇ ਮੁੜ ਕੇ[32] ਸੁਕਦੀ[33] ਤੇ ਮੁਰਝਾਉਂਦੀ[34] ਨਹੀਂ।

ਬਿਨੁ[39] ਸਤਿਗੁਰ ਕਿਨੈ ਨ ਪਾਇਓ ਮਨਿ[35] ਵੇਖਹੁ[36] ਕੋ[37] ਪਤੀਆਇ[38] ॥

Without[39] the True Guru no one attains unto the Lord. Let any[37] one[35] examine[38] and see[36] it.

ਸੱਚੇ ਗੁਰਾਂ ਦੇ ਬਗੈਰ[39], ਕਿਸੇ ਨੂੰ ਭੀ ਪ੍ਰਭੂ ਪਰਾਪਤ ਨਹੀਂ ਹੁੰਦਾ। ਬੇਸ਼ਕ ਕੋਈ[37] ਜਣਾ[35] ਇਸ ਦਾ ਪਰਤਾਵਾ[38] ਕਰ ਕੇ ਦੇਖ ਲਵੇ[36]।

ਹਰਿ ਕਿਰਪਾ[40] ਤੇ ਸਤਿਗੁਰੁ ਪਾਈਐ ਭੇਟੈ[41] ਸਹਜਿ ਸੁਭਾਇ[42] ॥

By God's grace[40] one obtains the True Guru and then meets[41] with the Lord all-too-spontaneously[42].

ਹਰੀ ਦੀ ਦਇਆ[40] ਦੁਆਰਾ, ਜੀਵ ਸੱਚੇ ਗੁਰਾਂ ਨੂੰ ਪਾ ਲੈਂਦਾ ਹੈ ਅਤੇ ਤਦ ਉਹ ਸੁਤੇ-ਸਿਧ[42] ਹੀ ਸੁਆਮੀ ਨੂੰ ਮਿਲ ਪੈਂਦਾ[41] ਹੈ।

ਮਨਮੁਖ[43] ਭਰਮਿ[44] ਭੁਲਾਇਆ[45] ਬਿਨੁ ਭਾਗਾ[46] ਹਰਿ ਧਨੁ[47] ਨ ਪਾਇ[48] ॥੫॥

The egocentric[43] strays[45] in doubt[44] and without good destiny[46] obtains[48] not the Lord's wealth[47].

ਮਨਮਤੀਆ[43] ਸੰਦੇਹ[44] ਅੰਦਰ ਭਟਕਦਾ[45] ਹੈ ਅਤੇ ਚੰਗੀ ਪ੍ਰਾਲਬਧ[46] ਦੇ ਬਗੈਰ, ਪ੍ਰਭੂ ਦੀ ਦੌਲਤ[47] ਨੂੰ ਪਰਾਪਤ[48] ਨਹੀਂ ਹੁੰਦਾ।

ਤ੍ਰੈਗੁਣ[49] ਸਭਾ ਧਾਤੁ[50] ਹੈ ਪੜਿ ਪੜਿ ਕਰਹਿ ਵੀਚਾਰੁ[51] ॥

The very idea of three qualities[49] is all mammon[50], which people read, read and reflect upon[51].

ਤਿੰਨਾਂ ਲੱਛਣਾਂ[49] ਦਾ ਖ਼ਿਆਲ ਸਮੂਹ ਮਾਇਆ[50] ਹੀ ਹੈ, ਜਿਸ ਨੂੰ ਲੋਕ ਪੜ੍ਹਦੇ, ਪੜ੍ਹਦੇ ਤੇ ਸੋਚਦੇ ਵਿਚਾਰਦੇ[51] ਹਨ।

ਮੁਕਤਿ[52] ਕਦੇ[53] ਨ ਹੋਵਈ ਨਹੁ ਪਾਇਨ੍ [54]ਮੋਖ-ਦੁਆਰੁ[55] ॥

They are emancipated[52] not ever[53], nor obtain they the door[55] of salvation[54].

ਉਨ੍ਹਾਂ ਦੀ ਕਦਾਚਿਤ[53] ਮੁਕਤੀ[52] ਨਹੀਂ ਹੁੰਦੀ, ਨਾ ਹੀ ਉਹ ਕਲਿਆਣ[54] ਦੇ ਦਰ[55] ਨੂੰ ਪਰਾਪਤ ਹੁੰਦੇ ਹਨ।

ਬਿਨੁ ਸਤਿਗੁਰ ਬੰਧਨ[56] ਨ ਤੁਟਹੀ[57] ਨਾਮਿ ਨ ਲਗੈ[58] ਪਿਆਰੁ[59] ॥੬॥

Without the True Guru, bonds[56] are loosed[57] not, nor is the love[59] for the Lord's Name embraced[58].

ਸੱਚੇ ਗੁਰਾਂ ਦੇ ਬਗੈਰ, ਬੇੜੀਆਂ[56] ਕੱਟੀਆਂ ਨਹੀਂ ਜਾਂਦੀਆਂ[57], ਨਾ ਹੀ ਪ੍ਰਭੂ ਦੇ ਨਾਮ ਨਾਲ ਪਿਰਹੜੀ[59] ਪੈਂਦੀ[58] ਹੈ।

ਪੜਿ ਪੜਿ ਪੰਡਿਤ ਮੋਨੀ[60] ਥਕੇ[61] ਬੇਦਾਂ ਕਾ ਅਭਿਆਸੁ[62] ॥

The Pandits and silent sages[60] have grown weary[61] of reading, reading and studying[62] the Vedas.

ਪੰਡਤ ਅਤੇ ਖ਼ਾਮੋਸ਼[60] ਰਿਸ਼ੀ ਵੇਦਾਂ ਨੂੰ ਪੜ੍ਹਦੇ, ਪੜ੍ਹਦੇ ਤੇ ਵਾਚਦੇ[62] ਹਾਰ ਟੁਟ ਗਏ[61] ਹਨ।

ਹਰਿ ਨਾਮੁ ਚਿਤਿ[63] ਨ ਆਵਈ ਨਹ ਨਿਜ[64] ਘਰਿ ਹੋਵੈ ਵਾਸੁ[65] ॥

They contemplate[63] not the Lord's Name, nor abide[65] they in their own[64] Home.

ਉਹ ਸੁਆਮੀ ਦੇ ਨਾਮ ਦਾ ਸਿਮਰਨ ਨਹੀਂ ਕਰਦੇ[63], ਨਾ ਹੀ ਆਪਣੇ[64] ਨਿਜ ਦੇ ਗ੍ਰਿਹ ਅੰਦਰ ਵਸਦੇ[65] ਹਨ।

[66]ਜਮਕਾਲੁ[67] ਸਿਰਹੁ[68] ਨ ਉਤਰੈ ਅੰਤਰਿ[69] ਕਪਟ[70] ਵਿਣਾਸੁ[71] ॥੭॥	The death's[67] myrmidon[66] stands over their head[68] and due to their innei[69] deception[70], they are ruined[71].	ਮੌਤ[67] ਦਾ ਫ਼ਰੇਸ਼ਤਾ[66] ਉਨ੍ਹਾਂ ਦੇ ਸਿਰ[68] ਤੇ ਖਲੋਤਾ ਹੈ ਅਤੇ ਆਪਣੇ ਅੰਦਰਲੇ[69] ਛਲ ਫ਼ਰੇਬ[70] ਦੇ ਕਾਰਨ ਉਹ ਤਬਾਹ ਹੋ ਜਾਂਦੇ[71] ਹਨ।
ਹਰਿ ਨਾਵੈ ਨੋ ਸਭ ਕੋ ਪਰਤਾਪਦਾ[72] ਵਿਣੁ ਭਾਗਾਂ[73] ਪਾਇਆ ਨ ਜਾਇ ॥	Everyone longs for[72] the God's Name, but without good destiny[73] it is obtained not.	ਹਰ ਕੋਈ ਵਾਹਿਗੁਰੂ ਦੇ ਨਾਮ ਦੀ ਚਾਹਨਾ ਕਰਦਾ[72] ਹੈ, ਪਰੰਤੂ ਚੰਗੀ ਪ੍ਰਾਲਭਧ[73] ਦੇ ਬਗ਼ੈਰ, ਇਹ ਪਰਾਪਤ ਨਹੀਂ ਹੁੰਦਾ।
ਨਦਰਿ[74] ਕਰੇ[75] ਗੁਰੁ ਭੇਟੀਐ[76] ਹਰਿ ਨਾਮੁ ਵਸੈ[77] ਮਨਿ ਆਇ ॥	When the Lord shows[75] mercy[74], man meets[76] with the Guru and the God's Name comes to abide[77] in his mind.	ਜਦ ਮਾਲਕ ਮਿਹਰ[74] ਧਾਰਦਾ[75] ਹੈ, ਇਨਸਾਨ ਗੁਰਾਂ ਨੂੰ ਮਿਲ ਪੈਂਦਾ[76] ਹੈ ਅਤੇ ਵਾਹਿਗੁਰੂ ਦਾ ਨਾਮ ਆ ਕੇ ਉਸ ਦੇ ਹਿਰਦੇ ਅੰਦਰ ਟਿਕ ਜਾਂਦਾ[77] ਹੈ।
ਨਾਨਕ ਨਾਮੇ ਹੀ ਪਤਿ[78] ਊਪਜੈ[79] ਹਰਿ ਸਿਉ[80] ਰਹਾਂ ਸਮਾਇ[81] ॥੮॥੨॥	Nanak, through the Name, honour[78] is produced[79] and one remains blended[81] with[80] the Lord.	ਨਾਨਕ, ਨਾਮ ਦੇ ਰਾਹੀਂ, ਇਜ਼ਤ[78] ਆਬਰੂ ਉਤਪੰਨ ਹੁੰਦੀ[79] ਹੈ ਅਤੇ ਇਨਸਾਨ ਪ੍ਰਭੂ ਨਾਲ[80] ਅਭੇਦ ਹੋਇਆ[81] ਰਹਿੰਦਾ ਹੈ।
ਮਲਾਰ ਮਹਲਾ ੩ ਅਸਟਪਦੀ ਘਰੁ ੨	Malar 3rd Guru Ashtpadi	ਮਲਾਰ ਤੀਜੀ ਪਾਤਿਸ਼ਾਹੀ ਅਸ਼ਟਪਦੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is attained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਹਰਿ ਹਰਿ ਕ੍ਰਿਪਾ[82] ਕਰੇ[83] ਗੁਰ ਕੀ ਕਾਰੈ[84] ਲਾਏ[85] ॥	When the Lord God shows[83] mercy[82], He yokes[85] man to the Guru's service[84].	ਜਦ ਸੁਆਮੀ ਵਾਹਿਗੁਰੂ ਮਿਹਰ[82] ਧਾਰਦਾ[83] ਹੈ, ਉਹ ਬੰਦੇ ਨੂੰ ਗੁਰਾਂ ਦੀ ਟਹਿਲ[84] ਅੰਦਰ ਜੋੜ ਦਿੰਦਾ[85] ਹੈ।
ਦੁਖੁ[86] ਪਲ੍ਹਰਿ[87] ਹਰਿ ਨਾਮੁ ਵਸਾਏ[87]* ॥	Ridding[87] man of his pain[86], He makes him cherish[87]* the Lord's Name in his mind.	ਇਨਸਾਨ ਦੀ ਪੀੜ[86] ਨੂੰ ਦੂਰ ਕਰ[87], ਉਹ ਸੁਆਮੀ ਦੇ ਨਾਮ ਨੂੰ ਉਸ ਦੇ ਹਿਰਦੇ ਅੰਦਰ ਟਿਕਾ ਦਿੰਦਾ[87]* ਹੈ।
ਸਾਚੀ ਗਤਿ[88] ਸਾਚੈ[91] ਚਿਤੁ[89] ਲਾਇ[90] ॥ ਗੁਰ ਕੀ ਬਾਣੀ ਸਬਦਿ[91]* ਸੁਣਾਏ ॥੧॥	Fixing[90] attention[89] on the True Lord[91], true salvation[88] is obtained and the mortal hears the Guru's word and the Lord's[91]* Name.	ਸੱਚੇ ਸੁਆਮੀ[91] ਨਾਲ ਬਿਰਤੀ[89] ਜੋੜਨ[90] ਦੁਆਰਾ, ਸੱਚੀ ਮੁਕਤੀ[88] ਪਰਾਪਤ ਹੁੰਦੀ ਹੈ ਅਤੇ ਪ੍ਰਾਣੀ ਗੁਰਾਂ ਦੀ ਬਾਣੀ ਅਤੇ ਪ੍ਰਭੂ[91]* ਦੇ ਨਾਮ ਨੂੰ ਸ੍ਰਵਣ ਕਰਦਾ ਹੈ।
ਮਨ[92] ਮੇਰੇ ਹਰਿ ਹਰਿ[95] ਸੇਵਿ[93] ਨਿਧਾਨੁ[94] ॥	O my soul[92], serve[93] thou thy Lord Master[95], the Treasure of bliss[94].	ਹੇ ਮੇਰੀ ਜਿੰਦੜੀਏ[92]! ਤੂੰ ਆਪਣੇ ਸੁਆਮੀ ਮਾਲਕ[95] ਦੀ ਘਾਲ ਕਮਾ[93], ਜੋ ਕਿ ਖ਼ੁਸ਼ੀ ਦਾ ਖ਼ਜ਼ਾਨਾ[94] ਹੈ।
ਗੁਰ ਕਿਰਪਾ[96] ਤੇ[97] ਹਰਿ ਧਨੁ[98] ਪਾਈਐ ਅਨਦਿਨੁ[99] ਲਾਗੈ[100] ਸਹਜਿ[2] ਧਿਆਨੁ ॥੧॥ਰਹਾਉ॥	By[97] the Guru's grace[96] God's wealth[98] is obtained and night[99] and day man's attention[3] remains fixed[2] on the Lord[100]. Pause.	ਗੁਰਾਂ ਦੀ ਦਇਆ[96] ਦੁਆਰਾ[97], ਵਾਹਿਗੁਰੂ ਦਾ ਪਦਾਰਥ[98] ਪਰਾਪਤ ਹੁੰਦਾ ਹੈ ਅਤੇ ਰੈਣ[99] ਤੇ ਦਿਨ ਆਦਮੀ ਦੀ ਬਿਰਤੀ[3] ਸਾਹਿਬ[2] ਅੰਦਰ ਜੁੜੀ ਰਹਿੰਦੀ[100] ਹੈ। ਠਹਿਰਾਉ।

ਬਿਨੁ ਪਿਰ[4] ਕਾਮਣਿ[5] ਕਰੇ ਸੀਗਾਰੁ[6] ॥ ਦੁਹਚਾਰਣੀ[7] ਕਹੀਐ[8] ਨਿਤ[9] ਹੋਇ ਖੁਆਰੁ[10] ॥	The bride[5] who makes decorations[6] without her Groom[4], is said[8] to be of low character[7] and is ever[9] wasted away[10].	ਪਤਨੀ[5] ਜੋ ਆਪਣੇ ਪਤੀ[4] ਦੇ ਬਾਝੋਂ ਹਾਰਸ਼ਿੰਗਾਰ[6] ਕਰਦੀ ਹੈ, ਬਦਚਲਨ[7] ਆਖੀ ਜਾਂਦੀ[8] ਹੈ ਅਤੇ ਹਮੇਸ਼ਾ[9] ਹੀ ਖੱਜਲ ਖੁਆਰ ਹੁੰਦੀ[10] ਹੈ।
ਮਨਮੁਖ[12] ਕਾ ਇਹੁ ਬਾਦਿ[13] ਆਚਾਰੁ[14] ॥ ਬਹੁ[15] ਕਰਮ[16] ਦ੍ਰਿੜਾਵਹਿ[17] ਨਾਮ ਵਿਸਾਰਿ[18] ॥੨॥	This is the useless[13] way of life[14] of the egocentric[12], that forgetting[18] the Name, he performs[17] many[15] other rituals[16].	ਇਹ ਹੈ ਫ਼ਜ਼ੂਲ[13] ਜੀਵਨ ਰਹੁ-ਰੀਤੀ[14] ਮਨਮਤੀਏ[12] ਦੀ ਕਿ ਨਾਮ ਨੂੰ ਭੁਲਾ ਕੇ[18] ਉਹ ਹੋਰ ਘਣੇਰੇ[15] ਕਰਮਕਾਂਡ[16] ਕਰਦਾ[17] ਹੈ।
ਗੁਰਮੁਖਿ[19] ਕਾਮਣਿ[20] ਬਣਿਆ[21] ਸੀਗਾਰੁ[22] ॥ ਸਬਦੇ[23] ਪਿਰੁ[24] ਰਾਖਿਆ ਉਰ[25] ਧਾਰਿ[26] ॥	The embellishments[22] befit[21] the pious[19] bride[20], who under the Guru's instruction[23], keeps her Groom[24] enshrined[26] in her heart[25].	ਹਾਰ-ਸ਼ਿੰਗਾਰ[22] ਉਸ ਪਵਿੱਤਰ[19] ਪਤਨੀ[20] ਨੂੰ ਸ਼ੋਭਦੇ[21] ਹਨ, ਜੋ ਗੁਰਾਂ ਦੇ ਉਪਦੇਸ਼[23] ਤਾਬੇ ਆਪਣੇ ਪਤੀ[24] ਨੂੰ ਆਪਣੇ ਦਿਲ[25] ਅੰਦਰ ਟਿਕਾਈ[26] ਰਖਦੀ ਹੈ।
ਏਕੁ ਪਛਾਣੈ[27] ਹਉਮੈ[28] ਮਾਰਿ ॥ ਸੋਭਾਵੰਤੀ[29] ਕਹੀਐ ਨਾਰਿ[30] ॥੩॥	Stilling her ego[28], she who realises[27] the One Lord; illustrious[29] is said to be that bride[30].	ਆਪਣੀ ਹੰਗਤਾ[28] ਨੂੰ ਮਾਰ ਕੇ, ਜੋ ਇਕ ਸੁਆਮੀ ਨੂੰ ਅਨੁਭਵ ਕਰਦੀ[27] ਹੈ, ਸੁਭਾਇਮਾਨ[29] ਆਖੀ ਜਾਂਦੀ ਹੈ ਉਹ ਪਤਨੀ[30]।
ਬਿਨੁ ਗੁਰ ਦਾਤੇ[31] ਕਿਨੈ ਨ ਪਾਇਆ[32] ॥	Without the beneficent[31] Guru, no one can ever attain[32] unto the Lord.	ਦਾਤਾਰ[31] ਗੁਰਾਂ ਦੇ ਬਗੈਰ, ਕੋਈ ਜਣਾ ਕਦੇ ਭੀ ਪ੍ਰਭੂ ਨੂੰ ਪਰਾਪਤ[32] ਨਹੀਂ ਹੋ ਸਕਦਾ।
ਮਨਮੁਖ[33] ਲੋਭਿ[34] ਦੂਜੈ[35] ਲੋਭਾਇਆ[36] ॥	The avaricious[34] egocentric[33] is enticed away[36] by duality[35].	ਲਾਲਚੀ[34] ਮਨਮਤੀਏ[33] ਨੂੰ ਦਵੈਤ-ਭਾਵ[35] ਲੁਭਾਇਮਾਨ ਕਰ ਲੈਂਦਾ[36] ਹੈ।
ਐਸੇ[37] ਗਿਆਨੀ[38] ਬੂਝਹੁ[39] ਕੋਇ[40] ॥ ਬਿਨੁ ਗੁਰ ਭੇਟੇ[41] ਮੁਕਤਿ[42] ਨ ਹੋਇ ॥੪॥	Some rare[40] God-conscious being[38], realises[39] this wise[37], that without meeting[41] with the Guru, one is emancipated[42] not.	ਰਬ ਨੂੰ ਜਾਨਣ[38] ਵਾਲਾ ਕੋਈ ਵਿਰਲਾ ਜਣਾ[40] ਹੀ ਇਸ ਤਰ੍ਹਾਂ[37] ਅਨੁਭਵ ਕਰਦਾ[39] ਹੈ ਕਿ ਗੁਰਾਂ ਨਾਲ ਮਿਲਣ[41] ਦੇ ਬਗੈਰ, ਕਿਸੇ ਦੀ ਭੀ ਕਲਿਆਣ[42] ਨਹੀਂ ਹੁੰਦੀ।
ਕਹਿ ਕਹਿ[43] ਕਹਣੁ[44] ਕਹੈ[45] ਸਭੁ[46] ਕੋਇ ॥	Every one[46] utters[45] the stories[44] often narrated[43] by others.	ਹਰ ਕੋਈ[46] ਹੋਰਨਾਂ ਦੀਆਂ ਬਹੁਤੀ ਵਾਰੀ ਵਰਨਣ ਕੀਤੀਆਂ ਹੋਈਆਂ[43] ਕਹਾਣੀਆਂ[44] ਉਚਾਰਨ ਕਰਦਾ[45] ਹੈ।
ਬਿਨੁ ਮਨ[47] ਮੂਏ ਭਗਤਿ[48] ਨ ਹੋਇ ॥	Without stilling[47] his mind, man can worship[48] not the Lord.	ਆਪਣੇ ਮਨੂਏ ਨੂੰ ਮਾਰਣ[47] ਦੇ ਬਗੈਰ, ਇਨਸਾਨ ਪ੍ਰਭੂ ਦੀ ਉਪਾਸ਼ਨਾ[48] ਨਹੀਂ ਕਰ ਸਕਦਾ।
ਗਿਆਨ[49] ਮਤੀ[50] ਕਮਲ[51] ਪਰਗਾਸੁ[52] ॥ ਤਿਤੁ[53] ਘਟਿ[54] ਨਾਮੈ ਨਾਮਿ[55] ਨਿਵਾਸੁ[56] ॥੫॥	Through the Divinely[49] intellect[50], man's heart-lotus[51] blossoms[52] and the name alone[55] abides[56] within his[53] mind[54].	ਈਸ਼ਵਰੀ[49] ਅਕਲ[50] ਰਾਹੀਂ ਮਨੁਸ਼ ਦਾ ਦਿਲ-ਕੰਵਲ[51] ਖਿੜ ਜਾਂਦਾ[52] ਹੈ ਅਤੇ ਕੇਵਲ[55] ਨਾਮ ਹੀ ਉਸ[53] ਦੇ ਹਿਰਦੇ[54] ਅੰਦਰ ਵਸਦਾ[56] ਹੈ।
੧੨੭੮	1278	੧੨੭੮
ਹਉਮੈ[57] ਭਗਤਿ[58] ਕਰੇ ਸਭੁ ਕੋਇ[59] ॥	Abiding in ego[57], every one[59] serves[58] the Lord.	ਹੰਗਤਾ[57] ਅੰਦਰ ਵਸ, ਹਰ[59] ਕੋਈ ਸਾਂਈਂ ਦੀ ਸੇਵਾ ਕਰਦਾ[58] ਹੈ।

ਨਾ ਮਨੁ ਭੀਜੈ[60] ਨਾ ਸੁਖੁ[61] ਹੋਇ ॥	This wise neither the mind is softened[60], nor peace[61] is procured.	ਇਸ ਤਰ੍ਹਾਂ ਨਾਂ ਮਨੂਆ ਮੋਮ ਹੁੰਦਾ[60] ਹੈ ਅਤੇ ਨਾ ਹੀ ਆਰਾਮ[61] ਪਰਾਪਤ ਹੁੰਦਾ ਹੈ।
ਕਹਿ[62] ਕਹਿ ਕਹਣੁ[63] ਆਪੁ[64] ਜਾਣਾਏ[65] ॥	By telling[62] and narrating religious anecdotes[63] the mortal exihibits[65] his self-conceit[64].	ਧਾਰਮਕ ਵਾਰਤਾਵਾਂ[63] ਆਖ[62] ਅਤੇ ਵਰਨਣ ਕਰ, ਪ੍ਰਾਣੀ ਆਪਣੀ ਸਵੈ-ਹੰਗਤਾ[64] ਨੂੰ ਪਰਗਟ[65] ਕਰਦਾ ਹੈ।
ਬਿਰਥੀ[66] ਭਗਤਿ[67] ਸਭੁ ਜਨਮੁ[68] ਗਵਾਏ[69] ॥੬॥	Vain[66] is his service[67] and he wastes away[69] his entire life[68].	ਵਿਅਰਥ[66] ਹੈ ਉਸ ਦੀ ਘਾਲ[67] ਅਤੇ ਉਹ ਆਪਣੇ ਸਾਰੇ ਜੀਵਨ[68] ਨੂੰ ਬਰਬਾਦ ਕਰ ਲੈਂਦਾ[69] ਹੈ।
ਸੇ[70] ਭਗਤ[72] ਸਤਿਗੁਰ ਮਨਿ ਭਾਏ[73] ॥	They[70] alone are the saints[72], who are pleasing[73] to the mind of the True Guru.	ਕੇਵਲ ਉਹ[70] ਹੀ ਸੰਤ[72] ਹਨ ਜੋ ਸੱਚੇ ਗੁਰਾਂ ਦੇ ਚਿਤ ਨੂੰ ਚੰਗੇ ਲਗਦੇ[73] ਹਨ।
ਅਨਦਿਨੁ[74] ਨਾਮਿ ਰਹੇ ਲਿਵ ਲਾਏ[75] ॥	Night[74] and day, they remain attuned[75] to the Lord's Name.	ਰੈਣ[74] ਅਤੇ ਦਿਨ ਉਹ ਸਾਹਿਬ ਦੇ ਨਾਮ ਨਾਲ ਪਿਰਹੜੀ[75] ਪਾਈ ਰਖਦੇ ਹਨ।
ਸਦ[76] ਹੀ ਨਾਮੁ[77] ਵੇਖਹਿ[78] ਹਜੂਰਿ[79] ॥ ਗੁਰ ਕੈ ਸਬਦਿ[80] ਰਹਿਆ ਭਰਪੂਰਿ[81] ॥੭॥	They see[78] the Lord[77], ever[76] before[79] them. Through the Guru's word[80], they behold the Lord fully-filling[81] all.	ਉਹ ਸਾਂਈ[77] ਨੂੰ ਸਦੀਵ[76] ਹੀ ਆਪਣੇ ਸਾਹਮਣੇ[79] ਦੇਖਦੇ[78] ਹਨ। ਗੁਰਾਂ ਦੀ ਬਾਣੀ[80] ਰਾਹੀਂ, ਉਹ ਪ੍ਰਭੂ ਨੂੰ ਸਾਰੇ ਪਰੀਪੂਰਨ[81] ਦੇਖਦੇ ਹਨ।
ਆਪੇ[82] ਬਖਸੇ[83] ਦੇਇ[84] ਪਿਆਰੁ[85] ॥	Of Himself[82], the Lord forgives[83] and blesses with[84] His love[85].	ਖੁਦ[82] ਹੀ ਪ੍ਰਭੂ ਮਾਫ਼ੀ ਦਿੰਦਾ[83] ਅਤੇ ਆਪਣੀ ਪ੍ਰੀਤ[85] ਪਰਦਾਨ ਕਰਦਾ[84] ਹੈ।
ਹਉਮੈ[86] ਰੋਗੁ[87] ਵਡਾ[88] ਸੰਸਾਰਿ[89] ॥	The world[89] is afflicted with the great[88] malady[87] of self-conceit[86].	ਜਗਤ[89] ਸਵੈ-ਹੰਗਤਾ[86] ਦੀ ਦੀਰਘ[88] ਬੀਮਾਰੀ[87] ਅੰਦਰ ਗ੍ਰਸਿਆ ਹੋਇਆ ਹੈ।
ਗੁਰ ਕਿਰਪਾ[90] ਤੇ ਏਹੁ ਰੋਗੁ ਜਾਇ[91] ॥ ਨਾਨਕ ਸਾਚੇ[92] ਸਾਚਿ[93] ਸਮਾਇ[94] ॥੮॥੧॥੩॥੫॥੮॥	By the Guru's grace[90], this malady is eradicated[91] and the mortal merges[94] in the True Name[93] of the True Lord[92], O Nanak.	ਗੁਰਾਂ ਦੀ ਦਇਆ[90] ਦੁਆਰਾ, ਇਹ ਬੀਮਾਰੀ ਜੜ੍ਹੋਂ ਪੁੱਟੀ ਜਾਂਦੀ[91] ਹੈ ਅਤੇ ਪ੍ਰਾਣੀ ਸੱਚੇ ਸਾਂਈ[92] ਦੇ ਸੱਚੇ ਨਾਮ[93] ਅੰਦਰ ਲੀਨ ਹੋ ਜਾਂਦਾ[94] ਹੈ, ਹੇ ਨਾਨਕ!
ਰਾਗੁ ਮਲਾਰ ਛੰਤ ਮਹਲਾ ੫	**Rag Malar Chhant 5th Guru**	**ਰਾਗ ਮਲਾਰ ਛੰਤ ਪੰਜਵੀਂ ਪਾਤਿਸ਼ਾਹੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਪ੍ਰੀਤਮ[95] ਪ੍ਰੇਮ ਭਗਤਿ[96] ਕੇ ਦਾਤੇ[97] ॥ ਅਪਨੇ ਜਨ[98] ਸੰਗਿ[100] ਰਾਤੇ[99] ॥	My loved Lord[95] is the Giver[97] of His love-worship[96]. He is imbued[99] with[100] the love of His slave[98].	ਮੇਰਾ ਪਿਆਰਾ ਪ੍ਰਭੂ[95] ਆਪਣੀ ਪਿਆਰੀ ਉਪਾਸ਼ਨਾ[96] ਦੇਣਹਾਰ[97] ਹੈ। ਉਹ ਆਪਣੇ ਗੋਲੇ[98] ਦੇ ਪਿਆਰ ਨਾਲ[100] ਰੰਗਿਆ[99] ਹੋਇਆ ਹੈ।
ਜਨ ਸੰਗਿ ਰਾਤੇ[2] ਦਿਨਸੁ ਰਾਤੇ[3] ਇਕ ਨਿਮਖ[4] ਮਨਹੁ[5] ਨ ਵੀਸਰੈ[6] ॥	He ever[3] loves[2] His slave and, in His mind[5], forgets[6] not His slave, even for a moment[4].	ਉਹ ਸਦਾ[3] ਹੀ ਆਪਣੇ ਗੋਲੇ ਨੂੰ ਪਿਆਰ ਕਰਦਾ[2] ਹੈ ਅਤੇ ਆਪਣੇ ਚਿੱਤੋਂ[5] ਇਕ ਮੁਹਤ[4] ਲਈ ਭੀ ਆਪਣੇ ਗੋਲੇ ਨੂੰ ਨਹੀਂ ਭੁਲਾਉਂਦਾ[6]।

[7]ਗੋਪਾਲ[8] ਗੁਣ[9] ਨਿਧਿ[10] ਸਦਾ ਸੰਗੇ[12] ਸਰਬ[13] ਗੁਣ [14]ਜਗਦੀਸਰੈ[15] ॥	God, the Cherisher[8] of the creation[7] and the Treasure[10] of virtues[9] is ever with[12] me. The Lord[15] of the Universe[14] possess all[13] the merits.	ਰਚਨਾ[7] ਦਾ ਪਾਲਣਹਾਰ[8] ਅਤੇ ਸਾਰੀਆਂ ਨੇਕੀਆਂ[9] ਦਾ ਖ਼ਜ਼ਾਨਾ[10], ਵਾਹਿਗੁਰੂ ਹਮੇਸ਼ਾਂ ਹੀ ਮੇਰੇ ਅੰਗ ਸੰਗ[12] ਹੈ । ਆਲਮ[14] ਦੇ ਸੁਆਮੀ[15] ਵਿਚ ਸਾਰੀਆਂ[13] ਹੀ ਖ਼ੂਬੀਆਂ ਹਨ ।
ਮਨੁ ਮੋਹਿ[16] ਲੀਨਾ ਚਰਨ[17]ਸੰਗੇ[18] ਨਾਮ ਰਸਿ[18*] ਜਨ[19] ਮਾਤੇ[20] ॥	With[18] His feet[17], He has fascinated[16] my mind and I, His serf[19]; am intoxicated[20] with the love[18*] of His Name.	ਆਪਣੇ ਪੈਰਾਂ[17] ਨਾਲ[18] ਉਸ ਨੇ ਮੇਰਾ ਚਿਤ ਫ਼ਰੇਫ਼ਤਾ ਕਰ ਲਿਆ[16] ਹੈ ਅਤੇ ਮੈਂ ਉਸ ਦਾ ਨਫ਼ਰ[19]; ਉਸ ਦੇ ਨਾਮ ਦੀ ਪ੍ਰੀਤ[18*] ਨਾਲ ਮਤਵਾਲਾ ਹੋ ਗਿਆ[20] ਹਾਂ ।
ਨਾਨਕ ਪ੍ਰੀਤਮੰ[21] ਕ੍ਰਿਪਾਲ[22] ਸਦਹੂੰ[23] ਕਿਨੈ[24] ਕੋਟਿ[25] ਮਧੇ[26] ਜਾਤੇ[27] ॥੧॥	Ever[23] merciful[22] is my Beloved[21], O Nanak. Some rare one[24], out of[26] millions[25] realises[27] Him.	ਸਦੀਵ[23] ਹੀ ਮਇਆਵਾਨ[22] ਹੈ ਮੇਰਾ ਪਿਆਰਾ[21]; ਹੇ ਨਾਨਕ ! ਕ੍ਰੋੜਾਂ[25] ਵਿਚੋਂ[26] ਕੋਈ ਵਿਰਲਾ[24] ਹੀ ਉਸ ਨੂੰ ਅਨੁਭਵ[27] ਕਰਦਾ ਹੈ ।
ਪ੍ਰੀਤਮ ਤੇਰੀ ਗਤਿ[28] ਅਗਮ[29] ਅਪਾਰੇ[30] ॥	O my Love, infinite[30] art Thou and indescribable[29] is Thine state[28].	ਹੇ ਮੇਰੇ ਪਿਆਰਿਆ ! ਅਨੰਤ[30] ਹੈਂ ਤੂੰ ਅਤੇ ਵਰਨਣ-ਰਹਿਤ[29] ਹੈ ਤੇਰੀ ਅਵਸਥਾ[28] ।
ਮਹਾ[31] ਪਤਿਤ[32] ਤੁਮ੍ਹ ਤਾਰੇ[33] ॥	Thou hast saved[33] even the great[31] sinners[32].	ਤੂੰ ਪਰਮ[31] ਪਾਂਬਰਾਂ[32] ਦਾ ਭੀ ਪਾਰ ਉਤਾਰਾ ਕਰ ਦਿੱਤਾ[33] ਹੈ ।
ਪਤਿਤ ਪਾਵਨ[34] ਭਗਤਿ[35] ਵਛਲ[36] ਕ੍ਰਿਪਾ[37] ਸਿੰਧੁ[38] ਸੁਆਮੀਆ[39] ॥	He, the Lord[39], is the Purifier[34] of the sinners, the lover[36] of His devotees[35] and the ocean[38] of mercy[37].	ਉਹ ਪ੍ਰਭੂ[39] ਪਾਪੀਆਂ ਨੂੰ ਪਵਿੱਤਰ ਕਰਨ ਵਾਲਾ[34], ਆਪਣੇ ਸ਼ਰਧਾਲੂਆਂ[35] ਨੂੰ ਪਿਆਰ ਕਰਨਹਾਰ[36] ਅਤੇ ਰਹਿਮਤ[37] ਦਾ ਸਮੁੰਦਰ[38] ਹੈ ।
ਸੰਤ ਸੰਗੇ ਭਜੁ[40] ਨਿਸੰਗੇ[41] ਰੰਉ[42] ਸਦਾ[43] ਅੰਤਰਜਾਮੀਆ[44] ॥	In the saints' society unhesitatingly[41] contemplate[40] thou thy Lord and ever[43] utter[42] the name of thy God, the Searcher of hearts[44].	ਸਤਿਸੰਗਤ ਅੰਦਰ ਤੂੰ ਨਿਝਕ[41] ਹੋ ਆਪਣੇ ਸੁਆਮੀ ਦਾ ਸਿਮਰਨ ਕਰ[40] ਅਤੇ ਦਿਲਾਂ ਦੀਆਂ ਜਾਨਣਹਾਰ[44] ਆਪਣੇ ਵਾਹਿਗੁਰੂ ਦੇ ਨਾਮ ਦਾ ਸਦੀਵ[43] ਹੀ ਉਚਾਰਨ ਕਰ[42] ।
ਕੋਟਿ[45] ਜਨਮ[46] ਭ੍ਰਮੰਤ[47] ਜੋਨੀ[48] ਤੇ[49] ਨਾਮ ਸਿਮਰਤ[50] ਤਾਰੇ[51] ॥	They, who wandered[47] in species[48] through millions[45] of births[46]; them[49] Thou hast emancipated[51] through Thy Name's meditation[50].	ਜੋ ਕ੍ਰੋੜਾਂ[45] ਹੀ ਜਨਮਾਂ[46] ਵਿਚ ਕਈ ਜੂਨੀਆਂ[48] ਅੰਦਰ ਭਟਕ ਰਹੇ[47] ਸਨ, ਉਨ੍ਹਾਂ[49] ਦਾ ਤੂੰ ਆਪਣੇ ਨਾਮ ਦੇ ਸਿਮਰਨ[50] ਰਾਹੀਂ, ਪਾਰ ਉਤਾਰਾ ਕਰ ਦਿੱਤਾ[51] ਹੈ ।
ਨਾਨਕ ਦਰਸ[52] ਪਿਆਸ[53] ਹਰਿ ਜੀਉ[54] ਆਪਿ[55] ਲੇਹੁ ਸਮ੍ਾਰੇ[56] ॥੨॥	Nanak thirsts[53] for Thine vision[52], O Reverend[54] Lord. Take care of[56] him Thou, Thyself[55].	ਨਾਨਕ ਤੇਰੇ ਦਰਸ਼ਨ[52] ਦਾ ਤਿਹਾਇਆ[53] ਹੈ, ਹੇ ਪੂਜਯ[54] ਪ੍ਰਭੂ ! ਤੂੰ ਖ਼ੁਦ[55] ਹੀ ਉਸ ਦੀ ਸੰਭਾਲ[56] ਕਰ ।
ਹਰਿ ਚਰਨ[57] ਕਮਲ ਮਨੁ[58] ਲੀਨਾ[59] ॥	O God, my soul[58] is absorbed[59] in Thine lotus-feet[57].	ਹੇ ਹਰੀ ! ਮੇਰੀ ਜਿੰਦੜੀ[58] ਤੇਰੇ ਕੰਵਲ ਰੂਪੀ ਪੈਰਾਂ[57] ਅੰਦਰ ਸਮਾਈ ਹੋਈ[59] ਹੈ ।
ਪ੍ਰਭ ਜਲ[60] ਜਨ[61] ਤੇਰੇ ਮੀਨਾ[62] ॥	My Lord, Thou art water[60] and Thy serfs[61] are Thy fish[62].	ਮੇਰੇ ਸਾਂਈਂ ! ਤੂੰ ਪਾਣੀ[60] ਹੈਂ ਤੇ ਤੇਰੇ ਨਫ਼ਰ[61] ਤੇਰੀਆਂ ਮੱਛੀਆਂ[62] ਹਨ ।
ਜਲ ਮੀਨ ਪ੍ਰਭ ਜੀਉ[67]	O Sire[67] Lord, Thou alone[63] art the	ਹੇ ਮਹਾਰਾਜ[67] ਮਾਲਕ ! ਕੇਵਲ[63] ਤੂੰ ਹੀ ਪਾਣੀ ਅਤੇ

ਏਕ[63] ਤੂਹੈ ਭਿੰਨ[64] ਆਨ[65] ਨ ਜਾਨੀਐ[66] ॥	water and the fish. I realise[66] that there is no distinction[64] between the two[65].	ਮੱਛੀ ਹੈਂ । ਮੈਂ ਅਨੁਭਵ ਕਰਦਾ[66] ਹਾਂ ਕਿ ਦੋਨਾਂ[65] ਵਿਚ ਕੋਈ ਫ਼ਰਕ[64] ਨਹੀਂ ।
ਗਹਿ[68] ਭੁਜਾ[69] ਲੇਵਹੁ ਨਾਮੁ ਦੇਵਹੁ[70] ਤਉ ਪ੍ਰਸਾਦੀ[71] ਮਾਨੀਐ[72] ॥	Hold[68] Thou me by the arm[69] and bless[70] me with Thy Name. Through Thy grace[71] alone, I can attain glory[72].	ਤੂੰ ਮੈਨੂੰ ਬਾਂਹ[69] ਤੋਂ ਪਕੜ ਲੈ[68] ਅਤੇ ਮੈਨੂੰ ਆਪਣਾ ਨਾਮ ਪਰਦਾਨ ਕਰ[70] । ਕੇਵਲ ਤੇਰੀ ਰਹਿਮਤ[71] ਰਾਹੀਂ ਹੀ ਮੈਂ ਪ੍ਰਭਤਾ[72] ਨੂੰ ਪਰਾਪਤ ਹੋ ਸਕਦਾ ਹਾਂ ।
ਭਜੁ[73] ਸਾਧ ਸੰਗੇ ਏਕ[74] ਰੰਗੇ[75] ਕ੍ਰਿਪਾਲ[76] ਗੋਬਿਦ[77] ਦੀਨਾ[78] ॥	Associating with the saints, lovingly[75] meditate[73] thou on the One[74] Lord[77], merciful[76] to the meek[78].	ਸਤਿਸੰਗ ਅੰਦਰ, ਪਿਆਰ[75] ਨਾਲ ਤੂੰ, ਮਸਕੀਨਾਂ[78] ਤੇ ਮਿਹਰਬਾਨ[76] ਇਕ[74] ਸੁਆਮੀ[77] ਦਾ ਸਿਮਰਨ ਕਰ[73] ।
ਅਨਾਥ[79] ਨੀਚ[80] ਸਰਣਾਇ[81] ਨਾਨਕ ਕਰਿ ਮਇਆ[82] ਅਪੁਨਾ[83] ਕੀਨਾ[84] ॥੩॥	Helpless[79] and grovelling[80] Nanak has sought the protection[81] of God, who has, in his mercy[82], made[84] him His own[83].	ਨਿਹੱਥਲ[79] ਅਤੇ ਅਧਮ[80] ਨਾਨਕ ਨੇ ਵਾਹਿਗੁਰੂ ਦੀ ਪਨਾਹ[81] ਲਈ ਹੈ, ਜਿਸ ਨੇ ਆਪਣੀ ਰਹਿਮਤ[82] ਸਦਕਾ, ਉਸ ਨੂੰ ਆਪਣਾ[83] ਨਿਜ ਦਾ ਬਣਾ ਲਿਆ[84] ਹੈ।
ਆਪਸ[85] ਕਉ ਆਪੁ[86] ਮਿਲਾਇਆ[90] ॥ ਭ੍ਰਮ[87] ਭੰਜਨ[88] ਹਰਿ ਰਾਇਆ[89] ॥	God, the King[89] and the Destroyer[88] of doubt[87], Himself[86], unites[90] His saints with Himself[85].	ਸੰਦੇਹ[87] ਨਾਸ ਕਰਨਹਾਰ[88], ਵਾਹਿਗੁਰੂ ਪਾਤਿਸ਼ਾਹ[89] ਖ਼ੁਦ[86] ਹੀ ਆਪਣੇ ਸੰਤਾਂ ਨੂੰ ਆਪਣੇ[85] ਨਾਲ ਮਿਲਾ ਲੈਂਦਾ[90] ਹੈ ।
ਆਚਰਜ[91] ਸੁਆਮੀ ਅੰਤਰਜਾਮੀ[92] ਮਿਲੇ[96] ਗੁਣ[93] ਨਿਧਿ[94] ਪਿਆਰਿਆ[95] ॥	My wondrous[91] Lord is the Searcher of hearts[92]. My Love[95], the Treasure[94] of virtues[93], has mercifully met[96] with me.	ਮੇਰਾ ਅਦਭੁਤ[91] ਸਾਹਿਬ ਦਿਲਾਂ ਦੀਆਂ ਜਾਨਣਹਾਰ[92] ਹੈ । ਨੇਕੀਆਂ[93] ਦਾ ਖ਼ਜ਼ਾਨਾ[94], ਮੇਰਾ ਪ੍ਰੀਤਮ[95], ਮਿਹਰ ਧਾਰ ਮੈਨੂੰ ਮਿਲ ਪਿਆ[96] ਹੈ ।
ਮਹਾ[97] ਮੰਗਲ[98] ਸੂਖ[99] ਉਪਜੇ[100] [2]ਗੋਬਿੰਦ[3] ਗੁਣ[4] ਨਿਤ[5] ਸਾਰਿਆ[6] ॥	By ever[5] remembering[6] the excellences[4] of the [2]World-Lord[3], supreme[97] bliss[98] and peace[99] have welled up[100] within me.	ਸਦਾ[5] ਹੀ ਸ੍ਰਿਸ਼ਟੀ[2] ਦੇ ਸੁਆਮੀ[3] ਦੀਆਂ ਬਜ਼ੁਰਗੀਆਂ[4] ਨੂੰ ਯਾਦ ਕਰਨ[6] ਦੁਆਰਾ, ਮੇਰੇ ਅੰਦਰ ਪਰਮ[97] ਖ਼ੁਸ਼ੀ[98] ਅਤੇ ਆਰਾਮ[99] ਉਤਪੰਨ ਹੋ ਗਏ[100] ਹਨ ।
ਮਿਲਿ[7] ਸੰਗਿ[8] ਸੋਹੇ[9] ਦੇਖਿ[10] ਮੋਹੇ[12] ਪੁਰਬਿ[13] ਲਿਖਿਆ ਪਾਇਆ ॥	Meeting[7] with[8] Thee, O my Lord, I am embellished[9] and seeing[10] Thee, I am fascinated[12] and I have obtained what was predestined[13] for me.	ਤੇਰੇ ਨਾਲ[8] ਮਿਲ ਕੇ[7] ਹੇ ਮੇਰੇ ਸੁਆਮੀ ! ਮੈਂ ਸੁਸ਼ੋਭਤ ਹੋ ਗਿਆ[9] ਹਾਂ ਅਤੇ ਤੈਨੂੰ ਵੇਖ[10] ਮੈਂ ਫ਼ਰੇਫ਼ਤਾ ਹੋ ਗਿਆ[12] ਹਾਂ ਅਤੇ ਮੈਂ ਉਹ ਕੁਛ ਪਾ ਲਿਆ ਹੈ, ਜੋ ਮੇਰੇ ਲਈ ਮੁੱਢ ਤੋਂ ਲਿਖਿਆ ਹੋਇਆ[13] ਸੀ ।
ਬਿਨਵੰਤਿ[14] ਨਾਨਕ ਸਰਨਿ[15] ਤਿਨ[16] ਕੀ ਜਿਨੀ[19] ਹਰਿ ਹਰਿ[17] ਧਿਆਇਆ[18] ॥੪॥੧॥	Prays[14] Nanak, I seek the refuge[15] of those[16] who[19] meditate[18] on their Lord Master[17].	ਗੁਰੂ ਜੀ ਬੇਨਤੀ ਕਰਦੇ[14] ਹਨ, ਮੈਂ ਉਹਨਾਂ[16] ਦੀ ਸ਼ਰਣਾਗਤ[15] ਲੋੜਦਾ ਹਾਂ, ਜੋ[19] ਆਪਣੇ ਸੁਆਮੀ ਮਾਲਕ[17] ਦਾ ਸਿਮਰਨ ਕਰਦੇ[18] ਹਨ ।

ਵਾਰ ਮਲਾਰ ਕੀ
ਮਹਲਾ ੧
ਰਾਣੇ ਕੈਲਾਸ ਤਥਾ[20] ਮਾਲਦੇ ਕੀ ਧੁਨਿ[21] ॥

Var of Malar
Ist Guru
To be sung to the tune[21] of Rana Kailash and [20] Malda.

ਮਲਾਰ ਦੀ ਵਾਰ
ਪਹਿਲੀ ਪਾਤਿਸ਼ਾਹੀ
ਰਾਣਾ ਕੈਲਾਸ਼ ਅਤੇ[20] ਮਾਲਦੇ ਦੀ ਸੁਰ[21] ਤੇ ਗਾਉਣੀ।

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is attained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਸਲੋਕ ਮਹਲਾ ੩ ॥
ਗੁਰਿ ਮਿਲਿਐ ਮਨੁ[22] ਰਹਸੀਐ[23] ਜਿਉ[24] ਵੁਠੈ[25] ਧਰਣਿ[26] ਸੀਗਾਰੁ[27] ॥

Slok 3rd Guru.
On meeting the Guru, the soul[22] blossoms[23], as[24], the earth[26] is embellished[27] after the bursting forth[25] of the cloud.

ਸਲੋਕ ਤੀਜੀ ਪਾਤਿਸ਼ਾਹੀ।
ਗੁਰਾਂ ਨੂੰ ਮਿਲਣ ਦੁਆਰਾ, ਜਿੰਦੜੀ[22] ਐਉਂ ਖਿੜ ਜਾਂਦੀ[23] ਹੈ, ਜਿਸ ਤਰ੍ਹਾਂ[24] ਬੱਦਲ ਦੇ ਵਰ੍ਹਨ[25] ਨਾਲ ਧਰਤੀ[26] ਸ਼ਸ਼ੋਭਤ ਹੋ ਜਾਂਦੀ[27] ਹੈ।

੧੨੭੯ — 1279 — ੧੨੭੯

ਸਭ[28] ਦਿਸੈ[29] ਹਰੀਆਵਲੀ[30] ਸਰ[31] ਭਰੇ[32] ਸੁਭਰ[33] ਤਾਲ[34] ॥

Everything[28] appears[29] green[30] and the ponds[31] and the tanks[34] are filled[32] to the brim[33].

ਹਰ ਵਸਤੂ[28] ਸਰਸਬਜ਼[30] ਨਜ਼ਰ ਆਉਂਦੀ[29] ਹੈ ਅਤੇ ਛੱਪੜ[31] ਤੇ ਤਾਲਾਬ[34] ਲਬਾਲਬ[33] ਭਰੇ ਹੋਏ[32] ਹਨ।

ਅੰਦਰੁ[35] ਰਚੈ[36] ਸਚ[37] ਰੰਗਿ[38] ਜਿਉ[39] ਮੰਜੀਠੈ ਲਾਲੁ[40] ॥

The love[38] of the True Lord[37] attached[36] to the mind[35] as[39] redness[40] to the madder.

ਸੱਚੇ ਸੁਆਮੀ[37] ਦੀ ਪ੍ਰੀਤ[38] ਹਿਰਦੇ[35] ਨਾਲ ਐਉਂ ਚਿਮੜੀ ਹੋਈ[36] ਹੈ, ਜਿਸ ਤਰ੍ਹਾਂ[39] ਲਾਲੀ[40] ਮਜੀਠ ਨੂੰ।

ਕਮਲੁ[43] ਵਿਗਸੈ[41] ਸਚੁ[42] ਮਨਿ[44] ਗੁਰ ਕੈ ਸਬਦਿ[45] ਨਿਹਾਲੁ[46] ॥

Obeying[44] the True Lord[42], the heart lotus[43] blooms[41] and one is rendered happy[46], through the Guru's word[45]

ਸੱਚੇ ਸਾਂਈ[42] ਦੀ ਆਗਿਆ ਦਾ ਪਾਲਣ ਕਰਨ[44] ਦੁਆਰਾ, ਦਿਲ ਰੂਪੀ ਕੰਵਲ[43] ਖਿੜ ਜਾਂਦਾ[41] ਹੈ ਅਤੇ ਗੁਰਾਂ ਦੀ ਬਾਣੀ[45] ਰਾਹੀਂ ਇਨਸਾਨ ਪ੍ਰਸੰਨ[46] ਹੋ ਜਾਂਦਾ ਹੈ।

ਮਨਮੁਖ[47] ਦੂਜੀ[48] ਤਰਫ[49] ਹੈ ਵੇਖਹੁ[50] ਨਦਰਿ[51] ਨਿਹਾਲਿ[52] ॥

The wayward[47] person is on the other[48] side[49] of God. Ascertain[50] thou this by seeing[52] with thy eyes[51].

ਆਪ ਹੁਦਰਾ[47] ਪੁਰਸ਼ ਰਬ ਦੇ ਦੂਸਰੇ[48] ਪਾਸੇ[49] ਹੈ। ਆਪਣੀਆਂ ਅੱਖਾਂ[51] ਨਾਲ ਦੇਖ ਕੇ[52] ਤੂੰ ਇਸ ਦਾ ਨਿਰਣਾ ਕਰ[50] ਲੈ।

ਫਾਹੀ[53] ਫਾਥੇ[54] ਮਿਰਗ[55] ਜਿਉ[56] ਸਿਰਿ[57] ਦਿਸੈ ਜਮ[58] ਕਾਲੁ[59] ॥

Like[56] the deer[55] ensnared[54] in the net[53], the death's[59] courier[58] is seen standing over his head[57].

ਜਾਲ[53] ਅੰਦਰ ਫਸੇ ਹੋਏ[54] ਹਰਣ[55] ਦੀ ਮਾਨੰਦ[56], ਮੌਤ[59] ਦਾ ਦੂਤ[58] ਉਸ ਦੇ ਸਿਰ[57] ਉਤੇ ਖੜਾ ਦਿਸਦਾ ਹੈ।

ਖੁਧਿਆ[60] ਤ੍ਰਿਸਨਾ[61] ਨਿੰਦਾ[62] ਬੁਰੀ[63] ਕਾਮੁ[64] ਕ੍ਰੋਧੁ[65] ਵਿਕਰਾਲੁ[66] ॥

Vile[63] are hunger[60], thirst[61] and slander[62] and terrible[66] are lust[64] and wrath[65].

ਨੀਚ[63] ਹਨ ਭੁੱਖ[60], ਤਰੇਹ[61] ਅਤੇ ਬਦਖ਼ੋਈ[62] ਅਤੇ ਭਿਆਨਕ[66] ਹਨ ਸ਼ਹਿਵਤ[64] ਅਤੇ ਗੁੱਸਾ[65]।

ਏਨੀ ਅਖੀ[67] ਨਦਰਿ[68] ਨ ਆਵਈ ਜਿਚਰੁ[69] ਸਬਦਿ[70] ਨ ਕਰੇ ਬੀਚਾਰੁ[71] ॥

Until[69] one reflects[71] not on the Guru's word[70], one sees[68] not the Lord with these eyes[67].

ਜਦ ਤਾਂਈ[69] ਜੀਵ ਗੁਰਾਂ ਦੀ ਬਾਣੀ[70] ਨੂੰ ਸੋਚਦਾ ਵੀਚਾਰਦਾ[71] ਨਹੀਂ, ਉਦੋਂ ਤਾਂਈਂ ਸਾਹਿਬ ਉਸ ਨੂੰ ਇਨ੍ਹਾਂ ਨੇਤ੍ਰਾਂ[67] ਨਾਲ ਨਹੀਂ ਦਿੱਸਦਾ[68]।

ਤੁਧ ਭਾਵੈ[72] ਸੰਤੋਖੀਆਂ[73] ਚੂਕੈ[74] ਆਲ ਜੰਜਾਲੁ[75] ॥	Whosoever is pleasing[72] to Thee, O Lord; he becomes content[73] and his domestic involvements[75] are past[74].	ਜਿਹੜਾ ਤੈਨੂੰ ਚੰਗਾ ਲਗਦਾ[72] ਹੈ, ਹੇ ਸਾਂਈਂ! ਉਹ ਸੰਤੁਸ਼ਟ[73] ਹੋ ਜਾਂਦਾ ਹੈ ਅਤੇ ਉਸ ਦੇ ਘਰੋਗੀ ਪੁਆੜੇ[75] ਮੁਕ ਜਾਂਦੇ[74] ਹਨ।
ਮੂਲੁ[76] ਰਹੈ[77] ਗੁਰੁ ਸੇਵਿਐ[78] ਗੁਰ ਪਉੜੀ[79] ਬੋਹਿਥੁ[80] ॥	Serving[78] the Guru, man's capital[76] is saved[77]. The Guru is the ladder[79] and the boat[80] of salvation.	ਗੁਰਾਂ ਦੀ ਘਾਲ ਕਮਾਉਣ[78] ਦੁਆਰਾ, ਅਸਲ ਰਾਸ[76] ਬਚ ਜਾਂਦੀ[77] ਹੈ। ਗੁਰੂ ਜੀ ਮੁਕਤੀ ਦੀ ਪੌੜੀ[79] ਅਤੇ ਜਹਾਜ਼[80] ਹਨ।
ਨਾਨਕ ਲਗੀ[81] ਤਤੁ[82] ਲੈ[83] ਤੂ ਸਚਾ[84] ਮਨਿ ਸਚੁ[85] ॥੧॥	Nanak, whosoever is attached[81] to the Lord; he receives[83] His quintessence[82]. Thou, O True Lord[84], art attained through the true mind[85].	ਨਾਨਕ, ਜਿਹੜਾ ਕੋਈ ਭੀ ਸੁਆਮੀ ਨਾਲ ਜੁੜ ਜਾਂਦਾ[81] ਹੈ ਉਹ ਉਸ ਦੀ ਅਸਲੀਅਤ[82] ਨੂੰ ਪਾ ਲੈਂਦਾ[83] ਹੈ। ਤੂੰ ਹੇ ਸੱਚੇ ਸੁਆਮੀ[84]! ਸੱਚੇ ਦਿਲ[85] ਰਾਹੀਂ ਪਰਾਪਤ ਹੁੰਦਾ ਹੈਂ।
ਮਹਲਾ ੧ ॥	Ist Guru	ਪਹਿਲੀ ਪਾਤਿਸ਼ਾਹੀ।
ਹੇਕੋ[86] ਪਾਧਰੁ[87] ਹੇਕੁ ਦਰੁ[88] ਗੁਰ ਪਉੜੀ ਨਿਜ[89] ਥਾਨੁ[90] ॥	There is but one[86] road[87] and one door[88]. The Guru is the ladder to reach one's own[89] place[90].	ਕੇਵਲ ਇਕ[86] ਹੀ ਮਾਰਗ[87] ਹੈ ਅਤੇ ਇਕ ਹੀ ਦਰਵਾਜ਼ਾ[88]। ਆਪਣੇ ਨਿਜ[89] ਦੇ ਅਸਥਾਨ[90] ਤੇ ਪੁਜਣ ਲਈ ਗੁਰੂ ਜੀ ਪੌੜੀ ਹਨ।
ਰੂੜਉ[91] ਠਾਕੁਰ ਨਾਨਕਾ ਸਭਿ ਸੁਖ ਸਾਚਉ[92] ਨਾਮੁ ॥੨॥	Beauteous[91] is the Lord, O Nanak. All the comforts are in the True Name[92].	ਸੋਹਣਾ ਸੁਨੱਖਾ[91] ਹੈ ਸੁਆਮੀ, ਹੇ ਨਾਨਕ! ਸਮੂਹ ਆਰਾਮ ਸੱਚੇ ਨਾਮ[92] ਦੇ ਅੰਦਰ ਹਨ।
ਪਉੜੀ ॥	Pauri	ਪਉੜੀ।
ਆਪੀ ਨੈ[93] ਆਪੁ[94] ਸਾਜਿ[95] ਆਪੁ ਪਛਾਣਿਆ[96] ॥	Of Himself[93], the Lord created[95] Himself[94] and He alone knows[96] Himself.	ਆਪ ਹੀ[93], ਪ੍ਰਭੂ ਨੇ ਆਪਣੇ ਆਪ[94] ਨੂੰ ਰਚਿਆ[95] ਅਤੇ ਕੇਵਲ ਉਹ ਹੀ ਆਪਣੇ ਆਪ ਨੂੰ ਜਾਣਦਾ[96] ਹੈ।
ਅੰਬਰੁ[97] ਧਰਤਿ[98] ਵਿਛੋੜਿ[99] ਚੰਦੋਆ[100] ਤਾਣਿਆ ॥	Separating[99] the sky[97] and the earth[98], He has spread the canopy[100] of the firmament.	ਅਸਮਾਨ[97] ਅਤੇ ਜ਼ਮੀਨ[98] ਨੂੰ ਵਖਰਾ ਕਰ[99], ਉਸ ਨੇ ਆਕਾਸ਼ ਦੀ ਚਾਨਣੀ[100] ਤਾਣ ਦਿਤੀ ਹੈ।
ਵਿਣੁ ਥੰਮ੍ਹਾ[2] ਗਗਨੁ[3] ਰਹਾਇ[4] ਸਬਦੁ[5] ਨੀਸਾਣਿਆ[6] ॥	Making His command[5] manifest[6], the Lord has supported[4] the sky[3] without pillars[2].	ਆਪਣੇ ਹੁਕਮ[5] ਨੂੰ ਪ੍ਰਗਟ[6] ਕਰ, ਸੁਆਮੀ ਨੇ ਬਗ਼ੈਰ ਥਮਲਿਆਂ[2] ਦੇ ਅਸਮਾਨ[3] ਨੂੰ ਠਹਿਰਾਇਆ ਹੋਇਆ[4] ਹੈ।
ਸੂਰਜੁ[7] ਚੰਦੁ[8] ਉਪਾਇ[9] ਜੋਤਿ[10] ਸਮਾਣਿਆ[12] ॥	Creating[9] the sun[7] and the moon[8], the Lord infused[12] His light[10] within them.	ਸੂਰਜ[7] ਅਤੇ ਚੰਨ[8] ਨੂੰ ਰਚ ਕੇ[9], ਸੁਆਮੀ ਨੇ ਉਨ੍ਹਾਂ ਅੰਦਰ ਆਪਣਾ ਪਰਕਾਸ਼[10] ਟਿਕਾ ਦਿੱਤਾ[12] ਹੈ।
ਕੀਏ[13] ਰਾਤਿ ਦਿਨੰਤੁ[14] ਚੋਜ[15] ਵਿਡਾਣਿਆ[16] ॥	He created[13] the night and day[14]. Wondrous[16] are His wondrous plays[15].	ਉਸ ਨੇ ਰਾਤ੍ਰੀ ਅਤੇ ਦਿਨ[14] ਰਚੇ[13]। ਅਸਚਰਜ[16] ਹਨ ਉਸ ਦੀਆਂ ਅਦਭੁਤ ਖੇਡਾਂ[15]।
ਤੀਰਥ[17] ਧਰਮ[18] ਵੀਚਾਰ[19]	The Lord created the places of	ਪ੍ਰਭੂ ਨੇ ਯਾਤ੍ਰਾ-ਅਸਥਾਨ[17] ਸਾਜੇ ਹਨ, ਜਿਥੇ ਪ੍ਰਾਣੀ

ਨਾਵਣ[20] ਪੁਰਬਾਨਿਆ[21] ॥	pilgrimage[17], where the mortals reflect upon[19] goodness[18] and bathe[20] on the auspicious occasions[21].	ਨੇਕੀ[18] ਦੀ ਸੋਚ-ਬੀਚਾਰ ਕਰਦੇ[19] ਹਨ ਅਤੇ ਮੁਬਾਰਕ ਸਮਿਆਂ[21] ਉਤੇ ਇਸ਼ਨਾਨ ਕਰਦੇ[20] ਹਨ ।
ਤੁਧੁ ਸਰਿ[22] ਅਵਰੁ[23] ਨ ਕੋਇ ਕਿ[24] ਆਖਿ[25] ਵਖਾਣਿਆ[26] ॥	Equal[22] to Thee, there is not any other[23], O Lord. How[24] can I describe[25] and narrate[26] Thee ?	ਤੇਰੇ ਬਰਾਬਰ[22] ਦਾ ਹੋਰ ਕੋਈ[23] ਨਹੀਂ ਹੇ ਪ੍ਰਭੂ ! ਮੈਂ ਤੈਨੂੰ ਕਿਸ ਤਰ੍ਹਾਂ[24] ਬਿਆਨ[25] ਤੇ ਵਰਨਣ[26] ਕਰ ਸਕਦਾ ਹਾਂ ?
ਸਚੈ[27] ਤਖਤਿ[28] ਨਿਵਾਸੁ[29] ਹੋਰ ਆਵਣ ਜਾਣਿਆ ॥ ੧॥	Thou art seated[29] on the Eternal[27] Throne[28], O Lord. All others but come and go.	ਤੂੰ ਕਾਲਸਥਾਈ[27] ਰਾਜਸਿੰਘਾਸਣ[28] ਤੇ ਬਿਰਾਜਮਾਨ[29] ਹੈਂ, ਹੇ ਸਾਂਈਂ ! ਹੋਰ ਸਾਰੇ ਆਉਂਦੇ ਤੇ ਜਾਂਦੇ ਰਹਿੰਦੇ ਹਨ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਨਾਨਕ ਸਾਵਣਿ ਜੇ[30] ਵਸੈ[31] ਚਹੁ ਓਮਾਹਾ[32] ਹੋਇ ॥	Nanak, if[30] it rains[31] in the month of Sawan, the four things feel great joy[32].	ਨਾਨਕ, ਜੇਕਰ[30] ਸਾਉਣ ਦੇ ਮਹੀਨੇ ਮੀਂਹ ਪਵੇ[31] ਤਾਂ ਚਾਰ ਚੀਜ਼ਾਂ ਨੂੰ ਬੜੀ ਖੁਸ਼ੀ[32] ਹੁੰਦੀ ਹੈ ।
ਨਾਗਾਂ[33] ਮਿਰਗਾਂ[34] ਮਛੀਆਂ[35] ਰਸੀਆਂ[36] ਘਰਿ[37] ਧਨੁ[38] ਹੋਇ ॥੧॥	The serpent[33], the deer[34], the fish[35] and the revellers[36], who have wealth[38] in their home[37].	ਸੱਪਾਂ[33], ਹਰਨਾਂ[34], ਮੀਨਾਂ[35] ਅਤੇ ਮੌਜਾਂ ਮਾਣਨ ਵਾਲਿਆਂ[36], ਜਿਨ੍ਹਾਂ ਦੇ ਗ੍ਰਹਿ[37] ਅੰਦਰ ਧਨ-ਦੌਲਤ[38] ਹੈ।
ਮਹਲ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਨਾਨਕ ਸਾਵਣ ਜੇ ਵਸੈ ਚਹੁ ਵੇਛੋੜਾ[39] ਹੋਇ ॥	Nanak if it rains in the month of Sawan, the four things suffer separation[39].	ਨਾਨਕ, ਜੇਕਰ ਸਾਉਣ ਦੇ ਮਹੀਨੇ ਵਿਚ ਮੀਂਹ ਵਰ੍ਹੇ ਤਾਂ ਚਾਰ ਚੀਜ਼ਾਂ ਨੂੰ ਜੁਦਾਇਗੀ[39] ਹੁੰਦੀ ਹੈ ।
ਗਾਈ[40] ਪੁਤਾ[41] ਨਿਰਧਨਾ[42] ਪੰਥੀ[43] ਚਾਕਰੁ[44] ਹੋਇ[45] ॥ ੨॥	They are[45] the cow's[40] calves[41], the poor[42], the way-farers[43] and the servants[44].	ਉਹ ਹਨ[45] ਗਊਆਂ[40] ਦੇ ਵਛੇ[41], ਗ਼ਰੀਬ[42], ਰਾਹੀ[43] ਅਤੇ ਨੌਕਰ[44] ।
ਪਉੜੀ ॥	Pauri.	ਪਉੜੀ ।
ਤੂ ਸਚਾ[46] ਸਚਿਆਰੁ[47] ਜਿਨਿ ਸਚੁ ਵਰਤਾਇਆ[48] ॥	O True Lord[46], True[47] art Thou, who dispenseth[48] nothing but Truth.	ਹੇ ਸੱਚੇ ਸੁਆਮੀ[46] ! ਸੱਚਾ[47] ਹੈਂ ਤੂੰ, ਜੋ ਨਿਰੋਲ ਸੱਚ ਨੂੰ ਹੀ ਵੰਡਦਾ[48] ਹੈਂ ।
ਬੈਠਾ ਤਾੜੀ[49] ਲਾਇ ਕਵਲੁ[50] ਛਪਾਇਆ[51] ॥	The lotus-like[50], Thou sittest in trance[49] and art hid from the eyes[51].	ਕਮਲ ਦੀ ਨਿਆਈਂ[50], ਤੂੰ ਸਮਾਧੀ[49] ਅੰਦਰ ਬੈਠਾ ਹੈਂ ਅਤੇ ਅੱਖਾਂ ਤੋਂ ਓਹਲੇ[51] ਹੈਂ ।
ਬ੍ਰਹਮੈ ਵਡਾ[52] ਕਹਾਇ[53] ਅੰਤੁ[54] ਨ ਪਾਇਆ[55] ॥	Brahma is called[53] great[52], but he too knows[55] not Thy limit[54].	ਬ੍ਰਹਮਾ ਵਿਸ਼ਾਲ[52] ਆਖਿਆ ਜਾਂਦਾ[53] ਹੈ, ਪਰ ਉਹ ਭੀ ਤੇਰੇ ਓੜਕ[54] ਨੂੰ ਨਹੀਂ ਜਾਣਦਾ[55]
ਨਾ ਤਿਸੁ[56] ਬਾਪੁ[57] ਨ ਮਾਇ[58] ਕਿਨਿ[59] ਤੂ ਜਾਇਆ[60] ॥	He[56] has no father[57], nor a mother[58] Who[59] has begotten[60] Thee, O my Lord.	ਉਸ ਦਾ[56] ਨਾ ਬਾਬਲ[57] ਹੈ, ਨਾ ਹੀ ਅੰਮੜੀ[58] । ਤੈਨੂੰ ਕਿਸ[59] ਨੇ ਜਣਿਆ[60] ਹੈ, ਹੇ ਮੇਰੇ ਪ੍ਰਭੂ ?
ਨਾ ਤਿਸੁ ਰੂਪੁ[61] ਨ ਰੇਖ[62]	He has neither the form[61] nor the	ਉਸਦਾ ਨਾ ਕੋਈ ਸਰੂਪ[61] ਹੈ ਨਾ ਹੀ ਚਿੰਨ੍ਹ[62]। ਸਾਰੀਆਂ[64]

ਵਰਨ[63] ਸਬਾਇਆ[64] ॥	sign[62]. Of all[61] the castes[63], He has none.	ਜਾਤਾਂ[63] ਵਿੱਚੋਂ ਉਸ ਦੀ ਕੋਈ ਜਾਤ ਭੀ ਨਹੀਂ।
ਨਾ ਤਿਸੁ ਭੁਖ[65] ਪਿਆਸ[66] ਰਜਾ[67] ਧਾਇਆ[68] ॥	He has no hunger[65] and thrist[66] and is sated[67] and satiated[68].	ਉਸ ਨੂੰ ਕੋਈ ਖੁਧਿਆ[65] ਅਤੇ ਤਰੇਹ[66] ਨਹੀਂ ਅਤੇ ਉਹ ਰੱਜਿਆ[67] ਤੇ ਧ੍ਰਾਪਿਆ ਹੋਇਆ[68] ਹੈ।
ਗੁਰ ਮਹਿ[69] ਆਪੁ[73] ਸਮੋਇ[70] ਸਬਦੁ[71] ਵਰਤਾਇਆ[72] ॥	The Lord has merged[70] His ownself[73] in[69] the Guru through whom dispenses[72] He His Name[71].	ਸਾਂਈਂ ਨੇ ਆਪਣੇ ਆਪ[73] ਨੂੰ ਗੁਰਾਂ ਅੰਦਰ[69] ਲੀਨ[70] ਕੀਤਾ ਹੋਇਆ ਹੈ ਜਿਨ੍ਹਾਂ ਦੇ ਰਾਹੀਂ ਉਹ ਆਪਣੇ ਨਾਮ[71] ਨੂੰ ਵਰਤਾਉਂਦਾ[72] ਹੈ।
ਸਚੇ[75] ਹੀ ਪਤੀਆਇ[74] ਸਚਿ ਸਮਾਇਆ[76] ॥੨॥	By pleasing[74] the true Lord[75], the mortal merges[76] in True Lord.	ਸੱਚੇ ਪ੍ਰਭੂ[75] ਨੂੰ ਪ੍ਰਸੰਨ[74] ਕਰਨ ਦੁਆਰਾ, ਪ੍ਰਾਣੀ ਸੱਚੇ ਪ੍ਰਭੂ ਅੰਦਰ ਲੀਨ[76] ਹੋ ਜਾਂਦਾ ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਵੈਦੁ[77] ਬੁਲਾਇਆ[78] ਵੈਦਗੀ[79] ਪਕੜਿ[80] ਢੰਢੋਲੇ[81] ਬਾਂਹ[82] ॥	The physician[77] is sent for[78] to prescribe a remedy[79]. Seizing[80] my arm[82], he feels the pulse[81].	ਹਕੀਮ[77] ਨੁਸਖਾ[79] ਲਿਖਣ ਲਈ ਸੱਦਿਆ ਗਿਆ[78] ਹੈ। ਮੇਰੀ ਬਾਂਹ[82] ਨੂੰ ਫੜ[80] ਕੇ, ਉਹ ਨਬਜ਼[81] ਦੇਖਦਾ ਹੈ।
ਭੋਲਾ[83] ਵੈਦੁ ਨ ਜਾਣਈ ਕਰਕ[84] ਕਲੇਜੇ[85] ਮਾਹਿ[86] ॥੧॥	The simpleton[83] physician knows not, that the pain[84] is in[86] the mind[85].	ਨਾਦਾਨ[83] ਹਕੀਮ ਨਹੀਂ ਜਾਣਦਾ, ਕਿ ਪੀੜ[84] ਤਾਂ ਮਨ[85] ਅੰਦਰ[86] ਹੈ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਵੈਦਾ ਵੈਦੁ ਸੁਵੈਦੁ[87] ਤੂ ਪਹਿਲਾਂ ਰੋਗੁ[88] ਪਛਾਣੁ[89] ॥	O physician, amongst physician thou art an able[87] physician, if thou first diagnoses[89] the malady[88]	ਹੇ ਹਕੀਮ ! ਹਕੀਮਾਂ ਵਿਚੋਂ ਤੂੰ ਲਾਇਕ[87] ਹਕੀਮ ਹੈਂ, ਜੇਕਰ ਤੂੰ ਪਹਿਲਾਂ ਬੀਮਾਰੀ[88] ਦੀ ਤਸ਼ਖ਼ੀਸ਼[89] ਕਰ ਲਵੇਂ।
ਐਸਾ[90] ਦਾਰੂ[91] ਲੋੜਿ[92] ਲਹੁ ਜਿਤੁ[93] ਵੰਞੈ[94] ਰੋਗਾ[95] ਘਾਣਿ[96] ॥	Find out[92] thou such[90] a medicament[91] with which[93] multitudes[96] of maladies[95] may be eradicated[94].	ਤੂੰ ਐਹੋ ਜੇਹੀ[90] ਦਵਾਈ[91] ਲੱਭ[92], ਜਿਸ ਨਾਲ[93] ਬੀਮਾਰੀਆਂ[95] ਦੇ ਸਮੁਦਾਇ[96] ਦੂਰ ਹੋ ਜਾਣ[94]।
ਜਿਤੁ ਦਾਰੂ ਰੋਗ ਉਠਿਅਹਿ[97] ਤਨਿ[98] ਸੁਖੁ[99] ਵਸੈ[100] ਆਇ ॥	Administer thou such a medicine, by which maladies may depart[97] and peace[99] may come and abide[100] in the body[98].	ਤੂੰ ਐਹੋ ਜੇਹੀ ਦਵਾਈ ਦੇ, ਜਿਸ ਦੁਆਰਾ ਬੀਮਾਰੀਆਂ ਚਲੀਆਂ ਜਾਣ[97] ਅਤੇ ਆਰਾਮ[99] ਆ ਕੇ ਦੇਹ[98] ਦੇ ਅੰਦਰ ਟਿਕ ਜਾਵੇ[100]।
ਰੋਗੁ ਗਵਾਇਹਿ[2] ਆਪਣਾ ਤ[3] ਨਾਨਕ ਵੈਦੁ ਸਦਾਇ[4] ॥੨॥	When thou art rid of[2] thy own ailment, then[3] alone, thou shall be called[4] a physician, O Nanak.	ਜਦ ਤੂੰ ਆਪਣੀ ਜ਼ਹਿਮਤ ਤੋਂ ਖਲਾਸੀ ਪਾ ਜਾਵੇਂ[2], ਕੇਵਲ ਤਦ[3] ਹੀ ਤੂੰ ਹਕੀਮ ਆਖਿਆ[4] ਜਾਵੇਂਗਾ, ਹੇ ਨਾਨਕ !
ਪਉੜੀ ॥	Pauri.	ਪਉੜੀ।
ਬ੍ਰਹਮਾ ਬਿਸਨੁ ਮਹੇਸੁ[5] ਦੇਵ[6] ਉਪਾਇਆ[7] ॥	It is the Lord, who created[7] Brahma, Vishnu, Shiva[5] and other gods[6].	ਪ੍ਰਭੂ ਨੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵਜੀ[5] ਅਤੇ ਹੋਰ ਦੇਵਤੇ[6] ਰਚੇ[7] ਹਨ।
ਬ੍ਰਹਮੇ ਦਿਤੇ[8] ਬੇਦ ਪੂਜਾ[9] ਲਾਇਆ[10] ॥	He Blessed[8] Brahma with the Vedas and yoked[10] him to His adoration[9].	ਉਸ ਨੇ ਬ੍ਰਹਮੇ ਨੂੰ ਵੇਦ ਬਖਸ਼ੇ[8] ਅਤੇ ਉਸ ਨੂੰ ਆਪਣੀ ਉਪਾਸ਼ਨਾ[9] ਵਿਚ ਜੋੜ ਦਿੱਤਾ[10]।

ਦਸ ਅਵਤਾਰੀ[12] ਰਾਮੁ[13] ਰਾਜਾ[14] ਆਇਆ[15] ॥	The Lord created[15] ten incarnations[12], of whom one was king[14] Rama[13].	ਪ੍ਰਭੂ ਨੇ ਦਸ ਅਉਤਾਰ[12] ਪੈਦਾ ਕੀਤੇ[15], ਜਿਨ੍ਹਾਂ ਵਿੱਚੋਂ ਇਕ ਪਾਤਿਸ਼ਾਹ[14] ਰਾਮ ਚੰਦ੍ਰ[13] ਸੀ ।
ਦੈਤਾ[16] ਮਾਰੇ ਧਾਇ[17] ਹੁਕਮਿ[18] ਸਬਾਇਆ[19] ॥	In His will[18], they hastened[17] to kill all[19] the demons[16].	ਉਸ ਦੀ ਰਜ਼ਾ[18] ਅੰਦਰ, ਉਹਨਾਂ ਨੇ ਦੌੜ ਕੇ[17] ਸਾਰੇ[19] ਰਾਖ਼ਸ਼ਾਂ[16] ਨੂੰ ਮਾਰ ਸੁੱਟਿਆ ।
ਈਸ[20] ਮਹੇਸੁਰ[21] ਸੇਵ[22] ਤਿਨੀ[23] ਅੰਤੁ[24] ਨ ਪਾਇਆ[25] ॥	The holy men[20] and Shiva[21] serve[22] Thee, O Lord, but they[23] can find[25] not Thy end[24].	ਨੇਕ ਬੰਦੇ[20] ਤੇ ਸ਼ਿਵਜੀ[21] ਤੇਰੀ ਘਾਲ ਕਮਾਉਂਦੇ[22] ਹਨ, ਹੇ ਸਾਂਈਂ ! ਪਰ ਉਹ[23] ਤੇਰੇ ਓੜਕ[24] ਨੂੰ ਨਹੀਂ ਪਾ ਸਕਦੇ[25] ।
੧੨੮੦	**1280**	**੧੨੮੦**
ਸਚੀ ਕੀਮਤਿ[26] ਪਾਇ[27] ਤਖਤੁ[28] ਰਚਾਇਆ[29] ॥	Of Himself, the Lord has established[29] His throne[28] and of Himself, He evaluates[27] the true worth[26] of the beings.	ਖ਼ੁਦ ਹੀ ਸੁਆਮੀ ਨੇ ਆਪਣਾ ਰਾਜ ਸਿੰਘਾਸਣ[28] ਅਸਥਾਪਨ ਕੀਤਾ[29] ਹੈ ਅਤੇ ਖ਼ੁਦ ਹੀ, ਉਹ ਜੀਵਾਂ ਦਾ ਸੱਚਾ ਸੁੱਚਾ ਮੁੱਲ[26] ਪਾਉਂਦਾ[27] ਹੈ ।
ਦੁਨੀਆ[30] ਧੰਧੈ[31] ਲਾਇ[32] ਆਪੁ[33] ਛਪਾਇਆ[34] ॥	He has yoked[32] the world[30] to its tasks[31] and keeps Himself[33], hid[34] from its eye.	ਉਸ ਨੇ ਸੰਸਾਰ[30] ਨੂੰ ਇਸ ਦੇ ਕੰਮੀਂ ਕਾਜੀਂ[31] ਲਾਇਆ ਹੋਇਆ[32] ਹੈ ਅਤੇ ਖ਼ੁਦ[33] ਇਸ ਦੀ ਅੱਖ ਤੋਂ ਉਹਲੇ[34] ਰਹਿੰਦਾ ਹੈ ।
ਧਰਮੁ[35] ਕਰਾਏ[36] ਕਰਮ[37] ਧੁਰਹੁ[38] ਫੁਰਮਾਇਆ[39] ॥੩॥	The Primal Being[38] has enjoined[39] upon the mortal to do[36] the deeds[37] of virtue[35].	ਆਦਿ ਪ੍ਰਭੂ ਨੇ ਪ੍ਰਾਣੀ[38] ਨੂੰ ਨੇਕੀ[35] ਦੇ ਅਮਲ[37] ਕਮਾਉਣ[36] ਦੀ ਆਗਿਆ ਕੀਤੀ[39] ਹੈ ।
ਸਲੋਕ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ ।
ਸਾਵਣੁ ਆਇਆ ਹੇ ਸਖੀ[40] ਕੰਤੈ[41] ਚਿਤਿ[42] ਕਰੇਹੁ ॥	The month of Sawan has come, O my mate[40]. Now think[42] thou of thy Groom[41].	ਸਾਉਣ ਦਾ ਮਹੀਨਾ ਆ ਗਿਆ ਹੈ, ਹੇ ਮੇਰੀਏ ਸਹੇਲੀਏ[40] ! ਹੁਣ ਤੂੰ ਆਪਣੇ ਭਰਤੇ[41] ਦਾ ਖ਼ਿਆਲ[42] ਕਰ ।
ਨਾਨਕ ਝੂਰਿ[43] ਮਰਹਿ ਦੋਹਾਗਣੀ[44] ਜਿਨ ਅਵਰੀ[45] ਲਾਗਾ ਨੇਹੁ[46] ॥੧॥	Nanak, the discarded bride[44] loves[46] another[45] and so wailes[43] herself to death.	ਨਾਨਕ, ਛੁਟੜ ਪਤਨੀ[44] ਹੋਰਸ[45] ਨੂੰ ਪਿਆਰ ਕਰਦੀ[46] ਹੈ, ਤੇ ਇਸ ਲਈ ਰੋਂਦੀ ਕੁਰਲਾਉਂਦੀ[43] ਹੀ ਮਰ ਜਾਂਦੀ ਹੈ ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਸਾਵਣੁ ਆਇਆ ਹੇ ਸਖੀ ਜਲਹਰੁ[47] ਬਰਸਨਹਾਰੁ[48] ॥	The month of Sawan has come, O my friend. The clouds[47] have burst forth[48].	ਸਾਉਣ ਦਾ ਮਹੀਨਾ ਆ ਗਿਆ ਹੈ, ਹੇ ਮੇਰੀ ਸਹੇਲੀਏ ! ਬੱਦਲ[47] ਵਰ੍ਹ ਪਏ[48] ਹਨ ।
ਨਾਨਕ ਸੁਖਿ ਸਵਨੁ ਸੋਹਾਗਣੀ[49] ਜਿਨ੍ ਸਹ ਨਾਲਿ ਪਿਆਰੁ[50] ॥੨॥	Nanak, the loved brides[49], who love[50] their groom, sleep in peace.	ਨਾਨਕ, ਪਿਆਰੀਆਂ ਪਤਨੀਆਂ[49], ਜਿਨ੍ਹਾਂ ਦੀ ਆਪਣੇ ਪਤੀ ਨਾਲ ਪ੍ਰੀਤ[50] ਹੈ, ਆਰਾਮ ਅੰਦਰ ਸੌਂਦੀਆਂ ਹਨ ।
ਪਉੜੀ ॥	Pauri.	ਪਉੜੀ ।
ਆਪੇ ਛਿੰਝ[51] ਪਵਾਇ[52]	Arranging[52] the tournament[51], the	ਛਿੰਝ[51] ਦਾ ਪ੍ਰਬੰਧ ਕਰ[52], ਪ੍ਰਭੂ ਨੇ ਖ਼ੁਦ ਹੀ

[53]ਮਲਾਖਾੜਾ[54] ਰਚਿਆ[55]॥

Lord of Himself, has created[55] an arena[54] for the wrestlers[53].

ਪਹਿਲਵਾਨਾਂ[53] ਲਈ ਅਖਾੜਾ[54] ਬਣਾਇਆ[55] ਹੈ ।

ਲਥੇ[56] ਭੜਥੂ[57] ਪਾਇ ਗੁਰਮੁਖਿ[58] ਮਚਿਆ[59] ॥

Making noise[57], the wrestlers have entered[56] the arena and from amongst them, the Guru-wards[58] are in joy[59].

ਰੌਲਾ ਗੌਲਾ ਪਾਉਂਦੇ ਹੋਏ[57] ਪਹਿਲਵਾਨ ਅਖਾੜੇ ਵਿਚ ਆ ਵੜੇ[56] ਹਨ ਅਤੇ ਉਨ੍ਹਾਂ ਵਿਚੋਂ ਗੁਰੂ-ਅਨੁਸਾਰੀ[58] ਖ਼ੁਸ਼[59] ਹਨ ।

ਮਨਮੁਖ[60] ਮਾਰੇ ਪਛਾੜਿ[61] ਮੂਰਖ[62] ਕਚਿਆ[63] ॥

The foolish[62] and false[63] egocentrics[60] stand defeated[61].

ਬੇਵਕੂਫ਼[62] ਅਤੇ ਝੂਠੇ[63] ਮਨਮਤੀਏ[60] ਹਾਰ ਜਾਂਦੇ[61] ਹਨ ।

ਆਪਿ ਭਿੜੈ[65] ਮਾਰੇ[66] ਆਪਿ ਆਪਿ[64] ਕਾਰਜੁ[67] ਰਚਿਆ[68] ॥

The Lord Himself[64] stages[68] the play[67]. Himself He wrestles[65] and Himself He defeats[66].

ਸੁਆਮੀ ਆਪੇ[64] ਖੇਡ[67] ਰਚਦਾ[68] ਹੈ, ਆਪੇ ਹੀ ਘੁਲਦਾ[65] ਹੈ ਅਤੇ ਆਪੇ ਹੀ ਪਛਾੜਦਾ[66] ਹੈ ।

ਸਭਨਾ ਖਸਮੁ[69] ਏਕੁ ਹੈ ਗੁਰਮੁਖਿ[70] ਜਾਣੀਐ[71] ॥

The Lord[69] of all is the One God, but this thing is known[71] only by the Guru's grace[70].

ਸਾਰਿਆਂ ਦਾ ਸਾਹਿਬ[69] ਇਕ ਵਾਹਿਗੁਰੂ ਹੀ ਹੈ, ਪਰੰਤੂ ਇਹ ਗੱਲ ਕੇਵਲ ਗੁਰਾਂ ਦੀ ਦਇਆ[70] ਦੁਆਰਾ ਹੀ ਜਾਣੀ ਜਾਂਦੀ[71] ਹੈ ।

ਹੁਕਮੀ[72] ਲਿਖੈ ਸਿਰਿ[73] ਲੇਖੁ[74] ਵਿਣੁ ਕਲਮ[75] ਮਸਵਾਣੀਐ[76] ॥

The Lord of will[72] writes the destinies[74] on the heads[73] of all without pen[75] and ink[76].

ਰਜ਼ਾ ਦਾ ਮਾਲਕ[72], ਲੇਖਣੀ[75] ਅਤੇ ਸਿਆਹੀ[76] ਦੇ ਬਗ਼ੈਰ, ਸਾਰਿਆਂ ਦੇ ਸੀਸ[73] ਉਤੇ ਪ੍ਰਾਲਭਧ[74] ਲਿਖਦਾ ਹੈ ।

ਸਤ ਸੰਗਤਿ ਮੇਲਾਪੁ[77] ਜਿਥੈ ਹਰਿ ਗੁਣ[78] ਸਦਾ[79] ਵਖਾਣੀਐ[80] ॥

Through the society of the saints, where the Lord's praises[78] are ever[79] uttered[80], union[77] with him is obtained.

ਸਾਧ ਸੰਗਤ ਰਾਹੀਂ, ਜਿਥੇ ਸਦੀਵ[79] ਹੀ ਸੁਆਮੀ ਦੀਆਂ ਸਿਫ਼ਤਾਂ[78] ਉਚਾਰਨ ਕੀਤੀਆਂ ਜਾਂਦੀਆਂ[80] ਹਨ, ਉਸ ਦੇ ਨਾਲ ਮਿਲਾਪ[77] ਪਰਾਪਤ ਹੋ ਜਾਂਦਾ ਹੈ ।

ਨਾਨਕ ਸਚਾ ਸਬਦੁ[81] ਸਲਾਹਿ[82] ਸਚੁ ਪਛਾਣੀਐ[83] ॥੪॥

Nanak, by praising[82] the True Lord[81], one comes to realise[83] the Lord's truth.

ਨਾਨਕ, ਸੱਚੇ ਸੁਆਮੀ[81] ਦੀ ਸਿਫ਼ਤ-ਸ਼ਲਾਘਾ ਕਰਨ ਦੁਆਰਾ[82], ਜੀਵ ਸੁਆਮੀ ਦੇ ਸੱਚ ਨੂੰ ਅਨੁਭਵ[83] ਕਰ ਲੈਂਦਾ ਹੈ ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਊਂਨਵਿ[84] ਊਂਨਵਿ ਆਇਆ ਅਵਰਿ[85] ਕਰੇਂਦਾ[86] ਵੰਨ[87] ॥

When man ages, his body bows[84] and bends forward and assumes[86] quite another[85] colour[87].

ਜਦ ਜੀਵ ਬੁੱਢਾ ਹੋ ਜਾਂਦਾ ਹੈ, ਉਸ ਦੀ ਦੇਹ ਅੱਗੇ ਨੂੰ ਝੁਕ[84] ਕੇ ਕੁੱਡੀ ਹੋ ਜਾਂਦੀ ਹੈ ਅਤੇ ਐਨ ਹੋਰ[85] ਹੀ ਰੰਗਤ[87] ਧਾਰਨ ਕਰ ਲੈਂਦੀ[86] ਹੈ ।

ਕਿਆ[88] ਜਾਣਾ ਤਿਸੁ[89] ਸਾਹ[90] ਸਿਉ[91] ਕੇਵ[92] ਰਹਸੀ[93] ਰੰਗੁ[94] ॥

What[88] do I know, how[92] shall my love[94] last[93] with[91] that[89] Sovereign[90] of mind ?

ਮੈਂ ਕੀ[88] ਜਾਣਦਾ ਹਾਂ ਕਿ ਮੇਰੀ ਉਸ[89] ਆਪਣੇ ਪਾਤਸ਼ਾਹ[90] ਨਾਲ[91] ਪ੍ਰੀਤ[94] ਕਿਸ ਤਰ੍ਹਾਂ[92] ਨਿਭੇਗੀ[93] ?

ਰੰਗੁ ਰਹਿਆ[95] ਤਿਨ੍[96] ਕਾਮਣੀ[97] ਜਿਨ ਮਨਿ[98] ਭਉ[99] ਭਾਉ[100] ਹੋਇ ॥

Everlasting[95] is the love of those[96] brides[97], who heartily[98] love[100] their Spouse in His fear[99].

ਸਦਾ ਰਹਿਣ ਵਾਲੀ[95] ਹੈ ਪ੍ਰੀਤ ਉਨ੍ਹਾਂ[96] ਪਤਨੀਆਂ[97] ਦੀ, ਜੋ ਆਪਣੇ ਪਤੀ ਨੂੰ ਉਸ ਦੇ ਡਰ[99] ਅੰਦਰ [98]ਦਿਲੀ-ਪਿਆਰ[100] ਕਰਦੀਆਂ ਹਨ ।

ਨਾਨਕ ਭੈ[2] ਭਾਇ[3] ਬਾਹਰੀ[4] ਤਿਨ[5] ਤਨਿ[6]

Nanak, the bride, who is bereft[4] of the fear[2] and love[3] of her Lord; her[5]

ਨਾਨਕ, ਜਿਹੜੀ ਪਤਨੀ ਆਪਣੇ ਸਿਰ ਦੇ ਸਾਂਈਂ ਦੇ ਡਰ[2] ਅਤੇ ਪਿਆਰ[3] ਤੋਂ ਸੱਖਣੀ[4] ਹੈ; ਉਸ[5] ਦੀ ਦੇਹ[6] ਨੂੰ

ਸੁਖੁ ਨ ਹੋਇ ॥੧॥	body[6] gathers not peace.	ਆਰਾਮ ਪਰਾਪਤ ਨਹੀਂ ਹੁੰਦਾ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਊਂਨਵਿ[7] ਊਂਨਵਿ ਆਇਆ ਵਰਸੈ[8] ਨੀਰੁ[9] ਨਿਪੰਗੁ[10] ॥	Descending low[7], very low, the cloud has come and the pure[10] water[9] falls[8].	ਨੀਵਾਂ[7], ਬਹੁਤ ਹੀ ਨੀਵਾਂ ਹੋ ਕੇ, ਬੱਦਲ ਆਇਆ ਹੈ ਅਤੇ ਪਵਿੱਤਰ[10] ਪਾਣੀ[9] ਵਰ੍ਹਦਾ[8] ਹੈ।
ਨਾਨਕ ਦੁਖੁ[12] ਲਾਗਾ[13] ਤਿਨ੍[14] ਕਾਮਣੀ[15] ਜਿਨ ਕੰਤੈ[16] ਸਿਉ ਮਨਿ ਭੰਗੁ[17] ॥੨॥	Nanak, the[14] bride[15] whose mind is torn[17] from her groom[16] suffers[13] pain[12].	ਨਾਨਕ, ਉਹ[14] ਪਤਨੀ[15] ਜਿਸ ਦਾ ਚਿਤ ਆਪਣੇ ਪਤੀ[16] ਨਾਲੋਂ ਟੁਟਿਆ ਹੋਇਆ[17] ਹੈ, ਤਕਲੀਫ਼[12] ਉਠਾਉਂਦੀ[13] ਹੈ।
ਪਉੜੀ ॥	Pauri.	ਪਉੜੀ।
ਦੋਵੈ[18] ਤਰਫਾ[19] ਉਪਾਇ[20] ਇਕੁ[21] ਵਰਤਿਆ[22] ॥	Creating[20] both[18] the sides[19], He, the One Lord[21], is pervading[22] both.	ਦੋਨਾਂ[18] ਹੀ ਪਾਸਿਆਂ[19] ਨੂੰ ਰਚ ਕੇ[20] ਉਹ, ਇਕ ਸੁਆਮੀ[21] ਦੋਨਾਂ ਅੰਦਰ ਵਿਆਪਕ ਹੋ ਰਿਹਾ[22] ਹੈ।
ਬੇਦ ਬਾਣੀ[23] ਵਰਤਾਇ[34] ਅੰਦਰਿ[35] ਵਾਦੁ[36] ਘਤਿਆ[37] ॥	Spreading[34] the gospel[23] of the Vedas He has brought about[37] strife[36] between[35] the two.	ਵੇਦਾਂ ਦੇ ਕਥਨ[23] ਨੂੰ ਵਿਸਥਾਰ[34] ਕੇ ਉਸ ਨੇ ਦੋਨਾਂ ਦੇ ਵਿਚਕਾਰ[35] ਝਗੜਾ[36] ਪਾ ਦਿਤਾ[37] ਹੈ।
ਪਰਵਿਰਤਿ[38] ਨਿਰਵਿਰਤਿ[39] ਹਾਠਾ[40] ਦੋਵੈ ਵਿਚਿ ਧਰਮੁ[41] ਫਿਰੈ ਰੈਬਾਰਿਆ[42] ॥	Attachment[38] and department[39] are the two sides[40] and it is the faith[41] that discriminates[42] between the two.	ਪਕੜ[38] ਅਤੇ ਤਿਆਗ[39] ਦੋ ਪਾਸੇ[40] ਹਨ ਅਤੇ ਈਮਾਨ[41] ਦੋਨਾਂ ਦੇ ਵਿਚਕਾਰ ਨਿਰਣੈ ਕਰਨ ਵਾਲਾ[42] ਹੈ।
ਮਨਮੁਖ[43] ਕਚੇ[44] ਕੂੜਿਆਰ[45] ਤਿਨ੍ਹੀ[46] ਨਿਹਚਉ[47] ਦਰਗਹ[48] ਹਾਰਿਆ[49] ॥	False[45] and worthless[44] are the egocentrics[43]. Verily[47] lose[49] they[46] in the Lord's court[48].	ਝੂਠੇ[45] ਅਤੇ ਨਿਕੰਮੇ[44] ਹਨ ਮਨਮਤੀਏ[43]। ਪ੍ਰਭੂ ਦੇ ਦਰਬਾਰ[48] ਅੰਦਰ ਉਹ[46] ਨਿਸਚਿਤ[47] ਹੀ ਹਾਰ ਜਾਂਦੇ[49] ਹਨ।
ਗੁਰਮਤੀ[50] ਸਬਦਿ[51] ਸੂਰ[52] ਹੈਂ ਕਾਮੁ[53] ਕ੍ਰੋਧੁ[54] ਜਿਨ੍ਹੀ ਮਾਰਿਆ[55] ॥	They, who practice the Guru's instruction[50] are the Lord's[51] warriors[52], who have stilled[55] their lust[53] and wrath[54].	ਜੋ ਗੁਰਾਂ ਦੇ ਉਪਦੇਸ਼[50] ਦੀ ਕਮਾਈ ਕਰਦੇ ਹਨ ਉਹ ਪ੍ਰਭੂ[51] ਦੇ ਯੋਧੇ[52] ਹਨ, ਜਿਨ੍ਹਾਂ ਨੇ ਆਪਣੇ ਭੋਗ-ਬਿਲਾਸ[53] ਅਤੇ ਗੁੱਸੇ[54] ਨੂੰ ਮਾਰ ਸੁੱਟਿਆ[55] ਹੈ।
ਸਚੇ[56] ਅੰਦਰਿ[57] ਮਹਲਿ[58] ਸਬਦਿ[59] ਸਵਾਰਿਆ[60] ॥	They, who are, embellished[60] with the Name[59], enter into[57] the True Lord's[56] mansion[58].	ਜੋ ਨਾਮ[59] ਨਾਲ ਸ਼ਸ਼ੋਭਤ[60] ਹੋਏ ਹਨ, ਉਹ ਸੱਚੇ ਸਾਂਈ[56] ਦੇ ਮੰਦਰ[58] ਦੇ ਵਿਚ[57] ਪ੍ਰਵੇਸ਼ ਕਰ ਜਾਂਦੇ ਹਨ।
ਸੇ[61] ਭਗਤ[62] ਤੁਧੁ ਭਾਵਦੇ[63] ਸਚੈ ਨਾਇ[64] ਪਿਆਰਿਆ[65] ॥	The[61] saints[62], who love[65] the True Name[64], are pleasing[63] to Thee, O Lord.	ਜਿਹੜੇ[61] ਸਾਧੂ[62], ਸੱਚੇ ਨਾਮ[64] ਨੂੰ ਪਿਆਰ[65] ਕਰਦੇ ਹਨ, ਉਹ ਤੈਨੂੰ ਚੰਗੇ ਲਗਦੇ[63] ਹਨ, ਹੇ ਸੁਆਮੀ!
ਸਤਿਗੁਰੁ ਸੇਵਨਿ[66] ਆਪਣਾ ਤਿਨਾ ਵਿਟਹੁ[67] ਹਉ ਵਾਰਿਆ[68] ॥੫॥	They, who serve[66] their True Guru, unto[67] them[69] I am a sacrifice[68].	ਜੋ ਆਪਣੇ ਸੱਚੇ ਗੁਰੂ ਦੀ ਟਹਿਲ ਕਮਾਉਂਦੇ[66] ਹਨ, ਉਨ੍ਹਾਂ[69] ਉਤੋਂ[67] ਮੈਂ ਕੁਰਬਾਨ ਜਾਂਦਾ[68] ਹਾਂ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਊਂਨਵਿ[70] ਊਂਨਵਿ ਆਇਆ ਵਰਸੈ ਲਾਇ ਝੜੀ[71] ॥

The lowering[70], lowering clouds come and rain falls continuously[71].

ਨੀਵੇਂ[70], ਨੀਵੇਂ ਬੱਦਲ ਆਉਂਦੇ ਹਨ ਅਤੇ ਲਗਾਤਾਰ[71] ਮੀਂਹ ਵਰਸਦਾ ਹੈ ।

ਨਾਨਕ ਭਾਣੈ[72] ਚਲੈ ਕੰਤ[74] ਕੈ ਸੁ[73] ਮਾਣੇ ਸਦਾ ਰਲੀ[75] ॥੧॥

Nanak, the bride who walks in the Will[72] of her Spouse[74], she[73]; ever enjoys revelments[75].

ਨਾਨਕ, ਜਿਹੜੀ ਪਤਨੀ ਆਪਣੇ ਪਤੀ[74] ਦੀ ਰਜ਼ਾ[72] ਅੰਦਰ ਟੁਰਦੀ ਹੈ, ਉਹ[73] ਸਦੀਵ ਹੀ ਰੰਗ ਰਲੀਆਂ[75] ਮਾਣਦੀ ਹੈ ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ ।

ਕਿਆ[76] ਉਠਿ[77] ਉਠਿ ਦੇਖਹੁ[78] ਬਪੁੜੇ[79] ਇਸੁ ਮੇਘੈ[80] ਹਥਿ ਕਿਛੁ ਨਾਹਿ ॥

Why[76] standest[77], standest thou upto look[78], O poor[79] man ? This cloud[80] has naught in its hands.

ਤੂੰ ਕਿਉਂ[76] ਖੜਾ[77], ਖੜਾ ਹੋ ਕੇ ਵੇਖਦਾ[78] ਹੈਂ, ਹੇ ਗ਼ਰੀਬ[79] ਬੰਦੇ ! ਇਸ ਬੱਦਲ[80] ਦੇ ਹੱਥ ਪੱਲੇ ਕੁਝ ਭੀ ਨਹੀਂ ।

ਜਿਨਿ ਏਹੁ ਮੇਘੁ ਪਠਾਇਆ[81] ਤਿਸੁ[82] ਰਾਖਹੁ[83] ਮਨ ਮਾਂਹਿ[84] ॥

He, who has sent[81] this cloud; Him[82] treasure[83] thou up in[84] in thy mind.

ਜਿਸ ਨੇ ਇਸ ਬੱਦਲ ਨੂੰ ਭੇਜਿਆ[81] ਹੈ; ਉਸ ਨੂੰ[82] ਤੂੰ ਆਪਣੇ ਹਿਰਦੇ ਅੰਦਰ[84] ਟਿਕਾਈ ਰਖ[83] ।

ਤਿਸ[85] ਨੋ ਮੰਨਿ ਵਸਾਇਸੀ[86] ਜਾ ਕਉ[88] ਨਦਰਿ[87] ਕਰੇਇ ॥

On whosoever[88] is the Lord's grace[87]; he[85] alone enshrines[86] the Lord in his mind.

ਜਿਸ ਕਿਸੇ ਤੇ ਭੀ[88] ਮਾਲਕ ਦੀ ਮਿਹਰ[87] ਹੈ; ਕੇਵਲ ਉਹ[85] ਹੀ ਮਾਲਕ ਨੂੰ ਆਪਣੇ ਚਿਤ ਅੰਦਰ ਟਿਕਾਉਂਦਾ[86] ਹੈ ।

ਨਾਨਕ ਨਦਰੀ[88]*ਬਾਹਰੀ[89] ਸਭ[90] ਕਰਣ ਪਲਾਹ[91] ਕਰੇਇ ॥੨॥

Nanak, all[90] those, who are shorn[89] of God's grace[88]*, make lamentations[91].

ਨਾਨਕ, ਉਹ ਸਾਰੀਆਂ[90] ਜੋ ਵਾਹਿਗੁਰੂ ਦੀ ਰਹਿਮਤ[88]* ਤੋਂ ਸੱਖਣੀਆਂ[89] ਹਨ, ਵਿਰਲਾਪ[91] ਕਰਦੀਆਂ ਹਨ ।

ਪਉੜੀ ॥

Pauri.

ਪਉੜੀ ।

ਸੋ[92] ਹਰਿ ਸਦਾ[93] ਸਰੇਵੀਐ[94] ਜਿਸੁ ਕਰਤ[95] ਨ ਲਾਗੈ ਵਾਰ[96] ॥

Ever[93] serve[94] thou the[92] Lord, who takes no time[96] to create[95] and to destory.

ਤੂੰ ਹਮੇਸ਼ਾ[93] ਉਸ[92] ਸਾਹਿਬ ਦੀ ਸੇਵਾ ਕਰ[94], ਜਿਸ ਨੂੰ ਸਾਜਣ[95] ਅਤੇ ਢਾਹੁਣ ਲਈ ਕੋਈ ਸਮਾਂ[96] ਨਹੀਂ ਲਗਦਾ।

ਆਡਾਣੇ[97] ਆਕਾਸ[98] ਕਰਿ ਖਿਨ[99] ਮਹਿ[100] ਢਾਹਿ ਉਸਾਰਣਹਾਰ ॥

The Lord alone has stretched[97] the sky[98] overhead. In[100] an instant[99], He builds and destroys.

ਕੇਵਲ ਸੁਆਮੀ ਨੇ ਹੀ ਸਿਰ ਉਪਰ ਅਸਮਾਨ[98] ਤਣਿਆ[97] ਹੋਇਆ ਹੈ । ਇਕ ਮੁਹਤ[99] ਵਿਚ[100] ਉਹ ਉਸਾਰਦਾ ਤੇ ਢਾਅ ਦਿੰਦਾ ਹੈ ।

ਆਪੇ[2] ਜਗਤੁ[3] ਉਪਾਇ[4] ਕੈ ਕੁਦਰਤਿ[5] ਕਰੇ ਵੀਚਾਰ[6] ॥

Himself[2] creating[4] the world[3], He, the Lord gives thought[6] to his creation[5].

ਖ਼ੁਦ[2] ਹੀ ਸੰਸਾਰ[3] ਨੂੰ ਸਾਜ[4], ਉਹ ਸੁਆਮੀ ਆਪਣੀ ਰਚਨਾ[5] ਵਲ ਧਿਆਨ ਦਿੰਦਾ[6] ਹੈ ।

੧੨੮੧

1281

੧੨੮੧

ਮਨਮੁਖ[7] ਅਗੈ[8] ਲੇਖਾ[9] ਮੰਗੀਐ[10] ਬਹੁਤੀ[12] ਹੋਵੈ ਮਾਰ[13] ॥

An apostate[7] is called[10] to account[9] in the yond[8] and he is greatly[12] punished[13].

ਪਰਲੋਕ[8] ਵਿਚ ਅਧਰਮੀ[7] ਪਾਸੋਂ ਹਿਸਾਬ-ਕਿਤਾਬ[9] ਪੁਛਿਆ ਜਾਂਦਾ[10] ਹੈ ਅਤੇ ਉਸ ਨੂੰ ਘਣੇਰੀ[12] ਸਜ਼ਾ ਮਿਲਦੀ[13] ਹੈ ।

ਗੁਰਮੁਖਿ[14] ਪਤਿ[15] ਸਿਉ[16]

The account of the pious person[14]

ਪਵਿੱਤਰ ਪੁਰਸ਼[14] ਦਾ ਲੇਖਾ-ਪੱਤਾ ਇੱਜ਼ਤ[15] ਨਾਲ[16]

ਲੇਖਾ ਨਿਬੜੈ[17] ਬਖਸੇ[18] ਸਿਫਤਿ[19] ਭੰਡਾਰ[20] ॥

is settled[17] with[16] honour[15] and him the Lord blesses[18] with the treasure[20] of his praise[19].

ਬੇਬਾਕ[17] ਹੋ ਜਾਂਦਾ ਹੈ ਅਤੇ ਉਸ ਨੂੰ ਪ੍ਰਭੂ ਆਪਣੀ ਸਿਫ਼ਤ ਸ਼ਲਾਘਾ[19] ਦਾ ਖ਼ਜ਼ਾਨਾ[20] ਪਰਦਾਨ ਕਰ[18] ਦਿੰਦਾ ਹੈ।

ਓਥੈ ਹਥੁ ਨ ਅਪੜੈ ਕੂਕ[21] ਨ ਸੁਣੀਐ ਪੁਕਾਰ[22] ॥

There one's hand reaches not and no one hears one's cries[21] and wailings[22].

ਓਥੇ ਇਨਸਾਨ ਦਾ ਹੱਥ ਅਪੜਦਾ ਨਹੀਂ ਅਤੇ ਕੋਈ ਭੀ ਉਸ ਦੇ ਚੀਕ-ਚਿੰਘਾੜੇ[21] ਤੇ ਰੋਣ-ਪਿੱਟਣ[22] ਨੂੰ ਨਹੀਂ ਸੁਣਦਾ।

ਓਥੈ ਸਤਿਗੁਰੁ ਬੇਲੀ[23] ਹੋਵੈ ਕਢਿ[24] ਲਏ ਅੰਤੀ[25] ਵਾਰ[26] ॥

There, the True Guru becomes man's friend[23] and saves[24] him at the last[25] moment[26].

ਓਥੇ ਸੱਚੇ ਗੁਰੂ ਜੀ ਬੰਦੇ ਦੇ ਯਾਰ[23] ਹੁੰਦੇ ਹਨ ਅਤੇ ਅਖ਼ੀਰ[25] ਦੇ ਵੇਲੇ[26] ਉਸ ਨੂੰ ਬਚਾਅ ਲੈਂਦੇ[24] ਹਨ।

ਏਨਾ ਜੰਤਾ[27] ਨੋ ਹੋਰ[31] ਸੇਵਾ[28] ਨਹੀ ਸਤਿਗੁਰੁ ਸਿਰਿ[29] ਕਰਤਾਰ[30] ॥੬॥

These creatures[27] should serve[28] none else[31] but the True Guru, who is the Creator's[30] ambassador over their heads[29].

ਇਨ੍ਹਾਂ ਜੀਵ ਜੰਤੂਆਂ[27] ਨੂੰ ਸੱਚੇ ਗੁਰਾਂ ਦੇ ਬਗ਼ੈਰ, ਹੋਰਸ[31] ਕਿਸੇ ਦੀ ਚਾਕਰੀ[28] ਕਮਾਉਣੀ ਉਚਿਤ ਨਹੀਂ, ਜੋ ਕਿ ਉਹਨਾਂ ਦੇ ਸੀਸ[29] ਉਤੇ ਸਿਰਜਣਹਾਰ[30] ਏਲਚੀ ਹਨ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ।

ਬਾਬੀਹਾ[34] ਜਿਸ ਨੋ ਤੂ ਪੁਕਾਰਦਾ[32] ਤਿਸਨੋ ਲੋਚੈ[33] ਸਭੁ ਕੋਇ[35] ॥

O sparrow-hawk[34], every one[35] longs for[33] Him on whom thou callest[32].

ਹੇ ਪਪੀਹੇ[34]! ਜਿਸ ਨੂੰ ਤੂੰ ਵਾਜਾਂ ਮਾਰਦਾ[37] ਹੈਂ ਉਸ ਲਈ ਹਰ ਕੋਈ[35] ਤਾਂਘ ਰਖਦਾ[33] ਹੈ।

ਅਪਣੀ ਕਿਰਪਾ[36] ਕਰਿਕੈ[37] ਵਸਸੀ[38] ਵਣੁ[39] ਤ੍ਰਿਣੁ[40] ਹਰਿਆ[41] ਹੋਇ ॥

When the Lord showers[37] His benediction[36], then does it rain[38] and the forests[39] and grass-blades[40] shall flower[41].

ਜਦ ਸੁਆਮੀ ਆਪਣੀ ਮਿਹਰ[36] ਧਾਰਦਾ[37] ਹੈ; ਤਾਂ ਵਰਖਾ ਹੁੰਦੀ[38] ਹੈ ਅਤੇ ਜੰਗਲ[39] ਤੇ ਘਾਅ ਦੀਆਂ ਤਿੜਾਂ[40] ਪ੍ਰਫੁਲਤ[41] ਹੋ ਜਾਂਦੀਆਂ ਹਨ।

ਗੁਰ ਪਰਸਾਦੀ[42] ਪਾਈਐ ਵਿਰਲਾ[43] ਬੂਝੈ[44] ਕੋਇ ॥

By the Guru's grace[42] the Lord is attained to. Few[43] are they, who understand[44] this thing.

ਗੁਰਾਂ ਦੀ ਰਹਿਮਤ[42] ਸਦਕਾ, ਪ੍ਰਭੂ ਪਰਾਪਤ ਹੁੰਦਾ ਹੈ। ਬਹੁਤ ਹੀ ਥੋੜ੍ਹੇ[43] ਇਸ ਗੱਲ ਨੂੰ ਸਮਝਦੇ[44] ਹਨ।

ਬਹਦਿਆ[45] ਉਠਦਿਆ[46] ਨਿਤ[47] ਧਿਆਈਐ[48] ਸਦਾ ਸਦਾ[49] ਸੁਖੁ[50] ਹੋਇ ॥

Sitting[45] and standing[46], continually[47] remember[48] thou thy God and thou shalt be in peace[50] for ever and aye[49].

ਬੈਠਿਆਂ[45] ਅਤੇ ਖਲੋਤਿਆਂ[46] ਤੂੰ ਲਗਾਤਾਰ[47] ਆਪਣੇ ਹਰੀ ਨੂੰ ਯਾਦ ਕਰ[48] ਅਤੇ ਤੂੰ ਹਮੇਸ਼ਾਂ ਤੇ ਨਿਤ[49] ਹੀ ਆਰਾਮ[50] ਵਿਚ ਰਹੇਂਗਾ।

ਨਾਨਕ ਅੰਮ੍ਰਿਤੁ[51] ਸਦ ਹੀ ਵਰਸਦਾ ਗੁਰਮੁਖਿ[52] ਦੇਵੈ[53] ਹਰਿ ਸੋਇ[54] ॥੧॥

Nanak, the Lord's Nectar[51], ever continues raining. He[54], the Lord blesses[53] the mortal with it, through the Guru[52].

ਨਾਨਕ ਪ੍ਰਭੂ ਦਾ ਸੁਧਾਰਸ[51] ਸਦੀਵ ਹੀ ਵਰ੍ਹਦਾ ਰਹਿੰਦਾ ਹੈ। ਉਹ[54] ਪ੍ਰਭੂ, ਗੁਰਾਂ[52] ਦੇ ਰਾਹੀਂ, ਇਸ ਦੀ ਦਾਤ ਬਖ਼ਸ਼ਦਾ[53] ਹੈ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ।

ਕਲਮਲਿ[55] ਹੋਈ ਮੇਦਨੀ[56]

When the world[56] is in distress[55], it

ਜਦ ਦੁਨੀਆਂ[56] ਤਕਲੀਫ਼[55] ਅੰਦਰ ਹੁੰਦੀ ਹੈ, ਤਾਂ ਇਹ

ਅਰਦਾਸਿ[57] ਕਰੇ ਲਿਵ[58] ਲਾਇ ॥	prays[57] to the Lord in love[58].	ਪਿਆਰ[58] ਅੰਦਰ ਸਾਂਈਂ ਕੋਲ ਬੇਨਤੀ ਕਰਦੀ[57] ਹੈ।
ਸਚੈ[59] ਸੁਣਿਆ ਕੰਨੁ ਦੇ[60] ਧੀਰਕ[61] ਦੇਵੈ ਸਹਜਿ[62] ਸੁਭਾਇ ॥	Giving[60] His ear, the True Lord[59] listens and comforts[61] it all-too-spontaneously[62].	ਆਪਣਾ ਕੰਨ ਦੇ ਕੇ[60] ਸੱਚਾ ਸੁਆਮੀ[59] ਸੁਣਦਾ ਹੈ ਅਤੇ ਸੁਤੇਸਿਧ[62] ਹੀ ਇਸ ਨੂੰ ਧੀਰਜ ਦਿੰਦਾ[61] ਹੈ।
ਇੰਦ੍ਰੈ[63] ਨੋ ਫੁਰਮਾਇਆ[64] ਵੁਠਾ[65] ਛਹਬਰ[66] ਲਾਇ ॥	The Lord orders[64] the cloud-god[63] and the rain falls[65] in torrents[66].	ਸੁਆਮੀ ਬੱਦਲਾਂ[63] ਦੇ ਦੇਵਤੇ ਨੂੰ ਹੁਕਮ ਦਿੰਦਾ[64] ਹੈ ਅਤੇ ਮੀਂਹ ਮੂਸਲਾਧਾਰ[66] ਵਰ੍ਹਦਾ[65] ਹੈ।
ਅਨੁ[67] ਧਨੁ[68] ਉਪਜੈ[69] ਬਹੁ[70] ਘਣਾ[71] ਕੀਮਤਿ[72] ਕਹਣੁ ਨ ਜਾਇ ॥	Corn[67] and wealth[68] are produced[69] in great[70] abundance[71] and their worth[72] can be told not.	ਅਨਾਜ[67] ਅਤੇ ਦੌਲਤ[68] ਖਰੇ[70] ਹੀ ਜ਼ਿਆਦਾ[71] ਪੈਦਾ ਹੋ ਜਾਂਦੇ[69] ਹਨ ਅਤੇ ਉਨ੍ਹਾਂ ਦਾ ਮੁੱਲ[72] ਆਖਿਆ ਨਹੀਂ ਜਾ ਸਕਦਾ।
ਨਾਨਕ ਨਾਮੁ ਸਲਾਹਿ[73] ਤੂ ਸਭਨਾ ਜੀਆ[74] ਦੇਦਾ[75] ਰਿਜਕੁ[76] ਸੰਬਾਹਿ[77] ॥	O Nanak, praise[73] thou the Name of God, who reaches[77] and gives[75] sustenance[76] to all the beings[74].	ਹੇ ਨਾਨਕ! ਤੂੰ ਰੱਬ ਦੇ ਨਾਮ ਦੀ ਸਿਫ਼ਤ[73] ਕਰ, ਜੋ ਸਾਰਿਆਂ ਜੀਵਾਂ[74] ਨੂੰ ਰੋਜ਼ੀ[76] ਪੁਚਾਉਂਦਾ[77] ਅਤੇ ਦਿੰਦਾ[75] ਹੈ।
ਜਿਤੁ ਖਾਧੈ ਸੁਖੁ ਊਪਜੈ[78] ਫਿਰਿ[79] ਦੂਖੁ ਨ ਲਾਗੈ[80] ਆਇ ॥੨॥	By eating which joy wells up[78] and pain clings[80] not to the mortal again[79].	ਜਿਸ ਨੂੰ ਖਾਣ ਦੁਆਰਾ, ਖ਼ੁਸ਼ੀ ਉਤਪੰਨ ਹੋ ਜਾਂਦੀ[78] ਹੈ ਅਤੇ ਪ੍ਰਾਣੀ ਨੂੰ ਮੁੜ ਕੇ[79] ਤਕਲੀਫ਼ ਨਹੀਂ ਚਿਮੜਦੀ[80]।
ਪਉੜੀ ॥	Pauri.	ਪਉੜੀ।
ਹਰਿ ਜੀਉ[81] ਸਚਾ ਸਚੁ[82] ਤੂ ਸਚੇ[83] ਲੈਹਿ ਮਿਲਾਇ[84] ॥	O sire[81] Master, Thou art the Truest of the True[82]. The man of truth[83], Thou blendest[84] with Thyself.	ਹੇ ਮਹਾਰਾਜ[81] ਮਾਲਕ! ਤੂੰ ਸਚਿਆਰਾਂ ਦਾ ਪਰਮ ਸਚਿਆਰ[82] ਹੈਂ। ਸੱਚੇ[83] ਪੁਰਸ਼ ਨੂੰ ਤੂੰ ਆਪਣੇ ਨਾਲ ਅਭੇਦ ਕਰ ਲੈਂਦਾ[84] ਹੈਂ।
ਦੂਜੈ[85] ਦੂਜੀ[86] ਤਰਫ[87] ਹੈ ਕੂੜਿ[88] ਮਿਲੈ[89] ਨ ਮਿਲਿਆ[90] ਜਾਇ ॥	The others[85] are on the side[87] of duality[86]. They deal[89] in falsehood[88] and can meet[90] not the Lord.	ਹੋਰ[85] ਦਵੈਤ-ਭਾਵਾਂ[86] ਦੇ ਪਾਸੇ[87] ਵੱਲ ਹਨ। ਉਹ ਝੂਠ[88] ਦਾ ਵਿਹਾਰ ਕਰਦੇ[89] ਹਨ ਅਤੇ ਸੁਆਮੀ ਨੂੰ ਮਿਲ[90] ਨਹੀਂ ਸਕਦੇ।
ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ[91] ਦੇਇ ਦਿਖਾਇ[92] ॥	Thou Thyself unitest and separatest and Thyself exhibits[92] Thine Omnipotence[91], O Lord.	ਤੂੰ ਆਪ ਮਿਲਾਉਂਦਾ ਤੇ ਵਿਛੋੜਦਾ ਹੈਂ ਅਤੇ ਆਪ ਹੀ ਆਪਣੀ ਅਪਾਰ ਸ਼ਕਤੀ[91] ਨੂੰ ਵਿਖਾਲਦਾ[92] ਹੈਂ, ਹੇ ਸੁਆਮੀ!
ਮੋਹੁ[93] ਸੋਗੁ[94] ਵਿਜੋਗੁ[95] ਹੈ ਪੂਰਬਿ[96] ਲਿਖਿਆ[97] ਕਮਾਇ[98] ॥	Worldly love[93] makes man experience sorrow[94] of separation[95] and his present deeds[98] are in accordance with his predestined[96] writ[97].	ਸੰਸਾਰੀ ਮਮਤਾ[93] ਰਾਹੀਂ ਇਨਸਾਨ ਵਿਛੋੜੇ[95] ਦੇ ਸ਼ੋਕ[54] ਨੂੰ ਮਹਿਸੂਸ ਕਰਦਾ ਹੈ ਅਤੇ ਉਸ ਦੇ ਮੌਜੂਦਾ ਅਮਲ[98] ਉਸ ਦੀ ਪੂਰਬਲੀ[96] ਲਿਖੀ ਹੋਈ ਲਿਖਤਾਕਾਰ[97] ਅਨੁਸਾਰ ਹਨ।
ਹਉ ਬਲਿਹਾਰੀ[99] ਤਿਨ ਕਉ ਜੋ ਹਰਿ ਚਰਣੀ[100] ਰਹੇ ਲਿਵ ਲਾਇ[2] ॥	I am a sacrifice[99] unto those, who remain attuned[2] to the Lord's feet[100].	ਮੈਂ ਉਹਨਾਂ ਉਤੋਂ ਘੋਲੀ ਜਾਂਦਾ[99] ਹਾਂ, ਜੋ ਪ੍ਰਭੂ ਦੇ ਪੈਰਾਂ[100] ਨਾਲ ਪਿਰਹੜੀ ਪਾਈ ਰਖਦੇ[2] ਹਨ।
ਜਿਉ[3] ਜਲ[4] ਮਹਿ[5] ਕਮਲੁ[7] ਅਲਿਪਤੁ[6] ਹੈ	The Lord has made such[8] a make[9] of those, that they remain detached[6]	ਪ੍ਰਭੂ ਨੇ ਉਹਨਾਂ ਦੀ ਐਹੋ ਜੇਹੀ[8] ਘਾੜਤ[9] ਘੜੀ ਹੈ, ਕਿ ਉਹ ਪਾਣੀ[4] ਵਿਚ[5] ਕੰਵਲ[7] ਦੀ ਨਿਆਈਂ[3]

ਐਸੀ[8] ਬਣਤ[9] ਬਣਾਇ ॥
ਸੇ[10] ਸੁਖੀਏ[12] ਸਦਾ[13] ਸੋਹਣੇ[14] ਜਿਨਿ ਵਿਚਹੁ ਆਪੁ[15] ਗਵਾਇ[16] ॥
ਤਿਨ ਸੋਗੁ ਵਿਜੋਗੁ ਕਦੇ[17] ਨਹੀ ਜੋ ਹਰਿ ਕੈ ਅੰਕਿ[18] ਸਮਾਇ[19] ॥੭॥

ਸਲੋਕ ਮਹਲਾ ੩ ॥

ਨਾਨਕ ਸੋ[20] ਸਾਲਾਹੀਐ[21] ਜਿਸੁ ਵਸਿ[22] ਸਭੁ ਕਿਛੁ ਹੋਇ ॥
ਤਿਸੈ[23] ਸਰੇਵਿਹੁ[24] ਪ੍ਰਾਣੀਹੋ[25] ਤਿਸੁ[26] ਬਿਨੁ ਅਵਰੁ[27] ਨ ਕੋਇ ॥
ਗੁਰਮੁਖਿ[28] ਹਰਿ ਪ੍ਰਭੁ[29] ਮਨਿ[30] ਵਸੈ ਤਾਂ[31] ਸਦਾ ਸਦਾ ਸੁਖੁ ਹੋਇ ॥
ਸਹਸਾ[32] ਮੂਲਿ[33] ਨ ਹੋਵਈ ਸਭ ਚਿੰਤਾ[34] ਵਿਚਹੁ ਜਾਇ[35] ॥
ਜੋ ਕਿਛੁ[39] ਹੋਇ ਸੁ[36] ਸਹਜੇ[37] ਹੋਇ ਕਹਣਾ[38] ਕਿਛੂ ਨ ਜਾਇ ॥
ਸਚਾ ਸਾਹਿਬੁ ਮਨਿ[40] ਵਸੈ ਤਾਂ[41] ਮਨਿ[42] ਚਿੰਦਿਆ[43] ਫਲੁ[44] ਪਾਇ ॥
ਨਾਨਕ ਤਿਨ ਕਾ ਆਖਿਆ[45] ਆਪਿ ਸੁਣੇ ਜਿ ਲਇਅਨੁ ਪੰਨੈ[46] ਪਾਇ[47] ॥੧॥

ਮਹਲਾ ੩ ॥

ਅੰਮ੍ਰਿਤੁ[48] ਸਦਾ[49] ਵਰਸਦਾ[50] ਬੂਝਹਿ[51] ਬੂਝਣਹਾਰ[52] ॥
ਗੁਰਮੁਖਿ[53] ਜਿਨੀ

like[3] the lotus[7] in[5] water[4].

Ever[13] blissful[12] and beauteous[14] are they[10], who from within themselve banish[16] their self-conceit[15].

They, who are merged[19] in the Lord's Being[18], experience not sorrow and separation ever[17].

Slok 3rd Guru.

Praise[21] thou Him[20], O Nanak in whose power[22] lies everything.

O mortals[25], perform ye the service[24] of that[23] Lord. Without Him[26], there is not any other[27].

If by the Guru's grace[28], the Lord God[29] abides[30] in the mind, then[31] man is ever, ever in peace.

He is ridden not with doubt[32] ever[33] and from within him all the anxiety[34] is eliminated[35].

Whatever[39] happens, that[36] happens spontaneously[37] and the mortal has no say[38] in anything.

If the True Lord[40] abides within man's mind, then,[41] obtains he, his [42]heart-desired[43] boons[44].

Nanak, the Lord Himself hears the word[45] of those, whose Name He enters[47] in his account book[46].

3rd Guru.

The Lord's Nectar[48] ever[49] rains[50].

The man of wisdom[52] alone understands[51] this thing.

He, who by the Guru's grace[53],

ਨਿਰਲੇਪ[6] ਰਹਿੰਦੇ ਹਨ।

ਸਦੀਵ[13] ਹੀ ਪ੍ਰਸੰਨ[12] ਅਤੇ ਸੁੰਦਰ[14] ਹਨ ਉਹ[10] ਜੋ ਆਪਣੇ ਅੰਦਰੋਂ ਆਪਣੀ ਸਵੈ-ਹੰਗਤਾ[15] ਨੂੰ ਦੂਰ ਕਰ ਦਿੰਦੇ ਹਨ[16]।

ਜੋ ਸੁਆਮੀ ਦੇ ਸਰੂਪ[18] ਅੰਦਰ ਲੀਨ[19] ਹੋਏ ਹੋਏ ਹਨ, ਉਹਨਾਂ ਨੂੰ ਸ਼ੋਕ ਅਤੇ ਵਿਛੋੜਾ ਕਦਾਚਿਤ[17] ਨਹੀਂ ਵਿਆਪਦਾ।

ਸਲੋਕ ਤੀਜੀ ਪਾਤਿਸ਼ਾਹੀ।

ਤੂੰ ਉਸ[20] ਦੀ ਸਿਫ਼ਤ[21] ਕਰ, ਹੇ ਨਾਨਕ! ਜਿਸ ਦੇ ਇਖ਼ਤਿਆਰ[22] ਵਿਚ ਹਰ ਵਸਤੂ ਹੈ।

ਹੇ ਫ਼ਾਨੀ ਬੰਦਿਓ[25]! ਤੁਸੀਂ ਉਸ[23] ਸੁਆਮੀ ਦੀ ਟਹਿਲ ਸੇਵਾ[24] ਕਮਾਓ। ਉਸ[26] ਦੇ ਬਗ਼ੈਰ, ਹੋਰ ਕੋਈ[27] ਨਹੀਂ।

ਜੇਕਰ ਗੁਰਾਂ ਦੀ ਦਇਆ[28] ਦੁਆਰਾ, ਸਾਂਈਂ[29] ਹਰੀ ਚਿਤ ਵਿਚ ਟਿਕ ਜਾਵੇ[30], ਤਦ[31] ਇਨਸਾਨ ਨੂੰ ਹਮੇਸ਼ਾ, ਹਮੇਸ਼ਾ ਲਈ ਆਰਾਮ ਪਰਾਪਤ ਹੋ ਜਾਂਦਾ ਹੈ।

ਉਸ ਨੂੰ ਕਦੇ ਭੀ[33] ਸੰਦੇਹ[32] ਨਹੀਂ ਵਿਆਪਦਾ ਅਤੇ ਉਸ ਦੇ ਅੰਦਰੋਂ ਸਮੂਹ ਫ਼ਿਕਰ[34] ਦੂਰ ਹੋ ਜਾਂਦਾ[35] ਹੈ।

ਜਿਹੜਾ ਕੁਝ[39] ਹੁੰਦਾ ਹੈ, ਉਹ[36] ਸੁਤੇਸਿਧ[37] ਹੀ ਹੁੰਦਾ ਹੈ ਅਤੇ ਪ੍ਰਾਣੀ ਦਾ ਕਿਸੇ ਸ਼ੈ ਵਿਚ ਕੋਈ ਦਖ਼ਲ[38] ਨਹੀਂ।

ਜੇਕਰ ਸੱਚਾ ਸੁਆਮੀ[40] ਬੰਦੇ ਦੇ ਚਿਤ ਅੰਦਰ ਨਿਵਾਸ ਕਰ ਲਵੇ, ਤਦ[41] ਉਹ ਆਪਣੇ [47]ਚਿਤ-ਚਾਹੁੰਦੀਆਂ[43] ਮੁਰਾਦਾਂ[44] ਪਾ ਲੈਂਦਾ ਹੈ।

ਨਾਨਕ ਸੁਆਮੀ ਖ਼ੁਦ ਉਹਨਾਂ ਦੇ ਕਥਨ[45] ਨੂੰ ਸੁਣਦਾ ਹੈ ਜਿਨ੍ਹਾਂ ਦਾ ਨਾਮ ਉਹ ਆਪਣੇ ਹਿਸਾਬ ਕਿਤਾਬ[46] ਵਿਚ ਲਿਖ ਲੈਂਦਾ[47] ਹੈ।

ਤੀਜੀ ਪਾਤਿਸ਼ਾਹੀ।

ਪ੍ਰਭੂ ਦਾ ਸੁਧਾਰਸ[48] ਸਦੀਵ[49] ਹੀ ਵਰ੍ਹਦਾ[50] ਹੈ।

ਕੇਵਲ ਦਾਨਾ[52] ਪੁਰਸ਼ ਹੀ ਇਸ ਗੱਲ ਨੂੰ ਸਮਝਦਾ[51] ਹੈ।

ਜੋ ਗੁਰਾਂ ਦੀ ਦਇਆ[53] ਦੁਆਰਾ, ਇਸ ਨੂੰ ਅਨੁਭਵ

ਬੁਝਿਆ[56] ਹਰਿ ਅੰਮ੍ਰਿਤੁ ਰਖਿਆ ਉਰਿ[54] ਧਾਰਿ[55] ॥
ਹਰਿ ਅੰਮ੍ਰਿਤੁ ਪੀਵਹਿ[57] ਸਦਾ[63] ਰੰਗਿ[58] ਰਾਤੇ[59] ਹਉਮੈ[60] ਤ੍ਰਿਸਨਾ[61] ਮਾਰਿ[62] ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ[63]* ਕਿਰਪਾ[64] ਧਾਰਿ[65] ॥
ਨਾਨਕ ਗੁਰਮੁਖਿ[66] ਨਦਰੀ[67] ਆਇਆ ਹਰਿ ਆਤਮੁ ਰਾਮ[68] [69]ਮੁਰਾਰਿ[70]॥ ੨ ॥

realises[56] this, keeps the Lord's Nectar enshrined[55] in his mind[54].
They who still[62] their ego[60] and desire[61], ever[63] indrink[57] the Lord's Nectar and remain imbued[59] with His love[58].
The Nectar is the Lord's Name and it rains[63]* when the Lord showers[65] His benediction[64].
O Nanak, by the Guru's grace[66], the Lord God, the Supreme Soul[68] and the enemy[70] of ego[69], is seen[67].

ਕਰਦਾ[56] ਹੈ, ਉਹ ਪ੍ਰਭੂ ਦੇ ਸੁਧਾਰਸ ਨੂੰ ਆਪਣੇ ਹਿਰਦੇ[54] ਵਿਚ ਟਿਕਾਈ ਰਖਦਾ[55] ਹੈ।
ਜੋ ਆਪਣੀ ਹੰਗਤਾ[60] ਅਤੇ ਖ਼ਾਹਿਸ਼[61] ਨੂੰ ਮੇਟ ਸੁਟਦੇ[62] ਹਨ, ਉਹ ਹਮੇਸ਼ਾ[63] ਹੀ ਪ੍ਰਭੂ ਦੇ ਸੁਧਾਰਸ ਨੂੰ ਪਾਨ ਕਰਦੇ[57] ਅਤੇ ਉਸ ਦੀ ਪ੍ਰੀਤ[58] ਨਾਲ ਰੰਗੇ ਰਹਿੰਦੇ[59] ਹਨ।
ਸੁਧਾਰਸ ਹੈ ਸੁਆਮੀ ਦਾ ਨਾਮ ਅਤੇ ਜਦ ਸੁਆਮੀ ਆਪਣੀ ਮਿਹਰ[64] ਕਰਦਾ[65] ਹੈ ਤਦ ਹੀ ਇਹ ਬਰਸਦਾ[63]* ਹੈ।
ਨਾਨਕ ਗੁਰਾਂ ਦੀ ਦਇਆ[66] ਦੁਆਰਾ ਪਰਮ ਰੂਹ[68] ਅਤੇ ਹੰਕਾਰ[69] ਦਾ ਵੈਰੀ[70] ਸੁਆਮੀ ਵਾਹਿਗੁਰੂ ਵੇਖਿਆ ਜਾਂਦਾ[67] ਹੈ।

੧੨੮੨ / 1282 / ੧੨੮੨

ਪਉੜੀ ॥ / Pauri. / ਪਉੜੀ।

ਅਤੁਲੁ[71] ਕਿਉ[72] ਤੋਲੀਐ ਵਿਣੁ ਤੋਲੇ ਪਾਇਆ[73] ਨ ਜਾਇ ॥
ਗੁਰ ਕੈ ਸਬਦਿ[74] ਵੀਚਾਰੀਐ[75] ਗੁਣ[76]ਮਹਿ[77] ਰਹੈ ਸਮਾਇ[78] ॥
ਅਪਣਾ[79] ਆਪੁ ਆਪਿ[80] ਤੋਲਸੀ ਆਪੇ ਮਿਲੈ[81] ਮਿਲਾਇ[82] ॥
ਤਿਸ[83] ਕੀ ਕੀਮਤਿ[84] ਨਾ ਪਵੈ ਕਹਣਾ[85] ਕਿਛੂ ਨ ਜਾਇ ॥
ਹਉ ਬਲਿਹਾਰੀ[86] ਗੁਰ ਆਪਣੇ ਜਿਨਿ ਸਚੀ ਬੂਝ[87] ਦਿਤੀ ਬੁਝਾਇ[88] ॥
ਜਗਤੁ[89] ਮੁਸੈ[90] ਅੰਮ੍ਰਿਤੁ ਲੁਟੀਐ[91] ਮਨਮੁਖ[92] ਬੂਝ[93] ਨ ਪਾਇ ॥
ਵਿਣੁ ਨਾਵੈ ਨਾਲਿ[94] ਨ ਚਲਸੀ[95] ਜਾਸੀ[96] ਜਨਮੁ[97]

How[72] can the Unweighable Lord[71] be weighed ? Without weighing Him, He can be obtained[73] not.
Reflecting[75] on the Lord through the Guru's word[74], one remains merged[78] in[77] virtue[76].
His ownself[79], the Lord of Himself[80] weighs. He alone, whom He Himself makes meet[82], meets[81] with Him.
His[83] worth[84] can be ascertained not and apropos this absolutely nothing can be said[85].
I am a sacrifice[86] unto my Guru, who has imparted[88] unto me, the true understanding[87].
The world[89] is being beguiled[90] and the Nectar is being plundered[91], but the egocentric[92] understands[93] it not.
Without the Name, nothing shall go[95] with[94] him and he shall depart[96],

ਅਜੋਖ ਪ੍ਰਭੂ[71] ਕਿਸ ਤਰ੍ਹਾਂ[72] ਜੋਖਿਆ ਜਾ ਸਕਦਾ ਹੈ ? ਉਸ ਨੂੰ ਜੋਖਣ ਦੇ ਬਗ਼ੈਰ, ਉਸ ਦੀ ਪਰਾਪਤੀ[73] ਨਹੀਂ ਹੁੰਦੀ।
ਗੁਰਾਂ ਦੀ ਬਾਣੀ[74] ਰਾਹੀਂ ਸਾਹਿਬ ਦਾ ਧਿਆਨ ਧਾਰਨ ਦੁਆਰਾ[75] ਜੀਵ ਨੇਕੀ[76] ਅੰਦਰ[77] ਲੀਨ ਹੋਇਆ ਰਹਿੰਦਾ[78] ਹੈ।
ਆਪਣੇ ਆਪ[79] ਨੂੰ ਸੁਆਮੀ ਖ਼ੁਦ[80] ਹੀ ਜੋਖਦਾ ਹੈ। ਜਿਸ ਨੂੰ ਉਹ ਖ਼ੁਦ ਮਿਲਾਉਂਦਾ[82] ਹੈ, ਕੇਵਲ ਉਹ ਹੀ ਉਸ ਨਾਲ ਮਿਲਦਾ[81] ਹੈ।
ਉਸ[83] ਦਾ ਮੁੱਲ[84] ਪਾਇਆ ਨਹੀਂ ਜਾ ਸਕਦਾ ਅਤੇ ਇਸ ਦੇ ਬਾਰੇ ਕੁਝ ਭੀ ਆਖਿਆ[85] ਨਹੀਂ ਜਾ ਸਕਦਾ।
ਮੈਂ ਆਪਣੇ ਗੁਰਾਂ ਉਤੋਂ ਘੋਲੀ ਜਾਂਦਾ[86] ਹਾਂ, ਜਿਨ੍ਹਾਂ ਨੇ ਮੈਨੂੰ ਸੱਚੀ ਸਮਝ[87] ਦਰਸਾਈ[88] ਹੈ।
ਸੰਸਾਰ[89] ਠੱਗਿਆ[90] ਜਾ ਰਿਹਾ ਹੈ ਅਤੇ ਸੁਧਾਰਸ ਲੁੱਟਿਆ ਖਸੁਟਿਆ[91] ਜਾ ਰਿਹਾ ਹੈ,ਪਰੰਤੂ ਮਨਮਤੀਆ[92] ਇਸ ਨੂੰ ਸਮਝਦਾ[93] ਨਹੀਂ।
ਨਾਮ ਦੇ ਬਾਝੋਂ ਕੁਝ ਭੀ ਉਸ ਦੇ ਸਾਥ[94] ਨਹੀਂ ਜਾਣਾ[95] ਅਤੇ ਉਹ ਆਪਣਾ ਜੀਵਨ[97] ਗੁਆ ਕੇ[98] ਟੁਰ

ਗਵਾਇ[98] ॥

after wasting[98] his life[97].

ਜਾਵੇਗਾ[96] ।

ਗੁਰਮਤੀ[99] ਜਾਗੇ ਤਿਨੀ ਘਰ ਰਾਖਿਆ[100] ਦੂਤਾ[2] ਕਾ ਕਿਛੁ ਨ ਵਸਾਇ[3] ॥੮॥

They who remain awake, by the Guru's instruction[99], keep their home intact[100] and the demons[2] become helpless[3].

ਜੋ ਗੁਰਾਂ ਦੇ ਉਪਦੇਸ਼[99] ਦੁਆਰਾ ਜਾਗਦੇ ਰਹਿੰਦੇ ਹਨ, ਉਹ ਆਪਣੇ ਧਾਮ ਨੂੰ ਬਚਾ ਲੈਂਦੇ[100] ਹਨ ਅਤੇ ਰਾਖਸ਼ਾਂ[2] ਦੀ ਵਾਹ ਨਹੀਂ ਚਲਦੀ[3] ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਬਾਬੀਹਾ[4] ਨਾ ਬਿਲਲਾਇ[5] ਨਾ ਤਰਸਾਇ[6] ਏਹੁ ਮਨੁ[7] ਖਸਮ[8] ਕਾ ਹੁਕਮੁ[9] ਮੰਨਿ[10]॥ ਨਾਨਕ ਹੁਕਮਿ ਮੰਨਿਐ ਤਿਖ[12] ਉਤਰੈ[13] ਚੜੈ ਚਵਗਲਿ[14] ਵੰਨੁ[15] ॥੧॥

O pied-cuckoo[4], wail[5] not, nor allow this soul[7] of thine to long for[6] water. Obey[10] thou thy Lord's[8] command[9]. Nanak, by submitting to His will, thy thirst[12] shall be quenched[13] and thou shalt have fourfold[14] love[15] for Him.

ਹੇ ਪਪੀਹੇ[4] ! ਵਿਰਲਾਪ[5] ਨਾ ਕਰ, ਨਾ ਹੀ ਆਪਣੀ ਇਸ ਆਤਮਾ[7] ਨੂੰ ਪਾਣੀ ਲਈ ਤਾਂਘ[6] ਕਰਨ ਦੇ । ਤੂੰ ਆਪਣੇ ਸੁਆਮੀ[8] ਦੇ ਫ਼ੁਰਮਾਨ[9] ਨੂੰ ਸਵੀਕਾਰ[10] ਕਰ । ਨਾਨਕ, ਉਸ ਦੀ ਰਜ਼ਾ ਨੂੰ ਕਬੂਲ ਕਰਨ ਦੁਆਰਾ ਤੇਰੀ ਪਿਆਸ[12] ਬੁਝ ਜਾਵੇਗੀ[13] ਅਤੇ ਤੇਰੀ ਪ੍ਰੀਤ[15] ਉਸ ਨਾਲ ਚਾਰ ਗੁਣਾਂ[14] ਹੋ ਜਾਵੇਗੀ ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ ।

ਬਾਬੀਹਾ ਜਲ[16] ਮਹਿ[17] ਤੇਰਾ ਵਾਸੁ[18] ਹੈ ਜਲ ਹੀ ਮਾਹਿ ਫਿਰਾਹਿ[19] ॥

O pied-cuckoo, in[17] water[16] is thy dwelling[18] and in the water thou wanderest[19].

ਹੇ ਪਪੀਹੇ ! ਪਾਣੀ[16] ਅੰਦਰ[17] ਤੇਰਾ ਵਸੇਬਾ[18] ਹੈ ਅਤੇ ਪਾਣੀ ਅੰਦਰ ਹੀ ਤੂੰ ਫਿਰਦਾ[19] ਹੈਂ ।

ਜਲ ਕੀ ਸਾਰ[20] ਨ ਜਾਣਹੀ ਤਾਂ[21] ਤੂੰ ਕੂਕਣ[22] ਪਾਹਿ ॥

Thou knowest not the worth[20] of the water, therefore[21] wailest[22] thou.

ਤੈਨੂੰ ਪਾਣੀ ਦੀ ਕਦਰ[20] ਨਹੀਂ, ਇਸ[21] ਲਈ ਤੂੰ ਵਿਰਲਾਪ[22] ਕਰਦਾ ਹੈਂ ।

ਜਲ ਥਲ[23] ਚਹੁਦਿਸਿ[24] ਵਰਸਦਾ ਖਾਲੀ[25] ਕੋ ਥਾਉ[26] ਨਾਹਿ ॥

On the water and the land[23], it rains in four direction[24] and no place[26] is bereft[25] of the rain.

ਪਾਣੀ ਅਤੇ ਜ਼ਮੀਨ[23] ਉਤੇ, ਚੌਹੀਂ ਪਾਸੀਂ[24] ਮੀਂਹ ਵਰ੍ਹਦਾ ਹੈ ਅਤੇ ਮੀਂਹ ਤੋਂ ਸੱਖਣੀ[25] ਕੋਈ ਜਗ੍ਹਾ[26] ਨਹੀਂ ।

ਏਤੈ[27] ਜਲਿ[28] ਵਰਸਦੇ ਤਿਖ[29] ਮਰਹਿ ਭਾਗ[30] ਤਿਨਾ[31] ਕੇ ਨਾਹਿ[30] ॥

Inspite of so much[27] rainfall[28], they[31] who die of thirst[29], are but unfortunate[30].

ਏਨੀ ਬਹੁਤੀ[27] ਬਾਰਸ਼[28] ਹੋਣ ਦੇ ਬਾਵਜੂਦ, ਜੋ ਤਿਹਾਏ[29] ਮਰਦੇ ਹਨ, ਉਹ[31] ਨਿਰੋਪੁਰੇ ਨਿਰਕਰਮਣ[30] ਹਨ ।

ਨਾਨਕ ਗੁਰਮੁਖਿ[32] ਤਿਨ[33] ਸੋਝੀ[34] ਪਈ[38] ਜਿਨ ਵਸਿਆ[35] ਮਨ[36] ਮਾਹਿ[37] ॥੨॥

Nanak, they[33] alone, within[37] whose mind[36] the Lord abides[35], obtain[38] understanding[34] by the Guru's grace[32].

ਨਾਨਕ, ਕੇਵਲ ਉਹ[33] ਹੀ ਜਿਨ੍ਹਾਂ ਦੇ ਅੰਤਰ[37] ਆਤਮੇ[36] ਸੁਆਮੀ ਵਸਦਾ[35] ਹੈ ਗੁਰਾਂ ਦੀ[32] ਦਇਆ ਦੁਆਰਾ ਗਿਆਤ[34] ਨੂੰ ਪ੍ਰਾਪਤ ਹੁੰਦੇ ਹਨ[38] ।

ਪਉੜੀ ॥

Pauri.

ਪਉੜੀ ।

ਨਾਥ[39] ਜਤੀ[40] ਸਿਧ[41] ਪੀਰ[42] ਕਿਨੈ ਅੰਤੁ[43] ਨ ਪਾਇਆ[44] ॥

The nine great yogis[39], six celibates[40], eighty four men of miracles[41] and the religious guides[42]. Of these no one knows[44] the Lord's limit[43].

ਨੌ ਵਡੇ ਯੋਗੀ[39], ਛੇ ਬ੍ਰਹਮਚਾਰੀ[40], ਚੁਰਾਸੀ ਕਰਾਮਾਤੀ[41] ਪੁਰਸ਼ ਅਤੇ ਧਾਰਮਕ ਆਗੂ[42] । ਇਨ੍ਹਾਂ ਵਿਚੋਂ ਕੋਈ ਭੀ ਸਾਹਿਬ ਦੇ ਓੜਕ[43] ਨੂੰ ਨਹੀਂ ਜਾਣਦਾ[44] ।

ਗੁਰਮੁਖਿ[45] ਨਾਮੁ ਧਿਆਇ[46]

Contemplating[46] the Name, through

ਗੁਰਾਂ ਦੇ ਰਾਹੀਂ[45] ਨਾਮ ਦਾ ਸਿਮਰਨ[46] ਕਰਨ

ਤੁਝੈ[47] ਸਮਾਇਆ[48] ॥	the Guru[45]. One merges[48] in Thee[47], O my Master.	ਦੁਆਰਾ ਜੀਵ ਤੇਰੇ[47] ਵਿਚ ਲੀਨ[48] ਹੋ ਜਾਂਦਾ ਹੈ, ਹੇ ਮੇਰੇ ਮਾਲਕ !
ਜੁਗ ਛਤੀਹ ਗੁਬਾਰੁ[49] ਤਿਸ[50] ਹੀ ਭਾਇਆ[51] ॥	For thirtysix ages, the Lord abided in utter darknees[49]. For such was His[50] will[51].	ਛਤੀ ਯੁਗਾਂ ਲਈ, ਸੁਆਮੀ ਅਨ੍ਹੇਰ ਘੁਪ[49] ਅੰਦਰ ਵਸਦਾ ਸੀ। ਕਿਉਂ ਜੋ ਐਹੋ ਜੇਹੀ ਹੀ ਸੀ ਉਸ[50] ਦੀ ਰਜ਼ਾ[51]।
ਜਲਾ[52] ਬਿੰਬੁ[53] ਅਸਰਾਲੁ[54] ਤਿਨੈ[55] ਵਰਤਾਇਆ[56] ॥	All round Himself He[55] had created[56] the water[52], the terribe[54] water[53].	ਆਪਣੇ ਸਾਰੇ ਪਾਸੇ ਉਸ[55] ਨੇ ਪਾਣੀ[52], ਭਿਆਨਕ[54] ਪਾਣੀ[53] ਰਚਿਆ ਹੋਇਆ[56] ਸੀ।
ਨੀਲੁ[57] ਅਨੀਲੁ[58] ਅਗੰਮੁ[59] ਸਰਜੀਤੁ[60] ਸਬਾਇਆ[61] ॥	He, the Creator-Lord[60] of all[61] is endless[57], infinite[58] and inaccessible[59].	ਉਹ ਸਾਰਿਆਂ[61] ਦਾ ਸਿਰਜਣਹਾਰ ਸੁਆਮੀ[60], ਓੜਕ-ਰਹਿਤ[57], ਬੇਅੰਤ[58] ਅਤੇ ਪਹੁੰਚ ਤੋਂ ਪਰੇ[59] ਹੈ।
ਅਗਨਿ[62] ਉਪਾਈ[63] ਵਾਦੁ[64] ਭੁਖ[65] ਤਿਹਾਇਆ[66] ॥	He it is, who created[63] wrath[62], strife[64], hunger[65] and thirst[66].	ਉਸ ਨੇ ਹੀ ਗੁੱਸਾ[62], ਝਗੜਾ[64], ਭੁਖ[65] ਅਤੇ ਪਿਆਸ[66] ਪੈਦਾ ਕੀਤੀਆਂ[63] ਹਨ।
ਦੁਨੀਆ[67] ਕੈ ਸਿਰਿ[68] ਕਾਲੁ[69] ਦੂਜਾ[70] ਭਾਇਆ[71] ॥	Death[69] hovers over the head[68] of the world[67], that loves[71] another[70].	ਸੰਸਾਰ[67] ਦੇ ਸਿਰ[68] ਉਤੇ, ਜੋ ਹੋਰਸ[70] ਨੂੰ ਪਿਆਰ ਕਰਦਾ[71] ਹੈ, ਮੌਤ[69] ਮੰਡਲਾ ਰਹੀ ਹੈ।
ਰਖੈ ਰਖਣਹਾਰੁ[72] ਜਿਨਿ ਸਬਦੁ[73] ਬੁਝਾਇਆ[74] ॥ ੯ ॥	The saviour-Lord[72], saves those whom He causes to realise[74] His Name[73].	ਰੱਖਿਆ ਕਰਨਹਾਰ-ਸੁਆਮੀ[72], ਉਨ੍ਹਾਂ ਦੀ ਰੱਖਿਆ ਕਰਦਾ ਹੈ; ਜਿਨ੍ਹਾਂ ਨੂੰ ਉਹ ਆਪਣਾ ਨਾਮ[73] ਦਰਸਾਉਂਦਾ[74] ਹੈ।
ਸਲੋਕ ਮਹਲਾ ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ।
ਇਹੁ ਜਲੁ ਸਭ[75] ਤੈ ਵਰਸਦਾ[76] ਵਰਸੈ[77] ਭਾਇ[78] ਸੁਭਾਇ[79] ॥	This water rains[76] on every one[75]. The Lord by His lovable[78] disposition[79] makes it fall[77].	ਇਹ ਪਾਣੀ ਸਾਰਿਆਂ[75] ਉਤੇ ਵਰ੍ਹਦਾ[76] ਹੈ। ਸੁਆਮੀ ਆਪਣੇ ਪ੍ਰੇਮ ਭਰੇ[78] ਸੁਭਾਅ[79] ਦੁਆਰਾ, ਇਸ ਨੂੰ ਵਰਸਾਉਂਦਾ[77] ਹੈ।
ਸੇ[80] ਬਿਰਖਾ[81] ਹਰੀਆਵਲੇ[82] ਜੋ ਗੁਰਮੁਖਿ[83] ਰਹੇ ਸਮਾਇ[84] ॥	The[80] trees[81], which by the Guru's grace[83] remain merged[84] in the Lord, become green[82].	ਜਿਹੜੇ[80] ਰੁਖ[81], ਗੁਰਾਂ ਦੀ ਦਇਆ[83] ਦੁਆਰਾ, ਪ੍ਰਭੂ ਅੰਦਰ ਲੀਨ[84] ਹੋਏ ਰਹਿੰਦੇ ਹਨ, ਉਹ ਸਰਸਬਜ਼[82] ਹੋ ਜਾਂਦੇ ਹਨ।
ਨਾਨਕ ਨਦਰੀ[85] ਸੁਖੁ ਹੋਇ[86] ਏਨਾ ਜੰਤਾ[87] ਕਾ ਦੁਖੁ[88] ਜਾਇ[89] ॥੧॥	Nanak, by God's grace[85], peace wells up[86] and the pain[88] of these creatures[87] departs[89].	ਨਾਨਕ, ਵਾਹਿਗੁਰੂ ਦੀ ਰਹਿਮਤ[85] ਸਦਕਾ, ਆਰਾਮ ਉਤਪੰਨ ਹੁੰਦਾ[86] ਹੈ ਅਤੇ ਇਨ੍ਹਾਂ ਜੀਵਾਂ[87] ਦਾ ਕਸ਼ਟ[88] ਨਵਿਰਤ[89] ਹੋ ਜਾਂਦਾ ਹੈ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਭਿੰਨੀ[90] ਰੈਨਿ[91] ਚਮਕਿਆ[92] ਵੁਠਾ[93] ਛਹਬਰ[94] ਲਾਇ ॥	On a dewy[90] night[91], lightening flashes[92] and it rains[93] in torrents[94].	ਸਿੰਨੀ[90] ਰਾਤ੍ਰੀ[91] ਨੂੰ ਬਿਜਲੀ ਲਿਸ਼ਕਦੀ[92] ਹੈ ਅਤੇ ਮੂਸਲਾਧਾਰ[94] ਬਾਰਸ਼ ਹੁੰਦੀ[93] ਹੈ।
ਜਿਤੁ[100] ਵੁਠੈ[2] ਅਨੁ[95] ਧਨੁ[96] ਬਹੁਤੁ ਊਪਜੈ[97]	If it be the will[99] of the Lord[98], much corn[95] and wealth[96] are produced[97]	ਜੇਕਰ ਸੁਆਮੀ[98] ਦੀ ਇਹ ਰਜ਼ਾ[99] ਹੋਵੇ, ਤਾਂ ਜਿਥੇ[100] ਮੀਂਹ ਪੈਂਦਾ[2] ਹੈ, ਓਥੇ ਬਹੁਤਾ ਅਨਾਜ[95] ਅਤੇ ਦੌਲਤ[96]

ਜਾਂ ਸਹੁ[98] ਕਰੇ ਰਜਾਇ[99] ॥	there where[100] it rains[2].	ਉਤਪੰਨ[97] ਹੁੰਦੇ ਹਨ ।
ਜਿਤੁ[3] ਖਾਧੈ[4] ਮਨੁ[5] ਤ੍ਰਿਪਤੀਐ[6] ਜੀਆ[7] ਜੁਗਤਿ[8] ਸਮਾਇ[9] ॥	By partaking[4] of which[3], the soul[5] is sataited[6] and the creatures[7] adopt[9] the pure way of life[8].	ਜਿਸ[3] ਨੂੰ ਖਾਣ ਦੁਆਰਾ[4], ਜਿੰਦੜੀ[5] ਧ੍ਰਾਪ ਜਾਂਦੀ[6] ਹੈ ਅਤੇ ਜੀਵ[7] ਪਵਿੱਤਰ ਜੀਵਨ ਰਹੁ ਰੀਤੀ[8] ਇਖ਼ਤਿਆਰ[9] ਕਰ ਲੈਂਦੇ ਹਨ ।
ਇਹੁ ਧਨੁ[10] ਕਰਤੇ[12] ਕਾ ਖੇਲੁ[13] ਹੈ ਕਦੇ[14] ਆਵੈ ਕਦੇ ਜਾਇ ॥	This wealth[10] is the sport[13] of the Creator[12]. Sometimes[14] it comes and sometimes goes.	ਇਹ ਦੌਲਤ[10] ਸਿਰਜਣਹਾਰ[12] ਦੀ ਇਕ ਖੇਡ[13] ਹੈ। ਕਿਸੇ ਵੇਲੇ[14] ਇਹ ਆ ਜਾਂਦੀ ਹੈ ਤੇ ਕਿਸੇ ਵੇਲੇ ਚਲੀ ਜਾਂਦੀ ਹੈ ।
ਗਿਆਨੀ[15] ਕਾ ਧਨੁ ਨਾਮੁ ਹੈ ਸਦ[16] ਹੀ ਰਹੈ ਸਮਾਇ[17] ॥	The wealth of the God-conscious[15] being is the Lord's Name and in it he ever[16] remains merged[17].	ਰਬ ਨੂੰ ਜਾਨਣ ਵਾਲੇ[15] ਦੀ ਦੌਲਤ ਪ੍ਰਮੇਸ਼ਰ ਦਾ ਨਾਮ ਹੈ ਅਤੇ ਉਹ ਸਦੀਵ[16] ਹੀ ਇਸ ਅੰਦਰ ਲੀਨ[17] ਹੋਇਆ ਰਹਿੰਦਾ ਹੈ ।
ਨਾਨਕ ਜਿਨ ਕਉ ਨਦਰਿ[18] ਕਰੇ[19] ਤਾਂ[20] ਇਹੁ ਧਨੁ ਪਲੈ ਪਾਇ[21] ॥੨॥	Nanak, they on whom the Lord casts[19] His merciful glance[18]; they are forthwith[20] blessed[21] with this wealth.	ਨਾਨਕ, ਜਿਨ੍ਹਾਂ ਉਤੇ ਮਾਲਕ ਆਪਣੀ ਮਿਹਰ ਦੀ ਨਜ਼ਰ[18] ਧਾਰਦਾ[19] ਹੈ; ਉਨ੍ਹਾਂ ਨੂੰ ਤਤਕਾਲ[20] ਹੀ ਇਸ ਦੌਲਤ ਦੀ ਦਾਤ ਪਰਾਪਤ[21] ਹੋ ਜਾਂਦੀ ਹੈ ।
ਪਉੜੀ ॥	Pauri.	ਪਉੜੀ ।
ਆਪਿ ਕਰਾਏ ਕਰੇ ਆਪਿ ਹਉ ਕੈ ਸਿਉ[22] ਕਰੀ ਪੁਕਾਰ[23] ॥	The Lord Himself causes to do and Himself does everything. Then before whom[22] am I to complain[23] ?	ਸੁਆਮੀ ਹਰ ਸ਼ੈ ਆਪੇ ਕਰਾਉਂਦਾ ਤੇ ਆਪੇ ਕਰਦਾ ਹੈ। ਤਾਂ ਮੈਂ ਕੀਹਦੇ[22] ਮੂਹਰੇ ਸ਼ਿਕਾਇਤ[23] ਕਰਾਂ ?
ਆਪੇ ਲੇਖਾ[24] ਮੰਗਸੀ ਆਪਿ ਕਰਾਏ ਕਾਰ[25] ॥	He, of Himself calls men to account[24] and of Himself He makes them do the deeds[25].	ਉਹ ਖ਼ੁਦ ਬੰਦਿਆਂ ਪਾਸੋਂ ਹਿਸਾਬ[24] ਮੰਗਦਾ ਹੈ ਅਤੇ ਖ਼ੁਦ ਹੀ ਉਨ੍ਹਾਂ ਕੋਲੋਂ ਕਰਮ[25] ਕਰਵਾਉਂਦਾ ਹੈ।
ਜੋ[26] ਤਿਸੁ[27] ਭਾਵੈ[28] ਸੋ[29] ਥੀਐ[30] ਹੁਕਮੁ[31] ਕਰੇ[32] ਗਾਵਾਰੁ[33] ॥	Whatever[26] pleases[28] Him[27], that[29] alone comes to pass[30]. It is only the fool[33] who asserts[32] his command[31].	ਜਿਹੜਾ ਕੁਛ[26] ਉਸ[27] ਨੂੰ ਚੰਗਾ ਲਗਦਾ[28] ਹੈ, ਕੇਵਲ ਉਹ[29] ਹੀ ਹੁੰਦਾ ਹੈ[30] । ਸਿਰਫ਼ ਮੂਰਖ[33] ਹੀ ਆਪਣੇ ਫ਼ੁਰਮਾਨ[31] ਦਾ ਦਾਵਾ ਬੰਨ੍ਹਦਾ[32] ਹੈ ।
ਆਪਿ ਛਡਾਏ[34] ਛੁਟੀਐ ਆਪੇ ਬਖਸਣਹਾਰੁ[35] ॥	Of Himself, the Lord is the Pardoner[35]. By His delivering[34] alone, one is delivered.	ਸੁਆਮੀ ਖ਼ੁਦ ਹੀ ਮੁਆਫ਼ੀ ਦੇਣਹਾਰ[35] ਹੈ। ਕੇਵਲ ਉਸ ਦੇ ਬੰਦ ਖ਼ਲਾਸ[34] ਕਰਨ ਦੁਆਰਾ ਹੀ ਜੀਵ ਬੰਦ-ਖ਼ਲਾਸ ਹੁੰਦਾ ਹੈ ।
ਆਪੇ ਵੇਖੈ[36] ਸੁਣੇ ਆਪਿ ਸਭਸੈ[37] ਦੇ[38] ਆਧਾਰੁ[39] ॥	The Lord Himself sees[36] and Himself hears everything. To all[37] the beings He lends[38] His support[39].	ਪ੍ਰਭੂ ਸਾਰਾ ਕੁਛ ਦੇਖਦਾ[36] ਹੈ ਅਤੇ ਖ਼ੁਦ ਹੀ ਸੁਣਦਾ ਹੈ। ਸਾਰਿਆਂ[37] ਜੀਵਾਂ ਨੂੰ ਉਹ ਆਪਣਾ ਆਸਰਾ[39] ਦਿੰਦਾ[38] ਹੈ ।
ਸਭ ਮਹਿ ਏਕੁ[41] ਵਰਤਦਾ[40] ਸਿਰਿ[42] ਸਿਰਿ ਕਰੇ ਬੀਚਾਰੁ[43] ॥	He alone[41] is contained[40] amongst all and gives thought[43] to one and all[42].	ਕੇਵਲ[41] ਉਹ ਹੀ ਸਾਰਿਆਂ ਅੰਦਰ ਵਿਆਪਕ[40] ਹੋ ਰਿਹਾ ਹੈ ਅਤੇ ਸਾਰਿਆਂ[42] ਵਲ ਧਿਆਨ[43] ਦਿੰਦਾ ਹੈ ।
੧੨੮੩	1283	੧੨੮੩
ਗੁਰਮੁਖਿ[44] ਆਪੁ[45]	Understanding[46] his ownself[45], by the	ਗੁਰਾਂ ਦੀ ਦਇਆ[44] ਦੁਆਰਾ, ਆਪਣੇ ਆਪ[45] ਨੂੰ

ਵੀਚਾਰੀਐ[46] ਲਗੈ ਸਚਿ[48] ਪਿਆਰੁ[47] ॥	Guru's grace[44], the mortal is attuned[47] to the True[48] Lord.	ਸਮਝਣ[46] ਦੁਆਰਾ ਪ੍ਰਾਣੀ ਦੀ ਸੱਚੇ[48] ਪ੍ਰਭੂ ਨਾਲ ਪ੍ਰੀਤ ਪੈ ਜਾਂਦੀ[47] ਹੈ।
ਨਾਨਕ ਕਿਸ ਨੋ ਆਖੀਐ[48*] ਆਪੇ ਦੇਵਣਹਾਰੁ[49] ॥ ੧੦ ॥	Who is one to ask[48*], O Nanak, when the Lord, of Himself, is the only Giver[49].	ਇਨਸਾਨ ਕਿਸ ਕੋਲੋਂ ਮੰਗੇ[48*], ਹੇ ਨਾਨਕ ! ਜਦ ਕਿ ਸੁਆਮੀ ਖ਼ੁਦ ਹੀ ਆਪ ਦੇਣ ਵਾਲਾ[49] ਹੈ।
ਸਲੋਕ ਮਹਲਾ ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ
ਬਾਬੀਹਾ[55] ਏਹੁ ਜਗਤੁ[50] ਹੈ ਮਤ[51] ਕੋ[52] ਭਰਮਿ[53] ਭੁਲਾਇ[54] ॥	This world[50] is a sparrow hawk[55]. Let no[51] one[52] go astray[54] in doubt[53].	ਇਹ ਸੰਸਾਰ[50] ਇਕ ਚਾਤ੍ਰਿਕ[55] ਹੈ। ਕੋਈ ਜਣਾ[52] ਵਹਿਮ[53] ਅੰਦਰ ਧੋਖਾ[54] ਨਾ[51] ਖਾਵੇ।
ਇਹੁ ਬਾਬੀਹਾ ਪਸੂ[56] ਹੈ ਇਸ ਨੋ ਬੂਝਣੁ[57] ਨਾਹਿ ॥	This sparrow hawk is an animal[56] and it has no understanding[57].	ਇਹ ਚਾਤ੍ਰਿਕ ਇਕ ਡੰਗਰ[56] ਹੈ ਅਤੇ ਇਸ ਨੂੰ ਕੋਈ ਸਮਝ[57] ਨਹੀਂ।
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ[58] ਪੀਤੈ[59] ਤਿਖ[60] ਜਾਇ[61] ॥	God's Name is the Nectar by indrinking[59] which[58] thirst[60] departs[61].	ਰਬ ਦਾ ਨਾਮ ਆਬਿ-ਹਿਯਾਤ ਹੈ, ਜਿਸ[58] ਨੂੰ ਪਾਨ[59] ਕਰਨ ਦੁਆਰਾ ਪਿਆਸ[60] ਦੂਰ ਹੋ ਜਾਂਦੀ[61] ਹੈ।
ਨਾਨਕ ਗੁਰਮੁਖਿ[62] ਜਿਨ ਪੀਆ[66] ਤਿਨ੍[63] ਬਹੁੜਿ[64] ਨ ਲਾਗੀ[65] ਆਇ ॥੧॥	O Nanak, the Guru-wards[62], who quaff[66] the Name-Nectar; they[63] are haunted[65] not by thirst again[64].	ਹੇ ਨਾਨਕ ! ਉਹ ਗੁਰੂ-ਅਨੁਸਾਰੀ[62], ਜੋ ਨਾਮ ਅੰਮ੍ਰਿਤ ਨੂੰ ਛਕਦੇ[66] ਹਨ; ਉਹਨਾਂ[63] ਨੂੰ ਮੁੜ ਕੇ[64] ਪਿਆਸ ਨਹੀਂ ਲਗਦੀ[65]।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਮਲਾਰੁ ਸੀਤਲ[67] ਰਾਗੁ ਹੈ ਹਰਿ ਧਿਆਇਐ[68] ਸਾਂਤਿ[69] ਹੋਇ ॥	The Malar is a peace-bestowing[67] measure. Contemplating[68] God in it, coolness[69] is obtained.	ਮਲਾਰ ਆਰਾਮ ਚੈਨ ਬਖਸ਼ਣਹਾਰ[67] ਰਾਗ ਹੈ। ਇਸ ਅੰਦਰ ਵਾਹਿਗੁਰੂ ਦਾ ਸਿਮਰਨ ਕਰਨ[68] ਦੁਆਰਾ ਠੰਢ-ਚੈਨ[69] ਪਰਾਪਤ ਹੁੰਦੀ ਹੈ।
ਹਰਿ ਜੀਉ[70] ਅਪਣੀ ਕ੍ਰਿਪਾ[71] ਕਰੇ[72] ਤਾਂ[73] ਵਰਤੈ[74] ਸਭ ਲੋਇ[75] ॥	When the Sire[70] Lord shows[72] His mercy[71], then[73] one sees Him pervading[74] the whole world[75].	ਜਦ ਮਹਾਰਾਜ[70] ਮਾਲਕ ਆਪਣੀ ਮਿਹਰ[71] ਧਾਰਦਾ[72] ਹੈ, ਤਦ[73] ਜੀਵ ਉਸ ਨੂੰ ਸਾਰੇ ਸੰਸਾਰ[75] ਅੰਦਰ ਵਿਆਪਕ[74] ਵੇਖ ਲੈਂਦਾ ਹੈ।
ਵੁਠੈ[76] ਜੀਆ[77] ਜੁਗਤਿ[78] ਹੋਇ ਧਰਣੀ[79] ਨੋ ਸੀਗਾਰੁ[80] ਹੋਇ ॥	Through the rainfall[76], the creatures[77] obtain the means[78] of subsistence and the earth[79] is embellished[80].	ਮੀਂਹ[76] ਵਰ੍ਹਨ ਰਾਹੀਂ ਜੀਵਾਂ[77] ਨੂੰ ਉਪਜੀਵਕਾ ਦੇ ਵਸੀਲੇ[78] ਪਰਾਪਤ ਹੋ ਜਾਂਦੇ ਹਨ ਅਤੇ ਧਰਤੀ[79] ਸ਼ਸ਼ੋਭਤ[80] ਹੋ ਜਾਂਦੀ ਹੈ।
ਨਾਨਕ ਇਹੁ ਜਗਤੁ[81] ਸਭੁ ਜਲੁ[82] ਹੈ ਜਲ ਹੀ ਤੇ ਸਭ ਕੋਇ[83] ॥	Nanak, this world[81] is all water[82] and from the water everything[83] has sprung.	ਨਾਨਕ, ਇਹ ਸੰਸਾਰ[81] ਸਾਰਾ ਪਾਣੀ[82] ਹੀ ਹੈ ਅਤੇ ਪਾਣੀ ਤੋਂ ਹੀ ਹਰ ਸ਼ੈ[83] ਉਤਪੰਨ ਹੋਈ ਹੈ।
ਗੁਰ ਪਰਸਾਦੀ[84] ਕੋ ਵਿਰਲਾ[85] ਬੂਝੈ[86] ਸੋ[87] ਜਨੁ[88] ਮੁਕਤੁ[89] ਸਦਾ[90] ਹੋਇ ॥ ੨ ॥	By the Guru's grace[84], some rare one[85] realises[86] the Lord. Such[87] a man[88] is ever[90] emancipated[89].	ਗੁਰਾਂ ਦੀ ਦਇਆ[84] ਦੁਆਰਾ ਕੋਈ ਟਾਂਵਾ ਟੱਲਾ[85] ਜਣਾ ਹੀ ਸਾਂਈਂ ਨੂੰ ਅਨੁਭਵ ਕਰਦਾ[86] ਹੈ। ਐਸਾ[87] ਪ੍ਰਾਣੀ[88] ਹਮੇਸ਼ਾ[90] ਹੀ ਬੰਦ-ਖਲਾਸ[89] ਹੈ।

ਪਉੜੀ ॥
ਸਚਾ ਵੇਪਰਵਾਹੁ[91] ਇਕੋ[92] ਤੂ ਧਣੀ[93] ॥
ਤੂ ਸਭੁ ਕਿਛੁ[94] ਆਪੇ ਆਪਿ[95] ਦੂਜੇ[96] ਕਿਸੁ[97] ਗਣੀ[98] ॥
ਮਾਣਸ[99] ਕੂੜਾ ਗਰਬੁ[100] ਸਚੀ ਤੁਧੁ ਮਣੀ[2] ॥
ਆਵਾ ਗਉਣੁ ਰਚਾਇਓਨੁ[3] ਉਪਾਈ[4] ਮੇਦਨੀ[5] ॥
ਸਤਿਗੁਰੁ ਸੇਵੇ[6] ਆਪਣਾ ਆਇਆ[7] ਤਿਸੁ[8] ਗਣੀ[9] ॥
ਜੇ[10] ਹਉਮੈ[12] ਵਿਚਹੁ[13] ਜਾਇ[14] ਤ[15] ਕੇਹੀ[16] ਗਣਤ[17] ਗਣੀ[18] ॥
ਮਨਮੁਖ[19]ਮੋਹਿ[20] ਗੁਬਾਰਿ[21] ਜਿਉ[22] ਭੁਲਾ[23] ਮੰਝਿ[24] ਵਣੀ[25] ॥
ਕਟੇ[26] ਪਾਪ[27] ਅਸੰਖ[28] ਨਾਵੈ ਇਕ ਕਣੀ[29] ॥੧੧॥
ਸਲੋਕ ਮਹਲਾ ੩ ॥
ਬਾਬੀਹਾ ਖਸਮੈ[30] ਕਾ ਮਹਲੁ[31] ਨ ਜਾਣਹੀ ਮਹਲੁ ਦੇਖਿ ਅਰਦਾਸਿ[32] ਪਾਇ[33] ॥
ਆਪਣੈ ਭਾਣੈ[34] ਬਹੁਤਾ[35] ਬੋਲਹਿ[36] ਬੋਲਿਆ[37] ਥਾਇ[38] ਨ ਪਾਇ ॥
ਖਸਮੁ ਵਡਾ[39] ਦਾਤਾਰੁ[40] ਹੈ ਜੋ[44] ਇਛੇ[41] ਸੋ[42] ਫਲ[43] ਪਾਇ ॥
ਬਾਬੀਹਾ ਕਿਆ ਬਪੁੜਾ[45]

Pauri.

O my care-free[91] True Lord, Thou alone[92] art my Master[93].

Thou Thyself[95] art all-in-all[94], whom[97] else[96] should I deem to be of any account[98] ?

False is man's[99] self-conceit[100] and True is Thy glory[2], O Lord.

Creating[3] coming and going, Thou didst bring into being[4] the world[5].

Whosoever serves[6] his True Guru; his[8] advent[7] alone is of account[9].

If[10] Man's ego[12] is banished[14] from within[13] him, then[15] how[16] can he compute[18] computations[17] of doing this and that ?

Like[22] a man in[24] wilderness[25] an egocentric[19] strays[23] in the inky darkness[21] of worldly love[20].

A mere iota[29] of the Lord's Name effaces[26] millions[28] of sins[27].

Slok 3rd Guru.

O pied-cuckoo, thou knowest not the mansion[31] of thy Lord[30]. Make[33] thou supplication[32] to see thy Lord's mansion.

In thy love[34] thou utterest[36] much[35], but thine utterance[37] becomes not acceptable[38].

Thy Lord is the Great[39] Giver[40]. Whatever[44] thou desirest[41], that[42] fruit[43] thou shalt obtain from Him.

To say nothing of the poor[45] pied-

ਪਉੜੀ।

ਹੇ ਮੇਰੇ ਮੁਛੰਦਗੀ-ਰਹਿਤ[91] ਸੱਚੇ ਸੁਆਮੀ ਕੇਵਲ[92] ਤੂੰ ਹੀ ਮੇਰਾ ਮਾਲਕ[93] ਹੈਂ।

ਤੂੰ ਆਪ[95] ਹੀ ਸਾਰਾ ਕੁਝ[94] ਹੈਂ ਹੋਰ[96] ਕੀਹਨੂੰ[97] ਮੈਂ ਕਿਸੇ ਹਿਸਾਬ ਕਿਤਾਬ[98] ਵਿਚ ਖਿਆਲ ਕਰਾਂ ?

ਝੂਠੀ ਹੈ ਇਨਸਾਨ[99] ਦੀ ਸਵੈ-ਹੰਗਤਾ[100] ਅਤੇ ਸੱਚੀ ਹੈ ਤੇਰੀ ਪ੍ਰਭਤਾ[2], ਹੇ ਪ੍ਰਭੂ !

ਆਉਣਾ ਅਤੇ ਜਾਣਾ ਰਚ ਕੇ[3], ਤੂੰ ਸੰਸਾਰ[5] ਨੂੰ ਪੈਦਾ ਕੀਤਾ[4] ਹੈ।

ਜੋ ਕੋਈ ਭੀ ਆਪਣੇ ਸੱਚੇ ਗੁਰਾਂ ਦੀ ਘਾਲ ਕਮਾਉਂਦਾ[6] ਹੈ: ਕੇਵਲ ਉਸ[8] ਦਾ ਆਗਮਨ[7] ਹੀ ਲੇਖੇ[9] ਵਿਚ ਹੈ।

ਜੇਕਰ[10] ਬੰਦੇ ਦੀ ਹੰਗਤਾ[12] ਉਸ ਦੇ ਅੰਦਰੋਂ[13] ਚਲੀ[14] ਜਾਵੇ, ਤਦ[15] ਉਹ ਇਹ ਅਤੇ ਔਹ ਕਰਨ ਦੀਆਂ ਗਿਣਤੀਆਂ[17] ਕਿਸ ਤਰ੍ਹਾਂ[16] ਗਿਣ ਸਕਦਾ[18] ਹੈ ?

ਉਜਾੜ ਬੀਆਂਬਾਨ[25] ਵਿਚ[24] ਮਨੁਖ ਦੀ ਮਾਨੰਦ[22], ਮਨਮਤੀਆ[19] ਸੰਸਾਰੀ ਮਮਤਾ[20] ਦੇ ਘੁਪ ਹਨੇਰੇ[21] ਵਿਚ ਕੁਰਾਹੇ ਪਿਆ ਹੋਇਆ[23] ਹੈ।

ਪ੍ਰਭੂ ਦੇ ਨਾਮ ਦਾ ਇਕ ਕਿਣਕਾ[29] ਮਾਤ੍ਰ ਕ੍ਰੋੜਾਂ[28] ਹੀ ਗੁਨਾਹਾਂ[27] ਨੂੰ ਮੇਟ ਦਿੰਦਾ[26] ਹੈ।

ਸਲੋਕ ਤੀਜੀ ਪਾਤਿਸ਼ਾਹੀ।

ਹੇ ਚਾਤ੍ਰਿਕ ! ਤੂੰ ਆਪਣੇ ਸੁਆਮੀ[30] ਦੇ ਮੰਦਰ[31] ਨੂੰ ਨਹੀਂ ਜਾਣਦਾ। ਆਪਣੇ ਸੁਆਮੀ ਦੇ ਮੰਦਰ ਨੂੰ ਵੇਖਣ ਲਈ ਤੂੰ ਪ੍ਰਾਰਥਨਾ[32] ਕਰ[33]।

ਆਪਣੀ ਲਗਨ[34] ਅੰਦਰ ਤੂੰ ਘਣਾ[35] ਬੋਲਦਾ[36] ਹੈਂ, ਪਰੰਤੂ ਤੇਰਾ ਬੋਲਣਾ[37] ਕਬੂਲ ਨਹੀਂ ਪੈਂਦਾ[38]।

ਤੇਰਾ ਸੁਆਮੀ ਪਰਮ[39] ਦਰਿਆ-ਦਿਲ[40] ਹੈ। ਜਿਹੜਾ ਕੁਛ[44] ਤੂੰ ਚਾਹੁੰਦਾ[41] ਹੈਂ, ਉਹ[42] ਮੇਵਾ[43] ਹੀ ਤੂੰ ਉਸ ਪਾਸੋਂ ਪਾ ਲਵੇਂਗਾ।

ਗਰੀਬ[45] ਚਾਤ੍ਰਿਕ ਦਾ ਤਾਂ ਕੀ ਆਖਣਾ ਹੋਇਆ,

ਜਗਤੈ[46] ਕੀ ਤਿਖ[47] ਜਾਇ[48] ॥੧॥	cuckoo, even the thirst[47] of the whole world[46] is quenched[48] by the Lord.	ਸੁਆਮੀ ਤਾਂ ਸਾਰੇ ਸੰਸਾਰ[46] ਦੀ ਪਿਆਸ[47] ਹੀ ਨਵਿਰਤ[48] ਕਰ ਦਿੰਦਾ ਹੈ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਬਾਬੀਹਾ ਭਿੰਨੀ[49] ਰੈਣਿ[50] ਬੋਲਿਆ[51] ਸਹਜੇ[52] ਸਚਿ[53] ਸੁਭਾਇ[54] ॥	In a dewy[49] night[50], the sparrow hawk, instinctively[52] utters[51] the True Name[53], with love[54].	ਸਿੰਨੀ[49] ਰਾਤ੍ਰੀ[50] ਅੰਦਰ ਪਪੀਹਾ ਸੁਭਾਵਕ[52] ਹੀ ਪਿਆਰ[54] ਨਾਲ ਸੱਚੇ ਨਾਮ[53] ਦਾ ਉਚਾਰਨ ਕਰਦਾ[51] ਹੈ।
ਇਹੁ ਜਲੁ[55] ਮੇਰਾ ਜੀਉ[56] ਹੈ ਜਲ ਬਿਨੁ ਰਹਣੁ[57] ਨ ਜਾਇ ॥	This water[55] is my life-breath[56]. Without water I can live[57] not.	ਇਹ ਪਾਣੀ[55] ਮੇਰੀ ਜਿੰਦ ਜਾਨ[56] ਹੈ। ਪਾਣੀ ਦੇ ਬਗੈਰ, ਮੈਂ ਬਚ[57] ਨਹੀਂ ਸਕਦਾ।
ਗੁਰ ਸਬਦੀ[58] ਜਲੁ ਪਾਈਐ ਵਿਚਹੁ[59] ਆਪੁ[60] ਗਵਾਇ[61] ॥	By the Guru's instruction[58] the water of life is obtained and ego[60] is dispelled[61] from within[59].	ਗੁਰਾਂ ਦੇ ਉਪਦੇਸ਼[58] ਰਾਹੀਂ, ਜ਼ਿੰਦਗੀ ਦਾ ਪਾਣੀ ਪਰਾਪਤ ਹੁੰਦਾ ਹੈ ਅਤੇ ਹੰਕਾਰ[60] ਅੰਦਰੋਂ[59] ਦੂਰ ਹੋ ਜਾਂਦਾ[61] ਹੈ।
ਨਾਨਕ ਜਿਸੁ ਬਿਨੁ ਚਸਾ[62] ਨ ਜੀਵਦੀ[63] ਸੋ[64] ਸਤਿਗੁਰਿ ਦੀਆ ਮਿਲਾਇ ॥੨॥	Nanak, the True Guru, has made me meet Him[64], without whom I can live[63] not even for a moment[62].	ਨਾਨਕ, ਸੱਚੇ ਗੁਰਾਂ ਨੇ ਮੈਨੂੰ ਉਸ[64] ਨਾਲ ਮਿਲਾ ਦਿਤਾ ਹੈ ਜਿਸ ਦੇ ਬਾਝੋਂ ਮੈਂ ਇਕ ਮੁਹਤ[62] ਭਰ ਭੀ ਜੀਊਂਦੀ[63] ਨਹੀਂ ਰਹਿ ਸਕਦੀ।
ਪਉੜੀ	Pauri.	ਪਉੜੀ।
ਖੰਡ[65] ਪਤਾਲ[66] ਅਸੰਖ[67] ਮੈ ਗਣਤ[68] ਨ ਹੋਈ ॥	Countless[67] are the continents[65] and the under-worlds[66]. I can reckon[68] them not.	ਅਣਗਿਣਤ[67] ਹਨ ਮਹਾਂਦੀਪ[65] ਅਤੇ ਪਇਆਲ[66]। ਮੈਂ ਉਹਨਾਂ ਨੂੰ ਗਿਣ[68] ਨਹੀਂ ਸਕਦਾ।
ਤੂ ਕਰਤਾ[69] [70]ਗੋਵਿੰਦੁ[71] ਤੁਧੁ ਸਿਰਜੀ[72] ਤੁਧੈ ਗੋਈ[73] ॥	Thou art the Creator[69] and the Lord[71] of the world[70]. Thou createst[72] it and destroyest[73] it Thou.	ਤੂੰ ਸੰਸਾਰ[70] ਦਾ ਸਿਰਜਣਹਾਰ[69] ਅਤੇ ਸੁਆਮੀ[71] ਹੈਂ। ਤੂੰ ਇਸ ਨੂੰ ਰਚਦਾ[72] ਅਤੇ ਤੂੰ ਹੀ ਇਸ ਨੂੰ ਨਾਸ ਕਰਦਾ[73] ਹੈਂ।
ਲਖ ਚਉਰਾਸੀਹ ਮੇਦਨੀ[74] ਤੁਝ ਹੀ ਤੇ ਹੋਈ[75] ॥	The eighty four lacs of species[74] have issued forth[75] from Thee, O Lord.	ਚੁਰਾਸੀ ਲੱਖ ਜੂਨੀਆਂ[74] ਤੇਰੇ ਤੋਂ ਹੀ ਉਤਪੰਨ ਹੋਈਆਂ[75] ਹਨ, ਹੇ ਸੁਆਮੀ!
ਇਕਿ ਰਾਜੇ[76] ਖਾਨ[77] ਮਲੂਕ[78] ਕਹਹਿ ਕਹਾਵਹਿ[79] ਕੋਈ ॥	Some are called[79] kings[76], chiefs[77] and emperors[78].	ਕਈ ਇਕ ਪਾਤਿਸ਼ਾਹ[76], ਸਰਦਾਰ[77] ਅਤੇ ਮਹਾਰਾਜੇ[78] ਆਖੇ ਜਾਂਦੇ[79] ਹਨ।
ਇਕਿ ਸਾਹ[80] ਸਦਾਵਹਿ[81] ਸੰਚਿ[82] ਧਨੁ[83] ਦੂਜੈ[84] ਪਤਿ[85] ਖੋਈ[86] ॥	Amassing[82] wealth[83], some call[81] themselves wealthy men[80] and they lose[86] their honour[85] in another's love[84].	ਦੌਲਤ[83] ਨੂੰ ਇਕੱਤਰ ਕਰ[82], ਕਈ ਆਪਣੇ ਆਪ ਨੂੰ ਸ਼ਾਹੂਕਾਰ[80] ਅਖਵਾਉਂਦੇ[81] ਹਨ ਤੇ ਉਹ ਦਵੈਤ-ਭਾਵ[84] ਵਿਚ ਆਪਣੀ ਇਜ਼ਤ[85] ਗੁਆ ਲੈਂਦੇ[86] ਹਨ।
ਇਕਿ ਦਾਤੇ[87] ਇਕਿ	Some are the givers[87] and some the	ਕਈ ਦਾਨੀ ਪੁਰਸ਼[87] ਹਨ ਅਤੇ ਕਈ ਮੰਗਤੇ[88]। ਉਹ[90]

ਮੰਗਤੇ[88] ਸਭਨਾ ਸਿਰਿ[89] ਸੋਈ[90] ॥

beggars[88]. He[90], the Lord, is over the head[89] af all.

ਸੁਆਮੀ, ਸਾਰਿਆਂ ਦੇ ਸੀਸ[89] ਉਤੇ ਹੈ ।

ਵਿਣੁ[93] ਨਾਵੈ ਬਾਜਾਰੀਆ[91] ਭੀਹਾਵਲਿ[92] ਹੋਈ ॥

Bereft[93] of the Lord's Name, the mortals are but loafers[91] and become dreadful[92] in the end.

ਸੁਆਮੀ ਦੇ ਨਾਮ ਤੋਂ ਸੱਖਣੇ[93], ਪ੍ਰਾਣੀ ਨਿਰੇਪੁਰੇ ਟੁਕੜਬੋਚ[91] ਹਨ ਅਤੇ ਅੰਤ ਨੂੰ ਭਿਆਨਕ[92] ਹੋ ਜਾਂਦੇ ਹਨ ।

ਕੂੜੁ[94] ਨਿਖੁਟੇ[95] ਨਾਨਕਾ ਸਚੁ[96] ਕਰੇ ਸੁ[97] ਹੋਈ[98] ॥੧੨॥

Faleshood[94] fails[95], O Nanak and that[97] alone comes to pass[98], which the True Lord[96] does.

ਝੂਠ[94] ਨਾਸ ਹੋ ਜਾਂਦਾ[95] ਹੈ, ਹੇ ਨਾਨਕ ! ਅਤੇ ਕੇਵਲ ਉਹ[97] ਹੀ ਹੁੰਦਾ[98] ਹੈ ਜੋ ਸੱਚਾ ਸੁਆਮੀ[96] ਕਰਦਾ ਹੈ ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਬਾਬੀਹਾ ਗੁਣਵੰਤੀ[99] ਮਹਲੁ[100] ਪਾਇਆ[4] ਅਉਗਣਵੰਤੀ[2] ਦੂਰਿ[3] ॥

O pied-cuckoo, the virtuous bride[99] mounts[4] to her Lord's mansion[100] and the impious[2] one is far removed[3] from it.

ਹੇ ਚਾਤ੍ਰਿਕ, ਗੁਣਵਾਨ ਪਤਨੀ[99] ਆਪਣੇ ਸੁਆਮੀ ਦੇ ਮੰਦਰ[100] ਨੂੰ ਪਾ ਲੈਂਦੀ[4] ਹੈ ਅਤੇ ਗੁਣ-ਵਿਹੂਣ[2] ਇਸ ਤੋਂ ਬਹੁਤ ਹੀ ਦੁਰੇਡੇ[3] ਹੈ ।

ਅੰਤਰਿ[4*] ਤੇਰੈ ਹਰਿਵਸੈ[5] ਗੁਰਮੁਖਿ[6] ਸਦਾ[7] ਹਜੂਰਿ[8] ॥

Within[4*] thee abides[5] thy Lord and by the Guru's grace[6], He is seen ever[7] present[8].

ਤੇਰੇ ਅੰਦਰ[4*] ਤੇਰਾ ਸੁਆਮੀ ਵਸਦਾ[15] ਹੈ ਅਤੇ ਗੁਰਾਂ ਦੀ ਦਇਆ[6] ਦੁਆਰਾ, ਉਹ ਹਮੇਸ਼ਾ[7] ਹਾਜ਼ਰ ਨਾਜ਼ਰ[8] ਦਿੱਸਦਾ ਹੈ ।

ਕੂਕ[9] ਪੁਕਾਰ[10] ਨ ਹੋਵਈ ਨਦਰੀ[12] ਨਦਰਿ[13] ਨਿਹਾਲ[14] ॥

When the Merciful Master[12] sees[14] the mortal with His eye[13] of grace, he no more cries[9] and wails[10].

ਜਦ ਮਿਹਰਬਾਨ[12] ਮਾਲਕ, ਪ੍ਰਾਣੀ ਨੂੰ ਆਪਣੀ ਮਿਹਰ ਦੀ ਅੱਖ[13] ਨਾਲ ਵੇਖਦਾ[14] ਹੈ ਤਾਂ ਉਹ ਫਿਰ ਚੀਕਦਾ[9] ਤੇ ਰੋਂਦਾ ਪਿਟਦਾ[10] ਨਹੀਂ ।

੧੨੮੪

1284

੧੨੮੪

ਨਾਨਕ ਨਾਮਿ ਰਤੇ[15] ਸਹਜੇ[16] ਮਿਲੇ ਸਬਦਿ[17] ਗੁਰੂ ਕੈ ਘਾਲ[18] ॥੧॥

Nanak, they who are imbued[15] with the Lord's name and practise[18] the Guru's word[17]; they easily[16] meet with the Lord.

ਨਾਨਕ, ਜੋ ਸਾਹਿਬ ਦੇ ਨਾਮ ਨਾਲ ਰੰਗੀਜੇ[15] ਹਨ ਅਤੇ ਗੁਰਾਂ ਦੀ ਬਾਣੀ[17] ਦੀ ਕਮਾਈ ਕਰਦੇ[18] ਹਨ; ਉਹ ਸੁਖੈਨ[16] ਹੀ ਸਾਹਿਬ ਨਾਲ ਮਿਲ ਜਾਂਦੇ ਹਨ ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ ।

ਬਾਬੀਹਾ ਬੇਨਤੀ[19] ਕਰੇ ਕਰਿ ਕਿਰਪਾ[20] ਦੇਹੁ[21] ਜੀਅ[22] ਦਾਨ[23] ॥

The pied-cuckoo prays[19], "O Lord, mercifully[20] bless[21] Thou me with the gift[23] of spiritual life[22].

ਪਪੀਹਾ ਪ੍ਰਾਰਥਨਾ ਕਰਦਾ[19] ਹੈ, "ਹੇ ਪ੍ਰਭੂ ! ਮਿਹਰ ਧਾਰ[20] ਕੇ ਤੂੰ ਮੈਨੂੰ ਰੂਹਾਨੀ ਜ਼ਿੰਦਗੀ[22] ਦੀ ਦਾਤ[23] ਬਖਸ਼[21] ।

ਜਲ[24] ਬਿਨੁ ਪਿਆਸ[25] ਨ ਉਤਰੈ[26] ਛੁਟਕਿ[27] ਜਾਹਿ ਮੇਰੇ ਪ੍ਰਾਨ[28] ॥

Without Thy Name-water[24], my thirst[25] is quenched[26] not and my life[28] comes to an end[27].

ਤੇਰੇ ਨਾਮ ਦੇ ਪਾਣੀ[24] ਦੇ ਬਗ਼ੈਰ, ਮੇਰੀ ਤਰੇਹ[25] ਨਹੀਂ ਬੁਝਦੀ[26] ਅਤੇ ਮੇਰੀ ਜ਼ਿੰਦਗੀ[28] ਮੁਕ ਜਾਂਦੀ[27] ਹੈ ।

ਤੂ [29]ਸੁਖਦਾਤਾ[30] ਬੇਅੰਤੁ[31] ਹੈ ਗੁਣ[32] ਦਾਤਾ[33] ਨੇਧਾਨੁ[34] ॥

Thou, O [29]Bliss-Bestowing[30] Infinite[31] Lord, art the Giver[33] of the Treasure[34] of virues[32]".

ਤੂੰ, ਹੇ ਪ੍ਰਸੰਨਤਾ[29] ਪਰਦਾਨ ਕਰਨਹਾਰ[30] ਅਨੰਤ[31] ਸਾਂਈਂ ਨੇਕੀਆਂ[32] ਦਾ ਖ਼ਜ਼ਾਨਾ[34] ਦੇਣਹਾਰ[33] ਹੈਂ ।"

ਨਾਨਕ ਗੁਰਮੁਖਿ[35]

Nanak, the Illustrious Lord[39]

ਨਾਨਕ, ਕੀਰਤੀਮਾਨ ਪ੍ਰਭੂ[39] ਪਵਿੱਤਰ ਪੁਰਸ਼[35]

ਬਖਸਿ[36] ਲਏ ਅੰਤਿ[37] ਬੇਲੀ[38] ਹੋਇ ਭਗਵਾਨੁ[39] ॥੨॥

pardons[36] the pious person[35] and becomes his friend[38] in the end[37].

ਨੂੰ ਮੁਆਫ਼ ਕਰ ਦਿੰਦਾ[36] ਹੈ ਅਤੇ ਅਖ਼ੀਰ[37] ਦੇ ਵੇਲੇ ਉਸ ਦਾ ਮਿਤ੍ਰ[38] ਹੋ ਜਾਂਦਾ ਹੈ।

ਪਉੜੀ ॥

Pauri.

ਪਉੜੀ।

ਆਪੇ ਜਗਤੁ[40] ਉਪਾਇ[41] ਕੈ ਗੁਣ[42] ਅਉਗਣ[43] ਕਰੇ ਬੀਚਾਰੁ[44] ॥

Creating[41] the world[40] of Himself, the Lord gives thought[44] to the virtues[42] and sins[43] of the mortals.

ਖ਼ੁਦ ਸੰਸਾਰ[40] ਨੂੰ ਰਚ ਕੇ[41], ਸੁਆਮੀ ਪ੍ਰਾਣੀਆਂ ਦੀਆਂ ਨੇਕੀਆਂ[42] ਅਤੇ ਬਦੀਆਂ[43] ਵਲ ਧਿਆਨ[44] ਦਿੰਦਾ ਹੈ।

ਤ੍ਰੈ[45] ਗੁਣ[46] ਸਰਬ[47] ਜੰਜਾਲੁ[48] ਹੈ ਨਾਮਿ ਨ ਧਰੇ ਪਿਆਰੁ[48*] ॥

Whosoever loves[48*] not the Name; he is wholly[47] involved in the entanglements[48] of the world of three[45] qualities[46].

ਜੋ ਕੋਈ ਭੀ ਨਾਮ ਨਾਲ ਪ੍ਰੇਮ[48*] ਨਹੀਂ ਕਰਦਾ; ਉਹ ਤ੍ਰਿੰਨਾ[45] ਲੱਛਣਾਂ[46] ਵਾਲੇ ਸੰਸਾਰ ਦੇ ਅਲਸੇਟਿਆਂ[48] ਵਿਚ ਪੂਰੀ ਤਰ੍ਹਾਂ[47] ਫਸ ਜਾਂਦਾ ਹੈ।

ਗੁਣ[49] ਛੋਡਿ[50] ਅਵਗਣ[51] ਕਮਾਵਦੇ[52] ਦਰਗਹ[53] ਹੋਹਿ ਖੁਆਰੁ[54] ॥

Forsaking[50] virtue[49], they who practise[52] sin[51], become miserable[54] in the Lord's Court[53].

ਨੇਕੀ[49] ਨੂੰ ਤਿਆਗ[50], ਜੋ ਪਾਪ[51] ਕਰਦੇ[52] ਹਨ, ਉਹ ਪ੍ਰਭੂ ਦੇ ਦਰਬਾਰ[53] ਅੰਦਰ ਅਵਾਜ਼ਾਰ[54] ਹੁੰਦੇ ਹਨ।

ਜੂਐ[55] ਜਨਮੁ[56] ਤਿਨੀ ਹਾਰਿਆ ਕਿਤੁ[57] ਆਏ ਸੰਸਾਰਿ[58] ॥

They lose their life[56] in the game of chance[55]. What[57] did they come in this world[58] for ?

ਉਹ ਆਪਣਾ ਜੀਵਨ[56] ਜੂਲੇ[55] (ਜੂਏ) ਵਿਚ ਗੁਆ ਲੈਂਦੇ ਹਨ। ਉਹ ਕਾਹਦੇ[57] ਲਈ ਜਗਤ[58] ਵਿਚ ਆਏ ਸਨ ?

ਸਚੈ ਸਬਦਿ[59] ਮਨੁ[60] ਮਾਰਿਆ[61] [62]ਅਹਿਨਿਸਿ[63] ਨਾਮਿ ਪਿਆਰਿ[64] ॥ ਜਿਨੀ ਪੁਰਖੀ[65]ਉਰਿ[66] ਧਾਰਿਆ[67] ਸਚਾ ਅਲਖ[68] ਅਪਾਰੁ[69] ॥

The persons[65], who enshrine[67] the True, Unseeable[68] and Infinite[69] Lord in their mind[66]; they come to still[61] their mind[60] through the True Name[59] and day[62] and night[63] love[64] the Lord's Name.

ਜਿਹੜੇ ਪੁਰਸ਼[65] ਸੱਚੇ, ਅਦ੍ਰਿਸ਼ਟ[68] ਅਤੇ ਬੇਅੰਤ[69] ਸੁਆਮੀ ਨੂੰ ਆਪਣੇ ਅੰਤਰ-ਆਤਮੇ[66] ਟਿਕਾ ਲੈਂਦੇ[67] ਹਨ, ਉਹ ਸੱਚੇ ਨਾਮ[59] ਦੇ ਰਾਹੀਂ ਆਪਣੇ ਮਨੂਏ[60] ਨੂੰ ਕਾਬੂ ਕਰ ਲੈਂਦੇ[61] ਹਨ ਅਤੇ ਦਿਨ[62] ਤੇ ਰੈਣ[63] ਪ੍ਰਭੂ ਦੇ ਨਾਮ ਨਾਲ ਪ੍ਰੇਮ ਕਰਦੇ[64] ਹਨ।

ਤੂ ਗੁਣ[70] ਦਾਤਾ[71] ਨਿਧਾਨੁ[72] ਹਹਿ[73] ਅਸੀ[74] ਅਵਗਣਿਆਰ[75] ॥

Thou, O Lord, art[73] the Giver[71] and Treasure[72] of virtues[70], and I[74] am but a sinner[75].

ਤੂੰ ਹੇ ਸੁਆਮੀ! ਨੇਕੀਆਂ[70] ਦਾ ਦਾਤਾਰ[71] ਅਤੇ ਖ਼ਜ਼ਾਨਾ[72] ਹੈਂ[73], ਅਤੇ ਮੈਂ[74] ਨਿਰਾਪੁਰਾ ਪਾਪੀ[75] ਹੀ ਹਾਂ।

ਜਿਸੁ ਬਖਸੇ[76] ਸੋ[77] ਪਾਇਸੀ[78] ਗੁਰ ਸਬਦੀ[79] ਵੀਚਾਰੁ[80] ॥੧੩॥

He[77] alone attains[78] unto Thee, O Lord, whom Thou pardonest[76] and he alone reflects[80] on the Guru's word[79].

ਕੇਵਲ ਉਹ[77] ਹੀ ਤੈਨੂੰ ਪਰਾਪਤ ਹੁੰਦਾ[78] ਹੈ, ਹੇ ਸਾਂਈਂ! ਜਿਸ ਨੂੰ ਤੂੰ ਮੁਆਫ਼ ਕਰ ਦਿੰਦਾ[76] ਹੈਂ ਤੇ ਕੇਵਲ ਉਹ ਹੀ ਗੁਰਾਂ ਦੀ ਬਾਣੀ[79] ਨੂੰ ਵੀਚਾਰਦਾ[80] ਹੈ।

ਸਲੋਕ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ।

ਰਾਤਿ[81] ਨ ਵਿਹਾਵੀ[82] ਸਾਕਤਾਂ[83] ਜਿਨਾ ਵਿਸਰੈ[84] ਨਾਉ ॥

The life night[81] of the mammon-worshippers[83], who forget[84] the Lord's Name, passes[82] not in peace.

ਮਾਇਆ ਦੇ ਪੁਜਾਰੀਆਂ[83], ਜੋ ਪ੍ਰਭੂ ਦੇ ਨਾਮ ਨੂੰ ਭੁਲਾਉਂਦੇ[84] ਹਨ, ਦੀ ਜੀਵਨ ਰਾਤ੍ਰੀ[81] ਆਰਾਮ ਅੰਦਰ ਨਹੀਂ ਬੀਤਦੀ[82]।

ਰਾਤੀ ਦਿਨਸ ਸੁਹੇਲੀਆ[85]

By singing the praise[86] of God, O

ਸੁਆਮੀ ਦਾ ਜੱਸ[86] ਗਾਇਨ ਕਰਨ ਦੁਆਰਾ, ਹੇ

ਨਾਨਕ ਹਰਿ ਗੁਣ[86] ਗਾਂਉ ॥੧॥	Nanak, comfortable[85] become the nights and days.	ਨਾਨਕ, ਸੁਖਦਾਈ[85] ਹੋ ਜਾਂਦੇ ਹਨ ਰਾਤ੍ਰੀਆਂ ਅਤੇ ਦਿਹਾੜੇ।
ਮਹਲਾ ੫ ॥	5th Guru.	ਪੰਜਵੀਂ ਪਾਤਿਸ਼ਾਹੀ।
ਰਤਨ[87] ਜਵੇਹਰ[88] ਮਾਣਕਾ[89] ਹਭੇ[90] ਮਣੀ[91] ਮਥੰਨਿ[92] ॥	The acquisition of all[90] the rubies[87], gems[88], pearls[89] and emeralds[91] is writ on one's brow[92].	ਸਮੂਹ[90] ਲਾਲਾਂ[87] ਜਵਾਹਰਾਂ[88], ਮੋਤੀਆਂ[89] ਅਤੇ ਹੀਰਿਆਂ[91] ਦੀ ਪਰਾਪਤੀ ਜੀਵ ਦੇ ਮਥੇ[92] ਉਤੇ ਲਿਖੀ ਹੋਈ ਹੈ।
ਨਾਨਕ ਜੋ ਪ੍ਰਭਿ ਭਾਣਿਆ[93] ਸਚੈ ਦਰਿ[94] ਸੋਹੰਨਿ[95] ॥੨॥	Nanak, they who are pleasing[93] to the Lord, look beauteous[95] in the True Court[94].	ਨਾਨਕ, ਜੋ ਸੁਆਮੀ ਨੂੰ ਚੰਗੇ ਲਗਦੇ[93] ਹਨ, ਉਹ ਸੱਚੇ ਦਰਬਾਰ[94] ਅੰਦਰ ਸੁੰਦਰ[95] ਜਾਪਦੇ ਹਨ।
ਪਉੜੀ ॥	Pauri.	ਪਉੜੀ।
ਸਚਾ ਸਤਿਗੁਰੁ ਸੇਵਿ[96] ਸਚੁ[97] ਸਮਾਲਿਆ[98] ॥	Serving[96] the true Satguru, I have meditated[98] upon the True Lord[97].	ਸੱਚੇ ਸਤਿਗੁਰਾਂ ਦੀ ਘਾਲ ਕਮਾਉਣ ਦੁਆਰਾ[96], ਮੈਂ ਸੱਚੇ ਸਾਂਈਂ[97] ਦਾ ਸਿਮਰਨ ਕੀਤਾ[98] ਹੈ।
ਅੰਤਿ[99] ਖਲੋਆ ਆਇ[100] ਜਿ ਸਤਿਗੁਰ ਅਗੈ[2] ਘਾਲਿਆ[3] ॥	The service rendered[3] unto[2] the True Guru, avails[100] one in the end[99].	ਸੱਚੇ ਗੁਰਾਂ ਮੂਹਰੇ[2] ਟਹਿਲ ਕਮਾਈ ਹੋਈ[3], ਅਖ਼ੀਰ[99] ਨੂੰ ਜੀਵ ਦੇ ਕੰਮ ਆਉਂਦੀ[100] ਹੈ।
ਪੋਹਿ[4] ਨ ਸਕੈ [5]ਜਮਕਾਲੁ[6] ਸਚਾ[7] ਰਖਵਾਲਿਆ[8] ॥	Death's[6] courier[5] can touch[4] not him whom the True Lord[7] protects[8].	ਮੌਤ[6] ਦਾ ਦੂਤ[5] ਉਸ ਨੂੰ ਛੋਹ[4] ਨਹੀਂ ਸਕਦਾ ਜਿਸ ਦੀ ਰੱਖਿਆ[8] ਸੱਚਾ ਸੁਆਮੀ[7] ਕਰਦਾ ਹੈ।
ਗੁਰ ਸਾਖੀ[9] ਜੋਤਿ ਜਗਾਇ[10] ਦੀਵਾ[12] ਬਾਲਿਆ[13] ॥	Lighting[13] the lamp[12] of the Guru's instruction[9], I have illumined[10] my mind.	ਗੁਰਾਂ ਦੇ ਉਪਦੇਸ਼[9] ਦੀ ਜੋਤ[12] ਨੂੰ ਜਗਾ ਕੇ[13], ਮੈਂ ਆਪਣੇ ਮਨ ਨੂੰ ਰੌਸ਼ਨ ਕਰ ਲਿਆ[10] ਹੈ।
ਮਨਮੁਖ[14] ਵਿਣੁ ਨਾਵੈ ਕੂੜਿਆਰ[15] ਫਿਰਹਿ[16] ਬੇਤਾਲਿਆ[17] ॥	False[15] are the egocentrics[14], without the Lord's Name. They wander about[16] like demons[17].	ਕੂੜੇ[15] ਹਨ ਮਨਮਤੀਏ[14], ਪ੍ਰਭੂ ਦੇ ਨਾਮ ਦੇ ਬਗ਼ੈਰ। ਉਹ ਭੂਤਨਿਆਂ[17] ਦੀ ਮਾਨੰਦ ਭਟਕਦੇ ਫਿਰਦੇ[16] ਹਨ।
ਪਸੂ[18] ਮਾਣਸ[19] ਚੰਮਿ[20] ਪਲੇਟੇ[21] ਅੰਦਰਹੁ[22] ਕਾਲਿਆ[23] ॥	They are animals[18], wrapped up[21] in human[19] skin[20] and are black[23] from within[22].	ਉਹ ਇਨਸਾਨ[19] ਦੀ ਖਲ[20] ਅੰਦਰ ਵਲ੍ਹੇਟੇ ਹੋਏ[21] ਡੰਗਰ[18] ਹਨ ਅਤੇ ਅੰਦਰਵਾਰੋਂ[22] ਕਾਲੇ ਸਿਆਹ[23] ਹਨ।
ਸਭੋ[24] ਵਰਤੈ[25] ਸਚੁ[26] ਸਚੈ ਸਬਦਿ[27] ਨਿਹਾਲਿਆ[28] ॥	The True Lord[26] is pervading[25] all[24] and through the True Name[27], He is seen[28].	ਸੱਚਾ ਸੁਆਮੀ[26] ਸਾਰੇ[24] ਹੀ ਵਿਆਪਕ ਹੋ ਰਿਹਾ[25] ਹੈ ਅਤੇ ਸੱਚੇ ਨਾਮ[27] ਦੇ ਰਾਹੀਂ, ਉਹ ਵੇਖਿਆ ਜਾਂਦਾ[28] ਹੈ।
ਨਾਨਕ ਨਾਮੁ ਨਿਧਾਨੁ[29] ਹੈ ਪੂਰੈ[30] ਗੁਰਿ ਦੇਖਾਲਿਆ[31] ॥੧੪॥	Nanak, the Name is the treasure[29] of bliss and the Perfect[30] Guru has shown[31] it to me.	ਨਾਨਕ, ਨਾਮ ਖ਼ੁਸ਼ੀ ਦਾ ਖ਼ਜ਼ਾਨਾ[29] ਹੈ ਅਤੇ ਪੂਰਨ[30] ਗੁਰਾਂ ਨੇ ਮੈਨੂੰ ਇਹ ਵਿਖਾਲ ਦਿੱਤਾ[31] ਹੈ।
ਮਹਲਾ ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ।
ਬਾਬੀਹੈ ਹੁਕਮੁ[32] ਪਛਾਣਿਆ[33] ਗੁਰ[34] ਕੈ ਸਹਜਿ ਸੁਭਾਇ[35] ॥	Through the Guru[34], the pied-cuckoo can realise[33] the Lord's will[32] all-too-spontaneously[35].	ਗੁਰਾਂ ਦੇ ਰਾਹੀਂ[34], ਚਾਤ੍ਰਿਕ ਪ੍ਰਭੂ ਦੀ ਰਜ਼ਾ[32] ਨੂੰ ਸੁਤੇ-ਸਿਧ ਹੀ[35] ਅਨੁਭਵ[33] ਕਰ ਸਕਦਾ ਹੈ।

ਮੇਘੁ[36] ਵਰਸੈ[37] ਦਇਆ[38*] ਕਰਿ[38] ਗੁੜੀ[39] ਛਹਬਰ[40] ਲਾਇ ॥	Showing[38] mercy[38*] the cloud[36] bursts forth[37] in heavy[39] torrents[40].	ਮਿਹਰ[38*] ਧਾਰ ਕੇ[38], ਬੱਦਲ[36] ਬਹੁਤ ਹੀ ਮੂਸਲਾਧਾਰ[40] ਬਰਸਦਾ[37] ਹੈ ।
ਬਾਬੀਹੇ ਕੂਕ[41] ਪੁਕਾਰ[42] ਰਹਿ[43] ਗਈ ਸੁਖੁ ਵਸਿਆ[44] ਮਨਿ ਆਇ ॥	Crying[41] and wailing[42] of the pied-cuckoo have ceased[43] and peace has come to abide[44] within his mind.	ਚਾਤ੍ਰਿਕ ਦੇ ਚੀਕ-ਚਿਹਾੜੇ[41] ਤੇ ਰੋਣੇ-ਪਿਟਣੇ[42] ਮੁਕ ਗਏ[43] ਹਨ ਅਤੇ ਆਰਾਮ ਆ ਕੇ ਉਸ ਦੇ ਚਿਤ ਵਿਚ ਟਿਕ ਗਿਆ[44] ਹੈ ।
ਨਾਨਕ ਸੋ[45] ਸਾਲਾਹੀਐ[46] ਜਿ ਦੇਂਦਾ[47] ਸਭਨਾਂ ਜੀਆ[48] ਰਿਜਕੁ[49] ਸਮਾਇ[50] ॥੧॥	Nanak, praise[46] thou That[45] Lord who reaches[50] and gives[47] sustenance[49] to all the creatures[48].	ਨਾਨਕ, ਤੂੰ ਉਸ[45] ਸਾਂਈਂ ਦੀ ਕੀਰਤੀ ਕਰ[46]; ਜੋ ਸਾਰਿਆਂ ਜੀਵਾਂ[48] ਨੂੰ ਰੋਜ਼ੀ[49] ਅਪੜਾਉਂਦਾ[50] ਅਤੇ ਦਿੰਦਾ[47] ਹੈ ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ ।
ਚਾਤ੍ਰਿਕ ਤੂ ਨ ਜਾਣਹੀ ਕਿਆ[51] ਤੁਧੁ ਵਿਚਿ ਤਿਖਾ[52] ਹੈ ਕਿਤੁ ਪੀਤੈ[54] ਤਿਖ ਜਾਇ[53] ॥	O pied-cuckoo, thou knowest not what[51] thirst[52] there is within thee and by what draught[54], this thirst shall be quenched[53].	ਹੇ ਪਪੀਹੇ ! ਤੂੰ ਨਹੀਂ ਜਾਣਦਾ ਕਿ ਤੇਰੇ ਅੰਦਰ ਕਿਹੜੀ[51] ਪਿਆਸ[52] ਹੈ ਅਤੇ ਕਾਹਦੇ ਪੀਣ[54] ਦੁਆਰਾ, ਇਹ ਪਿਆਸ ਨਵਿਰਤ ਹੋਵੇਗੀ[53] ।
ਦੂਜੈ[55] ਭਾਇ[56] ਭਰੰਮਿਆ[57] ਅੰਮ੍ਰਿਤ[58] ਜਲੁ[59] ਪਲੈ[60] ਨ ਪਾਇ ॥	Thou wanderest[57] in another's[55] love[56] and obtainest[60] not the Lord's ambrosial[58] water[59].	ਤੂੰ ਹੋਰਸ[55] ਦੇ ਪਿਆਰ[56] ਅੰਦਰ ਭਟਕਦਾ ਫਿਰਦਾ[57] ਹੈਂ ਅਤੇ ਪ੍ਰਭੂ ਦੇ ਸੁਧਾ-ਸਰੂਪ[58] ਪਾਣੀ[59] ਨੂੰ ਪ੍ਰਾਪਤ[60] ਨਹੀਂ ਕਰਦਾ ।
ਨਦਰਿ[61] ਕਰੇ[62] ਜੇ[63] ਆਪਣੀ ਤਾਂ[64] ਸਤਿਗੁਰੁ ਮਿਲੈ ਸੁਭਾਇ[65] ॥	If[63] God casts[62] His merciful glance[61], then[64] the True Guru is met all-too spontaneously[65].	ਜੇਕਰ[63] ਵਾਹਿਗੁਰੂ ਆਪਣੀ ਮਿਹਰ ਦੀ ਨਜ਼ਰ[61] ਧਾਰੇ[62], ਤਦ[64] ਸੱਚੇ ਗੁਰੂ ਜੀ ਸੁਤੇਸਿਧ[65] ਹੀ ਮਿਲ ਪੈਂਦੇ ਹਨ ।
ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ[65*] ਰਹਿਆ ਸਮਾਇ ॥੨॥	Nanak, the ambrosial water is obtained from the True Guru and one remains merged in the Lord[65*].	ਨਾਨਕ, ਸੁਧਾ ਸਰੂਪ ਪਾਣੀ ਸੱਚੇ ਗੁਰਾਂ ਪਾਸੋਂ ਪ੍ਰਾਪਤ ਹੁੰਦਾ ਹੈ ਅਤੇ ਜੀਵ ਪ੍ਰਭੂ[65*] ਅੰਦਰ ਲੀਨ ਹੋਇਆ ਰਹਿੰਦਾ ਹੈ ।
ਪਉੜੀ ॥	Pauri.	ਪਉੜੀ ।
ਇਕਿ[66] [67]ਵਣਖੰਡਿ[68] ਬੈਸਹਿ[69] ਜਾਇ[70] ਸਦੁ[71] ਨ ਦੇਵਹੀ[72] ॥	Some[66] go[70] and sit[69] in the forest[67] regions[68] and respond[72] not to a call[71].	ਕਈ[66] ਜਾ ਕੇ[70] ਜੰਗਲਾਂ[67] ਦੇ ਖਿਤਿਆਂ[68] ਅੰਦਰ ਬਹਿ ਜਾਂਦੇ[69] ਹਨ ਅਤੇ ਹਾਕ[71] ਦਾ ਉੱਤਰ ਨਹੀਂ ਦਿੰਦੇ[72] ।
ਇਕਿ ਪਾਲਾ[73] ਕਕਰੁ[74] ਭੰਨਿ[75] ਸੀਤਲੁ[76] ਜਲੁ[77] ਹੇਂਵਹੀ[78] ॥	Some there are, who in the winter season[73] shatter[75] their body with ice[74] and ice[78] cold[76] water[77]	ਕਈ ਇਕ ਪਾਲੇ ਦੀ ਰੁਤ[73] ਵਿਚ ਬਰਫ਼[74] ਅਤੇ ਬਰਫ਼[78] ਵਰਗੇ ਠੰਢੇ[76] ਪਾਣੀ[77] ਨਾਲ ਆਪਣੀ ਦੇਹ ਨੂੰ ਚਕਨਾਚੂਰ ਕਰ ਲੈਂਦੇ[75] ਹਨ ।
ਇਕਿ ਭਸਮ[79] ਚੜ੍ਹਾਵਹਿ[80] ਅੰਗਿ[81] ਮੈਲੁ[82] ਨ ਧੋਵਹੀ[83] ॥	Some besmear[80] their body-limbs[81] with ashes[79] and wash off[83] not their filth[82].	ਕਈ ਆਪਣੀ ਦੇਹ ਦੇ ਅੰਗਾਂ[81] ਨੂੰ ਸੁਆਹ[79] ਮਲਦੇ[80] ਹਨ ਅਤੇ ਆਪਣੀ ਗੰਦਗੀ[82] ਨੂੰ ਧੋਂਦੇ[83] ਨਹੀਂ ।
ਇਕਿ ਜਟਾ[84] ਬਿਕਟ[85]	Some wear unshorn[85] matted locks[84]	ਕਈ ਇਕ ਅਣਮੁੰਨੀਆਂ[85] ਗੁੰਦੀਆਂ ਹੋਈਆਂ ਲਿਟਾਂ[84]

ਬਿਕਰਾਲ[86] ਕੁਲੁ[87] ਘਰੁ[88] ਖੋਵਹੀ[89] ॥

and look hideous[86]. They thus dishonour[89] their lineage[87] and dynasty[88].

ਰਖਦੇ ਹਨ ਅਤੇ ਭਿਆਨਕ[86] ਦਿਸਦੇ ਹਨ । ਉਹ ਆਪਣੀ ਵੰਸ[87] ਅਤੇ ਘਰਾਣੇ[88] ਨੂੰ ਐਕੁਰ ਬੇਇਜ਼ਤ[09] ਕਰਦੇ ਹਨ ।

੧੨੮੫ 1285 ੧੨੮੫

ਇਕਿ ਨਗਨ[90] ਫਿਰਹਿ[91] ਦਿਨ ਰਾਤਿ ਨੀਦ[92] ਨ ਸੋਵਹੀ[93] ॥

Some day and night wander about[91] naked[90] and sleep[93] not a sound sleep[92].

ਕਈ ਦਿਨ ਅਤੇ ਰੈਣ ਨੰਗੇ-ਧੜੰਗੇ[90] ਭਟਕਦੇ[91] ਹਨ ਅਤੇ ਗੂੜ੍ਹੀ ਨੀਂਦਰੇ[92] ਨਹੀਂ ਸੌਂਦੇ[93] ।

ਇਕਿ ਅਗਨੀ[94] ਜਲਾਵਹਿ[95] ਅੰਗੁ[96] ਆਪੁ[97] ਵਿਗੋਵਹੀ[98] ॥

Some there are, who burn[95] their body-limbs[96] in fire[94] and this wise ruin[98] themselves[97].

ਕਈ ਇਕ ਆਪਣੀ ਦੇਹ ਦੇ ਅੰਗਾਂ[96] ਨੂੰ ਅੱਗ[94] ਵਿਚ ਸਾੜਦੇ[95] ਹਨ ਅਤੇ ਇਸ ਤਰ੍ਹਾਂ ਆਪਣੇ ਆਪ[97] ਨੂੰ ਤਬਾਹ ਕਰ ਲੈਂਦੇ[98] ਹਨ ।

ਵਿਣੁ ਨਾਵੈ ਤਨੁ[99] ਛਾਰੁ[100] ਕਿਆ[2] ਕਹਿ[3] ਰੋਵਹੀ[4] ॥

Without the Lord's Name, man's body[99] is reduced to ashes[100]. Of what[2] avail is then, saying[3] and wailing[4] ?

ਪ੍ਰਭੂ ਦੇ ਨਾਮ ਦੇ ਬਗੈਰ, ਇਨਸਾਨ ਦਾ ਸਰੀਰ[99] ਸੁਆਹ[100] ਹੋ ਜਾਂਦਾ ਹੈ । ਤਦ ਕੁਛ ਆਖਣ[3] ਅਤੇ ਵਿਰਲਾਪ ਕਰਨ[4] ਦਾ ਕੀ[2] ਲਾਭ ਹੈ ?

ਸੋਹਨਿ[6] ਖਸਮ[5] ਦੁਆਰਿ[7] ਜਿ ਸਤਿਗੁਰੁ ਸੇਵਹੀ[8] ॥੧੫॥

They alone look embellished[6] in the Lord's[5] Court[7], who serve[8] their True Guru.

ਕੇਵਲ ਉਹ ਹੀ ਪ੍ਰਭੂ[5] ਦੇ ਦਰਬਾਰ[7] ਅੰਦਰ ਸੁਭਾਇਮਾਨ ਲਗਦੇ[6] ਹਨ, ਜੋ ਆਪਣੇ ਸੱਚੇ ਗੁਰਾਂ ਦੀ ਘਾਲ ਕਮਾਉਂਦੇ[8] ਹਨ ।

ਸਲੋਕ ਮਹਲਾ ੩ ॥ — Slok 3rd Guru. — ਸਲੋਕ ਤੀਜੀ ਪਾਤਿਸ਼ਾਹੀ ।

ਬਾਬੀਹਾ ਅੰਮ੍ਰਿਤ ਵੇਲੈ[9] ਬੋਲਿਆ[10] ਤਾਂ[12] ਦਰਿ[13] ਸੁਣੀ ਪੁਕਾਰ[14] ॥

The pied-cuckoo chirps[10] in the ambrosial hour of morning[9] and then[12] is his prayer[14] heard in God's Court[13].

ਚਾਤ੍ਰਿਕ ਸਵੇਰਸਾਰ ਅੰਮ੍ਰਿਤ ਵੇਲੇ[9] ਚਹਿਕਦਾ[10] ਹੈ ਅਤੇ ਤਦ[12] ਉਸ ਦੀ ਵਾਹਿਗੁਰੂ ਦੀ ਦਰਗਾਹ[13] ਅੰਦਰ ਬੇਨਤੀ[14] ਸੁਣੀ ਜਾਂਦੀ ਹੈ ।

ਮੇਘੈ[15] ਨੋ ਫੁਰਮਾਨੁ[16] ਹੋਆ[19] ਵਰਸਹੁ[17] ਕਿਰਪਾ[18] ਧਾਰਿ ॥

The Lord issues[19] an order[16] to the cloud[15] to kindly[18] pour forth[17].

ਪ੍ਰਭੂ ਬੱਦਲ[15] ਨੂੰ ਮਿਹਰਬਾਨੀ ਕਰ ਕੇ[18] ਵਰ੍ਹਣ[17] ਦਾ ਹੁਕਮ[16] ਜਾਰੀ ਕਰਦਾ[19] ਹੈ ।

ਹਉ ਤਿਨ[20] ਕੈ ਬਲਿਹਾਰਣੈ[21] ਜਿਨੀ ਸਚੁ[22] ਰਖਿਆ ਉਰਿ[23] ਧਾਰਿ[24] ॥

I am a sacrifice[21] unto them[20], who keep the True Lord[22] clasped[24] to their heart[23].

ਮੈਂ ਉਹਨਾਂ[20] ਉਤੋਂ ਘੋਲੀ ਜਾਂਦਾ[21] ਹਾਂ ਜੋ ਸੱਚੇ ਸੁਆਮੀ[22] ਨੂੰ ਆਪਣੇ ਦਿਲ[23] ਨਾਲ ਲਾਈ ਰਖਦੇ[24] ਹਨ ।

ਨਾਨਕ ਨਾਮੇ[25] ਸਭ[26] ਹਰੀਆਵਲੀ[27] ਗੁਰ ਕੈ ਸਬਦਿ[28] ਵੀਚਾਰਿ[29] ॥੧॥

Everyone[26] blossoms[27], O Nanak, by reflecting over[29] the Lord's Name[25] and the Guru's word[28].

ਪ੍ਰਭੂ ਦੇ ਨਾਮ[25] ਅਤੇ ਗੁਰਾਂ ਦੀ ਬਾਣੀ[28] ਦਾ ਧਿਆਨ ਧਾਰਨ[29] ਦੁਆਰਾ, ਹੇ ਨਾਨਕ ! ਹਰ ਕੋਈ[26] ਪ੍ਰਫੁਲਤ ਹੋ ਜਾਂਦਾ[27] ਹੈ ।

ਮਹਲਾ ੩ ॥ — 3rd Guru. — ਤੀਜੀ ਪਾਤਿਸ਼ਾਹੀ ।

ਬਾਬੀਹਾ ਇਵ[30] ਤੇਰੀ ਤਿਖਾ[31] ਨ ਉਤਰੈ[32] ਜੇ[33] ਸਉ[34] ਕਰਹਿ ਪੁਕਾਰ[35] ॥

O sparrow hawk, thiswise[30] thy thirst[31] is quenched[32] not, even though[33] thou wailest[35] a hundred times[34].

ਹੇ ਪਪੀਹੇ ! ਇਸ ਤਰ੍ਹਾਂ[30] ਤੇਰੀ ਪਿਆਸ[31] ਨਹੀਂ ਬੁਝਣੀ[32], ਭਾਵੇਂ[33] ਤੂੰ ਸੈਂਕੜੇ ਵਾਰੀ[34] ਵਿਰਲਾਪ ਪਿਆ ਕਰੇਂ[35] ।

ਨਦਰੀ[36] ਸਤਿਗੁਰ ਪਾਈਐ[38] ਨਦਰੀ ਉਪਜੈ[37] ਪਿਆਰੁ[39] ॥	By God's grace[36], the True Guru is attained[38] and by His grace, the Lord's love[39] wells up[37].	ਹਰੀ ਦੀ ਮਿਹਰ[36] ਦੁਆਰਾ, ਸੱਚੇ ਗੁਰੂ ਜੀ ਪਰਾਪਤ ਹੁੰਦੇ[38] ਹਨ ਅਤੇ ਉਸ ਦੀ ਮਿਹਰ ਦੁਆਰਾ ਹੀ, ਪ੍ਰਭੂ ਦੀ ਪ੍ਰੀਤ[39] ਉਤਪੰਨ ਹੁੰਦੀ[37] ਹੈ ।
ਨਾਨਕ ਸਾਹਿਬੁ ਮਨਿ[40] ਵਸੈ ਵਿਚਹੁ[41] ਜਾਹਿ[42] ਵਿਕਾਰ[43] ॥੨॥	Nanak, if the Lord abides[40] in man's mind, then the sins[43] flee[42] from within[41] him.	ਨਾਨਕ, ਜੇਕਰ ਸੁਆਮੀ ਬੰਦੇ ਦੇ ਚਿਤ ਅੰਦਰ ਟਿਕ ਜਾਵੇ[40], ਤਾਂ ਉਸ ਦੇ ਅੰਦਰੋਂ[41] ਪਾਪ[43] ਦੌੜ ਜਾਂਦੇ[42] ਹਨ ।
ਪਉੜੀ ॥	Pauri	ਪਉੜੀ ।
ਇਕਿ[48] ਜੈਨੀ ਉਝੜ[44] ਪਾਇ[45] ਧੁਰਹੁ[46] ਖੁਆਇਆ[47] ॥	Some[48] are Jains, who wander[45] in wilderness[44]. They are wasted away[47] by the Primal Being[46].	ਕਈ[48] ਜੈਨੀ ਹਨ, ਜੋ ਬੀਆਬਾਨ[44] ਅੰਦਰ ਭਟਕਦੇ[45] ਹਨ । ਉਨ੍ਹਾਂ ਨੂੰ ਆਦਿ ਪੁਰਖ[46] ਨੇ ਬਰਬਾਦ ਕਰ ਛਡਿਆ[47] ਹੈ ।
ਤਿਨ ਮੁਖਿ[49] ਨਾਹੀ ਨਾਮੁ ਨ ਤੀਰਥਿ[50] ਨਾਇਆ[51] ॥	In their mouth[49] is not the Lord's Name and they bathe[51] not at the place of pilgrimage[50].	ਉਨ੍ਹਾਂ ਦੇ ਮੂੰਹ[49] ਵਿਚ ਪ੍ਰਭੂ ਦਾ ਨਾਮ ਨਹੀਂ ਅਤੇ ਉਹ ਯਾਤ੍ਰਾ ਅਸਥਾਨਾਂ[50] ਤੇ ਇਸ਼ਨਾਨ[51] ਨਹੀਂ ਕਰਦੇ ।
ਹਥੀ[52] ਸਿਰ[53] ਖੋਹਾਇ[54] ਨ ਭਦੁ[55] ਕਰਾਇਆ ॥	They pluck[54] their head-hair[53] with their hands[52] and shave[55] not their heads.	ਉਹ ਆਪਣੇ ਸਿਰ ਦੇ ਵਾਲਾਂ[53] ਨੂੰ ਹੱਥਾਂ[52] ਨਾਲ ਪੁਟਦੇ[54] ਹਨ ਅਤੇ ਆਪਣੇ ਸਿਰਾਂ ਨੂੰ ਮੁੰਨਦੇ[55] ਨਹੀਂ ।
ਕੁਚਿਲ[56] ਰਹਹਿ ਦਿਨ ਰਾਤਿ ਸਬਦੁ[57] ਨ ਭਾਇਆ[58] ॥	They remain filthy[56] day and night, and love[58] not the Lord's Name[57].	ਉਹ ਦਿਨ ਅਤੇ ਰੈਣ ਗੰਦੇ[56] ਰਹਿੰਦੇ ਹਨ ਅਤੇ ਪ੍ਰਭੂ ਦੇ ਨਾਮ[57] ਨੂੰ ਪਿਆਰ[58] ਨਹੀਂ ਕਰਦੇ ।
ਤਿਨ ਜਾਤਿ[59] ਨ ਪਤਿ[60] ਨ ਕਰਮੁ[61] ਜਨਮੁ[62] ਗਵਾਇਆ[63] ॥	They have no caste[59], nor honour[60] and good deeds[61]. Their life[62] they waste away[63] in vain.	ਉਨ੍ਹਾਂ ਦੀ ਕੋਈ ਜ਼ਾਤੀ[59] ਨਹੀਂ, ਨਾ ਹੀ ਇਜ਼ਤ ਆਬਰੂ[60] ਅਤੇ ਚੰਗੇ ਅਮਲ[61] ਹਨ । ਆਪਣਾ ਜੀਵਨ[62] ਉਹ ਵਿਅਰਥ ਗੁਆ ਲੈਂਦੇ[63] ਹਨ ।
ਮਨਿ[64] ਜੂਠੈ[65] ਵੇਜਾਤਿ[66] ਜੂਠਾ[67] ਖਾਇਆ ॥	Their minds[64] are soiled[65] and impure[66] and they eat other's leavings[67].	ਉਨ੍ਹਾਂ ਦੇ ਹਿਰਦੇ[64] ਗੰਦੇ[65] ਅਤੇ ਅਪਵਿੱਤਰ[66] ਹਨ ਅਤੇ ਉਹ ਹੋਰਨਾਂ ਦਾ ਬਚਿਆ ਖੁਚਿਆ[67] ਖਾਂਦੇ ਹਨ ।
ਬਿਨੁ ਸਬਦੈ[68] ਆਚਾਰੁ[69] ਨ ਕਿਨਹੀ ਪਾਇਆ[70] ॥	Without the Lord's Name[68], no one is ever blessed[70] with good conduct[69].	ਪ੍ਰਭੂ ਦੇ ਨਾਮ[68] ਦੇ ਬਗੈਰ, ਕਦੇ ਕਿਸੇ ਨੂੰ ਚੰਗਾ ਚਾਲ-ਚਲਣ[69] ਪਰਾਪਤ ਨਹੀਂ ਹੁੰਦਾ[70] ।
ਗੁਰਮੁਖਿ[71] ਓਅੰਕਾਰਿ[72] ਸਚਿ ਸਮਾਇਆ[73] ॥੧੬॥	By the Guru's grace[71], the mortal merges[73] in the True Lord[72].	ਗੁਰਾਂ ਦੀ ਦਇਆ[71] ਦੁਆਰਾ, ਪ੍ਰਾਣੀ ਸੱਚੇ ਸੁਆਮੀ[72] ਅੰਦਰ ਲੀਨ ਹੋ ਜਾਂਦਾ[73] ਹੈ ।
ਸਲੋਕ ਮਹਲਾ ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ ।
ਸਾਵਣਿ ਸਰਸੀ[74] ਕਾਮਣੀ[75] ਗੁਰ ਸਬਦੀ[76] ਵੀਚਾਰਿ[77] ॥	The bride[75] becomes happy[74] in the month of Sawan by reflecting[77] on the Guru's word[76].	ਸਾਉਣ ਦੇ ਮਹੀਨੇ ਵਿਚ ਗੁਰਾਂ ਦੀ ਬਾਣੀ[76] ਨੂੰ ਵੀਚਾਰਣ[77] ਦੁਆਰਾ ਪਤਨੀ[75] ਪ੍ਰਸੰਨ ਹੋ ਜਾਂਦੀ[74] ਹੈ ।
ਨਾਨਕ ਸਦਾ[78] ਸੁਹਾਗਣੀ[79] ਗੁਰ ਕੈ ਹੇਤਿ[80] ਅਪਾਰਿ[81] ॥੧॥	Nanak, through her infinite[81] love[80] for the Guru, she becomes a happy bride[79] for aye[78].	ਨਾਨਕ, ਗੁਰਾਂ ਨੂੰ ਬੇਅੰਤ[81] ਪਿਆਰ[80], ਕਰਨ ਰਾਹੀਂ ਉਹ ਸਦੀਵ[78] ਲਈ ਪ੍ਰਸੰਨ ਪਤਨੀ[79] ਹੋ ਜਾਂਦੀ ਹੈ ।

ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਸਾਵਣਿ ਦਝੈ[82] ਗੁਣ ਬਾਹਰੀ[83] ਜਿਸੁ ਦੂਜੈ[84] ਭਾਇ[85] ਪਿਆਰੁ[86] ॥	In the month of Sawan, the meritless[83] bride, who has attachment[86] for another's[84] love[85], burns[82] in fire.	ਸਾਉਣ ਦੇ ਮਹੀਨੇ ਵਿਚ, ਗੁਣ-ਵਿਹੂਣ[83] ਪਤਨੀ ਜਿਸ ਨੂੰ ਹੋਰਸ[84] ਦੀ ਪ੍ਰੀਤ[85] ਦੀ ਲਗਨ[86] ਹੈ, ਅੱਗ ਵਿਚ ਸੜਦੀ[82] ਹੈ।
ਨਾਨਕ ਪਿਰ[87] ਕੀ ਸਾਰ[88] ਨ ਜਾਣਈ[89] ਸਭੁ ਸੀਗਾਰੁ[90] ਖੁਆਰੁ[91] ॥੨॥	Nanak, she realises[89] not the worth[88] of her spouse[87], so pernicious[91] are all her decorations[90].	ਨਾਨਕ, ਉਹ ਆਪਣੇ ਕੰਤ[87] ਦੀ ਕਦਰ[88] ਨੂੰ ਅਨੁਭਵ[89] ਨਹੀਂ ਕਰਦੀ, ਸੋ ਹਾਨੀਕਾਰਕ[91] ਹਨ ਉਸ ਦੇ ਸਾਰੇ ਹਾਰਸ਼ਿੰਗਾਰ[90]।
ਪਉੜੀ ॥	Pauri.	ਪਉੜੀ।
ਸਚਾ ਅਲਖ[92] ਅਭੇਉ[93] ਹਠਿ[94] ਨ ਪਤੀਜਈ[95] ॥	The True, Unseeable[92] and Inscrutable[93] Lord is pleased[95] not through obstinacy[94].	ਸੱਚਾ, ਅਦ੍ਰਿਸ਼ਟ[92] ਅਤੇ ਭੇਦ-ਰਹਿਤ[93] ਸੁਆਮੀ ਜ਼ਿਦ[94] ਰਾਹੀਂ, ਪ੍ਰਸੰਨ[95] ਨਹੀਂ ਹੁੰਦਾ।
ਇਕਿ[96] ਗਾਵਹਿ[100] ਰਾਗ ਪਰੀਆ[97] ਰਾਗਿ[98] ਨ ਭੀਜਈ[99] ॥	Some[96] there are, who sing[100] tunes and sub-tunes[97], but the Lord is fascinated[99] not with rhythms[98].	ਕਈ[96] ਰਾਗ ਅਤੇ ਰਾਗਨੀਆਂ[97] ਅਲਾਪਦੇ[100] ਹਨ, ਪ੍ਰੰਤੂ ਪ੍ਰਭੂ ਸੁਰਾਂ ਤਾਲਾਂ[98] ਨਾਲ ਰੀਝਦਾ[99] ਨਹੀਂ।
ਇਕਿ ਨਚਿ[2] ਨਚਿ ਪੂਰਹਿ[3] ਤਾਲ ਭਗਤਿ[4] ਨ ਕੀਜਈ[5] ॥	Some dance[2] about and about and beat time[3], but perform[5] not the Lord's love-worship[4].	ਕਈ ਸੁਰਤਾਲ[3] ਅੰਦਰ ਨਿਰਤਕਾਰੀ[2], ਨਿਰਤਕਾਰੀ ਕਰਦੇ[5] ਹਨ, ਪਰੰਤੂ ਪ੍ਰਭੂ ਦੀ ਪਿਆਰੀ-ਉਪਾਸ਼ਨਾ[4] ਨਹੀਂ ਕਰਦੇ।
ਇਕਿ ਅੰਨੁ[6] ਨ ਖਾਹਿ ਮੂਰਖ[7] ਤਿਨਾ[8] ਕਿਆ[9] ਕੀਜਈ[10] ॥	Some fools[7] eat not corn[6]. What[9] is to be done[10] with them[8] ?	ਕਈ ਬੇਵਕੂਫ਼[7] ਅਨਾਜ[6] ਨਹੀਂ ਖਾਂਦੇ। ਉਨ੍ਹਾਂ[8] ਦਾ ਕੀ[9] ਕੀਤਾ ਜਾਵੇ[10] ?
ਤ੍ਰਿਸਨਾ[12] ਹੋਈ ਬਹੁਤੁ[13] ਕਿਵੈ[14] ਨ ਧੀਜਈ[15] ॥	Man's desire[12] has greatly increased[13] and it is quenched[15] not in any wise[14].	ਇਨਸਾਨ ਦੀ ਖ਼ਾਹਿਸ਼[12] ਘਣੇਰੀ ਵਧ ਗਈ[13] ਹੈ ਅਤੇ ਇਹ ਕਿਸੇ ਤਰ੍ਹਾਂ[14] ਭੀ ਬੁਝਦੀ[15] ਨਹੀਂ।
ਕਰਮ[16] ਵਧਹਿ[17] ਕੈ[18] ਲੋਅ[19] ਖਪਿ[20] ਮਰੀਜਈ[21] ॥	Some[18] individuals[19] are tied[17] to rituals[16] and thiswise bother[20] themselves to death[21].	ਕਈ[18] ਇਨਸਾਨ[19] ਕਰਮਕਾਂਡਾਂ[16] ਨਾਲ ਬੱਝੇ ਹੋਏ[17] ਹਨ ਅਤੇ ਇਸ ਤਰ੍ਹਾਂ ਵਿਆਕੁਲ[20] ਹੋ ਮਰ ਜਾਂਦੇ[21] ਹਨ।
ਲਾਹਾ[22] ਨਾਮੁ ਸੰਸਾਰਿ[23] ਅੰਮ੍ਰਿਤੁ[24] ਪੀਜਈ[25] ॥	In this world[23], the profit[22] lies in indrinking[25] the Name-Nectar[24].	ਇਸ ਜਹਾਨ[23] ਅੰਦਰ, ਮੁਨਾਫ਼ਾ[22] ਨਾਮ-ਸੁਧਾਰਸ[24] ਪਾਨ ਕਰਨ[25] ਵਿਚ ਹੈ।
ਹਰਿ ਭਗਤੀ[27] ਅਸਨੇਹਿ[28] ਗੁਰਮੁਖਿ[29] ਘੀਜਈ[30] ॥ ੧੭॥	The Guru-wards[27] gather[30], the love[28]-worship[29] of their Lord.	ਗੁਰੂ ਸਮਰਪਣ[27] ਆਪਣੇ ਪ੍ਰਭੂ ਦੀ ਪਿਆਰੀ[28] ਉਪਾਸ਼ਨਾ[29] ਨੂੰ ਹਾਸਲ ਕਰਦੇ[30] ਹਨ।
ਸਲੋਕ ਮਹਲਾ ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ।
ਗੁਰਮੁਖਿ[31] ਮਲਾਰ ਰਾਗੁ ਜੋ ਕਰਹਿ[32] ਤਿਨ[36] ਮਨੁ[33] ਤਨੁ[34] ਸੀਤਲੁ[35] ਹੋਇ ॥	The pious persons[31], who sing[32] God's praise in the Malar measure; their[36] soul[33] and body[34] become cool[35].	ਪਵਿਤ੍ਰ ਪੁਰਸ਼[31], ਜੋ ਮਲਾਰ ਰਾਗ ਵਿਚ ਵਾਹਿਗੁਰੂ ਦਾ ਜੱਸ ਗਾਇਨ ਕਰਦੇ[32] ਹਨ; ਉਨ੍ਹਾਂ ਦੀ[36] ਆਤਮਾ[33] ਤੇ ਦੇਹ[34] ਠੰਡੇ-ਠਾਰ[35] ਹੋ ਜਾਂਦੀਆਂ ਹਨ।

ਗੁਰ ਸਬਦੀ[37] ਏਕੁ[38] ਪਛਾਣਿਆ[39] ਏਕੋ ਸਚਾ[40] ਸੋਇ[41] ॥

Through the Guru's word[37], they realise[39], the One Lord[38], that[41] one True Lord[40].

ਗੁਰਾਂ ਦੀ ਬਾਣੀ[37] ਰਾਹੀਂ, ਉਹ ਇਕ ਸੁਆਮੀ[38], ਉਸ[41] ਇਕ ਸੱਚੇ ਸੁਆਮੀ[40] ਨੂੰ ਹੀ ਅਨੁਭਵ ਕਰਦੇ[39] ਹਨ।

ਮਨੁ[42] ਤਨੁ[43] ਸਚਾ[44] ਸਚੁ[45] ਮਨਿ[46] ਸਚੇ[47] ਸਚੀ ਸੋਇ[48] ॥

Obeying[46], the True Lord[45], their mind[42] and body[43] become true[44]. True is the repute[48] of those true persons[47].

ਸੱਚੇ ਸਾਂਈਂ[45] ਨੂੰ ਮੰਨਣ ਦੁਆਰਾ[46] ਉਨ੍ਹਾਂ ਦਾ ਹਿਰਦਾ[42] ਤੇ ਸਰੀਰ[43] ਸੱਚੇ[44] ਹੋ ਜਾਂਦੇ ਹਨ। ਸੱਚੀ ਹੈ ਸ਼ੁਹਰਤ[48] ਉਹਨਾਂ ਸੱਚੇ ਪੁਰਸ਼ਾਂ[47] ਦੀ।

ਅੰਦਰਿ ਸਚੀ ਭਗਤਿ[49] ਹੈ ਸਹਜੇ[50] ਹੀ ਪਤਿ[51] ਹੋਇ[52] ॥

Within them is the true devotion[49] and they are spontaneously[50] blessed[52] with honour[51].

ਉਨ੍ਹਾਂ ਦੇ ਅੰਦਰ ਸੱਚਾ ਅਨੁਰਾਗ[49] ਹੈ ਅਤੇ ਉਹਨਾਂ ਨੂੰ ਸੁਭਾਵਕ[50] ਹੀ ਇਜ਼ਤ ਆਬਰੂ[51] ਪ੍ਰਾਪਤ ਹੋ ਜਾਂਦੀ[52] ਹੈ।

ਕਲਿਜੁਗ ਮਹਿ[53] ਘੋਰ ਅੰਧਾਰੁ[54] ਹੈ ਮਨਮੁਖ[55] ਰਾਹੁ[56] ਨ ਕੋਇ ॥

In[53] the Darkage there is pitch-darkness[54] and the egocentric[55] finds no way out[56].

ਕਾਲੇ ਸਮੇਂ ਅੰਦਰ[53] ਅੰਨ੍ਹੇਰਾ[54] ਘੁਪ ਹੈ ਅਤੇ ਮਨਮਤੀਏ[55] ਨੂੰ ਕੋਈ ਭੀ ਰਸਤਾ[56] ਨਹੀਂ ਲੱਭਦਾ।

ਸੇ[57] [58]ਵਡਭਾਗੀ[59] ਨਾਨਕਾ ਜਿਨ ਗੁਰਮੁਖਿ[60] ਪਰਗਟੁ[61] ਹੋਇ ॥੧॥

Very[58] fortunate[59] are they[57], O Nanak, unto whom the Lord becomes manifest[61] by the Guru's grace[60].

ਭਾਰੇ[58] ਨਸੀਬਾਂ ਵਾਲੇ[59] ਹਨ ਉਹ[57], ਹੇ ਨਾਨਕ! ਜਿਨ੍ਹਾਂ ਉਤੇ ਗੁਰਾਂ ਦੀ ਦਇਆ ਦੁਆਰਾ[60] ਪ੍ਰਭੂ ਨਾਜ਼ਲ[61] ਹੋ ਜਾਂਦਾ ਹੈ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ।

ਇੰਦੁ[61]* ਵਰਸੈ[62] ਕਰਿ ਦਇਆ[63] ਲੋਕਾਂ[64] ਮਨਿ ਉਪਜੈ[65] ਚਾਉ[66] ॥

The cloud[61]* rains[62] mercifully[63] and joy[66] wells up[65] in men's[64] mind.

ਬੱਦਲ[61]* ਮਿਹਰ ਧਾਰ ਕੇ[63] ਬਰਸਦਾ[62] ਹੈ ਅਤੇ ਮਨੁੱਖਾਂ[64] ਦੇ ਚਿਤਾਂ ਅੰਦਰ ਖ਼ੁਸ਼ੀ[66] ਉਤਪੰਨ ਹੁੰਦੀ[65] ਹੈ।

ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ[67] ਕੈ ਸਦ[68] ਬਲਿਹਾਰੈ[69] ਜਾਂਉ ॥

I am ever[68] a sacrifice[69] unto Him[67], by whose order the cloud bursts forth.

ਮੈਂ ਉਸ[67] ਉਤੋਂ ਹਮੇਸ਼ਾ[68] ਹੀ ਕੁਰਬਾਨ ਜਾਂਦਾ ਹਾਂ[69], ਜਿਸਦੇ ਫ਼ੁਰਮਾਨ ਦੁਆਰਾ ਬੱਦਲ ਵਰ੍ਹਦਾ ਹੈ!

ਗੁਰਮੁਖਿ[70] ਸਬਦੁ[71] ਸਮ੍ਹਾਲੀਐ[72] ਸਚੇ[73] ਕੇ ਗੁਣ[74] ਗਾਉ[75] ॥

Through the Guru[70], contemplate[72] thou the Name[71] and sing[75] the praise[74] of the True Lord[73].

ਗੁਰਾਂ ਦੇ ਰਾਹੀਂ[70], ਤੂੰ ਨਾਮ[71] ਦਾ ਸਿਮਰਨ ਕਰ[72] ਅਤੇ ਸੱਚੇ ਸੁਆਮੀ[73] ਦੀ ਸਿਫ਼ਤ[74] ਅਲਾਪ[75]।

੧੨੮੬

1286

੧੨੮੬

ਨਾਨਕ ਨਾਮਿ ਰਤੇ[76] ਜਨ[77] ਨਿਰਮਲੇ[78] ਸਹਜ[79] ਸਚਿ[80] ਸਮਾਉ[81] ॥੨॥

Nanak, they who are imbued[76] with the Name; they are the **pure**[78] persons[77] and easily[79] merge[81] in the True One[80].

ਨਾਨਕ, ਜੋ ਨਾਮ ਨਾਲ ਰੰਗੀਜੇ[76] ਹਨ, ਉਹ ਪਵਿੱਤਰ[78] ਪੁਰਸ਼[77] ਹਨ ਅਤੇ ਸੁਖੈਨ ਹੀ[79] ਸਤਿਪੁਰਖ[80] ਅੰਦਰ ਲੀਨ ਹੋ ਜਾਂਦੇ[81] ਹਨ।

ਪਉੜੀ ॥

Pauri.

ਪਉੜੀ

ਪੂਰਾ[82] ਸਤਿਗੁਰੁ ਸੇਵਿ[83] ਪੂਰਾ[84] ਪਾਇਆ ॥

Serving[83] the Perfect[82] True Guru, I have attained unto my Perfect Lord[84].

ਪੂਰਨ[82] ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ[83], ਮੈਂ ਆਪਣੇ ਪੂਰਨ ਪ੍ਰਭੂ[84] ਨੂੰ ਪਾ ਲਿਆ ਹੈ।

ਪੂਰੈ[85] ਕਰਮਿ ਧਿਆਇ[87]

Contemplating[87] the Lord, through

ਪੂਰਨ[85] ਪ੍ਰਾਲਭਧ ਰਾਹੀਂ ਸੁਆਮੀ ਦਾ ਸਿਮਰਨ[87]

ਪੂਰਾ ਸਬਦੁ[88] ਮੰਨਿ ਵਸਾਇਆ[89] ॥

perfect[85] destiny[86] I have enshrined[89] the Perfect Name[88] in my mind.

ਕਰਨ ਦੁਆਰਾ ਮੈਂ ਪੂਰਨ ਨਾਮ[88] ਨੂੰ ਆਪਣੇ ਹਿਰਦੇ ਅੰਦਰ ਟਿਕਾ ਲਿਆ[89] ਹੈ।

ਪੂਰੈ ਗਿਆਨਿ[90] ਧਿਆਨਿ[91] ਮੈਲੁ[92] ਚੁਕਾਇਆ[93] ॥

Through perfect gnosis[90] and meditation[91], I have washed off[93] my filth[92].

ਪੂਰਨ ਬ੍ਰਹਮ-ਵੀਚਾਰ[90] ਅਤੇ ਸਿਮਰਨ[91] ਰਾਹੀਂ, ਮੈਂ ਆਪਣੀ ਮਲੀਣਤਾ[92] ਧੋ ਛੱਡੀ[93] ਹੈ।

ਹਰਿ ਸਰਿ[94] ਤੀਰਥਿ[95] ਜਾਣਿ ਮਨੂਆ[96] ਨਾਇਆ[97] ॥

Deeming God to be the pilgrim station's[95] tank[94], I have bathed[97] my mind[96] therein.

ਵਾਹਿਗੁਰੂ ਨੂੰ ਯਾਤ੍ਰਾ ਅਸਥਾਨਾਂ[95] ਦਾ ਸਰੋਵਰ[94] ਜਾਣ ਕੇ, ਮੈਂ ਆਪਣੇ ਮਨ[96] ਨੂੰ ਉਸ ਵਿਚ ਨੁਹਾ ਲਿਆ[97] ਹੈ।

ਸਬਦਿ[98] ਮਰੈ ਮਨੁ ਮਾਰਿ[99] ਧੰਨੁ[100] ਜਣੇਦੀ[2] ਮਾਇਆ[3] ॥

He who dies through the Lord's Name[98] and stills[99] his mind; O blessed[100] is the mother[3] who bore[2] him.

ਜੋ ਸਾਈਂ ਦੇ ਨਾਮ[98] ਰਾਹੀਂ ਮਰਦਾ[99] ਅਤੇ ਆਪਣੇ ਮਨੂਏ ਨੂੰ ਕਾਬੂ ਕਰਦਾ ਹੈ; ਮੁਬਾਰਕ[100] ਹੈ, ਉਹ ਮਾਤਾ[3] ਜਿਸ ਨੇ ਉਸ ਨੂੰ ਜਾਣਿਆ[2] ਸੀ।

ਦਰਿ[4] ਸਚੈ ਸਚਿਆਰੁ[5] ਸਚਾ ਆਇਆ[6] ॥

He is adjudged true[5] in the True Court[4] and true is his advent[6] in this world.

ਸਚੇ ਦਰਬਾਰ[4] ਅੰਦਰ ਉਹ ਸੱਚਾ[5] ਕਰਾਰ ਦਿਤਾ ਜਾਂਦਾ ਹੈ ਅਤੇ ਸਚਾ ਹੈ ਉਸ ਦਾ ਆਗਮਨ[6] ਇਸ ਜਹਾਨ ਵਿਚ।

ਪੁਛਿ[7] ਨ ਸਕੈ ਕੋਇ ਜਾਂ[8] ਖਸਮੈ[9] ਭਾਇਆ[10] ॥

When[8] the Lord's[9] pleasure[10] is upon him, then none can question[7] regarding his account.

ਜਦ[8] ਸੁਆਮੀ[9] ਦੀ ਉਸ ਉਤੇ ਖੁਸ਼ੀ[10] ਹੈ, ਤਦ ਕੋਈ ਭੀ ਉਸ ਨੂੰ ਉਸ ਦੇ ਹਿਸਾਬ ਕਿਤਾਬ ਬਾਰੇ ਪੁਛ[7] ਨਹੀਂ ਸਕਦਾ।

ਨਾਨਕ ਸਚੁ[12] ਸਲਾਹਿ[13] ਲਿਖਿਆ[14] ਪਾਇਆ[15] ॥੧੮॥

By virtue of good destiny[14], O Nanak, by praising[13] the True-Lord[12], he has obtained[15] Him.

ਚੰਗੀ ਪ੍ਰਾਲਬਧ[14] ਦੀ ਬਰਕਤ, ਹੇ ਨਾਨਕ! ਸੱਚੇ ਸਾਈਂ[12] ਦੀ ਸਿਫ਼ਤ-ਸ਼ਲਾਘਾ[13] ਕਰਨ ਦੁਆਰਾ, ਉਸ ਨੇ ਉਸ ਨੂੰ ਪਾ ਲਿਆ[15] ਹੈ।

ਸਲੋਕ ਮਹਲਾ ੧ ॥

Slok 1st Guru.

ਸਲੋਕ ਪਹਿਲੀ ਪਾਤਿਸ਼ਾਹੀ!

ਕੁਲਹਾਂ[16] ਦੇਂਦੇ ਬਾਵਲੇ[17] ਲੈਦੇ ਵਡੇ[18] ਨਿਲਜ[19] ॥

They, who give their disciples hats[16], are fools[17] and they who receive them, are very[18] shameless[19].

ਜੋ ਆਪਣੇ ਚੇਲਿਆਂ ਨੂੰ ਕੁੱਲ੍ਹੇ[16] ਦਿੰਦੇ ਹਨ, ਉਹ ਮੂਰਖ[17] ਹਨ ਅਤੇ ਜੋ ਉਨ੍ਹਾਂ ਨੂੰ ਹਾਸਲ ਕਰਦੇ ਹਨ, ਉਹ ਭਾਰੀ[18] ਬੇਸ਼ਰਮ[19] ਹਨ।

ਚੂਹਾ[20] ਖਡ[21] ਨ ਮਾਵਈ[22] ਤਿਕਲਿ[23] ਬੰਨੈ ਛਜ[24] ॥

A mouse[20] can be contained[22] not in its hole[21], if he ties a winnowing basket[24] to his waist[23].

ਆਪਣੇ ਲਕ[23] ਨਾਲ ਦਾਣੇ ਉਡਾਉਣ ਵਾਲੀ ਛਜਲੀ[24] ਨੂੰ ਬੰਨ੍ਹ ਕੇ ਚੂਹਾ[20] ਆਪਣੀ ਖੁਡ[21] ਵਿਚ ਮਿਉ[22] ਨਹੀਂ ਸਕਦਾ।

ਦੇਨਿ ਦੁਆਈ[25] ਸੇ[26] ਮਰਹਿ ਜਿਨ ਕਉ ਦੇਨਿ ਸਿ[27] ਜਾਹਿ[28] ॥

They[26], who give blessing[25] shall die and they[27] to whom they are given, shall also depart[28].

ਜੋ ਅਸੀਸਾਂ ਦਿੰਦੇ[25] ਹਨ, ਉਹ[26] ਮਰ ਜਾਣਗੇ ਅਤੇ ਜਿਨ੍ਹਾਂ ਨੂੰ ਉਹ ਦਿਤੀਆਂ ਜਾਂਦੀਆਂ ਹਨ, ਉਹ[27] ਭੀ ਟੁਰ ਜਾਣਗੇ[28]।

ਨਾਨਕ ਹੁਕਮੁ[29] ਨ ਜਾਪਈ[30] ਕਿਥੈ ਜਾਇ[31] ਸਮਾਇ[32] ॥

Nanak, it is not known[30], where they go[31] and merge[32] by the Lord's will[29].

ਨਾਨਕ, ਇਹ ਨਹੀਂ ਜਾਣਿਆ ਜਾਂਦਾ[30], ਕਿ ਪ੍ਰਭੂ ਦੀ ਰਜ਼ਾ[29] ਦੁਆਰਾ ਉਹ ਕਿਥੇ ਜਾ ਕੇ[31] ਲੀਨ[32] ਹੋ ਜਾਂਦੇ ਹਨ।

ਫਸਲਿ[33] ਅਹਾੜੀ[34] ਏਕੁ

For me the harvest[33] of winter[34] is

ਮੇਰੇ ਲਈ ਰਬੀ[34] ਦੀ ਪੈਦਾਵਾਰ[33] ਇਕ ਨਾਮ ਹੈ ਅਤੇ

ਨਾਮੁ ਸਾਵਣੀ[35] ਸਚੁ ਨਾਉ[36] ॥	the one Name and the harvest of summer[35] is the True Name[36].	ਖ਼ਰੀਫ਼[35] ਦੀ ਪੈਦਾਵਾਰ ਸੱਚਾ ਨਾਮ[36] ਹੈ ।
ਮੈ ਮਹਦੂਦੁ[37] ਲਿਖਾਇਆ ਖਸਮੈ[38] ਕੈ ਦਰਿ[39] ਜਾਇ[40] ॥	Reaching[40] my Lord's[38] Court[39] I have got writ the pardon-deed[37] in my favour.	ਆਪਣੇ ਸੁਆਮੀ[38] ਦੇ ਦਰਬਾਰ[39] ਅੰਦਰ ਪੁਜ[40] ਕੇ ਮੈਂ ਆਪਣੇ ਹੱਕ ਵਿਚ ਮੁਆਫ਼ੀ ਦਾ ਪਟਾ ਲਿਖਵਾ[37] ਲਿਆ ਹੈ ।
ਦੁਨੀਆ[41] ਕੇ ਦਰ[42] ਕੇਤੜੇ[43] ਕੇਤੇ ਆਵਹਿ ਜਾਂਹਿ ॥	Myriads[43] are the courts[42] of the world[41] and myriads come and go there.	ਅਣਗਿਣਤ[43] ਹਨ ਜਹਾਨ[41] ਦੀਆਂ ਕਚਹਿਰੀਆਂ[42] ਅਤੇ ਅਣਗਿਣਤ ਹੀ ਉਥੇ ਆਉਂਦੇ ਤੇ ਜਾਂਦੇ ਹਨ ।
ਕੇਤੇ[44] ਮੰਗਹਿ[45] ਮੰਗਤੇ[46] ਕੇਤੇ ਮੰਗਿ ਮੰਗਿ[47] ਜਾਹਿ[48] ॥੧॥	Many[44] are the mumpers[46] who ask for alms[45] and good many continue begging[47] till their death[48].	ਅਨੇਕਾਂ[44] ਹੀ ਭਿਖਾਰੀ[46] ਹਨ ਜੋ ਖ਼ੈਰ ਮੰਗਦੇ[45] ਹਨ ਅਤੇ ਅਨੇਕਾਂ ਆਪਣੀ ਮੌਤ[48] ਦੇ ਵੇਲੇ ਤਾਂਈਂ ਮੰਗਦੇ ਹੀ ਰਹਿੰਦੇ[47] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਸਉ ਮਣੁ ਹਸਤੀ[49] ਘਿਉ[52] ਗੁੜੁ ਖਾਵੈ ਪੰਜਿ ਸੈ[53] ਦਾਣਾ[50] ਖਾਇ[51] ॥	An elephant[49] eats a hundred monds of clarified butter[52] and molasses and swallows[51] five hundred[53] monds of corn[50].	ਹਾਥੀ[49] ਸੌ[53] ਮਣ ਘੀ[52] ਅਤੇ ਗੁੜ ਖਾ ਜਾਂਦਾ ਹੈ ਅਤੇ ਪੰਜ ਸੌ[53] ਮਣ ਅਨਾਜ[50] ਨਿਗਲ ਜਾਂਦਾ[51] ਹੈ ।
ਡਕੈ[54] ਫੂਕੈ[55] ਖੇਹ[56] ਉਡਾਵੈ ਸਾਹਿ[57] ਗਇਐ[58] ਪਛੁਤਾਇ[59] ॥	He belches[54], blows[55] and scatters dust[56] and regrets[59] when the breath[57] leaves[58] the body.	ਉਹ ਡਕਾਰ ਮਾਰਦਾ[54], ਫੁੰਕਾਰੇ ਛਡਦਾ[55] ਤੇ ਘੱਟਾ[56] ਉਡਾਉਂਦਾ ਹੈ ਅਤੇ ਜਦ ਸੁਆਸ[57] ਸਰੀਰ ਨੂੰ ਛਡ ਜਾਂਦਾ[58] ਹੈ, ਅਫ਼ਸੋਸ ਕਰਦਾ[59] ਹੈ ।
ਅੰਧੀ[60] ਫੂਕਿ[61] ਮੁਈ ਦੇਵਾਨੀ[62] ॥	The blind[60] and foolish[62] world is dying of self-conceit[61].	ਅੰਨ੍ਹੀ[60] ਤੇ ਮੂਰਖ[62] ਦੁਨੀਆਂ ਸਵੈ-ਹੰਗਤਾ[61] ਨਾਲ ਮਰ ਰਹੀ ਹੈ ।
ਖਸਮ[63] ਮਿਟੀ[64] ਫਿਰਿ[65] ਭਾਨੀ[66] ॥	When it merges[64] in the Lord[63], then[65] it becomes pleasing[66] to Him.	ਜਦ ਇਹ ਸੁਆਮੀ[63] ਅੰਦਰ ਸਮਾ ਜਾਂਦੀ[64] ਹੈ, ਤਦ[65] ਇਹ ਉਸ ਨੂੰ ਚੰਗੀ ਲਗਦੀ[66] ਹੈ ।
ਅਧੁ[67] ਗੁਲ੍ਹਾ[68] ਚਿੜੀ[69] ਕਾ ਚੁਗਣੁ[70] ਗੈਣਿ[71] ਚੜੀ ਬਿਲਲਾਇ[72] ॥	Half[67] a gram[68] is the feed[70] of the sparrow[69] and ascending the sky[71], it chirps[72].	ਅੱਧਾ[67] ਦਾਣਾ[68] ਚਿੜੀਆਂ[69] ਦਾ ਚੋਗਾ[70] ਹੈ ਅਤੇ ਇਹ ਅਸਮਾਨ[71] ਚੜ੍ਹ ਕੇ ਚਹਿਕਦੀ[72] ਹੈ ।
ਖਸਮੈ[73] ਭਾਵੈ[74] ਓਹਾ[75] ਚੰਗੀ[76] ਜਿ ਕਰੇ[77] ਖੁਦਾਇ ਖੁਦਾਇ[78] ॥	She[75], the good[76] sparrow, that utters[77] God's Name[78], is pleasing[74] to the Lord[73].	ਉਹ[75] ਭਲੀ[76] ਚਿੜੀਆ ਜੋ ਰਬ ਦਾ ਨਾਮ[78] ਉਚਾਰਨ ਕਰਦੀ[77] ਹੈ, ਸੁਆਮੀ[73] ਨੂੰ ਭਾਉਂਦੀ[74] ਹੈ ।
ਸਕਤਾ[79] ਸੀਹੁ[80] ਮਾਰੇ ਸੈ[81] ਮਿਰਿਆ[82] ਸਭ[83] ਪਿਛੈ[84] ਪੈ ਖਾਇ[85] ॥	The powerful[79] tiger[80] kills hundreds[81] of deer[82] and afterwards[84] many other[83] eat[85] his leavings.	ਬਲਵਾਨ[79] ਸ਼ੇਰ[80] ਸੈਂਕੜੇ[81] ਮਿਰਗਾਂ[82] ਨੂੰ ਮਾਰਦਾ ਹੈ ਅਤੇ ਮਗਰੋਂ[84] ਅਨੇਕਾਂ ਹੋਰ[83] ਉਸ ਦੀ ਜੂਠ ਨੂੰ ਪਏ ਖਾਂਦੇ[85] ਹਨ ।
ਹੋਇ ਸਤਾਣਾ[86] ਘੁਰੈ[87] ਨ ਮਾਵੈ[88] ਸਾਹਿ[89] ਗਇਐ ਪਛੁਤਾਇ[90] ॥	Becoming very strong[86], he is contained[88] not in his den[87], but when he dies[89], he regrets[90].	ਬਹੁਤ ਜ਼ਬਰਦਸਤ[86] ਹੋਣ ਕਰਕੇ, ਉਹ ਆਪਣੇ ਘੁਰਨੇ[87] ਵਿਚ ਨਹੀਂ ਮਿਉਂਦਾ[88], ਪਰ ਜਦ ਉਹ ਮਰਦਾ[89] ਹੈ, ਉਹ ਸ਼ੋਕ ਕਰਦਾ[90] ਹੈ ।

ਅੰਧਾ[91] ਕਿਸ ਨੋ ਬੁਕਿ[96] ਸੁਣਾਵੈ[92] ॥ ਖਸਮੈ[93] ਮੂਲਿ[94] ਨ ਭਾਵੈ[95] ॥	Whom does the blind[91] beast want to impress[92] with his roar[96]? He is not, at all[94] pleasing[95] to his Lord[93].	ਅੰਨ੍ਹਾ[91] ਪਸ਼ੂ ਆਪਣੀ ਗਰਜ[96] ਨਾਲ ਕਿਸ ਤੇ ਅਸਰ ਪਾਉਣਾ[92] ਚਾਹੁੰਦਾ ਹੈ ? ਉਹ ਆਪਣੇ ਸਾਹਿਬ[93] ਨੂੰ ਹੱਦੋਂ[94] ਹੀ ਚੰਗਾ[95] ਨਹੀਂ ਲੱਗਦਾ ।
ਅਕ[97] ਸਿਉ ਪ੍ਰੀਤਿ ਕਰੇ ਅਕ ਤਿਡਾ[98] ਅਕ ਡਾਲੀ[99] ਬਹਿ[100] ਖਾਇ ॥	The milk-weed cricket[98] loves the milk-weed[97] and perching[100] on its bough[99] eats it.	ਅੱਕ ਦਾ ਟਿੱਡਾ[98] ਅੱਕ[97] ਨੂੰ ਪਿਆਰ ਕਰਦਾ ਹੈ ਅਤੇ ਇਸ ਦੀ ਟਹਿਣੀ[99] ਤੇ ਬੈਠ[100] ਕੇ ਇਸ ਨੂੰ ਖਾਂਦਾ ਹੈ ।
ਖਸਮੈ[2] ਭਾਵੈ[3] ਓਹੋ[4] ਚੰਗਾ[5] ਜਿ[6] ਕਰੇ[7] ਖੁਦਾਇ ਖੁਦਾਇ[8] ॥	If[6] it so pleases[3] the Lord[2], that[4] cricket becomes sublime[5] by uttering[7] the Lord's Name[8].	ਜੇਕਰ[6] ਸਾਈਂ[2] ਨੂੰ ਇਸ ਤਰ੍ਹਾਂ ਚੰਗਾ ਲੱਗੇ[3] ਤਾਂ ਉਹ[4] ਟਿੱਡਾ ਪ੍ਰਭੂ ਦੇ ਨਾਮ[8] ਨੂੰ ਉਚਾਰ ਕੇ[7] ਸਰੇਸ਼ਟ[5] ਹੋ ਜਾਂਦਾ ਹੈ ।
ਨਾਨਕ ਦੁਨੀਆ[9] ਚਾਰਿ ਦਿਹਾੜੇ[10] ਸੁਖਿ[12] ਕੀਤੈ[13] ਦੁਖੁ[14] ਹੋਈ[15] ॥	Nanak, this world[9]-play is but for four days[10]. By indulging[13] in revelments[12], pain[14] wells up[15].	ਨਾਨਕ, ਸੰਸਾਰ[9] ਦੀ ਇਹ ਖੇਡ ਕੇਵਲ ਚਹੁੰ ਦਿਨਾਂ[10] ਲਈ ਹੈ । ਰੰਗਰਲੀਆਂ[12] ਮਾਨਣ[13] ਦੁਆਰਾ, ਪੀੜ[14] ਉਤਪੰਨ ਹੁੰਦੀ[15] ਹੈ ।
ਗਲਾ[16] ਵਾਲੇ ਹੈਨਿ[17] ਘਣੇਰੇ[18] ਛਡਿ[19] ਨ ਸਕੈ ਕੋਈ ॥	Men of mere words[16], there are[17] many[18], but none can renounce[19] the world.	ਨਿਰੇ ਪੁਰੇ ਲਫ਼ਜ਼ਾਂ[16] ਵਾਲੇ ਬੰਦੇ ਬਹੁਤੇ[18] ਹੀ ਹਨ[17], ਪ੍ਰੰਤੂ ਕੋਈ ਭੀ ਦੁਨੀਆਂ ਨੂੰ ਤਿਆਗ[19] ਨਹੀਂ ਸਕਦਾ ।
ਮਖੀ ਮਿਠੈ[20] ਮਰਣਾ ॥	The fly dies for sweet[20].	ਮੱਖੀ ਮਿਠਾਸ[20] ਲਈ ਮਰ ਜਾਂਦੀ ਹੈ ।
ਜਿਨ ਤੂ ਰਖਹਿ[21] ਤਿਨ[22] ਨੇੜਿ[23] ਨ ਆਵੈ ਤਿਨ ਭਉ[24] ਸਾਗਰੁ[25] ਤਰਣਾ[26] ॥ ੨॥	Mammon draws not near[23] them[22], whom Thou, O Lord, protectests[21], they alone ferry across[26] the dreadful[24] world-ocean[25].	ਮਾਇਆ ਉਨ੍ਹਾਂ[22] ਦੇ ਲਾਗੇ[23] ਨਹੀਂ ਲਗਦੀ, ਜਿਨ੍ਹਾਂ ਦੀ ਤੂੰ, ਹੇ ਸੁਆਮੀ ਰੱਖਿਆ[21] ਕਰਦਾ ਹੈਂ, ਕੇਵਲ ਉਹ ਹੀ ਭਿਆਨਕ[24] ਜਗਤ ਸਮੁੰਦਰ[25] ਤੋਂ ਪਾਰ ਹੁੰਦੇ[26] ਹਨ ।
ਪਉੜੀ ॥	Pauri.	ਪਉੜੀ ।
ਅਗਮ[27] ਅਗੋਚਰੁ[28] ਤੂ ਧਣੀ[29] ਸਚਾ[30] ਅਲਖ[31] ਅਪਾਰੁ[32] ॥	O Inaccessible[27], Incomprehensible[28], Invisible[31] and Infinite[32] True Lord[30], Thou art the Master[29] of all.	ਹੇ ਪਹੁੰਚ ਤੋਂ ਪਰੇ[27], ਅਗਾਧ[28], ਅਦ੍ਰਿਸ਼ਟ[31] ਅਤੇ ਅਨੰਤ[32] ਸੱਚੇ ਸੁਆਮੀ[30] ! ਤੂੰ ਸਾਰਿਆਂ ਦਾ ਮਾਲਕ[29] ਹੈਂ ।
ਤੂ ਦਾਤਾ[33] ਸਭਿ ਮੰਗਤੇ[34] ਇਕੋ[35] ਦੇਵਣਹਾਰੁ[36] ॥	Thou art the Beneficent Lord[33] and all others are Thine beggars[34]. Thou alone[35] art the Giver[36].	ਤੂੰ ਸਾਰਿਆਂ ਦਾ ਦਾਤਾਰ ਸੁਆਮੀ[33] ਹੈਂ ਅਤੇ ਹੋਰ ਸਾਰੇ ਤੇਰੇ ਭਿਖਾਰੀ[34] ਹਨ । ਕੇਵਲ[35] ਤੂੰ ਹੀ ਸਾਰਿਆਂ ਨੂੰ ਦੇਣ ਵਾਲਾ[36] ਹੈਂ ।
ਜਿਨੀ ਸੇਵਿਆ[37] ਤਿਨੀ ਸੁਖੁ ਪਾਇਆ ਗੁਰਮਤੀ[38] ਵੀਚਾਰੁ[39] ॥	They who serve[37] Thee, attain to peace, by reflecting[39] on the Guru's instruction[38].	ਜੋ ਤੇਰੀ ਚਾਕਰੀ ਕਮਾਉਂਦੇ[37] ਹਨ, ਉਹ ਗੁਰਾਂ ਦੇ ਉਪਦੇਸ਼[38] ਨੂੰ ਸੋਚਣ ਸਮਝਣ[39] ਦੁਆਰਾ, ਆਰਾਮ ਪਾਉਂਦੇ ਹਨ ।
ਇਕਨਾ[40] ਨੋ ਤੁਧੁ ਏਵੈ[44] ਭਾਵਦਾ[41] ਮਾਇਆ[42] ਨਾਲਿ ਪਿਆਰੁ[43] ॥	Some[40] love[43] worldly valuables[42]. For such[44] is Thy will[41], O Lord.	ਕਈ[40] ਸੰਸਾਰੀ ਪਦਾਰਥਾਂ[42] ਨੂੰ ਮੁਹੱਬਤ ਕਰਦੇ[43] ਹਨ । ਕਿਉਂ ਜੋ ਇਹੋ ਜੇਹੀ[44] ਹੈ ਤੇਰੀ ਰਜ਼ਾ[41], ਹੇ ਸਾਹਿਬ !
ਗੁਰ ਕੈ ਸਬਦਿ[45]	It is through the Guru's instruction[45],	ਗੁਰਾਂ ਦੇ ਉਪਦੇਸ਼[45] ਰਾਹੀਂ ਹੀ, ਜੀਵ ਪ੍ਰਭੂ ਦੀ ਦਿਲੀ[47]

ਸਲਾਹੀਐ[46] ਅੰਤਰਿ[47] ਪ੍ਰੇਮ[48] ਪਿਆਰੁ[49] ॥	that one praises[46] the Lord with hearty[47] love[48] and affection[49].	ਪ੍ਰੀਤ[48] ਤੇ ਪਿਰਹੜੀ[49] ਨਾਲ ਸਿਫ਼ਤਸਨਾ ਕਰਦਾ[46] ਹੈ।
ਵਿਣੁ ਪ੍ਰੀਤੀ[50] ਭਗਤਿ[51] ਨ ਹੋਵਈ ਵਿਣੁ ਸਤਿਗੁਰ ਨ ਲਗੈ[52] ਪਿਆਰੁ ॥	Without love[50], Lord's worship[51] can be performed not and without the True Guru, love can not be embraced[52].	ਪਿਰਹੜੀ[50] ਦੇ ਬਗ਼ੈਰ, ਪ੍ਰਭੂ ਦੀ ਉਪਾਸ਼ਨਾ[51] ਨਹੀਂ ਹੁੰਦੀ ਅਤੇ ਸੱਚੇ ਗੁਰਾਂ ਦੇ ਬਗ਼ੈਰ, ਪਿਰਹੜੀ ਨਹੀਂ ਪੈ ਸਕਦੀ[52]।
ਤੂ ਪ੍ਰਭੁ[53] ਸਭਿ ਤੁਧੁ ਸੇਵਦੇ[54] ਇਕ ਢਾਢੀ[55] ਕਰੇ ਪੁਕਾਰ[56] ॥	I, a minstrel[55] of Thine, make a supplication[56], "Thou art the Lord[53] of all and every one serves[54] Thee".	ਮੈਂ, ਤੇਰਾ ਜੱਸ ਗਾਉਣ ਵਾਲਾ[55], ਇਕ ਬਿਨੇ[56] ਕਰਦਾ ਹਾਂ, "ਤੂੰ ਸਾਰਿਆਂ ਦਾ ਸੁਆਮੀ[53] ਹੈਂ ਅਤੇ ਹਰ ਕੋਈ ਤੇਰੀ ਟਹਿਲ[54] ਕਮਾਉਂਦਾ ਹੈ।"
ਦੇਹਿ[57] ਦਾਨ[58] ਸੰਤੋਖੀਆ[61] ਸਚਾ ਨਾਮੁ ਮਿਲੈ[59] ਆਧਾਰੁ[60] ॥੧੯॥	My Master, bless[57] Thou me with this gift[58], that I may feel content[61] by making[59] Thy True Name my support[60] in life.	ਮੇਰੇ ਮਾਲਕ, ਤੂੰ ਮੈਨੂੰ ਇਹ ਖ਼ੈਰ[58] ਪਾ[57], ਕਿ ਤੇਰੇ ਸੱਚੇ ਨਾਮ ਨੂੰ ਆਪਣਾ ਜੀਵਨ ਆਸਰਾ[60] ਬਨਾਉਣ[59] ਦੁਆਰਾ ਮੈਂ ਸੰਤੁਸ਼ਟ[61] ਰਹਾਂ।
੧੨੮੭	**1287**	**੧੨੮੭**
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਰਾਤੀ[62] ਕਾਲੁ[63] ਘਟੈ ਦਿਨਿ ਕਾਲੁ ॥	The time[63] diminishes by night[62] and so does the time diminish by day.	ਵਕਤ[63] ਰੈਣ[62] ਨੂੰ ਘਟਦਾ ਹੈ ਅਤੇ ਏਸੇ ਤਰ੍ਹਾਂ ਹੀ ਵਕਤ ਘਟਦਾ ਹੈ ਦਿਨ ਨੂੰ।
ਛਿਜੈ[64] ਕਾਇਆ[65] ਹੋਇ[66] ਪਰਾਲੁ[67] ॥	The body[65] wears off[64] and becomes[66] worthless like straw[67].	[65]ਦੇਹ ਖੁਰ ਜਾਂਦੀ[64] ਹੈ ਅਤੇ ਫੂਸ[67] ਦੀ ਮਾਨੰਦ ਨਿਕੰਮੀ ਹੋ ਜਾਂਦੀ[66] ਹੈ।
ਵਰਤਣਿ[70] ਵਰਤਿਆ[71] ਸਰਬ[68] ਜੰਜਾਲੁ[69] ॥	All[68] mortals are involved[71] in the worldly involvements[70] and entanglements[69].	ਸਾਰੇ[68] ਪ੍ਰਾਣੀ ਸੰਸਾਰੀ ਫਸਤਿਆਂ[70] ਅਤੇ ਅਲਸੇਟਿਆਂ[69] ਅੰਦਰ ਫਸੇ ਹੋਏ[71] ਹਨ!
ਭੁਲਿਆ[70*]ਚੁਕਿਗਇਆ[71*] [72]ਤਪਤਾਲੁ[73] ॥	The straying man[70*] has renounced[71*] the way[73] of the Lord's service[72].	ਭੁੱਲੇ ਹੋਏ ਇਨਸਾਨ[70*] ਨੇ ਸੁਆਮੀ ਦੀ ਸੇਵਾ[72] ਦਾ ਮਾਰਗ[73] ਤਿਆਗ ਦਿੱਤਾ[71*] ਹੈ।
ਅੰਧਾ[74] ਝਖਿ ਝਖਿ[75] ਪਇਆ[76] ਝੇਰਿ[77] ॥	Bothered and worried[75], the blind man[74] is involved[76] in strife[77].	ਖੱਜਲ ਅਤੇ ਵਿਆਕੁਲ[75] ਹੋ, ਅੰਨ੍ਹਾ ਇਨਸਾਨ[74] ਬਖੇੜੇ[77] ਵਿਚ ਪੈ ਜਾਂਦਾ[76] ਹੈ।
ਪਿਛੈ[78] ਰੋਵਹਿ[79] ਲਿਆਵਹਿ[80] ਫੇਰਿ[81] ॥	Do they, who weep[79] after[78] the dead mortal, bring[80] him back[81]?	ਕੀ ਉਹ, ਜੋ ਮਰੇ ਹੋਏ ਪ੍ਰਾਣੀ ਮਗਰੋਂ[78] ਰੋਂਦੇ[79] ਹਨ, ਉਸ ਨੂੰ ਮੋੜ[81] ਲਿਆਉਂਦੇ[80] ਹਨ?
ਬਿਨੁ ਬੂਝੇ[82] ਕਿਛੁ[82*] ਸੂਝੈ[83] ਨਾਹੀ ॥	Without understanding[82], one can realise[83] not aught[82*].	ਸਮਝਣ[82] ਦੇ ਬਗ਼ੈਰ, ਇਨਸਾਨ ਕੁਝ[82*] ਭੀ ਅਨੁਭਵ[83] ਨਹੀਂ ਕਰ ਸਕਦਾ।
ਮੋਇਆ[83*] ਰੋਂਹਿ[84] ਰੋਂਦੇ[85] ਮਰ ਜਾਂਹੀ[86] ॥	The weepers[85], who weep[84] for the dead[83*] themselves die[86] as well.	ਰੋਣ ਵਾਲੇ[85], ਜੋ ਮਰਿਆ ਹੋਇਆਂ[83*] ਲਈ ਰੋਂਦੇ[84] ਹਨ, ਖ਼ੁਦ ਭੀ ਮਰ ਜਾਂਦੇ[86] ਹਨ।
ਨਾਨਕ ਖਸਮੈ[87] ਏਵੈ[88] ਭਾਵੈ[89] ॥ ਸੇਈ[90] ਮੁਏ[92]	Such[88] is the Lord's[87] will[89], that they[90] be dead[92], who[93] contemplate[91]	ਐਹੋ ਜੇਹੀ[88] ਹੈ ਸੁਆਮੀ[87] ਦੀ ਰਜ਼ਾ[89], ਕਿ ਜੋ[93] ਆਪਣੇ ਸੁਆਮੀ ਨੂੰ ਨਹੀਂ ਸਿਮਰਦੇ[91],

ਜਿਨ[93] ਚਿਤਿ[91] ਨ ਆਵੈ ॥ ੧॥

not their Lord.

ਉਹ[90] ਮਰ ਜਾਣ[92] ।

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ ।

ਮੁਆ[94] ਪਿਆਰੁ[95] ਪ੍ਰੀਤਿ[96] ਮੁਈ[97] ਮੁਆ[98] ਵੈਰੁ[99] ਵਾਦੀ[100] ॥

With death worldly love[95] perishes[94], affection[96] ends[97] and enmity[99] and strife[100] die[98] as well.

ਮੌਤ ਦੇ ਨਾਲ ਸੰਸਾਰੀ ਮਮਤਾ[95] ਨਾਸ ਹੋ ਜਾਂਦੀ[94] ਹੈ, ਮੁਹੱਬਤ[96] ਖ਼ਤਮ ਹੋ ਜਾਂਦੀ[97] ਹੈ ਅਤੇ ਦੁਸ਼ਮਨੀ[99] ਤੇ ਬਖੇੜਾ[100] ਭੀ ਮਰ ਮੁਕ ਜਾਂਦੇ[98] ਹਨ ।

ਵੰਨੁ[2] ਗਇਆ[3] ਰੂਪੁ[4] ਵਿਣਸਿਆ[5] ਦੁਖੀ[6] ਦੇਹ[7] ਰੁਲੀ[8] ॥

Of the dead body, dye[2] departs[3], beauty[4] vanishes[5] and the corpes[7] rolls[8] in calamity[6].

ਮੁਰਦੇ ਸਰੀਰ ਦਾ ਰੰਗ[2] ਨਸ਼ਟ ਹੋ ਜਾਂਦਾ[3] ਹੈ, ਸੁੰਦਰਤਾ[4] ਅਲੋਪ ਹੋ ਜਾਂਦੀ[5] ਹੈ ਅਤੇ ਲੋਥ[7] ਮੁਸੀਬਤ[6] ਅੰਦਰ ਰੁਲਦੀ[8] ਹੈ ।

ਕਿਥਹੁ[9] ਆਇਆ ਕਹ[10] ਗਇਆ ਕਿਹੁ ਨ ਸੀਓ[16] ਕਿਹੁ[14] ਸੀ[15] ॥

Whence[9] come he and where[10] has he gone to ? Whether[14] he was[15] ever in being or whether he[16] ever was not.

ਉਹ ਕਿਥੋਂ[9] ਆਇਆ ਸੀ ਅਤੇ ਕਿਥੇ[10] ਨੂੰ ਚਲਿਆ ਗਿਆ ਹੈ ? ਕੀ[14] ਉਹ ਕਦੇ ਜੀਉਂਦਾ ਹੁੰਦਾ ਸੀ[15] ਜਾਂ ਉਹ[16] ਕਦੇ ਭੀ ਨਹੀਂ ਸੀ ਹੁੰਦਾ ।

ਮਨਿ ਮੁਖਿ[17] ਗਲਾ[18] ਗੋਈਆ[19] ਕੀਤਾ[20] ਚਾਉ[21] ਰਲੀ[22] ॥

The egocentric[17] did[19] vain things[18] indulged[20] in merry-making[21] and revelries[22].

ਮਨਮਤੀਏ[17] ਨੇ ਫ਼ਜ਼ੂਲ ਹੀ ਗੱਲਾਂ ਬਾਤਾਂ[18] ਕੀਤੀਆਂ[19] ਅਤੇ ਮਨਮੌਜਾਂ[21] ਤੇ ਰੰਗਰਲੀਆਂ[22] ਮਾਣੀਆਂ[20] ।

ਨਾਨਕ ਸਚੇ ਨਾਮ ਬਿਨੁ[23] ਸਿਰਖੁਰ[24] ਪਤਿ[25] ਪਾਟੀ[26] ॥੨॥

Nanak, without[23] the True Name, man's honour[25] is torn[26] from head to feet[24].

ਨਾਨਕ, ਸੱਚੇ ਨਾਮ ਦੇ ਬਗ਼ੈਰ[23], ਆਦਮੀ ਦੀ ਇੱਜ਼ਤ ਆਬਰੂ[25] ਸਿਰ ਤੋਂ ਪੈਰਾਂ[24] ਤਾਂਈਂ ਲੀਰਾਂ ਲੀਰਾਂ ਹੋ ਜਾਂਦੀ[26] ਹੈ ।

ਪਉੜੀ ॥

Pauri.

ਪਉੜੀ ।

ਅੰਮ੍ਰਿਤੁ[27] ਨਾਮੁ ਸਦਾ[28] ਸੁਖਦਾਤਾ[29] ਅੰਤੇ[30] ਹੋਇ ਸਖਾਈ[31] ॥

Ever[28] peace-bestower[29] is the Lord's Nectar-Name[27] and it becomes one's helper[31] in the end[30].

ਸਦੀਵੀ[28] ਆਰਾਮ ਬਖਸ਼ਣਹਾਰ[29] ਹੈ ਸੁਆਮੀ ਦਾ ਸੁਧਾ ਸਰੂਪ ਨਾਮ[27] ਅਤੇ ਅਖ਼ੀਰ[30] ਨੂੰ ਇਹ ਜੀਵ ਦਾ ਸਹਾਇਕ[31] ਹੁੰਦਾ ਹੈ ।

ਬਾਝੁ[32] ਗੁਰੂ ਜਗਤੁ[33] ਬਉਰਾਨਾ[34] ਨਾਵੈ[35] ਸਾਰ[36] ਨ ਪਾਈ[37] ॥

Without[32] the Guru, the world[33] is gone mad[34] and knows[37] not the worth[36] of the Lord's Name[35].

ਗੁਰਾਂ ਦੇ ਬਾਝੋਂ[32] ਸੰਸਾਰ[33] ਸ਼ੁਦਾਈ[34] ਹੋਇਆ ਹੋਇਆ ਹੈ ਅਤੇ ਸਾਹਿਬ ਦੇ ਨਾਮ[35] ਦੀ ਕਦਰ[36] ਨੂੰ ਨਹੀਂ ਜਾਣਦਾ[37] ।

ਸਤਿਗੁਰੁ ਸੇਵਹਿ[38] ਸੇ[39] ਪਰਵਾਣੁ[40] ਜਿਨ੍ਹ[41] ਜੋਤੀ[42] ਜੋਤਿ[43] ਮਿਲਾਈ[44] ॥

They[39], who[41] serve[38] the True Guru, are approved[40] and their light[43] merges[44] in the Luminous Lord[42].

ਜੋ[41] ਸੱਚੇ ਗੁਰਾਂ ਦੀ ਘਾਲ ਕਮਾਉਂਦੇ[38] ਹਨ, ਉਹ[39] ਪ੍ਰਮਾਣੀਕ ਹੋ ਜਾਂਦੇ[40] ਹਨ ਤੇ ਉਨ੍ਹਾਂ ਦਾ ਨੂਰ[43] ਪ੍ਰਕਾਸ਼ਵਾਨ ਪ੍ਰਭੂ[42] ਅੰਦਰ ਲੀਨ ਹੋ ਜਾਂਦਾ[44] ਹੈ ।

ਸੋ[45] ਸਾਹਿਬੁ[46] ਸੋ[47] ਸੇਵਕੁ[48] ਤੇਹਾ[49] ਜਿਸੁ ਭਾਣਾ[50] ਮੰਨਿ[51] ਵਸਾਈ[52] ॥

The[47] slave[48], in whose mind[51] that[45] Lord[46] enshrines[52] obedience to His Will[50], is like Him[49].

ਉਹ[47] ਗੋਲਾ[48] ਜਿਸ ਦੇ ਹਿਰਦੇ[51] ਅੰਦਰ ਉਹ[45] ਸੁਆਮੀ[46] ਆਪਣੀ ਰਜ਼ਾ[50] ਦੀ ਤਾਬੇਦਾਰੀ ਵਸਾਉਂਦਾ[52] ਹੈ, ਉਸੇ[49] ਵਰਗਾ ਹੀ ਹੈ ।

ਆਪਣੈ ਭਾਣੈ[53] ਕਹੁ[54] ਕਿਨਿ[55] ਸੁਖੁ ਪਾਇਆ ਅੰਧਾ[56] ਅੰਧੁ[57] ਕਮਾਈ[58] ॥

Say[54], who[55] has ever obtained peace, by walking according to his own will[53] ? The blind man[56] does[58] blind deeds[57].

ਦੱਸੋ[54] ! ਆਪਣੀ ਨਿੱਜ ਦੀ ਮਰਜ਼ੀ[53] ਅਨੁਸਾਰ ਟੁਰਨ ਦੁਆਰਾ ਕਦੋਂ ਕਿਸੇ[55] ਨੇ ਆਰਾਮ ਪਾਇਆ ਹੈ ? ਅੰਨ੍ਹਾ ਇਨਸਾਨ[56] ਅੰਨ੍ਹੇ ਕੰਮ[57] ਕਰਦਾ[58] ਹੈ ।

ਬਿਖਿਆ[59] ਕਦੇ[60] ਹੀ ਰਜੈ[61] ਨਾਹੀ ਮੂਰਖ[62] ਭੁਖ[63] ਨ ਜਾਈ[64] ॥

The mortal is sated[61] not ever[60] with sins[59]. The hunger[63] of the foolish man[62] departs[64] not.

ਪ੍ਰਾਣੀ ਪਾਪਾਂ[59] ਨਾਲ ਕਦੇ ਭੀ[60] ਧ੍ਰਾਪਦਾ[61] ਨਹੀਂ। ਬੇਵਕੂਫ ਬੰਦੇ[62] ਦੀ ਭੁਖ[63] ਦੂਰ ਨਹੀਂ ਹੁੰਦੀ[64]।

ਦੂਜੈ[65] ਸਭੁ ਕੋ ਲਗਿ[66] ਵਿਗੁਤਾ[67] ਬਿਨੁ ਸਤਿਗੁਰ ਬੂਝ[68] ਨ ਪਾਈ ॥

Attached[66] to duality[65] every one is wasted away[67]. Without the True Guru understanding[68] is attained not.

ਦਵੈਤ-ਭਾਵ[65] ਨਾਲ ਜੁੜ ਕੇ[66] ਹਰ ਕੋਈ ਤਬਾਹ ਹੋ ਜਾਂਦਾ[67] ਹੈ। ਸੱਚੇ ਗੁਰਾਂ ਦੇ ਬਾਝੋਂ ਸਮਝ[68] ਪਰਾਪਤ ਨਹੀਂ ਹੁੰਦੀ।

ਸਤਿਗੁਰੁ ਸੇਵੇ[69] ਸੁ[70] ਸੁਖੁ[71] ਪਾਏ ਜਿਸਨੋ ਕਿਰਪਾ[72] ਕਰੇ ਰਜਾਈ[73] ॥੧੦॥

He[70] alone, who serves[69] the True Guru and on whom is the grace[72] of the Lord of will[73], attains to peace[71].

ਕੇਵਲ ਉਹ[70] ਹੀ, ਜੋ ਸੱਚੇ ਗੁਰਾਂ ਦੀ ਸੇਵਾ ਕਰਦਾ[69] ਹੈ ਅਤੇ ਜਿਸ ਤੇ ਰਜ਼ਾ[73] ਦੇ ਸੁਆਮੀ ਦੀ ਮਿਹਰ[72] ਹੈ, ਠੰਡ-ਚੈਨ[71] ਨੂੰ ਪ੍ਰਾਪਤ ਹੁੰਦਾ ਹੈ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਸਰਮੁ[74] ਧਰਮੁ[75] ਦੁਇ[76] ਨਾਨਕਾ ਜੇ[77] ਧਨੁ[78] ਪਲੈ ਪਾਇ ॥

If[77] man possesses the Name's wealth[78], O Nanak; he earns both[76] modesty[74] and righteousness[75].

ਜੇਕਰ[77] ਬੰਦੇ ਕੋਲ ਨਾਮ ਦੀ ਦੌਲਤ[78] ਹੈ; ਹੇ ਨਾਨਕ; ਉਸ ਨੂੰ ਲੱਜਿਆ[74] ਅਤੇ ਸਚਾਈ[75] ਦੋਨੋ[76] ਪਰਾਪਤ ਹੋ ਜਾਂਦੀਆਂ ਹਨ।

ਸੋ[79] ਧਨੁ ਮਿਤ੍ਰੁ[80] ਨ ਕਾਂਢੀਐ[81] ਜਿਤੁ ਸਿਰਿ[82] ਚੋਟਾਂ[83] ਖਾਇ[84] ॥

That[79] wealth is called[81] not man's friends[80], because of which he suffers[84] strokes[83] on his head[82].

ਉਹ[79] ਦੌਲਤ ਬੰਦੇ ਦੀ ਦੋਸਤ[80] ਨਹੀਂ ਆਖੀ[81] ਜਾਂਦੀ, ਜਿਸ ਦੇ ਸਬੱਬ ਉਸ ਨੂੰ ਆਪਣੇ ਸਿਰ[82] ਤੇ ਸੱਟਾਂ[83] ਸਹਾਰਨੀਆਂ ਪੈਂਦੀਆਂ[84] ਹਨ।

ਜਿਨ ਕੈ ਪਲੈ ਧਨੁ ਵਸੈ ਤਿਨ[85] ਕਾ ਨਾਉ ਫਕੀਰ[86] ॥

They who possess the worldly riches; they[85] are said to be paupers[86].

ਜਿਨ੍ਹਾਂ ਦੇ ਕੋਲ ਸੰਸਾਰੀ ਮਾਲ-ਧਨ ਹੈ; ਉਹ[85] ਕੰਗਾਲ[86] ਆਖੇ ਜਾਂਦੇ ਹਨ।

ਜਿਨੑ ਕੈ ਹਿਰਦੈ[87] ਤੂ ਵਸਹਿ[88] ਤੇ[89] ਨਰ[90] ਗੁਣੀ[91] ਗਹੀਰ[92] ॥੧॥

They within whose mind[87] Thou abidest[88], O Lord; those[89] persons[90] are the ocean[92] of virtues[91].

ਜਿਨ੍ਹਾਂ ਦੇ ਮਨ[87] ਅੰਦਰ ਤੂੰ ਨਿਵਾਸ[88] ਰਖਦਾ ਹੈਂ, ਹੇ ਸੁਆਮੀ; ਉਹ[89] ਪੁਰਸ਼[90] ਨੇਕੀਆਂ[92] ਦਾ ਸਮੁੰਦਰ[91] ਹਨ!

ਮਹਲ ੧ ॥

Ist Guru.

ਪਹਿਲੀ ਪਾਤਿਸ਼ਾਹੀ।

ਦੁਖੀ[93] ਦੁਨੀ[94] ਸਹੇੜੀਐ[95] ਜਾਇ[96] ਤ[98] ਲਗਹਿ[97] ਦੁਖ ॥

The worldly valuables[94] are gathered[95] through pain[93] and when[98] they depart[96], they leave[97] one in pain.

ਸੰਸਾਰੀ ਪਦਾਰਥ[94] ਤਕਲੀਫ[93] ਰਾਹੀਂ ਇਕੱਤ੍ਰ ਕੀਤੇ[95] ਜਾਂਦੇ ਹਨ ਅਤੇ ਜਦ[98] ਉਹ ਜਾਂਦੇ[96] ਹਨ, ਉਦੋਂ ਭੀ ਉਹ ਉਸ ਨੂੰ ਤਕਲੀਫ਼ ਹੀ ਦਿੰਦੇ[97] ਹਨ।

ਨਾਨਕ ਸਚੇ ਨਾਮ ਬਿਨੁ[98]* ਕਿਸੈ ਨ ਲਥੀ[99] ਭੁਖ[100] ॥

Nanak, without[98]* the True Name, no one's hunger[100] ever departs[99].

ਨਾਨਕ ਸੱਚੇ ਨਾਮ ਦੇ ਬਗੈਰ[98]*, ਕਦੇ ਭੀ ਕਿਸੇ ਦੀ ਭੁਖ[100] ਦੂਰ ਨਹੀਂ ਹੁੰਦੀ[99]।

ਰੂਪੀ[2] ਭੁਖ ਨ ਉਤਰੈ[3] ਜਾਂ[4] ਦੇਖਾਂ ਤਾਂ[5] ਭੁਖ ॥

Beauty[2] satiates[3] not one's hunger. When[4] man sees beauty, then[5] hungers he all the more.

ਸੁਹੱਪਣ[2], ਇਨਸਾਨ ਦੀ ਭੁਖ ਨੂੰ ਤ੍ਰਿਪਤ ਨਹੀਂ ਕਰਦਾ[3]। ਜਦ[4] ਬੰਦਾ ਸੁੰਦਰਤਾ ਨੂੰ ਵੇਖਦਾ ਹੈ, ਤਦ[5] ਉਸ ਨੂੰ ਹੋਰ ਭੀ ਵਧੇਰੇ ਭੁਖ ਲਗਦੀ ਹੈ।

ਜੇਤੇ[6] ਰਸ[7] ਸਰੀਰ[8] ਕੇ ਤੇਤੇ[9] ਲਗਹਿ[10] ਦੁਖ[12] ॥੨॥

As many as[6] are the joys[7] of the body[8], so many[9] are the pains[12], which cling[10] to it.

ਜਿੰਨੇ ਭੀ[6] ਜਿਸਮ[8] ਦੇ ਸੁਆਦ[7] ਹਨ, ਉਨੇ[9] ਹੀ ਦੁਖੜੇ[12] ਇਸ ਨੂੰ ਚਿਮੜਦੇ[10] ਹਨ।

ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਅੰਧੀ[13] ਕੰਮੀ[14] ਅੰਧੁ[15] ਮਨੁ[16] ਮਨਿ ਅੰਧੈ ਤਨੁ[17] ਅੰਧੁ ॥	Through dark[13] deeds[14] man's mind[16] becomes blind[15] and the blind mind makes the body[17] blind.	ਕਾਲਿਆਂ[13] ਕੰਮਾਂ[14] ਰਾਹੀਂ ਜੀਵ ਦਾ ਮਨੂਆ[16] ਅੰਨ੍ਹਾ[15] ਹੋ ਜਾਂਦਾ ਹੈ ਅਤੇ ਅੰਨ੍ਹਾ ਮਨੂਆ ਦੇਹ[17] ਨੂੰ ਅੰਨ੍ਹੀ ਕਰ ਦਿੰਦਾ ਹੈ ।
ਚਿਕੜਿ[18] ਲਾਇਐ[19] ਕਿਆ[20] ਥੀਐ[21] ਜਾਂ[22] ਤੁਟੈ[23] ਪਥਰ[24] ਬੰਧੁ[25] ॥	What[20] can plastering[19] with mud[18] do[21], when[22] even the dam[25] of stones[24] gives way[23] ?	ਜਦ[22] ਪਥਰਾਂ[24] ਦਾ ਬੰਨ੍ਹ[25] ਭੀ ਟੁਟ ਜਾਂਦਾ[23] ਹੈ ਤਦ ਗਾਰੇ[18] ਨਾਲ ਲਿੱਪਣ ਦੁਆਰਾ[19] ਕੀ[20] ਹੋ ਸਕਦਾ[21] ਹੈ ?
ਬੰਧੁ ਤੁਟਾ ਬੇੜੀ[26] ਨਹੀ ਨਾ ਤੁਲਹਾ[27] ਨਾ ਹਾਥ[28] ॥	The embankment has burst forth. There is no boat[26], nor a raft[27] and the river is unfathomable[28].	ਬੰਨ੍ਹ ਟੁਟ ਗਿਆ ਹੈ । ਨਾ ਕੋਈ ਕਿਸ਼ਤੀ[26] ਹੈ ਨਾ ਹੀ ਤੁਲਹੜਾ[27] ਅਤੇ ਦਰਿਆ ਅਥਾਹ[28] ਹੈ ।
ਨਾਨਕ ਸਚੇ ਨਾਮ ਵਿਣੁ ਕੇਤੇ[29] ਡੁਬੇ[30] ਸਾਥ[31] ॥੩॥	Nanak, without the Lord's True Name, many[29] multitudes[31] of men have been drowned[30].	ਨਾਨਕ, ਸੁਆਮੀ ਦੇ ਸੱਚੇ ਨਾਮ ਦੇ ਬਗ਼ੈਰ ਇਨਸਾਨਾਂ ਦੇ ਘਨੇਰੇ[29] ਜਥੇ[31] ਡੁਬ ਗਏ[20] ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਲਖ ਮਣ ਸੁਇਨਾ[35] ਲਖ ਮਣ ਰੁਪਾ[32] ਲਖ ਸਾਹਾ ਸਿਰਿ[33] ਸਾਹ[34] ॥	Man may have lacs of monds of gold[35], lacs of monds of silver[32] and be the king[34] over the heads[33] of lacs of kings.	ਬੰਦੇ ਕੋਲ ਲਖੂਖਾਂ ਮਣ ਸੋਨਾ[35] ਤੇ ਲਖੂਖਾਂ ਮਣ ਚਾਂਦੀ[32] ਹੋਵੇ ਅਤੇ ਉਹ ਲਖੂਖਾਂ ਹੀ ਰਾਜਿਆ ਦੇ ਸਿਰਾਂ[33] ਉਪਰ ਰਾਜਾ[34] ਹੋਵੇ ।
ਲਖ ਲਸਕਰ[36] ਲਖ ਵਾਜੇ[37] ਨੇਜੇ[38] ਲਖੀ ਘੋੜੀ[39] ਪਾਤਿਸਾਹ[40] ॥	He may be the monarch[40] of lacs of armies[36] equipped with lacs of bands[37] and spears[38] and lacs of horses[39].	ਉਹ ਲਖੂਖਾਂ ਬੈਂਡ ਬਾਜਿਆਂ[37] ਤੇ ਭਾਲੇ ਨੇਜਿਆਂ[38] ਅਤੇ ਲਖੂਖਾਂ ਹੀ ਘੋੜਿਆਂ[39] ਨਾਲ ਸਨਧ-ਬਧ ਲਖੂਖਾਂ ਹੀ ਫ਼ੌਜਾਂ[36] ਦਾ ਬਾਦਸ਼ਾਹ[40] ਹੋਵੇ ।
ਜਿਥੈ ਸਾਇਰੁ[41] ਲੰਘਣਾ[42] ਅਗਨਿ[43] ਪਾਣੀ[44] ਅਸਗਾਹ[45] ॥ ਕੰਧੀ[46] ਦਿਸਿ[50] ਨ ਆਵਈ ਧਾਹੀ[47] ਪਵੈ[48] ਕਹਾਹ[49] ॥	Where the unfathomable[45] ocean[41] of fire[43] and water[44] is to be crossed[42], whose shore[46] is seen[50] not and where up roar[49] of loud lamentations[47] is heard[48].	ਜਿਥੇ ਅੱਗ[43] ਤੇ ਜਲ[44] ਦੇ ਬੇਥਾਹ[45] ਸਮੁੰਦਰ[41], ਜਿਸ ਦਾ ਕਿਨਾਰਾ[46] ਦਿਸਦਾ[50] ਨਹੀਂ ਅਤੇ ਜਿਥੇ ਭੁੱਬਾਂ[47] ਦਾ ਕੁਰਲਾਟ[49] ਸੁਣਾਈ ਦਿੰਦਾ[48] ਹੈ, ਤੋਂ ਪਾਰ ਹੋਣਾ[42] ਹੈ ।
ਨਾਨਕ ਓਥੈ[51] ਜਾਣੀਅਹਿ[52] ਸਾਹ[53] ਕੇਈ[54] ਪਾਤਿਸਾਹ[55] ॥੪॥	There[51] it shall be known[52], whether there is or is not, any[54] king[53] or emperor[55].	ਉਥੇ[51] ਇਹ ਪਤਾ ਲਗੇਗਾ[52], ਕਿ ਕੋਈ[54] ਰਾਜਾ[53] ਜਾਂ ਸ਼ਹਿਨਸ਼ਾਹ[55] ਹੈ ਜਾਂ ਹੈ ਹੀ ਨਹੀਂ ।
ਪਉੜੀ ॥	Pauri.	ਪਉੜੀ ।
ਇਕਨ੍ਹਾ[56] ਗਲੀ[57] ਜੰਜੀਰ[58] ਬੰਦਿ[59] ਰਬਾਣੀਐ[60] ॥	Some[56] have chains[58] on their necks[57] and are led off to God's[60] prison[59].	ਕਈਆਂ[56] ਦੀਆਂ ਗਰਦਨਾਂ[57] ਦੁਆਲੇ ਸੰਗਲ[58] ਪਏ ਹੋਏ ਹਨ ਅਤੇ ਉਨ੍ਹਾਂ ਨੂੰ ਰੱਬ ਦੇ[60] ਬੰਦੀਖ਼ਾਨੇ[59] ਨੂੰ ਲਿਜਾਇਆ ਜਾਂਦਾ ਹੈ ।

ਬਧੇ[61] ਛੁਟਹਿ[62] ਸਚਿ ਸਚੁ[63] ਪਛਾਣੀਐ[64] ॥

Recognising[64] the Truest of the True[63], they are freed[62] from the bonds[61].

ਸਚਿਆਰਾਂ ਦੇ ਪਰਮ[63] ਸਚਿਆਰ ਦੀ ਸਿੰਞਾਣ[64] ਕਰਨ ਦੁਆਰਾ, ਉਹ ਬੰਧਨਾਂ[61] ਤੋਂ ਰਿਹਾ[62] ਹੋ ਜਾਂਦੇ ਹਨ।

੧੨੮੮ / 1288 / ੧੨੮੮

ਲਿਖਿਆ[65] ਪਲੈ ਪਾਇ[66] ਸੋ[67] ਸਚੁ[68] ਜਾਣੀਐ ॥

He[67] alone, who is blessed[66] with favourable destiny[65] knows the True Lord[68].

ਕੇਵਲ ਉਹ[67] ਹੀ, ਜਿਸ ਨੂੰ ਚੰਗੀ ਪ੍ਰਾਲਭਧ[65] ਪ੍ਰਾਪਤ[66] ਹੈ, ਸਚੇ ਸੁਆਮੀ[68] ਨੂੰ ਜਾਣਦਾ ਹੈ।

ਹੁਕਮੀ[69] ਹੋਇ ਨਿਬੇੜੁ[70] ਗਇਆ[71] ਜਾਣੀਐ[72] ॥

By God's Will[69], man's fate is decided[70]. Going[71] there he comes to know[72] of this.

ਰੱਬ ਦੀ ਰਜ਼ਾ[69] ਦੁਆਰਾ, ਬੰਦੇ ਦੀ ਕਿਸਮਤ ਦਾ ਫ਼ੈਸਲਾ ਹੁੰਦਾ[70] ਹੈ। ਉਥੇ ਜਾ ਕੇ[71] ਉਸ ਨੂੰ ਇਸ ਦਾ ਪਤਾ ਲਗਦਾ[72] ਹੈ।

[73]ਭਉਜਲ[74] ਤਾਰਣਹਾਰੁ[75] ਸਬਦਿ[76] ਪਛਾਣੀਐ[77] ॥

Realise[77] thou the Lord's Name[76] which shall ferry[75] thee across the terrible[73] world-ocean[74].

ਤੂੰ ਸਾਹਿਬ ਦੇ ਨਾਮ[76] ਨੂੰ ਅਨੁਭਵ[77] ਕਰ, ਜੋ ਤੈਨੂੰ ਭਿਆਨਕ[73] ਸੰਸਾਰ ਸਮੁੰਦਰ[74] ਤੋਂ ਪਾਰ[75] ਕਰ ਦੇਵੇਗਾ।

ਚੋਰ[78] ਜਾਰ[79] ਜੂਆਰ[80] ਪੀੜੇ ਘਾਣੀਐ[81] ॥

The thieves[78], adulterers[79] and gamblers[80] are pressed like a milful[81] of mustard.

ਤਸਕਰ[78], ਵਿਭਚਾਰੀ[79] ਅਤੇ ਜੂਏਬਾਜ਼[80] ਸਰ੍ਹੋਂ ਦੀ ਘਾਣੀ[81] ਦੀ ਮਾਨੰਦ ਪੀੜੇ ਜਾਂਦੇ ਹਨ।

ਨਿੰਦਕ[82] ਲਾਇਤਬਾਰ[83] ਮਿਲੇ[84] ਹੜ੍ਹਵਾਣੀਐ[85] ॥

The slanderers[82] and backbiters[83] are loaded[84] with hand-cuffs[85].

ਕਲੰਕ ਲਾਉਣ ਵਾਲਿਆਂ[82] ਅਤੇ ਚੁਗਲਖ਼ੋਰਾਂ[83] ਨੂੰ ਹਥਕੜੀਆਂ[85] ਵਜਦੀਆਂ[84] ਹਨ।

ਗੁਰਮੁਖਿ[86]ਸਚਿ[87]ਸਮਾਇ[88] ਸੁ ਦਰਗਹ[89] ਜਾਣੀਐ[90] ॥੨੧॥

By the Guru's grace[86], man merges[88] in the True Lord[87] and he is renowned[90] in the Lord's Court[89].

ਗੁਰਾਂ ਦੀ ਦਇਆ[86] ਦੁਆਰਾ, ਮਨੁੱਖ ਸਚੇ ਸਾਂਈ[87] ਵਿਚ ਲੀਨ ਹੋ ਜਾਂਦਾ[88] ਹੈ ਅਤੇ ਸਾਂਈਂ ਦੇ ਦਰਬਾਰ[89] ਅੰਦਰ ਪ੍ਰਸਿਧ ਹੋ ਜਾਂਦਾ[90] ਹੈ।

ਸਲੋਕ ਮਹਲਾ ੨ ॥ / Slok 2nd Guru. / ਸਲੋਕ ਦੂਜੀ ਪਾਤਿਸ਼ਾਹੀ।

ਨਾਉ[91] ਫਕੀਰੈ[92] ਪਾਤਿਸਾਹੁ[93] ਮੂਰਖ[94] ਪੰਡਿਤੁ[95] ਨਾਉ ॥

A pauper[92] is styled[91] a king[93] and the blockhead[94] is termed a scholar[95]

ਕੰਗਾਲ[92] ਦਾ ਨਾਮ[91] ਬਾਦਸ਼ਾਹ[93] ਹੈ ਅਤੇ ਬੇਵਕੂਫ਼[94] ਵਿਦਵਾਨ[95] ਆਖਿਆ ਜਾਂਦਾ ਹੈ।

ਅੰਧੇ ਕਾ[96] ਨਾਉ ਪਾਰਖੂ[97] ਏਵੈ[98] ਕਰੇ ਗੁਆਉ[99] ॥

The blindman[96] is styled as a seer[97]. So[98] do people talk[99].

ਅੰਨ੍ਹੇ ਇਨਸਾਨ[96] ਦਾ ਨਾਮ ਗ਼ੈਬ ਦੀਆਂ ਦੇਖਣਹਾਰ[97] ਹੈ। ਇਸ ਤਰ੍ਹਾਂ[98] ਲੋਕੀ ਬੋਲਦੇ[99] ਹਨ।

ਇਲਤਿ[100] ਕਾ ਨਾਉ ਚਉਧਰੀ[2] ਕੂੜੀ[3] ਪੂਰੇ[4] ਥਾਉ[5] ॥

This mischievous[100] one is termed a leader[2] and the liar[3] sits[5] as a perfect[4] man.

ਸ਼ਰਾਰਤੀ[100] ਇਨਸਾਨ ਆਗੂ[2] ਆਖਿਆ ਜਾਂਦਾ ਹੈ ਅਤੇ ਇਕ ਝੂਠਾ[3] ਪੂਰਨ[4] ਪੁਰਸ਼ ਹੋ ਬਹਿੰਦਾ[5] ਹੈ।

ਨਾਨਕ ਗੁਰਮੁਖਿ[6] ਜਾਣੀਐ[7] ਕਲਿ[9] ਕਾ ਏਹੁ ਨਿਆਉ[8] ॥੧॥

Nanak, through the Guru[6] alone it is known[7], that this is the (way) or (justice[8]) of the Dark age[9].

ਨਾਨਕ, ਕੇਵਲ ਗੁਰਾਂ ਦੇ ਰਾਹੀਂ[6] ਹੀ, ਇਹ ਜਾਣਿਆ ਜਾਂਦਾ[7] ਹੈ, ਕਿ ਕਾਲੇ ਯੁਗ[9] ਦਾ ਇਹ (ਮਾਰਗ) ਜਾਂ (ਇਨਸਾਫ਼[8]) ਹੈ।

ਮਹਲਾ ੧ ॥ / 1st Guru. / ਪਹਿਲੀ ਪਾਤਿਸ਼ਾਹੀ।

ਹਰਣਾਂ[10] ਬਾਜਾਂ ਤੈ[12]

The deer[10], the hawks and the

ਮਿਰਗ[10], ਬਾਜ ਅਤੇ[12] ਅਫ਼ਸਰ[13]; ਇਹ ਇਲਮਦਾਰ[15]

ਸਿਕਦਾਰਾਂ[13] ਏਨ੍ਹਾ[14] ਪੜਿਆ[15] ਨਾਉ[16] ॥	officials[13]; they[14] are called[16] learned[15] and clever.	ਅਤੇ ਚਤਰ ਆਖੇ ਜਾਂਦੇ[16] ਹਨ।
ਫਾਧੀ[17] ਲਗੀ[22] ਜਾਤਿ[18] ਫਹਾਇਨਿ[19] ਅਗੈ[20] ਨਾਹੀ ਥਾਉ[21] ॥	When the trap[17] is laid[22], they trap[19] their own class[18], but hereafter[20] find no refuge[21].	ਜਦ ਜਾਲ[17] ਲਾ ਦਿਤਾ[22] ਜਾਂਦਾ ਹੈ, ਉਹ ਆਪਣੀ ਨਿਜ ਦੀ ਸ਼੍ਰੇਣੀ[18] ਨੂੰ ਫਸਾਉਂਦੇ[19] ਹਨ, ਪ੍ਰੰਤੂ ਪ੍ਰਲੋਕ[20] ਵਿਚ ਉਨ੍ਹਾਂ ਨੂੰ ਕੋਈ ਪਨਾਹ[21] ਨਹੀਂ ਮਿਲਦੀ।
ਸੋ[23] ਪੜਿਆ[28] ਸੋ ਪੰਡਿਤੁ[24] ਬੀਨਾ[25] ਜਿਨੀ[26] ਕਮਾਣਾ[27] ਨਾਉ ॥	He[23] alone is learned[28], he alone scholarly[24] and wise[25], who[26] practises[27] the Lord's Name.	ਕੇਵਲ ਉਹ[23] ਹੀ ਇਲਮਦਾਰ[28], ਕੇਵਲ ਉਹ ਹੀ ਵਿਦਵਾਨ[24] ਅਤੇ ਸਿਆਣਾ[25] ਹੈ, ਜੋ ਪ੍ਰਭੂ[26] ਦੇ ਨਾਮ ਦੀ ਕਮਾਈ ਕਰਦਾ[27] ਹੈ।
ਪਹਿਲੋ[29] ਦੇ ਜੜ[30] ਅੰਦਿਰ[31] ਜੰਮੈ[30]* ਤਾ[32] ਉਪਰਿ[33] ਹੋਵੈ ਛਾਂਉ[34] ॥	Firstly[29] the tree develops[30]* its root[30] in[31] the ground, then[32] alone it spread out its shade[34] above[33].	ਪਹਿਲ ਪ੍ਰਥਮੇ[29] ਰੁਖ ਜ਼ਮੀਨ ਵਿਚ[31] ਜੜ[30] ਫੜਦਾ[30]* ਹੈ ਕੇਵਲ, ਤਦ[32] ਹੀ ਇਸ ਦੀ ਛਾਂ[34] ਉਤੇ[33] ਹੁੰਦੀ ਹੈ।
ਰਾਜੇ[35] ਸੀਹ[36] ਮੁਕਦਮ[37] ਕੁਤੇ[38] ॥ ਜਾਇ[39] ਜਗਾਇਨ੍ਹਿ[40] ਬੈਠੇ[41] ਸੁਤੇ[42] ॥	The kings[35] are tigers[36] and the courtiers[37] dogs[38], they go[39] and (harass) or (awaken[40]) the sitting[41] and the sleeping[42] ones.	ਪਾਤਿਸ਼ਾਹ[35] ਸ਼ੇਰ[36] ਹਨ ਅਤੇ ਅਹਿਲਕਾਰ[37] ਕੂਕਰ[38], ਉਹ ਬੈਠਿਆਂ[41] ਅਤੇ ਸੁਤਿਆਂ[42] ਨੂੰ ਜਾ[39] (ਸਤਾਉਂਦੇ) ਜਾਂ (ਜਗਾਉਂਦੇ[40]) ਹਨ।
ਚਾਕਰ[43] ਨਹਦਾ[44] ਪਾਇਨ੍ਹਿ[45] ਘਾਉ[46] ॥	The king's servants[43] inflict[45] wound[46] with their nails[44].	ਰਾਜੇ ਦੇ ਨੌਕਰ[43] ਆਪਣੇ ਨੌਂਦਰਾਂ[44] ਨਾਲ ਜ਼ਖ਼ਮ[46] ਕਰਦੇ ਹਨ[45]।
ਰਤੁ[47] ਪਿਤੁ[48] ਕੁਤਿਹੋ[49] ਚਟਿ ਜਾਹੁ[50] ॥	The king's curs[49] lick up[50] the blood[47] and bile[48] of the poor subjects.	ਰਾਜੇ ਦੇ ਕੁੱਤੇ[49] ਗ਼ਰੀਬ ਪ੍ਰਜਾ ਦੇ ਲਹੂ[47] ਅਤੇ ਸਫ਼ਰਾ[48] ਨੂੰ ਚੱਟਮ ਕਰ ਜਾਂਦੇ[50] ਹਨ।
ਜਿਥ ਜੀਆਂ[51] ਹੋਸੀ ਸਾਰ[52] ॥ ਨਕੀਂ ਵਢੀਂ[54] ਲਾਇਤਬਾਰ[53] ॥੨॥	Where, in the Lord's Court, the men[51] are to be assayed[52]. The noses of these untrustworthy[53] ones shall be chopped off[54].	ਜਿਥੇ, ਪ੍ਰਭੂ ਦੇ ਦਰਬਾਰ ਅੰਦਰ, ਬੰਦੇ[51] ਪਰਖੇ[52] ਜਾਣੇ ਹਨ। ਇਨ੍ਹਾਂ ਬੇਇਤਬਾਰਿਆਂ[53] ਦੇ ਨਕ ਵੱਢੇ ਜਾਣਗੇ[54]।
ਪਉੜੀ ॥	Pauri.	ਪਉੜੀ।
ਆਪਿ ਉਪਾਏ[55] ਮੇਦਨੀ[56] ਆਪੇ ਕਰਦਾ ਸਾਰ[57] ॥	The Lord, of Himself, creates[55] the world[56] and of Himself takes care[57] of it.	ਸੁਆਮੀ, ਆਪੇ, ਸੰਸਾਰ[56] ਨੂੰ ਰਚਦਾ[55] ਹੈ ਅਤੇ ਆਪ ਹੀ ਇਸ ਦੀ ਸੰਭਾਲ ਕਰਦਾ[57] ਹੈ।
ਭੈ[58] ਬਿਨੁ ਭਰਮੁ[59] ਨ ਕਟੀਐ[60] ਨਾਮਿ ਨ ਲਗੈ[61]* ਪਿਆਰੁ[61] ॥	Without God's fear[58], doubt[59] is dispelled[60] not and one love[61] for the Lord's Name is imbibed[61]* not.	ਰੱਬ ਦੇ ਡਰ[58] ਦੇ ਬਾਝੋਂ, ਸੰਦੇਹ[59] ਦੂਰ[60] ਨਹੀਂ ਹੁੰਦਾ ਅਤੇ ਸਾਈਂ ਦੇ ਨਾਮ ਨਾਲ ਪ੍ਰੇਮ[61] ਨਹੀਂ ਪੈਂਦਾ[61]*।
ਸਤਿਗੁਰ ਤੇ[62] ਭਉ[63] ਊਪਜੈ[64] ਪਾਈਐ ਮੋਖ[65] ਦੁਆਰ[66] ॥	Through[62] the True Guru, the Lord's fear[63] wells up[64] and one obtains the door[66] of salvation[65].	ਸੱਚੇ ਗੁਰਾਂ ਦੇ ਰਾਹੀਂ[62] ਪ੍ਰਭੂ ਦਾ ਡਰ[63] ਉਤਪੰਨ ਹੁੰਦਾ[64] ਹੈ ਅਤੇ ਇਨਸਾਨ ਮੁਕਤੀ[65] ਦੇ ਦਰ[66] ਨੂੰ ਪਰਾਪਤ ਹੋ ਜਾਂਦਾ ਹੈ।
ਭੈ ਤੇ ਸਹਜੁ[67] ਪਾਈਐ ਮਿਲਿ[68] ਜੋਤੀ[69] ਜੋਤਿ[70]	Through the Lord's fear, gnosis[67] is attained and man's light[69] merges[68]	ਪ੍ਰਭੂ ਦੇ ਡਰ ਰਾਹੀਂ, ਰੱਬੀ ਗਿਆਤ[67] ਪਰਾਪਤ ਹੁੰਦੀ ਹੈ ਅਤੇ ਮਨੁਸ਼ ਦਾ ਨੂਰ[69] ਬੇਅੰਤ[71] ਪ੍ਰਕਾਸ਼ਨਵਾਨ ਪ੍ਰਭੂ[70]

ਅਪਾਰ[71] ॥

in the Infinite[71] Luminous Lord[70].

ਵਿਚ ਲੀਨ ਹੋ ਜਾਂਦਾ[68] ਹੈ।

ਭੈ ਤੇ[71*] ਭੈਜਲੁ[72] ਲੰਘੀਐ[73] ਗੁਰਮਤੀ[74] ਵੀਚਾਰ[75] ॥

Through God's fear, man crosses[73] the dreadful[71*] world-ocean[72], reflecting[75] on the Guru instruction[74].

ਰੱਬ ਦੇ ਡਰ ਰਾਹੀਂ, ਗੁਰਾਂ ਦੇ ਉਪਦੇਸ਼[74] ਨੂੰ ਸੋਚਣ ਵੀਚਾਰਣ ਦੁਆਰਾ[75] ਇਨਸਾਨ ਭਿਆਨਕ[71*] ਸੰਸਾਰ[71] ਸਮੁੰਦਰ[72] ਤੋਂ ਪਾਰ ਹੋ ਜਾਂਦਾ[73] ਹੈ।

ਭੈ ਤੇ ਨਿਰਭਉ[76] ਪਾਈਐ ਜਿਸੁ ਦਾ ਅੰਤੁ[77] ਨ ਪਾਰਾਵਾਰੁ[78] ॥

Through His fear, the mortal attains unto the Fearless Lord[76], whose end[77] and limit[78] can be known not.

ਉਸ ਦੇ ਡਰ ਰਾਹੀਂ, ਨਿਡਰ ਸੁਆਮੀ[76] ਜਿਸ ਦਾ ਅਖ਼ੀਰ[77] ਅਤੇ ਓੜਕ[78] ਜਾਣਿਆ ਨਹੀਂ ਜਾ ਸਕਦਾ, ਪਾ ਲਿਆ ਜਾਂਦਾ ਹੈ।

ਮਨਮੁਖ[79] ਭੈ ਕੀ ਸਾਰ[80] ਨ ਜਾਣਨੀ ਤ੍ਰਿਸਨਾ[81] ਜਲਤ[82] ਕਰਹਿ ਪੁਕਾਰ[83] ॥

The egocentrics[79] know not the worth[80] of the Lord's fear and they wail[83], burning[82] in desire[81].

ਮਨਮਤੀਏ[79] ਪ੍ਰਭੂ ਦੇ ਡਰ ਦੀ ਕਦਰ[80] ਨੂੰ ਨਹੀਂ ਜਾਣਦੇ ਅਤੇ ਖ਼ਾਹਿਸ਼[81] ਅੰਦਰ ਸੜਦੇ[82] ਹੋਏ, ਚੀਕ ਚਿਹਾੜਾ[83] ਪਾਉਂਦੇ ਹਨ।

ਨਾਨਕ ਨਾਵੈ ਹੀ ਤੇ ਸੁਖੁ[84] ਪਾਇਆ ਗੁਰਮਤੀ[85] ਉਰਿ[86] ਧਾਰ[87] ॥੨੨॥

Nanak, through the Lord's Name and by enshrining[87] the Guru's instruction[85], within my mind[86], I have obtained peace[84].

ਨਾਨਕ, ਸੁਆਮੀ ਦੇ ਨਾਮ ਰਾਹੀਂ ਗੁਰਾਂ ਦਾ ਉਪਦੇਸ਼[85] ਆਪਣੇ ਅੰਤਰ-ਆਤਮੇ[86] ਟਿਕਾਉਣ[87] ਦੁਆਰਾ, ਮੈਂ ਆਰਾਮ[84] ਪਰਾਪਤ ਕਰ ਲਿਆ ਹੈ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਰੂਪੈ[88] ਕਾਮੈ[89] ਦੋਸਤੀ[90] ਭੁਖੈ[91] ਸਾਦੈ[92] ਗੰਢੁ[93] ॥

There is friendship[90] between beauty[88] and lust[89] and alliance[93] between hunger[91] and dainty viands[92].

ਸੁੰਦਰਤਾ[88] ਅਤੇ ਕਾਮਚੇਸ਼ਟਾ[89] ਦੇ ਵਿਚਕਾਰ ਯਾਰੀ[90] ਹੈ ਅਤੇ ਭੁਖ[91] ਅਤੇ ਸੁਆਦਲੇ ਭੋਜਨਾਂ[92] ਵਿਚਕਾਰ ਗੰਢ ਜੋੜ[93]।

ਲਬੈ[94] ਮਾਲੈ[95] ਘੁਲਿ ਮਿਲਿ[96] ਮਿਚਲਿ[97] ਊਘੈ[98] ਸਉੜਿ[99] ਪਲੰਘੁ[100] ॥

A greedy[94] man obtaining[97] wealth[95], becomes hand and glove[96] with it and a sleepy man[98] deems a tiny[99] place as a bed-stead[100].

ਲਾਲਚੀ[94] ਆਦਮੀ ਦੌਲਤ[95] ਨੂੰ ਪਾ[97], ਇਸ ਨਾਲ ਘਿਓ ਖਿਚੜੀ[96] ਹੋ ਜਾਂਦਾ ਹੈ ਅਤੇ ਨਿੰਦ੍ਰਾਵਲਾ[98] ਇਨਸਾਨ ਤੰਗ[99] ਥਾਂ ਨੂੰ ਹੀ ਪਲੰਘ[100] ਕਰ ਕੇ ਜਾਣਦਾ ਹੈ।

ਭੰਉਕੈ[2] ਕੋਪੁ[3] ਖੁਆਰੁ[4] ਹੋਇ ਫਕੜੁ[5] ਪਿਟੈ[6] ਅੰਧੁ[6*] ॥

The wrathful man[3] barks[2] and is ruined[4]. The blind one[6*] is worried in vain pursuits[5].

ਕ੍ਰੋਧਵਾਨ ਪੁਰਸ਼[3] ਭਉਂਕਦਾ[2] ਅਤੇ ਤਬਾਹ ਹੁੰਦਾ[4] ਹੈ। ਅੰਨ੍ਹਾ ਇਨਸਾਨ[6*] ਵਿਅਰਥ ਕੰਮਾਂ[5] ਵਿਚ ਮੱਥਾ ਮਾਰਦਾ[6] ਹੈ।

ਚੁਪੈ[7] ਚੰਗਾ[8] ਨਾਨਕਾ ਵਿਣੁ ਨਾਵੈ ਮੁਹਿ[9] ਗੰਧੁ[10] ॥੧॥

To be silent[7], O Nanak, is good[8]. Without the Name, all that the mouth[9] utters is but dirt[10].

ਖ਼ਾਮੋਸ਼ ਰਹਿਣਾ[7], ਹੇ ਨਾਨਕ ! ਭਲਾ[8] ਹੈ। ਨਾਮ ਦੇ ਬਗੈਰ ਸਾਰਾ ਕੁਛ, ਜੋ ਮੂੰਹ[9] ਬੋਲਦਾ ਹੈ, ਨਿਰਾਪੁਰਾ ਗੰਦ[10] ਹੀ ਹੈ।

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ।

ਰਾਜੁ[12] ਮਾਲੁ[13] ਰੂਪੁ[14] ਜਾਤਿ[15] ਜੋਬਨੁ[16] ਪੰਜੇ ਠਗ[16*] ॥

Sovereignty[12], wealth[13], beauty[14], high caste[15] and youth[16] are the five robbers[16*].

ਪਾਤਿਸ਼ਾਹੀ[12], ਦੌਲਤ[13], ਸੁੰਦਰਤਾ[14], ਉਚੀ ਜ਼ਾਤੀ[15] ਅਤੇ ਜੁਆਨੀ[16] ਪੰਜੇ ਹੀ ਲੁਟੇਰੇ[16*] ਹਨ।

ਏਨੀ ਠਗੀਂ ਜਗੁ[17]

These robbers have robbed[18] the

ਇਨ੍ਹਾਂ ਲੁਟੇਰਿਆਂ ਨੇ ਸੰਸਾਰ[17] ਨੂੰ ਲੁਟ ਲਿਆ[18] ਹੈ ਅਤੇ

ਠਗਿਆ[18] ਕਿਨੈ[21] ਨ ਰਖੀ[19] ਲਜ[20] ॥	world[17] and they have not spared[19] anyone's[21] honour[20].	ਉਨ੍ਹਾਂ ਨੇ ਕਿਸੇ[21] ਦੀ ਭੀ ਇੱਜ਼ਤ ਆਬਰੂ[20] ਰਹਿਣ[19] ਨਹੀਂ ਦਿਤੀ ।
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ[23] ਪਾਹਿ[24] ॥	They[22], who repair[24] to the Guru's feet[23], are such robbers, that rob these.	ਜੋ ਗੁਰਾਂ ਦੇ ਚਰਨੀਂ[23] ਪੈਂਦੇ[24] ਹਨ, ਉਹ[22] ਐਸੇ ਲੁਟੇਰੇ ਹਨ ਜਿਹੜੇ ਇਨ੍ਹਾਂ ਨੂੰ ਲੁਟ ਲੈਂਦੇ ਹਨ ।
ਨਾਨਕ ਕਰਮਾ[25] ਬਾਹਰੇ[26] ਹਰਿ ਕੇਤੇ[27] ਮੁਠੇ ਜਾਹਿ[28] ॥੨॥	Nanak many[27] others, who are without[26] good destiny[25] are robbed[28] by them.	ਨਾਨਕ, ਹੋਰ ਘਣੇਰੇ[27], ਜੋ ਚੰਗੀ ਪ੍ਰਾਲਭਧ[25] ਦੇ ਬਗ਼ੈਰ[26] ਹਨ, ਉਨ੍ਹਾਂ ਨੂੰ ਉਹ ਲੁਟਪੁਟ ਲੈਂਦੇ ਹਨ[28] ।
ਪਉੜੀ	Pauri.	ਪਉੜੀ ।
ਪੜਿਆ[29] ਲੇਖੇਦਾਰੁ[30] ਲੇਖਾ[31] ਮੰਗੀਐ[32] ॥	The literate[29] debtor[30] is called[32] to account[31] in the yond.	ਪੜ੍ਹੇ ਲਿਖੇ[29] ਕਰਜ਼ਈ[30] ਕੋਲੋਂ ਪ੍ਰਲੋਕ ਵਿਚ ਹਿਸਾਬ-ਕਿਤਾਬ[31] ਮੰਗਿਆ[32] ਜਾਂਦਾ ਹੈ ।
ਵਿਣੁ ਨਾਵੈ ਕੂੜਿਆਰੁ[33] ਅਉਖਾ[34] ਤੰਗੀਐ[35] ॥	Without the Name one is adjudged false[33] and becomes miserable[34] and distressed[35].	ਨਾਮ ਦੇ ਬਗ਼ੈਰ ਜੀਵ ਝੂਠਾ[33] ਕਰਾਰ ਦਿੱਤਾ ਜਾਂਦਾ ਹੈ ਅਤੇ ਦੁਖੀ[34] ਤੇ ਪੀੜਤ ਹੁੰਦਾ[35] ਹੈ ।
ਅਉਘਟ[36] ਰੁਧੇ[37] ਰਾਹ[38] ਗਲੀਆਂ[39] ਰੋਕੀਆਂ[40] ॥	Difficult[36] and obstructed[37] are his paths[38] and blocked[40] the lanes[39].	ਬਿਖੜੇ[36] ਅਤੇ ਰੁਕਾਵਟਾਂ ਵਾਲੇ[37] ਹਨ ਉਸ ਦੇ ਰਸਤੇ[38] ਅਤੇ ਬੰਦ ਹੋਏ ਹੋਏ[40] ਹਨ ਕੂਚੇ[39] ।
ਸਚਾ ਵੇਪਰਵਾਹੁ[41] ਸਬਦਿ[42] ਸੰਤੋਖੀਆਂ[43] ॥	The man of contentment[43] attains unto the True Independent Lord[41] through the Name[42].	ਸੰਤੋਖਵਾਨ[43] ਪੁਰਸ਼ ਨਾਮ ਦੇ ਰਾਹੀਂ[42], ਸੱਚੇ ਸੁਤੰਤਰ ਸੁਆਮੀ[41] ਨੂੰ ਪਾ ਲੈਂਦਾ ਹੈ ।
ਗਹਿਰ[44] ਗਭੀਰ[45] ਅਥਾਹੁ[46] ਹਾਥ[47] ਨ ਲਭਈ[48] ॥	Deep[44], Profound[45] and Unfathomable[46] is the Lord. His depth[47] can be fathomed[48] not.	ਗਹਿਰਾ[44], ਅਗਾਧ[45] ਅਤੇ ਬੇਥਾਹ[46] ਹੈ ਸੁਆਮੀ । ਉਸ ਦੀ ਡੂੰਘਾਈ[47] ਲੱਭੀ ਨਹੀਂ ਜਾ ਸਕਦੀ[48] ।
ਮੁਹੇ[49] ਮੁਹਿ[50] ਚੋਟਾ[51] ਖਾਹੁ[52] ਵਿਣੁ ਗੁਰ ਕੋਇ ਨ ਛੁਟਸੀ[53] ॥	Without the Guru no one is released[53] and bears[52] blows[51] on one's mouth[49] and face[50].	ਗੁਰਾਂ ਦੇ ਬਗ਼ੈਰ ਕੋਈ ਭੀ ਬੰਦਖਲਾਸ ਨਹੀਂ ਹੁੰਦਾ[53] ਅਤੇ ਆਪਣੇ ਮੂੰਹ[49] ਅਤੇ ਚਿਹਰੇ[50] ਤੇ ਸੱਟਾਂ[51] ਸਹਾਰਦਾ[52] ਹੈ ।
ਪਤਿ[54] ਸੇਤੀ[55] ਘਰਿ[56] ਜਾਹੁ ਨਾਮੁ ਵਖਾਣੀਐ[57] ॥	Uttering[57] the Lord's Name, the mortal goes to his 'Home[56]' with[55] honour[54].	ਨਾਮ ਦਾ ਉਚਾਰਣ ਕਰਨ[57] ਦੁਆਰਾ, ਪ੍ਰਾਣੀ ਇੱਜ਼ਤ ਆਬਰੂ[54] ਨਾਲ[55] ਆਪਣੇ 'ਧਾਮ[56]' ਨੂੰ ਜਾਂਦਾ ਹੈ ।
ਹੁਕਮੀ[58] ਸਾਹ[59] ਗਿਰਾਹ[60] ਦੇਂਦਾ[61] ਜਾਣੀਐ[62] ॥੨੩॥	Know[62], that by His will[58], the Lord blesses[61] the mortals with vital breath[59] sustenance[60].	ਜਾਣ ਲੈ[62] ਕਿ ਆਪਣੀ ਰਜ਼ਾ[58] ਦੁਆਰਾ, ਪ੍ਰਭੂ ਪ੍ਰਾਣੀਆਂ ਨੂੰ ਜਿੰਦ ਜਾਨ[59] ਅਤੇ ਰੋਜ਼ੀ[60] ਬਖ਼ਸ਼ਦਾ[61] ਹੈ ।
੧੨੮੯	1289	੧੨੮੯
ਸਲੋਕ ਮਹਲਾ ੧ ॥	Slok Ist Guru. .	ਸਲੋਕ ਪਹਿਲੀ ਪਾਤਿਸ਼ਾਹੀ ।
ਪਉਣੈ[63] ਪਾਣੀ[64] ਅਗਨੀ[65] ਜੀਉ[66] ॥	The living beings[66] are made up of air[63], water[64] and fire[65].	ਪ੍ਰਾਣਧਾਰੀ[66], ਹਵਾ[63], ਜਲ[64] ਅਤੇ ਅੱਗ[65] ਦੇ ਬਣੇ ਹੋਏ, ਹਨ ।

ਤਿਨ[67] ਕਿਆ[68] ਖੁਸੀਆ[69] ਕਿਆ ਪੀੜ[70] ॥	Several[68] pleasures[69] and several pains[70] cling to them[67].	ਉਨ੍ਹਾਂ[67] ਨੂੰ ਕਈ[68] ਸੁਖ[69] ਤੇ ਕਈ ਦੁਖ[70] ਚਿਮੜਦੇ ਹਨ।
ਧਰਤੀ[71] ਪਾਤਾਲੀ[72] ਆਕਾਸੀ[73] ਇਕਿ[74] ਦਰਿ[75] ਰਹਨਿ ਵਜੀਰ[76] ॥	In this world[71], under-world[72] and the sky[73], some[74] there are, who remain as ministers[76] in the Lord's Court[75].	ਇਸ ਜਹਾਨ[71], ਪਇਆਲ[72] ਅਤੇ ਅਸਮਾਨ[73] ਵਿਚ ਸੁਆਮੀ ਦੇ ਦਰਬਾਰ ਅੰਦਰ[75] ਕਈ[74] ਮੰਤ੍ਰੀ[76] ਬਣੇ ਰਹਿੰਦੇ ਹਨ।
ਇਕਨਾ[77] ਵਡੀ[78] ਆਰਜਾ[79] ਇਕਿ ਮਰਿ ਹੋਹਿ[80] ਜਹੀਰ[81] ॥	Some[77] there are, who have long[78] lives[79] and some die soon and become[80] miserable[81].	ਕਈਆਂ[77] ਦੀਆਂ ਵਡੀਆਂ[78] ਉਮਰਾਂ[79] ਹੁੰਦੀਆਂ ਹਨ ਤੇ ਕਈ ਛੇਤੀ ਮਰ ਦੁਖੀ[81] ਹੁੰਦੇ[80] ਹਨ।
ਇਕਿ ਦੇ[82] ਖਾਹਿ[83] ਨਿਖੁਟੈ[84] ਨਾਹੀ ਇਕਿ ਸਦਾ[85] ਫਿਰਹਿ[86] ਫਕੀਰ[87] ॥	Some give[82] in charity, expend[83] themselves and still the wealth exhausts[84] not and some ever[85] walk[86] as paupers[87].	ਕਈ ਦਾਨ ਦਿੰਦੇ[82] ਹਨ, ਆਪ ਖਾਂਦੇ ਖਰਚਦੇ[83] ਹਨ ਅਤੇ ਫਿਰ ਭੀ ਦੌਲਤ ਮੁਕਦੀ[84] ਨਹੀਂ ਅਤੇ ਕਈ ਹਮੇਸ਼ਾ[85] ਕੰਗਾਲ[87] ਹੋ ਤੁਰੇ ਫਿਰਦੇ[86] ਹਨ।
ਹੁਕਮੀ[88] ਸਾਜੇ[89] ਹੁਕਮੀ ਢਾਹੇ[90] ਏਕ ਚਸੇ[91] ਮਹਿ[92] ਲਖ[93] ॥	In His Will[88], the Lord creates[89], in His Will, He destroys[90] lacs[93] of mortals in[92] a moment[91].	ਇਕ ਮੁਹਤ[91] ਵਿਚ[92] ਲਖੂਖਾਂ[93] ਹੀ ਪ੍ਰਾਣੀ ਸੁਆਮੀ ਆਪਣੀ ਰਜ਼ਾ[88] ਅੰਦਰ ਬਣਾਉਂਦਾ[89] ਤੇ ਆਪਣੀ ਰਜ਼ਾ ਅੰਦਰ ਨਾਸ ਕਰਦਾ[90] ਹੈ।
ਸਭੁ[99] ਕੋ ਨਥੈ[94] ਨਥਿਆ[95] ਬਖਸੇ[96] ਤੋੜੇ[98] ਨਥ ॥	The Lord has snaffled[95] all[99] with snaffle[94] and when He forgives[96] man, He breaks[98] his snaffle.	ਸਾਂਈਂ ਨੇ ਸਾਰਿਆਂ[99] ਨੂੰ ਨਕੇਲ[94] ਨਾਲ ਨੱਥਿਆ[95] ਹੈ ਅਤੇ ਜਦ ਉਹ ਬੰਦੇ ਨੂੰ ਮਾਫ਼ ਕਰ ਦਿੰਦਾ[96] ਹੈ ਤਾਂ ਉਹ ਉਸ ਦੀ ਨਕੇਲ ਤੋੜ ਦਿੰਦਾ[98] ਹੈ।
ਵਰਨਾ[97] ਚਿਹਨਾ[100] ਬਾਹਰਾ[2] ਲੇਖੇ[3] ਬਾਝੁ[4] ਅਲਖੁ[5] ॥	The Lord is without[2] colour[97] and features[100]. He is beyond[4] account[3] and is unseeable[5].	ਸਾਹਿਬ ਰੰਗ[97] ਅਤੇ ਮੁਹਾਂਦਰਾ[100] ਰਹਿਤ[2] ਹੈ। ਉਹ ਹਿਸਾਬ-ਕਿਤਾਬ[3] ਤੋਂ ਪਰੇਡੇ[4] ਅਤੇ ਅਦ੍ਰਿਸ਼ਟ[5] ਹੈ।
ਕਿਉ[6] ਕਥੀਐ[7] ਕਿਉ ਆਖੀਐ[8] ਜਾਪੈ[9] ਸਚੋ ਸਚੁ[10] ॥	The Lord is known to be[9] the truest of the true[10]. How[6], how can one describe[7] and utter[8] Him ?	ਸੁਆਮੀ ਸਚਿਆਰਾਂ ਦਾ ਪਰਮ ਸਚਿਆਰ[10] ਜਾਣਿਆ[9] ਜਾਂਦਾ ਹੈ। ਆਦਮੀ ਉਸ ਨੂੰ ਕਿਸ ਤਰ੍ਹਾਂ[6] ਬਿਆਨ[7] ਤੇ ਵਰਣਨ[8] ਕਰ ਸਕਦਾ ਹੈ ?
ਕਰਣਾ[12] ਕਥਨਾ[13] ਕਾਰ[14] ਸਭ[17] ਨਾਨਕ ਆਪਿ[15] ਅਕਥੁ[16] ॥	All[17] the deeds[14], which are done[12] and described[13], are through the Lord alone, O Nanak. He of Himself[15] is ineffable[16].	ਸਾਰੇ[17] ਕੰਮ[14], ਜੋ ਕਰੇ[12] ਅਤੇ ਬਿਆਨ ਕੀਤੇ ਜਾਂਦੇ[13] ਹਨ ਉਸ ਸੁਆਮੀ ਦੇ ਰਾਹੀਂ ਹਨ, ਹੇ ਨਾਨਕ ! ਉਹ ਖ਼ੁਦ[15] ਵਰਣਨ-ਰਹਿਤ[16] ਹੈ।
ਅਕਥ[18] ਕੀ ਕਥਾ[19] ਸੁਣੇਇ[20] ॥ ਰਿਧਿ[21] ਬੁਧਿ[22] ਸਿਧਿ[23] ਗਿਆਨੁ[24] ਸਦਾ ਸੁਖੁ[25] ਹੋਇ[26] ॥੧॥	Whosoever hears[20] the Indescribable[18] Lord's discourse[19]; he is blessed with[26] riches[21], wisdom[22], perfection[23], gnosis[24] and eternal peace[25].	ਜੋ ਕੋਈ ਭੀ ਨਾ-ਬਿਆਨ ਹੋਣ ਵਾਲੇ[18] ਸੁਆਮੀ ਦੀ ਕਥਾ-ਵਾਰਤਾ[19] ਨੂੰ ਸੁਣਦਾ[20] ਹੈ, ਉਸ ਨੂੰ ਧਨ-ਸੰਪਦਾ[21], ਦਾਨਾਈ[22], ਪੂਰਨਤਾ[23]; ਬ੍ਰਹਮ-ਗਿਆਤ[24] ਤੇ ਸਦੀਵੀ ਆਰਾਮ[25] ਦੀ ਦਾਤ ਮਿਲਦੀ[26] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਅਜਰੁ[27] ਜਰੈ[28] ਤ[29]	If man bears[28] the unbearable[27],	ਜੇਕਰ ਬੰਦਾ ਨਾ-ਸਹਾਰੇ[27] ਜਾਣ ਵਾਲੇ ਨੂੰ ਸਹਾਰ ਲਵੇ[28],

ਨਉ ਕੁਲ[30] ਬੰਧੁ[31] ॥	then[29] comes he to control[31] his nine apertures[30].	ਤਦ[29] ਉਹ ਆਪਣੀਆਂ ਨੌਂ ਗੋਲਕਾਂ[30] ਤੇ ਕਾਬੂ[31] ਪਾ ਲੈਂਦਾ ਹੈ।
ਪੂਜੇ[32] ਪ੍ਰਾਣ[33] ਹੋਵੈ[34] ਥਿਰੁ[35] ਕੰਧੁ[36] ॥	Whosoever adores[32] the Lord with every breath[33]; stable[35] becomes[34] his body wall[36].	ਜੋ ਕੋਈ ਹਰ ਸੁਆਸ[33] ਨਾਲ ਸੁਆਮੀ ਦੀ ਉਪਾਸ਼ਨਾ ਕਰਦਾ[32] ਹੈ; ਸਥਿਰ[35] ਹੋ ਜਾਂਦੀ[34] ਹੈ ਉਸ ਦੀ ਦੇਹ ਦੀ ਦੀਵਾਰ[36]।
ਕਹਾ[37] ਤੇ ਆਇਆ ਕਹਾਂ ਏਹੁ[38] ਜਾਣੁ[39] ॥	Whence[37] has the mortal come and whereto shall he[38] go[39] ?	ਪ੍ਰਾਣੀ ਕਿਥੋਂ[37] ਆਇਆ ਹੈ ਅਤੇ ਇਹ[38] ਕਿਥੇ ਨੂੰ ਜਾਏਗਾ[39] ?
ਜੀਵਤ[40] ਮਰਤ ਰਹੈ ਪਰਵਾਣੁ[41] ॥	By remaining dead in life[40], he becomes acceptable[41].	ਜੀਉਂਦੇ[40] ਜੀ ਮਰ ਰਹਿਣ ਦੁਆਰਾ, ਉਹ ਕਬੂਲ ਪੈ ਜਾਂਦਾ[41] ਹੈ।
ਹੁਕਮੈ[42] ਬੂਝੈ[43] ਤਤੁ[44] ਪਛਾਣੈ[45] ॥	Whosoever understands[43] the Lord's Will[42]; he comes to realise[45] the quintessence[44].	ਜੋ ਕੋਈ ਭੀ ਪ੍ਰਭੂ ਦੀ ਰਜ਼ਾ[42] ਨੂੰ ਸਮਝਦਾ[43] ਹੈ, ਉਹ ਅਸਲੀਅਤ[44] ਨੂੰ ਅਨੁਭਵ[45] ਕਰ ਲੈਂਦਾ ਹੈ।
ਇਹੁ[49] ਪਰਸਾਦੁ[46] ਗੁਰੂ ਤੇ[47] ਜਾਣੈ[48] ॥	All this[49] he comes to realise[48] by[47] the Guru's grace[46].	ਇਸ ਸਾਰੇ[49] ਕੁਛ ਨੂੰ ਉਹ ਗੁਰਾਂ ਦੀ ਦਇਆ[46] ਦੁਆਰਾ[47] ਅਨੁਭਵ[48] ਕਰਦਾ ਹੈ।
ਹੋਂਦਾ[50] ਫੜੀਅਗੁ[51] ਨਾਨਕ ਜਾਣੁ[52] ॥	Know[52] thou this, O Nanak, that whosoever says "I am[50]", he is bound down[51].	ਤੂੰ ਇਹ ਸਮਝ ਲੈ[52], ਹੇ ਨਾਨਕ ! ਜਿਹੜਾ ਕੋਈ ਆਖਦਾ ਹੈ, "ਮੈਂ ਹਾਂ[50]", ਉਹ ਜਕੜ ਲਿਆ ਜਾਂਦਾ[51] ਹੈ।
ਨਾ[53] ਹਉ[54] ਨਾ[55] ਮੈ[56] ਜੂਨੀ[57] ਪਾਣੁ[58] ॥੨॥	He who is without[53] ego[54] and self-conceit[56], is cast[58] not[55] into species[57].	ਜੋ ਕੋਈ ਹੰਕਾਰ[54] ਅਤੇ ਸਵੈ-ਹੰਗਤਾ[56] ਤੋਂ ਬਿਨਾਂ[53] ਹੈ, ਉਹ ਜੂਨੀਆਂ[57] ਅੰਦਰ ਨਹੀਂ[55] ਪਾਇਆ ਜਾਂਦਾ[58]।
ਪਉੜੀ ॥	Pauri.	ਪਉੜੀ
ਪੜੀਐ[59] ਨਾਮੁ ਸਲਾਹ[60] ਹੋਰਿ ਬੁਧੀ[61] ਮਿਥਿਆ[62] ॥	Read[59] thou the praise[60] of the Lord's Name. False[62] is every other intellect[61].	ਤੂੰ ਸੁਆਮੀ ਦੇ ਨਾਮ ਦੀ ਸਿਫ਼ਤ-ਸ਼ਲਾਘਾ[60] ਨੂੰ ਵਾਚ[59]। ਝੂਠੀ[62] ਹੈ ਹੋਰ ਤਰ੍ਹਾਂ ਦੀ ਅਕਲ[61]।
ਬਿਨੁ ਸਚੇ[63] ਵਾਪਾਰ[64] ਜਨਮੁ[65] ਬਿਰਥਿਆ[66] ॥	Vain[66] is the life[65], if one deals[64] not in the True Name[63].	ਵਿਅਰਥ[66] ਹੈ ਜੀਵਨ[65], ਜੇਕਰ ਇਨਸਾਨ ਸਤਿਨਾਮ[63] ਦਾ ਵਣਜ ਨਹੀਂ ਕਰਦਾ[64]।
ਅੰਤੁ[67] ਨ ਪਾਰਾਵਾਰੁ[68] ਨ ਕਿਨਹੀ ਪਾਇਆ[69] ॥	None knows the Lord's end[67] and limit[68]. No one has ever known[69] it.	ਪ੍ਰਭੂ ਦੇ ਅਖ਼ੀਰ[67] ਅਤੇ ਓੜਕ[68] ਨੂੰ ਕੋਈ ਨਹੀਂ ਜਾਣਦਾ। ਕਦੇ ਭੀ ਕਿਸੇ ਨੂੰ ਇਸ ਦਾ ਪਤਾ[69] ਨਹੀਂ ਲੱਗਾ।
ਸਭੁ ਜਗੁ[70] ਗਰਬਿ[71] ਗੁਬਾਰੁ[72] ਤਿਨ[73] ਸਚੁ[74] ਨ ਭਾਇਆ[75] ॥	All the men[70] are enveloped by the darkness[72] of self-conceit[71]. They[73] love[75] not the True Name[74].	ਸਾਰਿਆਂ ਪੁਰਸ਼ਾਂ[70] ਨੂੰ ਸਵੈ-ਹੰਗਤਾ[71] ਦੇ ਅਨ੍ਹੇਰੇ[72] ਨੇ ਘੇਰਿਆ ਹੋਇਆ ਹੈ। ਉਹ[73] ਸੱਚੇ ਨਾਮ[74] ਨੂੰ ਪਿਆਰ[75] ਨਹੀਂ ਕਰਦੇ।
ਚਲੇ[76] ਨਾਮੁ ਵਿਸਾਰਿ[77] ਤਾਵਣਿ[78] ਤਤਿਆ[79] ॥	They, who depart[76], forgetting[77] the Name, are roasted[79] in the frying pan[78].	ਜੋ ਨਾਮ ਨੂੰ ਭੁਲਾ ਕੇ[77] ਜਾਂਦੇ[76] ਹਨ, ਉਹ ਕੜਾਹੀ[78] ਵਿਚ ਭੁੰਨੇ ਜਾਂਦੇ[79] ਹਨ।
ਬਲਦੀ[80] ਅੰਦਿਰ[81] ਤੇਲੁ[82] ਦੁਬਿਧਾ[83] ਘਤਿਆ[84] ॥	The oil[82] of duality[83], poured[84] in their mind[81], ever burns[80] them.	ਉਨ੍ਹਾਂ ਦੇ ਮਨ[81] ਵਿਚ ਪਿਆ[84] ਹੋਇਆ ਦਵੈਤ-ਭਾਵ[83] ਦਾ ਤੇਲ[82], ਹਮੇਸ਼ਾ ਹੀ ਉਨ੍ਹਾਂ ਨੂੰ ਸਾੜਦਾ[80] ਹੈ।

ਆਇਆ ਉਠੀ[85] ਖੇਲੁ[86] ਫਿਰੈ[87] ਉਵਤਿਆ[88] ॥	He comes and departs[85] after the life's play[86]. In between he wanders[87] unrestrained[88].	ਉਹ ਆਉਂਦਾ ਅਤੇ ਜੀਵਨ ਦੀ ਖੇਡ[86] ਮਗਰੋਂ ਟੁਰ ਜਾਂਦਾ[85] ਹੈ । ਵਿਚ ਵਿਚਕਾਰ ਉਹ ਅਮੋੜ[88] ਹੀ ਭਟਕਦਾ[87] ਹੈ।
ਨਾਨਕ ਸਚੈ[89] ਮੇਲੁ[90] ਸਚੈ[91] ਰਤਿਆ[92] ॥੨੪॥	Nanak, imbued with[92] the True Name[91], one merges[90] in the True Lord[89].	ਨਾਨਕ, ਸੱਚੇ ਨਾਮ[91] ਨਾਲ ਰੰਗੀਜਣ[92] ਦੁਆਰਾ, ਇਨਸਾਨ ਸੱਚੇ ਸੁਆਮੀ[89] ਅੰਦਰ ਲੀਨ ਹੋ ਜਾਂਦਾ[90] ਹੈ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਪਹਿਲਾਂ[93] ਮਾਸਹੁ[94] ਨਿੰਮਿਆ[95] ਮਾਸੈ ਅੰਦਰਿ ਵਾਸੁ[96] ॥	Man is first[93] conceived[95] in flesh[94] and then abides[96] he in flesh.	ਆਦਮੀ ਪਹਿਲ-ਪ੍ਰਥਮ[93] ਮਾਸ[94] ਅੰਦਰ ਨਿਪਜਦਾ[95] ਹੈ ਅਤੇ ਮੁੜ ਮਾਸ ਅੰਦਰ ਹੀ ਵਸਦਾ[96] ਹੈ ।
ਜੀਉ ਪਾਇ[96*] ਮਾਸੁ ਮੁਹਿ[97] ਮਿਲਿਆ ਹਡੁ[98] ਚੰਮੁ[99] ਤਨੁ[100] ਮਾਸੁ ॥	When he quickens[96*], he obtains the mouth[97] of flesh and his bones[98], skin[99] and body[100] are made of flesh.	ਜਦ ਉਸ ਵਿਚ ਜਾਨ ਪੈਂਦੀ[96*] ਹੈ, ਉਸ ਨੂੰ ਮਾਸ ਦਾ ਮੂੰਹ[97] ਮਿਲਦਾ ਹੈ ਅਤੇ ਉਸ ਦੀਆਂ ਹੱਡੀਆਂ[98], ਖਲ[99] ਤੇ ਦੇਹ[100] ਮਾਸ ਦੀਆਂ ਬਣੀਆਂ ਹੋਈਆਂ ਹਨ ।
ਮਾਸਹੁ ਬਾਹਰਿ ਕਢਿਆ ਮੰਮਾ[2] ਮਾਸੁ ਗਿਰਾਸੁ[3] ॥	When he is taken out of the womb of flesh, he has mouthful[3] of milk from the teats[2] of flesh.	ਜਦ ਉਸ ਨੂੰ ਮਾਸ ਦੀ ਕੁੱਖ ਵਿਚੋਂ ਬਾਹਰ ਕਢਿਆ ਜਾਂਦਾ ਹੈ, ਤਾਂ ਉਸ ਨੂੰ ਮਾਸ ਦੇ ਥਣਾਂ[2] ਵਿਚੋਂ ਦੁੱਧ ਦੀ ਘੁਟ[3] ਮਿਲਦੀ ਹੈ ।
ਮੁਹੁ ਮਾਸੈ ਕਾ ਜੀਭ[4] ਮਾਸੈ ਕੀ ਮਾਸੈ ਅੰਦਰਿ ਸਾਸੁ[5] ॥	His mouth is of flesh, his tongue[4] is of flesh and his breath[5] is in flesh.	ਉਸ ਦਾ ਮੂੰਹ ਮਾਸ ਦਾ ਹੈ, ਉਸ ਦੀ ਜੀਭ੍ਹਾ[4] ਮਾਸ ਦੀ ਹੈ ਅਤੇ ਉਸ ਦਾ ਸਾਹ[5] ਮਾਸ ਵਿਚ ਹੈ ।
ਵਡਾ[6] ਹੋਆ ਵੀਆਹਿਆ[7] ਘਰਿ[8] ਲੈ ਆਇਆ ਮਾਸੁ ॥	When he grows up[6], he is married[7] and brings the wife of flesh into his home[8].	ਜਦ ਉਹ ਵਡੇਰਾ[6] ਹੋ ਜਾਂਦਾ ਹੈ ਤਾਂ ਉਸ ਦਾ ਵਿਆਹ ਹੋ ਜਾਂਦਾ[7] ਹੈ ਅਤੇ ਉਹ ਮਾਸ ਦੀ ਵਹੁਟੀ ਆਪਣੇ ਗ੍ਰਿਹ[8] ਵਿਚ ਲੈ ਆਉਂਦਾ ਹੈ ।
ਮਾਸਹੁ ਹੀ ਮਾਸੁ ਊਪਜੈ[9] ਮਾਸਹੁ ਸਭੋ ਸਾਕੁ[10] ॥	Flesh is produced[9] from flesh and all the relatives[10] of man are made of flesh.	ਮਾਸ ਤੋਂ ਹੀ ਮਾਸ ਪੈਦਾ[9] ਹੁੰਦਾ ਹੈ ਅਤੇ ਆਦਮੀ ਦੇ ਸਾਰੇ ਸਨਬੰਧੀ[10] ਮਾਸ ਦੇ ਹੀ ਬਣੇ ਹੋਏ ਹਨ ।
ਸਤਿਗੁਰਿ ਮਿਲਿਐ ਹੁਕਮੁ[12] ਬੁਝੀਐ[13] ਤਾਂ[14] ਕੋ ਆਵੈ ਰਾਸਿ[15] ॥	When man meets with the True Guru, he knows[13] the Lord's Will[12] and then[14] alone is he reformed[15].	ਜਦ ਬੰਦਾ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਉਹ ਸਾਈਂ ਦੀ ਰਜ਼ਾ[12] ਨੂੰ ਜਾਣ ਲੈਂਦਾ[13] ਹੈ ਅਤੇ ਕੇਵਲ ਤਦ[14] ਹੀ ਉਸ ਦਾ ਸੁਧਾਰ ਹੁੰਦਾ[15] ਹੈ ।
ਆਪਿ[16] ਛੁਟੇ[17] ਨਹ ਛੁਟੀਐ[18] ਨਾਨਕ ਬਚਨਿ[19] ਬਿਣਾਸੁ[20] ॥੧॥	By one's own[16] releasing[17], one is released[19] not Through mere words[18], O Nanak, man is ruined[20].	ਆਪਣੇ[16] ਰਿਹਾ ਕਰਨ[17] ਦੁਆਰਾ ਇਨਸਾਨ ਰਿਹਾ[18] ਨਹੀਂ ਹੁੰਦਾ । ਨਿਰੀਆਂ ਪੁਰੀਆਂ ਗੱਲਾਂ[19] ਰਾਹੀਂ, ਹੇ ਨਾਨਕ ! ਬੰਦਾ ਬਰਬਾਦ ਹੋ ਜਾਂਦਾ[20] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਮਾਸੁ ਮਾਸੁ ਕਰਿ ਮੂਰਖੁ[21] ਝਗੜੇ[22] ਗਿਆਨੁ[23] ਧਿਆਨੁ[24] ਨਹੀ ਜਾਣੈ ॥	The fools[21] quarrel[22] over flesh, flesh and know not God's gnosis[23] and meditation[24].	ਬੇਵਕੂਫ[21] ਮਾਸ, ਮਾਸ ਬਾਰੇ ਬਖੇੜਾ ਕਰਦੇ[22] ਹਨ ਅਤੇ ਸੁਆਮੀ ਦੀ ਗਿਆਤ[23] ਤੇ ਸਿਮਰਨ[24] ਨੂੰ ਨਹੀਂ ਜਾਣਦੇ ।

ਕਉਣੁ[25] ਮਾਸੁ ਕਉਣੁ ਸਾਗੁ[26] ਕਹਾਵੈ[27] ਕਿਸੁ ਮਹਿ[28] ਪਾਪ[29] ਸਮਾਣੇ[30] ॥	They know not what[25] is called[27] flesh and what the green[26], or in[28] what does sin[29] consist[30].	ਉਨ੍ਹਾਂ ਨੂੰ ਪਤਾ ਨਹੀਂ[25] ਕਿਸ[25] ਨੂੰ ਮਾਸ ਆਖਦੇ ਹਨ ਅਤੇ ਕਿਸ ਨੂੰ ਸਾਗਪਾਤ[26], ਜਾਂ ਕਾਹਦੇ ਵਿਚ[28] ਗੁਨਾਹ[29] ਹੈ[30]।
ਗੈਂਡਾ[35] ਮਾਰਿ ਹੋਮ ਜਗ[32] ਕੀਏ[33] ਦੇਵਤਿਆ[34] ਕੀ ਬਾਣੇ[36] ॥	It was the habit[36] of the gods[34] to kill rhinoceros[35] and perform[33] sacred feasts[32] after burnt offerings.	ਦੇਵਾਂ[34] ਦੀ ਇਹ ਆਦਤ[36] ਸੀ ਕਿ ਉਹ ਗੈਂਡੇ[35] ਨੂੰ ਮਾਰਦੇ ਸਨ ਅਤੇ ਹਵਨ ਕਰਨ ਮਗਰੋਂ ਪਵਿੱਤ੍ਰ ਸਦਾ-ਵਰਤ[32] ਲਾਉਂਦੇ[33] ਸਨ।
ਮਾਸੁ ਛੋਡਿ[37] ਬੈਸਿ[38] ਨਕੁ ਪਕੜਹਿ[39] ਰਾਤੀ ਮਾਣਸ[40] ਖਾਣੇ[41] ॥	They, who abandon[37] meat and hold[39] their nose when sitting[38] near it, devour[41] men[40] at night.	ਜੋ ਮਾਸ ਨੂੰ ਤਿਆਗਦੇ[37] ਹਨ ਤੇ ਜਦ ਇਸ ਦੇ ਨੇੜੇ ਬਹਿਣਾ[38] ਪਵੇ ਤਾਂ ਆਪਣੇ ਨੱਕ ਨੂੰ ਫੜ ਲੈਂਦੇ[39] ਹਨ। ਉਹ ਰਾਤ ਨੂੰ ਮਨੁੱਖਾਂ[40] ਨੂੰ ਹੀ ਨਿਗਲ ਜਾਂਦੇ[41] ਹਨ।
ਫੜੁ[42] ਕਰਿ[43] ਲੋਕਾਂ[44] ਨੋ ਦਿਖਲਾਵਹਿ[45] ਗਿਆਨੁ[46] ਧਿਆਨੁ[47] ਨਹੀ ਸੂਝੈ[48] ॥	They practice[43] hypocrisy[42] and make a show[45] of it to men[44] but they know[48] not God's gnosis[46] and meditation[47].	ਉਹ ਪਖੰਡ[42] ਕਰਦੇ[43] ਹਨ ਅਤੇ ਬੰਦਿਆਂ[44] ਮੂਹਰੇ ਇਸ ਦਾ ਮੁਜ਼ਾਹਰਾ ਕਰਦੇ[45] ਹਨ, ਪ੍ਰੰਤੂ ਉਹ ਹਰੀ ਦੀ ਗਿਆਤ[46] ਤੇ ਬੰਦਗੀ[47] ਨੂੰ ਨਹੀਂ ਜਾਣਦੇ[48]।
ਨਾਨਕ ਅੰਧੇ[49] ਸਿਉ[50] ਕਿਆ[51] ਕਹੀਐ[52] ਕਹੈ[53] ਨ ਕਹਿਆ[54] ਬੂਝੈ[55] ॥	Nanak what[51] can be said[52] to[50] the blind man[49] ? He can reply[53] not and nor understands[55] he what is said to him[54].	ਨਾਨਕ, ਅੰਨ੍ਹੇ ਇਨਸਾਨ[49] ਨੂੰ[50] ਕੀ[51] ਆਖਿਆ[52] ਜਾ ਸਕਦਾ ਹੈ ? ਉਹ ਉਤਰ[53] ਨਹੀਂ ਦੇ ਸਕਦਾ ਅਤੇ ਨਾ ਹੀ ਉਹ ਆਖੇ[54] ਹੋਏ ਨੂੰ ਸਮਝਦਾ[55] ਹੈ।
ਅੰਧਾ[56] ਸੋਇ[57] ਜਿ ਅੰਧੁ ਕਮਾਵੈ ਤਿਸੁ[58] ਰਿਦੈ[59] ਸਿ ਲੋਚਨ[60] ਨਾਹੀ ॥	He[57] alone is blind[56], who does blind deeds. He[58] has no mental[59] eyes[60].	ਕੇਵਲ ਉਹ[57] ਹੀ ਅੰਨ੍ਹਾ[56] ਹੈ, ਜੋ ਅੰਨ੍ਹੇ ਕੰਮ ਕਰਦਾ ਹੈ। ਉਸ ਦੀਆਂ[58] ਆਤਮਕ[59] ਅੱਖਾਂ[60] ਨਹੀਂ ਹਨ।
ਮਾਤ[61] ਪਿਤਾ[62] ਕੀ ਰਕਤੁ[63] ਨਿਪੰਨੇ[64] ਮਛੀ[65] ਮਾਸੁ ਨ ਖਾਂਹੀ[66] ॥	They are produced[64] from the blood[63] of their mother[61] and father[62], yet they eat[66] not fish[65] and flesh.	ਉਹ ਆਪਣੀ ਮਾਂ[61] ਅਤੇ ਪਿਉ[62] ਦੇ ਲਹੂ[63] ਤੋਂ ਪੈਦਾ ਹੋਏ[64] ਹਨ, ਫਿਰ ਭੀ ਉਹ ਮੀਨ[65] ਅਤੇ ਮਾਸ ਨੂੰ ਨਹੀਂ ਖਾਂਦੇ[66]।
ਇਸਤ੍ਰੀ[67] ਪੁਰਖੈ[68] ਜਾਂ[69] ਨਿਸਿ[70] ਮੇਲਾ ਓਥੈ[71] ਮੰਧੁ[72] ਕਮਾਹੀ[73] ॥	When[69] man[68] and woman[67] meet at night[70], there[71] they co-habit[73] with flesh[72].	ਜਦ[69] ਰਾਤ[70] ਨੂੰ ਨਰ[68] ਅਤੇ ਨਾਰੀ[67] ਮਿਲਦੇ ਹਨ ਉਥੇ ਉਹ[71] ਮਾਸ[72] ਨਾਲ ਭੀ ਭੋਗ ਕਰਦੇ[73] ਹਨ।
੧੨੯੦	**1290**	**੧੨੯੦**
ਮਾਸਹੁ ਨਿੰਮੇ[74] ਮਾਸਹੁ ਜੰਮੇ[75] ਹਮ ਮਾਸੈ ਕੇ ਭਾਂਡੇ[76] ॥	From flesh we are conceived[74], from flesh we are born[75] and we are the vessels[76] of flesh.	ਮਾਸ ਤੋਂ ਅਸੀਂ ਨਿਪਜੇ[74] ਹਾਂ, ਮਾਸ ਤੋਂ ਅਸੀਂ ਪੈਦਾ ਹੋਏ[75] ਹਾਂ ਅਤੇ ਮਾਸ ਦੇ ਹੀ ਅਸੀਂ ਬਰਤਨ[76] ਹਾਂ।
ਗਿਆਨੁ[77] ਧਿਆਨੁ[78] ਕਛੁ ਸੂਝੈ[79] ਨਾਹੀ ਚਤੁਰੁ[80] ਕਹਾਵੈ[81] ਪਾਂਡੇ[82] ॥	O Pandit[82], thou knowest[79] not Divine knowledge[77] and Lord's meditation[78] and still thou callest[81] thyself wise[80].	ਹੇ ਪੰਡਤ[82]! ਤੈਨੂੰ ਬ੍ਰਹਮਵੀਚਾਰ[77] ਤੇ ਸਾਈਂ ਦੇ ਸਿਮਰਨ[78] ਦਾ ਕੁਝ ਪਤਾ[79] ਨਹੀਂ, ਫਿਰ ਭੀ ਤੂੰ ਆਪਣੇ ਆਪ ਨੂੰ ਸਿਆਣਾ[80] ਸਦਵਾਉਂਦਾ[81] ਹੈਂ।
ਬਾਹਰ[83] ਕਾ ਮਾਸੁ ਮੰਦਾ[84]	O Lord[85], thou deemest the flesh of	ਹੇ ਸਾਂਈਂ[85]! ਤੂੰ ਬਾਹਰਲੇ[83] ਮਾਸ ਨੂੰ ਬੁਰਾ[84] ਜਾਣਦਾ

ਸੁਆਮੀ[85] ਘਰ[86] ਕਾ ਮਾਸੁ ਚੰਗੇਰਾ[87] ॥

without[83] bad[84] and the flesh of thy home[86] good[87].

ਹੈਂ ਅਤੇ ਆਪਣੇ ਗ੍ਰਹਿ[86] ਦੇ ਮਾਸ ਨੂੰ ਚੰਗਾ[87] ।

ਜੀਅ ਜੰਤ[88] ਸਭਿ ਮਾਸਹੁ ਹੋਏ[89] ਜੀਇ[90] ਲਇਆ[91] ਵਾਸੇਰਾ[92] ॥

All creatures[88] have sprung[89] from flesh and the soul[90] has taken[91] its abode[92] in flesh.

ਸਾਰੇ ਜੀਵ ਜੰਤੂ[88] ਮਾਸ ਤੋਂ ਉਤਪੰਨ ਹੋਏ[89] ਹਨ ਅਤੇ ਆਤਮਾ[90] ਨੇ ਭੀ ਮਾਸ ਵਿਚ ਹੀ ਵਸੇਬਾ[92] ਇਖ਼ਤਿਆਰ ਕੀਤਾ[91] ਹੈ ।

ਅਭਖੁ[93] ਭਖਹਿ[94] ਭਖੁ[95] ਤਜਿ ਛੋਡਹਿ[96] ਅੰਧੁ[97] ਗੁਰੂ[99] ਜਿਨ ਕੇਰਾ[100] ॥

They, whose[100] teacher[99] is blind[97], eat[94] what is uneatable[93] and abandon and reject[96] what is eatable[95].

ਜਿਨ੍ਹਾਂ ਦਾ[100] ਉਸਤਾਦ[99] ਅੰਨ੍ਹਾ[97] ਹੈ, ਉਹ ਨਾ ਖਾਣ-ਯੋਗ[93] ਨੂੰ ਖਾਂਦੇ[94] ਹਨ ਅਤੇ ਖਾਣ-ਯੋਗ[95] ਨੂੰ ਤਿਆਗ ਤੇ ਛਡ ਦੇਂਦੇ[96] ਹਨ ।

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥

In flesh we are conceived, from flesh we are born and we are the vessels of flesh.

ਮਾਸ ਅੰਦਰ ਅਸੀਂ ਨਿਪਜੇ ਹਾਂ, ਮਾਸ ਤੋਂ ਅਸੀਂ ਪੈਦਾ ਹੋਏ ਹਾਂ ਅਤੇ ਮਾਸ ਦੇ ਹੀ ਅਸੀਂ ਬਰਤਨ ਹਾਂ ।

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥

O Brahman, thou knowest not Divine knowledge and the Lord's meditation and yet thou callest thyself clever.

ਹੇ ਬ੍ਰਾਹਮਣ ! ਤੂੰ ਬ੍ਰਹਮ-ਬੀਚਾਰ ਅਤੇ ਸਾਈਂ ਦੇ ਸਿਮਰਨ ਨੂੰ ਨਹੀਂ ਜਾਣਦਾ ਅਤੇ ਤਾਂ ਭੀ ਤੂੰ ਆਪਣੇ ਆਪ ਨੂੰ ਹੁਸ਼ਿਆਰ ਅਖਵਾਉਂਦਾ ਹੈਂ ।

ਮਾਸੁ ਪੁਰਾਣੀ ਮਾਸੁ ਕਤੇਂਬੀ[2] ਚਹੁ ਜੁਗਿ ਮਾਸੁ ਕਮਾਣਾ[3] ॥

Flesh is allowed in the Puranas, flesh is allowed in the Muslim religious books[2] and flesh has been used[3] in the four ages.

ਪੁਰਾਣਾਂ ਵਿਚ ਮਾਸ ਖਾਣ ਦੀ ਆਗਿਆ ਹੈ, ਮੁਸਲਮਾਨੀ ਮਜ਼ਹਬੀ ਕਿਤਾਬਾਂ[2] ਵਿਚ ਮਾਸ ਖਾਣ ਦੀ ਆਗਿਆ ਹੈ ਅਤੇ ਚਾਰਾਂ ਹੀ ਯੁਗਾਂ ਅੰਦਰ ਮਾਸ ਵਰਤਿਆ ਜਾਂਦਾ[3] ਰਿਹਾ ਹੈ ।

ਜਜਿ[4] ਕਾਜਿ[5] ਵੀਆਹਿ[6] ਸੁਹਾਵੈ[7] ਓਥੈ[8] ਮਾਸੁ ਸਮਾਣਾ[9] ॥

Flesh adorns[7] sacred feasts[4] and marriage[6] functions[5], with them[8] flesh is associated[9].

ਯਗਾਂ[4] ਅਤੇ ਵਿਆਹਾਂ[6] ਦੇ ਸਮਾਗਮਾਂ[5] ਨੂੰ ਮਾਸ ਸੁਸ਼ੋਭਤ[7] ਕਰਦਾ ਹੈ, ਉਨ੍ਹਾਂ[8] ਨਾਲ ਇਸ ਦਾ ਸਬੰਧ[9] ਹੈ ।

ਇਸਤ੍ਰੀ[10] ਪੁਰਖ[12] ਨਿਪਜਹਿ[13] ਮਾਸਹੁ ਪਾਤਿਸਾਹ[14] ਸੁਲਤਾਨੀ[15] ॥

Women[10], men[12], kings[14] and emperors[15] spring[13] from flesh.

ਨਾਰੀ[10], ਨਰ[12], ਰਾਜੇ[14] ਤੇ ਮਹਾਰਾਜੇ[15] ਮਾਸ ਤੋਂ ਉਤਪਨ ਹੁੰਦੇ[13] ਹਨ ।

ਜੇ[16] ਓਇ ਦਿਸਹਿ ਨਰਕਿ[17] ਜਾਂਦੇ ਤਾਂ[18] ਉਨ ਕਾ ਦਾਨੁ[19] ਨ ਲੈਣਾ ॥

If[16] thou seest them going to hell[17], then[18] thou should not accept their gifts in charity[19].

ਜੇਕਰ[16] ਤੈਨੂੰ ਉਹ ਜਹੰਨਮ[17] ਨੂੰ ਜਾਂਦੇ ਦਿਸਦੇ ਹਨ, ਤਦ[18] ਤੈਨੂੰ ਉਨ੍ਹਾਂ ਦਾ ਪੁੰਨ-ਦਾਨ[19] ਨਹੀਂ ਲੈਣਾ ਚਾਹੀਦਾ ।

ਦੇਂਦਾ[20] ਨਰਕਿ ਸੁਰਗਿ[21] ਲੈਦੇ[22] ਦੇਖਹੁ ਏਹੁ ਧਿਙਾਣਾ[23] ॥

See ye this injustice[23], that the giver[20] goes to hell and the receiver[22] to heaven[21].

ਤੁਸੀਂ ਇਹ ਅਨਿਆਂ[23] ਵੇਖੋ ਕਿ ਦੇਣ ਵਾਲਾ[20] ਜਹੰਨਮ ਨੂੰ ਜਾਵੇ ਅਤੇ ਲੈਣ ਵਾਲਾ[22] ਬਹਿਸ਼ਤ[21] ਨੂੰ ।

ਆਪਿ ਨ ਬੂਝੈ[24] ਲੋਕ[25] ਬੁਝਾਏ ਪਾਂਡੇ ਖਰਾ[26] ਸਿਆਣਾ[27] ॥

O Pandit, thou understandest[24] not thyself, but thou instructest people[25]. Thou art indeed very[26] wise[27].

ਹੇ ਪੰਡਤ ! ਤੂੰ ਖ਼ੁਦ ਸਮਝਦਾ[24] ਨਹੀਂ, ਪ੍ਰੰਤੂ ਲੋਕਾਂ[25] ਨੂੰ ਸਮਝਾਉਂਦਾ ਹੈਂ । ਸੱਚੀ ਮੁੱਚੀਂ ਤੂੰ ਬੜਾ[26] ਅਕਲਮੰਦ[27] ਹੈਂ ।

ਪਾਂਡੇ ਤੂ ਜਾਣੈ ਹੀ ਨਾਹੀ

O Brahman thou knowest not,

ਹੇ ਬ੍ਰਹਮਣ ! ਤੈਨੂੰ ਪਤਾ ਹੀ ਨਹੀਂ ਕਿਥੋਂ[29] ਮਾਸ

ਕਿਥਹੁ[29] ਮਾਸੁ ਉਪੰਨਾ[28] ॥	whence[29] flesh has sprung.	ਉਤਪੰਨ ਹੋਇਆ ਹੈ ।
ਤੋਇਅਹੁ[30] ਅੰਨੁ[31] ਕਮਾਦੁ[32] ਕਪਾਹਾਂ[33] ਤੋਇਅਹੁ [34]ਤ੍ਰਿਭਵਣੁ[35] ਗੰਨਾ[36] ॥	From water[30] are produced corn[31], suger-cane[32] and cotton[33] and from water the three[34] worlds[35] are accounted[36] to have sprung.	ਪਾਣੀ[30] ਤੋਂ ਅਨਾਜ[31], ਗੰਨਾ[32] ਅਤੇ ਕਪਾਹ[33] ਪੈਦਾ ਹੋਏ ਹਨ ਅਤੇ ਪਾਣੀ ਤੋਂ ਹੀ ਤਿੰਨੇ[34] ਜਹਾਨ[35] ਉਤਪੰਨ ਹੋਏ ਗਿਣੇ[36] ਜਾਂਦੇ ਹਨ ।
ਤੋਆ ਆਖੈ ਹਉ ਬਹੁ ਬਿਧਿ[37] ਹਛਾ[38] ਤੋਐ ਬਹੁਤੁ[39] ਬਿਕਾਰਾ[40] ॥	Says the water, "I am good[38] in many ways[37]". Many[39] are the modifications[40] of water.	ਆਖਦਾ ਹੈ ਪਾਣੀ, "ਮੈਂ ਘਣੇਰੀ ਤਰ੍ਹਾਂ[37] ਚੰਗਾ[38] ਹਾਂ" । ਬਹੁਤੇ[39] ਹੀ ਸਰੂਪ[40] ਹਨ ਪਾਣੀ ਦੇ ।
ਏਤੇ[41] ਰਸ[42] ਛੋਡਿ[43] ਹੋਵੈ ਸੰਨਿਆਸੀ[44] ਨਾਨਕੁ ਕਹੈ[46] ਵਿਚਾਰਾ[45] ॥੨॥	Abandoning[43] all these[41] relishes[42], one becomes a real solitarian[44]. Says[46] Nanak deliberately[45].	ਇਹ[41] ਸਾਰੇ ਸੁਆਦ[42] ਛੱਡ[43] ਕੇ ਜੀਵ ਅਸਲ ਇਕਾਂਤੀ[44] ਹੋ ਜਾਂਦਾ ਹੈ । ਗੁਰੂ ਜੀ ਸੋਚ ਸਮਝ[45] ਕੇ ਆਖਦੇ[46] ਹਨ ।
ਪਉੜੀ ॥	Pauri.	ਪਉੜੀ ।
ਹਉ ਕਿਆ[50] ਆਖਾ ਇਕ ਜੀਭ[47] ਤੇਰਾ ਅੰਤੁ[48] ਨ ਕਿਨਹੀ ਪਾਇਆ[49] ॥	What[50] can I say with one tongue[47] ? Thy limit[48] no one has found[49], O Lord.	ਮੈਂ ਇਕ ਜੀਭ੍ਹ[47] ਨਾਲ ਕੀ[50] ਕਹਿ ਸਕਦਾ ਹਾਂ ? ਤੇਰਾ ਪਾਰਾਵਾਰ[48] ਕਿਸੇ ਨੂੰ ਭੀ ਪਤਾ ਨਹੀਂ ਲੱਗਾ[49], ਹੇ ਸੁਆਮੀ !
ਸਚਾ ਸਬਦੁ[51] ਵੀਚਾਰਿ[52] ਸੇ[53] ਤੁਝ ਹੀ ਮਾਹਿ[54] ਸਮਾਇਆ[55] ॥	They[53], who reflect[52] on the True Name[51], merge[55] in[54] Thee.	ਜੋ ਸੱਚੇ ਨਾਮ[51] ਦਾ ਚਿੰਤਨ ਕਰਦੇ[52] ਹਨ, ਉਹ[53] ਤੇਰੇ ਵਿਚ[54] ਲੀਨ[55] ਹੋ ਜਾਂਦੇ ਹਨ ।
ਇਕਿ[56] ਭਗਵਾ[57] ਵੇਸੁ[58] ਕਰਿ[59] ਭਰਮਦੇ[60] ਵਿਣੁ ਸਤਿਗੁਰ ਕਿਨੈ ਨ ਪਾਇਆ ॥	Some[56] there are, who wander about[60] wearing[59] ochre[57] robes[58], but without the True Guru no one ever attains unto the Lord.	ਕਈ[56] ਗੇਰੂ[57] ਰੰਗੇ ਬਸਤ੍ਰ[58] ਪਹਿਨ[59] ਕੇ ਭਟਕਦੇ[60] ਹਨ, ਪ੍ਰੰਤੂ ਸੱਚੇ ਗੁਰਾਂ ਦੇ ਬਗੈਰ ਕਦੇ ਭੀ ਕਿਸੇ ਨੂੰ ਪ੍ਰਭੂ ਪਰਾਪਤ ਨਹੀਂ ਹੁੰਦਾ ।
ਦੇਸ[61] ਦਿਸੰਤਰ[62] ਭਵਿ[63] ਥਕੇ[64] ਤੁਧੁ ਅੰਦਰਿ ਆਪੁ[65] ਲੁਕਾਇਆ[66] ॥	Men have grown weary[64] of wandering[63] in the country[61] and abroad[62], but Thou, O Lord, hast hid[66] Thyself[65] within them.	ਬੰਦੇ ਮੁਲਕ[61] ਅਤੇ ਪਰਦੇਸਾਂ[62] ਵਿਚ ਭਟਕਦੇ[63] ਹਾਰ ਗਏ[64] ਹਨ, ਪ੍ਰੰਤੂ ਤੂੰ, ਹੇ ਪ੍ਰਭੂ ! ਆਪਣੇ ਆਪ ਨੂੰ[65] ਉਨ੍ਹਾਂ ਦੇ ਅੰਦਰ ਛੁਪਾਇਆ[66] ਹੋਇਆ ਹੈ ।
ਗੁਰ ਕਾ ਸਬਦੁ[67] ਰਤੰਨੁ[68] ਹੈ ਕਰਿ[69] ਚਾਨਣੁ[70] ਆਪਿ[71] ਦਿਖਾਇਆ[72] ॥	The Guru's word[67] is the jewel[68], which, of itself[71], shows[72] the Lord by shedding[69] Divine Light[70].	ਗੁਰਾਂ ਦੀ ਬਾਣੀ[67] ਜਵੇਹਰ[68] ਹੈ, ਜੋ ਰੱਬੀ ਨੂਰ[70] ਬਰਸਾ[69], ਖ਼ੁਦ-ਬਖ਼ੁਦ[71] ਹੀ ਪ੍ਰਭੂ ਨੂੰ ਵਿਖਾਲ ਦਿੰਦੀ[72] ਹੈ ।
ਆਪਣਾ ਆਪੁ ਪਛਾਣਿਆ[73] ਗੁਰਮਤੀ[74] ਸਚਿ[75] ਸਮਾਇਆ[76] ॥	Recognizing[73] one's ownself, through the Guru's instruction[74], one merges[76] in the True Lord[75].	ਗੁਰਾਂ ਦੇ ਉਪਦੇਸ਼[74] ਦੁਆਰਾ ਆਪਣੇ ਆਪ ਨੂੰ ਸਿਞਾਣ[73] ਕੇ ਜੀਵ ਸੱਚੇ ਸੁਆਮੀ[75] ਅੰਦਰ ਲੀਨ ਹੋ ਜਾਂਦਾ[76] ਹੈ ।
ਆਵਾਗਉਣੁ[80] ਬਜਾਰੀਆ[77] ਬਾਜਾਰੁ[78] ਜਿਨੀ ਰਚਾਇਆ[79] ॥	The impostor[77] who creates[79] a false show[78], continues coming and going[80].	ਬਹੁਰੂਪੀਆ[77] ਜੋ ਝੂਠਾ ਵਿਖਾਵਾ[78] ਰਚਦਾ[79] ਹੈ, ਆਉਂਦਾ ਅਤੇ ਜਾਂਦਾ ਰਹਿੰਦਾ[80] ਹੈ ।

ਇਕੁ ਥਿਰੁ[81] ਸਚਾ[82] ਸਾਲਾਹਣਾ[83] ਜਿਨ ਮਨਿ ਸਚਾ ਭਾਇਆ[84] ॥੨੫॥	They, to whose mind the True Lord is pleasing[84], praise[83] the one ever-stable[81] True Lord[82].	ਜਿਨ੍ਹਾਂ ਦੇ ਚਿਤ ਨੂੰ ਸੱਚਾ ਸੁਆਮੀ ਚੰਗਾ ਲਗਦਾ[84] ਹੈ, ਉਹ ਇਕ ਸਦੀਵੀ ਸਥਿਰ[81] ਸੱਚੇ ਸੁਆਮੀ[82] ਦੀ ਹੀ ਸਿਫ਼ਤ[83] ਕਰਦੇ ਹਨ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਨਾਨਕ ਮਾਇਆ[85] ਕਰਮ[86] ਬਿਰਖੁ[87] ਫਲ[88] ਅੰਮ੍ਰਿਤ[89] ਫਲ ਵਿਸੁ[90] ॥	Nanak, the tree[87] of worldly[85] deeds[86] bears the ambrosial[89] fruits[88] and the poisonous fruits[90].	ਨਾਨਕ, ਸੰਸਾਰੀ[85] ਅਮਲਾਂ[86] ਦੇ ਰੁੱਖ[87] ਨੂੰ ਅੰਮ੍ਰਿਤਮਈ[89] ਮੇਵੇ[88] ਅਤੇ ਜ਼ਹਿਰੀਲੇ ਮੇਵੇ[90] ਲਗਦੇ ਹਨ।
ਸਭ ਕਾਰਣ[91] ਕਰਤਾ[92] ਕਰੇ ਜਿਸੁ[93] ਖਵਾਲੇ[94] ਤਿਸੁ[95] ॥੧॥	The Creator[92] alone does all deeds[91]. He whom[93] the Lord pampers[94] certain fruit, that[95] very fruit be eats.	ਕੇਵਲ ਸਿਰਜਣਹਾਰ[92] ਹੀ ਸਾਰੇ ਕੰਮ[91] ਕਰਾਂਦਾ ਹੈ। ਜਿਸ[93] ਨੂੰ ਸੁਆਮੀ ਜਿਹੜਾ ਫਲ ਖੁਆਉਂਦਾ[94] ਹੈ, ਕੇਵਲ ਉਸੇ[95] ਫਲ ਨੂੰ ਹੀ ਉਹ ਖਾਂਦਾ ਹੈ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਨਾਨਕ ਦੁਨੀਆ[95]*ਕੀਆਂ[97] ਵਡਿਆਈਆਂ[96] ਅਗੀ[98] ਸੇਤੀ ਜਾਲਿ[99] ॥	Nanak, burn[99] thou in the fire[98] the glories[96] of[97] the world[95]*.	ਨਾਨਕ, ਤੂੰ ਸੰਸਾਰ[95]* ਦੀਆਂ[97] ਪ੍ਰਭਤਾਈਆਂ[96] ਨੂੰ ਅੱਗ[98] ਨਾਲ ਸਾੜ ਸੁੱਟ[99]।
ਏਨੀ ਜਲੀਈ[100] ਨਾਮੁ ਵਿਸਾਰਿਆ[2] ਇਕ ਨ ਚਲੀਆ[3] ਨਾਲਿ ॥੨॥	These (accursed) or (burnt[100]) ones have made man forget[2] the Name. Not even one of them goes[3] with him.	ਇਨ੍ਹਾਂ (ਭ੍ਰਿਸ਼ਟੀਆਂ) ਜਾਂ (ਸੜੀਆਂ[100]) ਹੋਈਆਂ ਨੇ ਬੰਦੇ ਨੂੰ ਨਾਮ ਭੁਲਾ ਦਿਤਾ[2] ਹੈ। ਇਨ੍ਹਾਂ ਵਿਚੋਂ ਇਕ ਭੀ ਉਸ ਦੇ ਨਾਲ ਨਹੀਂ ਜਾਂਦੀ[3]।
ਪਉੜੀ ॥	Pauri.	ਪਉੜੀ।
ਸਿਰਿ[4] ਸਿਰਿ ਹੋਇ ਨਿਬੇੜੁ[5] ਹੁਕਮਿ[6] ਚਲਾਇਆ[7] ॥	Adjudging[5] all[4] according to their deeds, the Lord drives[7] them in His Will[6].	ਸਾਰਿਆਂ[4] ਦਾ ਉਨ੍ਹਾਂ ਦੇ ਕਰਮਾਂ ਅਨੁਸਾਰ[5] ਫੈਸਲਾ ਕਰ, ਸਾਹਿਬ ਉਨ੍ਹਾਂ ਨੂੰ ਆਪਣੀ ਰਜ਼ਾ[6] ਅੰਦਰ ਟੋਰਦਾ[7] ਹੈ।
ਤੇਰੈ ਹਥਿ[8] ਨਿਬੇੜੁ[9] ਤੂਹੈ ਮਨਿ ਭਾਇਆ[10] ॥	O Lord, perfect justice[9] is in Thine hand[8]. Thou alone art pleasing[10] to my mind.	ਹੇ ਸੁਆਮੀ! ਤੇਰੇ ਹੱਥਾਂ[8] ਵਿਚ ਪੂਰਨ ਨਿਆਇ[9] ਹੈ। ਕੇਵਲ ਤੂੰ ਹੀ ਮੇਰੇ ਚਿਤ ਨੂੰ ਚੰਗਾ ਲਗਦਾ[10] ਹੈਂ!
ਕਾਲੁ[12] ਚਲਾਏ[13] ਬੰਨਿ੍[14] ਕੋਇ ਨ ਰਖਸੀ[15] ॥	Binding[14] man down, death[12] shall drive[13] him on and none shall be able to rescue[15] him.	ਬੰਦੇ ਨੂੰ ਨਰੜ[14], ਮੌਤ[12] ਉਸ ਨੂੰ ਅਗੇ ਧਕ ਦੇਵੇਗੀ[13] ਅਤੇ ਕੋਈ ਭੀ ਉਸ ਨੂੰ ਬਚਾਅ[15] ਨਹੀਂ ਸਕੇਗਾ।
ਜਰੁ[16] ਜਰਵਾਣਾ[17] ਕੰਨਿ੍[18] ਚੜਿਆ[19] ਨਚਸੀ[20] ॥	Mounting[19] the mortal's shoulders[18], the tyrant[17] old-age[16] dances[20] there.	ਪ੍ਰਾਣੀ ਦੇ ਮੋਢਿਆਂ[18] ਤੇ ਚੜ੍ਹ[19] ਕੇ ਜ਼ਾਲਮ[17] ਬੁਢੇਪਾ[16] ਉਥੇ ਨਾਚ ਕਰਦਾ[20] ਹੈ।
ਸਤਿਗੁਰੁ ਬੋਹਿਥੁ[21] ਬੇੜੁ[22] ਸਚਾ[23] ਰਖਸੀ[24] ॥	Embark thou on the ship[21] and fleet[22] of the True Guru and the True Lord[23] shall save[24] thee.	ਤੂੰ ਸੱਚੇ ਗੁਰਾਂ ਦੇ ਜਹਾਜ਼[21] ਅਤੇ ਬੇੜੇ[22] ਤੇ ਚੜ੍ਹ ਜਾ ਅਤੇ ਸੱਚਾ ਸੁਆਮੀ[23] ਤੈਨੂੰ ਬਚਾਅ ਲਵੇਗਾ[24]।
ਅਗਨਿ[25] ਭਖੈ[26] ਭੜੁ[27] ਹਾੜੁ[28] ਅਨਦਿਨੁ[29] ਭਖਸੀ[30] ॥	The fire[25] of desire, which burns[26] like[28] an oven[27], consumes[30] man night and day[29].	ਖ਼ਾਹਿਸ਼ ਦੀ ਅੱਗ[25], ਜਿਹੜੀ ਭੱਠੀ[27] ਦੀ ਮਾਨੰਦ[28] ਮਚਦੀ[26] ਹੈ, ਰਾਤ ਅਤੇ ਦਿਨ[29] ਬੰਦੇ ਨੂੰ ਖਾਈ ਜਾਂਦੀ[30] ਹੈ।

ਫਾਥਾ[31] ਚੁਗੈ[32] ਚੋਗ[33] ਹੁਕਮੀ[34] ਛੁਟਸੀ[35] ॥

The trapped[31] mortal pecks[32] corn[33]. It is through the Lord's will[34] alone, that he can be released[35].

ਫਸਿਆ ਹੋਇਆ[31] ਪ੍ਰਾਣੀ ਦਾਣਾ-ਦੁਣਕਾ[33] ਚੁਗਦਾ[32] ਹੈ। ਕੇਵਲ ਸਾਹਿਬ ਦੀ ਰਜ਼ਾ[34] ਰਾਹੀਂ ਹੀ, ਉਹ ਬੰਦਖ਼ਲਾਸ ਹੋ ਸਕਦਾ[35] ਹੈ।

ਕਰਤਾ[36] ਕਰੇ ਸੁ[37] ਹੋਗੁ[38] ਕੂੜੁ[39] ਨਿਖੁਟਸੀ[40] ॥ ੨੬ ॥

Whatever the Creator[36] does, that[37] alone comes to pass[38] and faleshood[39] ultimately fails[40].

ਜਿਹੜਾ ਕੁਝ ਸਿਰਜਣਹਾਰ[36] ਕਰਦਾ ਹੈ, ਕੇਵਲ ਉਹ[37] ਹੀ ਹੁੰਦਾ[38] ਹੈ ਅਤੇ ਝੂਠ[39] ਓੜਕ ਨੂੰ ਫੇਲ੍ਹ ਹੋ ਜਾਂਦਾ[40] ਹੈ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਘਰ[41] ਮਹਿ[42] ਘਰੁ[43] ਦੇਖਾਇ[44] ਦੇਇ ਸੋ[45] ਸਤਿਗੁਰ[46] ਪੁਰਖੁ[47] ਸੁਜਾਣੁ[48] ॥

He, who shows[44] the Lord's abode[43] within[42] the man's mind home[41]; He[45] alone is the Omnipotent[47] and Ominiscient[48] True Guru[46].

ਜੋ ਪ੍ਰਭੂ ਦੇ ਨਿਵਾਸ ਅਸਥਾਨ[43] ਨੂੰ ਇਨਸਾਨ ਦੇ ਮਨ ਦੇ ਧਾਮ[41] ਅੰਦਰ[42] ਵਿਖਾਲ ਦਿੰਦਾ[44] ਹੈ; ਕੇਵਲ ਉਹ[45] ਹੀ ਸਰਬ-ਸ਼ਕਤੀਵਾਨ[47] ਅਤੇ ਸਰਵਗ[48] ਸਚਾ ਗੁਰੂ[46] ਹੈ।

੧੨੯੧ 1291 ੧੨੯੧

ਪੰਚ[49] ਸਬਦ[50] ਧੁਨਿਕਾਰ[51] ਧੁਨਿ[52] ਤਹ[53] ਬਾਜੈ[54] ਸਬਦੁ[55] ਨੀਸਾਣੁ[56] ॥

The Lord[55] is manifest[56] in the tenth gate, where[53] the celestial strain[52] resounds[54] to the accompaniment of the sound[50] of the five[49] musical instruments[51].

ਦਸਮਦੁਆਰ ਅੰਦਰ ਪ੍ਰਭੂ[55] ਪ੍ਰਗਟ[56] ਹੈ, ਜਿਥੇ[53] ਪੰਜ[49] ਸੰਗੀਤਕ ਸਾਜ਼ਾਂ[51] ਦੀ ਆਵਾਜ਼[50] ਸਹਿਤ, ਬੈਕੁੰਠੀ ਕੀਰਤਨ[52] ਗੂੰਜਦਾ[54] ਹੈ।

ਦੀਪ[57] ਲੋਅ[58] ਪਤਾਲ[59] ਤਹ[60] ਖੰਡ[61] ਮੰਡਲ[62] ਹੈਰਾਨੁ[63] ॥

Struck with wonder[63], one sees all the islands[57], universes[58], underworlds[59], continents[61] and spheres[62] there[60].

ਚਕਿਰਤ[63] ਹੋ, ਇਨਸਾਨ ਸਾਰੇ ਟਾਪੂਆਂ[57], ਆਲਮਾਂ[58], ਪਇਆਲਾਂ[59], ਮਹਾਂਦੀਪਾਂ[61] ਅਤੇ ਗੋਲਾ-ਕਾਰਾਂ[62] ਨੂੰ ਉਥੇ[60] ਵੇਖਦਾ ਹੈ।

ਤਾਰ[64] ਘੋਰ[65] ਬਜਿੰਤ੍ਰ[66] ਤਹ ਸਾਚਿ ਤਖਤਿ[67] ਸੁਲਤਾਨੁ[68] ॥

There one hears the resounding[65] of strings[64] of the musical instruments[66] and sees the True Throne[67] of the sovereign[68] Lord.

ਓਥੇ ਇਨਸਾਨ ਸੰਗੀਤਕ ਸਾਜ਼ਾਂ[66] ਦੀਆਂ ਤੰਦਾਂ[64] ਦੀ ਗੂੰਜ[65] ਸੁਣਦਾ ਹੈ ਅਤੇ ਪ੍ਰਭੂ ਪਾਤਿਸ਼ਾਹ[68] ਦੇ ਸਚੇ ਰਾਜ ਸਿੰਘਾਸਣ[67] ਨੂੰ ਵੇਖਦਾ ਹੈ।

[69]ਸੁਖਮਨ[70] ਕੈ[71] ਘਰਿ[72] ਰਾਗੁ[73] ਸੁਨਿ[74] ਸੁੰਨਿ[75] ਮੰਡਲਿ[76] ਲਿਵ[77] ਲਾਇ ॥

Hear[74] thou the music[73] of the home[72] of[71] mental[70] peace[69] and be attuned[77] to the celestial[76] stillness[75].

ਤੂੰ ਆਤਮਕ[70] ਆਰਾਮ[69] ਦੇ[71] ਗ੍ਰਿਹ[72] ਦਾ ਕੀਰਤਨ[73] ਸ੍ਰਵਣ ਕਰ[74] ਅਤੇ ਬੈਕੁੰਠੀ[76] ਚੁਪ ਚਾਪ[75] ਨਾਲ ਪਿਰਹੜੀ[77] ਪਾ।

ਅਕਥ[78] ਕਥਾ[79] ਬੀਚਾਰੀਐ[80] ਮਨਸਾ[81] ਮਨਹਿ[82] ਸਮਾਇ[83] ॥

Reflecting[80] on the ineffable[78] discourse[79] of God, man's desire[81] is dissolved[83] in the very mind[82].

ਵਾਹਿਗੁਰੂ ਦੀ ਅਕਹਿ[78] ਵਾਰਤਾ[79] ਦਾ ਵੀਚਾਰ ਕਰਨ[80] ਦੁਆਰਾ, ਮਨੁਖ ਦੀ ਖਾਹਿਸ਼[81] ਮਨ[82] ਅੰਦਰ ਹੀ ਮਰ ਮੁਕ ਜਾਂਦੀ[83] ਹੈ।

ਉਲਟਿ[84] ਕਮਲੁ[85] ਅੰਮ੍ਰਿਤਿ[86] ਭਰਿਆ[87] ਇਹੁ ਮਨੁ[90] ਕਤਹੁ[88] ਨ ਜਾਇ[89] ॥	Turning[84] away from the world, the heart lotus[85] is filled[87] with Nectar[86] and this mind[90], then goes[89] not anywhere[88].	ਸੰਸਾਰ ਵਲੋਂ ਮੋੜਾ ਪਾ ਕੇ[84], ਦਿਲ ਕੰਵਲ[85] ਸੁਧਾਰਸ[86] ਨਾਲ ਪਰੀਪੂਰਨ ਹੋ ਜਾਂਦਾ[87] ਹੈ ਅਤੇ ਇਹ ਮਨੂਆ[90] ਫੇਰ ਕਿਧਰੇ[88] ਨਹੀਂ ਜਾਂਦਾ[89] ।
ਅਜਪਾ[91] ਜਾਪੁ[92] ਨ ਵੀਸਰੈ[93] ਆਦਿ ਜੁਗਾਦਿ[94] ਸਮਾਇ[95] ॥	Merging[95] in the Primal Lord[94], man forgets[93] not the mental[91] meditation[92].	ਪਰਾਪੂਰਬਲੇ ਪ੍ਰਭੂ[94] ਅੰਦਰ ਲੀਨ ਹੋਣ[95] ਦੁਆਰਾ, ਮਨੁਖ ਮਾਨਸਕ[91] ਸਿਮਰਨ[92] ਨੂੰ ਨਹੀਂ ਭੁਲਦਾ[93] ।
ਸਭਿ[96] ਸਖੀਆ[97] ਪੰਚੇ[98] ਮਿਲੇ[99] ਗੁਰਮੁਖਿ[100] ਨਿਜ[2] ਘਰਿ[3] ਵਾਸੁ[4] ॥	By the Guru's grace[100], all[96] the organs[97] are blessed with[99] five[98] virtues and man abides[4] in his own[2] home[3].	ਗੁਰਾਂ ਦੀ ਦਇਆ[100] ਦੁਆਰਾ, ਸਮੂਹ[96] ਇੰਦ੍ਰੀਆਂ[97] ਨੂੰ ਪੰਜੇ[98] ਗੁਣ ਪਰਾਪਤ ਹੋ ਜਾਂਦੇ[99] ਹਨ ਅਤੇ ਇਨਸਾਨ ਆਪਣੇ ਨਿਜ[2] ਦੇ ਧਾਮ[3] ਅੰਦਰ ਵਸਦਾ[4] ਹੈ ।
ਸਬਦੁ[5] ਖੋਜਿ[6] ਇਹੁ ਘਰੁ ਲਹੈ[7] ਨਾਨਕੁ ਤਾਕਾ[8] ਦਾਸੁ[9] ॥ ੧ ॥	Nanak is the slave[9] of him[8], who by searching[6] the Lord's Name[5] obtains[7] this Home of his.	ਨਾਨਕ ਉਸ[8] ਦਾ ਗੋਲਾ[9] ਹੈ ਜੋ ਸਾਂਈਂ ਦੇ ਨਾਮ[5] ਦੀ ਤਲਾਸ਼ ਕਰਨ[6] ਦੁਆਰਾ ਆਪਣੇ ਇਸ ਧਾਮ ਨੂੰ ਪਾ ਲੈਂਦਾ[7] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਚਿਲਿਮਿਲਿ[10] ਬਿਸੀਆਰ[12] ਦੁਨੀਆ[13] ਫਾਨੀ[14] ॥	The great[12] effulgence[10] of the world[13] is but a passing[14] show.	ਜਹਾਨ[13] ਦੀ ਘਣੇਰੀ[12] ਚਮਕ ਦਮਕ[10] ਨਿਰਾਪੁਰਾ ਇਕ ਉਡਪੁਡ ਜਾਣ ਵਾਲਾ[14] ਨਜ਼ਾਰਾ ਹੈ ।
ਕਾਲੂਬਿ[15] ਅਕਲ[16] ਮਨ[17] ਗੋਰ[18] ਨ ਮਾਨੀ[19] ॥	My[17] perverted[15] intellect[16] thinks[19] not of grave[18].	ਮੇਰੀ[17] ਪੁੱਠੀ[15] ਮਤ[16] ਕਬਰ[18] ਦਾ ਖ਼ਿਆਲ ਨਹੀਂ ਕਰਦੀ[19] ।
ਮਨ[20] ਕਮੀਨ[21] ਕਮਤਰੀਨ[22] ਤੂ ਦਰੀਆਉ[23] ਖੁਦਾਇਆ[24] ॥	I[20] am but a low[21], humble petitioner[22] and thou, O Lord[24], art a big River[23].	ਮੈਂ[20] ਇਕ ਨੀਚ[21], ਮਸਕੀਨ ਅਰਜ਼ ਕਰਨ ਵਾਲਾ[22] ਹਾਂ ਅਤੇ ਤੂੰ, ਹੇ ਸੁਆਮੀ[24], ਇਕ ਵਡਾ ਦਰਿਆ[23] ਹੈਂ ।
ਏਕੁ ਚੀਜੁ[25] ਮੁਝੈ[26] ਦੇਹਿ[27] ਅਵਰ[28] ਜਹਰ[29] ਚੀਜ ਨ ਭਾਇਆ[30] ॥	Bless[27] me[26] Thou with one thing[25], Thy Name. Another[28] poisonous[29] thing pleases[30] me not.	ਤੂੰ ਮੈਨੂੰ[26] ਇਕ ਵਸਤੂ[25], ਆਪਣਾ ਨਾਮ, ਪਰਦਾਨ ਕਰ[27] । ਹੋਰ[28] ਜ਼ਹਿਰੀਲੀ[29] ਚੀਜ਼ ਮੈਨੂੰ ਚੰਗੀ ਨਹੀਂ ਲਗਦੀ[30] ।
[31]ਪੁਰਾਬ[32] ਖਾਮ[33] ਕੂਜੈ[34] ਹਿਕਮਤਿ[35] ਖੁਦਾਇਆ[36] ॥	By Thine skill[35], Thou, O Lord[36], has filled[31] this fragile[33] body bowl[34] with the life water[32].	ਆਪਣੇ ਹੁਨਰ[35] ਦੁਆਰਾ, ਤੂੰ ਹੇ ਸੁਆਮੀ[36] ! ਸਰੀਰ ਦੇ ਇਸ ਕਚੇ[33] ਕੂੱਜੇ[34] ਨੂੰ ਜਿੰਦਗੀ ਦੇ ਪਾਣੀ[32] ਨਾਲ ਭਰਿਆ[31] ਹੈ ।

ਮਨ[37] ਤੁਆਨਾ[38] ਤੂ ਕੁਦਰਤੀ[39] ਆਇਆ[40] ॥ ਸਗ[41] ਨਾਨਕ ਦੀਬਾਨ[42] ਮਸਤਾਨਾ[43] ਨਿਤ[44] ਚੜੈ ਸਵਾਇਆ[45] ॥ ਆਤਸ[46] ਦੁਨੀਆ[47] ਖੁਨਕ[48] ਨਾਮੁ ਖੁਦਾਇਆ[49] ॥੨॥	Through Thy omnipotence[39], I[37] have become[40] powerful[38]. Nanak is the inebriated[43] dog[41] of the Lord's court[42] and this inebriation of his ever[44] increases[45] day by day. This world[47] is but fire[46] and cool[48] is the Lord's[49] Name.	ਤੇਰੀ ਅਪਾਰ-ਸ਼ਕਤੀ[39] ਰਾਹੀਂ, ਮੈਂ[37] ਤਾਕਤਵਾਲਾ[38] ਹੋ ਗਿਆ[40] ਹਾਂ। ਨਾਨਕ ਪ੍ਰਭੂ ਦੇ ਦਰਬਾਰ[42] ਦਾ ਮਤਵਾਲਾ[43] ਕੁੱਤਾ[41] ਹੈ ਅਤੇ ਉਸ ਦੀ ਇਹ ਖ਼ੁਮਾਰੀ ਸਦੀਵੀ[44] ਹੀ ਰੋਜ਼-ਬ-ਰੋਜ਼ ਵਧਦੀ ਜਾਂਦੀ[45] ਹੈ। ਇਹ ਸੰਸਾਰ[47] ਨਿਰੀਪੁਰੀ ਅੱਗ[46] ਹੈ ਅਤੇ ਠੰਢਾ[48] ਹੈ ਪ੍ਰਭੂ[49] ਦਾ ਨਾਮ।
ਪਉੜੀ ਨਵੀ[50] ਮਹਲਾ ੫ ॥	New[50] Pauri 5th Guru.	ਨਵੀਂ[50] ਪਉੜੀ ਪੰਜਵੀਂ ਪਾਤਿਸ਼ਾਹੀ।
ਸਭੋ[51] ਵਰਤੈ[52] ਚਲਤੁ[53] ਚਲਤੁ ਵਖਾਣਿਆ[54] ॥	The Wondrous Lord[53] is pervading[52] all over[51] and the Wondrous Lord describe[54] I.	ਅਦਭੁਤ ਸੁਆਮੀ[53] ਸਾਰੇ[51] ਹੀ ਵਿਆਪਕ ਹੋ ਰਿਹਾ[52] ਹੈ ਅਤੇ ਅਦਭੁਤ ਸੁਆਮੀ ਨੂੰ ਹੀ ਮੈਂ ਵਰਣਨ ਕਰਦਾ[54] ਹਾਂ।
ਪਾਰਬ੍ਰਹਮੁ[55] ਪਰਮੇਸਰੁ[56] ਗੁਰਮੁਖਿ[57] ਜਾਣਿਆ[58] ॥	By the Guru's grace[57], I have realised[58] the Transcendent Lord[55], the Supreme Master[56].	ਗੁਰਾਂ ਦੀ ਦਇਆ[57] ਦੁਆਰਾ, ਮੈਂ ਪਰਮ ਪ੍ਰਭੂ[55] ਸ਼੍ਰੋਮਣੀ ਸਾਹਿਬ[56] ਨੂੰ ਅਨੁਭਵ ਕਰ ਲਿਆ[58] ਹੈ।
ਲਥੇ[59] ਸਭਿ ਵਿਕਾਰ[60] ਸਬਦਿ[61] ਨੀਸਾਣਿਆ[62] ॥ ਸਾਧੂ ਸੰਗਿ ਉਧਾਰੁ[63] ਭਏ[64] ਨਿਕਾਣਿਆ[65] ॥	Through the manifestation[62] of God[61], all the sins[60] are washed off[59]. Through the saint's society one is emancipated[63] and becomes[64] independent[65].	ਵਾਹਿਗੁਰੂ[61] ਦੇ ਪਰਗਟ[62] ਹੋ ਜਾਣ ਨਾਲ, ਸਾਰੇ ਪਾਪ[60] ਧੋਤੇ ਜਾਂਦੇ[59] ਹਨ। ਸਤਿਸੰਗਤ ਰਾਹੀਂ ਮਨੁਸ਼ ਮੁਕਤ[63] ਅਤੇ ਸੁਤੰਤਰ[65] ਹੋ ਜਾਂਦਾ[64] ਹੈ।
ਸਿਮਰਿ[66] ਸਿਮਰਿ[67] ਦਾਤਾਰੁ[68] ਸਭਿ ਰੰਗ[69] ਮਾਣਿਆ[70] ॥ ਪਰਗਟੁ[71] ਭਇਆ ਸੰਸਾਰਿ[72] ਮਿਹਰ[73] ਛਾਵਾਣਿਆ[74] ॥	Remembering[66] and contemplating[67] my Beneficent Lord[68], enjoy[70] I all the comforts[69]. I have become renowned[71] throughout the whole world[72] and the canopy[74] of the Lord's grace[73] is stretched over me.	ਆਪਣੇ ਸਖੀ ਸਾਂਈ[68] ਦਾ ਆਰਾਧਨ[66] ਅਤੇ ਚਿੰਤਨ ਕਰਨ[67] ਦੁਆਰਾ, ਮੈਂ ਸਾਰੇ ਆਰਾਮ[69] ਭੋਗਦਾ[70] ਹਾਂ। ਮੈਂ ਸਾਰੇ ਜਹਾਨ[72] ਵਿਚ ਪ੍ਰਸਿੱਧ[71] ਹੋ ਗਿਆ ਹਾਂ ਅਤੇ ਸੁਆਮੀ ਦੀ ਰਹਿਮਤ[73] ਦਾ ਸ਼ਾਮਿਆਨਾ[74] ਮੇਰੇ ਉਤੇ ਤਣ ਗਿਆ ਹੈ।
ਆਪੇ[75] ਬਖਸਿ[76] ਮਿਲਾਏ[79] ਸਦ[77] ਕੁਰਬਾਣਿਆ[78] ॥	I am ever[77] a sacrifice[78] unto the Lord, who has foregiven[76] and united[79] me with Himself[75].	ਮੈਂ ਸਦੀਵ[77] ਹੀ ਸੁਆਮੀ ਉਤੋਂ ਬਲਿਹਾਰਨੇ ਜਾਂਦਾ[78] ਹਾਂ ਜਿਸ ਨੇ ਮੁਆਫ਼ੀ[76] ਦੇ ਕੇ ਮੈਨੂੰ ਆਪਣੇ[75] ਨਾਲ ਮਿਲਾ ਲਿਆ[79] ਹੈ।
ਨਾਨਕ ਲਏ ਮਿਲਾਇ[80] ਖਸਮੈ[81] ਭਾਣਿਆ[82] ॥੨੭॥	Nanak, in His will[82], the Lord[81] has blended[80] me with Himself.	ਨਾਨਕ, ਆਪਣੀ ਰਜ਼ਾ[82] ਅੰਦਰ ਪ੍ਰਭੂ[81] ਨੇ ਮੈਨੂੰ ਆਪਣੇ ਨਾਲ ਅਭੇਦ ਕਰ ਲਿਆ[80] ਹੈ।

ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਧੰਨੁ[83] ਸੁ[84] ਕਾਗਦੁ[85] ਕਲਮ[86] ਧੰਨੁ ਧਨੁ ਭਾਂਡਾ[87] ਧਨੁ ਮਸੁ[88] ॥	Blest[83] is the[84] paper[85], blest the pen[86], blest the inkpot[87] and blest the ink[88].	ਮੁਬਾਰਕ[83] ਹੈ ਉਹ[84] ਕਾਗਜ਼[85], ਮੁਬਾਰਕ ਲੇਖਣੀ[86], ਮੁਬਾਰਕ ਦਵਾਤ[87] ਅਤੇ ਮੁਬਾਰਕ ਸਿਆਹੀ[88] ।
ਧਨੁ ਲੇਖਾਰੀ[89] ਨਾਨਕਾ ਜਿਨ ਨਾਮੁ ਲਿਖਾਇਆ ਸਚੁ ॥੧॥	O Nanak, blest is the writer[89], who writes the True Name.	ਹੇ ਨਾਨਕ ! ਮੁਬਾਰਕ ਹੈ ਉਹ ਲਿਖਣ ਵਾਲਾ[89] ਜੋ ਸੱਚੇ ਨਾਮ ਨੂੰ ਲਿਖਦਾ ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਆਪੇ ਪਟੀ[90] ਕਲਮ ਆਪਿ ਉਪਰਿ[91] ਲੇਖੁ[92] ਭਿ[93] ਤੂੰ ॥	Thou, of Thyself art the tablet[90], O Lord, of Thyself the pen and Thou art also[93] the writing[92] thereon[91].	ਤੂੰ ਖ਼ੁਦ ਤਖ਼ਤੀ[90] ਹੈਂ, ਹੇ ਸੁਆਮੀ ! ਖ਼ੁਦ ਹੀ ਲੇਖਣੀ ਅਤੇ ਉਸ ਉਤੇ[91] ਲਿਖਤ[92] ਭੀ[93] ਤੂੰ ਹੀ ਹੈਂ ।
ਏਕੋ ਕਹੀਐ[94] ਨਾਨਕਾ ਦੂਜਾ[95] ਕਾਹੇ[96] ਕੂ ॥੨॥	Speak[94] thou of the One Lord, O Nanak. Why[96] should there be a second[95] ?	ਤੂੰ ਇਕ ਸੁਆਮੀ ਦਾ ਹੀ ਵਰਣਨ ਕਰ[94], ਹੇ ਨਾਨਕ ! ਦੂਸਰਾ[95] ਕੋਈ ਹੋਵੇ ਹੀ ਕਿਉਂ[96] ?
ਪਉੜੀ ॥	Pauri.	ਪਉੜੀ ।
ਤੂੰ ਆਪੇ ਆਪਿ ਵਰਤਦਾ[97] ਆਪਿ ਬਣਤ[98] ਬਣਾਈ[99]॥	Thou, of Thyself, art pervading[97] all over, O Lord and Thou Thyself hast made[99] the make[98].	ਤੂੰ ਖ਼ੁਦ ਸਾਰੇ ਹੀ ਵਿਆਪਕ ਹੋ ਰਿਹਾ[97] ਹੈਂ, ਹੇ ਸੁਆਮੀ ! ਅਤੇ ਤੂੰ ਖ਼ੁਦ ਹੀ ਘਾੜਤ[98] ਘੜੀ[99] ਹੈ ।
ਤੁਧੁ ਬਿਨੁ ਦੂਜਾ[100] ਕੋ ਨਹੀ ਤੂ ਰਹਿਆ ਸਮਾਈ[2] ॥	Without Thee, There is not another second[100]. Thou art contained[2] amongst all.	ਤੇਰੇ ਬਗੈਰ, ਹੋਰ ਦੂਸਰਾ[100] ਕੋਈ ਨਹੀਂ । ਤੂੰ ਹੀ ਸਾਰਿਆਂ ਅੰਦਰ ਰਮ ਰਿਹਾ[2] ਹੈਂ ।
ਤੇਰੀ ਗਤਿ[3] ਮਿਤਿ[4] ਤੂਹੈ ਜਾਣਦਾ ਤੁਧੁ ਕੀਮਤਿ[5] ਪਾਈ[6] ॥	Thou alone knowest Thy state[3] and extent[4] and Thou alone can appraise[6] Thy worth[5].	ਕੇਵਲ ਤੂੰ ਹੀ ਆਪਣੀ ਅਵਸਥਾ[3] ਅਤੇ ਵਿਸਥਾਰ[4] ਨੂੰ ਜਾਣਦਾ ਹੈਂ ਅਤੇ ਕੇਵਲ ਤੂੰ ਹੀ ਆਪਣਾ ਮੁੱਲ[5] ਪਾ[6] ਸਕਦਾ ਹੈਂ ।
ਤੂ ਅਲਖ[7] ਅਗੋਚਰੁ[8] ਅਗਮੁ[9] ਹੈ ਗੁਰਮਤਿ[10] ਦਿਖਾਈ[12] ॥	Thou art Unperceivable[7], Unapprehensible[8] and Unapproachable[9] and art discerned[12] through the Guru's instruction[10].	ਤੂੰ ਅਦ੍ਰਿਸ਼ਟ[7], ਅਗਾਧ[8] ਅਤੇ ਪਹੁੰਚ ਤੋਂ ਪਰੇ[9] ਹੈਂ ਅਤੇ ਗੁਰਾਂ ਦੇ ਉਪਦੇਸ਼[10] ਰਾਹੀਂ ਦਿੱਸਦਾ[12] ਹੈਂ ।
ਅੰਤਰਿ[13] ਅਗਿਆਨੁ[14] ਦੁਖੁ[18] ਭਰਮੁ[15] ਹੈ ਗੁਰ ਗਿਆਨਿ[16] ਗਵਾਈ[17] ॥	Within[13] one is ignorance[14], pain[18] and doubt[15]. It is through the Guru-given gnosis[16] that one is rid of[17] these.	ਇਨਸਾਨ ਦੇ ਅੰਦਰ[13] ਬੇਸਮਝੀ[14] ਪੀੜ[18] ਅਤੇ ਸੰਦੇਹ[15] ਹਨ । ਗੁਰਾਂ ਦੀ ਦਿਤੀ ਹੋਈ ਬ੍ਰਹਮ ਗਿਆਤ[16] ਰਾਹੀਂ, ਇਨਸਾਨ ਇਨ੍ਹਾਂ ਤੋਂ ਖ਼ਲਾਸੀ ਪਾ ਜਾਂਦਾ[17] ਹੈ ।

ਜਿਸੁ ਕ੍ਰਿਪਾ[19] ਕਰਹਿ[20] ਤਿਸੁ[24] ਮੇਲਿ[21] ਲੈਹਿ ਸੁ[22] ਨਾਮੁ ਧਿਆਈ[23] ॥	He, to whom Thou showest[20] mercy[19]; he[22] alone contemplates[23] Thy Name and him[24] Thou, O Lord, unitest[21] with Thyself.	ਜਿਸ ਤੇ ਤੂੰ ਮਿਹਰ[19] ਧਾਰਦਾ[20] ਹੈਂ ਕੇਵਲ ਉਹ[22] ਹੀ ਤੇਰੇ ਨਾਮ ਦਾ ਆਰਾਧਨ ਕਰਦਾ[23] ਹੈ ਅਤੇ ਉਸ ਨੂੰ[24] ਤੂੰ ਹੇ ਸੁਆਮੀ ! ਆਪਣੇ ਨਾਲ ਮਿਲਾ ਲੈਂਦਾ[21] ਹੈਂ ।
ਤੂ ਕਰਤਾ[25] ਪੁਰਖੁ[26] ਅਗੰਮੁ[27] ਹੈ ਰਵਿਆ[28] ਸਭ ਠਾਈ[29] ॥	O my Creator[25]-Lord[26], Thou art Unfathomable[27] and art pervading[28] all places[29].	ਹੇ ਮੇਰੇ ਸਿਰਜਣਹਾਰ[25] ਸੁਆਮੀ[26] ਤੂੰ ਬੇਥਾਹ[27] ਹੈਂ ਅਤੇ ਸਾਰੀਆਂ ਥਾਵਾਂ[29] ਅੰਦਰ ਵਿਆਪਕ[28] ਹੋ ਰਿਹਾ ਹੈਂ ।
ਜਿਤੁ[30] ਤੂ ਲਾਇਹਿ[31] ਸਚਿਆ[32] ਤਿਤੁ[33] ਕੋ ਲਗੈ ਨਾਨਕ ਗੁਣ[34] ਗਾਈ[35] ॥੨੮॥੧॥ਸੁਧੁ॥	To whatsoever[30] Thou yokest[31] a man, O True[32] Lord, to that[33] he is yoked. Nanak sings[35] Thine praises[34].	ਜਿਸ ਕਿਸੇ[30] ਨਾਲ ਤੂੰ ਇਨਸਾਨ ਨੂੰ ਜੋੜਦਾ[31] ਹੈਂ, ਹੇ ਸੱਚੇ ਸੁਆਮੀ[32] ! ਉਸੇ[33] ਨਾਲ ਹੀ ਉਹ ਜੁੜ ਜਾਂਦਾ ਹੈ । ਨਾਨਕ ਤੇਰੀਆਂ ਸਿਫ਼ਤ ਸ਼ਲਾਘਾ[34] ਗਾਇਨ ਕਰਦਾ[35] ਹੈ ।
੧੨੯੨ ਰਾਗੁ ਮਲਾਰ ਬਾਣੀ[36] ਭਗਤ[37] ਨਾਮਦੇਵ ਜੀਉ[38] ਕੀ	**1292** Rag Malar Hymns[36] of reverend[38] Saint[37] Nam Dev	**੧੨੯੨** ਰਾਗੁ ਮਲਾਰ ਸ਼ਬਦ[36] ਪੂਜਯ[38] ਸੰਤ[37] ਨਾਮ ਦੇਵ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਸੇਵੀਲੇ[39] ਗੋਪਾਲ[40] ਰਾਇ[41] ਅਕੁਲ[42] ਨਿਰੰਜਨ[43] ॥	Serve[39] thou thy Lord[40], thy king[41], who is unlineal[42] and immaculate[43].	ਤੂੰ ਆਪਣੇ ਪ੍ਰਭੂ[40] ਪਾਤਿਸ਼ਾਹ[41] ਦੀ ਸੇਵਾ ਕਰ[39], ਜੋ ਕੁਲ-ਰਹਿਤ[42] ਅਤੇ ਪਾਵਨ ਪਵਿੱਤਰ[43] ਹੈ ।
ਭਗਤਿ[44] ਦਾਨੁ[45] ਦੀਜੈ[46] ਜਾਚਹਿ[47] ਸੰਤ ਜਨ[48] ॥੧॥ ਰਹਾਉ ॥	Bless[46] Thou me with the gift[45] of Thy meditation[44] for which the saintly persons[48] beg[47] Thee, O Lord. Pause.	ਤੂੰ ਮੈਨੂੰ ਆਪਣੇ ਸਿਮਰਨ[44] ਦੀ ਦਾਤ[45] ਪਰਦਾਨ[46] ਕਰ, ਜਿਸ ਦੀ ਸਾਧੂ ਪੁਰਸ਼[48] ਤੇਰੇ ਕੋਲੋਂ ਯਾਚਨਾ ਕਰਦੇ[47] ਹਨ, ਹੇ ਸੁਆਮੀ ! ਠਹਿਰਾਉ ।
ਜਾਂਚੈ[49] ਘਰਿ[60] ਦਿਗ[50] ਦਿਸੈ[51] ਸਰਾਇਚਾ[52] ਬੈਕੁੰਠ[53] ਭਵਨ[54] ਚਿਤ੍ਰਸਾਲਾ[55] ਸਪਤ[56] ਲੋਕ[57] ਸਾਮਾਨਿ[58] ਪੂਰੀਅਲੇ[59] ॥	Such is the Lord in whose[49] home[60] is seen[51] the pavilion[57] made of all the directions[50], who has ornamental[55] celestial[53] mansion[54] and who is fully filling[59] the seven[56] worlds[57] alike[58].	ਐਹੋ ਜੇਹਾ ਹੈ ਸੁਆਮੀ, ਜਿਸ[49] ਦੇ ਗ੍ਰਿਹਿ[60] ਵਿਚ ਸਾਰੀਆਂ ਤਰਫ਼ਾਂ[50] ਦਾ ਬਣਿਆ ਹੋਇਆ ਤੰਬੂ[52] ਦਿਸਦਾ[51] ਹੈ, ਜਿਸ ਦਾ ਚਿਤ੍ਰਕਾਰੀ[55] ਕੀਤਾ ਹੋਇਆ ਸਵਰਗੀ[53] ਮੰਦਰ[54] ਹੈ ਅਤੇ ਜੋ ਸੱਤਾਂ[56] ਹੀ ਸੰਸਾਰਾਂ[57] ਨੂੰ ਇਕ ਸਾਰ[58] ਪਰੀਪੂਰਨ[59] ਕਰ ਰਿਹਾ ਹੈ ।

ਜਾਂਚੈ ਘਰਿ ਲਛਿਮੀ[61] ਕੁਆਰੀ[62] ॥	In whose home abides the virgin[62] goddess of wealth[61].	ਜਿਸ ਦੇ ਧਾਮ ਅੰਦਰ ਅਣਵਿਆਹੀ[62] ਦੌਲਤ ਦੀ ਦੇਵੀ[61] ਵਸਦੀ ਹੈ।
ਚੰਦੁ[65] ਸੂਰਜੁ[63] ਦੁਇ[66] ਦੀਵੜੇ[64] ਕਉਤਕੁ[67] ਕਾਲੁ[68]ਬਪੁੜਾ[69]ਕੋਟਵਾਲੁ[70] ਸੁ ਕਰਾ[72] ਸਿਰੀ[73] ॥	The moon[65] and the sun[63] are His two[66] lamps[64]. The poor[69] death[68], which exhibits wondrous plays[67] and which levies tax[72] on all[73], is His police-official[70].	ਚੰਦਰਮਾ[65] ਅਤੇ ਆਫ਼ਤਾਬ[63] ਉਸ ਦੇ ਦੋ[66]ਦੀਵੇ[64] ਹਨ। ਗ਼ਰੀਬ[69] ਮੌਤ[68], ਜਿਹੜੀ ਅਸਚਰਜ ਖੇਡਾਂ[67] ਵਿਖਾਲਦੀ ਹੈ ਅਤੇ ਜੋ ਸਾਰਿਆਂ[73] ਨੂੰ ਮਸੂਲ[72] ਲਾਉਂਦੀ ਹੈ, ਉਸ ਦੀ ਪੁਲੀਸ ਅਫ਼ਸਰ[70] ਹੈ।
ਸੁ[74] ਐਸਾ[75] ਰਾਜਾ[76] ਸ੍ਰੀ[77] ਨਰ[78] ਹਰੀ[79] ॥੧॥	Such[75] is that[74] venerable[77] Man[78]-lion[79] Emperor[76].	ਐਹੋ ਜੇਹਾ[75] ਹੈ ਉਹ[74] ਪੂਜਯ[77] [78]ਮਨੁਸ਼-ਸ਼ੇਰ[79] ਸਰੂਪ ਪਾਤਿਸ਼ਾਹ[76]।
ਜਾਂਚੈ ਘਰਿ ਕੁਲਾਲ[80] ਬ੍ਰਹਮਾ ਚਤੁਰ[81] ਮੁਖੁ[82] ਡਾਂਵੜਾ[83] ਜਿਨਿ ਬਿਸੁ[84] ਸੰਸਾਰੁ[85] ਰਾਚੀਲੇ[86] ॥	In whose mansion is the four[81]-faced[82] Brahma, the fashioning[83] potter[80], who hast created[86] the whole[84] world[85].	ਜਿਸ ਦੇ ਮੰਦਰ ਵਿਚ ਹੈ ਘਾੜਤ ਘੜਨ ਵਾਲਾ[83] ਘੁਮਾਰ[80], [81]ਚਾਰ-ਮੂੰਹਾਂ ਵਾਲਾ[82] ਬ੍ਰਹਮਾ, ਜਿਸਨੇ ਸਾਰਾ[84] ਜਹਾਨ[85] ਰਚਿਆ[86] ਹੈ।
ਜਾਂਕੈ[87] ਘਰਿ ਈਸਰੁ[88] ਬਾਵਲਾ[89] ਜਗਤ[90] ਗੁਰੂ[91] ਤਤ ਸਾਰਖਾ[92] ਗਿਆਨੁ[93] ਭਾਖੀਲੇ[94] ॥	In whose[87] home is the crazy[89] Shiva[88], the world[90]-teacher[91], who utters[94] the true[92] Divine knowledge[93]	ਜਿਸ[87] ਦੇ ਧਾਮ ਵਿਚ ਬੌਰਾ[89] ਮਹਾਂਦੇਵ[88], ਸੰਸਾਰ[90] ਦਾ ਮੁਰਸ਼ਿਦ[91], ਜੋ ਸੱਚਾ[92] ਬ੍ਰਹਮ ਵੀਚਾਰ[93] ਉਚਾਰਨ ਕਰਦਾ[94] ਹੈ।
ਪਾਪੁ[95] ਪੁੰਨੁ[96] ਜਾਂਚੈ ਡਾਂਗੀਆ[97] ਦੁਆਰੈ[98] ਚਿਤ੍ਰ ਗੁਪਤੁ ਲੇਖੀਆ[99] ॥	At whose gate[98] evil[95] and good[96] are mace-bearers[97] and Chitar and Gupat, the scribes[99].	ਜਿਸ ਦੇ ਬੂਹੇ[98] ਉਤੇ ਬਦੀ[95] ਅਤੇ ਨੇਕੀ[96] ਚੋਬਦਾਰ[97] ਹਨ ਅਤੇ ਚਿਤਰ ਤੇ ਗੁਪਤ, ਲਿਖਾਰੀ[99]।
ਧਰਮ ਰਾਇ[100] ਪਰੁਲੀ[2] ਪ੍ਰਤਿਹਾਰੁ[3] ॥	The Righteous Judge[100], the Lord of deluge[2], is His door-man[3].	ਪਰਲੋਕ ਦਾ ਸੁਆਮੀ[2], ਧਰਮਰਾਜਾ[100] ਉਸ ਦਾ ਦੁਆਰਪਾਲ[3] ਹੈ।
ਸੋ ਐਸਾ ਰਾਜਾ[4] ਸ੍ਰੀ[5] [6]ਗੋਪਾਲੁ[7] ॥ ੨ ॥	Such a sovereign[4] is that Reverend[5] Cherisher[7] of the world[6].	ਐਹੋ ਜੇਹਾ ਸੁਲਤਾਨ[4] ਹੈ ਉਹ ਪੂਜਨੀਕ[5] ਜਗਤ[6] ਦੀ ਪਾਲਣਾ-ਪੋਸਣਾ ਕਰਨਹਾਰ[7]।
ਜਾਂਚੈ ਘਰਿ ਗਣ[8] ਗੰਧਰਬ[9] ਰਿਖੀ[10] ਬਪੁੜੇ[12] ਢਾਢੀਆ[13] ਗਾਵੰਤ[14] ਆਛੈ[15] ॥	Within whose Home are the heavenly heralds[8], celestial singers[9], the sages[10], and the poor[12] ministrels[13], who sing[14] sweetly[15].	ਜਿਸ ਦੇ ਗ੍ਰਿਹ ਅੰਦਰ ਹਨ ਇਲਾਹੀ ਏਲਚੀ[8], ਸਵਰਗੀ ਗਵੱਈਏ[9], ਰਿਸ਼ੀ[10] ਅਤੇ ਗ਼ਰੀਬ[12] ਕੀਰਤਨੀਏ[13], ਜੋ ਮਿਠਾਸ[15] ਨਾਲ ਗਾਉਂਦੇ[14] ਹਨ।

ਸਰਬ[16] ਸਾਸਤ੍ਰ ਬਹੁ ਰੂਪੀਆ[17] ਅਨਗਰੂਆ[18] ਆਖਾੜਾ[19] ਮੰਡਲੀਕ[20] ਬੋਲ[21] ਬੋਲਹਿ[22] ਕਾਛੇ[23] ॥	All[16] the Shastras are His actors[17]; stupendous[18] is His arena[19]. The sovereigns[20] utter[22] beauteous[23] songs[21] in his praise.	ਸਾਰੇ[16] ਸ਼ਾਸਤਰ ਉਸ ਦੇ ਨਟ[17] ਹਨ, ਬਹੁਤ ਵੱਡਾ[18] ਹੈ ਉਸ ਦਾ ਅਖਾੜਾ[19] ! ਮਹਾਰਾਜੇ[20] ਉਸ ਦੀ ਮਹਿਮਾ ਅੰਦਰ ਸੁੰਦਰ[23] ਗੀਤ[21] ਉਚਾਰਨ ਕਰਦੇ[22] ਹਨ ।
ਚਉਰ[24] ਢੂਲ[25] ਜਾਂਚੈ[26] ਹੈ ਪਵਣੁ[27] ॥ ਚੇਰੀ[28] ਸਕਤਿ[29] ਜੀਤਿ[30] ਲੇ ਭਵਣੁ[31] ॥	Such is the Lord, wind[27] is whose[26] waving[25] fly-brush[24], whose hand-maiden[28] is mammon[29], who has vanquished[30] the world[31].	ਐਸਾ ਹੈ ਸੁਆਮੀ, ਹਵਾ[27] ਜਿਸ[26] ਦੀ ਝੁਲਾਉਣ[25] ਵਾਲੀ ਚਉਰੀ[24], ਜਿਸ ਦੀ ਨੌਕਰਾਣੀ[28] ਹੈ ਮਾਇਆ[29], ਜਿਸਨੇ ਸੰਸਾਰ[31] ਨੂੰ ਜਿੱਤ ਲਿਆ[30] ਹੈ ।
ਅੰਡ[32] ਟੂਕ[33] ਜਾਚੈ ਭਸਮਤੀ[34] ॥	(The mortal world) or (half[33] an egg[32]) is whose fire place[34].	(ਮਾਤ ਲੋਕ) ਜਾਂ (ਅੱਧਾ[33] ਆਂਡਾ[32]) ਹੈ ਜਿਸ ਦਾ ਚੁਲ੍ਹਾ[34] ।
ਸੁ[35] ਐਸਾ[36] ਰਾਜਾ[37] [38]ਤ੍ਰਿਭਵਣ[39] ਪਤੀ[40] ॥ ੩ ॥	Such[36] is that[35] Sovereign[37] the Lord[40] of the three[38] worlds[39].	ਐਹੋ ਜੇਹਾ[36] ਹੈ,ਉਹ[35] ਤਿੰਨਾਂ[38] ਜਹਾਨਾਂ[39] ਦਾ ਸੁਆਮੀ[40] ਸੁਲਤਾਨ[37] ।
ਜਾਚੈ ਘਰਿ ਕੁਰਮਾ[41] ਪਾਲੁ[42] ਸਹਸ੍ਰ[43] ਫਨੀ[44] ਬਾਸਕੁ[45] ਸੇਜ ਵਾਲੂਆ[46] ॥	In whose home is the bed-stead[42] of the tortoise[41] and the couch-cord[46] of the thousand[43] headed[44] serpent[45].	ਜਿਸ ਦੇ ਧਾਮ ਵਿਚ ਕਛੂਕੂਮੇ[41] ਦਾ ਪਲੰਘ[42] ਹੈ ਅਤੇ ਹਜ਼ਾਰ[43] ਫਣਾਂ[44] ਵਾਲੇ ਸ਼ੇਸ਼ ਨਾਗ[45] ਦਾ ਛੇਜ-ਬੰਦ[46] ।
ਅਠਾਰਹ[47] ਭਾਰ[48] ਬਨਾਸਪਤੀ[49] ਮਾਲਣੀ[50] ਛਿਨਵੈ[51] ਕਰੋੜੀ[52] [53]ਮੇਘਮਾਲਾ[54] ਪਾਣੀ[55]-ਹਾਰੀਆ ॥	Whose flower-girl[50] is the eighteen[47] loads[48] of vegetation[49] and water-carriers[55] are the ninetysix[51] millions[52] of clouds[53] ranges[54].	ਜਿਸ ਦੀ ਮਾਲਣ[50] ਹੈ ਅਠਾਰਾਂ[47] ਬੋਝ[48] ਨਬਾਤਾਤ[49] ਦੇ ਅਤੇ ਜਿਸ ਦਾ ਪਾਣੀ ਲਿਆਉਣ ਵਾਲੀਆਂ[55] ਹਨ ਛਿਆਨਵੇ[51] ਕ੍ਰੋੜਾਂ[52] ਬੱਦਲਾਂ[53] ਦੀਆਂ ਕਤਾਰਾਂ[54] ।
ਨਖ[56] ਪ੍ਰਸੇਵ[57] ਜਾਚੈ[58] ਸੁਰਸਰੀ[59] ॥	The perspirations[57] of whose[58] nails[56] is the Ganges[59].	ਜਿਸ[58] ਦੇ ਨੌਂਹਾਂ[56] ਦਾ ਮੁੜ੍ਹਕਾ[57] ਗੰਗਾ[59] ਹੈ ।
ਸਪਤ[60] ਸਮੁੰਦ[61] ਜਾਚੈ ਘੜਥਲੀ[62] ॥	The seven[60] oceans[61] are whose pitcher-stands[62].	ਸਤ[60] ਸਮੁੰਦਰ[61] ਜਿਸ ਦੀਆਂ ਘੜਵੰਜੀਆਂ[62] ਹਨ ।
ਏਤੇ[63] ਜੀਅ[64] ਜਾਂਚੈ ਵਰਤਣੀ[65] ॥	So many[63] creatures[64] are whose vessels[65].	ਐਨੇ[63] ਜੀਵ-ਜੰਤੂ[64] ਜਿਸ ਦੇ ਹਨ ਬਰਤਨ[65] ।
ਸੁ ਐਸਾ ਰਾਜਾ ਤ੍ਰਿਭਵਣ ਧਣੀ[66] ॥ ੪॥	Such is He, the Monarch, the Master[66] of the three worlds.	ਐਹੋ ਜੇਹਾ ਹੈ ਉਹ, ਤਿੰਨਾਂ ਜਹਾਨਾਂ ਦਾ ਮਾਲਕ,[66] ਪਾਤਿਸ਼ਾਹ ।

ਜਾਂਚੈ ਘਰਿ ਨਿਕਟਵਰਤੀ[67] ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ[68] ਬੁਧ[69] ਗਣ[70] ਗੰਧਰਬ[71] ਬਾਨਵੈ[72] ਹੇਲਾ[73] ॥	In whose Home are Arjan, Dhru, Prahlad, Ambrik, Narad, Neja, adepts[68], Budhas[69], heavenly-heralds[70] and ninetytwo[72], celestial singers[71], as aids-de-camps[67], who perform wondrous plays[73].	ਜਿਸ ਦੇ ਧਾਮ ਵਿਚ ਅਰਜਨ, ਧ੍ਰੂ, ਪ੍ਰਹਿਲਾਦ, ਅੰਬਰੀਕ, ਨਾਰਦ, ਨੇਜਾ, ਪੂਰਨ ਪੁਰਸ਼,[68] ਗੋਤਮੇ[69] ਇਲ'ਹੀ ਏਲਚੀ[70] ਤੇ ਬਾਨਵੇ[72] ਸਵਰਗੀ ਗਵੱਈਏ[71], ਬਤੌਰ ਮੁਸਾਹਿਬ[67] ਹਨ, ਜੋ ਅਸਚਰਜ ਕੌਤਕ[73] ਕਰਦੇ ਹਨ।
ਏਤੇ[74] ਜੀਅ[77] ਜਾਂਚੈ[78] ਹਹਿ[75] ਘਰੀ[76] ॥	In whose[78] mansion[76], there are[75] creatures[77] of so many[74] kinds.	ਜਿਸ[78] ਦੇ ਮੰਦਰ[76] ਅੰਦਰ, ਐਨੀਆਂ[74] ਕਿਸਮਾਂ ਦੇ ਜੀਵ-ਜੰਤੂ[77] ਹਨ[75]।
ਸਰਬ[79] ਬਿਆਪਿਕ[80] ਅੰਤਰ[81] ਹਰੀ[82] ॥	Within[81] all[79] the beings is diffused[80] my Lord[82].	ਸਾਰਿਆਂ[79] ਜੀਵਾਂ ਦੇ ਅੰਦਰ[81] ਮੇਰਾ ਮਾਲਕ[82] ਰਮ ਰਿਹਾ[80] ਹੈ।
ਪ੍ਰਣਵੈ[83] ਨਾਮਦੇਉ ਤਾਂਚੀ[84] ਆਣਿ[85] ॥ ਸਗਲ ਭਗਤ[86] ਜਾਚੈ[87] ਨੀਸਾਣਿ[88] ॥ ੫ ॥ ੧ ॥	Supplicates[83] Namdev, seek thou, O man, the protection[85] of Him[84], whose[87] manifestation[88] are all his saints[86].	ਨਾਮ ਦੇਵ ਜੀ ਬੇਨਤੀ ਕਰਦੇ[83] ਹਨ, ਹੇ ਬੰਦੇ ! ਤੂੰ ਉਸ ਦੀ[84] ਪਨਾਹ[85] ਲੈ, ਜਿਸ[87] ਦਾ ਜ਼ਹੂਰ ਹਨ[88], ਉਸ ਦੇ ਸਾਰੇ ਸੰਤ[86]।
ਮਲਾਰ	Malar	ਮਲਾਰ
ਮੋਕਉ[89] ਤੂੰ ਨ ਬਿਸਾਰਿ[90] ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ[91] ॥ ੧ ॥ ਰਹਾਉ ॥	Forget[90] Thou me[89] not, forget Thou me not. Forget Thou me not, O my Pervading God[91]. Pause.	ਤੂੰ ਮੈਨੂੰ[89] ਨਾ ਭੁਲਾ[90], ਤੂੰ ਮੈਨੂੰ ਨਾ ਭੁਲਾ। ਤੂੰ ਮੈਨੂੰ ਨਾ ਭੁਲਾ, ਮੇਰੇ ਹੇ ਵਿਆਪਕ ਵਾਹਿਗੁਰੂ[91] ! ਠਹਿਰਾਉ।
ਆਲਾਵੰਤੀ[92] ਇਹੁ ਭ੍ਰਮੁ[93] ਜੋ ਹੈ ਮੁਝ ਊਪਰਿ[94] ਸਭ ਕੋਪਿਲਾ[95] ॥	The temple-priests[92] have this doubt[93], that every one is furious[95] at me[94].	ਮੰਦਰ ਦੇ ਪੁਜਾਰੀਆਂ[92] ਨੂੰ ਇਹ ਸੰਦੇਹ[93] ਹੈ, ਕਿ ਹਰ ਕੋਈ ਮੇਰੇ ਉਤੇ[94] ਲੋਹਾ ਲਾਖਾ[95] ਹੈ।
ਸੂਦੁ[96] ਸੂਦੁ ਕਰਿ[97] ਮਾਰਿ[98] ਉਠਾਇਓ[98]* ਕਹਾ[99] ਕਰਉ ਬਾਪ ਬੀਠੁਲਾ[100] ॥ ੧ ॥	Calling[97] me 'a menial[96]', 'a menial', they beat[98] me and turned[98]* me out. What[99] should I do now O my Beloved[100] Father?	'ਕਮੀਣ[96]', 'ਕਮੀਣ' ਆਖ[97] ਉਨ੍ਹਾਂ ਨੇ ਮਾਰ ਕੁਟ ਕੇ[98] ਮੈਨੂੰ ਬਾਹਰ ਕਢ ਦਿੱਤਾ[98]*। ਮੈਂ ਹੁਣ ਕੀ[99] ਕਰਾਂ, ਹੇ ਮੇਰੇ ਪਿਆਰੇ[100] ਪਿਤਾ !
ਮੂਏ ਹੂਏ ਜਉ ਮੁਕਤਿ[2] ਦੇਹੁਗੇ ਮੁਕਤਿ ਨ ਜਾਨੈ[3] ਕੋਇਲਾ ॥	If Thou shalt emancipate[2] me after death, no one shall be aware[3] of this emancipation.	ਜੇਕਰ ਤੂੰ ਮੇਰੇ ਮਰੇ ਹੋਏ ਦੀ ਕਲਿਆਣ[2] ਕਰੇਂਗਾ, ਕਿਸੇ ਨੂੰ ਭੀ ਇਸ ਕਲਿਆਣ ਦਾ ਪਤਾ[3] ਨਹੀਂ ਲਗਣਾ।
ਏ ਪੰਡੀਆ ਮੋਕਉ ਢੇਢ[4]	These Brahman call me low-born[4],	ਇਹ ਬ੍ਰਾਹਮਣ ਮੈਨੂੰ ਨੀਚ-ਘਰਾਣੇ[4] ਦਾ ਆਖਦੇ ਹਨ, ਇਸ

ਕਹਤ ਤੇਰੀ ਪੈਜ[5] ਪਿਛਉਡੀ[6] ਹੋਇਲਾ ॥੨॥	this-wise Thy honour[5], O Lord, shall be stigmatised[6].	ਤਰ੍ਹਾਂ ਤੇਰੀ ਇਜ਼ਤ[5] ਨੂੰ ਹੇ ਸਾਂਈਂ ! ਦਾਗ਼ ਲੱਗੇਗਾ[6] ।
ਤੂ ਜੁ ਦਇਆਲੁ[7] ਕ੍ਰਿਪਾਲੁ[8] ਕਹੀਅਤੁ[9] ਹੈਂ ਅਤਿ[10] ਭੁਜ[12] ਭਇਓ[13] ਅਪਾਰਲਾ[14] ॥	Thou art called[9] merciful[7] and compassionate[8] and exceedingly[10] unrivalled[14] is[13] Thy arm[12].	ਤੂੰ ਦਇਆਵਾਨ[7] ਅਤੇ ਮਿਹਰਬਾਨ[8] ਆਖਿਆ ਜਾਂਦਾ[9] ਹੈਂ ਅਤੇ ਪਰਮ[10] ਲਾਸਾਨੀ[14] ਹੈ[13] ਤੇਰੀ ਬਾਂਹ[12] ।
ਫੇਰਿ[15] ਦੀਆ ਦੇਹੁਰਾ[16] ਨਾਮੇ ਕਉ ਪੰਡੀਅਨ[17] ਕਉ ਪਿਛਵਾਰਲਾ[18] ॥ ੩ ॥ ੨ ॥	The Lord turned round[15] the front of the temple[16] towards Nama and its back[18] towards the Brahmans[17].	ਸੁਆਮੀ ਨੇ ਮੋੜ ਕੇ[15] ਮੰਦਰ[16] ਦਾ ਮੂਹਰਲਾ ਪਾਸਾ ਨਾਮੇ ਵਲ ਕਰ ਦਿੱਤਾ ਅਤੇ ਪਿਛਲਾ ਪਾਸਾ[18] ਬ੍ਰਾਹਮਣਾਂ[17] ਵਲ ।
੧੨੯੩ **ਮਲਾਰ ਬਾਣੀ** **ਭਗਤ ਰਵਿਦਾਸ ਜੀ ਕੀ**	**1293** **Malar Hymns of** **Sire Saint Ravidass**	**੧੨੯੩** **ਮਲਾਰ ਸ਼ਬਦ** **ਮਹਾਰਾਜ ਸੰਤ ਰਵਿਦਾਸ**
ੴ ਸਤਿਗੁਰ ਪ੍ਰਸਾਦਿ ॥	There is but One God. Through the Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਨਾਗਰ[19] ਜਨਾਂ[20] ਮੇਰੀ ਜਾਤਿ ਬਿਖਿਆਤ[21] ਚੰਮਾਰੰ[22] ॥	O people[20] of the town[19], I am conspicuously[21] a cobbler[22] by caste.	ਹੇ ਨਗਰ[19] ਦੇ ਲੋਕੋ[20] ! ਮੈਂ ਜਾਤੀ ਦਾ ਚਮਾਰ[22] ਮਸ਼ਹੂਰ[21] ਹਾਂ ।
ਰਿਦੈ[23] ਰਾਮ[24] [25]ਗੋਬਿੰਦ[26] ਗੁਨ[27] ਸਾਰੰ[28] ॥ ੧ ॥ ਰਹਾਉ ॥	Within my mind[23], I contemplate the Pervading God[24] and meditate[28] on virtues[27] of the World[25]-Lord[26]. Pause.	ਆਪਣੇ ਮਨ[23] ਅੰਦਰ ਮੈਂ ਵਿਆਪਕ ਵਾਹਿਗੁਰੂ[24] ਨੂੰ ਸਿਮਰਦਾ ਹਾਂ ਅਤੇ ਸ੍ਰਿਸ਼ਟੀ[25] ਦੇ ਸੁਆਮੀ[26] ਦੀਆਂ ਨੇਕੀਆਂ[27] ਨੂੰ ਯਾਦ ਕਰਦਾ[28] ਹਾਂ । ਠਹਿਰਾਉ ।
ਸੁਰਸਰੀ[29] ਸਲਲ[30] ਕ੍ਰਿਤ[31] ਬਾਰੁਨੀ[32] ਰੇ[33] ਸੰਤ ਜਨ[34] ਕਰਤ ਨਹੀ ਪਾਨੰ[35] ॥	O[33], holy men[34] drink[35] not wine[32], even though it be made[31] with the Ganga's[29] water[30].	ਓ[33], ਪਵਿੱਤਰ ਪੁਰਸ਼[34] ਸ਼ਰਾਬ[32] ਨਹੀਂ ਪੀਂਦੇ[35], ਭਾਵੇਂ ਇਹ ਗੰਗਾ[29] ਦੇ ਪਾਣੀ[30] ਨਾਲ ਬਣੀ ਹੋਈ[31] ਹੋਵੇ ।
ਸੁਰਾ[36] ਅਪਵਿਤ੍ਰ[37] ਨਤ[38] ਅਵਰ[39] ਜਲ[40] ਰੇ ਸੁਰਸਰੀ ਮਿਲਤ ਨਹਿ ਹੋਇ ਆਨੰ[41] ॥੧॥	The impure[37] wine[36],—nay rather[38] some other[39] dirty water[40] as well, meeting with the Ganges remains not different[41] from it.	ਮਲੀਣ[37] ਸ਼ਰਾਬ[36], ਨਹੀਂ ਸਗੋਂ[38] ਕੋਈ ਹੋਰ[39] ਗੰਦਾ ਪਾਣੀ[40] ਭੀ, ਗੰਗਾ ਨਾਲ ਮਿਲ ਕੇ ਇਸ ਨਾਲੋਂ ਭਿੰਨ[41] ਨਹੀਂ ਰਹਿੰਦਾ ।

ਤਰ[42] ਤਾਰਿ[43] ਅਪਵਿਤ੍ਰ[44] ਕਰਿ ਮਾਨੀਐ[45] ਰੇ ਜੈਸੇ[46] ਕਾਗਰਾ[47] ਕਰਤ ਬੀਚਾਰੰ[48] ॥	The palmyra palm[43] tree[42] is considered[45] as impure[44] and so[46] are deemed[48] its leaves[47] to be.	ਤਾੜ[43] ਦਾ ਬਿਰਛ[42] ਅਸ਼ੁੱਧ[44] ਕਰ ਕੇ ਮੰਨਿਆ ਜਾਂਦਾ[45] ਹੈ, ਏਸੇ ਤਰ੍ਹਾਂ[46] ਦੇ ਹੀ ਜਾਣੇ ਜਾਂਦੇ[48] ਹਨ, ਇਸ ਦੇ ਪੱਤੇ[47] ।
ਭਗਤਿ[49] ਭਾਗਉਤੁ[50] ਲਿਖੀਐ ਤਿਹ[51] ਊਪਰੇ[52] ਪੂਜੀਐ[53] ਕਰਿ ਨਮਸਕਾਰੰ[54] ॥੨॥	But if the Lord's[50] praise[49] be written on[52] it[51], men worship[53] it and bow[54] before it.	ਪ੍ਰੰਤੂ ਜੇਕਰ ਸੁਆਮੀ[50] ਦੀ ਸਿਫ਼ਤ ਸ਼ਲਾਘਾ[49] ਇਸ[51] ਉਤੇ[52] ਲਿਖੀ ਜਾਵੇ ਤਾਂ ਇਨਸਾਨ ਇਸ ਦੀ ਉਪਾਸ਼ਨਾ[53] ਕਰਦੇ ਅਤੇ ਇਸ ਮੂਹਰੇ ਨਿਊਂਦੇ[54] ਹਨ ।
ਮੇਰੀ ਜਾਤਿ[55] ਕੁਟ ਬਾਂਢਲਾ[56] ਢੋਰ[57] ਢੋਵੰਤਾ[58] ਨਿਤਹਿ[59] ਬਾਨਾਰਸੀ ਆਸ ਪਾਸਾ[60] ॥	My avocation[55] is to dress[56] and cut leather and to daily[59] cart away[58] the dead animals[57] to the outskirts[60] of Banaras.	ਮੇਰਾ ਪੇਸ਼ਾ[55] ਚਮੜੇ ਨੂੰ ਕੁਟਣਾ ਤੇ ਵਢਣਾ[56] ਅਤੇ ਨਿਤਾ ਪ੍ਰਤੀ[59] ਮਰੇ ਹੋਏ ਪਸ਼ੂਆਂ[57] ਨੂੰ ਬਨਾਰਸ ਤੋਂ ਬਾਹਰਵਾਰ[60] ਢੋ ਲੈ[58] ਜਾਣਾ ਹੈ ।
ਅਬ[61] ਬਿਪ੍ਰ[62] ਪਰਧਾਨ[63] ਤਿਹਿ[64] ਕਰਹਿ ਡੰਡਉਤਿ[65] ਤੇਰੇ ਨਾਮ ਸਰਣਾਇ[66] ਰਵਿਦਾਸੁ ਦਾਸਾ[67] ॥ ੩ ॥ ॥੧॥	Now[61], the promiment[63] Brahmans[62], prostrate[65] themselves before him[64], since slave[67] Ravidass has sought the refuge[66] of Thy Name, O Lord.	ਹੁਣ[61] ਮੁਖੀ[63] ਬ੍ਰਹਮਣ[62] ਉਸ[64] ਦੇ ਅੱਗੇ ਲੰਮੇ ਪੈ ਬੰਦਨਾ[65] ਕਰਦੇ ਹਨ ਕਿਉਂਕਿ ਗੋਲੇ[67] ਰਵਿਦਾਸ ਨੇ ਹੇ ਸੁਆਮੀ ! ਤੇਰੇ ਨਾਮ ਦੀ ਪਨਾਹ[66] ਲਈ ਹੈ ।
ਮਲਾਰ	Malar	ਮਲਾਰ
ਹਰਿ ਜਪਤ[68] ਤੇਊ[69] ਜਨਾ[70] ਪਦਮ[71] ਕਵਲਾ[72] ਸਪਤਿ[73] ਤਾਸ[74] ਸਮਤੁਲਿ[75] ਨਹੀ ਆਨ[76] ਕੋਊ ॥	The[69] persons[70], who meditate[68] on the lotus feet[71] of God, the Lord[73] of Lakshmi[72]; equal[75] to them[74] there is not another[76].	ਜਿਹੜੇ[69] ਪੁਰਸ਼[70] ਲਖਸ਼ਮੀ[72] ਦੇ ਸੁਆਮੀ[73] ਵਾਹਿਗੁਰੂ ਦੇ ਕੰਵਲ[71] ਰੂਪੀ ਪੈਰਾਂ ਨੂੰ ਸਿਮਰਦੇ[68] ਹਨ, ਉਨ੍ਹਾਂ[74] ਦੇ ਬਰਾਬਰ[75] ਦਾ ਹੋਰ[76] ਕੋਈ ਨਹੀਂ ।
ਏਕ ਹੀ[77] ਏਕ ਅਨੇਕ[78] ਹੋਇ ਬਿਸਥਰਿਓ[79] ਆਨ[80] ਰੇ[81] ਆਨ ਭਰਪੂਰਿ[82] ਸੋਊ[83] ॥ ਰਹਾਉ ॥	Though diffused[79] in many[78] ways, the Lord is but One[77]. Bring, bring into thy mind, O[81] man that[83] all-pervading[82] Lord. Pause.	ਭਾਵੇਂ ਘਣੇਰਿਆਂ[78] ਸਰੂਪਾਂ ਅੰਦਰ ਵਿਆਪਕ[79] ਹੈ ਪ੍ਰੰਤੂ ਸੁਆਮੀ ਕੇਵਲ[77] ਇਕ ਹੀ ਹੈ । ਲਿਆ[80], ਲਿਆ ਆਪਣੇ ਚਿਤ ਵਿਚ[81], ਹੇ ਬੰਦੇ ! ਉਸ[83] ਸਰਬ ਵਿਆਪਕ[82] ਸੁਆਮੀ ਨੂੰ । ਠਹਿਰਾਉ ।
ਜਾ[84] ਕੈ ਭਾਗਵਤੁ[85] ਲੇਖੀਐ ਅਵਰੁ[86] ਨਹੀ ਪੇਖੀਐ[87] ਤਾਸੁ[88] ਕੀ ਜਾਤਿ ਆਛੋਪ[89] ਛੀਪਾ[90] ॥	He, in whose[84] house the praise of the Illustrious[85] Lord is written and nothing else[86] is seen[87]; by caste, he[88] is an untouchable[89] calico-printer[90].	ਜਿਸ[84] ਦੇ ਘਰ ਅੰਦਰ ਕੀਰਤੀਮਾਨ[85] ਪ੍ਰਭੂ ਦਾ ਜੱਸ ਲਿਖਿਆ ਜਾਂਦਾ ਹੈ ਅਤੇ ਹੋਰ[86] ਕੁਝ ਭੀ ਨਹੀਂ ਦਿਸਦਾ[87]; ਉਸ[88] ਦੀ ਜਾਤੀ ਅਛੂਤ[89] ਛੀਂਬਾ[90] ਹੈ ।

ਬਿਆਸ ਮਹਿ[91] ਲੇਖੀਐ[92] ਸਨਕ ਮਹਿ ਪੇਖੀਐ[93] ਨਾਮ ਕੀ ਨਾਮਨਾ[94] ਸਪਤ[95] ਦੀਪਾ[96] ॥ ੧ ॥

The greatness[94] of the Name is writ[92] in[91] Vyas,it is observed[93] in Sanak, the son of Brahma and it is famous in the seven[95] great continents[96].

ਨਾਮ ਦੀ ਵਿਸ਼ਾਲਤਾ[94] ਵਿਆਸ ਅੰਦਰ[91] ਉਕਰੀ[92] ਹੋਈ ਹੈ, ਬ੍ਰਹਮਾ ਦੇ ਪੁਤ੍ਰ ਸਨਕ ਅੰਦਰ ਇਹ ਵੇਖੀ[93] ਜਾਂਦੀ ਹੈ ਅਤੇ ਇਹ ਸਤਾਂ[95] ਹੀ ਮਹਾਂ ਖੰਡਾਂ[96] ਅੰਦਰ ਪ੍ਰਸਿੱਧ ਹੈ।

ਜਾ[97] ਕੈ ਈਦਿ ਬਕਰੀਦਿ ਕੁਲ[98] ਗਊ[99] ਰੇ ਬਧੁ[100] ਕਰਹਿ ਮਾਨੀਅਹਿ[2] ਸੇਖ ਸਹੀਦ[3] ਪੀਰਾ[4] ॥

He, in whose[97] family[98], men used to kill[100] cows[99] at the Id and Bakrid and worshipped[2] Shaikhs, martyrs[3] and spiritual preceptions[4].

ਜਿਸ[97] ਦੇ ਘਰਾਨੇ[98] ਦੇ ਆਦਮੀ ਈਦ ਅਤੇ ਬਕਰੀਦ ਦੇ ਸਮੇਂ, ਗਾਈਆਂ[99] ਮਾਰਦੇ[100] ਹੁੰਦੇ ਸਨ ਅਤੇ ਸੇਖਾਂ, ਸ਼ਹੀਦਾਂ[3] ਅਤੇ ਰੂਹਾਨੀ[4] ਰਹਿਬਰਾਂ ਨੂੰ ਪੂਜਦੇ[2] ਸਨ।

ਜਾ ਕੈ ਬਾਤ ਵੈਸੀ[5] ਕਰੀ ਪੂਤ ਐਸੀ[6] ਸਰੀ[7] ਤਿਹੂ[8] ਰੇ ਲੋਕ[9] ਪਰਸਿਧ[10] ਕਬੀਰਾ ॥੨॥

Whose father used to do such[5] things; Kabir his son, so[6] succeeded[7] that he became celebrated[10] in the three[8] worlds[9].

ਜਿਸ ਦਾ ਪਿਉ ਐਹੋ ਜੇਹੀਆਂ[5] ਗੱਲਾਂ ਕਰਦਾ ਹੁੰਦਾ ਸੀ, ਕਬੀਰ ਉਸ ਦਾ ਪੁੱਤ੍ਰ ਐਹੋ ਜੇਹਾ[6] ਕਾਮਯਾਬ[7] ਹੋਇਆ ਕਿ ਉਹ ਤਿੰਨਾਂ[8] ਹੀ ਜਹਾਨਾਂ[9] ਅੰਦਰ ਨਾਮਵਰ[10] ਹੋ ਗਿਆ।

ਜਾ[12] ਕੇ ਕੁਟੰਬ[13] ਕੇ ਢੇਢ[14] ਸਭ ਢੋਰ[15] ਢੋਵੰਤ[16] ਫਿਰਹਿ ਅਜਹੁ[17] ਬੰਨਾਰਸੀ ਆਸ ਪਾਸਾ[18] ॥ ਆਚਾਰ ਸਹਿਤ[19] ਬਿਪ੍ਰ[20] ਕਰਹਿ ਡੰਡਉਤਿ[21] ਤਿਨ[22] ਤਨੈ[23] ਰਵਿਦਾਸ ਦਾਸਾਨ ਦਾਸਾ[24] ॥੩॥੨॥

All the tanners[14] of whose[12] family[13] still[17] continue to go round about[18] Banaras removing[16] dead cattle[15]; the ritualistic[19] Brahmans[20] make prostration[21] before their[22] son[23], Ravidass, the slave[24] of the Lord's slaves.

ਜਿਸ[12] ਦੇ ਘਰਾਣੇ[13] ਦੇ ਸਾਰੇ ਚਮਾਰ[14] ਅਜੇ ਭੀ[17] ਬਨਾਰਸ ਦੇ ਆਲੇ ਦੁਆਲੇ[18] ਮਰੇ ਹੋਏ ਡੰਗਰ[15] ਢੋਂਦੇ[16] ਫਿਰਦੇ ਹਨ ਕਰਮ-ਕਾਂਡੀ[19], ਬ੍ਰਹਮਣ[20], ਪ੍ਰਭੂ ਦੇ ਗੋਲਿਆਂ[24] ਦੇ ਗੋਲੇ, ਉਨ੍ਹਾਂ[22] ਦੇ ਪੁਤ੍ਰ[23], ਰਵਿਦਾਸ ਨੂੰ ਲੰਮੇ ਪੈ ਬੰਦਨਾ[21] ਕਰਦੇ ਹਨ।

ਮਲਾਰ

Malar

ਮਲਾਰ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਮਿਲਤ ਪਿਆਰੋ[25] ਪ੍ਰਾਨ[30] ਨਾਥੁ[26] ਕਵਨ[27] ਭਗਤਿ[28] ਤੇ[29] ॥

Through[29] what[27] devotional service[28], can I meet with my Beloved[25], the Lord[26] of vital breath[30] ?

ਕਿਹੜੀ[27] ਪ੍ਰੇਮਮਈ[28] ਸੇਵਾ ਦੇ ਰਾਹੀਂ[29], ਮੈਂ ਜਿੰਦ-ਜਾਨ[30] ਦੇ ਸੁਆਮੀ[26] ਆਪਣੇ ਪ੍ਰੀਤਮ[25] ਨਾਲ ਮਿਲ ਸਕਦਾ ਹਾਂ ?

ਸਾਧ[31] ਸੰਗਤਿ ਪਾਈ[32] ਪਰਮ[33] ਗਤੇ[34] ॥ ਰਹਾਉ ॥

Associating with the saints[31], I have obtained[32] the supreme[33] status[34]. Pause.

ਸਤਿਸੰਗਤ[31] ਕਰਨ ਦੁਆਰਾ, ਮੈਂ ਮਹਾਨ[33] ਮਰਤਬੇ[34] ਨੂੰ ਪਰਾਪਤ[32] ਹੋ ਗਿਆ ਹਾਂ। ਠਹਿਰਾਉ।

ਮੈਲੇ[35] ਕਪਰੇ[36] ਕਹਾ ਲਉ[37] ਧੋਵਉ[38] ॥	Dirty[35] is my vesture[36]. How long[37] shall I wash[38] it.	ਗੰਦੀ[35] ਹੈ ਮੇਰੀ ਪੁਸ਼ਾਕ[36]। ਕਦੋਂ ਤਾਈਂ[37] ਮੈਂ ਇਸ ਨੂੰ ਧੋਂਦਾ[38] ਰਹਾਂਗਾ ?
ਆਵੈਗੀ ਨੀਦ[39] ਕਹਾ ਲਗੁ[40] ਸੋਵਉ[41] ॥੧॥	How long[40] shall I remain slumbering[41] in this sleep[39], which has come upon me ?	ਮੈਂ ਕਦ ਤੋੜੀ[40] ਇਸ ਨਿੰਦ੍ਰਾ[39] ਅੰਦਰ ਸੁੱਤਾ[41] ਰਹਾਂਗਾ ਜਿਹੜੀ ਮੇਰੇ ਉਤੇ ਆ ਗਈ ਹੈ ?
ਜੋਈ ਜੋਈ[42] ਜੋਰਿਓ[43] ਸੋਈ ਸੋਈ[44] ਫਾਟਿਓ[45] ॥	With whatsoever[42] I was attached[43], all that[44] has perished[45].	ਜਿਸ ਕਿਸੇ[42] ਨਾਲ ਭੀ ਮੈਂ ਜੁੜਿਆ[43] ਹੋਇਆ ਸਾਂ, ਉਹ ਸਮੂਹ[44] ਨਾਸ[45] ਹੋ ਗਿਆ ਹੈ।
ਝੂਠੈ[46] ਬਨਜਿ[47] ਉਠਿ ਹੀ[48] ਗਈ ਹਾਟਿਓ[49] ॥੨॥	The shop[49] of spurious[46] trade[47] has closed[48].	ਕੂੜੇ[46] ਵਾਪਾਰ[47] ਦੀ ਹੱਟੀ[49] ਬੰਦ[48] ਹੋ ਗਈ ਹੈ।
ਕਹੁ[53] ਰਵਿਦਾਸ ਭਇਓ[50] ਜਬ[51] ਲੇਖੋ[52] ॥	Says[53] Ravidass, when[51] the account[52] is taken[50].	ਰਵਿਦਾਸ ਜੀ ਆਖਦੇ[53] ਹਨ, ਜਦ[51] ਹਿਸਾਬ ਕਿਤਾਬ[52] ਲਿਆ[50] ਜਾਂਦਾ ਹੈ।
ਜੋਈ ਜੋਈ[54] ਕੀਨੋ[55] ਸੋਈ ਸੋਈ[56] ਦੇਖਿਓ[57] ॥ ੩ ॥ ੧॥੩॥	Whatsoever[54] the mortal has done[55]; all that[56] he beholds[57].	ਜਿਹੜਾ ਕੁਛ[54] ਭੀ ਪ੍ਰਾਣੀ ਨੇ ਕੀਤਾ[55] ਹੈ, ਉਸ ਸਾਰੇ[56] ਨੂੰ ਉਹ ਵੇਖ[57] ਲੈਂਦਾ ਹੈ।